| Course Code | D | P | B | I | 5 | 0 | 1 | Course Title | ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ |
|---|---|---|---|---|---|---|---|---|---|

| Weightage | |
|---|---|
| CA | ETE (TH.) |
| 30 | 70 |

| Sr. No. | Content |
|---|---|
| 1. | ਸਾਹਿਤ ਦੀ ਇਤਿਹਾਸਕਾਰੀ: ਸਮੱਸਿਆਵਾਂ ਅਤੇ ਸੰਭਾਵਨਾਵਾਂ |
| 2. | ਪੰਜਾਬੀ ਸਾਹਿਤ ਦੀ ਕਾਲ-ਵੰਡ ਅਤੇ ਨਾਮਕਰਨ ਦੇ ਮਸਲੇ |
| 3. | ਮੱਧਕਾਲੀ ਪੰਜਾਬੀ ਸਾਹਿਤ ਦਾ ਰਾਜਨੀਤਕ, ਧਾਰਮਿਕ, ਸਮਾਜਿਕ-ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ ਸੰਦਰਭ |
| 4. | ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ - ਗੁਰਮਤਿ ਅਤੇ ਸੂਫ਼ੀ ਕਾਵਿਧਾਰਾ |
| 5. | ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ – ਕਿੱਸਾ ਕਾਵਿਧਾਰਾ, ਬੀਰ ਕਾਵਿਧਾਰਾ ਅਤੇ ਵਾਰਤਕ |
| 6. | ਮੱਧਕਾਲੀ ਚੇਤਨਾ ਅਤੇ ਮੱਧਕਾਲੀ ਪੰਜਾਬੀ ਸਾਹਿਤ ਦਾ ਸੰਕਲਪ, ਲੱਛਣ ਅਤੇ ਵਿਸ਼ੇਸ਼ਤਾਵਾਂ |
| 7. | ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਪਿਛੋਕੜ ਅਤੇ ਪੂਰਵ ਨਾਨਕ ਕਾਲ ਦੀਆਂ ਸਾਹਿਤ ਧਾਰਾਵਾਂ |
| 8. | ਸੂਫ਼ੀ ਕਾਵਿ ਧਾਰਾ ਦਾ ਸੰਕਲਪ: ਨਿਕਾਸ ਅਤੇ ਵਿਕਾਸ |
| 9. | ਗੁਰਮਤਿ ਕਾਵਿ ਧਾਰਾ : ਸਿਧਾਂਤ, ਲੱਛਣ, ਪ੍ਰਵਿਰਤੀ ਅਤੇ ਕਵੀ |
| 10. | ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ |
| 11. | ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦਾ ਇਤਿਹਾਸਕ ਅਤੇ ਸਿਧਾਂਤਕ ਪਿਛੋਕੜ |
| 12. | ਮੱਧਕਾਲੀ ਕਿੱਸਾ ਕਾਵਿਧਾਰਾ ਦੇ ਪ੍ਰਮੁੱਖ ਕਵੀ |
| 13. | ਪੰਜਾਬੀ ਬੀਰ ਕਾਵਿਧਾਰਾ ਦਾ ਨਿਕਾਸ ਅਤੇ ਵਿਕਾਸ |
| 14. | ਪੁਰਾਤਨ ਪੰਜਾਬੀ ਵਾਰਤਕ ਦਾ ਨਿਕਾਸ ਅਤੇ ਵਿਕਾਸ |

**ਪੁਸਤਕਾਂ**:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

Course Code: DPBI501

Course Name: ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ - 1 | ਸਾਹਿਤ ਦੀ ਇਤਿਹਾਸਕਾਰੀ: ਸਮੱਸਿਆਵਾਂ ਅਤੇ ਸੰਭਾਵਨਾਵਾਂ | ਡਾ. ਕਿਰਨਦੀਪ ਸਿੰਘ | **1-14** |
| ਅਧਿਆਇ - 2 | ਪੰਜਾਬੀ ਸਾਹਿਤ ਦੀ ਕਾਲ-ਵੰਡ ਅਤੇ ਨਾਮਕਰਨ ਦੇ ਮਸਲੇ | ਡਾ. ਕਿਰਨਦੀਪ ਸਿੰਘ | **15-25** |
| ਅਧਿਆਇ - 3 | ਮੱਧਕਾਲੀ ਪੰਜਾਬੀ ਸਾਹਿਤ ਦਾ ਰਾਜਨੀਤਕ, ਧਾਰਮਿਕ, ਸਮਾਜਿਕ-ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ ਸੰਦਰਭ | ਡਾ. ਕਿਰਨਦੀਪ ਸਿੰਘ | **26-36** |
| ਅਧਿਆਇ - 4 | ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ - ਗੁਰਮਤਿ ਅਤੇ ਸੂਫ਼ੀ ਕਾਵਿਧਾਰਾ | ਡਾ. ਕਿਰਨਦੀਪ ਸਿੰਘ | **37-48** |
| ਅਧਿਆਇ - 5 | ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ – ਕਿੱਸਾ ਕਾਵਿਧਾਰਾ, ਬੀਰ ਕਾਵਿਧਾਰਾ ਅਤੇ ਵਾਰਤਕ | ਡਾ. ਕਿਰਨਦੀਪ ਸਿੰਘ | **49-66** |
| ਅਧਿਆਇ - 6 | ਮੱਧਕਾਲੀ ਚੇਤਨਾ ਅਤੇ ਮੱਧਕਾਲੀ ਪੰਜਾਬੀ ਸਾਹਿਤ ਦਾ ਸੰਕਲਪ, ਲੱਛਣ ਅਤੇ ਵਿਸ਼ੇਸ਼ਤਾਵਾਂ | ਡਾ. ਕਿਰਨਦੀਪ ਸਿੰਘ | **67-77** |
| ਅਧਿਆਇ - 7 | ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਪਿਛੋਕੜ ਅਤੇ ਪੂਰਵ ਨਾਨਕ ਕਾਲ ਦੀਆਂ ਸਾਹਿਤ ਧਾਰਾਵਾਂ | ਡਾ. ਕਿਰਨਦੀਪ ਸਿੰਘ | **78-93** |
| ਅਧਿਆਇ - 8 | ਸੂਫ਼ੀ ਕਾਵਿਧਾਰਾ ਦਾ ਸੰਕਲਪ: ਨਿਕਾਸ ਅਤੇ ਵਿਕਾਸ | ਡਾ. ਕਿਰਨਦੀਪ ਸਿੰਘ | **94-112** |
| ਅਧਿਆਇ - 9 | ਗੁਰਮਤਿ ਕਾਵਿਧਾਰਾ : ਸਿਧਾਂਤ, ਲੱਛਣ, ਪ੍ਰਵਿਰਤੀ ਅਤੇ ਕਵੀ | ਡਾ. ਕਿਰਨਦੀਪ ਸਿੰਘ | **113-129** |
| ਅਧਿਆਇ - 10 | ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ | ਡਾ. ਕਿਰਨਦੀਪ ਸਿੰਘ | **130-144** |
| ਅਧਿਆਇ - 11 | ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦਾ ਇਤਿਹਾਸਕ ਅਤੇ ਸਿਧਾਂਤਕ ਪਿਛੋਕੜ | ਡਾ. ਕਿਰਨਦੀਪ ਸਿੰਘ | **145-156** |
| ਅਧਿਆਇ - 12 | ਮੱਧਕਾਲੀ ਕਿੱਸਾ ਕਾਵਿਧਾਰਾ ਦੇ ਪ੍ਰਮੁੱਖ ਕਵੀ | ਡਾ. ਕਿਰਨਦੀਪ ਸਿੰਘ | **157-169** |
| ਅਧਿਆਇ - 13 | ਪੰਜਾਬੀ ਬੀਰ ਕਾਵਿਧਾਰਾ ਦਾ ਨਿਕਾਸ ਅਤੇ ਵਿਕਾਸ | ਡਾ. ਕਿਰਨਦੀਪ ਸਿੰਘ | **170-182** |
| ਅਧਿਆਇ - 14 | ਪੁਰਾਤਨ ਪੰਜਾਬੀ ਵਾਰਤਕ ਦਾ ਨਿਕਾਸ ਅਤੇ ਵਿਕਾਸ | ਡਾ. ਕਿਰਨਦੀਪ ਸਿੰਘ | **183-195** |

**DPBI501**

# ਅਧਿਆਇ-1: ਸਾਹਿਤ ਦੀ ਇਤਿਹਾਸਕਾਰੀ : ਸਮੱਸਿਆਵਾਂ ਅਤੇ ਸੰਭਾਵਨਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਸਾਹਿਤ ਦੀ ਇਤਿਹਾਸਕਾਰੀ ਦਾ ਸੰਕਲਪ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸਾਹਿਤ ਇਤਿਹਾਸਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਸਾਹਿਤ ਦੇ ਪ੍ਰਮੁੱਖ ਇਤਿਹਾਸਕਾਰ ਬਾਰੇ ਜਾਣੂ ਹੋਣਗੇ।
- ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣਗੇ।
- ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸੰਭਾਵਨਾਵਾਂ ਤੋਂ ਜਾਣੂ ਹੋਣਗੇ।

## ਪ੍ਰਸਤਾਵਨਾ:

ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਵਿਚ ਪ੍ਰਾਪਤ ਸਾਹਿਤ ਇਤਿਹਾਸ ਕੋਈ ਇਕ ਹਜ਼ਾਰ ਸਾਲ ਪੁਰਾਣਾ ਹੈ। ਹਿੰਦੀ, ਮਰਾਠੀ, ਗੁਜਰਾਤੀ ਅਤੇ ਬੰਗਾਲੀ ਦੀ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਵੀ ਸਾਹਿਤ ਉਪਜ ਦਾ ਆਰੰਭਕ ਸਮਾਂ ਉਹੀ ਬਣਦਾ ਹੈ ਜਦੋਂ ਅੱਠਵੀਂ, ਨੌਵੀਂ ਅਤੇ ਦਸਵੀਂ ਸਦੀ ਵਿਚ ਉੱਤਰੀ ਭਾਰਤ ਵਿਚ ਨਾਥ ਜੋਗੀਆਂ ਦੀਆਂ ਸੰਪਰਦਾਵਾਂ ਵਿਚਰ ਰਹੀਆਂ ਸਨ ਅਤੇ ਉਹ ਉਸ ਸਮੇਂ ਦੀਆਂ ਪ੍ਰਧਾਨ ਤੇ ਪ੍ਰਚਲਿਤ ਪ੍ਰਾਕ੍ਰਿਤਾਂ ਅਤੇ ਅਪਭਰੰਸ਼ਾਂ ਵਿਚ ਸਾਹਿਤ ਸਿਰਜਨਾ ਕਰ ਰਹੀਆਂ ਸਨ। ਇਸੇ ਸਮੇਂ ਹੀ ਇਹਨਾਂ ਪ੍ਰਾਕ੍ਰਿਤਾਂ ਅਤੇ ਅਪਭਰੰਸ਼ਾਂ ਵਿਚੋਂ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਸਰੂਪ ਨਿੱਖਰ ਰਿਹਾ ਸੀ। ਹੁਣ ਕੋਈ ਖੋਜ ਦੇ ਆਧਾਰ ਤੇ ਪੰਜਾਬੀ ਭਾਸ਼ਾ ਵਿਚ ਸਾਹਿਤ ਦਾ ਪਿਛੋਕੜ ਨੌਵੀਂ, ਦਸਵੀਂ ਸਦੀ ਵਿਚ ਉਪਜੀ ਨਾਥ ਜੋਗੀਆਂ ਦੀ ਕਵਿਤਾ ਤੱਕ ਜਾਂਦਾ ਹੈ। ਪਿਛਲੇ ਇਕ ਹਜ਼ਾਰ ਸਾਲ ਵਿਚ ਉੱਤਰੀ ਭਾਰਤ ਅਤੇ ਵਿਸ਼ੇ ਤੌਰ ਤੇ ਪੰਜਾਬ ਦੀਆਂ ਸੀਮਾਵਾਂ ਸਮੇਂ-ਸਮੇਂ ਬਦਲਦੀਆਂ ਰਹੀਆਂ ਹਨ, ਰਾਜਸੀ ਜੁਗ-ਗਰਦੀ ਦੇ ਅਜਿਹੇ ਪੜਾਅ ਆਏ ਹਨ ਜਿਨ੍ਹਾਂ ਵਿਚ ਸਾਹਿਤ

ਸਿਰਜਨਾ ਅਤੇ ਸਾਹਿਤ ਸੰਭਾਲ ਦਾ ਕਾਰਜ ਬਹੁਤ ਮੁਹਾਲ ਹੋ ਗਿਆ ਸੀ। ਸਾਹਿਤ ਸੰਭਾਲ ਦਾ ਕਾਰਜ ਸੁਚੇਤ ਰੂਪ ਵਿਚ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਵੱਲੋਂ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਤੋਂ ਪਹਿਲੇ ਹੋ ਚੁੱਕੇ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ। ਸਾਹਿਤ-ਸੰਭਾਲ ਦਾ ਇਹ ਕਾਰਜ ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦਾ ਰਿਹਾ। ਪੋਥੀਆਂ ਦੇ ਰੂਪ ਵਿਚ ਗੁਰੂਆਂ ਅਤੇ ਭਗਤਾਂ ਦੀ ਬਾਣੀ ਗੁਰੂ-ਗੱਦੀ ਬਦਲਣ ਸਮੇਂ ਨਾਲ ਹੀ ਭੇਟਾ ਕਰ ਦਿੱਤੀ ਜਾਂਦੀ ਸੀ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪਣੀ ਰਚਨਾ ਅਤੇ ਬਾਕੀ ਸਾਰੀ ਪ੍ਰਾਪਤ ਬਾਣੀ ਨੂੰ ਇਕ ਗ੍ਰੰਥ ਵਿਚ ਇਕੱਤਰ ਕਰ ਦਿੱਤਾ ਸੀ। ਬਾਣੀ-ਸੰਕਲਨ ਦਾ ਇਹ ਕਾਰਜ, ਜੋ 1604 ਈ ਵਿਚ ਸੰਪੂਰਨ ਹੋਇਆ, ਇਕ ਨਿੱਗਰ ਤੇ ਨਗਰ ਕਦਮ ਸੀ। ਮੱਧਕਾਲੀਨ ਪੰਜਾਬੀ ਦੀ ਸੰਭਾਲ ਦਾ ਅਜਿਹਾ ਪ੍ਰਮਾਣ ਹੋਰ ਕਿਧਰੇ ਨਹੀਂ ਮਿਲਦਾ।

## ਵਿਸ਼ਾ ਵਸਤੂ:

ਪੰਜਾਬ ਉੱਪਰ ਅੰਗਰੇਜ਼ਾਂ ਦੁਆਰਾ ਕਬਜ਼ਾ ਕਰਨ ਤੋਂ ਪਹਿਲਾਂ ਪੰਜਾਬੀ ਸਾਹਿਤ ਨਿਰੰਤਰ ਕਈ ਸਾਹਿਤਕ ਧਾਰਾਵਾਂ ਵਿਚ ਵਿਕਾਸ ਕਰਦਾ ਆ ਰਿਹਾ ਹੈ। ਅਧਿਆਤਮਕ ਕਾਵਿ-ਪਰੰਪਰਾ ਦਾ ਅਦੁੱਤੀ ਸਾਹਿਤ, ਜਿਸ ਵਿਚ ਗੁਰੂ ਸਾਹਿਬਾਨ ਤੋਂ ਛੁੱਟ ਭਗਤਾਂ ਅਤੇ ਭੱਟਾਂ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ, ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਕਲਨ ਹੋਇਆ ਹੈ ਪਰ ਇਸ ਤੋਂ ਛੁੱਟ ਸੂਫ਼ੀ ਕਾਵਿਧਾਰਾ , ਬੀਰ ਰਸੀ ਕਾਵਿਧਾਰਾ , ਲੋਕ ਕਾਵਿਧਾਰਾ , ਕਿੱਸਾ ਕਾਵਿਧਾਰਾ , ਭਗਤੀ ਕਾਵਿਧਾਰਾ  ਦੀ ਉਪਦੇਸ਼ਾਤਮਿਕ ਕਵਿਤਾ, ਵਾਰਤਕ ਪਰੰਪਰਾ ਅਤੇ ਹੋਰ ਫੁਟਕਲ ਸਾਹਿਤ ਦੀ ਸੁਚੇਤ ਰੂਪ ਵਿਚ ਸੰਭਾਲ ਨਹੀਂ ਕੀਤੀ ਗਈ। ਇਨ੍ਹਾਂ ਧਾਰਾਵਾਂ ਨਾਲ ਸੰਬੰਧਿਤ ਸਾਹਿਤ ਅਤੇ ਰਚਨਾਵਾਂ ਨੂੰ ਜਨ-ਸਮੂਹ ਸਿਮ੍ਰਿਤੀ ਦੁਆਰਾ ਪੀੜ੍ਹੀਓ-ਪੀੜ੍ਹੀ ਅੱਗੇ ਤੋਰਦੇ ਰਹੇ ਹਨ, ਅਤੇ ਸ਼ਰਧਾਵਾਨ ਵਿਅਕਤੀ ਲਿਖਤੀ ਰੂਪ ਵਿਚ ਇਨ੍ਹਾਂ ਰਚਨਾਵਾਂ ਦੇ ਖਰੜੇ ਵੀ ਤਿਆਰ ਕਰਦੇ ਰਹੇ ਹਨ। ਰਚਨਾਵਾਂ ਦੀ ਸੰਭਾਲ ਧਾਰਮਿਕ ਡੇਰਿਆਂ ਵਿਚ ਜਾਂ ਲੋਕਾਂ ਦੇ ਮਨਾਂ ਵਿਚ ਹੁੰਦੀ ਸੀ। ਜੋ ਰਚਨਾਵਾਂ ਲੋਕ ਪ੍ਰਿਆ ਹੋ ਜਾਂਦੀਆਂ ਸਨ, ਉਹ ਸਮਾਂ ਪਾ ਕੇ ਲੋਕਾਂ ਦੀ ਸਿਮ੍ਰਿਤੀ ਵਿਚੋਂ ਨਿਕਲ ਜਾਂਦੀਆਂ ਸਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਅਰਥਾਤ ਛਾਪਾਖ਼ਾਨਾ ਦੀ ਆਮਦ ਤੱਕ ਪੰਜਾਬੀ ਸਾਹਿਤ ਆਪਣੀਆਂ ਅਨੇਕ ਵੰਨਗੀਆਂ ਵਿਚ ਜਾਂ ਤਾਂ ਖਰੜਿਆਂ ਦੇ ਰੂਪ ਵਿਚ ਮੌਜੂਦ ਸੀ ਅਤੇ ਜਾਂ ਲੋਕ ਜੀਵਨ ਦੀ ਸਿਮ੍ਰਿਤੀ ਦਾ ਅੰਗ ਬਣਿਆ ਹੋਇਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਪਿੱਛੋਂ ਸਭ ਪ੍ਰਕਾਰ ਦੇ ਪੰਜਾਬੀ ਸਾਹਿਤ ਦੀ ਖੋਜ ਅਤੇ ਸੰਭਾਲ ਦਾ ਕਾਰਜ ਵਾਸਤਵ ਵਿਚ ਅੰਗਰੇਜ਼ਾਂ ਦੇ ਆਉਣ ਪਿੱਛੋਂ ਹੀ ਆਰੰਭ ਹੁੰਦਾ ਹੈ। ਅੰਗਰੇਜ਼ਾਂ ਦੇ ਆਉਣ ਉਪਰੰਤ 19ਵੀਂ ਸਦੀ ਦੇ ਦੂਜੇ ਅੱਧ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਈਸਾਈ ਮਿਸ਼ਨ ਸਥਾਪਤ ਹੋ ਗਏ, ਛਾਪੇ ਖ਼ਾਨੇ ਲੱਗ ਗਏ। ਭਾਰਤੀ ਖਾਣੇ ਵਿਚ ਬਾਈਬਲ ਦਾ ਛਪਣਾ ਆਰੰਭ ਹੋ ਗਿਆ। ਈਸਾਈ ਧਰਮ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਸਿੱਖ ਧਰਮ, ਹਿੰਦੂ ਧਰਮ ਅਤੇ ਇਸਲਾਮ ਵਿਚ ਵੀ ਧਾਰਮਿਕ ਲਹਿਰਾਂ ਉਤਪੰਨ ਹੋਈਆਂ। ਧਰਮਾਂ ਦੇ ਪ੍ਰਚਾਰ ਲਈ ਸਾਹਿਤ ਅਤੇ ਪੱਤਰਕਾਰੀ ਨੂੰ ਵਰਤਿਆ ਗਿਆ। ਪੁਰਾਣੇ ਵਿਰਸੇ ਨੂੰ ਮੁੜ ਫਰੋਲਿਆ ਗਿਆ। ਅੰਗਰੇਜ਼ਾਂ ਦੁਆਰਾ ਪੰਜਾਬ ਦੇ ਇਤਿਹਾਸ, ਜੀਵਨ, ਸਭਿਆਚਾਰ ਭਾਸ਼ਾ ਅਤੇ ਸਾਹਿਤ ਤੋਂ ਜਾਣੂ ਹੋਣ ਲਈ ਇਸ ਦੇ ਵਿਸਾਲ ਖ਼ਜ਼ਾਨੇ ਨੂੰ ਫਰੋਲਨਾ ਆਰੰਭ ਕਰ ਦਿੱਤਾ। ਵੀਹਵੀਂ ਸਦੀ ਦੇ ਪਹਿਲੇ ਦੋ ਤਿੰਨ ਦਹਾਕਿਆਂ ਤੱਕ ਇਹ ਯਤਨ ਜਾਰੀ ਰਹੇ। ਇਸ ਤਰ੍ਹਾਂ ਵਿਦਵਾਨਾਂ ਅਤੇ ਪੰਜਾਬੀ ਸਾਹਿਤਕਾਰਾਂ ਦੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਅਨੇਕ ਹੱਥ-ਲਿਖਤਾਂ ਪ੍ਰਾਪਤ ਹੋਈਆਂ, ਅਨੇਕ ਕਥਾ, ਕਹਾਣੀਆਂ ਅਤੇ ਕਾਵਿਧਾਰਾ ਰਚਨਾਵਾਂ ਨੂੰ, ਜੋ ਲੋਕਾਂ ਨੂੰ ਕੰਠ ਸਨ, ਲਿਖਤੀ ਰੂਪ ਦਿੱਤਾ ਗਿਆ। ਇਨ੍ਹਾਂ ਰਚਨਾਵਾਂ ਜਾਂ ਲਿਖਤਾਂ ਨੂੰ ਕਾਲ ਕ੍ਰਮ ਅਨੁਸਾਰ ਰੱਖ ਕੇ ਦੇਖਣ, ਵਾਚਣ ਅਤੇ ਵਿਸ਼ਲੇਸ਼ਣ ਕਰਨ ਦੀ ਪ੍ਰਕ੍ਰਿਆ ਵਿਚੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦਾ ਸੰਕਲਪ ਉੱਭਰ ਕੇ ਸਾਹਮਣੇ ਆਇਆ।

## ਸਾਹਿਤ ਦੀ ਇਤਿਹਾਸਕਾਰੀ ਦਾ ਸੰਕਲਪ:

ਪੰਜਾਬੀ ਸਾਹਿਤ ਦਾ ਇਤਿਹਾਸ ਸਾਡੇ ਸਾਹਮਣੇ ਆਉਣ ਤੋਂ ਪਹਿਲਾਂ ਕਈ ਸਾਹਿਤਕਾਰਾਂ ਵੱਲੋਂ ਅਜਿਹੀਆਂ ਪੁਸਤਕਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਸਾਹਿਤਕਾਰਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਕੁਝ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਐਮ ਏ ਮੈਕਾਲਫ ਦੀ ਰਚਨਾ ਦਾ ਸਿੱਖ ਰਿਲੀਜੀਅਨ (6 ਜਿਲਦਾਂ), ਚਾਰਲਸ ਸਵਿਨਰਟਨ ਦੀ ਪੁਸਤਕ ਰੋਮਾਂਟਿਕ ਟੇਲਸ ਫਰਾਮ ਦੀ ਪੰਜਾਬ (1903 ਈ), ਐਚ. ਏ ਰੋਸ ਦੀ ਪੁਸਤਕ ਲੀਜੈਂਡ ਫਰਾਮ ਦੀ ਪੰਜਾਬ (1906 ਈ), ਸਰ ਗ੍ਰੀਅਰਸਨ ਦੀ ਰਚਨਾ ਪਾਪੂਲਰ ਲਿਟਰੇਚਰ ਆਫ਼ ਨਾਰਦਰਨ ਇੰਡੀਆ (1917 ਈ) ਅਤੇ ਸਰ ਰਿਸਰਚ ਟੈਂਪਲ ਦੀ ਰਚਨਾ ਲੀਜੈਂਡ ਆਫ਼ ਦੀ ਪੰਜਾਬ ਮਹੱਤਵਪੂਰਨ ਹਨ। ਪੰਜਾਬੀ ਸਾਹਿਤਕਾਰਾਂ ਵਿਚੋਂ ਇਸ ਪਾਸੇ ਮੁੱਢਲੇ ਯਤਨ ਬਾਵਾ ਬੁੱਧ ਸਿੰਘ ਅਤੇ ਮੌਲਾ ਬਖ਼ਸ਼ ਕੁਸ਼ਤਾ ਦੇ ਹਨ। ਮੌਲਾ ਬਖ਼ਸ਼ ਕੁਸ਼ਤਾ ਦੀ ਰਚਨਾ ਪੰਜਾਬ ਦੇ ਹੀਰੇ ਤਾਂ ਭਾਵੇਂ 1932 ਈ ਵਿਚ ਪ੍ਰਕਾਸ਼ਿਤ ਹੋਈ ਹੈ ਪਰ ਉਸ ਦੇ ਆਪਣੇ ਕਹਿਣ ਅਨੁਸਾਰ ਬਾਵਾ ਬੁੱਧ ਸਿੰਘ ਦੀ ਪਹਿਲੀ ਰਚਨਾ ਹੰਸ ਚੋਗ (1913 ਈ) ਜਿਸ ਦਾ ਸੰਬੰਧ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਹੈ, ਤੋਂ ਪਹਿਲੇ ਉਸ ਨੇ ਪੰਜਾਬੀ ਸ਼ਾਇਰਾਂ ਦਾ ਸੰਖੇਪ ਜਿਹਾ ਹਾਲ ਦੇ ਕੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਜ਼ਿਕਰ ਕੀਤਾ ਸੀ। ਪਰ ਫਿਰ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਵੱਲ ਪਹਿਲਾਂ ਉੱਦਮ ਅਸੀਂ ਬਾਵਾ ਬੁੱਧ ਸਿੰਘ

ਦਾ ਹੀ ਮੰਨਾਂਗੇ ਜਿਸ ਨੇ ਵੀਹਵੀਂ ਸਦੀ ਤੱਕ ਦੇ ਪੰਜਾਬੀ ਸਾਹਿਤ ਨੂੰ ਹੰਸ ਚੋਗ, ਕੋਇਲ ਕੂ ਅਤੇ ਬੰਬੀਹਾ ਬੋਲ ਪੁਸਤਕਾਂ ਵਿਚ ਸੁਰੱਖਿਅਤ ਕਰਨ ਦੇ ਯਤਨ ਕੀਤੇ ਹਨ।

ਮੌਲਾ ਬਖ਼ਸ਼ ਕੁਸ਼ਤਾ (ਪੰਜਾਬ ਦੇ ਹੀਰੇ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ) ਅਤੇ ਡਾ. ਬਨਾਰਸੀ ਦਾਸ ਜੈਨ (ਪੰਜਾਬੀ ਜ਼ਬਾਨ ਅਤੇ ਇਸ ਦਾ ਲਿਟਰੇਚਰ) ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦਾ ਇਤਿਹਾਸ ਨਹੀਂ ਹਨ। ਇਨ੍ਹਾਂ ਵਿਚ ਕੇਵਲ ਕੁਝ ਇਕ ਪੰਜਾਬੀ ਸਾਹਿਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਦੀ ਸੰਭਾਲ ਕੀਤੀ ਗਈ ਹੈ। ਡਾ. ਮੋਹਨ ਸਿੰਘ ਦੀਵਾਨਾ ਤੋਂ ਪਿੱਛੋਂ 1943 ਈ ਵਿਚ ਡਾ. ਗੋਪਾਲ ਸਿੰਘ ਦਰਦੀ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਪ੍ਰਕਾਸ਼ਿਤ ਕਰਵਾਇਆ ਜਿਸ ਦੇ ਮੁੱਖ ਬੰਧ ਵਿਚ ਉਸ ਨੇ ਇਸ ਬਾਰੇ ਪੰਜਾਬੀ ਜ਼ੁਬਾਨ ਵਿਚ ਲਿਖਿਆ ਗਿਆ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਦਾ ਇਤਿਹਾਸ ਹੋਣ ਦਾ ਦਾਅਵਾ ਕੀਤਾ ਹੈ। ਡਾ. ਦਰਦੀ ਦਾ ਇਤਿਹਾਸ ਕਾਫ਼ੀ ਹੱਦ ਤੱਕ ਡਾ. ਦੀਵਾਨਾ ਦੇ ਇਤਿਹਾਸ ਦਾ ਪੈਟਰਨ ਹੀ ਅਪਣਾਉਂਦਾ ਹੈ। ਇਸੇ ਸਾਲ ਅਰਥਾਤ 1943 ਈ ਵਿਚ ਹੀ ਪ੍ਰੋ. ਸੁਰਿੰਦਰ ਸਿੰਘ ਕੋਹਲੀ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ। ਇਸ ਇਤਿਹਾਸ ਦੀ ਸਕੀਮ ਕੁੱਝ ਵੱਖਰੀ ਹੈ। ਇਸ ਇਤਿਹਾਸ ਦਾ ਵਡੇਰਾ ਭਾਗ ਸਾਹਿਤ ਧਾਰਾਵਾਂ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ।

1947 ਈ ਵਿਚ ਦੇਸ਼ ਦੀ ਵੰਡ ਪਿੱਛੋਂ ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਦੋ ਹਿੱਸਿਆਂ ਵਿਚ ਵੰਡੇ ਪੱਛਮੀ ਪੰਜਾਬ ਦੇ ਲੋਕਾਂ ਦਾ ਸਾਹਿਤਕ ਝੁਕਾਅ ਵਧੇਰੇ ਉਰਦੂ ਪੱਖੀ ਹੁੰਦਾ ਗਿਆ (ਪਿਛਲੇ ਕੁਝ ਸਾਲਾਂ ਤੋਂ ਫਿਰ ਉਨ੍ਹਾਂ ਵਿਚ ਮਾਤ ਭਾਸ਼ਾ ਪੰਜਾਬੀ ਦਾ ਲਗਾਉ ਵਧਿਆ ਹੈ ਅਤੇ ਉਹ ਸਾਹਿਤ ਸਰਜਨਾਂ ਪੱਖੋਂ ਵੀ ਇਸ ਵੱਲ ਰੁਚਿਤ ਹੋਏ ਹਨ) ਅਤੇ ਪੂਰਬੀ ਪੰਜਾਬ ਦੇ ਲੋਕ ਜੀਵਨ ਵਿਚ ਪੰਜਾਬੀ ਭਾਸ਼ਾ ਨਿਰੰਤਰ ਵਿਕਾਸ ਕਰਦੀ ਗਈ। ਵੰਡ ਤੋਂ ਪਿੱਛੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦੇ ਤਨ ਕਈ ਸਾਹਿਤਕਾਰਾਂ ਨੇ ਕੀਤੇ ਹਨ। ਅਜਿਹੇ ਸਾਹਿਤ ਦੇ ਇਤਿਹਾਸ ਲਿਖੇ ਜਾਣ ਦਾ ਇਕ ਕਾਰਨ ਇਹ ਵੀ ਸੀ ਕਿ 1919 ਈ ਤੋਂ ਪਿੱਛੋਂ ਪੰਜਾਬ ਯੂਨੀਵਰਸਿਟੀ ਵੱਲੋਂ ਐਮ ਏ ਤੱਕ ਦੀ ਪੰਜਾਬੀ ਦੀ ਉੱਚ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ। ਇਸ ਲਈ ਕੇਵਲ ਗਿਆਨੀ ਅਤੇ ਐਮ. ਏ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਕੁਝ ਇਕ ਸਾਹਿਤ ਦੇ ਇਤਿਹਾਸ ਲਿਖੇ ਗਏ। ਇਨ੍ਹਾਂ ਇਤਿਹਾਸ ਵਿਚ ਨਾ ਕੋਈ ਨਵੀਂ ਸਮਗਰੀ ਸੀ, ਨਾ ਕੋਈ ਨਵਾਂ ਦ੍ਰਿਸ਼ਟੀਕੋਣ ਅਤੇ ਨਾ ਹੀ ਕੋਈ ਨਿਵੇਕਲੀ ਲਿਖਣ ਵਿਧੀ। ਪੰਜਾਬੀ ਸਾਹਿਤ ਦਾ ਇਤਿਹਾਸ (ਨਿਹਾਲ ਸਿੰਘ ਰਸ), ਪੰਜਾਬੀ ਸਾਹਿਤ ਦਾ ਇਤਿਹਾਸ (ਹਰਚਰਨ ਸਿੰਘ), ਪੰਜਾਬੀ ਸਾਹਿਤ ਦਾ ਇਤਿਹਾਸ ਵਾਲਾਂ ਜਵਾਬਾਂ ਵਿਚ (ਹਰਭਜਨ ਸਿੰਘ) ਕੁਝ ਅਜਿਹੇ ਉਦਾਹਰਨ ਹਨ।

ਪੱਛਮੀ ਪੰਜਾਬ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦੇ ਯਤਨ ਹੋਏ ਹਨ। ਇਨ੍ਹਾਂ ਵਿਚ ਅਹਿਮਦ ਹੁਸੈਨ ਅਹਿਮਦ (ਪੰਜਾਬੀ ਅਦਬ ਦੀ ਤਾਰੀਖ਼) ਅਤੇ ਅਬਦੁਲ ਗ਼ਫ਼ੂਰ ਕੁਰੈਸ਼ੀ (ਪੰਜਾਬੀ ਜ਼ਬਾਨ ਦਾ ਅਦਬ ਤੇ ਉਸ ਦੀ ਤਾਰੀਖ਼ 1956 ਈ) ਦੇ ਨਾਂ ਪ੍ਰਸਿੱਧ ਹਨ। ਕੁਰੈਸ਼ੀ ਸਾਹਿਬ ਨੇ ਪੁਸਤਕ ਦੇ ਦੋ ਭਾਗ ਬਣਾਏ ਹਨ। ਪਹਿਲੇ ਵਡੇਰੇ ਭਾਗ ਵਿਚ ਮੁਸਲਮਾਨ ਪੰਜਾਬੀ ਸਾਹਿਤਕਾਰਾਂ ਦਾ ਵੇਰਵਾ ਦਿੱਤਾ ਹੈ ਅਤੇ ਦੂਜੇ ਭਾਗ ਵਿਚ ਹਿੰਦੂ ਸਿੱਖਾਂ ਦੀ ਪੰਜਾਬੀ ਸਾਹਿਤ ਸੇਵਾ ਦਾ ਜ਼ਿਕਰ ਕੀਤਾ ਹੈ। ਇਸ ਪ੍ਰਕਾਰ ਇਹ ਪੁਸਤਕ ਸਾਹਿਤ ਦਾ ਇਤਿਹਾਸ ਨਹੀਂ ਬਣਦੀ, ਇਤਿਹਾਸ ਵਿਚ ਵਿਚਰਦੇ ਸਾਹਿਤਕਾਰਾਂ ਬਾਰੇ ਜਾਣਕਾਰੀ ਦਿੰਦੀ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਵਾਸਤੇ ਪੰਜਾਬ ਸਰਕਾਰ ਅਤੇ ਕੁਝ ਹੋਰ ਵਿੱਦਿਅਕ ਸੰਸਥਾਵਾਂ ਨੇ ਕਈ ਸਾਹਿਤਕ ਯੋਜਨਾਵਾਂ ਉਲੀਕੀਆਂ ਹਨ ਜਿਨ੍ਹਾਂ ਵਿਚੋਂ ਇਕ ਯੋਜਨਾ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਵਾਉਣ ਦੀ ਵੀ ਹੈ। ਇਹ ਯੋਜਨਾ ਅਧੀਨ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਵੱਖਰੇ ਵੱਖਰੇ ਵਿਦਵਾਨਾਂ ਦੀ ਸਹਾਇਤਾ ਨਾਲ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਵਾਇਆ ਹੈ। ਇਹ ਇਤਿਹਾਸ ਤਿੰਨ ਜਿਲਦਾਂ ਵਿਚ ਹੈ। (ਪਿੱਛੋਂ ਇਸ ਨੂੰ ਸੁਧਾਰ ਕੇ ਦੋ ਜਿਲਦਾਂ ਵਿਚ ਛਾਪਿਆ ਗਿਆ) ਪਹਿਲੀ ਜਿਲਦ 1700 ਈ ਤੱਕ, ਦੂਜੀ 1850 ਈ ਤੱਕ ਅਤੇ ਤੀਜੀ 1970 ਈ ਤੱਕ ਦੇ ਸਾਹਿਤ ਦੇ ਇਤਿਹਾਸ ਨੂੰ ਉਲੀਕਦੀ ਹੈ। ਇਸ ਤਰ੍ਹਾਂ ਸਮੁੱਚੇ ਇਤਿਹਾਸ ਨੂੰ ਪਹਿਲੇ ਤਿੰਨ ਕਾਲ ਖੰਡਾਂ ਵਿਚ ਵੰਡਿਆ ਗਿਆ ਹੈ ਅਤੇ ਫਿਰ ਹਰ ਖੰਡ ਦੇ ਸਾਹਿਤ ਨੂੰ ਸਾਹਿਤਕ ਧਾਰਾਵਾਂ ਵਿਚ ਵੰਡ ਕੇ ਦੋ ਵੱਖੋ-ਵੱਖਰੇ ਵਿਦਵਾਨਾਂ ਤੋਂ ਉਨ੍ਹਾਂ ਉੱਪਰ ਲੇਖ ਲਿਖਵਾਏ ਗਏ ਹਨ। ਇਸ ਇਤਿਹਾਸ ਵਿਚ ਅਨੇਕ ਊਣਤਾਈਆਂ ਹਨ ਪਰ ਵੱਡੀ ਊਣਤਾਈ ਇਕਸਾਰਤਾ ਦੀ ਘਾਟ ਦੀ ਹੈ। ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਵਾਉਣ ਦੀ ਇਕ ਯੋਜਨਾ ਤਿਆਰ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਸਾਹਿਤ ਦਾ ਇਤਿਹਾਸ ਪੰਜ ਭਾਗਾਂ ਵਿਚ ਛਪਣਾ ਹੈ। ਇਸ ਦੇ ਪਹਿਲੇ ਕੁਝ ਭਾਗ ਛਪ ਚੁੱਕੇ ਹਨ। ਸਮੁੱਚੇ ਰੂਪ ਵਿਚ ਇਸ ਇਤਿਹਾਸ ਵਿਚ ਕਿਸ ਪੈਟਰਨ ਨੂੰ ਅਪਣਾਇਆ ਗਿਆ ਹੈ, ਇਸ ਦਾ ਪਤਾ ਉਦੋਂ ਹੀ ਲੱਗੇਗਾ, ਜਦੋਂ ਇਹ ਇਤਿਹਾਸ ਮੁਕੰਮਲ ਹੋ ਜਾਵੇਗਾ।

## ਸਾਹਿਤ ਇਤਿਹਾਸਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:

ਪੰਜਾਬੀ ਸਾਹਿਤਕਾਰਾਂ ਵੱਲੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦੇ ਹੁਣ ਤੱਕ ਜੋ ਯਤਨ ਹੋਏ ਹਨ, ਉਨ੍ਹਾਂ ਦੀ ਸੰਖੇਪ ਜਾਣਕਾਰੀ ਅਸੀਂ ਉੱਪਰ ਦਿੱਤੀ ਹੈ। ਵਿਸ਼ੇਸ਼ ਤੌਰ ਤੇ ਇਸ ਗੱਲ ਦੀ ਵਿਆਖਿਆ ਕੀਤੀ ਗਈ ਹੈ ਕਿ ਪੰਜਾਬੀ ਦੀਆਂ ਸਾਹਿਤਕ ਪਰੰਪਰਾਵਾਂ ਸਮੇਂ ਦੇ ਬੀਤਣ ਨਾਲ ਕਿਸ ਸਥਿਤੀ ਤੇ ਪੁੱਜ ਚੁੱਕੀਆਂ ਸਨ, ਜਦੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦੀ ਲੋੜ ਭਾਸੀ। ਹੁਣ ਤੱਕ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਜੋ ਉਪਰਾਲੇ ਕੀਤੇ ਹਨ, ਉਨ੍ਹਾਂ ਦੀ ਮਹੱਤਤਾ ਦੋ ਤਿੰਨ ਕਾਰਨਾਂ ਕਰਕੇ ਹੈ। ਕਿਉਂਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬੀ ਵਿਚ ਸਾਹਿਤ ਦਾ ਇਤਿਹਾਸ ਲਿਖਣ ਦੇ ਸੰਕਲਪ ਦਾ ਅਭਾਵ ਹੀ ਸੀ। ਇਸ ਲਈ ਅੰਗਰੇਜ਼ੀ ਰਾਜ ਸਥਾਪਤ ਹੋ ਜਾਣ ਉਪਰੰਤ ਜੋ ਮੁੱਢਲੇ ਯਤਨ ਕੀਤੇ ਹੋਏ ਹਨ, ਉਹ ਪੁਰਾਣੇ ਸਾਹਿਤ ਦੀ ਖੋਜ ਕਰਨ ਦੇ ਹਨ। ਖੋਜ ਤੋਂ ਇਲਾਵਾ ਦੂਜਾ ਯਤਨ ਇਹ ਹੋਇਆ ਹੈ ਕਿ ਪੁਰਾਤਨ ਜਾਂ ਮੱਧਕਾਲੀਨ ਸਮੇਂ ਦਾ ਸਾਹਿਤ ਜੋ ਹੱਥ-ਲਿਖਤਾਂ ਦੇ ਰੂਪ ਵਿਚ ਪਿਆ ਸੀ ਜਾਂ ਜੋ ਲੋਕਾਂ ਨੇ ਪੀੜ੍ਹਿਓ ਪੀੜ੍ਹੀ ਕੰਠ ਕਰਕੇ ਆਪਣੀ ਸਿਮ੍ਰਿਤੀ ਵਿਚ ਵਸਾਇਆ ਹੋਇਆ ਸੀ, ਉਸ ਨੂੰ ਲਿਖਤੀ ਰੂਪ ਦੇ ਕੇ ਉਸ ਦੀ ਸੰਭਾਲ ਕੀਤੀ ਜਾਏ। ਖੋਜ ਦਾ ਕਾਰਜ ਅਤੇ ਸਾਹਿਤ ਸੰਭਾਲ ਦਾ ਕਾਰਜ ਨਿਰੰਤਰ ਚਲਦਾ ਰਿਹਾ ਪਰ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਮੁੱਢਲੇ ਲੇਖਕਾਂ ਨੇ ਸਾਹਿਤਕਾਰਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਤੇ ਵੀ ਸੰਖੇਪ ਟਿੱਪਣੀਆਂ ਦਿੱਤੀਆਂ। ਇਸ ਪ੍ਰਕਾਰ ਪੰਜਾਬੀ ਵਿਚ ਜਿੰਨੇ ਵੀ ਸਾਹਿਤ ਦੇ ਇਤਿਹਾਸ ਲਿਖੇ ਗਏ ਹਨ, ਉਹ ਖੋਜਕਾਰ ਜਾਂ ਇਤਿਹਾਸਕਾਰ ਦੀ ਨਿੱਜੀ ਦ੍ਰਿਸ਼ਟੀ ਤੇ ਆਧਾਰਤ ਹਨ, ਉਨ੍ਹਾਂ ਵਿਚ ਇਕ ਅੱਧੇ ਇਤਿਹਾਸ ਨੂੰ ਛੱਡ ਕੇ ਸਾਹਿਤ ਦੀ ਇਤਿਹਾਸਕਾਰੀ ਦੇ ਕੁਝ ਆਮ ਨਿਯਮ ਜਾਂ ਸਿਧਾਂਤਾਂ ਦੀ ਪਾਲਣਾ ਨਹੀਂ ਕੀਤੀ ਗਈ।

ਪੰਜਾਬੀ ਸਾਹਿਤ ਦੇ ਮੁੱਢਲੇ ਇਤਿਹਾਸ ਵਿਚ ਜੋ ਪਹਿਲੀ ਪ੍ਰਵਿਰਤੀ ਉਜਾਗਰ ਹੁੰਦੀ ਹੈ ਉਹ ਇਹ ਹੈ ਕਿ ਇਨ੍ਹਾਂ ਇਤਿਹਾਸ ਵਿਚ ਖੋਜ ਦੀ ਰੁਚੀ ਅਤੇ ਸਾਹਿਤਕ ਇਤਿਹਾਸ ਦੀ ਪੇਸ਼ਕਾਰੀ ਨੂੰ ਰਲਗੱਡ ਕਰ ਦਿੱਤਾ ਗਿਆ ਹੈ।ਖੋਜ-ਕਾਰਜ ਅਤੇ ਇਤਿਹਾਸਕਾਰੀ ਵਿਚ ਅੰਤਰ ਹੈ। ਆਰ ਜੀ ਕੋਲਿੰਗਵੁੱਡ ਆਪਣੀ ਪੁਸਤਕ ਆਈਡੀਆ ਆਫ਼ ਹਿਸਟਰੀ ਵਿਚ ਇਤਿਹਾਸਕਾਰੀ ਦੇ ਚਾਰ ਲੱਛਣਾਂ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ ਕਿ (1)ਸਾਹਿਤਕ ਇਤਿਹਾਸਕਾਰੀ ਵਿਚ ਸਾਹਿਤ ਉਨ੍ਹਾਂ ਮੁੱਢਲੇ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ ਜੋ ਭੂਗੋਲਿਕ ਇਤਿਹਾਸਕ ਤਬਦੀਲੀਆਂ ਦੇ ਕਾਰਨ ਸਮਾਜਕ, ਰਾਜਨੀਤਕ ਅਤੇ ਬ੍ਰਹਿਮੰਡੀ ਦ੍ਰਿਸ਼ਟੀ ਤੋਂ ਮਨੁੱਖੀ ਸਭਿਆਚਾਰ ਵਿਚ ਉਤਪੰਨ ਹੁੰਦੇ ਹਨ। (2) ਇਤਿਹਾਸਕਾਰੀ ਦਾ ਸੰਬੰਧ ਅਤੀਤ ਵਿਚ ਕੀਤੇ ਗਏ ਮਨੁੱਖੀ ਕਾਰਜ ਨਾਲ ਹੈ। (3) ਇਤਿਹਾਸਕਾਰੀ ਵਿਚ ਸਾਹਿਤ ਵਿਆਖਿਆ-ਸ਼ਾਸਤਰ ਦੇ ਦੋਵੇਂ ਰੁੱਖ ਅਖ਼ਤਿਆਰ ਕਰਦਾ ਹੈ ਇਕ ਸੂਝ ਅਤੇ ਅਨੁਭਵ ਤੋਂ ਉਚੇਰੇ ਕਾਰਜ ਦੀ ਵਿਆਖਿਆ ਕਰਨ ਵਿਚ ਅਤੇ ਦੂਜਾ ਸਭਿਆਚਾਰਕ-ਇਤਿਹਾਸਕ ਪ੍ਰਸ਼ਨਾਂ ਦੀ ਵਿਆਖਿਆ ਕਰਨ ਵਿਚ। (4) ਸਾਹਿਤਕ ਇਤਿਹਾਸਕਾਰੀ ਦਾ ਕਾਰਜ ਮਨੁੱਖੀ ਸਵੈ ਗਿਆਨ ਲਈ ਕੀਤਾ ਜਾਂਦਾ ਹੈ ਕਿਉਂਕਿ ਮਨੁੱਖੀ ਸਵੈ ਗਿਆਨ ਤੋਂ ਹੀ ਸਭਿਆਚਾਰ ਦੀ ਪਛਾਣ ,ਇਸ ਦੀ ਉਪਜ ਤੇ ਸਮੱਸਿਆਵਾਂ ਅਤੇ ਸਮੁੱਚੇ ਮਨੁੱਖੀ ਵਿਕਾਸ ਦੀ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦਾ ਇਹ ਝੁਕਾਅ ਕਿ ਪੰਜਾਬੀ ਦੇ ਮੁੱਢ ਨੂੰ ਵੱਧ ਤੋਂ ਵੱਧ ਪਿੱਛੇ ਲੈ ਜਾਇਆ ਜਾਵੇ, ਵੀ ਖੋਜ ਰੁਚੀ ਨਾਲ ਹੀ ਸੰਬੰਧਿਤ ਹੈ। ਅੰਗਰੇਜ਼ ਖ਼ੋਜੀਆਂ ਨੇ ਅਤੇ ਕੁਝ ਪੰਜਾਬੀ ਸਾਹਿਤਕਾਰਾਂ ਨੇ ਜਦੋਂ ਪੰਜਾਬੀ ਸਾਹਿਤ ਦੀ ਖੋਜ ਕਰਨੀ ਆਰੰਭੀ ਤਾਂ ਕੁਝ ਵਿਦਵਾਨਾਂ ਦੀ ਪਹਿਲੀ ਰਾਏ ਇਹ ਬਣੀ ਕਿ ਪੰਜਾਬੀ ਭਾਸ਼ਾ ਦਾ ਪ੍ਰਥਮ ਕਵੀ ਗੁਰੂ ਨਾਨਕ ਹੈ। ਬਾਬਾ ਫ਼ਰੀਦ ਦੀ ਰਚਨਾ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਗੁਰੂ ਨਾਨਕ ਦੇ ਸਮਕਾਲੀ ਫ਼ਰੀਦ ਸਾਨੀ (ਸ਼ੇਖ਼ ਬ੍ਰਹਮ) ਦੀ ਰਚਨਾ ਹੈ। ਉਨ੍ਹਾਂ ਨੇ ਇਸ ਮੱਤ ਤੇ ਸ਼ੰਕਾ ਪ੍ਰਗਟ ਕੀਤਾ ਕਿ ਬਾਵਾ ਫ਼ਰੀਦ ਸ਼ਕਰਗੰਜ ਦੇ ਸਮੇਂ (1173 ਈ: ਤੋਂ 1265 ਈ:) ਪੰਜਾਬੀ ਜ਼ੁਬਾਨ ਅਜੇ ਪ੍ਰਫੁੱਲਿਤ ਨਹੀਂ ਸੀ ਹੋਈ, ਇਸ ਲਈ ਬਾਬਾ ਫ਼ਰੀਦ ਐਨੀ ਸੁਲਝੀ ਹੋਈ ਭਾਸ਼ਾ ਵਿਚ ਸਲੋਕ ਨਹੀਂ ਸੀ ਲਿਖ ਸਕਦਾ। ਪਰ ਡਾ. ਮੋਹਨ ਸਿੰਘ ਦੀਵਾਨਾ ਦੀ ਖੋਜ ਪੰਜਾਬੀ ਸਾਹਿਤ ਦੇ ਆਰੰਭ ਨੂੰ ਸ਼ੇਖ਼ ਬਾਬਾ ਫ਼ਰੀਦ ਤੱਕ ਤਾਂ ਕੀ, ਇਸ ਤੋਂ ਵੀ ਪਿੱਛੇ ਨਾਥਾਂ ਜੋਗੀਆਂ ਦੀ ਕਵਿਤਾ ਤੱਕ ਲੈ ਗਈ। ਇਸ ਪਿੱਛੋਂ ਪੰਜਾਬ ਸਾਹਿਤ ਦੇ ਕਈ ਇਤਿਹਾਸਕਾਰਾਂ ਨੇ ਪੰਜਾਬੀ ਸਾਹਿਤ ਦੇ ਆਰੰਭ ਨੂੰ ਨਾਥਾਂ ਜੋਗੀਆਂ ਦੀ ਕਵਿਤਾ ਨਾਲ ਜੋੜ ਲਿਆ। ਇਸ ਪਿੱਛੋਂ ਨਾਥ ਜੋਗੀ ਅਤੇ ਬਾਬਾ ਫ਼ਰੀਦ ਦੇ ਵਿਚਕਾਰਲੇ ਸਮੇਂ ਦੇ ਕਈ ਸਾਹਿਤਕਾਰਾਂ ਦੀ ਖੋਜ ਕੀਤੀ ਗਈ। ਜਿਨ੍ਹਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਭਾਸ਼ਾ ਦੇ ਅੰਸ਼ ਮੌਜੂਦ ਸਨ।

ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਸਮੇਂ ਦੂਜੀ ਪ੍ਰਵਿਰਤੀ ਇਹ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਕਈ ਸਾਹਿਤਕਾਰ ਸੰਪਰਦਾਇਕ ਭਾਵਨਾ ਅਧੀਨ ਲਿਖਦੇ ਰਹੇ ਹਨ। ਇਹ ਸੱਚ ਹੈ ਕਿ ਪੰਜਾਬੀ ਸਾਹਿਤ ਸਿਰਜਨਾ ਵਿਚ ਅਤੇ ਇਸ ਦੇ ਵਿਕਾਸ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਵਿਅਕਤੀਆਂ ਨੇ ਹਿੱਸਾ ਪਾਇਆ ਹੈ। ਇਹ ਵੀ ਸੱਚ ਹੈ ਕਿ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਭਾਗ ਧਰਮ ਨਾਲ ਜੁੜਿਆ ਹੋਇਆ ਹੈ। ਪਰ ਸਮੁੱਚੇ ਤੌਰ ਤੇ ਜਦੋਂ ਅਸੀਂ ਇਨ੍ਹਾਂ ਸਾਹਿਤਕਾਰਾਂ ਅਤੇ ਇਹਨਾਂ ਦੀਆਂ ਰਚਨਾਵਾਂ ਨੂੰ ਸਾਹਿਤਕ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਪਰਖੀਏ ਤਾਂ ਅਸੀਂ ਇਹਨਾਂ ਨੂੰ ਪੰਜਾਬੀ ਸਾਹਿਤ ਦੇ ਭੰਡਾਰੇ ਨੂੰ ਭਰਨ ਵਾਲੇ ਪੰਜਾਬੀ ਲੇਖਕ ਹੀ ਆਖਾਂਗੇ, ਭਾਵੇਂ ਇਹ ਕਿਸੇ

ਵੀ ਧਰਮ, ਜਾਤੀ ਜਾਂ ਸ਼੍ਰੇਣੀ ਨਾਲ ਸੰਬੰਧ ਰੱਖਦੇ ਹੋਣ। ਪਰ ਇਸ ਦੇ ਬਾਵਜੂਦ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਪੇਸ਼ਕਾਰੀ ਇਸ ਪ੍ਰਕਾਰ ਵੀ ਹੋਈ ਹੈ ਕਿ ਇਹਨਾਂ ਸਾਹਿਤਕਾਰਾਂ ਨੂੰ ਧਰਮਾਂ ਅਨੁਸਾਰ ਵੰਡ ਕੇ ਇਹਨਾਂ ਦੀਆਂ ਰਚਨਾਵਾਂ ਨੂੰ ਸਿੱਖ ਜਗਤ, ਹਿੰਦੂ ਸਾਹਿਤ, ਮੁਸਲਮਾਨ ਸਾਹਿਤ ਅਤੇ ਈਸਾਈ ਸਾਹਿਤ ਆਦਿ ਦੇ ਘੇਰੇ ਵਿਚ ਰੱਖਿਆ ਗਿਆ ਹੈ। ਅਬਦੁਲ ਗ਼ਫ਼ੂਰ ਕੁਰੈਸ਼ੀ ਨੇ ਪੰਜਾਬੀ ਜ਼ਬਾਨ ਦਾ ਅਦਬ ਤੇ ਉਹਦੀ ਤਾਰੀਖ਼ ਵਿਚ ਮੁਸਲਮਾਨ ਲੇਖਕ ਅਤੇ ਹਿੰਦੂ-ਸਿੱਖ ਲੇਖਕ ਦੇ ਦੋ ਹਿੱਸੇ ਬਣਾ ਦਿੱਤੇ ਹਨ। ਸਾਹਿਤ ਦਾ ਇਤਿਹਾਸ ਲਿਖਣ ਦੀ ਇਹ ਵਿਧੀ ਬਿਲਕੁਲ ਠੀਕ ਨਹੀਂ। ਇਸ ਨਾਲ ਮਿਲਦਾ ਜੁਲਦਾ ਇਕ ਹੋਰ ਤੱਥ ਵੀ ਉੱਘੜ ਕੇ ਸਾਹਮਣੇ ਆਇਆ ਹੈ ਕਿ ਜੇ ਸਾਹਿਤ ਦੀ ਇਤਿਹਾਸਕਾਰੀ ਕੋਈ ਮੁਸਲਮਾਨ ਲੇਖਕ ਹੈ ਤਾਂ ਉਸ ਨੇ ਵੱਧ ਤੋਂ ਵੱਧ ਮੁਸਲਮਾਨ ਲੇਖਕਾਂ ਦੇ ਹਵਾਲੇ ਦੇਣ ਦਾ ਯਤਨ ਕੀਤਾ ਹੈ ਅਤੇ ਜੇ ਇਤਿਹਾਸਕਾਰ ਗੈਰ ਮੁਸਲਮਾਨ ਹੈ ਤਾਂ ਉਸ ਨੇ ਪ੍ਰਸਿੱਧ ਮੁਸਲਮਾਨ ਲਿਖਾਰੀਆਂ ਨੂੰ ਛੱਡ ਕੇ ਸਾਧਾਰਨ ਮੁਸਲਮਾਨ ਲੇਖਕਾਂ ਵੱਲੋਂ ਬੇਪਰਵਾਹੀ ਪ੍ਰਗਟ ਕੀਤੀ ਹੈ। ਸਾਹਿਤ ਦੇ ਇਤਿਹਾਸ ਵਿਚ ਸਾਹਿਤਕਾਰ ਦੀ ਮਹਾਨਤਾ ਕੇਵਲ ਉਹਦੀ ਰਚਨਾ ਕਰਕੇ ਨਹੀਂ ਹੁੰਦੀ, ਇਤਿਹਾਸਕ ਪ੍ਰਸੰਗ ਵਿਚ ਵੀ ਹੁੰਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਪਰਖਿਆ ਕਿਸੇ ਸਮੇਂ ਵਿਚ ਲਿਖੀ ਹੋਈ ਕਿਸੇ ਰਚਨਾ ਦੀ ਕੀਮਤ ਨਹੀਂ ਘਟਦੀ ਭਾਵੇਂ ਉਸ ਤੋਂ ਪਿੱਛੋਂ ਆਉਣ ਵਾਲੇ ਸਮੇਂ ਵਿਚ ਉਸੇ ਵਿਸ਼ੇ ਤੇ ਹੋਰ ਚੰਗੇਰੀ ਪੁਸਤਕ ਕਿਉਂ ਨਾ ਲਿਖੀ ਗਈ ਹੋਵੇ। ਪੰਜਾਬੀ ਸਾਹਿਤ ਦੇ ਮੁੱਢਲੇ ਇਤਿਹਾਸਕਾਰਾਂ ਦੀ ਇਕ ਪ੍ਰਵਿਰਤੀ ਇਹ ਰਹੀ ਹੈ ਕਿ ਸਾਹਿਤਕਾਰਾਂ ਪ੍ਰਤੀ ਉਨ੍ਹਾਂ ਦਾ ਵਤੀਰਾ ਉਦਾਰਵਾਦੀ ਰਿਹਾ ਹੈ। ਅਜਿਹਾ ਵਤੀਰਾ ਅਪਣਾਉਣ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਪੰਜਾਬੀ ਵਿਚ ਖੋਜਕਾਰ, ਸਾਹਿਤ ਸੰਭਾਲ ਅਤੇ ਇਤਿਹਾਸਕਾਰੀ ਤਿੰਨੇ ਆਪਣੀ ਮੁੱਢਲੀ ਅਵਸਥਾ ਵਿਚ ਸਨ। ਉਸ ਵੇਲੇ ਲੋੜ ਇਹ ਸੀ ਕਿ ਵੱਧ ਤੋਂ ਵੱਧ ਹੱਥ ਲਿਖਤਾਂ ਪ੍ਰਾਪਤ ਕੀਤੀਆਂ ਜਾਣ, ਪੰਜਾਬੀ ਸਾਹਿਤਕਾਰਾਂ ਦੀ ਪਾਠਕਾਂ ਨਾਲ ਜਾਣ-ਪਛਾਣ ਕਰਾਈ ਜਾਵੇ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਉੱਤਮਤਾ ਨੂੰ ਪ੍ਰਗਟ ਕੀਤਾ ਜਾਵੇ। ਇਸ ਲਈ ਬਾਵਾ ਬੁੱਧ ਸਿੰਘ, ਪ੍ਰਿੰ: ਤੇਜਾ ਸਿੰਘ ਅਤੇ ਹੋਰ ਕਈ ਇਤਿਹਾਸ ਲੇਖਕਾਂ ਨੇ ਸਾਹਿਤਕਾਰਾਂ ਪ੍ਰਤੀ ਪ੍ਰਸ਼ੰਸਾਤਮਕ ਰੁਚੀ ਨੂੰ ਹੀ ਅਪਣਾਈ ਰੱਖਿਆ।

ਮੁੱਢਲੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਇਕ ਪ੍ਰਵਿਰਤੀ ਇਹ ਵੀ ਰਹੀ ਹੈ ਕਿ ਇਨ੍ਹਾਂ ਵਿਚ ਸਾਹਿਤਕਾਰ ਦੀ ਰਚਨਾ ਦਾ ਵਿਸ਼ੇਸ਼ਣ ਜਾਂ ਮੁਲਾਂਕਣ ਕਰਨ ਦੀ ਬਜਾਏ ਸਮੁੱਚੀ ਰਚਨਾ ਨੂੰ ਹੀ ਦਰਜ ਕਰ ਦਿੱਤਾ ਗਿਆ ਹੈ। ਬਾਵਾ ਬੁੱਧ ਸਿੰਘ ਦੀਆਂ ਪੁਸਤਕਾਂ ਹੰਸ ਚੋਗ, ਕੋਇਲ ਕੂ ਅਤੇ ਬੰਬੀਹਾ ਬੋਲ ਵਿਚ ਅਜਿਹੇ ਕਵੀ ਸ਼ਾਮਲ ਹਨ ਜਿਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਜਾਂ ਰਚਨਾ ਦਾ ਵਡੇਰਾ ਭਾਗ ਪੁਸਤਕਾਂ ਵਿਚ ਹੀ ਦੇ ਦਿੱਤਾ ਗਿਆ ਹੈ। ਵਾਸਤਵ ਵਿਚ ਅਜਿਹਾ ਹੋਣਾ ਸੰਭਵ ਸੀ। ਬਹੁਤ ਸਾਰੇ ਭੁੱਲੇ ਵਿੱਸਰੇ ਕਵੀਆਂ ਦੀਆਂ ਰਚਨਾਵਾਂ ਨੂੰ ਪਹਿਲੀ ਵਾਰ ਇਨ੍ਹਾਂ ਪੁਸਤਕਾਂ ਵਿਚ ਛਾਪਿਆ ਗਿਆ। ਸੋ ਇਹ ਪੁਸਤਕਾਂ ਸਾਹਿਤ ਦਾ ਇਤਿਹਾਸ ਨਹੀਂ ਸਨ, ਸਗੋਂ ਇਨ੍ਹਾਂ ਵਿਚ ਸਾਹਿਤਕ ਸਮਗਰੀ ਨੂੰ ਸਾਂਭਿਆ ਗਿਆ ਹੈ।

ਡਾ. ਮੋਹਨ ਸਿੰਘ ਦੀਵਾਨਾ ਦੇ ਇਤਿਹਾਸ ਨੂੰ ਛੱਡ ਕੇ ਸਾਰੇ ਮੁੱਢਲੇ ਸਾਹਿਤ ਦੇ ਇਤਿਹਾਸ ਵਿਚ ਕਵੀ ਅਤੇ ਕਵੀ ਦੀ ਰਚਨਾ ਉੱਤੇ ਵਧੇਰੇ ਬਲ ਦਿੱਤਾ ਗਿਆ ਹੈ। ਕਵੀ ਦੇ ਸਮੇਂ ਦੀਆਂ ਰਾਜਨੀਤਕ, ਸਮਾਜਕ, ਆਰਥਿਕ ਅਤੇ ਧਾਰਮਿਕ ਵਿਵਸਥਾ ਨੂੰ ਘੱਟ ਪ੍ਰਗਟ ਕੀਤਾ ਗਿਆ ਹੈ। ਕਈ ਇਤਿਹਾਸ ਵਿਚ ਸਾਹਿਤਕਾਰ ਦੀ ਸਮੁੱਚੀ ਰਚਨਾ ਉੱਪਰ ਹੀ ਟਿੱਪਣੀ ਕੀਤੀ ਗਈ ਹੈ, ਵਿਸ਼ੇਸ਼ ਜਾਂ ਪ੍ਰਮੁੱਖ ਰਚਨਾਵਾਂ ਦਾ ਵਿਸਥਾਰ ਪੂਰਵਕ ਉੱਲੇਖ ਨਹੀਂ ਕੀਤਾ ਗਿਆ। ਸਾਹਿਤ ਦਾ ਇਤਿਹਾਸ ਲਿਖਣ ਵਾਲੇ ਤਕਰੀਬਨ ਸਾਰੇ ਲੇਖਕਾਂ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕੀਤੀ ਹੈ। ਪਰ ਇਨ੍ਹਾਂ ਸਾਹਿਤਕਾਰਾਂ ਦੇ ਕਾਲ ਵੰਡ ਕਰਨ ਦੇ ਆਧਾਰ ਵੱਖਰੇ ਵੱਖਰੇ ਹਨ। ਬਾਵਾ ਬੁੱਧ ਸਿੰਘ ਨੇ ਪੰਜਾਬੀ ਸਾਹਿਤ ਦੇ ਤਿੰਨ ਕਾਲ ਖੰਡ, ਆਦਿ, ਮੱਧ ਤੇ ਨਵੀਨ ਬਣਾਏ ਗਏ ਹਨ। ਹੀਰਾ ਸਿੰਘ ਦਰਦ ਨੇ ਦੋ ਕਾਲੀ ਵੰਡ ਕੀਤੀ ਹੈ ਅਰਥਾਤ ਪੁਰਾਤਨ ਕਾਲ ਅਤੇ ਨਵੀਨ ਕਾਲ।

ਡਾ. ਬਨਾਰਸੀ ਦਾਸ ਜੈਨ ਨੇ ਧਰਮਾਂ ਦੇ ਆਧਾਰ ਤੇ ਕਾਲ ਵੰਡ ਕੀਤੀ ਹੈ ਜਿਵੇਂ ਮੁਸਲਮਾਨੀ ਸਾਹਿਤ, ਹਿੰਦੂ ਸਾਹਿਤ, ਸਿੱਖ ਸਾਹਿਤ, ਈਸਾਈ ਸਾਹਿਤ, ਦੁਨਿਆਵੀ ਸਾਹਿਤ ਅਤੇ ਨਵਾਂ ਸਾਹਿਤ ਆਦਿ। ਭਾਸ਼ਾ ਵਿਭਾਗ, ਪੰਜਾਬ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਵਿਸ਼ੇ ਵੰਡ ਕੀਤੀ ਹੈ ਜਿਵੇਂ ਨਾਥ ਜੋਗੀਆਂ ਦਾ ਸਾਹਿਤ, ਗੁਰਮਤਿ ਸਾਹਿਤ, ਸੂਫ਼ੀ ਸਾਹਿਤ, ਹਿੰਦੂ ਭਗਤੀ ਕਾਵਿਧਾਰਾ, ਇਸਲਾਮੀ ਸਾਹਿਤ, ਲੋਕ ਸਾਹਿਤ, ਬੀਰ ਰਸੀ ਸਾਹਿਤ, ਕਿੱਸਾ ਕਾਵਿਧਾਰਾ ਅਤੇ ਗੱਦ ਸਾਹਿਤ ਆਦਿ।

ਵੀਹਵੀਂ ਸਦੀ ਦੇ ਸਾਹਿਤ ਨੂੰ ਕਵਿਤਾ, ਨਾਵਲ, ਨਾਟਕ, ਨਿੱਕੀ ਕਹਾਣੀ, ਵਾਰਤਕ, ਜੀਵਨੀ ਸਫ਼ਰਨਾਮਾ ਖੋਜ ਤੇ ਸਾਹਿਤਕ ਪਰਖ ਆਦਿ ਸਾਹਿਤ ਰੂਪਾਂ ਵਿਚ ਵੰਡਿਆ ਹੈ। ਸੁਰਿੰਦਰ ਸਿੰਘ ਨਰੂਲਾ, ਨੇ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਦਿਆਂ ਵਿਸ਼ੇ, ਵਿਅਕਤੀ ਅਤੇ ਸ਼ਤਾਬਦੀ, ਤਿੰਨਾਂ ਨੂੰ ਰਲਾ ਦਿੱਤਾ ਹੈ ਜਿਵੇਂ ਵੀਰ ਗਾਥਾ ਕਾਲ, ਜੋਗੀ ਦਾਰਸ਼ਨਿਕ ਸਾਹਿਤ, ਗੁਰੂ ਘਰ ਦਾ ਸਾਹਿਤ, ਗੁਰੂ ਸਾਹਿਬਾਨ ਦਾ ਜ਼ਮਾਨਾ (ਸੂਫ਼ੀ ਮੱਤ ਦੇ ਕਵੀ, ਰੋਮਾਂਟਿਕ ਕਵਿਤਾ, ਵਾਰਤਕ ਰਚਨਾ) ਅਠਾਰ੍ਹਵੀਂ ਸਦੀ ਦਾ ਸਾਹਿਤ (ਸੂਫ਼ੀ ਕਵਿਤਾ, ਰੋਮਾਂਟਿਕ ਕਵਿਤਾ,

ਬੀਰ ਰਸੀ ਕਵਿਤਾ, ਭਗਤੀ ਲਹਿਰ ਦਾ ਸਾਹਿਤ), ਰਣਜੀਤ ਸਿੰਘ ਕਾਲ, ਸਿੱਖ ਰਾਜ ਦਾ ਜ਼ਮਾਨਾ, ਵਰਤਮਾਨ ਕਾਲ ਆਦਿ। ਡਾ. ਗੋਪਾਲ ਸਿੰਘ ਦਰਦੀ (ਪੰਜਾਬੀ ਸਾਹਿਤ ਦਾ ਇਤਿਹਾਸ) ਅਤੇ ਡਾ: ਪਰਮਿੰਦਰ ਸਿੰਘ ਤੇ ਪ੍ਰੋ: ਕਿਰਪਾਲ ਸਿੰਘ ਕਸੇਲ (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ) ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਨ ਲੱਗਿਆਂ ਡਾ. ਮੋਹਨ ਸਿੰਘ ਦੀਵਾਨਾ ਦੀ ਕੀਤੀ ਹੋਈ ਕਾਲ ਵੰਡ ਨੂੰ ਆਧਾਰ ਬਣਾਇਆ ਹੈ। ਮਾਮੂਲੀ ਅੰਤਰ ਨਾਲ ਸਭ ਨੇ ਕਾਲ ਵੰਡ ਇਸ ਪ੍ਰਕਾਰ ਕੀਤੀ ਹੈ ਪੂਰਵ ਨਾਨਕ ਕਾਲ, ਨਾਨਕ ਕਾਲ, ਪਿਛਲੇਰਾ ਮੁਗ਼ਲ ਕਾਲ, ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਕਾਲ ਆਦਿ। ਡਾ. ਰੀਤ ਸਿੰਘ ਸੀਤਲ (ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ) ਨੇ ਕਾਲ ਵੰਡ ਇਸ ਪ੍ਰਕਾਰ ਕੀਤੀ ਹੈ ਪੂਰਵ ਨਾਨਕ ਕਾ;ਲ (1469 ਈ ਤੱਕ) ਨਾਲ ਕਾਲ (1469 ਤੋਂ 1708 ਈ ਤੱਕ), ਉੱਤਰ ਨਾਨਕ ਕਾਲ, (1708 ਈ ਤੋਂ 1850 ਈ ਤੱਕ) ਪਰਿਵਰਤਨ ਕਾਲ (1850 ਈ ਤੋਂ 1900 ਈ ਤੱਕ) ਅਤੇ ਆਧੁਨਿਕ ਕਾਲ।

ਸੋ ਸਪਸ਼ਟ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਨ ਲੱਗਿਆ ਕਿਸੇ ਨੇ ਧਰਮ ਤੇ ਜ਼ੋਰ ਦਿੱਤਾ ਹੈ, ਕਿਸੇ ਨੇ ਰਾਜਨੀਤਕ ਇਤਿਹਾਸ ਤੇ, ਕਿਸੇ ਨੇ ਸਾਹਿਤਕਾਰ ਦੇ ਵਿਅਕਤਿਤਵ ਤੇ ਅਤੇ ਕਿਸੇ ਨੇ ਸਾਹਿਤਕ ਧਾਰਾ ਤੇ।ਇਹ ਠੀਕ ਹੈ ਕਿ ਹਰ ਸਾਹਿਤਕਾਰ ਕੋਲ ਸਾਹਿਤਕ ਇਤਿਹਾਸ ਦੀ ਸਿਰਜਨਾ ਕਰਨ ਸਮੇਂ ਕੋਈ ਵਿਸ਼ੇਸ਼ ਦ੍ਰਿਸ਼ਟੀ ਹੁੰਦੀ ਹੈ, ਕੋਈ ਮਾਡਲ ਹੁੰਦਾ ਹੈ, ਜਿਸ ਦੇ ਮੁਤਾਬਿਕ ਉਹ ਸਾਹਿਤਕ ਸਮਗਰੀ ਦਾ ਵਿਸ਼ਲੇਸ਼ਣ ਕਰਦਾ ਹੈ। ਪਰ ਜਦੋਂ ਸਾਹਿਤਕ ਇਤਿਹਾਸਕਾਰੀ ਦੇ ਮੁੱਢਲੇ ਸਿਧਾਂਤਾਂ ਜਾਂ ਨਿਯਮਾਂ ਤੋਂ ਨਾਵਾਕਿਫ਼ ਹੋਵੇ ਤਾਂ ਉਸ ਦੀ ਰਚਨਾ ਕੋਈ ਇਕ ਪਾਸੜ ਰੁੱਖ ਗ੍ਰਹਿਣ ਕਰ ਲਏਗੀ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੂੰ ਇਤਿਹਾਸਕਾਰੀ ਦੇ ਬੁਨਿਆਦੀ ਤੱਤਾਂ ਦੀ ਪੂਰਨ ਭਾਂਤ ਜਾਣ-ਪਛਾਣ ਹੋਈ ਪ੍ਰਤੀਤ ਹੁੰਦੀ ਹੈ ਇਸ ਲਈ ਮਿਆਰੀ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ ਜਾਣਾ ਅਜੇ ਬਾਕੀ ਹੈ।

## ਪੰਜਾਬੀ ਸਾਹਿਤ ਦੇ ਪ੍ਰਮੁੱਖ ਇਤਿਹਾਸਕਾਰ:

ਇਸ ਭਾਗ ਵਿਚ ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ ਅਤੇ ਡਾ. ਸੁਰਿੰਦਰ ਸਿੰਘ ਕੋਹਲੀ ਚਾਰ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੂੰ ਵਿਚਾਰਿਆ ਜਾਵੇਗਾ।

### 1. ਬਾਵਾ ਬੁੱਧ ਸਿੰਘ

ਬਾਵਾ ਬੁੱਧ ਪੰਜਾਬੀ ਦੇ ਪਹਿਲੇ ਸਾਹਿਤਕਾਰਾਂ ਵਿਚੋਂ ਹੈ ਜਿਸ ਨੇ ਪੰਜਾਬੀ ਸਾਹਿਤ ਦੀ ਖੋਜ ਕੀਤੀ, ਇਸ ਨੂੰ ਪੁਸਤਕ ਰੂਪ ਵਿਚ ਸਾਂਭਿਆ ਅਤੇ ਸਾਹਿਤਕ ਆਲੋਚਨਾ ਲਿਖਣ ਦੀ ਪਿਰਤ ਪਾਈ। ਉਸ ਨੇ ਉਪਲਬਧ ਰਚਨਾਵਾਂ ਨੂੰ ਇਤਿਹਾਸਕ ਕਾਲ ਕ੍ਰਮ ਵਿਚ ਰੱਖ ਕੇ ਪਰਖਣ ਦਾ ਯਤਨ ਕੀਤਾ। ਸਾਹਿਤ ਦੀ ਸਮੁੱਚੀ ਜਾਣਕਾਰੀ ਨੂੰ ਤਿੰਨ ਪੁਸਤਕਾਂ ਰਾਹੀਂ ਪੇਸ਼ ਕੀਤਾ ਹੈ। ਪਹਿਲੀ ਪੁਸਤਕ ਹੰਸ ਚੋਗ (1913 ਈ), ਦੂਜੀ ਕੋਇਲ ਕੂ (1916 ਈ) ਅਤੇ ਤੀਜੀ ਬੰਬੀਹਾ ਬੋਲ (1925 ਈ) ਹੈ। ਹੰਸ ਚੋਗ ਪੁਸਤਕ ਵਿਚ ਗੁਰੂ ਨਾਨਕ ਕਾਲ ਦੇ ਕਵੀਆਂ ਦਾ ਵਿਸਤਾਰ ਦਿੱਤਾ ਹੈ। ਕੁਝ ਇਕ ਕਵੀ ਗੁਰੂ ਨਾਨਕ ਕਾਲ ਤੋਂ ਪਿਛਲੇਰੇ ਦੇ ਵੀ ਇਸ ਵਿਚ ਆ ਗਏ ਹਨ। ਇਸ ਪੁਸਤਕ ਵਿਚ ਪਹਿਲਾਂ ਕਵੀ ਗੁਰੂ ਨਾਨਕ ਹੈ ਅਤੇ ਦੂਜਾ ਸ਼ੇਖ਼ ਫ਼ਰੀਦ ਸਨ। ਮੈਕਾਲਿਫ ਅਤੇ ਡਾ. ਲਾਜਵੰਤੀ ਰਾਮਾ ਕ੍ਰਿਸ਼ਨ (ਪੰਜਾਬੀ ਸੂਫ਼ੀ ਪੋਇਟਸ) ਦੀ ਤਰ੍ਹਾਂ ਬਾਵਾ ਬੁੱਧ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸਲੋਕਾਂ ਨੂੰ ਗੁਰੂ ਨਾਨਕ ਦੇ ਸਮਕਾਲੀ ਸ਼ੇਖ਼ ਫ਼ਰੀਦ ਸਾਨੀ ਦੇ ਸਮਝਦਾ ਸੀ, ਇਸ ਲਈ ਪੰਜਾਬੀ ਸਾਹਿਤ ਦਾ ਮੁੱਢ ਉਸ ਨੇ ਗੁਰੂ ਨਾਨਕ ਕਾਲ ਮੰਨਿਆ ਹੈ। ਇਸ ਪੁਸਤਕ ਦੇ ਹੀ ਪਿੱਛੋਂ ਛਪੇ ਸੰਸਕਰਨਾਂ ਵਿਚ ਉਹ ਇਸ ਰਾਇ ਬਾਰੇ ਦੁਚਿੱਤੀ ਪ੍ਰਗਟ ਕਰਦਾ ਹੈ, ਸ਼ੇਖ਼ ਫ਼ਰੀਦ ਸਾਨੀ ਵਾਲਾ ਅੰਕ ਹੋਰ ਖੋਜ ਦਾ ਲੋੜਵੰਦ ਹੈ। ਅਜੇ ਇਹ ਪੂਰੇ ਤੌਰ ਤੇ ਨਿਸ਼ਚੇ ਨਹੀਂ ਹੋਇਆ ਕਿ ਸ਼ਲੋਕ ਫ਼ਰੀਦ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੇ ਹਨ, ਉਹ ਕਿਸ ਦੇ ਹਨ। ਬਾਬਾ ਸ਼ਕਰਗੰਜ ਦੇ ਜਾਂ ਸ਼ੇਖ਼ ਇਬਰਾਹੀਮ ਜੀ ਦੇ। ਗੁਰੂ ਨਾਨਕ ਤੋਂ ਲੈ ਕੇ ਬਾਬਾ ਵਜੀਦ ਤੱਕ ਦੇ ਸ਼ਾਇਰਾਂ, ਉਨ੍ਹਾਂ ਦੇ ਜੀਵਨ ਤੇ ਰਚਨਾਵਾਂ ਬਾਰੇ ਇਸ ਪੁਸਤਕ ਵਿਚ ਵੇਰਵਾ ਦਿੱਤਾ ਗਿਆ ਹੈ। ਜਿਨ੍ਹਾਂ ਵਿਚੋਂ ਕੁਝ ਪ੍ਰਸਿੱਧ ਇਹ ਹਨ ਗੁਰੂ ਨਾਲ, ਫ਼ਰੀਦ ਸਾਲਹ, ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਛੱਜੂ ਭਗਤ, ਕਾਹਨ ਭਗਤ, ਸ਼ਾਹ ਹੁਸੈਨ, ਜਲਣ ਜੰਟ, ਸੁਥਰਾ ਸ਼ਾਹ, ਭਾਈ ਗੁਰਦਾਸ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ, ਸੱਯਦ ਬੁੱਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ, ਸੁਲਤਾਨ ਬਾਹੂ ਅਤੇ ਬਾਬਾ ਵਜੀਦ। ਪੁਸਤਕ ਦੀ ਉਥਾਲਕਾ ਵਿਚ ਦੋ ਲੇਖ ਦਿੱਤੇ ਹੋਏ ਹਨ। ਇਕ ਵਿਚ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੇ ਮੁੱਢ ਤੇ ਵਿਕਾਸ ਬਾਰੇ ਲਿਖਿਆ ਹੈ ਅਤੇ ਦੂਜੇ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਕੀਤੀ ਹੈ। ਬਾਵਾ ਬੁੱਧ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਤਿੰਨ ਭਾਗਾਂ ਵਿਚ ਵੰਡਦਾ ਹੈ ਪਹਿਲਾ ਪੁਰਾਣਾ ਮੁੱਢ ਇਸ ਵਿਚ ਸਤਾਰ੍ਹਵੀਂ ਸਦੀ ਤੱਕ ਦੇ ਸਾਹਿਤਕਾਰ ਆਉਂਦੇ ਹਨ, ਦੂਜਾ ਵਿਚਕਾਰਲਾ ਸਮਾਂ ਜੋ ਮੁਕਬਲ ਅਰਥਾਤ 18ਵੀਂ ਸਦੀ ਤੋਂ ਆਰੰਭ ਹੋ ਕੇ 19ਵੀਂ ਸਦੀ ਦੇ ਅਖੀਰ ਤੱਕ ਦਾ ਹੈ। ਅਤੇ ਤੀਜਾ ਨਵਾਂ ਜ਼ਮਾਨਾ ਸਾਹਿਤ ਦੇ ਇਤਿਹਾਸ ਦਾ ਇਹ

ਭਾਗ 20ਵੀਂ ਸਦੀ ਤੋਂ ਆਰੰਭ ਹੁੰਦਾ ਹੈ। ਕੋਇਲ ਕੂ ਪੁਸਤਕ ਦੇ ਦੋ ਭਾਗ ਹਨ ਪਹਿਲੇ ਭਾਗ ਵਿਚ ਕਵਿਤਾ ਕੀ ਹੈ ਅਤੇ ਕਵਿਤਾ ਦੇ ਸਿਧਾਂਤ ਆਦਿ ਤੇ ਵਿਚਾਰ ਕੀਤੀ ਹੈ। ਦੂਜੇ ਭਾਗ ਵਿਚ ਹਾਫ਼ਜ਼ ਬਰਖ਼ੁਰਦਾਰ, ਮੁਕਬਲ, ਵਾਰਸ ਸ਼ਾਹ ਅਤੇ ਹਾਮਦ ਆਦਿ ਕਵੀਆਂ ਦੇ ਜੀਵਨ ਤੇ ਰਚਨਾਵਾਂ ਦਿੱਤੀਆਂ ਹਨ। ਬੰਬੀਹਾ ਬੋਲ ਪੁਸਤਕ ਦੇ ਤਿੰਨ ਭਾਗ ਹਨ (1) ਮੁਗ਼ਲਈ ਵੰਡ ਇਸ ਵਿਚ ਦਮੋਦਰ, ਪੀਲੂ ਤੇ ਨਜਾਬਤ ਦੀਆਂ ਰਚਨਾਵਾਂ ਤੇ ਵਿਚਾਰ ਕੀਤੀ ਹੈ। (2) ਖ਼ਾਲਸਾਈ ਵੰਡ ਇਸ ਵਿਚ ਆਗਰਾ, ਹਾਸ਼ਮ, ਕਾਦਰਯਾਰ, ਸ਼ਾਹ ਮੁਹੰਮਦ ਅਤੇ ਕੁਝ ਹੋਰ ਇਨ੍ਹਾਂ ਦੇ ਸਮਕਾਲੀ ਕਵੀ ਦਰਜ ਕੀਤੇ ਹਨ। (3) ਸਿੱਖ ਸ਼੍ਰੇਣੀ ਦੀ ਕਵਿਤਾ ਇਸ ਵਿਚ ਬੀਰ ਸਿੰਘ, ਭਾਈ ਲੱਛੀ ਰਾਮ ਅਤੇ ਕਿਸੇ ਅਗਿਆਤ ਕਵੀ ਤੇ ਮਿੱਠੇ ਦਰਜ ਕੀਤੇ ਹਨ।

ਬਾਵਾ ਬੁੱਧ ਸਿੰਘ ਨੇ ਧਰਮ, ਜਾਤੀ ਭੇਦਭਾਵ ਤੋਂ ਉੱਚਿਆਂ ਉੱਠ ਕੇ ਗੁਰਬਾਣੀ ਅਤੇ ਬਾਕੀ ਦੇ ਪੰਜਾਬੀ ਸਾਹਿਤ ਨੂੰ, ਜਿਸ ਵਿਚ ਸੂਫ਼ੀ ਕਵਿਤਾ, ਰੋਮਾਂਟਿਕ ਕਿੱਸੇ, ਬੀਰ ਰਸੀ ਵਾਰਾਂ ਅਤੇ ਫੁਟਕਲ ਰਚਨਾਵਾਂ ਬਾਹਰ ਹਨ, ਇਕ ਸਮਾਨ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਉਸ ਸਮੇਂ ਪੁਰਾਤਨ ਖ਼ਿਆਲਾਂ ਦੇ ਕਈ ਸਿੱਖ ਸੱਜਣਾਂ ਨੇ ਗੁਰਬਾਣੀ ਨੂੰ ਬਾਕੀ ਸਾਹਿਤ ਦੇ ਤੁੱਲ ਰੱਖਣ ਤੇ ਇੰਦਰਾਜ ਕੀਤਾ ਸੀ ਪਰ ਬਾਵਾ ਬੁੱਧ ਸਿੰਘ ਨੇ ਇਹ ਵਿਚਾਰ ਵਿਅਕਤ ਕੀਤਾ ਕਿ ਗੁਰਬਾਣੀ ਸਮੁੱਚੇ ਸਾਹਿਤ ਦਾ ਇੱਕ ਉਤਕ੍ਰਿਸ਼ਟ ਭਾਗ ਹੈ। ਭਾਸ਼ਾ ਅਤੇ ਸਾਹਿਤ ਦੀ ਉੱਨਤੀ ਲਈ ਇਹ ਜ਼ਰੂਰੀ ਹੈ ਕਿ ਹਰ ਪ੍ਰਕਾਰ ਦੇ ਮਿਲਦੇ ਸਾਹਿਤ ਦਾ ਸਤਿਕਾਰ ਕੀਤਾ ਜਾਵੇ।

ਸਾਹਿਤਕ ਇਤਿਹਾਸਕਾਰ ਦੇ ਨਾਤੇ ਬਾਵਾ ਬੁੱਧ ਸਿੰਘ ਦਾ ਪੰਜਾਬੀ ਸਾਹਿਤਕਾਰਾਂ ਪ੍ਰਤੀ ਰਵੱਈਆ ਬੜਾ ਉਦਾਰਵਾਦੀ ਭਾਵਨਾ ਵਾਲਾ ਰਿਹਾ ਹੈ। ਅਜਿਹਾ ਰਵੱਈਆ ਉਸ ਨੇ ਕਿਉਂ ਅਪਣਾਇਆ, ਇਸ ਦੇ ਦੋ ਕਾਰਨ ਭਲੀਭਾਂਤ ਨਜ਼ਰੀ ਆਉਂਦੇ ਹਨ। ਪਹਿਲਾ ਇਹ ਕਿ ਬਾਵਾ ਬੁੱਧ ਸਿੰਘ ਤੋਂ ਪਹਿਲਾਂ ਪੰਜਾਬੀ ਸਾਹਿਤ ਦੀ ਖੋਜ ਅਤੇ ਸੰਭਾਲ ਦਾ ਕੰਮ ਨਹੀਂ ਸੀ ਹੋਇਆ। ਇਸ ਲਈ ਉਹ ਚਾਹੁੰਦਾ ਸੀ ਕਿ ਪੰਜਾਬੀ ਸਾਹਿਤਕਾਰਾਂ ਨੂੰ ਉਨ੍ਹਾਂ ਦੇ ਪੂਰਨ ਗੁਣਾਂ ਸਮੇਤ ਪੰਜਾਬੀ ਪਾਠਕਾਂ ਸਾਹਮਣੇ ਲਿਆਂਦਾ ਜਾਵੇ। ਇਸ ਮੰਤਵ ਨੂੰ ਮੁੱਖ ਰੱਖਦਿਆਂ ਹੋਇਆ ਉਸ ਨੇ ਸਾਹਿਤਕਾਰ ਦੀ ਪ੍ਰਤੀਭਾ, ਕਲਪਨਾ ਸ਼ਕਤੀ ਅਤੇ ਸਾਹਿਤ ਸਿਰਜਨਾ ਕਲਾ ਦੀ ਪ੍ਰਸ਼ੰਸਾਤਮਕ ਰੁਚੀ ਤੋਂ ਉੱਲੇਖ ਕੀਤਾ ਹੈ। ਦੂਜਾ ਕਾਰਨ ਇਹ ਹੈ ਕਿ 19ਵੀਂ ਸਦੀ ਦੇ ਦੂਜੇ ਅੱਧ ਵਿਚ, ਅੰਗਰੇਜ਼ਾਂ ਦੇ ਆਉਣ ਉਪਰੰਤ, ਈਸਾਈ ਮੱਤ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਸਿੰਘ ਸਭਾ ਲਹਿਰ ਅਤੇ ਆਰੀਆ ਲਹਿਰ ਆਦਿ ਧਾਰਮਿਕ ਲਹਿਰਾਂ ਚੱਲੀਆਂ ਜਿਨ੍ਹਾਂ ਦੇ ਫਲਸਰੂਪ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚਕਾਰ ਧਰਮ, ਭਾਸ਼ਾ ਅਤੇ ਲਿਪੀ ਦੇ ਪੱਖ ਤੋਂ ਨਿਖੇੜ ਆਉਣਾ ਸ਼ੁਰੂ ਹੋ ਗਿਆ। ਉਹ ਲੋਕ ਜੋ ਪਹਿਲੇ ਪੰਜਾਬ ਦੇ ਵਾਸੀ ਅਤੇ ਪੰਜਾਬੀ ਹੋਣ ਦੀ ਹੈਸੀਅਤ ਵਿਚ ਵਿਚਰਦੇ ਸਨ, ਹੁਣ ਧਰਮ ਦੇ ਪ੍ਰਭਾਵ ਹੇਠ ਆ ਏ। ਪੰਜਾਬੀ ਸਾਹਿਤ ਲਈ ਇਹ ਰੁਚੀ ਘਾਤਕ ਸੀ। ਬਾਵਾ ਬੁੱਧ ਸਿੰਘ ਨੇ ਇਸ ਪਾਸੇ ਵੱਲ ਸਿਰ ਤੋੜ ਯਤਨ ਕੀਤੇ। ਪੰਜਾਬੀ, ਪੰਜਾਬ ਵਾਸੀਆਂ ਦੀ ਮਾਤ ਭਾਸ਼ਾ ਹੈ। ਧਰਮ ਦੇ ਵਿਤਕਰੇ ਤਿਆਗ ਕੇ ਪੰਜਾਬੀ ਭਾਸ਼ਾ ਦੀ ਸੇਵਾ ਕਰਨੀ ਚਾਹੀਦੀ ਹ। ਹੰਸ ਚੋਗ ਪੁਸਤਕ ਦੇ ਆਰੰਭ ਵਿਚ ਉਹ ਲਿਖਦਾ ਹੈ, ਜਿੱਥੇ ਹੋਰ ਗੱਲਾਂ ਉੱਤੇ ਤੁਸੀਂ ਜ਼ੋਰ ਦਿੰਦੇ ਹੋ, ਆਪਣੀ ਬੋਲੀ ਦੀ ਉੱਨਤੀ ਤੇ ਵੀ ਦੇਵੋ। ਧਾਰਮਿਕ ਪੱਖਪਾਤ ਨੂੰ ਛੱਡ ਦਿਓ, ਬੋਲੀ ਸਭ ਦੀ ਸਾਂਝੀ ਹੈ। ਜਿਸ ਪੰਜਾਬੀ ਮਾਤਾ ਦਾ ਦੁੱਧ ਪੀਤਾ ਹੈ ਉਸ ਦਾ ਧਰਮ ਹੈ ਕਿ ਆਪਣੀ ਮਾਤਰੀ ਬੋਲੀ ਦੀ ਵੀ ਉੱਨਤੀ ਕਰੇ। ਭਾਸ਼ਾ ਦੀ ਉੱਨਤੀ ਲਈ ਬਾਵਾ ਬੁੱਧ ਸਿੰਘ ਲਿਪੀ ਦੇ ਝਗੜੇ ਨੂੰ ਵੀ ਤਿਆਗ ਦੇਣਾ ਚਾਹੁੰਦਾ ਹੈ। ਉਹ ਲਿਖਦਾ ਹੈ, ਯੂਨੀਵਰਸਿਟੀ ਨੂੰ ਚਾਹੀਦਾ ਹੈ ਕਿ ਪੰਜਾਬੀ ਦੇ ਨਿਰੋਲ ਇਮਤਿਹਾਨ ਥਾਪ ਦੇਵੇ ਅਤੇ ਨਿਰੀਆਂ ਪੰਜਾਬੀ ਦੀਆਂ ਕੋਰਸਾਂ; ਜਿਸ ਵਿਚ ਹਿੰਦੂ, ਮੁਸਲਮਾਨਾਂ, ਸਿੱਖ ਸਭ ਇੱਕੋ ਜਿਹਾ ਹਿੱਸਾ ਲੈ ਸਕਣ, ਮੁਕੱਰਰ ਕਰੇ। ਅੱਖਰਾਂ ਦਾ ਭੇਦ ਉਠਾ ਦਿੱਤਾ ਜਾਵੇ। ਚਾਹੇ ਕੋਈ ਗੁਰਮੁਖੀ ਲਿਖੇ, ਚਾਹੇ ਫ਼ਾਰਸੀ ਅੱਖਰ, ਬੋਲੀ ਪੰਜਾਬੀ ਚਾਹੀਏ। ਸਮੁੱਚੇ ਰੂਪ ਵਿਚ ਬਾਵਾ ਬੁੱਧ ਸਿੰਘ ਨੇ ਸਾਹਿਤ ਦੀ ਖੋਜ, ਸੰਭਾਲ ਅਤੇ ਇਤਿਹਾਸ ਲਿਖਣ ਵਾਲਾ ਪਹਿਲਾ ਪਰ ਮਹੱਤਵਪੂਰਨ ਕਦਮ ਚੁੱਕਿਆ ਹੈ।

## 2. ਡਾ. ਮੋਹਨ ਸਿੰਘ ਦੀਵਾਨਾ

ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਡਾ. ਮੋਹਨ ਸਿੰਘ ਦੀਵਾਨਾ ਦੀਆਂ ਤਿੰਨ ਪੁਸਤਕਾਂ ਉਪਲਬਧ ਹਨ ਭਾਵੇਂ ਉਸ ਨੇ ਸਾਹਿਤ ਦੀ ਖੋਜ, ਸੰਭਾਲ ਅਤੇ ਇਤਿਹਾਸਕਾਰੀ ਸਬੰਧੀ ਹੋਰਨਾਂ ਪੁਸਤਕਾਂ ਵਿਚ ਵੀ ਅਨੇਕ ਹਵਾਲੇ ਦਿੱਤੇ ਹਨ। ਉਸ ਦੀ ਪਹਿਲੀ ਪੁਸਤਕ A History of Panjabi Literature (ਪੰਜਾਬ ਯੂਨੀਵਰਸਿਟੀ ਨੂੰ ਪ੍ਰਸਤੁਤ ਡੀ. ਲਿਟ ਦਾ ਥੀਸਿਸ) 1931 ਈ ਵਿਚ ਪ੍ਰਕਾਸ਼ਿਤ ਹੈ। ਇਸ ਪੁਸਤਕ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਉਸ ਨੇ ਪੂਰਵ ਨਾਲ ਕਾਲ, ਨਾਨਕ ਕਾਲ, ਪਿਛਲੇਰਾ ਮੁਗ਼ਲ ਕਾਲ, ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਕਾਲ ਦੇ ਸਿਰਲੇਖਾਂ ਥੱਲੇ ਵਿਚਾਰਿਆ ਹੈ। ਉਸ ਦੀ ਦੂਜੀ ਪੁਸਤਕ ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼ 1948 ਈ: ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਵਿਚ ਉਸ ਨੇ ਪੁਰਾਣੀ ਨਸਰ ਅਤੇ ਨਜ਼ਮ ਦੇ ਅਨੇਕ ਹੁਣ ਤੱਕ ਅਣਛੋਹੇ ਨਮੂਨੇ ਦਿੱਤੇ ਹਨ। ਪੁਸਤਕ ਦਾ ਇਹ ਪਹਿਲਾ ਭਾਗ ਹੈ। ਇਸ ਵਿਚ 850 ਈ ਤੋਂ ਲੈ ਕੇ 1708 ਈ ਤੱਕ ਦੇ ਪੰਜਾਬੀ ਸਾਹਿਤਕਾਰਾਂ ਨੂੰ ਵਿਚਾਰ ਅਧੀਨ ਲਿਆਉਂਦਾ ਗਿਆ ਹੈ। ਕਾਲ ਵੰਡ ਦੀ ਦਿੰਦੇ ਤੋਂ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਨਾਥ ਜੋਗੀਆਂ ਦਾ ਸਮਾਂ (850 ਈ ਤੋਂ 1450 ਈ ਤੱਕ) ਅਤੇ

*ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ*

ਗੁਰੂ ਨਾਨਕ ਦੇਵ ਜੀ ਦਾ ਅਹਿਦ (1450 ਈ ਤੋਂ 1708 ਈ ਤੱਕ)। ਡਾ. ਦੀਵਾਨਾ ਦੀ ਤੀਜੀ ਪੁਸਤਕ An Introduction to Panjabi Literature 1951 ਈ ਵਿਚ ਪ੍ਰਕਾਸ਼ਿਤ ਹੋਈ। ਇਸੇ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ The Age of Gorakhnath, The Age of Nanak, The Age of Sumarag, The Age of Qadir Yar, the Age of Transition ਦੇ ਸਿਰਲੇਖਾਂ ਅਧੀਨ ਰੱਖ ਕੇ ਪਰਖਿਆ ਗਿਆ ਹੈ।

ਸਪਸ਼ਟ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਨ ਲੱਗਿਆਂ, ਡਾ. ਦੀਵਾਨਾ ਨੇ ਕਿਸੇ ਇਕ ਸਿਧਾਂਤ ਨੂੰ ਮੁੱਖ ਨਹੀਂ ਰੱਖਿਆ। ਇਸ ਪੁਸਤਕ ਵਿਚ ਡਾ. ਦੀਵਾਨਾ ਨੇ ਪੰਜਾਬੀ ਸਾਹਿਤ ਨਾਲ ਸੰਬੰਧਿਤ ਕਈ ਪੱਖਾਂ ਜਿਵੇਂ ਪੰਜਾਬੀ ਭਾਸ਼ਾ ਦੀ ਸਮਰੱਥਾ, ਪੰਜਾਬੀ ਲੋਕ-ਗੀਤਾਂ ਵਿਚ ਇਸਤਰੀ, ਪੰਜਾਬੀ ਕਾਵਿਧਾਰਾ ਵਿਚ ਭਗਵਦ ਗੀਤਾ, ਪੰਜਾਬੀ ਦਾ ਕ੍ਰਿਸ਼ਨ ਕਾਵਿਧਾਰਾ, ਸਾਹਿਤ ਵਿਚ ਲੋਕ ਨਾਇਕ ਅਤੇ ਲੋਕ ਵਿਸ਼ਵਾਸ, ਆਦਰ ਸਿੱਖ ਰਾਜ, ਪੱਛਮੀ ਪ੍ਰਭਾਵ ਅਤੇ ਸਾਡਾ ਪ੍ਰਤੀਕਰਮ, ਪੂਰਬ ਦੇ ਨਾਵਲਕਾਰਾਂ ਦਾ ਦ੍ਰਿਸ਼ਟੀਕੋਣ, ਨਿੱਕੀ ਹੁਨਰੀ ਕਹਾਣੀ ਅਤੇ ਕਿਰਤੀ ਕਿਸਾਨ ਲਹਿਰ ਨੂੰ ਪਹਿਲੀ ਵਾਰ ਵਿਚਾਰਨ ਦਾ ਯਤਨ ਕੀਤਾ ਹੈ। ਇਨ੍ਹਾਂ ਪੁਸਤਕਾਂ ਤੋਂ ਛੁੱਟ ਡਾ. ਦੀਵਾਨਾ ਦੀਆਂ ਕੁਝ ਹੋਰ ਰਚਨਾਵਾਂ ਹਨ, ਜਿਵੇਂ ਸੂਫ਼ੀਆਂ ਦਾ ਕਲਾਮ, ਕਲਾਮ ਸ਼ਾਹ ਹੁਸੈਨ, ਕਾਫ਼ੀਆਂ ਬੁੱਲ੍ਹੇ ਸ਼ਾਹ, ਹੀਰ ਵਾਰਸ ਸ਼ਾਹ, ਪੰਜਾਬੀ ਭਗਤੀ ਕਾਵਿਧਾਰਾ ਅਤੇ ਆਧੁਨਿਕ ਪੰਜਾਬੀ ਕਵਿਤਾ, ਜਿਨ੍ਹਾਂ ਵਿਚ ਉਸ ਨੇ ਵਿਸ਼ੇਸ਼ ਤੌਰ ਤੇ ਮੱਧਕਾਲੀ ਪੰਜਾਬੀ ਸ਼ਾਇਰਾਂ ਦੇ ਜੀਵਨ ਤੇ ਰਚਨਾਵਾਂ ਨੂੰ ਵਿਸਥਾਰ ਪੂਰਵਕ ਪੂਰਬ ਕੀਤਾ ਹੈ। ਹੁਣ ਤੱਕ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਪੰਜਾਬੀ ਸਾਹਿਤ ਦੀ ਖੋਜ ਬਾਰੇ ਜਿੰਨਾ ਕਾਰਜ ਹੋਇਆ ਹੈ, ਉਸ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਸਭ ਤੋਂ ਵਧੇਰੇ ਹੱਥ ਹੈ। ਡਾ. ਦੀਵਾਨਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਹਿਲਾ ਵਿਅਕਤੀ ਹੈ ਜਿਸ ਨੇ ਨਿਸ਼ਚਿਤ ਰੂਪ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ ਹੈ, ਇਤਿਹਾਸਕਾਰੀ ਦੀ ਪਿਰਤ ਪਾਈ ਹੈ ਅਤੇ ਆਉਣ ਵਾਲੇ ਸਾਹਿਤਕ ਇਤਿਹਾਸਕਾਰਾਂ ਨੂੰ ਅਗਵਾਈ ਅਤੇ ਪ੍ਰੇਰਨਾ ਦਿੱਤੀ ਹੈ।

ਜਿੱਥੋਂ ਤੱਕ ਡਾ. ਦੀਵਾਨਾ ਦੀ ਇਤਿਹਾਸਕਾਰੀ ਦਾ ਮਸਲਾ ਹੈ, ਇਸ ਬਾਰੇ ਦੋ ਤਿੰਨ ਗੱਲਾਂ ਵਿਸ਼ਵਾਸ ਨਾਲ ਕਹੀਆਂ ਜਾ ਸਕਦੀਆਂ ਹਨ। ਡਾ. ਮੋਹਨ ਸਿੰਘ ਦੀਵਾਨਾ ਪਹਿਲਾ ਵਿਦਵਾਨ ਹੈ ਜਿਸ ਨੇ ਪੁਰਾਤਨ ਸਾਹਿਤ ਦੀ ਵਿਗਿਆਨਕ ਲੀਹਾਂ ਤੇ ਖੋਜ ਕੀਤੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਸ ਨੇ ਅਨੇਕਾਂ ਖਰੜਿਆਂ ਦੇ ਬਕਾਇਦਾ ਹਵਾਲੇ ਦਿੱਤੇ ਹਨ, ਇਸ ਲਈ ਇਹ ਤੱਥ ਮਹੱਤਵਪੂਰਨ ਹੈ ਕਿ ਉਸ ਨੇ ਕਾਫ਼ੀ ਹੱਦ ਤੱਕ ਸਾਹਿਤ ਦੇ ਇਤਿਹਾਸ ਨੂੰ ਖਰੜਿਆਂ ਉੱਪਰ ਆਧਾਰਤ ਕੀਤਾ ਹੈ। ਹੱਥ-ਲਿਖਤਾਂ ਅਤੇ ਹੋਰ ਵਸੀਲਿਆਂ ਦੀ ਵਰਤੋਂ ਰਾਹੀਂ ਉਸ ਨੇ ਸਾਹਿਤਕਾਰਾਂ ਦੇ ਪੁਸ਼ਟੀ ਲਈ ਦਲੀਲਾਂ ਦਿੱਤੀਆਂ ਹਨ। ਕਈ ਰਚਨਾਵਾਂ ਦੇ ਕਰਤਾ ਬਾਰੇ ਨਿਰਨੇ ਦਿੱਤੇ ਹਨ। ਡਾ. ਮੋਹਨ ਸਿੰਘ ਦੀਵਾਨਾ ਦੇ ਯਤਨ ਇਸ ਪੱਖੋਂ ਸਾਰਥਿਕ ਅਤੇ ਉੱਭਰਵੇਂ ਹਨ ਕਿ ਉਸ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੰਜਾਬੀ ਦੇ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਲੋਕ ਜੀਵਨ ਨਾਲ ਜੋੜ ਕੇ ਵੇਖਣ ਤੇ ਨਿਰੀਖਣ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੇ ਖ਼ਿਆਲ ਅਨੁਸਾਰ ਸਾਹਿਤ ਕੇਵਲ ਇੰਦ੍ਰਿਆਵੀ ਪਹੁੰਚ ਤੋਂ ਉਚੇਰਾ ਅਨੁਭਵ ਅਤੀਤ ਵਾਲਾ ਹੀ ਨਹੀਂ ਹੁੰਦਾ, ਇਹ ਲੋਕ ਜੀਵਨ ਵਿਚ ਰਚਿਆ-ਮਿਚਿਆ ਧਰਤੀ ਦੀ ਛੂਹ ਵਾਲਾ ਵੀ ਹੁੰਦਾ ਹੈ। ਡਾ. ਦੀਵਾਨਾ ਦੀ ਸਾਹਿਤਕ ਇਤਿਹਾਸਕਾਰੀ ਦਾ ਇਹ ਇਕ ਮਹੱਤਵਪੂਰਨ ਨੁਕਤਾ ਹੈ ਜਿਹੜਾ ਉਸ ਨੂੰ ਬਾਵਾ ਬੁੱਧ ਸਿੰਘ ਨਾਲੋਂ ਨਿਖੇੜਦਾ ਹੈ। ਇਸ ਵਿਚਾਰ ਦੀ ਪੁਸ਼ਟੀ ਵਜੋਂ ਡਾ. ਦੀਵਾਨਾ ਦੀ ਪੁਸਤਕ A History of Panjabi Literature ਦੇ ਪਹਿਲੇ ਅਧਿਆਇ ਦਾ ਪਹਿਲਾ ਪੈਰਾ ਵਰਣਨ ਯੋਗ ਹੈ:

> A People is composed of individuals, and individuals are aggregates of hopes and fears. The stronger and acuter their fears and hopes, the finer and more virile is their literature, which voices the best in them in their own colours and rhythms and patterns a little heightened and accentuated and made more complex. No nation can rise in literature much above its own actual level in life.

ਡਾ. ਦੀਵਾਨਾ ਨੇ ਪਹਿਲੀ ਵਾਰ ਨੇਮਬੱਧ ਢੰਗ ਨਾਲ ਕਾਲ ਕ੍ਰਮ ਅਨੁਸਾਰ ਰਚਨਾਵਾਂ ਨੂੰ, ਸਾਹਿਤਕ ਅਤੇ ਸਮਾਜਕ ਪਰਿਸਥਿਤੀਆਂ ਤੇ ਆਧਾਰਤ, ਸਜੀਵ ਰੂਪ ਵਿਚ ਲੜੀ ਬੱਧ ਕੀਤਾ ਹੈ। ਇਹ ਰਚਨਾਵਾਂ ਅਧਿਕਤਰ ਰਣਜੀਤ ਸਿੰਘ ਕਾਲ ਜਾਂ 19ਵੀਂ ਸਦੀ ਦੇ ਦੂਜੇ ਅੱਧ ਤੱਕ ਦੀਆਂ ਹਨ। ਡਾ. ਦੀਵਾਨਾ ਨੇ ਆਧੁਨਿਕ ਪੰਜਾਬੀ ਸਾਹਿਤ ਉੱਪਰ ਵਿਸਥਾਰ ਪੂਰਵਕ ਨਹੀਂ ਲਿਖਿਆ। ਡਾ. ਮੋਹਨ ਸਿੰਘ ਦੀਵਾਨਾ ਕੇਵਲ ਪੰਜਾਬੀ ਸਾਹਿਤ ਦਾ ਇਤਿਹਾਸਕਾਰ ਜਾਂ ਖੋਜਕਾਰ ਹੀ ਨਹੀਂ, ਉਹ ਇਕ ਆਲੋਚਕ ਵੀ ਹੈ। ਸਾਹਿਤਕ ਇਤਿਹਾਸਕਾਰੀ ਦੇ ਨਾਲ ਨਾਲ ਉਸ ਨੇ ਮੱਧਕਾਲੀ ਪੰਜਾਬੀ ਸਾਹਿਤ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਵੀ ਕੀਤਾ ਹੈ। ਆਲੋਚਨਾ ਦੇ ਖੇਤਰ ਵਿਚ ਡਾ. ਦੀਵਾਨਾ ਦੀ ਦ੍ਰਿਸ਼ਟੀ ਵਧੇਰੇ ਨਿੱਜੀ, ਸਵੈ-ਵਿਸ਼ਵਾਸ ਅਤੇ ਸਵੈਮਾਨ ਵਾਲੀ ਹੈ। ਆਲੋਚਨਾ ਕਰਦਿਆਂ ਹੋਇਆ ਉਸ ਨੂੰ ਆਪਣੀ ਵੱਡਿਤੱਣ ਦਾ ਅਹਿਸਾਸ ਬਣਿਆ

ਰਹਿੰਦਾ ਹੈ। ਇਸ ਲਈ ਕਈ ਸਾਹਿਤਕਾਰ ਉਸ ਦੀ ਆਲੋਚਨਾ ਦ੍ਰਿਸ਼ਟੀ ਨਾਲ ਸਹਿਮਤ ਨਹੀਂ ਹੁੰਦੇ ਅਤੇ ਉਸ ਦੀ ਪਰਖ ਨੂੰ ਉਲਾਰ ਜਾਂ ਇਕ ਪਾਸੜ ਸਮਝਦੇ ਹਨ।ਸਮੁੱਚੇ ਰੂਪ ਵਿਚ ਡਾ. ਦੀਵਾਨਾ ਦੀ ਸਾਹਿਤਕ ਖੋਜ ਅਤੇ ਸਾਹਿਤਕ ਇਤਿਹਾਸਕਾਰੀ ਪ੍ਰਤੀ ਨਿੱਗਰ ਦੇਣ ਹੈ।

## 3. ਡਾ. ਗੋਪਾਲ ਸਿੰਘ ਦਰਦੀ

ਡਾ. ਗੋਪਾਲ ਸਿੰਘ ਦਰਦੀ ਦਾ ਲਿਖਿਆ ਹੋਇਆ ਪੰਜਾਬੀ ਸਾਹਿਤ ਦਾ ਇਤਿਹਾਸ ਪਹਿਲੀ ਵਾਰ 1943 ਈ ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਪਹਿਲਾਂ ਡਾ. ਦਰਦੀ ਪੰਜਾਬੀ ਸਾਹਿਤ ਵਿਚ ਨਵੇਂ ਝੁਕਾਅ ਦੇ ਵਿਸ਼ੇ ਤੇ ਥੀਸਿਸ ਲਿਖ ਕੇ ਤਿੰਨ ਪੁਸਤਕ ਰੋਮਾਂਟਿਕ ਪੰਜਾਬੀ ਕਵੀ, ਸਾਹਿਤ ਦੀ ਪਰਖ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ ਪ੍ਰਕਾਸ਼ਿਤ ਕਰਵਾ ਚੁੱਕਿਆ ਸੀ। ਡਾ. ਦਰਦੀ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਪੁਸਤਕ ਦੀ ਭੂਮਿਕਾ ਵਿਚ ਇਹ ਸਪਸ਼ਟ ਕੀਤਾ ਹੈ ਕਿ ਉਸ ਨੇ ਸਾਹਿਤ ਦੀ ਪਰਖ ਕਰਨ ਲੱਗਿਆਂ ਕਾਫ਼ੀ ਹੱਦ ਤੱਕ ਪੱਛਮੀ ਸਾਹਿਤ ਦੇ ਪਾਰਖੂਆਂ ਦੇ ਬੱਧੇ ਨਿਯਮਾਂ ਤੋਂ ਪ੍ਰੇਰਨਾ ਲਈ ਹੈ। ਦੂਜੀ ਗੱਲ, ਕਿ ਡਾ. ਦਰਦੀ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਅਤੇ ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਲੀਹਾਂ: ਪਾ ਚੁੱਕੇ ਸਨ, ਇਸ ਲਈ ਉਸ ਨੇ ਇਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਤੋਂ ਵੀ ਲਾਭ ਉਠਾਇਆ ਹੈ। ਸਮੁੱਚੇ ਰੂਪ ਵਿਚ ਦਰਦੀ ਦਾ ਇਤਿਹਾਸ ਡਾ. ਦੀਵਾਨਾ ਦੇ ਇਤਿਹਾਸ ਦੇ ਪੈਟਰਨ ਤੇ ਚਲਦਾ ਹੈ। ਡਾ. ਦੀਵਾਨਾ ਦੀ ਤਰ੍ਹਾਂ ਡਾ. ਦਰਦੀ ਵੀ ਪੰਜਾਬੀ ਸਾਹਿਤ ਦਾ ਆਰੰਭ 8ਵੀਂ, 9ਵੀਂ ਸਦੀ ਤੋਂ ਨਾਥਾਂ ਜੋਗੀਆਂ ਦੀ ਕਵਿਤਾ ਨਾਲ ਕਰਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਉਸ ਨੇ ਇਸ ਪ੍ਰਕਾਰ ਕੀਤੀ ਹੈ :

ਮੁੱਢਲਾ ਸਮਾਂ (800 ਈ ਤੋਂ 1450 ਈ)

ਗੁਰੂ ਸਾਹਿਬਾਨ ਦਾ ਜ਼ਮਾਨਾ (ਮੁਗ਼ਲਈ ਕਾਲ), (1450 ਈ ਤੋਂ 1700 ਈ ਤੱਕ)

ਪਿਛਲਾ ਮੁਗ਼ਲਈ ਕਾਲ (1700 ਈ ਤੋਂ 1800 ਈ ਤੱਕ)

ਸਿੱਖ ਰਾਜ ਦਾ ਸਮਾਂ (1800 ਈ ਤੋਂ 1860 ਈ ਤੱਕ)

ਅੰਗਰੇਜ਼ੀ ਰਾਜ ਦਾ ਸਮਾਂ (1860 ਈ ਤੋਂ 1947 ਤੱਕ)

ਮੁੱਢਲੇ ਸਮੇਂ ਵਿਚ ਨਾਥ ਜੋਗੀਆਂ ਦੀ ਕਵਿਤਾ, ਬੀਰ ਕਾਵਿਧਾਰਾ (ਵਾਰ ਸਾਹਿਤ), ਲੋਕ ਕਾਵਿਧਾਰਾ ਅਤੇ ਕੁਝ ਫੁਟਕਲ ਸਾਹਿਤਕਾਰਾਂ (ਅਮੀਰ ਖੁਸਰੋ, ਮਸਊਦ, ਚਾਂਦ ਬਰਦਾਈ, ਕਬੀਰ ਤੇ ਫ਼ਰੀਦ ਸ਼ੱਕਰ ਗੰਜ ਫ਼ਰੀਦ ਸ਼ਕਰਗੰਜ ਦੇ ਨਸੀਹਤਨਾਮੇ ਅਤੇ ਸਲੋਕ ਜੋ ਹੱਥ ਲਿਖੇ ਮਿਲਦੇ ਹਨ) ਤੇ ਵਿਚਾਰ ਕੀਤੀ ਹੈ। ਗੁਰੂ ਸਾਹਿਬਾਨ ਦੇ ਜ਼ਮਾਨੇ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਸੂਫ਼ੀ ਸਾਹਿਤ ਅਤੇ ਸਿੱਖ ਕਵਿਤਾ ਦਾ ਜ਼ਿਕਰ ਹੈ; ਦੂਜੇ ਭਾਗ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ ਤੀਜੇ ਵਿਚ ਸੂਫ਼ੀ ਭਗਤੀ ਰਸ ਦੀ ਕਵਿਤਾ, ਰੋਮਾਂਟਿਕ ਤੇ ਹਾਸਰਸੀ ਕਵਿਤਾ ਅਤੇ ਚੌਥੇ ਭਾਗ ਵਿਚ ਵਾਰਤਕ ਰਚਨਾਵਾਂ ਦਾ ਉੱਲੇਖ ਕੀਤਾ ਹੈ। ਪਿਛਲਾ ਮੁਗ਼ਲਈ ਕਾਲ ਦੇ ਦੋ ਕਾਂਡ ਕਵਿਤਾ ਅਤੇ ਵਾਰਤਕ ਦੇ ਬਣਾਏ ਹਨ। ਇਕ ਕਾਲ ਸਿੱਖ ਰਾਜ ਦੇ ਸਮੇਂ ਦਾ ਅਤੇ ਤਿੰਨ ਅੰਗਰੇਜ਼ੀ ਰਾਜ ਦੇ ਜ਼ਮਾਨੇ ਦੇ (ਪਹਿਲਾ-ਕਵਿਤਾ, ਦੂਜਾ ਵਾਰਤਕ ਅਤੇ ਤੀਜਾ-ਜੀਵਨੀ, ਸਫ਼ਰਨਾਮਾ ਆਦਿ) ਬਣਾਏ ਹਨ। ਬਾਵਾ ਬੁੱਧ ਸਿੰਘ ਦੀ ਤਰ੍ਹਾਂ ਡਾ. ਦਰਦੀ ਵੀ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਲੱਗਿਆਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਫ਼ਰੀਦ ਦੇ ਸਲੋਕਾਂ ਨੂੰ ਸ਼ੇਖ਼ ਫ਼ਰੀਦ ਸਾਨੀ ਦੇ ਮੰਨਦਾ ਹੈ। ਬਾਬਾ ਫ਼ਰੀਦ ਸ਼ਕਰਗੰਜ ਦੀ ਰਚਨਾ ਬਾਰੇ ਵਿਦਵਾਨਾਂ ਵੱਲੋਂ ਹੱਕ ਵਿਚ ਅਤੇ ਵਿਰੋਧ ਵਿਚ ਦਿੱਤੇ ਗਏ ਵਿਚਾਰਾਂ ਤੇ ਬਹਿਸ ਕਰਨ ਉਪਰੰਤ ਡਾ. ਦਰਦੀ ਇਸ ਨਤੀਜੇ ਤੇ ਪੁੱਜਦਾ ਹੈ।

"ਸਾਡੀ ਰਾਇ ਇਹ ਹੈ ਕਿ ਬੋਲੀ ਦਾ ਠੁੱਕ ਬਾਰ੍ਹਵੀਂ ਸਦੀ ਈਸਵੀ ਵਿਚ ਏਨਾ ਨਹੀਂ ਬੱਝ ਸਕਦਾ, ਜਿੰਨਾ ਫ਼ਰੀਦ ਦੀ ਪਰਵਾਨ ਬਾਣੀ ਵਿਚੋਂ ਝਲਕਦਾ ਹੈ। ਇਸ ਵੇਲੇ ਦੀ ਕੋਈ ਹੋਰ ਲਹਿੰਦੀ ਦੀ ਲਿਖਤ ਸਾਡੇ ਪਾਸ ਮੌਜੂਦ ਨਹੀਂ, ਜਿਸ ਨਾਲ ਬਾਬਾ ਫ਼ਰੀਦ ਦੀ ਬੋਲੀ ਦਾ ਟਾਕਰਾ ਕਰਕੇ ਇਹਨਾਂ ਸਲੋਕਾਂ ਨੂੰ ਬਾਰ੍ਹਵੀਂ ਸਦੀ ਦੀ ਘਾੜਤ ਮੰਨਿਆ ਜਾ ਸਕੇ। ਹਾਂ, ਇਸ ਬੋਲੀ ਦਾ ਟਾਕਰਾ ਗੁਰੂ ਗ੍ਰੰਥ ਸਾਹਿਬ ਜੀਤੇ ਜਨਮ ਸਾਖੀਆਂ ਦੀ ਬੋਲੀ ਨਾਲ ਕੀਤਾ ਜਾ ਸਕਦਾ ਹੈ। (ਜੋ ਸੋਲ੍ਹਵੀਂ ਸਦੀ ਦੀ ਕਿਰਤ ਹਨ) ਤੇ ਇਸ ਰਚਨਾ ਨਾਲ ਫ਼ਰੀਦ ਦੀ ਬੋਲੀ ਦੀ ਸਾਂਝ ਪ੍ਰਤੱਖ ਨਜ਼ਰ ਆਉਂਦੀ ਹੈ। ਇਸ ਲਈ ਸਾਡੀ ਜਾਚੇ ਇਹ ਸਲੋਕ ਫ਼ਰੀਦ ਦੂਜੇ ਦੇ ਹਨ।"

ਡਾ. ਦੀਵਾਨਾ ਦੀ ਤਰ੍ਹਾਂ ਡਾ. ਦਰਦੀ ਨੇ ਵੀ ਆਧੁਨਿਕ ਪੰਜਾਬੀ ਸਾਹਿਤ ਤੇ ਵਿਸਥਾਰ ਪੂਰਵਕ ਨਹੀਂ ਲਿਖਿਆ। ਸਾਰੀ ਪੁਸਤਕ ਵਿਚ ਗੁਰੂ ਕਾਲ ਦੇ ਇਤਿਹਾਸ ਨੂੰ ਵਿਸਾਰਿਆ ਗਿਆ ਹੈ।ਇਤਿਹਾਸਕਾਰੀ ਦੇ ਦ੍ਰਿਸ਼ਟੀਕੋਣ ਤੋਂ ਡਾ. ਦਰਦੀ ਕੋਈ ਨਵਾਂ ਮਾਡਲ ਨਹੀਂ ਸਿਰਜਦਾ।

*ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ*

ਪੰਜਾਬੀ ਜ਼ਬਾਨ ਵਿਚ ਲਿਖਿਆ ਹੋਇਆ ਇਹ ਸਭ ਤੋਂ ਪਹਿਲਾ ਇਤਿਹਾਸ ਹੈ, ਇਸ ਲਈ ਮੁੱਢਲੀਆਂ ਕਈ ਊਣਤਾਈਆਂ ਦੇ ਬਾਵਜੂਦ ਇਸ ਦੀ ਮਹੱਤਤਾ ਹੈ।

## 4. ਡਾ. ਸੁਰਿੰਦਰ ਸਿੰਘ ਕੋਹਲੀ

ਡਾ. ਦਰਦੀ ਦਾ ਇਤਿਹਾਸ ਛਪਣ ਤੋਂ ਛੇਤੀ ਪਿੱਛੋਂ ਹੀ ਜੂਨ 1943 ਈ ਵਿਚ ਡਾ. ਕੋਹਲੀ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਪ੍ਰਕਾਸ਼ਿਤ ਕਰਵਾਇਆ। ਇਸ ਇਤਿਹਾਸ ਵਿਚ ਵੀ ਸਾਹਿਤਕਾਰ ਅਤੇ ਉਨ੍ਹਾਂ ਦੀਆਂ ਰਚਨਾਵਾਂ ਤੇ ਵਿਚਾਰ ਕਰਨ ਦੀ ਕਿਸੇ ਨਿਵੇਕਲੀ ਵਿਧੀ ਨੂੰ ਨਹੀਂ ਅਪਣਾਇਆ ਗਿਆ, ਪਰ ਇਸ ਇਤਿਹਾਸ ਵਿਚ ਸਮੁੱਚੀ ਸਮਗਰੀ ਦੀ ਪੇਸ਼ਕਾਰੀ ਦੀ ਵਿਉਂਤ ਵੱਖਰੀ ਭਾਂਤ ਦੀ ਹੈ। ਡਾ. ਕੋਹਲੀ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਪਹਿਲੇ ਇਤਿਹਾਸਕਾਰਾਂ ਦੀ ਨਿਆਈਂ ਨਹੀਂ ਕੀਤੀ। ਇਸ ਇਤਿਹਾਸ ਦੇ ਮੁੱਢ ਵਿਚ ਪੰਜਾਬੀ ਬੋਲੀ ਅਤੇ ਲੋਕ-ਕਾਵਿਧਾਰਾ ਤੇ ਵਿਚਾਰ ਕਰਨ ਉਪਰੰਤ ਪੰਦ੍ਰਵੀਂ ਸਦੀ ਤੱਕ ਦੇ ਸਾਹਿਤ ਨੂੰ ਦੋ ਕਾਂਡਾਂ ਵਿਚ ਬਿਆਨ ਕੀਤਾ ਹੈ। ਪਹਿਲੇ ਕਾਂਡ ਵਿਚ ਬਾਬਾ ਫ਼ਰੀਦ, ਅਮੀਰ ਖ਼ੁਸਰੋ, ਅਤੇ ਵਾਰ ਕਾਵਿਧਾਰਾ ਦਾ ਜ਼ਿਕਰ ਹੈ ਅਤੇ ਦੂਜੇ ਕਾਂਡ ਵਿਚ ਨਾਥਾਂ ਜੋਗੀਆਂ ਦੀ ਕਵਿਤਾ ਦਾ ਵੇਰਵਾ ਹੈ। ਇਸ ਪਿੱਛੋਂ ਕਾਲ ਵੰਡ ਦਾ ਧਿਆਨ ਕੀਤੇ ਬਗੈਰ ਸਿੱਖ ਰਾਜ ਤੱਕ ਦੇ ਮੈਂ ਦਾ ਸਾਹਿਤਕ ਧਾਰਾਵਾਂ ਦੇ ਰੂਪ ਵਿਚ ਅਧਿਐਨ ਕੀਤਾ ਗਿਆ ਹੈ। ਗੁਰਮਤਿ ਸਾਹਿਤ ਦੇ ਚਾਰ ਕਾਂਡ ਬਣਾਏ ਹਨ ਇਕ ਵਾਰਤਕ ਦਾ ਅਤੇ ਤਿੰਨ ਕਵਿਤਾ ਦੇ। ਇਨ੍ਹਾਂ ਕਾਂਡਾਂ ਤੋਂ ਪਹਿਲੇ ਕਬੀਰ ਅਤੇ ਫ਼ਰੀਦ ਸਾਨੀ ਦੀਆਂ ਰਚਨਾਵਾਂ ਦੀ ਵਿਆਖਿਆ ਕੀਤੀ ਹੈ ਅਤੇ ਇਨ੍ਹਾਂ ਕਾਂਡਾਂ ਤੋਂ ਪਿੱਛੋਂ ਨਿਰਮਲੇ ਸਾਧੂ, ਸੂਫ਼ੀ ਕਵੀ, ਬਿਆਨੀਆ ਕਵਿਤਾ (ਜਿਸ ਵਿਚ ਵਾਰਾਂ ਅਤੇ ਕਿੱਸੇ ਸ਼ਾਮਿਲ ਹਨ) ਆਦਿ ਦਾ ਉੱਲੇਖ ਕੀਤਾ ਹੈ। ਇਕ ਕਾਂਡ ਵਿਚ ਸਿੱਖ ਰਾਜ ਦੀ ਕਿੱਸਾ ਕਵੀਆਂ ਦਾ ਵੇਰਵਾ ਦਿੱਤਾ ਹੈ ਅਤੇ ਇਸ ਪਿੱਛੋਂ ਨਵੀਨ ਸਾਹਿਤ ਨਾਵਲ, ਨਾਟਕ, ਕਹਾਣੀ, ਕਵਿਤਾ ਆਦਿ ਨੂੰ ਵਿਚਾਰਿਆ ਹੈ। ਇਸ ਪ੍ਰਕਾਰ ਡਾ. ਕੋਹਲੀ ਦੇ ਇਤਿਹਾਸ ਵਿਚ ਕਾਲ ਵੰਡ, ਕਾਲ ਖੰਡਾਂ ਵਿਚ ਵੀ ਚਲਦੀ ਹੈ ਅਤੇ ਸਾਹਿਤ ਧਾਰਾਵਾਂ ਵਿਚ ਵੀ ਹੈ। ਡਾ. ਕੋਹਲੀ ਦੇ ਲਿਖੇ ਗਏ ਇਤਿਹਾਸ ਵਿਚ ਇਕ ਵਾਧਾ ਇਹ ਹੋਇਆ ਹੈ ਕਿ ਨਿਰਮਲੇ ਸਾਧੂਆਂ ਅਤੇ ਉਨ੍ਹਾਂ ਦੀ ਸੰਪਰਦਾਇ ਦਾ ਭਰਪੂਰ ਜ਼ਿਕਰ ਪਹਿਲੀ ਵਾਰ ਇਸ ਇਤਿਹਾਸ ਵਿਚ ਆਇਆ ਹੈ। ਡਾ. ਦੀਵਾਨਾ ਦੀ ਤਰ੍ਹਾਂ ਕੋਹਲੀ ਨੇ ਵੀ ਇਸ ਇਤਿਹਾਸ ਵਿਚ ਕਈ ਪੁਰਾਤਨ ਹੱਥ-ਲਿਖਤਾਂ ਦੇ ਹਵਾਲੇ ਦਿੱਤੇ ਹਨ। ਇਹਨਾਂ ਸਾਹਿਤਕਾਰਾਂ ਦਾ ਮੁੱਢਲਾ ਲਗਾਓ ਗੁਰਬਾਣੀ ਸਿੱਖ ਧਰਮ ਅਤੇ ਦਰਸ਼ਨ ਨਾਲ ਰਿਹਾ ਹੈ। ਇਸ ਲਈ ਇਨ੍ਹਾਂ ਦੋਹਾਂ ਦੇ ਇਤਿਹਾਸ ਵਿਚ ਗੁਰੂ ਕਾਲ ਦੀ ਕਵਿਤਾ ਅਤੇ ਵਿਸ਼ੇਸ਼ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮਿਲਤ ਗੁਰੂ ਭਗਤਾਂ ਦੀ ਬਾਣੀ ਦਾ ਵਿਸਥਾਰਪੂਰਵਕ ਅਧਿਐਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸਲੋਕ ਤੇ ਸ਼ਬਦ ਬਾਬਾ ਫ਼ਰੀਦ ਸ਼ਕਰਗੰਜ ਦੇ ਹਨ ਜਾਂ ਕਿਸੇ ਹੋਰ ਦੇ, ਇਸ ਬਾਰੇ ਡਾ. ਕੋਹਲੀ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਦੁਚਿੱਤੀ ਪ੍ਰਗਟ ਕੀਤੀ ਹੈ। ਡਾ. ਕੋਹਲੀ ਦਾ ਵਿਚਾਰ ਹੈ ਕਿ ਲਹਿੰਦੀ ਭਾਸ਼ਾ ਦੇ ਝੁਕਾਅ ਵਾਲੇ ਸਲੋਕ ਬਾਬਾ ਫ਼ਰੀਦ ਦੇ ਹਨ ਅਤੇ ਸੰਤ ਭਾਸ਼ਾ ਵਾਲੇ ਫ਼ਰੀਦ ਸਾਨੀ ਦੇ। ਡਾ. ਕੋਹਲੀ ਲਿਖਦਾ ਹੈ, ਫ਼ਰੀਦ ਸ਼ਕਰਗੰਜ ਦੀ ਬੋਲੀ ਨਿਰੋਲ ਲਹਿੰਦੀ ਹੈ। ਫ਼ਾਰਸੀ ਦਾ ਵੀ ਕਿਤੇ-ਕਿਤੇ ਰਲਾਓ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫ਼ਰੀਦ ਦੇ ਨਾਂ ਹੇਠ ਆਈ ਬਾਣੀ ਨਾ ਹੀ ਸਾਰੀ ਰੀਤ ਸ਼ਕਰਗੰਜ ਦੀ ਹੋ ਸਕਦੀ ਹੈ ਤੇ ਨਾ ਹੀ ਫ਼ਰੀਦ ਸਾਨੀ ਦੀ। ਇਹ ਵੀ ਸੰਭਵ ਹੈ ਕਿ ਫ਼ਰੀਦ ਦੇ ਨਾਂ ਹੇਠ ਕਈ ਫ਼ਰੀਦਾ ਦੀ ਬਾਣੀ ਹੋਵੇ ਜਿਵੇਂ ਨਾਨਕ ਦੇ ਨਾਂ ਹੇਠ ਗੁਰੂ ਸਾਹਿਬਾਨ ਦੀ ਬਾਣੀ ਹੈ।ਡਾ. ਕੋਹਲੀ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰਚੱਲਿਤ ਦੋ ਸਕੂਲਾਂ ਦਾ ਜ਼ਿਕਰ ਕੀਤਾ ਹੈ। ਪਹਿਲਾ ਦਰਬਾਰੀ ਕਵਿਤਾ ਦੇ ਕਵੀਆਂ ਦਾ ਜਿਨ੍ਹਾਂ ਵਿਚ ਕੁਸ਼ਤਾ, ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ, ਗੁਰਮੁਖ ਸਿੰਘ, ਮੁਸਾਫ਼ਰ, ਫ਼ਿਰੋਜ਼ ਦੀਨ ਸ਼ਰਫ, ਤੇਜਾ ਸਿੰਘ ਸਾਬਰ, ਨੰਦ ਲਾਲ ਨੂਰਪੁਰੀ ਆਦਿ ਸ਼ਾਮਲ ਹਨ ਅਤੇ ਦੂਜਾ ਕਵਿਤਾ ਵਿਚ ਨਵੇਂ ਝੁਕਾਅ ਲਿਆਉਣ ਵਾਲੇ ਕਵੀਆਂ ਦਾ, ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਆਦਿ ਸ਼ਾਮਲ ਹਨ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਪ੍ਰਥਮ ਸਥਾਨ ਹੈ। ਫਿਰ ਵੀ ਕੁਝ ਨਵੇਂ ਦ੍ਰਿਸ਼ਟੀਕੋਣ ਅਤੇ ਨਵੇਂ ਵਾਧਿਆਂ ਦੇ ਕਾਰਨ ਡਾ. ਕੋਹਲੀ ਦੇ ਇਤਿਹਾਸ ਦੀ ਵੀ ਬਹੁਤ ਮਹੱਤਤਾ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਮਾਰਕਸਵਾਦੀ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ (ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਅਤਰ ਸਿੰਘ ਆਦਿ) ਅਤੇ ਸੰਰਚਨਾ ਵਾਦੀ ਦ੍ਰਿਸ਼ਟੀ ਤੋਂ (ਡਾ. ਹਰਭਜਨ ਸਿੰਘ ਆਦਿ) ਕੁਝ ਨਵੇਂ ਸੁਝਾਅ ਪਾਠਕਾਂ ਦੇ ਸਾਹਮਣੇ ਆਏ ਹਨ, ਪਰ ਅਜੇ ਤੱਕ ਇਨ੍ਹਾਂ ਦ੍ਰਿਸ਼ਟੀ ਕੋਣਾਂ ਤੋਂ ਮੁਕੰਮਲ ਇਤਿਹਾਸ ਨਹੀਂ ਲਿਖੇ ਗਏ।

## ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ:

ਸਾਹਿਤ ਦੀ ਇਤਿਹਾਸਕਾਰੀ ਅਤਿਅੰਤ ਪੇਚੀਦਾ ਮਸਲਾ ਹੈ। ਇਸ ਸਮੱਸਿਆ ਦੇ ਸਮਾਧਾਨ ਲਈ ਵਿਦਵਾਨਾਂ ਵੱਲੋਂ ਯਤਨ ਤਾਂ ਕੀਤੇ ਜਾਂਦੇ ਹਨ ਪਰ ਕਿਸੇ ਮਾਡਲ ਨੂੰ ਅੰਤਿਮ ਜਾਂ ਸੰਪੂਰਨ ਕਹਿਣਾ ਉਚਿੱਤ ਨਹੀਂ। ਸਾਹਿਤ ਅਧਿਐਨ ਦੀ ਦ੍ਰਿਸ਼ਟੀ ਤੋਂ ਸਾਹਿਤ ਦੀ ਇਤਿਹਾਸਕਾਰੀ ਲਾਜ਼ਮੀ ਮੰਨੀ ਗਈ ਹੈ। ਇਤਿਹਾਸ ਸਮੁੱਚੇ ਸਭਿਆਚਾਰ ਦੀ ਮਹੱਤਵਪੂਰਨ ਦਿਸ਼ਾ ਹੈ। ਇਸ ਦਿਸ਼ਾ ਵਿਚ ਸਭਿਆਚਾਰਕ ਵਰਤਾਰਿਆਂ ਨੂੰ ਅਤੀਤ ਤੋਂ ਵਰਤਮਾਨ ਵੱਲ ਅਤੇ ਵਰਤਮਾਨ ਤੋਂ ਭਵਿੱਖ ਵੱਲ ਵਧਦਿਆਂ ਦੇਖਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਆਦਿ ਲੇਖਕਾਂ ਦੀਆਂ ਰਚਨਾਵਾਂ ਡਾ .ਮੋਹਨ ਸਿੰਘ ਤੋਂ ਪਹਿਲਾਂ ਦੀਆਂ ਅਜਿਹੀਆਂ ਲਿਖਤਾਂ ਹਨ ਜਿਨ੍ਹਾਂ ਵਿਚ ਪੰਜਾਬ ਦੇ ਸ਼ਬਦ ਸਭਿਆਚਾਰ ਨੂੰ ਇਤਿਹਾਸ ਦੀ ਦ੍ਰਿਸ਼ਟੀ ਤੋਂ ਦੇਖਣ ਦਾ ਯਤਨ ਕੀਤਾ ਗਿਆ ਹੈ। ਪ੍ਰੋ. ਸੰਤ ਸਿੰਘ ਸੇਖੋਂ, ਡਾ. ਗੋਪਾਲ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਕਿਰਪਾਲ ਸਿੰਘ ਕਸੇਲ, ਡਾ. ਜੀਤ ਸਿੰਘ ਸੀਤਲ, ਡਾ. ਮੋਹਨ ਸਿੰਘ ਤੋਂ ਮਗਰਲੇ ਵਿਦਵਾਨ ਹਨ ਜਿਨ੍ਹਾਂ ਪੰਜਾਬੀ ਸਾਹਿਤ ਨੂੰ ਅੱਠਵੀਂ ਨੌਵੀਂ ਸਦੀ ਤੋਂ ਲੈ ਕੇ ਆਧੁਨਿਕ ਕਾਲ ਤੀਕ ਇਤਿਹਾਸਕ ਦ੍ਰਿਸ਼ਟੀ ਤੋਂ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਡਾ .ਤਰਲੋਕ ਸਿੰਘ ਕੰਵਰ ਅਨੁਸਾਰ ਡਾ. ਮੋਹਨ ਸਿੰਘ ਦੀਵਾਨਾ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਬਾਰੇ ਕੀਤਾ ਹੋਇਆ ਕੰਮ ਪਹਿਲਾ ਅਜਿਹਾ ਕੰਮ ਹੈ ਜੋ ਪੰਜਾਬੀ ਵਿਚ ਸਾਹਿਤ ਇਤਿਹਾਸਕਾਰੀ ਦਾ ਪ੍ਰਮਾਣਿਕ ਮਾਡਲ ਮੰਨਿਆ ਗਿਆ ਹੈ। 1960 ਤੋਂ ਮਗਰੋਂ ਇਸ ਖੇਤਰ ਵਿਚ ਵੱਡੀ ਤਬਦੀਲੀ ਦਾ ਅਹਿਸਾਸ ਹੁੰਦਾ ਹੈ। ਇਸ ਸਮੇਂ ਨਵੀਆਂ ਸਮੱਸਿਆਵਾਂ ਜਨਮ ਲੈਂਦੀਆਂ ਹਨ। ਸਭਿਆਚਾਰਕ, ਸਮਾਜਕ ਜਾਂ ਰਾਜਨੀਤਕ ਤਬਦੀਲੀਆਂ ਨਵੇਂ ਰੁਝਾਨ ਤੇ ਨਵੇਂ ਰੂਪ ਪੈਦਾ ਕਰਦੀਆਂ ਹਨ, ਜਿਹੜੀਆਂ ਅਨਿਸਚਿਤ ਕਾਲ ਖੰਡ ਉੱਤੇ ਫੈਲੀਆਂ ਹੋਣ ਕਾਰਨ ਸਾਹਿਤ ਇਤਿਹਾਸ ਦੇ ਪ੍ਰਮਾਣਿਕ ਮਾਡਲ ਵਿਚ ਫਿੱਟ ਨਹੀਂ ਬੈਠਦੀਆਂ। ਸਾਹਿਤ ਦੀ ਇਤਿਹਾਸਕਾਰੀ ਤੇ ਸਭਿਆਚਾਰਕ ਇਤਿਹਾਸਕਾਰੀ ਵਿਚ ਬੁਨਿਆਦੀ ਅੰਤਰ ਇਹ ਹੁੰਦਾ ਹੈ ਕਿ ਦ੍ਰਿਸ਼ਟਮਾਨ ਵਰਤਾਰੇ, ਸਮਾਂ, ਸਥਾਨ ਤੇ ਲੋਕ-ਰੁਚੀਆਂ ਪਛਾਣਨ ਯੋਗ ਹੁੰਦੀਆਂ ਹਨ ਪਰ ਸਾਹਿਤ ਇੱਕੋ ਸਮੇਂ ਵਸਤੂਗਤ ਵੀ ਹੁੰਦਾ ਹੈ ਤੇ ਵਿਅਕਤੀਗਤ ਵੀ। ਇਸ ਲਈ ਸਾਹਿਤ ਦੀ ਇਤਿਹਾਸਕਾਰੀ ਦਾ ਮਸਲਾ ਵਧੇਰੇ ਪੇਚੀਦਾ ਹੈ।

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਆਪਣੇ ਆਪ ਵਿਚ ਅਤਿਅੰਤ ਜਟਿਲ ਸਮੱਸਿਆ ਹੈ। ਪੰਜਾਬੀ ਸਾਹਿਤ ਦੀ ਕਾਲ ਵੰਡ ਅਨੇਕ ਵਿਦਵਾਨਾਂ ਨੇ ਕੀਤੀ ਹੈ ਪਰ ਕਿਸੇ ਵੀ ਵਿਦਵਾਨ ਨੇ ਦੂਸਰੇ ਵਿਦਵਾਨ ਵੱਲੋਂ ਕੀਤੀ ਕਾਲ ਵੰਡ ਨੂੰ ਪ੍ਰਵਾਨ ਨਹੀਂ ਕੀਤਾ।

1. ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਨ ਵਾਲਿਆਂ ਵਿਚ ਬਾਵਾ ਬੁੱਧ ਸਿੰਘ, ਡਾ. ਬਨਾਰਸੀ ਦਾਸ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਡਾ. ਗੁਰਚਰਨ ਸਿੰਘ, ਡਾ. ਹਰਚਰਨ ਸਿੰਘ, ਨਿਹਾਲ ਸਿੰਘ ਰਸ, ਗਿਆਨੀ ਹੀਰਾ ਸਿੰਘ ਦਰਦ, ਡਾ. ਜੀਤ ਸਿੰਘ ਸੀਤਲ ਅਤੇ ਪ੍ਰੋ. ਪਰਮਿੰਦਰ ਸਿੰਘ ਅਤੇ ਕਿਰਪਾਲ ਸਿੰਘ ਕਸੇਲ ਹੁਰਾ ਦੇ ਨਾਂ ਜ਼ਿਕਰ ਕਰਨ ਯੋਗ ਹਨ।
2. ਆਪਣੇ ਸਮੇਂ ਤੱਕ ਡਾ. ਮੋਹਨ ਸਿੰਘ ਦੀਵਾਨਾ ਦੀ ਕਾਲ ਵੰਡ ਵਧੇਰੇ ਉਚਿੱਤ ਲੱਗਦੀ ਹੈ ਪਰ ਸਮੁੱਚੇ ਤੌਰ ਤੇ ਪ੍ਰੋ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਦੀ ਵੰਡ ਹੋਰਨਾਂ ਨਾਲੋਂ ਵਧੇਰੇ ਉਚਿੱਤ ਜਾਪਦੀ ਹੈ।
3. ਸਾਹਿਤ ਇਤਿਹਾਸ ਦੇ ਵਿਦਵਾਨਾਂ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਰਹੀ ਹੈ ਕਿ ਕਾਲ ਵੰਡ ਦਾ ਆਧਾਰ ਕੀ ਬਣਾਇਆ ਜਾਵੇ? ਰਾਜਨੀਤਕ ਲਹਿਰਾਂ ਨਾਲ ਲੇਖਕ ਦੀ ਰਚਨਾ ਤੇ ਜੀਵਨ ਦਾ ਸਮਾਂ ਮੇਲ ਨਹੀਂ ਖਾਂਦਾ, ਲੇਖਕ ਵੱਖ ਵੱਖ ਖੇਤਰਾਂ ਵਿਚ ਇਕ ਤੋਂ ਵਧੇਰੇ ਪ੍ਰਤੀਭਾਸ਼ੀਲ ਹੋ ਸਕਦੇ ਹਨ।
4. ਕਿਸੇ ਇਕ ਲੇਖਕ ਦੀ ਲਿਖਤ ਲੰਬੇ ਅਰਸੇ ਤਕ ਫੈਲੀ ਹੁੰਦੀ ਹੈ ਜਿਵੇਂ ਪੰਜਾਬੀ ਵਿਚ ਕਰਤਾਰ ਸਿੰਘ ਦੁੱਗਲ ਹੈ ਤੇ ਬਹੁਤ ਸਾਰੇ ਰੁਕ ਰੁਕ ਰਚਨਾ ਕਰਦੇ ਹਨ, ਇਸ ਲਈ ਇਨ੍ਹਾਂ ਦਾ ਕਿਸੇ ਇਕ ਕਾਲ ਵਿਚ ਸਮਾਉਣਾ ਸੰਭਵ ਨਹੀਂ ਹੁੰਦਾ।
5. ਸਾਹਿਤ ਦੇ ਇਤਿਹਾਸਕਾਰ ਨੂੰ ਇਤਿਹਾਸ ਦੇ ਬੁਨਿਆਦੀ ਸੰਕਲਪਾਂ ਦੀ ਬਰਾਬਰ ਸਮਝ ਹੋਵੇ, ਇਹ ਜ਼ਰੂਰੀ ਨਹੀਂ ਹੁੰਦਾ। ਇੱਕੋ ਵਿਅਕਤੀ ਇੱਕੋ ਸਮੇਂ ਸਾਹਿਤਕਾਰ, ਆਲੋਚਕ ਤੇ ਇਤਿਹਾਸਕਾਰ ਘੱਟ ਹੀ ਹੁੰਦਾ ਹੈ।
6. ਸਾਹਿਤ ਦਾ ਇਤਿਹਾਸ ਇਹ ਮੰਗ ਕਰਦਾ ਹੈ ਕਿ ਉਹ ਸਾਰੀਆਂ ਸਾਹਿਤਕ ਵਿਧਾਵਾਂ ਲਹਿਰਾਂ ਆਦਿ ਦਾ ਬਰਾਬਰ ਮੁਲਾਂਕਣ ਕਰੇ।

ਪਰ ਸਾਹਿਤਕਾਰ ਕਿਸੇ ਇਕ ਵਿਧਾ ਨਾਲ ਜੁੜੇ ਹੋਣ ਕਾਰਨ ਸਾਰੀਆਂ ਵਿਧਾਵਾਂ ਦਾ ਸਹੀ ਮੁਲਾਂਕਣ ਕਰਨ ਦੀ ਸਮਰੱਥਾ ਨਹੀਂ ਰੱਖਦਾ। ਸੋ ਸਾਹਿਤ ਦਾ ਇਤਿਹਾਸ ਲਿਖਣ ਦਾ ਕਾਰਜ ਅਤਿਅੰਤ ਪ੍ਰਤੀਭਾਸ਼ੀਲ ਵਿਅਕਤੀ ਹੀ ਕਰ ਸਕਦਾ ਹੈ। ਇਸ ਨੂੰ ਨਿਭਾਉਣ ਲਈ ਕਠਨ ਮਿਹਨਤ ਦੀ ਲੋੜ ਹੁੰਦੀ ਹੈ। ਇਸ ਸੰਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਤੁਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਪੁਸਤਕਾਂ ਤੋਂ ਵੀ ਸਹਾਇਤਾ ਲੈ ਸਕਦੇ ਹੋ ਜਿਵੇਂ ਡਾ. ਮੋਹਨ ਸਿੰਘ ਦੀਵਾਨਾ-A History of Panjabi Literature, ਪੰਜਾਬੀ ਅਦਬ ਦੀ ਮੁਖ਼ਤਸਰ ਤਵਾਰੀਖ਼, ਡਾ. ਗੋਪਾਲ ਸਿੰਘ ਦਰਦੀ - ਪੰਜਾਬੀ ਸਾਹਿਤ ਦਾ ਇਤਿਹਾਸ, ਡਾ. ਸੁਰਿੰਦਰ ਸਿੰਘ ਕੋਹਲੀ- ਪੰਜਾਬੀ ਸਾਹਿਤ ਦਾ ਇਤਿਹਾਸ, ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ - ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪ੍ਰੋ. ਸੁਰਿੰਦਰ ਸਿੰਘ ਨਰੂਲਾ- ਪੰਜਾਬੀ ਸਾਹਿਤ ਦਾ ਇਤਿਹਾਸ, ਅਬਦੁਲ ਗ਼ਫ਼ੂਰ ਕੁਰੈਸ਼ੀ- ਪੰਜਾਬੀ ਜ਼ਬਾਨ ਦਾ ਅਦਬ ਤੇ ਤਵਾਰੀਖ਼, ਡਾ. ਜੀਤ ਸਿੰਘ ਸੀਤਲ - ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ ਅਤੇ ਪ੍ਰੋ ਪਿਆਰਾ ਸਿੰਘ ਭੋਗਲ - ਪੰਜਾਬੀ ਸਾਹਿਤ ਦਾ ਇਤਿਹਾਸ ਆਦਿ।

## ਸਾਰ-ਅੰਸ਼:

ਸੋ ਸਾਹਿਤ ਦੀ ਇਤਿਹਾਸਕਾਰੀ ਇਕ ਮਹੱਤਵਪੂਰਨ ਸੰਕਲਪ ਹੈ। ਸਾਹਿਤ ਦੀ ਇਤਹਿਾਸਕਾਰੀ ਰਾਹੀਂ ਸਾਹਿਤ ਨੂੰ ਸਾਂਭਣਾ ਅਤੇ ਸਮਝਣਾ ਸੌਖਾ ਹੋ ਜਾਂਦਾ ਹੈ। ਸਾਹਿਤ ਦੀ ਇਤਿਹਾਸਕਾਰੀ ਦੀਆਂ ਵੱਖ-ਵੱਖ ਪ੍ਰਵਿਰਤੀਆਂ ਹਨ ਜਿਹਨਾ ਰਾਹੀਂ ਸਾਹਿਤ ਨੂੰ ਵੰਡਿਆਂ ਜਾਂਦਾ ਹੈ। ਬਾਵਾ ਬੁੱਧ ਸਿੰਘ , ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ ਅਤੇ ਡਾ. ਸੁਰਿੰਦਰ ਸਿੰਘ ਕੋਹਲੀ ਪੰਜਾਬੀ ਸਾਹਿਤ ਦੇ ਪ੍ਰਮੁੱਖ ਇਤਿਹਾਸਕਾਰ ਹਨ।ਸੋ ਸਪਸ਼ਟ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ ਵੰਡ ਕਰਨ ਲੱਗਿਆ ਕਿਸੇ ਨੇ ਧਰਮ ਤੇ ਜ਼ੋਰ ਦਿੱਤਾ ਹੈ, ਕਿਸੇ ਨੇ ਰਾਜਨੀਤਕ ਇਤਿਹਾਸ 'ਤੇ, ਕਿਸੇ ਨੇ ਸਾਹਿਤਕਾਰ ਦੇ ਵਿਅਕਤਿਤਵ 'ਤੇ ਅਤੇ ਕਿਸੇ ਨੇ ਸਾਹਿਤਕ ਧਾਰਾ 'ਤੇ।ਇਹ ਠੀਕ ਹੈ ਕਿ ਹਰ ਸਾਹਿਤਕਾਰ ਕੋਲ ਸਾਹਿਤਕ ਇਤਿਹਾਸ ਦੀ ਸਿਰਜਨਾ ਕਰਨ ਸਮੇਂ ਕੋਈ ਵਿਸ਼ੇਸ਼ ਦ੍ਰਿਸ਼ਟੀ ਹੁੰਦੀ ਹੈ, ਕੋਈ ਮਾਡਲ ਹੁੰਦਾ ਹੈ, ਜਿਸ ਦੇ ਮੁਤਾਬਿਕ ਉਹ ਸਾਹਿਤਕ ਸਮਗਰੀ ਦਾ ਵਿਸ਼ਲੇਸ਼ਣ ਕਰਦਾ ਹੈ। ਪਰ ਜਦੋਂ ਸਾਹਿਤਕ ਇਤਿਹਾਸਕਾਰੀ ਦੇ ਮੁੱਢਲੇ ਸਿਧਾਂਤਾਂ ਜਾਂ ਨਿਯਮਾਂ ਤੋਂ ਨਾਵਾਕਿਫ਼ ਹੋਵੇ ਤਾਂ ਉਸ ਦੀ ਰਚਨਾ ਕੋਈ ਇਕ ਪਾਸੜ ਰੁੱਖ ਗ੍ਰਹਿਣ ਕਰ ਲਏਗੀ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੂੰ ਇਤਿਹਾਸਕਾਰੀ ਦੇ ਬੁਨਿਆਦੀ ਤੱਤਾਂ ਦੀ ਪੂਰਨ ਭਾਂਤ ਜਾਣ-ਪਛਾਣ ਹੋਈ ਪ੍ਰਤੀਤ ਹੁੰਦੀ ਹੈ ਇਸ ਲਈ ਮਿਆਰੀ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ ਜਾਣਾ ਅਜੇ ਬਾਕੀ ਹੈ।

## ਕੇਂਦਰੀ ਸ਼ਬਦ:

ਇਤਿਹਾਸਕਾਰੀ - ਤੱਥਾ ਦੇ ਅਧਾਰ ਤੇ ਬੀਤ ਚੁਕੇ ਸਮੇ ਦਾ ਇਤਿਹਾਸ ਬਣਾਉਣਾ

ਖੋਜਕਾਰ -- ਇਤਿਹਾਸਕਾਰ

ਊਣਤਾਈ – ਕਮੀ



## ਸਵੈ-ਮੁਲਾਂਕਣ:

1. ਹੰਸ ਚੋਗ ਪੁਸਤਕ ਦਾ ਲੇਖਕ ਕੌਣ ਹੈ?

   ੳ. ਬਾਵਾ ਬੁੱਧ ਸਿੰਘ — ਅ. ਡਾ. ਮੋਹਨ ਸਿੰਘ ਦੀਵਾਨਾ,

   ੲ. ਡਾ. ਗੋਪਾਲ ਸਿੰਘ ਦਰਦੀ — ਸ. ਡਾ. ਸੁਰਿੰਦਰ ਸਿੰਘ ਕੋਹਲੀ

2. ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਦੁਆਰਾ ਲਿਖੇ ਪੰਜਾਬੀ ਸਾਹਿਤ ਇਤਿਹਾਸ ਦਾ ਨਾਮ ਦੱਸੋ?

   ੳ. ਪੰਜਾਬੀ ਸਾਹਿਤ ਦਾ ਇਤਿਹਾਸ — ਅ. ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ

   ੲ. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ — ਸ. ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ਼

3. ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦਾ ਕ੍ਰਮ ਸਹੀ ਚੁਣੋ:

   ੳ. ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

   ਅ. ਬਾਵਾ ਬੁੱਧ ਸਿੰਘ, ਡਾ. ਗੋਪਾਲ ਸਿੰਘ ਦਰਦੀ ,ਡਾ. ਮੋਹਨ ਸਿੰਘ ਦੀਵਾਨਾ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

   ੲ. ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੋਪਾਲ ਸਿੰਘ ਦਰਦੀ ,ਡਾ. ਮੋਹਨ ਸਿੰਘ ਦੀਵਾਨਾ ਅਤੇ ਬਾਵਾ ਬੁੱਧ ਸਿੰਘ

   ਸ. ਡਾ. ਗੋਪਾਲ ਸਿੰਘ ਦਰਦੀ,ਡਾ. ਮੋਹਨ ਸਿੰਘ ਦੀਵਾਨਾ ਬਾਵਾ ਬੁੱਧ ਸਿੰਘ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

4. ਮੱਧਕਾਲੀਨ ਯੁੱਗ ਦੀ ਆਧਾਰਮੂਲਕ ਦ੍ਰਿਸ਼ਟੀ ਨਹੀਂ ਹੈ?

ੳ. ਅਧਿਆਤਮਕ　　　　ਅ. ਵਿਗਿਆਨਕ

ੲ.. ਦਾਰਸ਼ਿਨਕ　　　　ਸ. ਪ੍ਰੀਤ

5. ਮੱਧਕਾਲੀ ਬੋਧ ਅਤੇ ਆਧੁਨਿਕ ਬੋਧ ਵਿਚਲੇ ਅੰਤਰ ਦਾ ਮੂਲ ਆਧਾਰ ਹੈ ?

ੳ. ਆਰਥਿਕ ਸਰੰਚਨਾ ਵਿਚਲਾ ਅੰਤਰ　　　　ਅ. ਸਮਾਜਿਕ ਸਰੰਚਨਾ ਵਿਚ ਅੰਤਰ

ੲ. ਸਭਿਆਚਾਰਕ ਸਰੰਚਨਾ ਵਿਚ ਅੰਤਰ　　　　ਸ. ਧਾਰਮਿਕ ਸਰੰਚਨਾ ਵਿਚ ਅੰਤਰ

6. ਪੰਜਾਬੀ ਸਾਹਿਤ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ. ਸੁਰਿੰਦਰ ਸਿੰਘ ਕੋਹਲੀ　　　　ਅ. ਗੋਪਾਲ ਸਿੰਘ ਦਰਦੀ

ੲ. ਮੋਹਨ ਸਿੰਘ ਦੀਵਾਨਾ　　　　ਸ. ਪਰਮਿੰਦਰ ਸਿੰਘ ਕਸੇਲ

7. ਦਾ ਸਿੱਖ ਰਿਲੀਜੀਅਨ (6 ਜਿਲਦਾਂ) ਪੁਸਤਕ ਦਾ ਰਚੇਤਾ ਕੌਣ ਹੈ?

ੳ. ਐਮ ਏ ਮੈਕਾਲਫ　　　　ਅ. ਸਰ ਗ੍ਰੀਅਰਸਨ

ੲ. ਸਰ ਰਿਸਰਚ ਟੈਂਪਲ　　　　ਸ. ਡਾ. ਸੁਰਿੰਦਰ ਸਿੰਘ ਕੋਹਲੀ

8. ਕਥਨ: ਇਤਿਹਾਸ ਹਮੇਸ਼ਾ ਅਤੀਤ ਦੇ ਪੁਨਰ ਨਿਰਮਾਣ ਲਈ ਸਾਮਗ੍ਰੀ ਦੇ ਸੋਮਿਆਂ ਤੇ ਨਿਰਭਰ ਕਰਦਾ ਹੈ । ਇਹ ਸੋਮੇ ਪਾਠਗਤ ਦਸਤਾਵੇਜ਼, ਪੁਰਾਤੱਤਵ ਵਿਗਿਆਨ, ਪੁਰਾਤਨ ਸਿੱਕਿਆਂ, ਬੋਲੀ, ਪਹਿਰਾਵਾ ਆਦਿਕ ਹੁੰਦੇ ਹਨ ।

ਕਾਰਨ: ਕਿਉਂਕਿ ਇਤਿਹਾਸ ਦਾ ਅਰਥ ਹੀ ਬੀਤ ਚੁੱਕੇ ਸਮੇਂ ਦਾ ਤੱਥਾਂ ਉਪਰ ਅਧਾਰਿਤ ਪੜਚੋਲ ਹੁੰਦਾ ਹੈ।

ੳ. ਕਥਨ ਅਤੇ ਕਾਰਨ ਦੋਨੋ ਸਹੀ ਹਨ।　　　　ਅ. ਕਥਨ ਗਲਤ ਅਤੇ ਕਾਰਨ ਸਹੀ ਹੈ।

ੲ. . ਕਥਨ ਅਤੇ ਕਾਰਨ ਦੋਨੋ ਗਲਤ ਹੈ।　　　　ਸ. ਕਥਨ ਸਹੀ ਅਤੇ ਕਾਰਨ ਗਲਤ ਹੈ।

9. ਕਿਹੜਾ ਕਥਨ ਠੀਕ ਹੈ?

ੳ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਕਾਲ-ਵੰਡ ਨਹੀਂ ਹੈ।

ਅ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਾਹਿਤ ਅਤੇ ਅਣ-ਸਾਹਿਤ ਦਾ ਨਿਖੇੜਾ ਹੈ।

ੲ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਮੱਗਰੀ ਦਾ ਇੱਕਤਰੀਕਰਨ ਨਹੀਂ ਹੈ

ਸ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਵਰਗੀਕਰਣ ਨਹੀਂ ਹੈ

10. ਕਥਨ: ਸਾਹਿਤ ਇਤਿਹਾਸ ਲੇਖਕ ਨੂੰ ਕਾਲ ਵੰਡ ਨਿਰਧਾਰਿਤ ਕਰਨ ਲਈ ਇਹ ਸਮੱਸਿਆ ਆਉਂਦੀ ਹੈ ਕਿ ਕਾਲ ਵੰਡ ਖਾਸ-ਖਾਸ ਲੇਖਕਾਂ ਨੂੰ ਅਧਾਰ ਬਣਾ ਕੇ ਕੀਤੀ ਜਾਵੇ ਜਾਂ ਇਹ ਆਮ ਇਤਿਹਾਸ ਨੂੰ ਨਾਲ ਲੈ ਕੇ ਕੀਤੀ ਜਾਵੇ।

ਕਾਰਨ: ਕਿਉਂਕਿ ਲੇਖਕ ਅਤੇ ਆਮ ਇਤਿਹਾਸ ਦੋਨੋ ਇਤਿਹਾਸ ਦੇ ਵਿਕਾਸ ਪੜਾਅ ਨਾਲ ਸੰਬੰਧਿਤ ਹਨ।

ੳ. ਕਥਨ ਸਹੀ ਅਤੇ ਕਾਰਨ ਗਲਤ ਹੈ।　　　　ਅ. ਕਥਨ ਅਤੇ ਕਾਰਨ ਦੋਨੋ ਗਲਤ ਹੈ।

ੲ. ਕਥਨ ਗਲਤ ਅਤੇ ਕਾਰਨ ਸਹੀ ਹੈ।　　　　ਸ. ਕਥਨ ਅਤੇ ਕਾਰਨ ਦੋਨੋ ਸਹੀ ਹਨ।

11. ਕਥਨ(1): ਉਨ੍ਹੀਵੀਂ ਸਦੀ ਦੇ ਅੰਤ ਤੱਕ ਕਿੱਸਾ ਪੰਜਾਬੀ ਸਾਹਿਤ ਦੀ ਪ੍ਰਮੁੱਖ ਕਾਵਿਧਾਰਾ-ਪਰੰਪਰਾ ਸੀ। ਸ਼ਹਿਰਾਂ ਵਿੱਚ ਚੱਲਦੀਆਂ ਮਹਿਫਲਾਂ ਅਤੇ ਪਿੰਡਾਂ ਵਿੱਚ ਲੱਗਦੇ ਮੇਲਿਆਂ ਵਿੱਚ ਮਨੋਰੰਜਨ ਦਾ ਵੱਡਾ ਸਾਧਨ ਕਿੱਸਿਆਂ ਦਾ ਗਾਇਨ ਹੁੰਦਾ ਸੀ।

ਕਥਨ(2): ਇਸੇ ਕਾਰਨ ਸੋਲ੍ਹਵੀਂ ਸਦੀ ਤੋਂ ਚੱਲ ਕੇ ਉਨ੍ਹੀਵੀਂ ਸਦੀ ਦੇ ਅੰਤ ਤਕ ਅਣਗਿਣਤ ਕਿੱਸੇ ਲਿਖੇ ਗਏ । ਗਾਉਣ ਵਾਲਿਆਂ ਵੱਲੋਂ ਲੋੜ ਅਨੁਸਾਰ ਉਹਨਾਂ ਵਿੱਚ ਵਾਧੇ-ਘਾਟੇ ਵੀ ਕੀਤੇ ਜਾਂਦੇ ਰਹੇ ।

ੳ. ਕਥਨ (1) ਅਤੇ ਕਥਨ (2) ਦੋਨੋ ਗਲਤ ਹਨ।　　　　ਅ. ਕਥਨ (1 )ਅਤੇ ਕਥਨ (2) ਦੋਨੋ ਸਹੀ ਹਨ।

ੲ. ਕਥਨ (1 ) ਸਹੀ ਅਤੇ ਕਥਨ (2) ਗਲਤ ਹੈ।　　　　ਸ. ਕਥਨ (1 ) ਅਤੇ ਕਥਨ (2) ਦੋਨੋ ਆਂਸ਼ਿਕ ਸਹੀ ਹਨ।

12. ਪੰਜਾਬੀ ਸਾਹਿਤ ਜਗਤ ਵਿਚ ਮੱਧਕਾਲ ਨੂੰ ਪੰਜਾਬੀ ਸਾਹਿਤ ਦਾ............ ਮੰਨਦੇ ਹਨ।

ੳ. ਮੁੱਢਲਾ ਦੌਰ　　　　ਅ. ਉੱਤਮ ਦੌਰ

ੲ. ਸਵਰਨ ਯੁੱਗ　　　　ਸ. ਮੁਗਲ ਕਾਲ

13. ਕਥਨ(1): ਮੱਧਕਾਲ ਦੇ ਪੰਜਾਬੀ ਸਾਹਿਤ ਦਾ ਕੋਈ ਵੀ ਵਿਸ਼ਾ ਰੂਪ ਵੰਨਗੀ ਜਾਂ ਪ੍ਰਵਿਰਤੀ ਅਜਿਹੀ ਨਹੀਂ ਜਿਸ ਰਾਜਸੀ ਪਰਿਪੇਖ ਚਿੰਨ੍ਹ ਜਾਂ ਪ੍ਰਮਾਣ ਸਾਨੂੰ ਇਸ ਕਾਲ ਦੇ ਪ੍ਰਾਪਤ ਸਾਹਿਤ ਵਿਚੋਂ ਦਿਖਾਈ ਨਾ ਦੇਣ।

ਕਥਨ(2): ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਰਾਹੀਂ ਮੁਗਲ ਰਾਜ ਦੇ ਪਹਿਲੇ ਸ਼ਾਸ਼ਕ ਦੇ ਬਾਰੇ ਜ਼ਿਕਰ ਕੀਤਾ ਹੈ।

ੳ. ਕਥਨ(1) ਅਤੇ ਕਥਨ(2) ਦੋਨੋ ਗਲਤ ਹਨ।　　　　ਅ. ਕਥਨ(1) ਅਤੇ ਕਥਨ(2) ਦੋਨੋ ਸਹੀ ਹਨ।

ੲ. ਕਥਨ(1) ਅਾਂਸ਼ਿਕ ਗਲਤ ਅਤੇ ਕਥਨ(2) ਅਾਂਸ਼ਿਕ ਸਹੀ ਹਨ। ਸ. ਕਥਨ(1) ਪੂਰਨ ਅਤੇ ਕਥਨ(2) ਅਾਂਸ਼ਿਕ ਸਹੀ।

14. ਕਿਹੜੀ ਮੱਧਕਾਲੀ ਕਾਵਿਧਾਰਾ ਸਭ ਤੋਂ ਵੱਧ ਮੱਧਕਾਲੀ ਰਾਜਸੀ ਪਹਿਲੂਆਂ ਨਾਲ ਜਾਣ-ਪਹਿਚਾਣ ਕਰਵਾਉਂਦੀ :

ੳ. ਸੂਫ਼ੀ ਕਾਵਿਧਾਰਾ ਧਾਰਾ ਅ. ਗੁਰਮਤਿ ਕਾਵਿਧਾਰਾ ਧਾਰਾ

ੲ. ਕਿੱਸਾ ਕਾਵਿਧਾਰਾ ਧਾਰਾ ਸ. ਉਪਰੋਕਤ ਕੋਈ ਵੀ ਨਹੀਂ

15. ਪੰਜਾਬੀ ਸਾਹਿਤ ਦੇ ਮੱਧਕਾਲ ਵਿੱਚ..............................ਨੂੰ ਪੰਜਾਬੀ ਸਾਹਿਤ ਦਾ 'ਸਵਰਨ ਯੁੱਗ' ਮੰਨਿਆ ਜਾਂਦਾ ਹੈ।

ੳ. ਦਸਵੀਂ ਸ਼ਤਾਬਦੀ ਅ. ਸੋਲਵੀਂ ਸ਼ਤਾਬਦੀ

ੲ. ਪੰਦਰਵੀਂ ਸ਼ਤਾਬਦੀ ਸ. ਅਠਾਰਵੀਂ ਸ਼ਤਾਬਦੀ

## ਅਭਿਆਸ ਪ੍ਰਸ਼ਨ:

1. ਸਾਹਿਤ ਇਤਿਹਾਸਕਾਰੀ ਦੇ ਸੰਕਲਪ ਬਾਰੇ ਜਾਣਕਾਰੀ ਦਿਓ?
2. ਸਾਹਿਤ ਇਤਿਹਾਸਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਵਿਸਥਾਰ ਪੂਰਵਕ ਲਿਖੋ?
3. ਪੰਜਾਬੀ ਸਾਹਿਤ ਦੇ ਪ੍ਰਮੁੱਖ ਇਤਿਹਾਸਕਾਰਾਂ ਬਾਰੇ ਜਾਣਕਾਰੀ ਦਿਓ ?
4. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ ਬਾਰੇ ਲਿਖੋ ?
5. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦਿਓ ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਮਹੱਤਵਪੂਰਨ ਲਿੰਕ:

https://www.youtube.com/watch?v=qraNuwN-J0U

## ਉੱਤਰਮਾਲਾ:

| | | | | |
|---|---|---|---|---|
| 1. ੳ | 2. ੲ | 3. ੳ | 4. ਅ | 5. ੳ |
| 6. ਅ | 7. ੳ | 8. ੳ | 9. ਅ | 10. ਸ |
| 11. ਅ | 12. ੲ | 13. ਅ | 14. ਅ | 15. ੲ |

**DPBI501**

# ਅਧਿਆਇ - 2: ਪੰਜਾਬੀ ਸਾਹਿਤ ਦੀ ਕਾਲ-ਵੰਡ ਅਤੇ ਨਾਮਕਰਨ ਦੇ ਮਸਲੇ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਸਾਹਿਤ ਦੀ ਕਾਲ-ਵੰਡ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਸਾਹਿਤ ਦੀ ਕਾਲ-ਵੰਡ ਅਤੇ ਨਾਮਕਰਨ ਸੰਬੰਧੀ ਵਿਦਵਾਨਾ ਦੇ ਵਿਚਾਰ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਸਾਹਿਤ ਦੀ ਕਾਲ-ਵੰਡ ਦੇ ਆਧਾਰ ਬਾਰੇ ਜਾਣੂ ਹੋਣਗੇ।

## ਪ੍ਰਸਤਾਵਨਾ:

ਸਾਹਿਤ ਦੀ ਪ੍ਰਗਤੀ ਅਤੇ ਵਿਕਾਸ ਦਾ ਅਧਿਐਨ ਕਰਨ ਲਈ ਕਿਸੇ ਵੀ ਸਾਹਿਤ ਦੀ ਕਾਲ-ਵੰਡ ਇਕ ਜਰੂਰੀ ਆਧਾਰ ਹੈ। ਸਾਹਿਤ ਨੂੰ ਕਾਲਾਂ ਵਿਚ ਵੰਡਣ ਦਾ ਮੁੱਖ ਉਦੇਸ਼: ਭਿੰਨ-ਭਿੰਨ ਪ੍ਰਵਿਰਤੀਆਂ ਦੇ ਵਿਕਾਸ ਪੜਾਵਾਂ ਨੂੰ ਸੱਪਸ਼ਟ ਕਰਨਾ ਹੈ।ਇਸ ਤੋਂ ਇਲਾਵਾ ਸਾਹਿਤ ਰੂਪਾ ਦਾ ਵਿਕਾਸ ਅਤੇ ਵੱਖ-ਵੱਖ ਧਾਰਾਵਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਸਾਹਿਤ ਦੇ ਮੁੱਲਾਂ ਤੇ ਗੁਣਾ ਦਾ ਤੁਲਣਾਤਮਕ ਅਧਿਐਨ ਕਰਨਾ ਵੀ ਸਾਹਿਤ ਦੀ ਕਾਲ-ਵੰਡ ਦਾ ਉਦੇਸ਼: ਹੈ।ਕਾਲ ਵੰਡ ਦੀਆਂ ਸੀਮਾਵਾਂ ਦਾ ਨਿਸ਼ਚੇ ਕਰਨ ਤੋਂ ਬਿਨਾਂ ਸਾਹਿਤ ਦਾ ਯੋਗ ਵਿਕਾਸ ਨਹੀਂ ਜਚਿਆ ਜਾ ਸਕਦਾ। ਸਾਹਿਤ ਦੀ ਯੋਗ ਕਾਲ-ਵੰਡ, ਸਾਹਿਤ ਰੂਪੀ ਕਿਲ੍ਹੇ ਲਈ ਇਕ ਮਜ਼ਬੂਤ ਕੰਧ ਦਾ ਕੰਮ ਦਿੰਦੀ ਹੈ, ਜਿਸਦਾ ਆਧਾਰ ਲੈ ਕੇ ਇਹ ਹਰ ਪ੍ਰਕਾਰ ਦੇ ਤੂਫਾਨਾਂ ਤੇ ਝੱਖੜਾਂ, ਹਰ ਪ੍ਰਕਾਰ ਦੀ ਆਲੋਚਨਾ-ਪੜਚੋਲ ਦਾ ਮੁਕਾਬਲਾ ਕਰਨ ਵਿਚ ਸਮੱਰਥ ਹੋ ਸਕਦਾ ਹੈ।ਪੰਜਾਬੀ ਸਾਹਿਤ ਦੀ ਅੱਜ ਤੱਕ ਕੋਈ ਵੀ ਸਰਵ-ਪ੍ਰਮਾਣਿਕ ਕਾਲ-ਵੰਡ ਨਹੀਂ ਕੀਤੀ ਜਾ ਸਕੀ।ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਹੁਣ ਤਕ ਤਾਂ ਪੰਜਾਬੀ ਸਾਹਿਤ ਦੀਆਂ ਖਿਲਰੀਆਂ ਕੜੀਆਂ ਨੂੰ ਇਕ ਥਾਂ ਇਕਠਾ ਕਰਨ ਦਾ ਉਪਰਾਲਾ ਤਾਂ ਹੁੰਦਾ ਰਿਹਾ, ਪਰ ਕਾਲ-ਵੰਡ ਸੰਬੰਧੀ ਸਾਰੇ ਵਿਦਵਾਨ ਇਕ ਮੱਤ ਨਹੀਂ ਹਨ।

## ਵਿਸ਼ਾ ਵਸਤੂ:

ਸਾਹਿਤਕ ਇਤਿਹਾਸਕਾਰੀ ਦੇ ਸਿੱਧਾਂਤਕ ਪੱਖ ਨੂੰ ਉਭਾਰਨ ਵਿੱਚ ਜਿੱਥੇ ਬਾਕੀ ਪੱਖਾਂ ਦਾ ਵੀ ਅਹਿਮ ਯੋਗਦਾਨ ਹੁੰਦਾ ਹੈ, ਉਥੇ ਕਾਲ ਵੰਡ ਦਾ ਵੀ ਬਹੁਤ ਮਹੱਤਵ ਹੈ। ਸਾਹਿਤ ਇਤਿਹਾਸ ਦਾ ਘੇਰਾ ਵਿਸ਼ਾਲ ਹੋਣ ਦੇ ਕਾਰਨ ਕਾਲਵੰਡ ਦੇ ਵੀ ਬਹੁਤ ਸਾਰੇ ਤਰੀਕੇ ਸਾਡੇ ਸਾਹਮਣੇ ਆਉਂਦੇ ਹਨ ਜਿਹਨਾਂ ਵਿੱਚ ਬਹੁਤ ਸਮੱਸਿਆਵਾਂ ਪਾਈਆਂ ਗਈਆਂ ਹਨ। ਜਿਨ੍ਹਾਂ-ਜਿਨ੍ਹਾਂ ਇਤਿਹਾਸਕਾਰਾਂ ਵਲੋਂ ਕਾਲ-ਵੰਡ ਕੀਤੀ ਗਈ ਹੈ ਉਹਨਾਂ ਨੇ ਵੱਖ-ਵੱਖ ਤਰੀਕੇ ਅਪਣਾਏ ਗਏ ਹਨ। ਜਿਸ ਕਾਰਨ ਇਹ ਸਮੱਸਿਆ ਪੈਦਾ ਹੁੰਦੀ ਹੈ ਕਿ ਕਿਸ ਸਾਹਿਤ ਇਤਿਹਾਸ ਦੀ ਕਾਲਵੰਡ ਨੂੰ ਠੀਕ ਮੰਨਿਆ ਜਾਵੇ। ਹੇਠਾਂ ਅਸੀਂ ਵੱਖ-ਵੱਖ ਇਤਿਹਾਸਕਾਰਾਂ ਵਲੋਂ ਕੀਤੀ ਕਾਲ-ਵੰਡ ਵਿੱਚ ਪਾਈਆਂ ਜਾਣ ਵਾਲੀਆ ਸਮੱਸਿਆਵਾਂ ਦੀ ਚਰਚਾ ਕਰਾਂਗੇ।

## ਬਾਵਾ ਬੁੱਧ ਸਿੰਘ:

ਸਾਹਿਤ ਇਤਿਹਾਸਕਾਰੀ ਵਿੱਚ ਸਭ ਤੋਂ ਪਹਿਲੀ ਕਾਲ-ਵੰਡ ਬਾਵਾ ਬੁੱਧ ਸਿੰਘ ਨੇ ਕੀਤੀ। ਬਾਵਾ ਬੁੱਧ ਸਿੰਘ ਦੀਆਂ ਦੋਂ ਪੁਸਤਕਾਂ 'ਹੰਸ ਚੋਗ' ਅਤੇ 'ਬੰਬੀਹਾ ਬੋਲ' ਵਿੱਚ ਕਾਲ-ਵੰਡ ਹੇਠ ਲਿਖੇ ਤਰੀਕੇ ਨਾਲ ਕੀਤੀ ਗਈ ਹੈ।

### ਹੰਸ ਚੋਗ

- ਪੁਰਾਣਾ ਸਮਾਂ 11ਵੀਂ ਸਦੀ ਤੋਂ 1860 ਈਂ ਤੱਕ
- ਵਿਚਕਾਰਲਾ ਸਮਾਂ 1860 ਈਂ ਤੋਂ 1925 ਈਂ ਤੱਕ
- ਨਵਾਂ ਸਮਾਂ 1925 ਈ. ਤੋਂ ਅੱਗੇ

### ਬੰਬੀਹਾ ਬੋਲ

- ਮੁਗਲਈ ਕਵਿਤਾ
- ਮੁਲਤਾਨੀ ਕਵਿਤਾ
- ਖਾਲਸਾਈ ਕਵਿਤਾ

ਬਾਵਾ ਬੁੱਧ ਸਿੰਘ ਦੀ ਇਹ ਕਾਲਵੰਡ ਤ੍ਰੈ-ਕਾਲੀ ਵੰਡ ਹੈ। ਇਸ ਵਿੱਚ ਇਹ ਸਮੱਸਿਆ ਪਾਈ ਗਈ ਹੈ ਕਿ ਨਿਖੇੜੇ ਦਾ ਕੋਈ ਸਪਸ਼ਟ ਆਧਾਰ ਨਜ਼ਰ ਨਹੀਂ ਆਉਂਦਾ ਅਤੇ ਨਾਲ ਹੀ 1860 ਈ ਤੋਂ 1925 ਈ. ਨੂੰ ਕਾਲਵੰਡ ਦੇ ਨਿਖੇੜ-ਬਿੰਦੂ ਵਿਚ ਸਪਸ਼ਟਤਾ ਨਹੀਂ ਹੈ।

## ਬਨਾਰਸੀ ਦਾਸ ਜੈਨ:

ਬਨਾਰਸੀ ਦਾਸ ਜੈਨ ਨੇ ਆਪਣੀ ਪੁਸਤਕ 'ਪੰਜਾਬੀ ਜੁਬਾਨ ਤੇ ਉਸਦਾ ਲਿਟਰੇਚਰ' ਵਿੱਚ ਕਾਲਵੰਡ ਇਸ ਪ੍ਰਕਾਰ ਕੀਤੀ ਹੈ:

- ਸਿੱਖ ਸਾਹਿਤ
- ਹਿੰਦੂ ਸਾਹਿਤ
- ਦੁਨਿਆਵੀ ਸਾਹਿਤ
- ਮੁਸਲਮਾਨੀ ਸਾਹਿਤ
- ਇਸਾਈ ਸਾਹਿਤ
- ਨਵਾਂ ਸਾਹਿਤ

ਇਸ ਕਾਲਵੰਡ ਵਿੱਚੋਂ ਸਭ ਤੋਂ ਵੱਡੀ ਸਮੱਸਿਆ ਹੈ ਕਿ ਕਾਲਵੰਡ ਸੰਪਰਦਾਇਕ ਆਧਾਰਾਂ ਤੇ ਕੀਤੀ ਗਈ ਹੈ। ਧਰਮ ਨਾਲ ਸੰਬੰਧਿਤ ਸਾਹਿਤ ਵੀ ਇਸ ਤਰ੍ਹਾਂ ਕਾਲਿਕ ਏਕਤਾ ਵਿੱਚ ਨਹੀਂ ਹੁੰਦਾ। ਇਸ ਤੋਂ ਇਲਾਵਾ ਧਰਮ ਸਾਹਿਤਕ ਤੌਰ 'ਤੇ ਨਿਰਧਾਰਿਤ ਕਰਨ ਵਾਲਾ ਤੱਤ ਨਹੀਂ ਹੁੰਦਾ।

## ਡਾ. ਮੋਹਨ ਸਿੰਘ ਦੀਵਾਨਾ:

ਡਾ. ਮੋਹਨ ਸਿੰਘ ਦੀਵਾਨਾ ਜੀ ਅਨੁਸਾਰ ਪੰਜਾਬੀ ਸਾਹਿਤ ਦੀ ਕਾਲ ਵੰਡ ਇਸ ਪ੍ਰਕਾਰ ਕੀਤੀ ਗਈ ਹੈ।

- ਪੂਰਵ ਨਾਨਕ ਕਾਲ 850-1450
- ਨਾਨਕ ਕਾਲ 1451-1700
- ਵਾਰਸ ਕਾਲ/ਕਾਲ ਮੁਗਲਈ ਕਾਲ 1701-1800
- ਰਣਜੀਤ ਸਿੰਘ ਕਾਲ 1801-1860
- ਆਧੁਨਿਕ ਕਾਲ / ਬਰਤਾਨਵੀ ਕਾਲ 1861

ਇਸ ਕਾਲ-ਵੰਡ ਵਿੱਚ ਵੀ ਸਮੱਸਿਆ ਨਜ਼ਰ ਆਉਂਦੀ ਹੈ। ਸਾਹਿਤ ਦੀ ਕਾਲ-ਵੰਡ ਮਹਾਂਪੁਰਸ਼ਾਂ ਦੇ ਨਾਵਾਂ ਤੇ ਕਰਨਾ ਠੀਕ ਨਹੀਂ ਜਾਪਦਾ ਕਿਉਂਕਿ ਕੋਈ ਵੀ ਕਵੀ ਆਪਣੇ ਸਮੇਂ ਦਾ ਪੂਰਨ ਭਾਂਤ ਨਾਲ ਪ੍ਰਤੀਨਿਧ ਨਹੀਂ ਆਖਿਆ ਜਾ ਸਕਦਾ।

## ਪ੍ਰੋ ਸੁਰਿੰਦਰ ਸਿੰਘ ਕੋਹਲੀ:

ਪ੍ਰੋ: ਸੁਰਿੰਦਰ ਸਿੰਘ ਕੋਹਲੀ ਨੇ ਆਪਣੇ ਇਤਿਹਾਸ ਵਿੱਚ ਪੰਜਾਬੀ ਸਾਹਿਤ ਦੀ ਸਮੇਂ ਵੰਡ ਇਸ ਪ੍ਰਕਾਰ ਕੀਤੀ ਹੈ।

- ਗੁਰਮਤਿ ਸਾਹਿਤ
- ਸੂਫ਼ੀ ਸਾਹਿਤ
- ਬਿਆਨੀਆ ਕਵਿਤਾ
- ਨਵਾਂ ਸਾਹਿਤ

ਇਸ ਵਿੱਚ ਇਹ ਸਮੱਸਿਆ ਹੈ ਕਿ 11 ਵੀ ਅਤੇ 12 ਵੀਂ ਸਦੀ ਦੇ ਸੂਫ਼ੀ ਸਾਹਿਤ ਅਤੇ 15 ਵੀ ਸਦੀ ਦੇ ਸੂਫ਼ੀ ਸਾਹਿਤ ਨੂੰ ਇੱਕ ਥਾਂ ਇਕੱਠਾ ਕਰ ਦੇਣਾ ਉੱਚਿਤ ਨਹੀਂ।

## ਪ੍ਰਮੁੱਖ ਸਮੱਸਿਆਵਾਂ:

- ਕਾਲ-ਵੰਡ ਕਰਨ ਵਿੱਚ ਕਾਲ ਵੰਡ ਨਿਰਧਾਰਿਤ ਕਰਨ ਦੀ ਵੀ ਸਮੱਸਿਆ ਆਉਂਦੀ ਹੈ ਕਿ ਕਾਲ-ਵੰਡ ਖਾਸ-ਖਾਸ ਲੇਖਕਾ ਨੂੰ ਆਧਾਰ ਬਣਾ ਕੇ ਕੀਤੀ ਜਾਵੇ ਜਾਂ ਇਹ ਆਮ ਇਤਿਹਾਸ ਨੂੰ ਨਾਲ ਲੈ ਕੇ ਕੀਤੀ ਜਾਵੇ।
- ਕਾਲ-ਵੰਡ ਵਿੱਚ ਇਹ ਸਮੱਸਿਆ ਇਹ ਹੈ ਕਿ ਇਤਿਹਾਸਕਾਰਾਂ ਨੇ ਨਿਸ਼ਚਿਤ ਸਮੇਂ ਦੀਆਂ ਇਕਾਈਆਂ ਵਿੱਚ ਨਾਂ ਜਾ ਕੇ ਸਦੀਆ ਵਿੱਚੋਂ ਹੀ ਸਮੇਟ ਦਿੱਤਾ ਗਿਆ ਹੈ।
- ਕਾਲ-ਵੰਡ ਦੀ ਅਗਲੀ ਸਮੱਸਿਆ ਇਹ ਹੈ ਕਿ ਕਾਲ ਵਿੱਚ ਹੋਈ ਪ੍ਰਵਿਰਤੀ ਨੂੰ ਉਸ ਕਾਲ ਤੱਕ ਹੀ ਖਤਮ ਕਰਾਇਆ ਗਿਆ ਹੈ। ਕਿ ਅਗਲੇ ਕਾਲ ਵਿੱਚ ਉਸ ਦੀ ਹੋਂਦ ਨੂੰ ਨਹੀਂ ਦਰਸਾਇਆ ਗਿਆ।
- ਕਾਲ-ਵੰਡ ਦੀ ਅਗਲੀ ਸਮੱਸਿਆ ਇਹ ਹੈ ਕਿ ਸਮਾਜਿਕ ਇਤਿਹਾਸ ਨੂੰ ਸਾਹਮਣੇ ਰੱਖ ਕੇ ਕਾਲ-ਵੰਡ ਕੀਤੀ ਗਈ ਹੈ ਕਾਦੋ ਕਿ ਸਮਾਜਿਕ ਇਤਿਹਾਸ ਅਤੇ ਸਾਹਿਤਕ ਇਤਿਹਾਨ ਦੇ ਦਾਵੰਦਆਤਮਕ ਸੰਬੰਧ ਨਹੀਂ ਬਧਦੇ ਗਏ।
- ਕਾਲ ਵੰਡ ਦੀ ਅਗਲੀ ਸਮੱਸਿਆ ਇਹ ਹੈ ਕਿ ਸਾਹਿਤ ਦੇ ਇਤਿਹਾਸਕਾਰ ਵਲੋਂ ਸਾਹਿਤ ਇਤਿਹਾਸ ਦੀ ਪੂਰੀ ਸਮੱਗਰੀ ਨਹੀਂ ਜੁਟਾਈ ਗਈ ਜਿਸ ਕਾਰਨ ਕਾਲ-ਵੰਡ ਵੀ ਨਹੀਂ ਕੀਤੀ ਜਾ ਸਕਦੀ।

## ਪੰਜਾਬੀ ਸਾਹਿਤ ਦੀ ਕਾਲ ਵੰਡ ਦੇ ਆਧਾਰ:

ਪੰਜਾਬੀ ਸਾਹਿਤ ਦੇ ਦੋ ਇਤਿਹਾਸ ਅਜਿਹੇ ਮਿਲਦੇ ਹਨ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਦੀ ਕਾਲ-ਵੰਡ ਦੇ ਆਧਾਰ ਬਾਰੇ ਕਾਫ਼ੀ ਚਰਚਾ ਕੀਤੀ ਗਈ ਹੈ। ਇਹ ਹਨ :

1. ਪੰਜਾਬੀ ਸਾਹਿਤ ਦਾ ਇਤਿਹਾਸ, ਗਿਆਨੀ ਹੀਰਾ ਸਿੰਘ ਦਰਦ
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਡਾ. ਜੀਤ ਸਿੰਘ ਸੀਤਲ

ਸਭ ਤੋਂ ਪਹਿਲਾਂ ਅਸੀਂ ਗਿਆਨੀ ਹੀਰਾ ਸਿੰਘ ਦਰਦ ਦੀ ਪੁਸਤਕ ਵਿਚੋਂ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿਚ ਦਿਆਂਗੇ :

*ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ*

ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਕਰਨ ਤੋਂ ਪਹਿਲਾਂ ਉਸ ਅਸੂਲ ਨੂੰ ਸਮਝਣਾ ਜ਼ਰੂਰੀ ਹੈ, ਜਿਸ ਅਨੁਸਾਰ ਸਾਹਿਤ ਦੇ ਇਤਿਹਾਸ ਦੀ ਸਹੀ ਕਾਲ-ਵੰਡ ਕੀਤੀ ਜਾ ਸਕੇ, ਅਤੇ ਜਿਸ ਤੋਂ ਸਾਹਿਤ ਦੀ ਉਤਪਤੀ ਤੇ ਵਿਕਾਸ ਲੜੀਵਾਰ ਤੇ ਜੁੜਵਾਂ ਸਮਝਿਆ ਜਾ ਸਕੇ। ਵਰਤਮਾਨ ਸਮਾਂ ਵਿਗਿਆਨਕ ਜੁਗ ਦਾ ਹੈ। ਸੋਝੀਵਾਨ ਮਨੁੱਖਾਂ ਦੇ ਦਿਲ ਵਿਚ ਉਹੀ ਗੱਲ ਚੰਗੀ ਤਰ੍ਹਾਂ ਦ੍ਰਿੜ੍ਹ ਹੋ ਕੇ ਬੈਠਦੀ ਹੈ, ਜਿਹੜੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਬਿਆਨ ਕੀਤੀ ਹੋਵੇ।

ਰਾਜਸੀ ਤੇ ਮੁਲਕੀ ਇਤਿਹਾਸ ਬੜੇ ਚਿਰ ਤੋਂ ਲਿਖਣ ਦਾ ਰਿਵਾਜ ਹੈ, ਪਰ ਪੁਰਾਣੇ ਇਤਿਹਾਸ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਨਹੀਂ ਸਨ ਲਿਖੇ ਜਾਂਦੇ। ਰਾਜਿਆਂ, ਮਹਾਰਾਜਿਆਂ, ਸੈਨਾਪਤੀਆਂ ਤੇ ਮਜ਼ਬੀ ਆਗੂਆਂ ਦੀਆਂ ਸ਼ਖਸੀਅਤਾਂ ਦੇ ਦੁਆਲੇ ਹੀ ਸਾਰੀਆਂ ਇਤਿਹਾਸਕ ਘਟਨਾਵਾਂ ਤੇ ਤਬਦੀਲੀਆਂ ਨੂੰ ਲਪੇਟਿਆ ਜਾਂਦਾ ਸੀ ਅਤੇ ਸਮਾਜ ਦੀ ਸਹੀ ਬੁਨਿਆਦ ਪੈਦਾਵਾਰ ਦੇ ਸੰਦਾਂ, ਸਾਧਨਾਂ ਤੇ ਸ਼ਕਤੀਆਂ ਨੂੰ ਅਣਡਿੱਠ ਕੀਤਾ ਜਾਂਦਾ ਸੀ। ਉਨ੍ਹੀਵੀਂ ਸਦੀ ਵਿਚ ਪੈਦਾ ਹੋਏ ਸਮਾਜਕ ਵਿਗਿਆਨ ਨੇ ਦੱਸਿਆ ਹੈ ਕਿ ਸਹੀ ਇਤਿਹਾਸ ਵੀ ਇਤਿਹਾਸ ਦੀ ਪਦਾਰਥਕ ਵਿਆਖਿਆ ਅਨੁਸਾਰ ਹੀ ਲਿਖਿਆ ਜਾ ਸਕਦਾ ਹੈ। ਇਸ ਵਾਸਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਹਿਤ ਦਾ ਇਤਿਹਾਸ ਵੀ ਸਮੇਂ ਦੀ ਪਦਾਰਥਕ ਵਿਆਖਿਆ ਕਰ ਕੇ ਲਿਖਿਆ ਜਾਵੇ ਤਾਂ ਹੀ ਇਹ ਇਤਿਹਾਸ ਸਹੀ ਹੋਵੇਗਾ ਨਹੀਂ ਤਾਂ ਇਤਿਹਾਸ ਦੀ ਪਦਾਰਥਕ ਵਿਆਖਿਆ ਸਮੇਂ ਸਾਨੂੰ ਹਰ ਕਾਲ ਵਿਚ ਪੈਦਾਵਾਰੀ ਦੇ ਸੰਦਾਂ, ਸਾਧਨਾਂ, ਆਰਥਕ ਸੰਬੰਧਾਂ, ਰਾਜਸੀ ਪ੍ਰਬੰਧ ਅਤੇ ਇਨ੍ਹਾਂ ਦੇ ਪ੍ਰਭਾਵ ਨਾਲ ਪੈਦਾ ਹੋਈਆਂ ਧਾਰਮਕ ਤੇ ਰਾਜਸੀ ਲਹਿਰਾਂ ਨੂੰ ਵੇਖਣਾ ਚਾਹੀਦਾ ਹੈ। ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਤੇ ਇਸ ਦੀ ਵਿਆਖਿਆ ਲਗਭਗ ਸਭ ਬੋਲੀਆਂ ਵਿਚ ਹੇਠਾਂ ਲਿਖੇ ਅਨੁਸਾਰ ਕੀਤੀ ਜਾਂਦੀ ਹੈ।

1. ਮਹਾਨ ਸਾਹਿਤਕਾਰਾਂ ਦੇ ਨਾਵਾਂ ਅਨੁਸਾਰ ਕਾਲ ਨੂੰ ਮਿੱਥਣਾ।

2. ਮਜ਼ਬੀ ਲਹਿਰਾਂ ਦੇ ਨਾਵਾਂ ਨਾਲ ਸਾਹਿਤ ਨੂੰ ਵੰਡਣਾ।

3. ਵੱਖ-ਵੱਖ ਪਾਤਸ਼ਾਹਾਂ ਜਾਂ ਸ਼ਾਹੀ ਖਾਨਦਾਨਾਂ ਦੇ ਨਾਂ ਅਨੁਸਾਰ ਕਾਲ ਨੂੰ ਵੰਡਣਾ।

4. ਸਮਾਜ ਦੀ ਪਦਾਰਥਕ ਤੇ ਰਾਜਸੀ ਹਾਲਤ ਨੂੰ ਮੁੱਖ ਰੱਖ ਕੇ ਰਾਜਸੀ ਨਿਯਮਾਂ ਦੇ ਬਣਨ ਤੇ ਬਦਲਣ ਦੇ ਪ੍ਰਭਾਵਾਂ ਨੂੰ ਮੁੱਖ ਰੱਖ ਕੇ ਕਾਲ-ਵੰਡ ਕਰਨੀ। ਇਨ੍ਹਾਂ ਉੱਪਰ ਲਿਖੇ ਚੌਹਾਂ ਢੰਗਾਂ ਵਿਚੋਂ ਚੌਥਾ ਢੰਗ ਹੀ ਸਹੀ ਅਤੇ ਵਿਗਿਆਨਕ ਹੈ।

## 1.ਮੱਧਕਾਲ

(ੳ) ਅਰੰਭਕ ਮੱਧਕਾਲ - 850 ਈਸਵੀ ਤੋਂ 1526 ਈਸਵੀ ਤੱਕ

(ਅ) ਵਿਚਕਾਰਲਾ ਮੱਧਕਾਲ (ਜਾਂ ਅਰੰਭਕ ਮੁਗਲ ਕਾਲ)- 1526 ਈਸਵੀ ਤੋਂ 1700 ਈਸਵੀ ਤੱਕ

(ੲ) ਅੰਤਮ ਮੱਧਕਾਲ ਜਾਂ ਮੁਗਲ ਰਾਜ ਦੀ ਅਧੋਗਤੀ ਤੇ ਲੋਕ, ਜਾਗਰਤੀ ਦਾ ਕਾਲ - 1700 ਈਸਵੀ ਤੋਂ 1800 ਈਸਵੀ ਤੱਕ

(ਸ) ਸਿੱਖ ਰਾਜ (ਰਣਜੀਤ ਸਿੰਘ ਕਾਲ)- 1800 ਈਸਵੀ ਤੋਂ 1850 ਈਸਵੀ ਤੱਕ

## 2.ਨਵੀਨ ਕਾਲ

(ੳ) ਸੁਧਾਰਕ ਕਾਲ - 1850 ਈਸਵੀ ਤੋਂ 1900 ਈਸਵੀ ਤੱਕ

(ਅ) ਕੌਮੀ ਜਾਗਰਤੀ ਦਾ ਕਾਲ - 1900 ਈਸਵੀ ਤੋਂ 1920 ਈਸਵੀ ਤੱਕ

(ੲ) ਅਜ਼ਾਦੀ ਲਈ ਘੋਲਾਂ ਦਾ ਕਾਲ - 1920 ਈਸਵੀ ਤੋਂ 1947 ਈਸਵੀ ਤੱਕ

(ਸ) ਕੌਮੀ ਰਾਜ ਕਾਲ - 1947 ਈਸਵੀ ਤੋਂ ਅੱਗੇ।

ਇਹ ਕਾਲ-ਵੰਡ ਵਿਗਿਆਨਕ ਅਸੂਲ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਇਨ੍ਹਾਂ ਦੋ ਕਾਲਾਂ ਨੂੰ ਨਿਖੇੜਨ ਵਾਲੇ ਪੈਦਾਵਾਰਕ ਸ਼ਕਤੀਆਂ ਤੇ ਉਨ੍ਹਾਂ ਅਨੁਸਾਰ ਪੈਦਾ ਹੋਏ ਵਿਚਾਰ ਹਨ।

ਪੁਰਾਣੇ ਕਾਲ ਵਿਚ ਜਮੀਨੀ ਆਰਥਕਤਾ, ਜਗੀਰਦਾਰੀ, ਵਿਅਕਤੀਵਾਦ, ਜਗੀਰਦਾਰਾਂ, ਗੁਰੂਆਂ, ਅਵਤਾਰਾਂ, ਰਾਜਿਆਂ ਦਾ ਆਗੂ ਹੋਣਾ, ਲੋਕਅਧਿਕਾਰਾਂ ਦੀ ਅਣਹੋਂਦ, ਰੱਬੀ ਸ਼ਕਤੀਆਂ, ਆਦਰੈਵਾਦ, ਕਰਾਮਾਤਾਂ, ਕਰਮਾਂ, ਵਹਿਮਾਂ, ਭਰਮਾਂ ਤੇ ਭਾਗਾਂ ਦੀਆਂ ਮਨੌਤਾਂ।

ਆਧੁਨਿਕ ਕਾਲ ਵਿਚ ਆਰਥਕਤਾ ਦੀ ਪ੍ਰਧਾਨਤਾ, ਰਾਸ਼ਟਰਵਾਦ, ਕਿਸਾਨਾਂ ਮਜ਼ਦੂਰਾਂ ਵਿਚ ਜਾਗਰਤੀ, ਲੋਕਾਂ ਦੇ ਅਧਿਕਾਰ, ਅਜ਼ਾਦੀ, ਬਰਾਬਰੀ, ਯਥਾਰਥਵਾਦ ਤੇ ਸਮਾਜਵਾਦ ਦੇ ਵਿਚਾਰਾਂ ਦੀ ਪਰਧਾਨਤਾ।

ਇਨ੍ਹਾਂ ਦੋ ਕਾਲਾਂ ਵਿਚ ਵਿਕਾਸ ਦੀਆਂ ਸਟੇਜਾਂ ਅਨੁਸਾਰ ਚਾਰ-ਚਾਰ ਭਾਗਾਂ ਵਿਚ ਵੰਡ ਕੀਤੀ ਗਈ ਹੈ।

ਡਾ. ਜੀਤ ਸਿੰਘ ਸੀਦਲ ਨੇ ਵੀ ਆਪਣੇ ਦ੍ਰਿਸ਼ਟੀਕੋਣ ਤੋਂ ਇਕ ਕਾਲਵੰਡ ਪੇਸ਼ ਕੀਤੀ ਜਿਸ ਨੂੰ ਉਨ੍ਹਾਂ ਨੇ ਵਿਗਿਆਨਕ ਕਾਲਵੰਡ ਦਾ ਨਾਮ ਦਿੱਤਾ ਹੈ।

ਉਹਨਾਂ ਅਨੁਸਾਰ, ਕਿਸੇ ਵੀ ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਜਾਂ ਤਾਂ ਅਜਿਹੇ ਰਾਜਸੀ ਖਾਨਦਾਨ ਦੇ ਆਧਾਰ ਤੇ ਹੋਣੀ ਚਾਹੀਦੀ ਹੈ ਜਿਸ ਨੇ ਦੇਸ਼ ਜਾਂ ਕੌਮ ਦੇ ਸਾਹਿਤ ਦੀ ਵਿਸ਼ੇਸ਼ ਸੇਵਾ ਕੀਤੀ ਹੋਵੇ। ਜਾਂ ਫਿਰ ਸਾਹਿਤਕ ਪਰਵਿਰਤੀਆਂ ਤੇ ਸਥਿਤੀਆਂ ਵਿਚ ਪਰਿਵਰਤਨ ਆਉਣ ਤੇ ਹੋਵੇ, ਜਾਂ ਕੋਈ ਅਜਿਹਾ ਮਹਾਨ ਸਾਹਿਤਕਾਰ ਚੰਨ ਵਾਂਗ ਤਾਰਿਆਂ ਵਿਚ ਵੱਖਰਾ ਚਮਕਦਾ ਦਿੱਖੇ, ਜਿਸ ਨੂੰ ਮੂਲ ਆਧਾਰ ਬਣਾ ਕੇ ਕਾਲ-ਵੰਡ ਕੀਤੀ ਜਾ ਸਕੇ।

ਰਾਜਸੀ ਪੱਧਰ ਉਤੇ ਕੀਤੀ ਗਈ ਕਾਲ-ਵੰਡ ਉਨ੍ਹਾਂ ਨੂੰ ਸਵੀਕਾਰ ਨਹੀਂ। ਇਸ ਢੰਗ ਦੀ ਕਾਲ-ਵੰਡ ਦਾ ਖੰਡਨ ਕਰਦਿਆਂ ਹੋਇਆ ਉਹ ਲਿਖਦੇ ਹਨ;

ਪੰਜਾਬੀ ਸਾਹਿਤ ਦੇ ਇਤਿਹਾਸ ਦੀ ਰਾਜਸੀ ਪੱਧਰ ਉਤੇ ਕਾਲ-ਵੰਡ ਨਹੀਂ ਹੋ ਸਕਦੀ, ਕਿਉਂਜੋ ਕਿਸੇ ਵੀ ਰਾਜੇ ਜਾਂ ਸ਼ਾਸਕ ਨੇ ਪੰਜਾਬੀ ਲਈ ਕੁਝ ਨਹੀਂ ਕੀਤਾ। ਮੁਗਲ ਕਾਲ, ਜਾਂ ਪਿਛਲੇਰਾ ਮੁਗਲ ਕਾਲ ਕਹਿਣ ਜਾਂ ਕਿਮਣ ਲਈ ਸਾਡੇ ਕੋਲ ਕੋਈ ਵਿਗਿਆਨਕ ਮੂਲ ਆਧਾਰ ਨਹੀਂ, ਕਿਉਂਜੋ ਮੁਗਲਾਂ ਵੇਲੇ ਸਰਕਾਰੀ ਭਾਸ਼ਾ ਤਾਂ ਫਾਰਸੀ ਸੀ ਅਤੇ ਉਨ੍ਹਾਂ ਨੇ ਪੰਜਾਬੀ ਨੂੰ ਉੱਨਤ ਜਾਂ ਵਿਕਸਤ ਕਰਨ ਲਈ ਕੋਈ ਯਤਨ ਨਹੀਂ ਕੀਤਾ। ਇਸ ਦ੍ਰਿਸ਼ਟੀਕੋਣ ਤੋਂ ਰਣਜੀਤ ਸਿੰਘ ਕਾਲ ਜਾਂ ਸਿੱਖ ਕਾਲ ਵੀ ਨਿਰਮੂਲ ਹੈ ਕਿਉਂਜੋ ਨਾ ਤਾਂ ਉਸ ਸਮੇਂ ਪਹਿਲਿਆਂ ਪ੍ਰਚੱਲਤ ਕੀਮਤਾਂ ਤੇ ਵਾਪਰੀਆਂ ਪ੍ਰਸਥਿਤੀਆਂ ਵਿਚ ਕੋਈ ਫਰਕ ਪਿਆ, ਤੇ ਨਾ ਹੀ ਸਿੱਖ ਰਾਜ ਨੇ ਪੰਜਾਬੀ ਲਈ ਕੋਈ ਸਾਹਿਤਕ ਉਦਮ ਤੇ ਉਪਰਾਲੇ ਕੀਤੇ। ਫਾਰਸੀ ਹੀ ਸਰਕਾਰੀ ਜ਼ਬਾਨ ਰਹੀ ਅਤੇ ਸਾਰਾ ਕੰਮ ਕਾਜ ਫਾਰਸੀ ਵਿਚ ਹੀ ਹੁੰਦਾ ਰਿਹਾ। ਇਸੇ ਤਰ੍ਹਾਂ ਅੰਗਰੇਜ਼ੀ ਕਾਲ ਕਹਿਣਾ ਵੀ ਢੁੱਕਦਾ ਨਹੀਂ। ਹਾਂ, ਜੇਕਰ ਸਮੇਂ ਦੇ ਆਧਾਰ ਤੇ ਵੰਡ ਕੀਤੀ ਜਾਵੇ ਤਾਂ ਪੁਰਾਤਨ, ਮੱਧ ਤੇ ਵਰਤਮਾਨ ਤਿੰਨ ਕਾਲ ਇਸ ਇਤਿਹਾਸ ਵੰਡ ਦੇ ਮੁੱਖ ਤੌਰ ਤੇ ਕੀਤੇ ਜਾ ਸਕਦੇ ਹਨ।

ਵਿਸ਼ੇ ਵੰਡ ਜਾਂ ਧਰਮ ਦੇ ਆਧਾਰ ਤੇ ਕੀਤੀ ਗਈ ਕਾਲ-ਵੰਡ ਨੂੰ ਵੀ ਉਹ ਅਵਿਗਿਆਨਕ ਕਹਿੰਦੇ ਹਨ। ਮਹਾਨ ਸਾਹਿਤਕਾਰਾਂ ਨੂੰ ਆਧਾਰ ਬਣਾ ਕੇ ਕੀਤੀ ਕਾਲ-ਵੰਡ ਬਾਰੇ ਉਨ੍ਹਾਂ ਦਾ ਨਿਰਣਾ ਹੈ ਕਿ :

ਪੰਜਾਬੀ ਸਾਹਿਤ ਦੇ ਇਤਿਹਾਸ ਉਪਰ ਇਕ ਪੰਛੀ ਝਾਤ ਮਾਰਨ ਲੱਗਿਆਂ ਸਾਨੂੰ ਗੁਰੂ ਨਾਨਕ ਤੋਂ ਛੁੱਟ ਕੋਈ ਅਜਿਹਾ ਵਿਅਕਤੀ ਨਹੀਂ ਲੱਭਦਾ, ਜਿਸ ਦੀ ਆਮਦ ਨਾਲ ਸਾਹਿਤ, ਭਾਸ਼ਾ ਤੇ ਉਸ ਦੀ ਲਿਪੀ ਤੇ ਕੋਈ ਡੂੰਘਾ ਜਾਂ ਵਿਸ਼ੇਸ਼ ਪ੍ਰਭਾਵ ਪਿਆ ਹੋਵੇ। ਸੂਫ਼ੀਆਂ ਵਿਚੋਂ ਫਰੀਦ, ਸ਼ਾਹ ਹੁਸੈਨ ਜਾਂ ਬੁੱਲ੍ਹਾ ਸ਼ੁਰੂਰ ਸ਼ਰੋਮਣੀ ਕਵੀ ਹੋਏ ਹਨ ਪਰ ਉਨ੍ਹਾਂ ਦੀ ਰਚਨਾ ਫਾਰਸੀ ਅੱਖਰਾਂ (ਲਿੱਪੀ) ਵਿਚ ਹੁੰਦੀ ਸੀ। ਨਾ ਹੀ ਉਨ੍ਹਾਂ ਦਾ ਕੋਈ ਅੱਡਰਾ ਮੱਤ ਬਣ ਸਕਿਆ, ਜਿਸ ਨੇ ਪਿੱਛੋਂ ਆਉਣ ਵਾਲੇ ਕਵੀਆਂ ਨੂੰ ਪ੍ਰਭਾਵਤ ਕੀਤਾ ਹੋਵੇ। ਇਹੀ ਹਾਲ ਕਿੱਸੇਕਾਰਾਂ ਦਾ ਹੈ। ਫਿਰ ਜੇਕਰ ਕਿਸੇ ਇਕ ਵਿਅਕਤੀ ਨੂੰ ਲੈਂਦੇ ਹਾਂ, ਤਾਂ ਉਸੇ ਕਾਲ ਵਿਚ ਉਸ ਦੇ ਸਤੱਰ ਦੇ ਹੋਰ ਸਾਹਿਤਕਾਰ ਦਿਸਦੇ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਅਰਥਾਤ ਜੇ ਸ਼ਾਹ ਹੁਸੈਨ ਦਾ ਕਾਲ ਕਹਿੰਦੇ ਹਾਂ, ਤਾਂ ਅਲੀ ਹੈਦਰ ਜਾਂ ਸੁਲਤਾਨ ਬਾਹੂ ਦਾ ਕਾਲ ਕਿਉਂ ਨਹੀਂ ਮੰਨਿਆ ਜਾ ਸਕਦਾ, ਦਮੋਦਰ ਕਾਲ ਵਿਚ ਹਾਫੈ ਬਰਖੁਰਦਾਰ ਜਾਂ ਪੀਲੂ ਨੂੰ ਕਿਵੇਂ ਅੱਖੋਂ ਓਹਲੇ ਕਰ ਸਕਦੇ ਹਾਂ। ਵਾਰਿਸ ਕਾਲ ਵਿਚ ਬੁੱਲ੍ਹਾ, ਨਜ਼ਾਬਤ, ਹਾਮਦ, ਮੁਕਬਲ ਵੀ ਉਨੇ ਹੀ ਪ੍ਰਸਿੱਧ ਕਵੀ ਹਨ। ਕਾਦਰ ਯਾਰ, ਅਹਿਮਦ ਯਾਰ, ਹਾਸ਼ਮ ਵਿਚੋਂ ਕਿਸ ਦਾ ਕਾਲ ਮੰਨਾਂਗੇ। ਇਸੇ ਤਰ੍ਹਾਂ ਆਧੁਨਿਕ ਕਾਲ ਵਿਚ ਭਾਈ ਵੀਰ ਸਿੰਘ, ਪੂਰਨ ਸਿੰਘ, ਕਾਲੀ ਦਾਸ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਚੋਂ ਕਿਸ ਦੇ ਨਾਮ ਉਤੇ ਕਾਲ ਨਿਸ਼ਚਿਤ ਕਰਾਂਗੇ। ਫੇਰ ਜੇਕਰ ਕਵੀ ਦੇ ਆਧਾਰ ਤੇ ਕਾਲ ਮਿੱਥਦੇ ਹਾਂ, ਤਾਂ ਗੱਦਕਾਰ ਜਾਂ ਨਾਟਕਕਾਰ ਨੂੰ ਕਿਉਂ ਨਹੀਂ ਆਧਾਰ ਬਣਾਇਆ ਜਾ ਸਕਦਾ।

ਉਪਰੋਕਤ ਚਰਚਾ ਤੋਂ ਕੇਵਲ ਇਹ ਸਿੱਟਾ ਨਿਕਲਦਾ ਹੈ ਕਿ ਸਾਰੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰੂ ਨਾਨਕ ਅਜਿਹਾ ਯੁੱਗ ਪੁਰਸ਼ ਤੇ ਦੈਵੀ ਸਾਹਿਤਕਾਰ ਹੋਇਆ ਹੈ, ਜਿਸ ਦੇ ਜਨਮ ਨਾਲ ਪੰਜਾਬੀ ਦਾ ਸਿਤਾਰਾ ਚਮਕਣ ਲੱਗਦਾ ਹੈ ਤੇ ਜਿਸ ਦਾ ਪ੍ਰਭਾਵ ਸਮਕਾਲੀ ਤੇ ਪਿੱਛੋਂ ਆਏ ਸਾਹਿਤਕਾਰਾਂ ਨੇ ਕਬੂਲ ਕੀਤਾ, ਜਿਸ ਦੇ ਵਿਸ਼ੇ ਵਸਤੂ ਨੇ ਪੰਜਾਬੀ ਸਾਹਿਤ ਦੀ ਨੁਹਾਰ ਬਦਲ ਦਿੱਤੀ ਤੇ ਜਿਸ ਦੇ ਗੁਰਮੁਖੀ ਲਿਪੀ ਤੇ

*ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ*

ਪੰਜਾਬੀ ਭਾਸ਼ਾ ਦੇ ਪ੍ਰਯੋਗ ਨੇ ਇਸ ਲਿਪੀ ਤੇ ਭਾਸ਼ਾ ਨੂੰ ਲੋਕਪ੍ਰਿਯ ਬਣਾ ਦਿੱਤਾ। ਇਥੋਂ ਤੱਕ ਕਿ ਸੂਫ਼ੀ ਕਾਵਿਧਾਰਾ, ਭਗਤੀ ਕਾਵਿਧਾਰਾ, ਬੀਰ ਕਾਵਿਧਾਰਾ ਆਦਿ ਵਿਚ ਗੁਰੂਆਂ ਦਾ ਸਾਰੀ ਸ਼ਬਦਾਵਲੀ ਤੇ ਲਿਪੀ ਵਿਧਾਨ ਅਪਣਾ ਲਏ ਗਏ।

ਗੁਰੂ ਨਾਨਕ, ਗੁਰੂ-ਕਾਲ ਦਾ ਕੇਂਦਰ ਬਿੰਦੂ ਹੈ। ਇਸ ਲਈ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਕਰਨ ਲੱਗਿਆਂ ਗੁਰੂ ਨਾਨਕ ਨੂੰ ਪੰਜਾਬੀ ਸਾਹਿਤ, ਭਾਸ਼ਾ ਅਤੇ ਲਿਪੀ ਦਾ ਮੋੜ੍ਹੀ-ਗੱਡ ਗਿਣ ਕੇ ਇਸ ਕਾਲ ਨੂੰ ਨਿਸ਼ਚਿਤ ਕਰ ਸਕਦੇ ਹਾਂ ਤੇ ਇਹ ਹੈ ਨਾਨਕ ਕਾਲ। ਇਸ ਦਾ ਸਮਾਂ 1469 ਤੋਂ 1708 ਈਸਵੀ ਤੱਕ ਮਿੱਥਿਆ ਜਾ ਸਕਦਾ ਹੈ। ਇਸ ਦੇ ਦੋ ਭਾਗ ਬਣ ਸਕਦੇ ਹਨ -

(ੳ)1469 ਤੋਂ 1604 ਈਸਵੀ ਤੱਕ (ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਤੱਕ)

(ਅ)1604 ਤੋਂ 1708 ਈਸਵੀ ਤੱਕ (ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ)

ਜਦ ਨਾਨਕ ਕਾਲ ਨਿਸ਼ਚਿਤ ਹੋ ਗਿਆ, ਤਾਂ ਇਸ ਦੇ ਨਾਲੀ ਦੋ ਕਾਲ ਹੋਰ ਆਪਣੇ ਆਪ ਹੋ ਜਾਂਦੇ ਹਨ ਅਰਥਾਤ ਪਹਿਲਾ ਪੂਰਵ ਨਾਨਕ ਕਾਲ ਅਤੇ ਦੂਜਾ ਉਤਰ ਨਾਨਕ ਕਾਲ, ਕਿਉਂਜੋ ਨਾ ਤਾਂ ਨਾਨਕ ਤੋਂ ਪਹਿਲਾਂ ਤੇ ਨਾ ਪਿਛੋਂ ਓਡਾ ਮਹਾਨ ਸਾਹਿਤਕਾਰ ਕੋਈ ਮਿਲਦਾ ਹੈ, ਜਿਸ ਦੇ ਨਾਮ ਤੇ ਕਾਲ ਨੂੰ ਮਿੱਥਿਆ ਜਾ ਸਕੇ। ਹੁਣ ਅਸਾਂ ਤਿੰਨ ਕਾਲ ਨਿਸ਼ਚਿਤ ਕਰ ਲਏ :-

1. ਪੂਰਵ ਨਾਨਕ ਕਾਲ ਜਾਂ ਆਦਿ ਕਾਲ (1469 ਈਸਵੀ ਤੱਕ)

2. ਨਾਨਕ ਕਾਲ ਜਾਂ ਗੁਰੂ ਕਾਲ ਜਾਂ ਮੱਧ ਕਾਲ (1469 ਤੋਂ 1708 ਈਸਵੀ ਤੱਕ)

3. ਉੱਤਰ ਨਾਨਕ ਕਾਲ (1708 ਤੋਂ 1850 ਈਸਵੀ ਤੱਕ)

ਉੱਤਰ ਨਾਨਕ ਕਾਲ ਤੋਂ ਬਾਅਦ ਦੀ ਕਾਲ-ਵੰਡ ਬਾਰੇ ਚਰਚਾ ਕਰਦਿਆਂ ਉਹ ਲਿਖਦੇ ਹਨ ਕਿ :

ਹੁਣ ਅਸੀਂ ਅਜਿਹੀ ਪੜਾਉ ਤੇ ਪਹੁੰਚ ਜਾਂਦੇ ਹਾਂ ਜਿੱਥੇ ਅੱਗੇ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ ਤੇ ਜਿਸ ਨਾਲ ਸਾਰੇ ਸਾਹਿਤ ਦੀ ਨੁਹਾਰ ਬਦਲ ਜਾਂਦੀ ਹੈ। ਇਹ ਸੀ, ਅੰਗਰੇਜੀ ਰਾਜ ਦੀ ਸਥਾਪਤੀ ਤੇ ਪੱਛਮੀ ਸੱਭਿਅਤਾ ਦਾ ਪੰਜਾਬ ਵਿਚ ਪ੍ਰਵੇਸ਼। ਪੱਛਮੀ ਵਿੱਦਿਆ, ਛਾਪੇਖਾਨੇ, ਅਖਬਾਰਾਂ, ਰਸਾਲੇ, ਸਕੂਲ, ਕਾਲਜ, ਯੂਨੀਵਰਸਿਟੀਆਂ, ਇਸਤਰੀ ਸਿੱਖਿਆ, ਸਭਾ ਸੋਸਾਇਟੀਆਂ ਦੀ ਸਥਾਪਨਾ, ਅੰਗਰੇਜ਼ੀ ਲਈ ਉਤਸ਼ਾਹ ਕੁਝ ਅਜਿਹੇ ਤੱਤ ਸਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਨਵੇਂ ਮੋੜ ਲੈ ਆਂਦੇ ਅਤੇ ਇਕ ਬੜੀ ਭਾਰੀ ਤਬਦੀਲੀ ਲਿਆਂਦੀ। ਇਹ ਸਮਾਂ 1849 ਈਸਵੀ (ਸਿੱਖ ਰਾਜ ਦੀ ਸਮਾਪਤੀ) ਤੋਂ ਸ਼ੁਰੂ ਹੋ ਕੇ 1900 ਈਸਵੀ ਤੱਕ ਜਾਂਦਾ ਹੈ। ਇਸ ਸਮੇਂ ਪੰਜਾਬੀ ਦਾ ਆਧੁਨਿਕੀਕਰਨ ਹੋਇਆ। ਇਸ ਲਈ ਇਸ ਇਸ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਸ ਕਾਲ ਨੂੰ ਅਸੀਂ ਪਰਿਵਰਤਨ ਕਾਲ ਕਹਿੰਦੇ ਹਾਂ, ਜਿਸ ਨੂੰ ਡਾ. ਮੋਹਨ ਸਿੰਘ ਨੇ ਵੀ ਏਜ ਆਫ ਟਰਾਂਜੀਸ਼ਨ ਕਿਹਾ ਹੈ। ਹਰ ਸਾਹਿਤ ਦੇ ਇਤਿਹਾਸ ਵਿਚ ਇਹ ਕਾਲ ਕਿਸੇ ਨਾ ਕਿਸੇ ਮੋੜ ਉਤੇ ਆਉਂਦਾ ਹੈ। 1850 ਤੱਕ ਇਕ ਪ੍ਰਕਾਰ ਦਾ ਮੱਧ ਕਾਲ ਹੀ ਤੁਰਿਆ ਆਉਂਦਾ ਹੈ, ਕਿਉਂਜੋ 1708 ਤੋਂ ਪਿੱਛੋਂ ਵੀ 1850 ਤੱਕ ਕੋਈ ਖਾਸ ਤਬਦੀਲੀ ਨਹੀਂ ਆਈ, ਨਾ ਹੀ ਸਾਹਿਤਕ ਪ੍ਰਵਿਰਤੀਆਂ ਜਾਂ ਪਰਿਸਥਿਤੀਆਂ ਵਿਚ ਕੋਈ ਪਰਿਵਰਤਨ ਆਇਆ ਦਿਸਦਾ ਹੈ। 1860 ਈਸਵੀ ਤੱਕ ਕਵਿਤਾ ਵਿਚ ਤਿੰਨੇ ਵਿਚਾਰਧਾਰਾਵਾਂ ਪ੍ਰਧਾਨ ਰਹੀਆਂ, ਅਰਥਾਤ ਗੁਰਮਤਿ ਕਾਵਿਧਾਰਾ, ਸੂਫ਼ੀ ਕਾਵਿਧਾਰਾ ਅਤੇ ਬਿਆਨੀਆਂ-ਕਾਵਿਧਾਰਾ (ਕਿੱਸਾ ਕਾਵਿਧਾਰਾ ਅਤੇ ਬੀਰ ਕਾਵਿਧਾਰਾ) ਅਤੇ ਇਨ੍ਹਾਂ ਸਭਨਾਂ ਦਾ ਝੁਕਾਉ ਅਧਿਆਤਮਕਵਾਦ ਵੱਲ ਰਿਹਾ ਵਾਰਤਕ ਦੇ ਵਿਸ਼ੇ ਤੇ ਰੂਪ ਵਿਚ ਵੀ 1850 ਤੱਕ ਕੋਈ ਖਾਸ ਤਬਦੀਲੀ ਨਹੀਂ ਆਈ।

1850 ਤੋਂ 1900 ਈਸਵੀ ਤੱਕ ਦਾ ਸਮਾਂ ਪਰਿਵਰਤਨ ਕਾਲ ਦਾ ਸਿੱਖਣ ਪਿੱਛੋਂ ਆਧੁਨਿਕਤਾ ਦਾ ਹੜ੍ਹ ਆਉਂਦਾ ਹੈ ਜਿਹੜਾ ਅੱਜ ਤੱਕ ਆਪਣੇ ਪੂਰੇ ਵੇਗ ਤੇ ਵਹਿਣ ਵਿਚ ਰੁੜ੍ਹੀ ਜਾ ਰਿਹਾ ਹੈ। ਇਸ ਨੂੰ ਆਧੁਨਿਕ ਕਾਲ ਕਹਿ ਸਕਦੇ ਹਾਂ। ਇਸ ਦੇ ਵੀ ਦੋ ਭਾਗ ਸਪੱਸ਼ਟ ਦਿਸਦੇ ਹਨ - ਪਹਿਲਾ 1900 ਤੋਂ 1947 ਈਸਵੀ ਤੱਕ ਦਾ, ਦੂਜਾ 1947 ਤੋਂ ਪਿੱਛੋਂ ਦਾ ਅਰਥਾਤ ਸੁਤੰਤਰਤਾ ਕਾਲ ਕਿਉਂਜੋ 1947 ਤੋਂ ਪਿਛੋਂ ਦੇ ਪੰਜਾਬੀ ਸਾਹਿਤ ਵਿਚ ਫੇਰ ਮਹੱਤਵਪੂਰਨ ਤਬਦੀਲੀਆਂ ਆਉਂਦੀਆਂ ਹਨ ਅਤੇ ਪੰਜਾਬੀ ਨੂੰ ਰਾਜ ਸਿੰਘਾਸਨ ਪ੍ਰਾਪਤ ਹੁੰਦਾ ਹੈ ਤੇ ਉਹ 1200 ਸਾਲ ਪਿਛੋਂ ਪੰਜਾਬ ਦੀ ਸਰਕਾਰੀ ਭਾਸ਼ਾ ਬਣਾਈ ਜਾਂਦੀ ਹੈ, ਸਿੱਖਿਆ ਦਾ ਮਾਧਿਅਮ ਬਣਦੀ ਹੈ ਅਤੇ ਸਰਕਾਰ ਦਰਬਾਰੇ

(ਮਾਲ, ਅਦਾਲਤ ਆਦਿ ਵਿਚ) ਪ੍ਰਵਾਨਤ ਹੁੰਦੀ ਹੈ, ਨਿਰਸੰਦੇਹ 1947 ਤੋਂ ਪਿੱਛੋਂ ਦੇ ਕਾਲ ਨੂੰ ਅਸੀਂ ਪੰਜਾਬੀ ਸਾਹਿਤ ਦਾ ਸਨ ਸੁਨਹਿਰੀ ਕਾਲ ਕਿਹਾ ਹੈ ਅਤੇ ਕਈ ਇਕ ਨੇ ਵਾਰਿਸ ਕਾਲ ਨੂੰ ਪੰਜਾਬੀ ਕਵਿਤਾ ਦੇ ਇਤਿਹਾਸ ਦਾ ਸਵਰਨਮਈ ਕਾਲ ਮੰਨਿਆ ਹੈ। ਅਸਲ ਵਿਚ ਮੱਧ ਕਾਲ ਹੀ ਇਕ ਅਜਿਹਾ ਕਾਲ ਹੈ, ਜਿਸ ਵਿਚ ਪੰਜਾਬੀ ਸਾਹਿਤ ਦੇ ਭੰਡਾਰ ਨੱਕੋ ਨੱਕ ਭਰੇ ਜਾਂਦੇ ਹਨ ਅਤੇ ਗੁਰੂ ਕਾਵਿਧਾਰਾ, ਸੂਫ਼ੀ ਕਾਵਿਧਾਰਾ, ਕਿੱਸਾ ਕਾਵਿਧਾਰਾ ਅਤੇ ਬੀਰ ਕਾਵਿਧਾਰਾ ਆਪਣੀਆਂ ਪੂਰੀਆਂ ਸਿਖਰਾਂ ਛੂੰਹਦੇ ਹਨ।

## ਪੰਜਾਬੀ ਸਾਹਿਤ ਦੇ ਇਤਿਹਾਸ ਦੀ ਵਿਗਿਆਨਕ ਕਾਲ ਵੰਡ :

ਪੂਰਵ ਨਾਨਕ ਕਾਲ (1469 ਈਸਵੀ ਤੱਕ) ਜਾਂ ਆਦਿ ਕਾਲ

ਨਾਨਕ ਕਾਲ (1469 ਈਸਵੀ ਤੋਂ 1708 ਈਸਵੀ)

ਉਤਰ ਨਾਨਕ ਕਾਲ (1708 ਈਸਵੀ ਤੋਂ 1850 ਈਸਵੀ)

ਪਰਿਵਰਤਨ ਕਾਲ (1850 ਈਸਵੀ ਤੋਂ 1900 ਈਸਵੀ)

ਆਧੁਨਿਕ ਕਾਲ :

1900 ਈਸਵੀ ਤੋਂ 1947 ਤਕ

1947 ਈਸਵੀ ਤੋਂ ਪਿੱਛੋਂ (ਸੁਤੰਤਰਤਾ ਕਾਲ)

ਅਸੀਂ ਡਾਕਟਰ ਜੀਤ ਸਿੰਘ ਸੀਤਲ ਦੁਆਰਾ ਕੀਤੀ ਗਈ ਕਾਲ-ਵੰਡ ਨਾਲ ਕਾਫੀ ਹਦ ਤੱਕ ਸਹਿਮਤ ਹਾਂ।

ਸਾਡੀ ਜਾਂਚੇ ਪੰਜਾਬੀ ਸਾਹਿਤ ਦੀ ਕਾਲ-ਵੰਡ ਇਸ ਪ੍ਰਕਾਰ ਹੈ :

ਪੂਰਵ ਨਾਨਕ ਕਾਲ - 850 ਈਸਵੀ ਤੋਂ 1450 ਈਸਵੀ

ਨਾਨਕ ਕਾਲ - 1450 ਈਸਵੀ ਤੋਂ 1700 ਈਸਵੀ

ਉਤਰ ਨਾਨਕ ਕਾਲ - 1701 ਈਸਵੀ ਤੋਂ 1850 ਈਸਵੀ

ਸੰਕ੍ਰਾਂਤੀ ਕਾਲ - 1850 ਈਸਵੀ ਤੋਂ 1900 ਈਸਵੀ

ਨਵੀਨ ਜਾਂ ਆਧੁਨਿਕ ਕਾਲ (ੳ) 1900 ਈਸਵੀ ਤੋਂ 1947 ਈਸਵੀ

ਨਵੀਨ ਜਾਂ ਆਧੁਨਿਕ ਕਾਲ (ਅ) 1947 ਈਸਵੀ ਤੋਂ ਪਿੱਛੋਂ

ਕਾਲ-ਵੰਡ ਵਿਵੇਕ -ਸੰਮਤ ਹੋਵੇ, ਜਿਹੜਾ ਸਾਹਿਤ ਦੀ ਪੰਪਰਾ ਨੂੰ ਸਹੀ ਰੂਪ ਵਿਚ ਸਮੇਟਣ ਦੇ ਵਿਚ ਮਦਦ ਹੋਵੇਂ।ਇਸ ਲਈ ਸਾਹਿਤ ਦੇ ਵੱਖ-ਵੱਖ ਭਾਗਾਂ ਨੂੰ ਸਮਝਣ ਲਈ ਕਾਲ ਵੰਡ ਕਰਨਾ ਬਹੁਤ ਜਰੂਰੀ ਹੈ। ਕਾਲ-ਵੰਡ ਤੋਂ ਬਿਨਾਂ ਅਸੀਂ ਪੰਜਾਬੀ ਸਾਹਿਤ ਨੂੰ ਸਹੀ ਅਰਥਾਂ ਵਿਚ ਨਹੀਂ ਸਮਝ ਸਕਦੇ।

## ਸਾਰ-ਅੰਸ਼:

ਸੋ ਪੰਜਾਬੀ ਸਾਹਿਤ ਨੂੰ ਕਾਲਾਂ ਵਿਚ ਵੰਡਣ ਦਾ ਮੁੱਖ ਉਦੇਸ਼: ਭਿੰਨ-ਭਿੰਨ ਪ੍ਰਵਿਰਤੀਆਂ ਦੇ ਵਿਕਾਸ ਪੜਾਵਾਂ ਨੂੰ ਸੱਪਸ਼ਟ ਕਰਨਾ ਹੈ।ਇਸ ਤੋਂ ਇਲਾਵਾ ਸਾਹਿਤ ਰੂਪਾ ਦਾ ਵਿਕਾਸ ਅਤੇ ਵੱਖ-ਵੱਖ ਧਾਰਾਵਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਸਾਹਿਤ ਦੇ ਮੁੱਲਾਂ ਤੇ ਗੁਣਾ ਦਾ ਤੁਲਣਾਤਮਕ ਅਧਿਐਨ ਕਰਨਾ ਵੀ ਸਾਹਿਤ ਦੀ ਕਾਲ-ਵੰਡ ਦਾ ਉਦੇਸ਼: ਹੈ।ਕਾਲ ਵੰਡ ਦੀਆਂ ਸੀਮਾਵਾਂ ਦਾ ਨਿਸ਼ਚੇ ਕਰਨ ਤੋਂ ਬਿਨਾਂ ਸਾਹਿਤ ਦਾ ਯੋਗ ਵਿਕਾਸ ਨਹੀਂ ਜਚਿਆ ਜਾ ਸਕਦਾ। ਸਾਹਿਤ ਦੀ ਯੋਗ ਕਾਲ-ਵੰਡ, ਸਾਹਿਤ ਰੂਪੀ ਕਿਲ੍ਹੇ ਲਈ ਇਕ ਮਜ਼ਬੂਤ ਕੰਧ ਦਾ ਕੰਮ ਦਿੰਦੀ ਹੈ, ਜਿਸਦਾ ਆਧਾਰ ਲੈ ਕੇ ਇਹ ਹਰ ਪ੍ਰਕਾਰ ਦੇ ਤੂਫ਼ਾਨਾਂ ਤੇ ਝੱਖੜਾਂ, ਹਰ ਪ੍ਰਕਾਰ ਦੀ ਆਲੋਚਨਾ-ਪੜਚੋਲ ਦਾ ਮੁਕਾਬਲਾ ਕਰਨ ਵਿਚ ਸਮੱਰਥ ਹੋ ਸਕਦਾ ਹੈ।ਪੰਜਾਬੀ ਸਾਹਿਤ ਦੀ ਅੱਜ ਤੱਕ ਕੋਈ ਵੀ ਸਰਵ-ਪ੍ਰਮਾਣਿਕ ਕਾਲ-ਵੰਡ ਨਹੀਂ ਕੀਤੀ ਜਾ ਸਕੀ।ਇਸਦਾ ਸਭ ਤੋਂ ਵੱਡਾ

ਕਾਰਨ ਇਹ ਹੈ ਕਿ ਹੁਣ ਤਕ ਤਾਂ ਪੰਜਾਬੀ ਸਾਹਿਤ ਦੀਆਂ ਖਿਲਰੀਆਂ ਕੜੀਆਂ ਨੂੰ ਇਕ ਥਾਂ ਇਕਠਾ ਕਰਨ ਦਾ ਉਪਰਾਲਾ ਤਾਂ ਹੁੰਦਾ ਰਿਹਾ, ਪਰ ਕਾਲ-ਵੰਡ ਸੰਬੰਧੀ ਸਾਰੇ ਵਿਦਵਾਨ ਇਕ ਮੱਤ ਨਹੀਂ ਹਨ।

## ਕੇਂਦਰੀ ਸ਼ਬਦ:

ਕਾਲ ਵੰਡ --- ਸਮੇਂ ਵਿਚ ਵੰਡਣਾ

ਸਾਹਿਤਕਾਰ---ਸਿਰਜਕ/ਲਿਖਾਰੀ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਮਨੋਰਥ --- ਉਦੇਸ਼:



## ਸਵੈ-ਮੁਲਾਂਕਣ:

1. ਕਿਰਪਾਲ ਸਿੰਘ ਕੇਸਲ, ਪਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ ਦੁਆਰਾ ਲਿਖੇ ਪੰਜਾਬੀ ਸਾਹਿਤ ਇਤਿਹਾਸ ਦਾ ਨਾਮ ਦੱਸੋ?

   ੳ. ਪੰਜਾਬੀ ਸਾਹਿਤ ਦਾ ਇਤਿਹਾਸ

   ਅ. ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ

   ੲ. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ

   ਸ. ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ਼

2. ਸਹੀ ਵਿਕਲਪ ਚੁਣੋ:

   ੳ. ਡਾ. ਬਨਾਰਸੀ ਦਾਸ ---------------- ਪੰਜਾਬੀ ਲਿਟ੍ਰੇਚਰ

   ਅ. ਡਾ. ਸੁਰਿੰਦਰ ਸਿੰਘ ਕੋਹਲੀ ------------------- ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ

   ੲ. ਕਿਰਪਾਲ ਸਿੰਘ ਕੇਸਲ, ਪਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ ----- ਪੰਜਾਬੀ ਸਾਹਿਤ ਦਾ ਇਤਿਹਾਸ

   ਸ. ਡਾ. ਜੀਤ ਸਿੰਘ ਸੀਤਲ--------ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ

3. (ੳ) ਪੁਰਾਣਾ ਸਮਾਂ: 11ਵੀਂ ਸਦੀ ਤੋਂ 1860 ਈਸਵੀ ਤਕ

   (ਅ) ਵਿਚਕਾਰਲਾ ਸਮਾਂ: 1860 ਈਸਵੀ ਤੋਂ 1925 ਈਸਵੀ ਤਕ

   (ੲ) ਨਵਾਂ ਸਮਾਂ: 1925 ਈਸਵੀ ਤੋਂ ਅੱਗੇ

   ਇਹ ਵਰਗ ਵੰਡ ਕਿਹੜੇ ਵਿਦਵਾਨ ਵੱਲੋਂ ਦਿੱਤੀ ਗਈ ਹੈ?

   ੳ. ਮੋਹਨ ਸਿੰਘ ਦੀਵਾਨਾ ਅ. ਬਾਵਾ ਬੁੱਧ ਸਿੰਘ

ੲ. ਪਰਮਿੰਦਰ ਸਿੰਘ ਕਸੇਲ ਸ. ਸੁਰਿੰਦਰ ਸਿੰਘ ਕੋਹਲੀ

4. ਪੰਜਾਬੀ ਸਾਹਿਤ ਦੀ ਧਰਮ ਅਧਾਰਿਤ ਵਰਗ ਵੰਡ ਕਿਹੜੇ ਲੇਖਕ ਨੇ ਕੀਤੀ ਹੈ?

ੳ. ਬਨਾਰਸੀ ਦਾਸ ਜੈਨ ਅ. ਬਾਵਾ ਬੁੱਧ ਸਿੰਘ

ੲ. ਧਰਮ ਸਿੰਘ ਸ. ਸੁਰਿੰਦਰ ਸਿੰਘ ਕੋਹਲੀ

5. ਹੇਠ ਲਿਖਿਆ ਵਿਚੋ ਕਿਹੜਾ ਕਥਨ ਕਿਹੜਾ ਠੀਕ ਹੈ?

ੳ. ਕਾਲ ਵੰਡ ਨਿਰਧਾਰਿਤ ਕਰਨ ਸਮੇਂ ਸਮੱਸਿਆ ਇਹ ਹੈ ਕਿ ਇਹ ਖਾਸ-ਖਾਸ ਲੇਖਕਾਂ ਨੂੰ ਆਧਾਰ ਬਣਾ ਕੇ ਕੀਤੀ ਜਾਵੇ ਜਾਂ ਇਹ ਆਮ ਇਤਿਹਾਸ ਨੂੰ ਨਾਲ ਲੈ ਕੇ ਕੀਤੀ ਜਾਵੇ।

ਅ. ਕਾਲ-ਵੰਡ ਵਿੱਚ ਇਹ ਸਮੱਸਿਆ ਇਹ ਹੈ ਕਿ ਇਤਿਹਾਸਕਾਰਾਂ ਨੇ ਨਿਸ਼ਚਿਤ ਸਮੇਂ ਦੀਆਂ ਇਕਾਈਆਂ ਵਿੱਚ ਨਾਂ ਜਾ ਕੇ ਸਦੀਆ ਵਿੱਚੋਂ ਹੀ ਸਮੇਟ ਦਿੱਤਾ ਗਿਆ ਹੈ।

ੲ. ਉਪਰੋਕਤ ਦੋਨੋ ਸਹੀ ਹਨ।

ਸ. ਉਪਰੋਕਤ ਦੋਨੋ ਗਲਤ ਹਨ।

6. ਪੰਜਾਬੀ ਸਾਹਿਤ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ. ਸੁਰਿੰਦਰ ਸਿੰਘ ਕੋਹਲੀ ਅ. ਗੋਪਾਲ ਸਿੰਘ ਦਰਦੀ

ੲ. ਮੋਹਨ ਸਿੰਘ ਦੀਵਾਨਾ ਸ. ਪਰਮਿੰਦਰ ਸਿੰਘ ਕਸੇਲ

7. ਕਥਨ: ਸਾਹਿਤ ਦੀ ਕਾਲ ਵੰਡ ਕਿਸੇ ਪ੍ਰਮੁਖ ਪ੍ਰਵਿਰਤੀ ਨੂੰ ਸਾਹਮਣੇ ਰੱਖ ਕੇ ਅਰਥਾਤ ਕਿਸੇ ਵਿਸ਼ੇਸ਼ ਕਾਲ ਦੀ ਸਮਾਜਿਕ ਰਾਜਸੀ ਹਾਲਤ ਦੇ ਨਾਮ ਉਪਰ ਕੀਤੀ ਜਾ ਸਕਦੀ ਹੈ।

ਕਾਰਨ: ਕਿਉਂਕਿ ਸਾਹਿਤ ਦਾ ਸੰਬੰਧ ਸਮਾਜ ਨਾਲ ਹੁੰਦਾ ਹੈ ਇਸ ਲਈ ਉਸ ਵੇਲੇ ਦੇ ਸਾਹਿਤ ਉਪਰ ਉਨ੍ਹਾਂ ਸਭ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਦਿਖਾਈ ਦਿੰਦਾ ਹੈ।

ੳ. ਕਥਨ ਸਹੀ ਅਤੇ ਕਾਰਨ ਗਲਤ ਹੈ। ਅ. ਕਥਨ ਅਤੇ ਕਾਰਨ ਦੋਨੋ ਸਹੀ ਹਨ।

ੲ. ਕਥਨ ਗਲਤ ਅਤੇ ਕਾਰਨ ਸਹੀ ਹੈ। ਸ. ਕਥਨ ਅਤੇ ਕਾਰਨ ਦੋਨੋ ਗਲਤ ਹੈ।

8. (1) ਗੁਰਮਤਿ ਸਾਹਿਤ (2) ਸੂਫ਼ੀ ਸਾਹਿਤ

(3) ਬਿਆਨੀਆ ਕਵਿਤਾ (ਵਾਰਾਂ) (4) ਨਵਾਂ ਸਾਹਿਤ

ਪੰਜਾਬੀ ਸਾਹਿਤ ਦੀ ਉਪਰੋਕਤ ਵੰਡ ਕਿਹੜੇ ਲੇਖਕ ਦੇ ਦੁਆਰਾ ਦਿੱਤੀ ਗਈ ਹੈ:

ੳ. ਸੁਰਿੰਦਰ ਸਿੰਘ ਕੋਹਲੀ ਅ. ਬਾਵਾ ਬੁੱਧ ਸਿੰਘ

ੲ. ਗੋਪਾਲ ਸਿੰਘ ਦਰਦੀ ਸ. ਧਰਮ ਸਿੰਘ

9. ਪ੍ਰਮੁੱਖ ਰੂਪ ਵਿਚ ਪੰਜਾਬੀ ਸਾਹਿਤ-ਇਤਿਹਾਸ ਦੀ ਕਾਲ ਵੰਡ ਕਿਹੜੇ ਆਧਾਰਾਂ ਉਪਰ ਟਿਕੀ ਹੋਈ ਹੈ:

ੳ. ਸਮੇਂ ਦੀ ਪ੍ਰਸਿੱਧ ਸ਼ਖ਼ਸੀਅਤਾਂ, ਕਵੀਆਂ, ਸਾਹਿਤਕਾਰਾਂ ਅਤੇ ਰਚਨਾਵਾਂ ਦੇ ਉਪਰ

ਅ. ਪ੍ਰਵਿਰਤੀਆਂ ਦੇ ਉੱਪਰ

ੲ. ਧਰਮ ਦੇ ਉੱਪਰ

ਸ. ਉਪਰੋਕਤ ਸਾਰੇ

10. ਸਾਹਿਤ-ਇਤਿਹਾਸ ਦੀ ਕਾਲਕ੍ਰਮਕ ਦ੍ਰਿਸ਼ਟੀ ਦੇ ਪਹਿਲੇ ਸੰਸਥਾਪਕ ਕੌਣ ਹਨ?

ੳ. ਬਾਵਾ ਬੁੱਧ ਸਿੰਘ ਅ. ਮੋਹਨ ਸਿੰਘ ਦੀਵਾਨਾ

ੲ. ਸੁਰਜੀਤ ਸਿੰਘ ਸ. ਗੋਪਾਲ ਸਿੰਘ ਦਰਦੀ

11. ਕਿਹੜਾ ਕਥਨ ਠੀਕ ਹੈ?

ੳ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਕਾਲ-ਵੰਡ ਹੈ।

ਅ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਾਹਿਤ ਅਤੇ ਅਣ-ਸਾਹਿਤ ਦਾ ਨਿਖੇੜਾ ਹੈ।

ੲ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਮੱਗਰੀ ਦਾ ਇੱਕਤਰੀਕਰਨ ਹੈ।

ਸ. ਉਪਰੋਕਤ ਸਾਰੇ

12. ਕਥਨ: ਇਤਿਹਾਸ ਹਮੇਸ਼ਾ ਅਤੀਤ ਦੇ ਪੁਨਰ ਨਿਰਮਾਣ ਲਈ ਸਾਮਗ੍ਰੀ ਦੇ ਸੋਮਿਆਂ ਤੇ ਨਿਰਭਰ ਕਰਦਾ ਹੈ । ਇਹ ਸੋਮੇ ਪਾਠਗਤ ਦਸਤਾਵੇਜ਼, ਪੁਰਾਤੱਤਵ ਵਿਗਿਆਨ, ਪੁਰਾਤਨ ਸਿੱਕਿਆਂ, ਬੋਲੀ, ਪਹਿਰਾਵਾ ਆਦਿਕ ਹੁੰਦੇ ਹਨ ।

ਕਾਰਨ: ਕਿਉਂਕਿ ਇਤਿਹਾਸ ਦਾ ਅਰਥ ਹੀ ਬੀਤ ਚੁੱਕੇ ਸਮੇਂ ਦਾ ਤੱਥਾਂ ਉਪਰ ਅਧਾਰਿਤ ਪੜਚੋਲ ਹੁੰਦਾ ਹੈ।

ੳ. ਕਥਨ ਅਤੇ ਕਾਰਨ ਦੋਨੋ ਸਹੀ ਹਨ।

ਅ. ਕਥਨ ਗਲਤ ਅਤੇ ਕਾਰਨ ਸਹੀ ਹੈ।

ੲ. ਕਥਨ ਅਤੇ ਕਾਰਨ ਦੋਨੋ ਗਲਤ ਹੈ।

ਸ. ਕਥਨ ਸਹੀ ਅਤੇ ਕਾਰਨ ਗਲਤ ਹੈ।

13.(1) ਪੂਰਵ ਨਾਨਕ ਕਾਲ 850-1450 (2) ਨਾਨਕ ਕਾਲ 1451-1700

(3) ਵਾਰਸ ਕਾਲ/ਕਾਲ ਮੁਗਲਈ ਕਾਲ 1701-1800 (4) ਰਣਜੀਤ ਸਿੰਘ ਕਾਲ 1801-1860

(5) ਆਧੁਨਿਕ ਕਾਲ / ਬਰਤਾਨਵੀ ਕਾਲ 1861-1947

ਇਹ ਵਰਗ ਵੰਡ ਕਿਹੜੇ ਵਿਦਵਾਨ ਵੱਲੋਂ ਦਿੱਤੀ ਗਈ ਹੈ?

ੳ. ਮੋਹਨ ਸਿੰਘ ਦੀਵਾਨਾ

ਅ. ਸੁਰਿੰਦਰ ਸਿੰਘ ਕੋਹਲੀ

ੲ. ਬਾਵਾ ਬੁੱਧ ਸਿੰਘ

ਸ. ਗੋਪਾਲ ਸਿੰਘ ਦਰਦੀ

14.ਪੰਜਾਬੀ ਸਾਹਿਤ ਦੀ ਰਾਜਸੀ ਅਧਾਰ ਤੇ ਵਰਗ ਵੰਡ ਕਿਹੜੇ ਲੇਖਕ ਨੇ ਕੀਤੀ ਹੈ?

ੳ. ਬਨਾਰਸੀ ਦਾਸ ਜੈਨ

ਅ. ਬਾਵਾ ਬੁੱਧ ਸਿੰਘ

ੲ. ਮੋਹਨ ਸਿੰਘ ਦੀਵਾਨਾ

ਸ. ਹਰਿਭਜਨ ਸਿੰਘ

15. ਹੰਸ ਚੋਗ ਪੁਸਤਕ ਦਾ ਲੇਖਕ ਕੌਣ ਹੈ?

ੳ. ਸੁਰਿੰਦਰ ਸਿੰਘ ਕੋਹਲੀ

ਅ. ਗੋਪਾਲ ਸਿੰਘ ਦਰਦੀ

ੲ. ਬਾਵਾ ਬੁੱਧ ਸਿੰਘ

ਸ. ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ:

1. ਪੰਜਾਬੀ ਸਾਹਿਤ ਦੀ ਕਾਲ ਵੰਡ ਤੋਂ ਤੁਹਾਡਾ ਕੀ ਭਾਵ ਹੈ?
2. ਸਾਹਿਤ ਦੀ ਕਾਲ -ਵੰਡ ਦਾ ਮੁੱਖ ਮਨੋਰਥ ਕੀ ਹੈ ?
3. ਸਾਹਿਤ ਦੀ ਕਾਲ- ਵੰਡ ਅਤੇ ਨਾਮਕਰਨ ਸੰਬਧਿਤ ਵੱਖ- ਵੱਖ ਵਿਦਵਾਨਾਂ ਦੇ ਵਿਚਾਰਾਂ ਬਾਰੇ ਲਿਖੋ?
4. ਸਾਹਿਤ ਦੀ ਕਾਲ- ਵੰਡ ਕਰਨ ਦੇ ਮੁੱਖ ਅਧਾਰਾਂ ਬਾਰੇ ਜਾਣਜਾਰੀ ਦਿਓ?
5. ਸਾਹਿਤ ਦੀ ਕਾਲ- ਵੰਡ ਕਰਨ ਵਾਲੇ ਕੋਈ ਪੰਜ ਸਾਹਿਤ ਵਿਦਵਾਨਾਂ ਦੇ ਵਿਚਾਰ ਲਿਖੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


ਮਹੱਤਵਪੂਰਨ ਲਿੰਕ:

https://www.punjabitribuneonline.com/news/archive/features/news-detail-1562365

## ਉੱਤਰਮਾਲਾ:

| | | | | |
|---|---|---|---|---|
| 1. ੲ | 2. ਸ | 3. ਅ | 4. ਅ | 5. ੳ |
| 6. ਅ | 7. ਅ | 8. ੳ | 9. ਸ | 10. ੳ |
| 11. ਸ | 12. ੳ | 13. ੳ | 14. ਅ | 15. ੲ |

**DPBI501**

# ਅਧਿਆਇ - 3: ਮੱਧਕਾਲੀ ਪੰਜਾਬੀ ਸਾਹਿਤ ਦਾ ਰਾਜਨੀਤਕ, ਧਾਰਮਕ, ਸਮਾਜਕ-ਆਰਥਕ, ਸਭਿਆਚਾਰਕ ਅਤੇ ਇਤਿਹਾਸਕ ਸੰਦਰਭ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਮੱਧਕਾਲੀ ਪੰਜਾਬੀ ਸਾਹਿਤ ਦੇ ਰਾਜਨੀਤਕ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਸਾਹਿਤ ਦੇ ਧਾਰਮਿਕ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਸਾਹਿਤ ਦੇ ਸਮਾਜਿਕ-ਆਰਥਿਕ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਸਾਹਿਤ ਦੇ ਸਭਿਆਚਾਰਕ ਅਤੇ ਇਤਿਹਾਸਿਕ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਪੂਰਵ-ਮੱਧ-ਕਾਲ ਦੀ ਸੀਮਾ ਸੰਨ 1500 ਈ. ਤੋਂ 1700 ਈ. ਤਕ ਨਿਰਧਾਰਿਤ ਕੀਤੀ ਹੈ । ਇਸ ਕਾਲ ਵਿਚ ਰਚੇ ਗਏ ਸਾਹਿਤ ਨੂੰ ਅਧਿਐਨ ਦੀ ਸੁਵਿਧਾ ਲਈ ਤਿੰਨ ਭਾਗਾਂ ਵਿਚ ਵੰਡਿਆ ਹੈ । ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਰਾਜਨੀਤਕ, ਧਾਰਮਿਕ, ਸਮਾਜਿਕ-ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ ਸੰਦਰਭ ਵਿਚਾਰੇ ਗਏ ਹਨ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲਈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼: ਹੈ। ਪਹਿਲਾ ਭਾਗ ਸਿੱਖ-ਭਗਤੀ-ਅੰਦੋਲਨ ਕਰ ਕੇ ਪੈਦਾ ਹੋਏ ਸਾਹਿਤ ਦੇ ਇਤਿਹਾਸ ਨੂੰ ਅਰਪਿਤ ਹੈ । ਇਸ ਕਾਲ ਦਾ ਆਰੰਭ ਸੰਨ 1500 ਈ. ਤੋਂ ਮੰਨਣਾ ਇਸ ਲਈ ਉਚਿੱਤ ਹੈ। ਕਿਉਂਕਿ ਸੰਨ 1469 ਈ. ਵਿਚ ਗੁਰੂ ਨਾਨਕ ਦੇਵ ਦਾ ਆਗਮਨ ਹੋਇਆ ਸੀ ਅਤੇ ਸੰਨ 1500 ਈ. ਤਕ ਉਨ੍ਹਾਂ ਦੇ ਵਿਅਕਤੀਤਵ ਦੇ ਪ੍ਰਭਾਵ ਨੇ ਯੁੱਗ-ਬੋਧ ਵਿਚ ਇਕ ਖ਼ਾਸ ਤਬਦੀਲੀ ਲਿਆ ਦਿੱਤੀ ਸੀ। ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਖੜੋਤ ਖ਼ਤਮ ਹੋ ਗਈ ਸੀ ਅਤੇ

ਉਦਾਤ ਸਾਹਿਤ ਦਾ ਪ੍ਰਵਾਹ ਚੱਲ ਪਿਆ ਸੀ। ਇਸ ਸਭ ਪਿੱਛੇ ਉਸ ਵਕਤ ਦੀਆਂ ਇਤਿਹਾਸਿਕ ਪਰਿਸਥਿਤੀਆਂ ਆਪਣੀ ਭੂਮਿਕਾ ਨਿਭਾ ਰਹੀਆਂ ਹਨ ਜਿਨ੍ਹਾਂ ਨੂੰ, ਵਿਸ਼ੇ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ, ਸੰਖੇਪ ਵਿਚ ਸਮਝ ਲੈਣਾ ਉਚਿੱਤ ਹੋਵੇਗਾ ।

## ਵਿਸ਼ਾ ਵਸਤੂ:

ਪੂਰਵ-ਮੱਧ-ਕਾਲ ਦਾ ਆਰੰਭ ਲੋਧੀ ਵੰਸ਼ ਦੇ ਰਾਜਕਾਲ ਵਿਚ ਹੁੰਦਾ ਹੈ। ਲੋਧੀਆਂ ਤੋਂ ਪਹਿਲਾਂ ਸੰਨ 1398 ਵਿਚ ਤੈਮੂਰ ਲੰਗ ਦੇ ਹਮਲੇ ਨੇ ਤੁਗਲਕ ਖ਼ਾਨਦਾਨ ਦੇ ਰਾਜ ਨੂੰ ਖੇਰੂੰ-ਖੇਰੂੰ ਕਰ ਦਿੱਤਾ ਅਤੇ ਧਰਮ-ਅੰਧਤਾ ਕਾਰਨ ਉਸ ਨੇ ਭਾਰਤੀ ਜਨਤਾ ਦੇ ਧਰਾਤਲ ਨੂੰ ਝੰਜੋੜ ਦਿੱਤਾ। ਦੇਸ਼ ਵਿਚ ਗ਼ਰੀਬੀ, ਨਿਰਾਸ਼ਾ ਅਤੇ ਸਹਿਮ ਤੋਂ ਸਿਵਾ ਕੁਝ ਨ ਬਚਿਆ । ਹਰ ਪਾਸੇ ਅਨਾਚਾਰ ਅਤੇ ਭ੍ਰਿਸ਼ਟਾਚਾਰ ਪਸਰ ਗਏ । ਤੈਮੂਰ ਦੇ ਚਲੇ ਜਾਣ ਤੋਂ ਬਾਦ ਦੇਸ਼ ਦੀ ਸਥਿਤੀ ਕੱਟੀ ਹੋਈ ਪਤੰਗ ਵਾਂਗ ਹੋ ਗਈ ਜਿਸ ਨੂੰ ਦਾਅ ਲੱਗਿਆ, ਦਬੋਚ ਲਿਆ। ਕਾਫ਼ੀ ਲੰਬੇ ਸਮੇਂ ਬਾਦ ਬਹਲੋਲ ਲੋਧੀ ਨੇ ਦੇਸ਼ ਨੂੰ ਆਪਣੇ ਅਧਿਕਾਰ ਵਿਚ ਕਰ ਕੇ ਇਕ ਵਿਵਸਥਿਤ ਹਕੂਮਤ ਕਾਇਮ ਕਰਨ ਦਾ ਯਤਨ ਕੀਤਾ, ਪਰ ਉਸ ਦੇ ਉੱਤਰਾਧਿਕਾਰੀ ਸਿਕੰਦਰ ਲੋਧੀ ਨੇ ਉਦਾਰਤਾ ਨੂੰ ਤਿਆਗ ਕੇ ਹਿੰਦੂ ਜਨਤਾ ਨੂੰ ਫਿਰ ਤੋਂ ਦੁਖੀ ਕਰਨਾ ਸ਼ੁਰੂ ਕੀਤਾ। ਹਿੰਦੂਆਂ ਦਾ ਨਿੱਤ ਪ੍ਰਤੀ ਕਤਲ ਅਤੇ ਮੰਦਿਰਾ ਅਤੇ ਮੂਰਤੀਆਂ ਦੀ ਤੋੜ-ਫੋੜ ਉਸ ਦਾ ਮਨ-ਭਾਉਂਦਾ ਸ਼ੁਗ਼ਲ ਸੀ । ਉਸ ਤੋਂ ਬਾਦ ਇਬਰਾਹੀਮ ਲੋਧੀ ਬਾਦਸ਼ਾਹ ਬਣਿਆ । ਉਸ ਦੇ ਦੁਰਵਿਵਹਾਰ ਤੋਂ ਤੰਗ ਆ ਕੇ ਪੰਜਾਬ ਦੇ ਸੂਬੇਦਾਰ ਦੌਲਤ ਖ਼ਾਨ ਨੇ ਰਾਜਪੂਤਾ ਨੇ ਦੇ ਰਾਣਾ ਸੰਗਰਾਮ ਸਿੰਘ ਰਾਣਾ ਸਾਂਗਾਂ) ਨਾਲ ਮਿਲ ਕੇ ਤੈਮੂਰ ਦੇ ਵੰਸ਼ਜ ਬਾਬਰ ਨੂੰ ਭਾਰਤ ਉੱਤੇ ਆਕਰਮਣ ਕਰਨ ਲਈ ਪ੍ਰੇਰਿਤ ਕੀਤਾ । ਬਾਬਰ ਨੇ ਅਪ੍ਰੈਲ 1526 ਈ. ਵਿਚ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਧੀ ਨੂੰ ਲੱਕ-ਤੋੜਵੀਂ ਹਾਰ ਦੇ ਕੇ ਹਿੰਦੁਸਤਾਨ ਉੱਪਰ ਆਪਣਾ ਸਥਾਈ ਰਾਜ ਕਾਇਮ ਕਰਨ ਦੀ ਯੋਜਨਾ ਬਣਾਈ ਅਤੇ ਮੇਵਾੜ ਦੇ ਮੁਸਲਿਮ ਸ਼ਾਸਕ ਹੁਸੈਨ ਖ਼ਾਨ, ਰਾਣਾ ਸਾਂਗਾਂ ਅਤੇ ਕਈ ਹੋਰ ਸਾਮੰਤਾਂ ਨੂੰ ਪਰਾਜਿਤ ਕਰ ਕੇ ਆਪਣਾ ਮਾਰਗ ਸਾਫ਼ ਕੀਤਾ । ਇਸ ਤਰ੍ਹਾਂ ਬਾਬਰ ਨੇ ਹਿੰਦੁਸਤਾਨ ਵਿਚ ਮੁਗ਼ਲ ਰਾਜ ਦੀ ਨੀਂਹ ਰੱਖੀ ।

## ਮੱਧਕਾਲੀ ਪੰਜਾਬੀ ਸਾਹਿਤ ਦਾ ਰਾਜਨੀਤਕ ਸੰਦਰਭ

ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਦੇਵ ਪੰਜਾਬ ਵਿਚ ਸਨ। ਉਹ ਆਪਣੇ ਸਮੇਂ ਦੀ ਰਾਜਨੀਤਿਕ ਅਵਸਥਾ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਸਨ। ਉਸ ਸਮੇਂ ਦੇਸ਼ ਵਿਚ ਕੀ ਸੀ ਉਸ ਪ੍ਰਤੀ ਉਨ੍ਹਾਂ ਦੀ ਪ੍ਰਕਿਰਿਆ ਭਗਤੀ ਲਹਿਰ ਦੇ ਹੋਰਾਂ ਸੰਤਾਂ ਭਗਤਾਂ ਤੋਂ ਵੱਖਰੀ ਸੀ। ਬਾਬਰ ਦੇ ਹਮਲੇ ਵੇਲੇ ਦੀ ਸਥਿਤੀ ਦਾ ਜਿਤਨਾ ਯਥਾਰਥ ਚਿਣ ਗੁਰੂ ਨਾਨਕ ਬਾਣੀ ਵਿਚ ਹੋਇਆ ਹੈ, ਉਤਨਾ ਪੁਰਾਤਨ ਸਾਹਿਤ ਵਿਚ ਮਿਲਣਾ ਸਰਲ ਨਹੀਂ ਹੈ। ਇਸ ਸੰਬੰਧ ਵਿਚ ਉਨ੍ਹਾਂ ਦੇ ਚਾਰ ਸ਼ਬਦ (ਆਸਾ ਰਾਗ-ਚੂਪਦਾ 39, ਅਸ਼ਟਪਦੀ 11 ਅਤੇ 12 ਅਤੇ ਤਿਲੰਗ ਚੂਪਦਾ 5) ਵਿਸ਼ੇਸ਼ ਉੱਲੇਖ ਯੋਗ ਹਨ ਜਿਨ੍ਹਾਂ ਵਿਚ ਉਸ ਵਕਤ ਹੋਏ ਵਿਨਾਸ਼ ਅਤੇ ਉਸ ਤੋਂ ਪੈਦਾ ਹੋਏ ਸੰਤਾਪ ਦਾ ਵਰਣਨ ਗੰਭੀਰ ਹੀ ਨਹੀਂ, ਨਿੱਜੀ ਅਨੁਭਵ ਤੇ ਆਧਾਰਿਤ ਹੈ। ਉਸ ਸਮੇਂ ਹੋਈ ਇਸਤਰੀਆਂ ਦੀ ਦੁਰਦਸ਼ਾ, ਬਲਾਤਕਾਰ ਅਤੇ ਦੁਰਵਿਵਹਾਰ ਉੱਤੇ ਝਾਤ ਪਾਉਂਦਿਆਂ ਗੁਰੂ ਜੀ ਨੇ ਦੱਸਿਆ ਹੈ ਕਿ ਬਾਬਰ ਦੇ ਸੈਨਿਕਾਂ ਨੇ ਮੁਸਲਮਾਨ ਅਤੇ ਹਿੰਦੂ ਨਾਰੀਆਂ ਨੂੰ ਇਕ-ਸਮਾਨ ਆਪਣੀ ਵਾਸਨਾ-ਪੂਰਤੀ ਦਾ ਸਾਧਨ ਬਣਾਇਆ ।

ਗੁਰੂ ਜੀ ਨੇ ਆਪਣੀ ਦਿਬ ਦ੍ਰਿਸ਼ਟੀ ਰਾਹੀਂ ਵੇਖ ਲਿਆ ਸੀ ਕਿ ਇਸ ਦੁਰਦਸ਼ਾ ਦਾ ਮੂਲ ਕਾਰਨ ਸਾਡੇ ਆਪਣੇ ਪਾਪ ਹਨ । ਭਾਰਤਵਾਸੀ ਸਦਾਚਾਰ ਨੂੰ ਤਿਆਗ ਕੇ ਪਾਪ-ਲੁਪਤ ਹੋ ਚੁੱਕੇ ਸਨ। ਉਸ ਵਕਤ ਦੇ ਰਾਜੇ ਜਾਂ ਬਾਦਸ਼ਾਹ ਅਤੇ ਉਨ੍ਹਾਂ ਦੇ ਰਾਜ-ਅਧਿਕਾਰੀ ਆਪਣਾ ਕਰਤੱਵ ਭੁੱਲਾ ਚੁੱਕੇ ਸਨ । ਰਾਜੇ ਸ਼ੇਰਾਂ ਵਾਂਗ ਖ਼ੂੰਖ਼ਾਰ ਤੇ ਹਿੰਸਕ ਸਨ ਅਤੇ ਉਨ੍ਹਾਂ ਦੇ ਅਹਿਲਕਾਰ ਕੁੱਤਿਆਂ ਵਰਗੇ ਲੋਭੀ ਸਨ ਜੋ ਸ਼ਾਂਤ ਜਨਤਾ ਨੂੰ ਦੁਖੀ ਕਰਦੇ ਸਨ । ਰਾਜ ਦੇ ਹੋਰ ਸੇਵਕ ਜਾਂ ਨੌਕਰ ਚਾਕਰ ਆਪਣੇ ਨਹੁੰਆਂ ਨਾਲ ਪ੍ਰਜਾ ਨੂੰ ਚੀਰ-ਚੀਰ ਕੇ ਉਸ ਦਾ ਲਹੂ ਪੀਂਦੇ ਸਨ (ਰਾਜੇ ਸੀਹ ਮੁਕਦਮ ਕੁਤੇ)... । ਇਸੇ ਤਰ੍ਹਾਂ ਬਾਦਸ਼ਾਹ ਰੰਗ-ਤਮਾਸ਼ਿਆਂ ਅਤੇ ਮਹਿਫ਼ਲਾਂ ਦੇ ਸ਼ੌਕ ਵਿਚ ਜਨ-ਰੱਖਿਆ ਪ੍ਰਤੀ ਆਪਣਾ ਕਰਤੱਵ ਭੁੱਲਾ ਚੁੱਕੇ ਸਨ -- ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ` । ਇਹ ਚਿਤਰਨ ਨ ਪਰੰਪਰਾਗਤ ਹੈ ਅਤੇ ਨ ਹੀ ਕਿਸੇ ਭਾਵਾਵੇਸ਼ ਦਾ ਫਲ ਹੈ, ਸਗੋਂ ਸਜੀਵ ਅਤੇ ਵਾਸਤਵਿਕ ਹੈ । ਇਸ ਸੰਦਰਭ ਵਿਚ ਗੁਰੂ ਜੀ ਨੇ ਆਦਰਸ਼ ਰਾਜਾ ਦੇ ਕਰਤੱਵ ਨੂੰ ਵੀ ਸਪਸ਼ਟ ਕੀਤਾ ਹੈ। ਗੁਰੂ ਜੀ ਦੇ ਇਹ ਵਿਚਾਰ ਉਸ ਸਮੇਂ ਦੀ ਰਾਜਨੀਤਿਕ ਅਵਸਥਾ ਨੂੰ ਰੂਪਮਾਨ ਕਰਦੇ ਹਨ ਅਤੇ ਸਹੀ ਵਸਤੂ-ਸਥਿਤੀ ਦਾ ਬੋਧ ਕਰਾ ਕੇ ਸ਼ਾਸਕਾਂ ਨੂੰ ਸਨ ਮਾਰਗ ਉੱਤੇ ਪਾਉਂਦੇ ਹਨ।

ਮੁਗ਼ਲ ਰਾਜ ਪੂਰਵ-ਮੱਧ-ਕਾਲ ਦੇ ਅੰਤ ਤਕ, ਸਿਵਾਏ ਕੁਝ ਸਮੇਂ ਲਈ ਕੀਤੇ ਸ਼ੇਰ ਸ਼ਾਹ ਸੂਰੀ ਦੇ ਰਾਜ ਦੇ, ਨਿਰਵਿਘਨ ਚਲਦਾ ਰਿਹਾ । ਇਸ ਵਿਚ ਸੰਦੇਹ ਨਹੀਂ ਕਿ ਅਕਬਰ ਬਾਦਸ਼ਾਹ ਦੇ ਰਾਜ-ਕਾਲ ਨੂੰ ਛੱਡ ਕੇ ਬਾਕੀ ਮੁਗ਼ਲ ਬਾਦਸ਼ਾਹਾਂ ਦਾ ਰਾਜ ਹਿੰਦੂ ਧਰਮ ਅਤੇ ਜਨਤਾ ਲਈ ਕੋਈ ਬਹੁਤ ਸੁਖਾਵਾਂ ਨਹੀਂ ਸੀ, ਪਰ ਮੱਧ-ਕਾਲ ਤੋਂ ਪਹਿਲਾਂ ਵਾਲੀ ਅਰਾਜਕਤਾ ਘਟ ਜ਼ਰੂਰ ਰਾਣਾ ਸੀ । ਜਹਾਂਗੀਰ ਬਾਦਸ਼ਾਹ ਦੁਆਰਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਅਤੇ ਔਰੰਗਜ਼ੇਬ ਦੁਆਰ ਗੁਰੂ ਤੇਗ਼ ਬਹਾਦਰ ਦਾ ਦਿੱਲੀ-ਚਾਂਦਨੀ ਚੌਕ ਵਿਚ ਕੀਤਾ ਗਿਆ

ਕਤਲ ਕੁਝ ਅਜਿਹਾ ਅਮਾਨਵੀ ਘਟਨਾਵਾਂ ਸਨ ਜਿਨ੍ਹਾਂ ਨੇ ਸ਼ਾਂਤਮਈ ਸਿੱਖ-ਭਗਤੀ-ਅੰਦੋਲਨ ਨੂੰ ਹਾਕਮ ਦੇ ਸ਼ਕਤੀ ਦਾ ਸੰਚਾਰ ਹੋਇਆ ਜਿਸ ਨੂੰ ਹੜ੍ਹ ਨੂੰ ਰੋਕਣ ਲਈ ਯੂ ਨੇ ਦਿੱਤਾ ਅਤੇ ਵਿੱਚ ਨਵੀਂ ਸ਼ਕਤੀ ਦਾ ਵਿਚ ਬਦਲ ਦਿੱਤਾ। ਇਸ ਤਰ੍ਹਾਂ ਪੰਜਾਬ ਵਿਚ ਨਵੀਂ ਸ਼ਕਤੀ ਦਾ ਸੰਚਾਰ ਹੋਇਆ । ਅੰਤਿਮ ਰੂਪ ਦਸਵੇਂ ਗੁਰੂ ਨੇ ਦਿੱਤਾ ਅਤੇ ਸਿੱਖ-ਸਾਧਕ ਸੈਨਿਕ ਮਰਜੀਵੜੇ ਬਣ ਕੇ ਤਸਦਤ ਹੜ੍ਹ ਨੂੰ ਰੋਕਣ ਲਈ ਤਿਆਰ ਹੋ ਗਏ । ਪਹਿਲਾਂ ਜਨਤਾ ਨੂੰ ਭਗਤੀ ਵਲ ਪੀਰਤਾ ਭਗਤੀ-ਭਾਵ ਪ੍ਰਧਾਨ ਬਾਣੀ ਦੀ ਰਚਨਾ ਹੋਈ ਜਿਸ ਦਾ ਸੰਕਲਨ ਗੁਰੂ ਗ੍ਰੰਥ ਸਾਹਿਬ ਜੀਹੋਇਆ ਅਤੇ ਜਿਸ ਦੀ ਸਰਲ ਵਿਆਖਿਆ ਗੁਰਦਾਸ ਬਾਣੀ ਵਿਚ ਹੋਈ ਨੂੰ ਅਤੇ ਫਿਰ ਧਰਮ-ਯੁੱਧ ਲਈ ਸੰਤਾਂ ਦੀ ਮਾਨਸਿਕਤਾ ਨੂੰ ਬਦਲਣ ਲਈ ਗੁਰ ਗੋਬਿੰਦ ਸਿੰਘ ਨੇ ਵੀਰ-ਕਾਵਿਧਾਰਾ ਦੀ ਰਚਨਾ ਕੀਤੀ ਅਤੇ ਕਰਵਾਈ। ਇਸ ਤਰ੍ਹਾਂ ਇਸ ਕਾਲ ਵਿਚ ਰਚਿਆ ਗਿਆ ਸਿੱਖ ਅੰਦੋਲਨ ਨਾਲ ਸੰਬੰਧਿਤ ਕਾਵਿਧਾਰਾ ਬਹੁਤ ਕੁਝ ਇਤਿਹਾਸਿਕ ਪਰਿਸਥਿਤੀਆਂ ਦੀ ਉਪਜ ਹੈ । ਇੱਥੇ ਇਹ ਵੀ ਗੱਲ ਧਿਆਨਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਭਗਤੀ ਕਾਵਿਧਾਰਾ ਦੀ ਨੁਹਾਰ ਚਾਹੇ ਭਗਤੀ ਮਈ ਹੈ, ਪਰ ਉਸ ਦੀ ਅੰਤਰ-ਦ੍ਰਿਸ਼ਟੀ ਆਤਮ-ਗੌਰਵ ਨਾਲ ਭਰਪੂਰ ਹੈ। ਆਪਣੇ ਮੋਢਿਆਂ ਤੋਂ ਗ਼ੁਲਾਮੀ ਦਾ ਜੂਲਾ ਉਤਾਰਨ ਦੀ ਪ੍ਰੇਰਨਾ ਗੁਰੂ ਨਾਨਕ ਦੇਵ ਦੇ ਕਈ ਪਦਿਆਂ ਵਿਚ ਸਪਸ਼ਟ ਮਿਲ ਜਾਂਦੀ ਹੈ। ਇਸ ਭਾਵਨਾ ਦਾ ਵਿਕਾਸ ਉਚਿੱਤ ਸਮਾਂ ਆਉਣ ਤੇ ਗੁਰੂ ਗੋਬਿੰਦ ਸਿੰਘ ਦੇ ਗੁਰੂ-ਗੱਦੀ ਕਾਲ ਵਿਚ ਹੋਇਆ । ਇਸੇ ਲਈ ਵਿਦਵਾਨਾਂ ਦੀ ਇਹ ਰਾਏ ਸਹੀ ਹੈ ਕਿ ਜਿਸ ਤਲਵਾਰ ਨੂੰ ਦੇਸ਼ ਦੀ ਸੁਤੰਤਰਤਾ ਲਈ ਗੁਰੂ ਗੋਬਿੰਦ ਸਿੰਘ ਨੇ ਵਰਤਿਆ ਸੀ ਉਸ ਦਾ ਇਸਪਾਤ ਗੁਰੂ ਨਾਨਕ ਦੇਵ ਨੇ ਜੁਟਾਈਆਂ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਦੇ ਆਗਮਨ ਵੇਲੇ ਦੀ ਜਨ-ਚੇਤਨਾ ਗੁਰੂ ਗੋਬਿੰਦ ਸਿੰਘ ਦੇ ਅੰਤ-ਕਾਲ ਤਕ ਮੁੱਲ ਪਰਿਵਰਤਿਤ ਹੋ ਕੇ ਕ੍ਰਾਂਤੀ ਦਾ ਰੂਪ ਧਾਰਨ ਕਰ ਚੁੱਕੀ ਸੀ ।

## ਮੱਧਕਾਲੀ ਪੰਜਾਬੀ ਸਾਹਿਤ ਦਾ ਧਾਰਮਿਕ ਸੰਦਰਭ

ਧਰਮ, ਅਸਲ ਵਿਚ, ਮਨੁੱਖ ਦੀਆਂ ਸੱਦ-ਭਾਵਨਾਵਾਂ ਅਤੇ ਨੈਤਿਕ ਆਚਰਨ ਦਾ ਫਲ ਹੈ । ਜੀਵਨ ਦੀਆਂ ਅਮਿੱਟ ਕਾਮਨਾਵਾਂ ਦੀ ਪੂਰਤੀ ਅਤੇ ਅਦ੍ਰਿਸ਼ਟ ਨੂੰ ਪ੍ਰਾਪਤ ਕਰਨ ਦਾ ਇਹ ਇਕ ਮਹੱਤਵਪੂਰਨ ਸਾਧਨ ਹੈ । ਇਸ ਦਾ ਮਾਰਗ ਜੀਵਨ ਦਾ ਸੱਚਾ ਮਾਰਗ ਹੈ, ਇਹੀ ਮਨੁੱਖ ਦੀ ਉੱਨਤੀ ਦਾ ਮਾਪਦੰਡ ਹੈ ਕਿਉਂਕਿ ਮਾਨਵ ਅਤੇ ਧਰਮ ਇਕ ਦੂਜੇ ਤੇ ਨਿਰਭਰ ਕਰਦੇ ਹਨ , ਇਨ੍ਹਾਂ ਵਿਚ ਕੋਈ ਭੇਦ ਸਥਾਪਿਤ ਨਹੀਂ ਕੀਤਾ ਜਾ ਸਕਦਾ । ਜਦੋਂ ਸਹਿਜ-ਧਰਮ ਦਾ ਸਰੂਪ ਦੱਬ ਜਾਂਦਾ ਹੈ ਅਤੇ ਸੰਪਰਦਾਇਕ ਰੁਚੀਆਂ ਪ੍ਰਬਲ ਹੋ ਜਾਂਦੀਆਂ ਹਨ, ਤਾਂ ਧਾਰਮਿਕਤਾ ਖ਼ਤਮ ਹੋ ਜਾਂਦੀ ਹੈ । ਸੰਤੁਲਨ ਬਣਾਈ ਰੱਖਣ ਲਈ ਸਹਿਜ-ਧਰਮ ਫਿਰ ਤੋਂ ਬਲ ਅਰਜਿਤ ਕਰਨ ਲਗਦਾ ਹੈ ਅਤੇ ਨਵੇਂ ਅੰਦੋਲਨ ਸ਼ੁਰੂ ਹੁੰਦੇ ਹਨ । ਗੁਰੂ ਨਾਨਕ ਦੇਵ ਦੇ ਆਗਮਨ ਸਮੇਂ ਸਹਿਜ-ਧਰਮ ਖ਼ਤਮ ਹੋ ਚੁੱਕਿਆ ਸੀ ਅਤੇ ਉਸ ਦੀ ਥਾਂ ਤੇ ਇਸਲਾਮ ਅਤੇ ਹਿੰਦੂ ਧਰਮਾਂ ਦਾ ਪਾਖੰਡ-ਪੂਰਨ ਰੂਪ ਪ੍ਰਧਾਨ ਹੋ ਗਿਆ ਸੀ । ਉਸ ਸਥਿਤੀ ਦਾ ਚਿਣ ਕਰਦਿਆਂ ਗੁਰੂ ਜੀ ਨੇ ਦੱਸਿਆ ਹੈ ਕਿ

ਕਲਯੁਗ ਛੁਰੀ ਵਾਂਗ ਹੈ, ਰਾਜੇ ਕਸਾਈਆਂ ਵਰਗੇ ਹਨ ਅਤੇ ਧਰਮ ਖੰਭ ਲਾ ਕੇ ਉੱਡ ਗਿਆ ਹੈ । ਹਰ ਪਾਸੇ ਕੂੜ ਦੀ ਮੱਸਿਆ ਪਸਰੀ ਹੋਈ ਹੈ। ਉਸ ਅਵਸਥਾ ਵਿਚ ਸੱਚ ਦਾ ਚੰਦਰਮਾ ਭਲਾ ਕਿਵੇਂ ਦਿਸੇ -- ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ'...| ਧਰਮ ਦੇ ਖੇਤਰ ਵਿਚ ਉਦੋਂ ਇਕ ਪ੍ਰਕਾਰ ਦੀ ਅਰਾਜਕਤਾ ਪਸਰੀ ਹੋਈ ਹੈ।

ਹਿੰਦੂ ਧਰਮ ਵਿਚ ਬਹੁ-ਦੇਵ-ਵਾਦੀ ਅਤੇ ਅਵਤਾਰਵਾਦੀ ਪਵਿੱਤੀ ਦੀ ਪ੍ਰਧਾਨਤਾ ਸੀ । ਯੋਗ-ਸਾਧਨਾ ਅਤੇ ਮੂਰਤੀ-ਪੂਜਾ ਆਮ ਪ੍ਰਚਲਿਤ ਸਨ। ਯੋਗੀ ਲੋਕ ਅਸਾਧਾਰਨ ਰਿੱਧੀਆਂ-ਸਿੱਧੀਆਂ ਰਾਹੀਂ ਜਨਤਾ ਨੂੰ ਭੰਬਲਭੂਸਿਆਂ ਵਿਚ ਉਲਝਾਈ ਰੱਖਦੇ ਸਨ ਅਤੇ ਪੁਜਾਰੀ ਲੋਕ ਪੌਰਾਣਿਕ ਕਰਮ-ਕਾਂਡਾਂ ਅਤੇ ਅਨੁਸ਼ਾਸਨਾਂ ਵਿਚ ਹੀ ਲੋਕਾਂ ਨੂੰ ਗੁਮਰਾਹ ਕਰੀ ਰੱਖਦੇ ਸਨ। ਤੀਰਥਾਂ ਦੇ ਅਧਿਕ ਤੋਂ ਅਧਿਕ ਮਹਾਤਮ ਦਸ ਕੇ ਉਨ੍ਹਾਂ ਦੀ ਯਾਤਰਾ ਕਰਨ ਦੀ ਸੋਚ ਤੋਂ ਲੋਕਾਂ ਨੂੰ ਨਿਕਲਣ ਹੀ ਨਹੀਂ ਦਿੰਦੇ ਸਨ। ਰੋਹਿਤ ਵਰਗ ਨਰਕਾਂ ਸੁਰਗਾਂ ਦੇ ਡਰ ਅਤੇ ਲਾਰੇ ਲਗਾ ਕੇ ਲੋਕਾਂ ਦਾ ਸ਼ੋਸ਼ਣ ਕਰਦੇ ਸਨ। ਪੂਜਾ ਦੇ ਪਰਦੇ ਪਿੱਛੇ ਅਨੇਕ ਪ੍ਰਕਾਰ ਦੀ ਵਿਲਾਸਤਾ ਅਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਸੀ । ਧਰਮ ਦੀ ਰੱਖਿਆ ਦੀ ਆੜ ਵਿਚ ਜਾਤੀ-ਪ੍ਰਥਾ ਦੇ ਨਿਯਮ ਹੋਰ ਕਰੜੇ ਕਰ ਦਿੱਤੇ ਗਏ ਸਨ। ਬ੍ਰਾਹਮਣਾਂ ਦਾ ਬ੍ਰਹਮ-ਤੇਜ਼ ਭਾਵੇਂ ਮੁਸਲਮਾਨ ਸ਼ਾਸਕਾਂ ਦੀ ਸ਼ਕਤੀ ਅੱਗੇ ਭਸਮ ਹੋ ਚੁੱਕਿਆ ਸੀ,ਪਰ ਉਸ ਦੀ ਰਾਖ ਵਿਚ ਵੀ ਸੂਦਰਾਂ ਅਤੇ ਇਸਤਰੀਆਂ ਨੂੰ ਮਿੱਧੇ ਰੱਖਣ ਦੀ ਪ੍ਰਬਲ ਸਮਰੱਥਾ ਸੀ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਉਸ ਵਕਤ ਦੇ ਪ੍ਰਚਲਿਤ ਹਿੰਦੂ ਧਰਮ ਦੀ ਸਥਿਤੀ ਉੱਤੇ ਵਿਸਤਾਰ ਸਹਿਤ ਪ੍ਰਕਾਸ਼ ਪਾਇਆ ਹੈ । ਕੁਲ ਮਿਲਾ ਕੇ ਹਿੰਦੂ ਧਰਮ ਪਾਖੰਡ ਪਰਸ ਰਸਮਾਂ ਅਤੇ ਦਿਖਾਵੇ ਦੇ ਸਾਧਨਾਂ ਵਿਚ ਅਧਿਕ ਮਗਨ ਸੀ ਅਤੇ ਯੋਗੀਆਂ ਨੇ ਆਪਣੇ ਚਮਤਕਾਰਾਂ ਅਥਵਾ ਅਦਭੁਤ ਕਰਮਾਂ ਰਾਹੀਂ ਚਕਾਚੌਂਧ ਪੈਦਾ ਕੀਤੀ ਹੋਈ ਸੀ । ਪੰਡਿਤ ਲੋਕ ਧਰਮ-ਗ੍ਰੰਥਾਂ ਦਾ ਕੇਵਲ ਪਾਠ ਕਰਦੇ

ਸਨ, ਪਰ ਉਨ੍ਹਾਂ ਵਿਚਲੇ ਗਿਆਨ ਤੋਂ ਕੋਰੇ ਰਹਿੰਦੇ ਸਨ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਕੋਈ ਤਾਲ-ਮੇਲ ਨਹੀਂ ਸੀ। ਉਨ੍ਹਾਂ ਦਾ ਹਰ ਕਰਮ ਹੰਕਾਰ ਪੂਰਨ ਸੀ । ਕਰਮਕਾਂਡੀ ਪੰਡਿਤ ਬਾਹਰੋਂ ਸ੍ਰੇਸ਼ਠ ਧਰਮ-ਸਾਧਕ ਹੋਣ ਦਾ ਪ੍ਰਦਰਸ਼ਨ ਕਰਦੇ ਸਨ, ਪਰ ਉਨ੍ਹਾਂ ਦਾ ਅੰਦਰ ਮਲੀਨਤਾ ਨਾਲ ਪੂਰਿਆ ਹੋਇਆ ਸੀ । ਮੁਸਲਮਾਨ ਸ਼ਾਸਕਾਂ ਦੇ ਦਰਬਾਰਾਂ ਵਿਚ ਜਾ ਕੇ ਉਨ੍ਹਾਂ ਦੇ ਧਾਰਮਿਕ ਕਰਮਾਂ ਦਾ ਅਨੁਸਰਨ ਕਰਦੇ ਸਨ ਪਰ ਉੱਪਰੋਂ ਪਵਿੱਤਰ ਹੋਣ ਦਾ ਦਿਖਾਵਾ ਕਰਦੇ ਸਨ। ਉਹ ਆਪਣੇ ਕਰਤੱਵ ਤੋਂ ਡਿਗ ਚੁੱਕੇ ਸਨ । ਯੋਗੀ, ਸੰਨਿਆਸੀ ਲੋਕ ਵੀ ਪੂਰੀ ਤਰ੍ਹਾਂ ਧਰਮ ਦੇ ਵਾਸਤਵਿਕ ਰੂਪ ਨੂੰ ਤਿਆਗ ਚੁੱਕੇ ਸਨ । ਵੈਰਾਗ ਦੀ ਮਾਮੂਲੀ ਜਿਹੀ ਲਹਿਰ ਉੱਠਣ ਨਾਲ ਘਰ ਬਾਰ ਛੱਡ ਦਿੰਦੇ ਸਨ ਅਤੇ ਪੇਟ ਭਰਨ ਲਈ ਫਿਰ ਗ੍ਰਿਸਤੀਆਂ ਦੇ ਘਰਾਂ ਵਲ ਝਾਕਦੇ ਰਹਿੰਦੇ ਸਨ । ਨ ਉਹ ਗ੍ਰਹਿਸਤ ਧਰਮ ਦੀ ਪਾਲਨਾ ਕਰ ਸਕਦੇ ਸਨ ਅਤੇ ਨ ਹੀ ਅਧਿਆਤਮਿਕਤਾ ਵਿਚ ਉੱਚੇ ਉੱਠ ਸਕਦੇ ਸਨ । ਬੱਸ ਸਰੀਰ ਉੱਤੇ ਸੁਆਹ ਮਲ ਕੇ ਜਾਂ ਗੇਰੂਏ ਰੰਗ ਵਿਚ ਕੱਪੜੇ ਰੰਗ ਕੇ ਸਾਧੂ ਹੋਣ ਦਾ ਆਡੰਬਰ ਰਚਦੇ ਸਨ। ਇਹੀ ਹਾਲ ਹੋਰ ਭਾਰਤੀ ਧਰਮਾਂ ਦਾ ਸੀ। ਧਾਰਮਿਕ ਗਿਰਾਵਟ ਨੂੰ ਦੂਰ ਕਰਨ ਲਈ ਅਨੇਕ ਧਰਮ-ਸਾਧਕ ਅਤੇ ਆਚਾਰੀਆ ਸਾਹਮਣੇ ਆਏ ਪਰ ਅਧਰਮਤਾ ਦਾ ਕੋੜ੍ਹ ਇਤਨਾ ਵਿਆਪਕ ਸੀ ਅਤੇ ਭੇਦ-ਭਾਵ ਦੀ ਡਫਲੀ ਇਤਨੀ ਸ਼ਿੱਦਤ ਨਾਲ ਵੱਜ ਰਹੀ ਸੀ ਕਿ ਸੁਧਾਰਕ ਧਰਮ-ਸਾਧਕਾਂ ਦਾ ਪ੍ਰਚਾਰ-ਕਾਰਜ ਜੰਮ ਹੀ ਨਹੀਂ ਸਕਦਾ ਸੀ।

ਇਸਲਾਮ-ਧਰਮ ਦੇ ਅਨੁਯਾਈ ਵੀ ਧਰਮ ਦੇ ਧਰਾਤਲ ਤੋਂ ਹਟ ਚੁੱਕੇ ਸਨ । ਕਾਜ਼ੀਆਂ ਮੁੱਲਿਆਂ ਦਾ ਆਚਰਨ ਨੀਵਾਂ ਹੋ ਚੁੱਕਿਆ ਸੀ। ਆਪਣੇ ਕਰਤੱਵਾਂ ਨੂੰ ਪਾਲਣ ਵਿਚ ਉਨ੍ਹਾਂ ਦੀ ਕੋਈ ਰੁਚੀ ਨਹੀਂ ਸੀ । ਕਾਜ਼ੀ ਲੋਕ ਤਸਬੀ ਫੇਰਦੇ ਅਤੇ ਨਿਆਂ ਕਰਨ ਦਾ ਧੰਦਾ ਕਰਦੇ ਸਨ, ਪਰ ਲਾਲਚ ਵਿਚ ਫਸ ਕੇ ਹੱਕ ਤੋਂ ਮੁਨਕਰ ਹੋ ਜਾਂਦੇ ਸਨ ਅਤੇ ਲੋਕਾਂ ਦੀ ਤਸੱਲੀ ਲਈ ਸ਼ਰ੍ਹਾ ਦਾ ਕੋਈ ਨੁਕਤਾ ਸਮਝਾ ਦਿੰਦੇ ਸਨ । ਇਸ ਤਰ੍ਹਾਂ ਝੂਠ ਬੋਲ ਬੋਲ ਕੇ ਹਰਾਮ ਦੀ ਕਮਾਈ ਖਾਂਦੇ ਸਨ -- ਕਾਦੀ ਕੂੜ ਬੋਲਿ ਮਲੁ ਖਾਇ । ਸੱਚ ਤਾਂ ਇਹ ਹੈ ਕਿ ਸਭ ਲੋਕ ਧਰਮ-ਕਰਮ ਤੇ ਭ੍ਰਿਸ਼ਟ ਹੋ ਚੁੱਕੇ ਸਨ । ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਵਿਚ ਯੁਗ-ਚਿਤਰਣ ਰਾਹੀਂ ਜਿੱਥੇ ਉਸ ਸਮੇਂ ਦੀ ਧਾਰਮਿਕ ਸਥਿਤੀ ਉੱਤੇ ਯਥਾਰਥ ਝਾਤ ਪਾਈ ਗਈ ਹੈ, ਉੱਥੇ ਸੱਚੇ ਧਰਮ ਦੇ ਸਰੂਪ ਅਤੇ ਉਸ ਦੀ ਪਾਲਨਾ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ । ਬਾਹਮਣ ਦੇ ਸਹੀ ਕਰਤੱਵ ਨੂੰ ਚੇਤੇ ਕਰਾ ਕੇ ਜਨਤਾ ਨੂੰ ਧਰਮ-ਕਰਮ ਵਿਚ ਲੀਨ ਕਰਨ ਲਈ ਕਿਹਾ ਗਿਆ ਹੈ। ਮੁਸਲਮਾਨਾਂ ਨੂੰ ਵੀ ਧਾਰਮਿਕ ਅੱਤਿਆਚਾਰ ਕਰਨ ਤੋਂ ਰੋਕਿਆ ਗਿਆ ਹੈ। ਉਨ੍ਹਾਂ ਦੇ ਧਰਮ ਦੇ ਅੰਗਾਂ ਅਤੇ ਸਾਧਨਾ ਦੇ ਉਪਕਰਨਾਂ ਦਾ ਭਾਵਾਤਮਿਕ ਵਿਸ਼ਲੇਸ਼ਣ ਕੀਤਾ ਗਿਆ ਹੈ । ਹਿੰਸਕ ਅੱਤਿਆਚਾਰ ਕਰਨ ਤੋਂ ਰੋਕਣ ਲਈ ਗੁਰੂ ਨਾਨਕ ਦੇਵ ਨੇ ਸਥਾਪਿਤ ਕੀਤਾ ਹੈ ਕਿ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥

ਸਰਵ-ਸਾਂਝੀਵਾਲਤਾ ਦੀ ਭਾਵਨਾ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਆਪਤ ਹੈ । ਬਣ-ਗ੍ਰੰਥ` ਵਿਚ ਵੀ ਅਕਾਲ-ਉਸਤਤਿ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਨੇ ਧਾਰਮਿਕ ਸੰਕੀਰਨਤਾ ਨੂੰ ਖ਼ਤਮ ਕਰ ਕੇ ਸਾਰੀ ਮਨੁੱਖ ਜਾਤੀ ਨੂੰ ਇਕ ਸਮਝਣ ਲਈ ਪ੍ਰਬਲ ਪ੍ਰੇਰਨਾ ਦਿੱਤੀ ਹੈ। ਅਸਲ ਵਿਚ, ਸਿੱਖ ਧਰਮ ਅੰਦੋਲਨ ਬੁਨਿਆਦੀ ਤੌਰ ਤੇ ਸੱਚੇ ਮਾਨਵ ਧਰਮ ਦੀ ਸਥਾਪਨਾ ਕਰਦਾ ਹੋਇਆ ਮਨੁੱਖ ਮਨੁੱਖ ਨੂੰ ਨੇੜੇ ਲਿਆਉਂਦਾ ਹੈ ਅਤੇ ਮਾਨਵਤਾ ਵਾਦੀ ਰੁਚੀਆਂ ਦਾ ਪ੍ਰਚਾਰ ਕਰਦਾ ਹੋਇਆ ਸਹਿਜ ਧਰਮ ਦੀ ਪਾਲਨਾ ਉੱਤੇ ਬਲ ਦਿੰਦਾ ਹੈ ।

## ਮੱਧਕਾਲੀ ਪੰਜਾਬੀ ਸਾਹਿਤ ਦਾ ਸਮਾਜਿਕ-ਆਰਥਿਕ ਸੰਦਰਭ

ਸਮਾਜ ਦਾ ਮਨੁੱਖ ਨਾਲ ਬੜਾ ਡੂੰਘਾ ਸੰਬੰਧ ਹੈ । ਜਦੋਂ ਵਿਅਕਤੀ ਆਪਣੇ ਕਰਤੱਵ ਤੋਂ ਡਿਗਦਾ ਹੈ ਤਾਂ ਸਮਾਜ ਦੀ ਵਿਵਸਥਾ ਵਿਗੜ ਜਾਂਦੀ ਹੈ । ਗੁਰੂ ਨਾਨਕ ਦੇਵ ਵੇਲੇ ਵੀ ਸਮਾਜ ਦੀ ਹਰ ਪ੍ਰਕਾਰ ਦੀ ਮਰਯਾਦਾ ਵਿਗੜ ਚੁੱਕੀ ਸੀ । ਇਸਤਰੀਆਂ ਮੂਰਖਤਾ ਨੂੰ ਪ੍ਰਦਰਸ਼ਿਤ ਕਰਦੀਆਂ ਸਨ ਅਤੇ ਪੁਰਸ਼ ਨਿਰਦਈ ਬਣ ਚੁੱਕੇ ਸਨ । ਸ਼ੀਲ, ਸੰਜਮ, ਪਵਿੱਤਰਤਾ ਆਦਿ ਬੰਧਨਾਂ ਨੂੰ ਤੋੜ ਕੇ ਖਾਧ-ਅਖਾਧ ਖਾਣ ਵਿਚ ਲੱਗੇ ਹੋਏ ਸਨ -- ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ...। ਲੋਕਾਂ ਦੇ ਆਚਰਨ ਡਿਗ ਚੁੱਕੇ ਸਨ, ਦੁਰਾਚਾਰੀ ਲੋਕ ਪ੍ਰਧਾਨ ਬਣੇ ਹੋਏ ਸਨ। ਸਮਾਜਿਕ ਸੰਬੰਧ ਨਿਰੇ ਸੁਆਰਥ ਉੱਤੇ ਟਿਕੇ ਸਨ-- ਇਸਤਰੀ ਪੁਰਖੈ ਖਟਿਆ ਭਾਉ । ਭਾਵੈ ਆਵਉ ਭਾਵੈ ਜਾਉ।

ਉਦੋਂ ਸਾਰਾ ਸਮਾਜ ਮੁੱਖ ਤੌਰ ਤੇ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ -- ਇਕ ਹਿੰਦੂ ਸਮਾਜ ਅਤੇ ਦੂਜਾ ਮੁਸਲਮਾਨ ਸਮਾਜ । ਇਸ ਵੰਡ ਦਾ ਆਧਾਰ ਉਸ ਵਕਤ ਦੇ ਪ੍ਰਚਲਿਤ ਦੋ ਮੁੱਖ ਧਰਮ ਸਨ। ਉਸ ਵਕਤ ਦੀ ਧਾਰਮਿਕ ਤੰਗ-ਨਜ਼ਰੀ ਨੇ ਸਮਾਜਿਕ ਵਿਵਸਥਾ ਤੇ ਆਪਣਾ ਪੂਰਾ ਅਸਰ ਪਾਇਆ ਹੋਇਆ ਸੀ । ਮੁਸਲਮਾਨਾਂ ਦੇ ਅੱਤਿਆਚਾਰਾਂ ਨੇ ਹਿੰਦੂਆਂ ਦੇ ਅਨੁਦਾਨ ਵਰਗ ਨੂੰ ਹੋਰ ਅਧਿਕ ਅਨੁਦਾਨ

ਬਣਾ ਦਿੱਤਾ ਸੀ। ਸਮਾਜਿਕ ਮਰਯਾਦਾ ਦੀ ਰੱਖਿਆ ਦੇ ਪ੍ਰਸ਼ਨ ਨੇ ਧਰਮ ਦੇ ਸਾਧਾਰਨ ਅਚਾਰਾਂ ਨੂੰ ਕਵਚ ਵਜੋਂ ਬਾਹਰਲੇ ਅਡੰਬਰਾਂ ਵਿਚ ਬਦਲ ਦਿੱਤਾ ਸੀ । ਵਰਣ-ਸ਼ਮ ਵਿਵਸਥਾ ਦਾ ਉਜਲਾ ਪੱਖ ਦੱਬ ਗਿਆ ਸੀ । ਮਨੁੱਖ ਮਨੁੱਖ ਨ ਰਹਿ ਕੇ ਕੇਵਲ ਬਾਹਮਣ, ਛਤਰੀ, ਵੈਸ਼ ਅਤੇ ਸ਼ੂਦਰ ਬਣ ਗਿਆ ਸੀ। ਇਸ ਸਥਿਤੀ ਦਾ ਮੱਧ-ਯੁੱਗ ਦੇ ਸੰਤਾਂ ਦੀਆਂ ਬਾਣੀਆਂ ਵਿਚ ਵਿਸਤਰਿਤ ਚਿਣ ਹੋਇਆ ਹੈ ਅਤੇ ਲੋੜ ਅਨੁਸਾਰ ਨਿਰਸੰਕੋਚ ਖੰਡਨ ਵੀ ਹੋਇਆ ਹੈ । ਆਮ ਵਿਵਸਥਾ ਨੇ ਵੀ ਸਮਾਜਿਕ ਸਥਿਤੀ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਮਨੁੱਖੀ ਕਰਮ ਤੋਂ ਬੇਮੁਖ ਕਰਕੇ ਲੋਕਾਂ ਨੂੰ ਸੰਨਿਆਸੀ ਅਤੇ ਵੈਰਾਗੀ ਬਣਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਸੀ । ਸਾਧੂਆਂ ਦੇ ਦਲ ਹਰ ਪਾਸੇ ਚੱਕਰ ਕੱਟਦੇ ਮਿਲਦੇ ਸਨ। ਗ੍ਰਹਿਸਤ ਪ੍ਰਤੀ ਅਵੇਸਲੇ ਹੋਣ ਤੇ ਉਨ੍ਹਾਂ ਦੇ ਸਮਾਜ ਦਾ ਸਮੁੱਚਾ ਢਾਂਚਾ ਹੀ ਹਿੱਲ ਚੁੱਕਿਆ ਸੀ। ਸਿੱਖਿਆ ਦਾ ਅਭਾਵ ਹੋਣ ਕਾਰਨ ਧਰਮ ਦੇ ਨਾਂ ਤੇ ਸਮਾਜ ਵਿਚ ਅਨੇਕ ਪ੍ਰਕਾਰ ਦੀਆਂ ਭੈੜੀਆਂ ਅਤੇ ਸਮਾਜ ਵਿਰੋਧੀ ਪ੍ਰਥਾਵਾਂ ਪ੍ਰਚਲਿਤ ਹੋ ਗਈਆਂ ਸਨ । ਇਸਤਰੀ ਕਾਮ-ਭੋਗ ਅਤੇ ਵਿਲਾਸ ਦੀ ਵਸਤੂ ਬਣ ਕੇ ਰਹਿ ਗਈ ਸੀ। ਇਸ ਨਾਲ ਸਾਰਾ ਹਿੰਦੂ ਸਮਾਜ ਮਾਨਸਿਕ ਤੌਰ ਤੇ ਬੀਮਾਰ ਹੋ ਗਿਆ ਸੀ । ਇਹ ਠੀਕ ਹੈ ਕਿ ਮੁਸਲਮਾਨ ਲੋਕ ਜਾਤੀ ਭੇਦ-ਭਾਵ ਰਹਿਤ ਸਮਾਜਿਕ ਢਾਂਚੇ ਵਿਚ ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ ਯਕੀਨ ਰੱਖਦੇ ਸਨ, ਪਰ ਹਿੰਦੁਸਤਾਨ ਵਿਚ ਆ ਕੇ ਇਹ ਮੁੱਖ ਤੌਰ ਤੇ ਦੋ ਵਰਗਾਂ ਵਿਚ ਗਏ । ਇਕ ਉਹ ਮੁਸਲਮਾਨ ਜੋ ਆਕਰਮਣਕਾਰਾਂ ਦੇ ਰੂਪ ਵਿਚ ਬਾਹਰੋਂ ਆਏ ਸਨ ਅਤੇ ਆਪਣੇ ਪਿਛੋਕੜ ਦੀ ਪਛਾਣ ਨੂੰ ਕਾਇਮ ਰੱਖੀ ਆ ਰਹੇ ਸਨ। ਇਨ੍ਹਾਂ ਅੰਦਰ ਸ੍ਰੇਸ਼ਠਤਾ ਦਾ ਅਹਿਸਾਸ ਕਾਇਮ ਸੀ । ਦੂਜਾ ਵਰਗ ਹਿੰਦੂਆਂ ਤੋਂ ਬਣੇ ਮੁਸਲਮਾਨਾਂ ਦਾ ਸੀ। ਇਨ੍ਹਾਂ ਵਿਚੋਂ ਵੀ ਸ਼ੇਸ਼ਠ ਕੁਲਾਂ ਵਾਲੇ ਹਿੰਦੂ ਮੁਸਲਮਾਨ ਬਣ ਕੇ ਆਪਣੇ ਗੌਰਵ ਨੂੰ ਕੁਝ ਸੀਮਾ ਤਕ ਸੰਭਾਲੀ ਆ ਰਹੇ ਸਨ, ਪਰ ਪਛੜੀਆਂ ਹੋਈਆਂ ਜਾਤਾਂ ਵਾਲੇ ਹਿੰਦੂ ਮੁਸਲਮਾਨ ਹੋਏ ਲੋਕਾਂ ਨੂੰ ਕੋਈ ਆਦਰ-ਪੂਰਵਕ ਸਥਾਨ ਪ੍ਰਾਪਤ ਨਹੀਂ ਸੀ । ਉਨ੍ਹਾਂ ਦੇ ਵਿਵਸਾਇਕ ਕਿੱਤੇ ਆਪਣਾ ਪਿਛੋਕੜ ਨਾਲ ਹੀ ਲਈ ਫਿਰਦੇ ਸਨ । ਭਾਰਤੀ ਜਾਤੀ-ਪ੍ਰਥਾ ਨੇ ਕਿਸੇ ਨ ਕਿਸੇ ਰੂਪ ਵਿਚ ਮੁਸਲਮਾਨਾਂ ਦੇ ਉੱਚੇ ਵਰਗਾਂ ਨੂੰ ਪ੍ਰਭਾਵਿਤ ਕੀਤਾ ਸੀ। ਸੁੰਨੀ ਅਤੇ ਸ਼ੀਆ ਵਰਗਾਂ ਵਿਚ ਅਕਸਰ ਤਨਾਉ ਰਹਿੰਦਾ ਸੀ । ਸਮਾਜਿਕ-ਆਰਥਿਕ ਪੱਧਰ ਤੇ ਮੁਸਲਮਾਨ ਜਨਤਾ ਦੋ ਵਰਗਾਂ ਵਿਚ ਵੰਡੀ ਹੋਈ ਸੀ, ਇਕ ਅਮੀਰ ਅਤੇ ਦੂਜਾ ਗ਼ਰੀਬ । ਅਮੀਰ ਵਿਲਾਸੀ ਸਨ ਅਤੇ ਗ਼ਰੀਬ ਕੇਵਲ ਜੀਵਨ-ਨਿਰਵਾਹ ਕਰ ਰਹੇ ਸਨ । ਇਸ ਕਾਲ ਦੇ ਬਾਣੀ ਕਾਰਾਂ ਨੇ ਸਮਾਜ ਦੀ ਸਥਿਤੀ ਨੂੰ ਨੈਣ ਉਘਾੜ ਕੇ ਵੇਖਿਆ ਸੀ । ਗੁਰੂ ਸਾਹਿਬਾਨ ਨੇ ਇਕ ਪਾਸੇ ਸਮਕਾਲੀਨ ਸਮਾਜ ਦਾ ਯਥਾਰਥ ਚਿਣ ਕੀਤਾ ਹੈ ਅਤੇ ਦੂਜੇ ਪਾਸੇ ਸੱਚਾ ਸਮਾਜਿਕ ਪ੍ਰਾਣੀ ਬਣਨ ਲਈ ਸਦਾਚਾਰ, ਨੈਤਿਕਤਾ ਅਤੇ ਧਰਮ-ਨਿਸ਼ਠਾ ਦਾ ਉਪਦੇਸ਼ ਦਿੱਤਾ ਹੈ ਅਤੇ ਮਨੁੱਖ ਨੂੰ ਸੱਚਾ ਮਨੁੱਖ ਬਣਨ ਲਈ ਪ੍ਰੇਰਨਾ ਦਿੱਤੀ ਹੈ । ਸੱਚਾ ਮਨੁੱਖ ਹੀ ਆਦਰਸ਼ ਸਮਾਜ ਦਾ ਨਿਰਮਾਣ ਕਰ ਸਕਦਾ ਹੈ । ਇਸ ਭਾਵਨਾ ਨੂੰ ਪ੍ਰਗਟਾਉਣ ਲਈ ਇਸ ਕਾਲ ਦੇ ਧਰਮ-ਸਾਧਕਾਂ ਨੇ ਆਪਣੀਆਂ ਬਾਣੀਆਂ ਦੀ ਰਚਨਾ ਕੀਤੀ ਅਤੇ ਸਮਾਜ ਨੂੰ ਸੁਧਾਰਨ ਲਈ ਸ਼ਲਾਘਾਯੋਗ ਯਤਨ ਕੀਤਾ ।

## ਮੱਧਕਾਲੀ ਪੰਜਾਬੀ ਸਾਹਿਤ ਦਾ ਸਭਿਆਚਾਰਕ ਸੰਦਰਭ

ਸਭਿਆਚਾਰ ਕਿਸੇ ਸਮਾਜ ਦਾ ਜਿਊਣ ਢੰਗ ਹੁੰਦਾ ਹੈ। ਸਾਹਿਤ ਸਭਿਆਚਾਰ ਦੇ ਇਕ ਅੰਗ ਵਜੋਂ ਵੀ ਅਤੇ ਇਸ ਦੇ ਪ੍ਰਚਾਰ ਦੇ ਮਾਧਿਅਮ ਵਜੋਂ ਵੀ ਕਾਰਜਸ਼ੀਲ ਹੈ । ਜੇ ਸਾਹਿਤ ਕਲਾ ਕਈ ਬਿੰਬਾਂ ਦੀ ਪਾਤਰ ਸਿਰਜਨਾ ਹੁੰਦਾ ਹੈ ਤਾਂ ਇਹ ਬਿੰਬ ਜਿਸ ਵਾਸਤਵਿਕ ਸੰਸਾਰ ਵਿਚੋਂ ਲਏ ਜਾਂਦੇ ਹਨ ਉਹ ਸਮਾਜ ਦਾ ਸਭਿਆਚਾਰ ਹੁੰਦਾ ਹੈ। ਮੱਧਕਾਲੀ ਸਾਹਿਤ ਵਿਚ ਪੈਦਾ ਹੋਏ ਸਭਿਆਚਾਰ ਦੇ ਗੁਣ ਲੱਛਣ ਆਧੁਨਿਕ ਯੁੱਗ ਦੇ ਗੁਣ ਲੱਛਣਾਂ ਨਾਲੋਂ ਵੱਖਰੇ ਹਨ।ਇਤਿਹਾਸਕ ਸੰਦਰਭ ਇਹ ਸਮਾਂ ਰਾਜਸੀ ਉਥੱਲ ਪੁਥਲ ਦਾ ਸਮਾਂ ਸੀ। ਪਿਉ ਪੁੱਤਰ ਨੂੰ ਕੈਦ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਨ। ਇਕ ਫ਼ਿਰਕਾ ਦੂਜੇ ਨੂੰ ਅਮਨ ਚੈਨ ਨਾਲ ਜਿਊਣ ਨਹੀਂ ਦਿੰਦਾ ਸੀ। ਔਰੰਗਜ਼ੇਬ ਦੀਆਂ ਕੱਟੜਪੰਥੀ ਨੀਤੀਆਂ ਖ਼ਾਲਸੇ ਦੀ ਸਿਰਜਨਾ ਵਰਗੇ ਪੱਖ ਇਸ ਸਮੇਂ ਇਤਿਹਾਸਕ ਮਹੱਤਵ ਰੱਖਦੇ ਹਨ। ਉਪਰੋਕਤ ਅਵਸਥਾਵਾਂ ਵਿਚ ਗੁਰੂ ਨਾਨਕ ਦੇਵ ਨੇ ਪਰੰਪਰਾਗਤ ਭਗਤੀ ਲਹਿਰ ਨੂੰ ਪੰਜਾਬ ਵਿਚ ਵਿਕਸਿਤ ਕੀਤਾ, ਪਰ ਕੁਝ ਵੱਖਰੇ ਢੰਗ ਨਾਲ ਕਿਉਂਕਿ ਇਸ ਅੰਦੋਲਨ ਵਿਚ ਧਾਰਮਿਕ ਏਕਤਾ ਅਤੇ ਸਮਾਜਿਕ ਸਾਂਝੀਵਾਲਤਾ ਨੂੰ ਇਤਨਾ ਦ੍ਰਿੜ ਕੀਤਾ ਗਿਆ ਕਿ ਇਕ ਸੰਗਠਿਤ ਅਤੇ ਸੁਦ੍ਰਿੜ ਸਮਾਜ ਹੋਂਦ ਵਿਚ ਆਇਆ । ਸੰਗਠਨ ਹੀ ਸਮਾਜ ਨੂੰ ਸਮਰੱਥ ਬਣਾਉਂਦਾ ਹੈ । ਇਸੇ ਕਰ ਕੇ ਹੌਲੀ ਹੌਲੀ ਸ਼ਾਂਤ ਧਰਮ-ਸਾਧਕ ਬਲਵਾਨ ਯੋਧੇ ਬਣਦੇ ਗਏ, ਭਗਤੀ ਅਤੇ ਸ਼ਕਤੀ ਦਾ ਸਮਨਵੈ ਹੁੰਦਾ ਗਿਆ । ਇਸ ਨਾਲ ਸਾਰੀ ਜਨਤਾ ਦੀ ਸੋਚ ਅਤੇ ਵਿਵਹਾਰ ਬਦਲ ਗਿਆ । ਇਕ ਨਵਾਂ ਸੁਅਸਥ ਅਤੇ ਸਮਰੱਥ ਸਮਾਜ ਪੈਦਾ ਹੋ ਗਿਆ, ਧਰਮ ਕਰਮ-ਕਾਂਡਾਂ ਦੇ ਚੱਕਰ ਵਿਚੋਂ ਨਿਕਲ ਕੇ ਜੀਵਨ-ਵਿਧੀ ਬਣ ਗਿਆ ਅਤੇ ਰਾਜਨੀਤਿਕ ਵਾਤਾਵਰਣ ਅਰਾਜਕਤਾ ਦੀ ਥਾਂ ਸ਼ਕਤੀ-ਸੰਚਾਰ ਦਾ ਸੋਮਾ ਬਣ ਗਿਆ ।

ਇਹ ਕਾਲ ਰਾਜਨੀਤਿਕ, ਧਾਰਮਿਕ, ਸਮਾਜਿਕ, ਸੰਸਕ੍ਰਿਤਿਕ ਚੇਤਨਾ ਦੇ ਵਿਕਾਸ ਦਾ ਕਾਲ ਹੈ । ਇਸ ਵਿਚ ਰਚਿਆ ਗਿਆ ਭਗਤੀ ਸਾਹਿਤ ਪੰਜਾਬ ਵਿਚ ਹੀ ਨਹੀਂ, ਸਮੁੱਚੇ ਭਾਰਤ ਵਿਚ ਅਤੇ ਭਾਰਤ ਤੋਂ ਬਾਹਰ ਵੀ ਆਪਣੀ ਪਛਾਣ ਰੱਖਦਾ ਹੈ । ਇਸ ਦੀ ਉਪਜ ਸਿੱਖ-ਧਰਮ-ਅੰਦੋਲਨ ਤੋਂ ਹੋਈ ਹੈ। ਇਹ ਜਿੱਥੇ ਧਰਮ ਅੰਦੋਲਨ ਦੇ ਵਿਕਾਸ ਲਈ ਆਪਣੀ ਭੂਮਿਕਾ ਨਿਭਾਉਂਦਾ ਹੈ, ਉੱਥੇ ਪੰਜਾਬੀ ਸਾਹਿਤ ਵਿਚ ਬਲਵਾਨ ਅਤੇ ਨਰੋਈਆਂ ਬਿਰਤੀਆਂ ਨੂੰ ਵਿਕਸਿਤ ਕਰਦਾ ਹੈ ਗੁਰੂ ਨਾਨਕ ਦੇਵ ਦੇ ਜੀਵਨ-ਬਿੱਤ, ਵਿਅਕਤਿਤਵ ਅਤੇ ਸਾਧਨਾ ਦੇ ਸਰੂਪ ਬਾਰੇ ਮੁੱਖ ਸਰੋਤ ਦੇ ਰੂਪ ਵਿਚ ਕਈ ਜਨਮ-ਸਾਖੀਆਂ ਹੱਥ-ਲਿਖਤਾਂ ਅਤੇ ਪ੍ਰਕਾਸ਼ਿਤ ਸੰਸਕਰਨਾਂ ਦੇ ਰੂਪ ਵਿਚ ਮਿਲ ਜਾਂਦੀਆਂ ਹਨ, ਜਿਵੇਂ :

(1) ਪੁਰਾਤਨ ਜਨਮ-ਸਾਖੀ (ਅਤੇ ਉਸ ਉੱਤੇ ਆਧਾਰਿਤ -- ਆਦਿ ਸਾਖੀਆਂ, ਪ੍ਰਾਚੀਨ ਜਨਮ-ਸਾਖੀ, ਪੁਰਾਤਨ ਜਨਮ-ਸਾਖੀ ਸੀ ਗੁਰੂ ਨਾਨਕ ਦੇਵ ਜੀ ਕੀ ਅਤੇ ਬੀ-40 ਜਨਮ-ਸਾਖੀ)

(2) ਮਿਹਰਬਾਨ ਜਨਮ-ਸਾਖੀ

(3) ਬਾਲੇ ਵਾਲੀ ਜਨਮ-ਸਾਖੀ

(4) ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ

ਇਨ੍ਹਾਂ ਵਿਚ ਗੁਰੂ ਜੀ ਦੇ ਜਨਮ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ ਦੀਆਂ ਘਟਨਾਵਾਂ ਦਾ ਸਾਖੀਆਂ ਜਾਂ ਗੋਸ਼ਟਾਂ ਦੇ ਰੂਪ ਵਿਚ ਵਿਵਰਨ ਦਿੱਤਾ ਹੋਇਆ ਮਿਲਦਾ ਹੈ। ਇਹ ਚੂੰਕਿ ਸਾਖੀਕਾਰਾਂ ਦੇ ਮਨ ਉੱਤੇ ਪਏ ਗੁਰੂ ਨਾਨਕ ਬਿੰਬ ਨੂੰ ਰੂਪਮਾਨ ਕਰਦੀਆਂ ਹਨ, ਇਸ ਲਈ ਇਨ੍ਹਾਂ ਵਿਚ ਕੁਝ ਮਿਥਕ ਅੰਸ਼ ਵੀ ਸਮਾ ਗਿਆ ਹੈ। ਇਹ ਜਨਮ-ਸਾਖੀਆਂ ਵਾਰਤਕ ਵਿਚ ਲਿਖੀਆਂ ਹੋਈਆਂ ਹਨ। ਇਨ੍ਹਾਂ ਤੋਂ ਬਾਦ ਸੰਤ ਦਾਸ ਛਿੱਬਰ ਵਰਗਿਆਂ ਨੇ ਪੱਦ ਵਿਚ ਵੀ ਜਨਮ-ਸਾਖੀ ਲਿਖੀ ਹੈ, ਪਰ ਉਹ ਗੌਣ ਸਰੋਤ ਦੀ ਭੂਮਿਕਾ ਨਿਭਾਉਂਦੀ ਹੈ । ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿਤਾ, ਪਾਣ-ਸੰਗਲੀ, ਗੋਸ਼ਟਾਂ ਅਤੇ "ਬਚਿਤ੍ਰ ਨਾਟਕ' ਵੀ ਗੁਰੂ ਨਾਨਕ ਦੇ ਜੀਵਨ ਉੱਤੇ ਪ੍ਰਕਾਸ਼ ਪਾਉਣ ਵਿਚ ਕਾਫ਼ੀ ਸਹਾਇਕ ਹਨ।

ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਬਾਰੇ ਕਈ ਚਰਿੱਤਰ-ਕਾਵਿਧਾਰਾ ਵੀ ਲਿਖੇ ਗਏ । ਦਸਵੇਂ ਗੁਰੂ ਸੰਬੰਧੀ ਹੇਠ ਲਿਖੀਆਂ ਰਚਨਾਵਾਂ ਵਿਸ਼ੇਸ਼ ਉੱਲੇਖ ਯੋਗ ਹਨ :

(1) ਗੁਰ ਸੋਭਾ (ਕਵੀ ਸੈਨਾਪਤ)- 1701 ਈ. (2) ਗੁਰਬਿਲਾਸ ਪਾ: ੧੦ ਕੁਇਰ ਸਿੰਘ)- 1751 ਈ.

(3) ਗੁਰਬਿਲਾਸ ਪਾ: ੧੦ (ਸੁਖਾ ਸਿੰਘ)- 1797 ਈ. (4) ਸਿੰਘ ਸਾਗਰ (ਵੀਰ ਸਿੰਘ ਬਲ)- 1827 ਈ.

(5) ਗੁਰਪ੍ਰਤਾਪ ਸੂਰਜ (ਸੰਤੋਖ ਸਿੰਘ)- 1843 ਈ.

ਛੇਵੇਂ ਗੁਰੂ ਸਾਹਿਬ ਬਾਰੇ ਵੀ ਇਕ ਗੁਰਬਿਲਾਸ ਲਿਖਿਆ ਗਿਆ ਹੈ । ਇਨ੍ਹਾਂ ਤੋਂ ਇਲਾਵਾ ਗੁਰੂ ਸਾਹਿਬਾਨ ਬਾਰੇ ਕੁਝ ਇਤਿਹਾਸਿਕ ਕਾਵਿਧਾਰਾ ਵੀ ਲਿਖੇ ਮਿਲਦੇ ਹਨ, ਜਿਵੇਂ -- ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਕੇਸਰ ਸਿੰਘ ਛਿੱਬਰ), ਮਹਿਮਾ ਪ੍ਰਕਾਸ਼ (ਸਰੂਪਦਾਸ ਭੱਲਾ), ਪ੍ਰਾਚੀਨ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ), ਗੁਰਕੀਰਤ ਪ੍ਰਕਾਸ਼ (ਵੀਰ ਸਿੰਘ ਬਲ), ਗੁਰੂ ਨਾਨਕ ਪ੍ਰਕਾਸ਼ (ਸੰਤੋਖ ਸਿੰਘ, ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ (ਗਿ. ਗਿਆਨ ਸਿੰਘ) ਆਦਿ। ਇਨ੍ਹਾਂ ਵਿਚ ਇਤਿਹਾਸਿਕ ਤੱਥਾਂ ਉੱਤੇ ਸ਼ਰਧਾ ਹਾਵੀ ਹੈ। ਫਿਰ ਵੀ ਸਾਵਧਾਨੀ ਨਾਲ ਇਨ੍ਹਾਂ ਵਿਚੋਂ ਸਹੀ ਤੱਥ ਲੱਭੇ ਜਾ ਸਕਦੇ ਹਨ । ਇਸ ਪ੍ਰਕਾਰ ਦੀ ਸਰੋਤ-ਸਮਗਰੀ ਬਾਰੇ ਅਧਿਕ ਵਿਸਤਾਰ ਸਹਿਤ ਵਿਸ਼ਲੇਸ਼ਣ ਅੱਗੇ ਯਥਾ-ਸਥਾਨ ਕੀਤਾ ਜਾਵੇਗਾ ਕਿਉਂਕਿ ਇਹ ਸਰੋਤ ਪੰਜਾਬੀ ਸਾਹਿਤ ਵਿਚ ਵੀ ਆਪਣਾ ਮਹੱਤਵ ਰੱਖਦੇ ਹਨ । ਕੁਝ ਕੁ ਫ਼ਾਰਸੀ ਰਚਨਾਵਾਂ ਤੋਂ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਵੇਂ ਦਬਿਸਤਾਨ-ਏ-ਮਜ਼ਾਹਿਬ, ਖ਼ੁਲਾਸਤ-ਉਤ-ਤਵਾਰੀਖ, ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ, ਆਦਿ।

## ਮੱਧਕਾਲੀਨ ਪੰਜਾਬੀ ਸਾਹਿਤ ਦੇ ਸਾਂਝੇ ਲੱਛਣ:

ਮੱਧਕਾਲੀਨ ਪੰਜਾਬੀ ਸਾਹਿਤ ਦੇ ਇੱਕ ਵਿਸ਼ੇਸ਼ ਕਾਲ-ਖੰਡ ਗੁਰੂ ਨਾਨਕ ਕਾਲ ਦੇ ਗੌਰਵ ਅਤੇ ਪ੍ਰਾਪਤੀਆਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਜੀਤ ਸਿੰਘ ਸੀਤਲ ਨੇ ਬਿਲਕੁਲ ਠੀਕ ਕਿਹਾ ਹੈ ਕਿ ਇਹ ਕਾਲ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਹੀ ਸੋਨ-ਸੁਨਿਹਰੀ ਕਾਲ ਨਹੀਂ ਬਲਕਿ ਪੰਜਾਬੀ ਸਭਿਅਤਾ, ਪੰਜਾਬੀ ਕੌਮੀਅਤ ਅਤੇ ਪੰਜਾਬੀ ਧਰਮ ਦੇ ਪੁਨਰ-ਜਨਮ ਦਾ ਕਾਲ ਹੈ। ਪੰਜਾਬ ਨੇ ਪਹਿਲੀ ਵਾਰ ਅਣਖ, ਗੌਰਵ ਅਤੇ ਅਮਲੀ ਆਚਰਣ ਨੂੰ ਜਨਮ ਦਿੱਤਾ। ਪਹਿਲੀ ਵਾਰ 'ਘਰ ਘਰ ਅੰਦਰਿ ਧਰਮਸਾਲ` ਹੋ ਗਈ, ਘਰ-ਘਰ ਗੁਰੂ ਦਾ ਸ਼ਬਦ ਗਾਇਆ ਅਤੇ ਸਤਿ ਕਰਤਾਰ ਦਾ ਨਾਮ ਜਪਿਆ, ਸਿਮਰਿਆ ਜਾਣ ਲੱਗਾ। 'ਖਤਰੀਆ ਤਾ ਧਰਮ ਛੋਡਿਆ ਮਲੇਛ (ਫ਼ਾਰਸ਼ੀ ਭਾਸ਼ਾ) ਭਾਖਿਆ ਗਹੀ` ਦੇ ਉਲਟ ਪੰਜਾਬੀਆਂ ਦਾ ਧਰਮ ਵਧਣ-ਫੁੱਲਣ ਲੱਗਾ ਅਤੇ ਪੰਜਾਬ ਦੀ ਆਪਣੀ ਭਾਸ਼ਾ ਵਿੱਚ ਸਾਹਿਤ ਰਚਿਆ, ਸੁਣਿਆ

ਅਤੇ ਪੜ੍ਹਿਆ ਜਾਣ ਲੱਗਾ। ਇਸ ਕਾਲ ਵਿੱਚ ਰਚਨਾਸ਼ੀਲ ਰਹੇ ਲੇਖਕਾਂ ਦੇ ਭਾਵਬੋਧ ਅਤੇ ਅਭਿਵਿਅਕਤੀ ਕਲਾ ਵਿੱਚ ਕਾਫੀ ਸਾਂਝੇ ਗੁਣ ਤੱਤ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ-

**ਪ੍ਰਭੂ ਦੀ ਸ਼ਰਵਸ਼ਕਤੀਮਾਨਤਾ** - ਮੱਧਕਾਲ ਦੀਆਂ ਸਾਹਿਤਿਕ ਪਰੰਪਰਾਵਾਂ ਦਾ ਇੱਕ ਹੋਰ ਸਾਂਝਾ ਲੱਛਣ ਪ੍ਰਭੂ ਦੀ ਸਰਵੁੱਚਤਾ, ਸਰਵ-ਸ਼ਕਤੀਮਾਨਤਾ ਅਤੇ ਨਿਰੰਕੁਸ਼ਤਾ ਹੈ। ਇਨ੍ਹਾਂ ਪਰੰਪਰਾਵਾਂ ਵਿੱਚ ਪ੍ਰਭੂ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਅਤੇ ਸੰਚਾਲਕ ਮੰਨਿਆ ਗਿਆ ਹੈ। ਉਸੇ ਦੇ ਹੁਕਮ ਨਾਲ ਜੀਵ ਇਸ ਦੁਨੀਆਂ ਵਿੱਚ ਜਨਮ ਲੈਂਦੇ ਹਨ, ਕਾਰ-ਵਿਹਾਰ ਕਰਦੇ ਹਨ ਅਤੇ ਉਸੇ ਦੇ ਹੁਕਮ ਨਾਲ ਇਸ ਦੁਨੀਆਂ ਨੂੰ ਛੱਡ ਕੇ ਚਲੇ ਜਾਂਦੇ ਹਨ। ਸਾਰੀ ਦੁਨੀਆਂ ਦੇ ਜੀਵ ਅਤੇ ਪ੍ਰਕ੍ਰਿਤਕ ਸ਼ਕਤੀਆਂ ਉਸ ਪ੍ਰਭੂ ਦੇ ਹੁਕਮ ਦੀ ਪਾਲਣਾ ਕਰ ਰਹੀਆਂ ਹਨ। ਪ੍ਰਭੂ ਦੀ ਨਿਰੰਕੁਸ਼ਤਾ ਦਾ ਇਹ ਸੰਕਲਪ ਇਸ ਕਾਲ ਵਿੱਚ ਰਚੀ ਗਈ ਹਰ ਸਾਹਿਤਕ ਪ੍ਰਵਿਰਤੀ ਵਿੱਚ ਦੇਖਿਆ ਜਾ ਸਕਦਾ ਹੈ:-

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

**ਪ੍ਰੇਮਾ ਭਗਤੀ ਦੀ ਮਹਿਮਾ** - ਇਸ ਕਾਲ ਵਿੱਚ ਪ੍ਰੇਮਾਭਗਤੀ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਆਦਿਕਾਲੀਨ ਸਾਹਿਤ ਵਿੱਚ ਪ੍ਰੇਮਾਭਗਤੀ ਦਾ ਸੰਕਲਪ ਬਹੁਤਾ ਉਜਾਗਰ ਹੋ ਕੇ ਸਾਹਮਣੇ ਨਹੀਂ ਆਉਂਦਾ। ਇਸੀ ਕਾਲ ਵਿੱਚ ਸਰੀਰਕ ਸਾਧਨਾਂ, ਕਰਮ-ਕਾਂਡਾਂ ਅਤੇ ਹਠ ਯੋਗਿਕ ਵਿਧੀਆਂ ਆਦਿ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਪਰੰਤੂ ਮੱਧਕਾਲ ਵਿੱਚ ਭਗਤ ਕਵੀਆਂ, ਸੂਫ਼ੀ ਦਰਵੇਸ਼ਾਂ ਅਤੇ ਗੁਰੂ ਸਾਹਿਬਾਨ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਪ੍ਰਭੂ ਦੀ ਪ੍ਰਾਪਤੀ ਵਾਸਤੇ ਕੋਈ ਕਰਮ-ਕਾਂਡ, ਤੀਰਥ-ਇਸ਼ਨਾਨ ਜਾਂ ਹਠਯੋਗ-ਸਾਧਨਾ ਕਰਨ ਦੀ ਜਰੂਰਤ ਨਹੀਂ ਹੈ। ਪ੍ਰਭੂ ਨੂੰ ਕੇਵਲਲ ਪ੍ਰੇਮਾਭਗਤੀ ਦੇ ਮਾਧਿਅਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮੁੱਚਾ ਮਧਕਾਲੀਨ ਸਾਹਿਤ ਪ੍ਰੇਮ ਜਾ ਇਸ਼ਕ ਦੀ ਅਰਾਧਨਾ ਕਰਦਾ ਹੋਇਆ ਦਿਸਦਾ ਹੈ:-

ਅਵਲ ਹਮਦ ਖੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ
ਮਾਸ਼ੂਕ ਹੈ ਨਬੀ ਰਸੂਲ ਮੀਆਂ।

**ਮਨੁੱਖੀ ਸਮਾਨਤਾ: ਜ਼ਾਤ-ਪਾਤ ਦਾ ਖੰਡਣ** - ਮੱਧਕਾਲੀਨ ਕਵੀਆਂ ਨੇ ਹਿੰਦੂ ਸਮਾਜ ਦੀ ਵਰਣ-ਵਿਵਸਥਾ ਦਾ ਖੰਡਣ ਕਰਦਿਆਂ ਹੋਇਆ ਮਨੁੱਖੀ ਸਮਾਨਤਾ ਦੇ ਸਿਧਾਂਤ ਉਤੇ ਡਟ ਕੇ ਪਹਿਰਾ ਦਿੱਤਾ ਹੈ। ਭਗਤ ਨਾਮਦੇਵ, ਸੰਤ ਕਬੀਰ ਅਤੇ ਭਗਤ ਰਵਿਦਾਸ ਨੇ ਆਪਣੀ ਬਾਣੀ ਵਿੱਚ ਬਾਰ-ਬਾਰ ਇਹ ਦ੍ਰਿੜਾਇਆ ਹੈ ਕਿ ਸਾਰੇ ਮਨੁੱਖ ਉਸ ਇੱਕ ਪ੍ਰਮਾਤਮਾ ਦੇ ਸਾਜੇ ਹੋਏ ਹਨ ਅਤੇ ਇਸ ਕਾਰਨ ਸਾਰੇ ਇੱਕ-ਦੂਜੇ ਦੇ ਸਮਾਨ ਹਨ। ਜ਼ਾਤ ਜਾਂ ਜਨਮ ਕਰਕੇ ਕੋਈ ਵੱਡਾ ਜਾਂ ਛੋਟਾ ਨਹੀਂ ਬਣਦਾ ਬਲਕਿ ਪ੍ਰਭੂ ਦੀ ਭਗਤੀ ਅਤੇ ਚੰਗੇ ਕਰਮ ਹੀ ਕਿਸੇ ਵਿਅਕਤੀ ਦੇ ਮਹਾਨ ਹੋਣ ਦੇ ਜ਼ਾਮਨ ਬਣਦੇ ਹਨ। ਇਸ ਪ੍ਰਸੰਗ ਵਿੱਚ ਕਬੀਰ ਜੀ ਫਰਮਾਉਂਦੇ ਹਨ:-

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ॥
ਬ੍ਰਹਮ ਬਿੰਦ ਤੇ ਸਭ ਉਤਪਾਤੀ॥

ਗੁਰੂ ਅਮਰਦਾਸ ਜੀ ਮਨੁੱਖੀ ਸਮਾਨਤਾ ਦੇ ਸਿਧਾਂਤ ਨੂੰ ਹੋਰ ਸਪਸ਼ਟ ਕਰਦੇ ਹਨ। ਆਪ ਫਰਮਾਉਂਦੇ ਹਨ ਕਿ ਜਾਤੀ ਦਾ ਅਭਿਮਾਨ ਕਰਨ ਵਾਲਾ ਵਿਅਕਤੀ ਮੂਰਖ ਹੁੰਦਾ ਹੈ ਕਿਉਂਕਿ ਹਰ ਕੋਈ ਬ੍ਰਹਮ-ਬਿੰਦ ਤੋਂ ਉਤਪੰਨ ਹੋਣ ਕਰਕੇ ਇੱਕ-ਦੂਜੇ ਨਾਲ ਭਰਾਤਰੀ-ਭਾਵ ਵਿੱਚ ਬੱਝਾ ਰਹਿੰਦਾ ਹੈ।

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮ ਬਿੰਦੇ ਸੋ ਬ੍ਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥
ਚਾਰੇ ਵਰਨ ਆਖੈ ਸਭੁ ਕੋਈ॥

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥

**ਔਰਤ ਦੀ ਪ੍ਰਸੰਸਾ** - ਮੱਧਕਾਲ ਦੇ ਪੰਜਾਬੀ ਸਾਹਿਤ ਦੇ ਕਈ ਰੂਪਾਕਾਰਾਂ ਵਿੱਚ ਔਰਤ ਦੀ ਪ੍ਰਸ਼ੰਸਾ ਕੀਤੀ ਗਈ ਹੈ। ਉਸਨੂੰ ਵਡਿਆਇਆ ਗਿਆ ਹੈ। ਖਾਸ ਕਰਕੇ ਗੁਰਮਤਿ ਕਾਵਿ ਵਿੱਚ ਔਰਤ ਨੂੰ ਉੱਚ ਦਰਜੇ ਦਾ ਸਥਾਨ ਪ੍ਰਾਪਤ ਹੈ ਸਿੱਖ ਗੁਰੂ ਔਰਤ ਦੀ ਨਿਰਾਦਰੀ ਦੇ ਵਿਰੁੱਧ ਸਨ।

ਸੋ ਕੋ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ॥ (ਗੁਰੂ ਨਾਨਕ ਦੇਵ ਜੀ)

ਮੱਧਕਾਲ ਵਿੱਚ ਔਰਤ ਦੀ ਪ੍ਰਸੰਸਾ ਦੇ ਨਾਲ-ਨਾਲ ਉਸਦੀ ਨਿੰਦਿਆ ਵੀ ਕੀਤੀ ਗਈ ਹੈ। ਖਾਸ ਕਰ ਕਿੱਸਾ ਕਾਵਿ ਦੇ ਵਿੱਚ ਔਰਤ ਨੂੰ ਨਿੰਦਿਆ ਗਿਆ ਹੈ।

ਚੜਦੇ ਮਿਰਜ਼ਾ ਖਾਨ ਨੂੰ ਵੰਝਲ ਦੇਂਦਾ ਮੱਤ।

ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ।

ਹਸ ਹਸ ਲਾਉਂਦੀਆਂ ਯਾਰੀਆਂ, ਰੋ ਕੇ ਦੇਵਣ ਦੱਸ। (ਮਿਰਜ਼ਾ ਸਾਹਿਬਾ, ਪੀਲੂ)

ਪੀਲੂ ਦੇ ਕਿੱਸੇ 'ਮਿਰਜ਼ਾ-ਸਾਹਿਬ` ਵਿੱਚ ਵੀ ਔਰਤਾਂ ਨੂੰ ਬਹੁਤ ਬੁਰੀਆਂ ਦਰਸਾਇਆ ਗਿਆ ਹੈ। ਉਹ ਜਾਦੂ ਪਾ ਕੇ ਕਿਸੇ ਨੂੰ ਵੀ ਆਪਣੇ ਵੱਸ ਵਿੱਚ ਕਰ ਲੈਂਦੀਆਂ ਹਨ;-

ਬੁਰੀਆਂ ਸਿਆਲਾਂ ਦੀਆਂ ਔਰਤਾਂ, ਜਾਦੂ ਲੈਂਦੀਆਂ ਪਾ

ਕੱਢ ਕਲੇਜੇ ਖਾਂਦੀਆਂ, ਮੇਰੇ ਫ਼ਾਟੇ ਤੇਲ ਨਾ ਪਾ।

ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਕਾਫੀ ਸਮਾਨਤਾਵਾਂ ਮਿਲਦੀਆ ਹਨ ਭਾਵੇ ਨਾਲ-ਨਾਲ ਕੁੱਝ ਵੱਖਰਤਾਵਾਂ ਵੀ ਚਲਦੀਆਂ ਹਨ। ਮੱਧਕਾਲ ਵਿੱਚ ਸਿਰਜੇ ਗਏ ਪੰਜਾਬੀ ਸਾਹਿਤ ਦੀਆਂ ਸਾਰੀਆਂ ਵੰਨਗੀਆ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵੰਨਗੀਆਂ ਵਿੱਚ ਕਈ ਤਰ੍ਹਾਂ ਦੇ ਸਾਂਝੇ ਲੱਛਣ ਪਾਏ ਜਾਂਦੇ ਹਨ। ਇਸ ਕਾਲ ਵਿੱਚ ਪੰਜਬੀ ਸਾਹਿਤ ਦੀ ਹਰ ਧਾਰਾ ਨੇ ਆਪਣੀ ਸਿਖਰ ਛੋਹ ਲਈ ਸੀ। ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਨੇ ਆਪਣੀਆਂ ਰਚਨਾਤਮਕ ਸੰਭਾਵਨਾਵਾਂ ਦੇ ਸਿਖਰ ਇਸੇ ਕਾਲ ਵਿੱਚ ਹੀ ਛੋਹੇ। ਇਹੀ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਪ੍ਰਾਪਤੀ ਹੈ। ਮੱਧਕਾਲ ਤੋਂ ਪਹਿਲਾਂ ਇਨ੍ਹਾਂ ਧਾਰਾਵਾਂ ਦਾ ਜਾਂ ਤਾਂ ਕੋਈ ਵਜੂਦ ਨਹੀਂ ਮਿਲਦਾ ਜੇ ਮਿਲਦਾ ਵੀ ਹੈ ਤਾਂ ਉਨ੍ਹਾਂ ਨੂੰ ਮੁਢਲੇ ਯਤਨ ਹੀ ਆਖਿਆ ਜਾ ਸਕਦਾ ਹੈ। ਮੱਧਕਾਲ ਤੋਂ ਬਾਅਦ ਇਨ੍ਹਾਂ ਧਾਰਾਵਾਂ ਦਾ ਵਜੂਦ ਬਿਲਕੁੱਲ ਸਿਮਟ ਗਿਆ ਅਤੇ ਕੁੱਝ ਇੱਕ ਤਾਂ ਖਤਮ ਹੋ ਗਈਆਂ। ਮੱਧਕਾਲਲੀਨ ਪੰਜਾਬੀ ਸਾਹਿਤ ਦੀ ਪ੍ਰਾਪਤੀ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਕਾਲ ਪੰਜਾਬੀ ਸਾਹਿਤ ਦੀ ਪ੍ਰਗਤੀ ਅਤੇ ਵਿਕਾਸ ਨੂੰ ਦਰਸਾਉਣ ਵਾਲ ਇੱਕ ਸੁਨਿਹਰੀ ਕਾਲ ਹੈ।

ਇਸ ਕਾਲ ਦੀ ਪਹਿਲੇ ਦੌਰ ਵਿਚ ਅਰਥਾਤ ਹਿੰਦੂ ਸ਼ਾਹੀ ਦੇ ਅੰਤਲੇ ਸਮੇਂ ਤਕ ਪੰਜਾਬ ਵਿੱਚ ਜੋਗੀਆਂ ਦਾ ਬੜਾ ਜ਼ੋਰ ਰਿਹਾ ਇਨ੍ਹਾਂ ਜੋਗੀਆਂ ਨੇ ਆਮ ਲੋਕਾਂ ਨੂੰ ਸਿੱਧੇ ਰਾਹ ਪਾਉਣ ਵਰਣ ਭੇਦ ਮਿਟਾਉਣ ਅਤੇ ਐਸ਼ ਵਾਲੇ ਜੀਵਨ ਨੂੰ ਹਟਾਉਣ ਲਈ ਬਹੁਤ ਯਤਨ ਕੀਤੇ ਇਕ ਤਾਂ ਇਨ੍ਹਾਂ ਦਾ ਪੰਥ ਨਾਅਰਾ ਸੀ ਯੋਗ ਪੰਥੀਆਂ ਨੇ ਬੁੱਧ ਵਾਂਗ ਇੱਥੋਂ ਦੀ ਭਾਸ਼ਾ ਨੂੰ ਆਪਣੇ ਪ੍ਰਚਾਰ ਤੇ ਸਾਹਿਤ ਦਾ ਸਾਧਨ ਬਣਾਇਆ ਲੋਕ ਭਾਸ਼ਾ ਦਾ ਇਹ ਰੰਗ ਅਤੇ ਉਕਤ ਦਰਜ ਵਿਚਾਰ ਪ੍ਰਬੰਧ ਤੇ ਭਾਅ ਪ੍ਰਬੰਧ ਅਸੀਂ ਆਦਿ ਕਾਲ ਤੇ ਨਾਥਾਂ ਯੋਗੀਆਂ ਅਰਥਾਤ ਗੋਰਖ ਨਾਥ ਚਰਪਟ ਨਾਥ ਰਤਨ ਨਾਥ ਚੌਰੰਗੀ ਨਾਥ ਅਤੇ ਗੋਪੀ ਚੰਦ ਆਦਿ ਭਜਨਾਂ ਤੇ ਪਦਿਆਂ ਵਿੱਚੋਂ ਵੇਖ ਸਕਦੇ ਹਾਂ ਭਾਵੇਂ ਜੋਗੀ ਮੱਤ ਦੇ ਇਸ ਤੋਂ ਪਹਿਲਾਂ ਦੇ ਸਿੰਧ ਤੇ ਨਾਥ ਆਦਿ ਲੋਕ ਧਰਮ ਨਹੀਂ ਸਨ ਫਿਰ ਵੀ ਉਨ੍ਹਾਂ ਨੇ ਇਸ ਸਮੇਂ ਦੇ ਸਾਹਿਤ ਤੇ ਸੱਭਿਆਚਾਰ ਉੱਤੇ ਕਾਫ਼ੀ ਪ੍ਰਭਾਵ ਹੈ ਮੁਸਲਮਾਨਾਂ ਦੀ ਚੜ੍ਹਦੀ ਕਲਾ ਵਿਚ ਆਉਣ ਨਾਲ ਸੂਫ਼ੀ ਸੰਤ ਦਾ ਜ਼ੋਰ ਵਧ ਗਿਆ ਇਹ ਮੱਤ ਵੀ ਮੁਸਲਮਾਨਾਂ ਦੀ ਨਾਲ ਪੰਜਾਬ ਵੇ ਚਾਹਿਆ ਪ੍ਰੰਤੂ ਇਸ ਕਾਲ ਦੀ ਸੂਫ਼ੀਆਂ ਨੂੰ ਅਸੀਂ ਪਹਿਲੇ ਦੌਰ ਦੀ ਸੂਫ਼ੀ ਹੀ ਮੰਨਾਂਗੇ ਇਨ੍ਹਾਂ ਸੂਫ਼ੀਆਂ ਨੇ ਮੁਸਲਮਾਨ ਹਾਕਮਾਂ ਨਾਲ ਆਪਣੇ ਸੰਬੰਧ ਰੱਖੇ ਅਤੇ ਆਪਣੀ ਸਿੱਖਿਆ ਦੁਆਰਾ ਬਹੁਤ ਸਾਰੇ ਨੀਵੀਂਆਂ ਜਾਤਾਂ ਦੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਅਜਿਹੇ ਸੂਫ਼ੀਆਂ ਦੀ ਕਤਾਰ ਵਿੱਚ ਬਾਬਾ ਫ਼ਰੀਦ ਆਉਂਦੇ ਹਨ ਇਸ ਦੌਰ ਦੀ ਤੀਜੀ ਧਾਰਮਿਕ ਤੇ ਸੱਭਿਆਚਾਰਕ ਲਹਿਰ ਭਗਤੀ ਮਾਰਗ ਹੈ ਭਾਰਤ ਦੀ ਪਹਿਲੇ ਦਾਰਸ਼ਨਿਕ ਤੇ ਧਾਰਮਿਕ ਮੱਤਾਂ ਦੇ ਇਧਰੋਂ ਮੁਸਲਮਾਨੀ ਪ੍ਰਭਾਵ ਨੂੰ ਨਿਚੋੜ ਕੇ ਸਮੇਂ ਦੀਆਂ ਲੋੜਾਂ ਅਨੁਸਾਰ ਢਾਲ ਕੇ ਭਗਤੀ ਲਹਿਰ ਦਾ ਜਨਮ ਹੋਇਆ ਇਸ ਜਿਸ ਨੇ ਸਮੇਂ ਦੀਆਂ ਲੋੜਾਂ ਅਨੁਕੂਲ ਲੋਕਾਂ ਨੂੰ ਨਵੀਂ ਚੇਤੰਨਤਾ ਤੇ ਸ਼ਰਧਾ ਭਰਪੂਰ ਦ੍ਰਿਸ਼ਟੀਕੋਣ ਦਿੱਤਾ

ਹਿੰਦੂਆਂ ਤੋਂ ਨਵੇਂ ਬਣੇ ਮੁਸਲਮਾਨ ਕੁਝ ਆਪਣੇ ਪਹਿਲੇ ਸੱਭਿਆਚਾਰ ਨੂੰ ਕਾਇਮ ਰੱਖ ਰਹੇ ਸਨ ਅਤੇ ਦੂਜੇ ਬੰਨੇ ਬਾਹਰੋਂ ਆਏ ਇਸਲਾਮੀ ਪ੍ਰਭਾਵ ਨੂੰ ਵੀ ਗ੍ਰਹਿਣ ਕਰ ਰਹੇ ਸਨ ਇਹੀ ਹਾਲ ਮੁਸਲਮਾਨੀ ਸੱਭਿਆਚਾਰ ਦਾ ਸੀ ਸਾਹਿਤ ਵਿਚ ਸਾਨੂੰ ਇਨ੍ਹਾਂ ਦੋਹਾਂ ਸੰਸਕ੍ਰਿਤੀਆਂ ਦਰਸ਼ਨਾਂ ਤੇ ਧਾਰਮਿਕ ਵਿਸ਼ਵਾਸਾਂ ਦਾ ਮਿਸ਼ਰਣ ਮਿਲਦਾ ਹੈ ਇਸ ਤਰ੍ਹਾਂ ਇਸ ਕਾਲ ਦੀ ਰਾਜਸੀ ਤੇ ਸਮਾਜਿਕ ਦਸ਼ਾ ਸੀ ਇਸ ਅਨੁਸਾਰ ਹੀ ਸਾਹਿਤ ਰਚਨਾ ਦੀ ਸੰਭਾਵਨਾ ਹੋ ਸਕਦੀ ਸੀ

ਸਮਤਾਵਾਦੀ ਜਗੀਰਦਾਰੀ ਰਾਜ ਪ੍ਰਬੰਧ ਇਸ ਜਰ ਜੋਰੂ ਜ਼ਮੀਨ ਲਈ ਛੋਟੀਆਂ ਵੱਡੀਆਂ ਲੜਾਈਆਂ ਹੋਣਾ ਸੁਭਾਵਿਕ ਸਨ ਉਂਜ ਵੀ ਪੰਜਾਬੀ

ਸਭਾ ਵੀਰੱਪਾ ਵੀ ਰਿਹਾ ਹੈ ਇਸ ਲਈ ਬੀਰ ਰਸੀ ਵਾਰਾਂ ਦਾ ਇਸ ਕਾਲਖੰਡ ਵਿਚ ਰਚਿਆ ਜਾਣਾ ਵੀ ਸੁਭਾਵਿਕ ਸੱਭਿਆਚਾਰਕ ਵਰਤਾਰੇ ਦਾ ਸਿੱਟਾ ਹੈ।

## ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਸੰਦਰਭ

ਆਦਿ ਕਾਲ ਦੇ ਇਤਿਹਾਸਕ ਪਰਿਪੇਖ ਸਬੰਧੀ ਚਰਚਾ ਕਰਦਿਆਂ ਇਹ ਗੱਲ ਦਾ ਸਦਾ ਯਾਦ ਰੱਖਣੀ ਬਣਦੀ ਹੈ ਇਸ ਦੌਰ ਜਿਵੇਂ ਕਿਸੇ ਪਹਿਲਾਂ ਕਿਹਾ ਹੈ ਕਿ ਲੜਾਈਆਂ ਅਤੇ ਬਦਅਮਨੀ ਦਾ ਦੌਰ ਸੀ ਅਜਿਹੇ ਸਮੇਂ ਇਕ ਵੱਡੀ ਮਾਤਰਾ ਵਿਚ ਸਾਹਿਤ ਰਚਿਆ ਜਾਣਾ ਸੰਭਵ ਨਹੀਂ ਹੈ ਜੇ ਰਚਿਆ ਵੀ ਜਾਵੇ ਤਾਂ ਉਸ ਦੀ ਸਾਂਭੀ ਜਾਣ ਦੀ ਵੀ ਗਾਰੰਟੀ ਨਹੀਂ ਬਣਦੀ ਇਹ ਗੱਲ ਬਿਲਕੁਲ ਨੌਵੀਂ ਤੋਂ ਸੋਲ੍ਹਵੀਂ ਸਦੀ ਦੀ ਦੋ ਤਿੰਨ ਦਹਾਕਿਆਂ ਦੇ ਕਾਲ ਖੰਡ ਉੱਤੇ ਢੁੱਕਦੀ ਹੈ ਕਈ ਅਜਿਹੇ ਬਾਹਰੀ ਪ੍ਰਮਾਣ ਮਿਲਦੇ ਹਨ ਕਿ ਇਸ ਕਾਲ ਖੰਡ ਵਿੱਚ ਕਾਫ਼ੀ ਸਾਹਿਤਕ ਰਚਨਾ ਹੋਈ ਹੋਵੇਗੀ ਪਰ ਬਦਅਮਨੀ ਕਾਰਨ ਸਾਂਭੀ ਨਹੀਂ ਜਾ ਸਕੀ ਹੋਵੇਗੀ ਛਾਪੀ ਦੀ ਅਣਹੋਂਦ ਕਾਰਨ ਵੀ ਇਸਦੇ ਸਾਂਭੀ ਜਾਣ ਸਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ

ਪੰਜਾਬੀ ਕੋਲ ਸਾਹਿਤ ਦਾ ਇਕ ਅਮੀਰ ਵਿਰਸਾ ਮੌਜੂਦ ਸੀ ਸੰਸਕ੍ਰਿਤ ਪ੍ਰਾਕਿਰਤ ਤੇ ਅਪਭਰੰਸ਼ਾਂ ਦਾ ਵਿਸ਼ਾਲ ਸਾਹਿਤ ਸੀ ਜੋ ਰੂਪ ਦੇ ਪੱਖ ਤੋਂ ਬੜਾ ਨਿਪੁੰਨ ਪਕੇਰਾ ਤੇ ਅਨੂਪਮ ਸੀ ਇਸ ਸਾਹਿਤ ਤਾਂ ਵਸਤੂ ਦਾਰਸ਼ਨਿਕ ਅਧਿਆਤਮਿਕ ਤੇ ਕਾਲਪਨਿਕ ਪੱਖ ਤੋਂ ਬੜਾ ਵਿਸ਼ਾਲ ਉੱਤਮ ਤੇ ਆਦਰਯੋਗ ਸੀ ਕਥਾਵਾਂ ਪ੍ਰੀਤ ਰੁਮਾਂਸ ਦੇ ਭਰਪੂਰ ਖਜ਼ਾਨੇ ਉਨ੍ਹਾਂ ਸਾਹਿਤ ਵਿੱਚ ਮਿਲਦੇ ਹਨ ਉਹ ਸਾਹਿਤ ਵੇਦਾਂ ਤੋਂ ਸ਼ੁਰੂ ਹੋ ਕੇ ਸ਼ਾਸਤਰਾਂ ਸਮਰਿਤੀਆਂ ਪੁਰਾਣਾ ਉਪਨਿਸ਼ਦਾਂ ਮਹਾਂਕਾਵਾਂ ਨਾਟਕਾਂ ਨੀਤੀਆਂ ਤੇ ਹੋਰ ਕਈ ਪ੍ਰਕਾਰ ਦੇ ਗ੍ਰੰਥਾਂ ਤਕ ਪਸਰਿਆ ਹੋਇਆ ਹੈ ਰਮਾਇਣ ਤੇ ਮਹਾਂਭਾਰਤ ਜਿਹੇ ਮਹਾਕਾਵਿ ਕਾਲੀ ਦਾਸ ਤੇ ਪਾਸ਼ ਜਿਹੇ ਉੱਤਮ ਨਾਟਕਕਾਰਾਂ ਦੀਆਂ ਰਚਨਾਵਾਂ ਸਾਰੀਆਂ ਹੀ ਇਸ ਸਮੇਂ ਤੋਂ ਪਹਿਲਾਂ ਪੈਦਾ ਹੋ ਚੁੱਕੀਆਂ ਸਨ ਇਨ੍ਹਾਂ ਤੋਂ ਬਿਨਾਂ ਭਾਸ਼ਾ ਦੇ ਖੇਤਰ ਵਿੱਚ ਵੀ ਇਹ ਸਾਹਿਤ ਦੇ ਰੂਪ ਕਾਫੀ ਉੱਨਤ ਹੋ ਚੁੱਕੇ ਸਨ ਬਹੁਤ ਸਾਰੀ ਵਿਆਕਰਣੀ ਤੇ ਭਾਸ਼ਾ ਖੋਜੀ ਇਸ ਸਮੇਂ ਤੱਕ ਹੋ ਚੁੱਕੇ ਸਨ।
ਸ਼ੇਖ ਫਰੀਦ ਦੇ ਸਲੋਕ ਤੇ ਸ਼ਬਦ ਨੂੰ ਪੜ੍ਹ ਕੇ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਇਨ੍ਹਾਂ ਤੋਂ ਪਹਿਲਾਂ ਵੀ ਪੰਜਾਬੀ ਵਿੱਚ ਢੇਰ ਸਾਰਾ ਸਾਹਿਤ ਰਚਿਆ ਗਿਆ ਹੋਵੇਗਾ ਇਸ ਸਾਹਿਤ ਰਚਨਾ ਦਾ ਆਧਾਰ ਪੰਜਾਬ ਦਾ ਉਸ ਸਮੇਂ ਉਹ ਸੱਭਿਆਚਾਰਕ ਹੋਵੇਗਾ ਜਿਸਦੀ ਪਹਿਲੀ ਨੁੱਕਰ ਚ ਭਾਰਤੀ ਸੰਸਕ੍ਰਿਤੀ ਨਾਲ ਜੁੜਦੀ ਹੈ ਤਾਂ ਦੂਜਾ ਸਿਰਾ ਸਾਮੀ ਸੱਭਿਆਚਾਰ ਨਾਲ ਜੁੜਦਾ ਹੈ ਸਾਹਿਤਕਾਰ ਭਾਵੇਂ ਨਾਥ ਜੋਗੀ ਸਨ ਜਾਂ ਅਬਦੁਰ ਰਹਿਮਾਨ ਤੇ ਫ਼ਰੀਦ ਦੋਹਾਂ ਦੀ ਭਾਸ਼ਾ ਵਿੱਚ ਘੱਟ ਜਾਂ ਵੱਧ ਮਾਤਰਾ ਵਿੱਚ ਭਾਰਤੀ ਭਾਸ਼ਾਵਾਂ ਦਾ ਪ੍ਰਭਾਵ ਹੈ ਤੇ ਸਾਮੀ ਭਾਸ਼ਾਵਾਂ ਦਾ ਵੀ ਇਸ ਤਰ੍ਹਾਂ ਹੀ ਰਸਮੋ ਰਿਵਾਜ ਕਾਰ ਵਿਹਾਰ ਅਤੇ ਧਾਰਮਿਕ ਅਕੀਦਤ ਪਸੰਦੀ ਵਿੱਚ ਵੀ ਇਹ ਸਾਂਝੀ ਝਲਕ ਸਾਂਝ ਸਾਡੀ ਮੁੱਢਲੀ ਸਾਹਿਤ ਤੋਂ ਲੈ ਕੇ ਮੱਧਕਾਲੀ ਤੇ ਉੱਤਰ ਮੱਧਕਾਲੀ ਸਾਰੀ ਸਾਹਿਤ ਵਿੱਚ ਵੇਖੀ ਜਾ ਸਕਦੀ ਹੈ

### ਸਾਰ-ਅੰਸ਼:

ਸੋ ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਰਾਜਨੀਤਕ, ਧਾਰਮਿਕ, ਸਮਾਜਿਕ-ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ ਸੰਦਰਭ ਵਿਚਾਰੇ ਗਏ ਹਨ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲਈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼: ਹੈ। ਉਪਰੋਕਤ ਰਚਨਾਵਾਂ ਤੋਂ ਨਾ ਕੇਵਲ ਬਾਣੀ ਕਾਰਾਂ ਦੇ ਇਤਿਹਾਸ ਦਾ ਬੋਧ ਹੁੰਦਾ ਹੈ, ਸਗੋਂ ਸਿੱਖ-ਭਗਤੀ-ਅੰਦੋਲਨ ਦੀ ਗਤੀਵਿਧੀ ਦੀ ਵਿਸਤਾਰ-ਸਹਿਤ ਜਾਣਕਾਰੀ ਮਿਲਦੀ ਹੈ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਿਚ ਇਹ ਰਚਨਾਵਾਂ ਬੜੀ ਉਪਯੋਗੀ ਸਮਗਰੀ ਦਾ ਭੰਡਾਰ ਹਨ।

### ਕੇਂਦਰੀ ਸ਼ਬਦ:

ਧਾਰਮਿਕ --- ਅਧਿਆਤਮਕ
ਖੋਜਕਾਰ --- ਇਤਿਹਾਸਕਾਰ
ਊਣਤਾਈ --- ਕਮੀ
ਸੰਦਰਭ --- ਹਵਾਲੇ



### ਸਵੈ-ਮੁਲਾਂਕਣ:

1. ਸਾਹਿਤ ਦਾ ਸੰਬੰਧ ਸਮਾਜ ਅਤੇ ਸਭਿਆਚਾਰ ਨਾਲ ਹੁੰਦਾ ਹੈ। (ੳ. ਸਹੀ ਜਾਂ ਅ. ਗਲਤ)

2. ਸਾਹਿਤ ਦਾ ਸੰਬੰਧ ਇਤਿਹਾਸ ਨਾਲ ਨਹੀ ਹੁੰਦਾ ਹੈ। (ੳ. ਸਹੀ ਜਾਂ ਅ. ਗਲਤ)

3. ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। (ੳ. ਸਹੀ ਜਾਂ ਅ. ਗਲਤ)

4. ਸਾਹਿਤ ਨੂੰ ਸਮਾਜ ਅਤੇ ਸਭਿਆਚਾਰ ਨਾਲੋ ਨਿਖੇੜਿਆ ਜਾ ਸਕਦਾ ਹੈ। (ੳ. ਸਹੀ ਜਾਂ ਅ. ਗਲਤ)

5. ਕਥਨ(1): ਉਨ੍ਹੀਵੀਂ ਸਦੀ ਦੇ ਅੰਤ ਤੱਕ ਕਿੱਸਾ ਪੰਜਾਬੀ ਸਾਹਿਤ ਦੀ ਪ੍ਰਮੁੱਖ ਕਾਵਿਧਾਰਾ-ਪਰੰਪਰਾ ਸੀ। ਸ਼ਹਿਰਾਂ ਵਿੱਚ ਚੱਲਦੀਆਂ ਮਹਿਫਲਾਂ ਅਤੇ ਪਿੰਡਾਂ ਵਿੱਚ ਲੱਗਦੇ ਮੇਲਿਆਂ ਵਿੱਚ ਮਨੋਰੰਜਨ ਦਾ ਵੱਡਾ ਸਾਧਨ ਕਿੱਸਿਆਂ ਦਾ ਗਾਇਨ ਹੁੰਦਾ ਸੀ।

ਕਥਨ(2): ਇਸੇ ਕਾਰਨ ਸੋਲ੍ਹਵੀਂ ਸਦੀ ਤੋਂ ਚੱਲ ਕੇ ਉਨ੍ਹੀਵੀਂ ਸਦੀ ਦੇ ਅੰਤ ਤਕ ਅਣਗਿਣਤ ਕਿੱਸੇ ਲਿਖੇ ਗਏ । ਗਾਉਣ ਵਾਲਿਆਂ ਵੱਲੋਂ ਲੋੜ ਅਨੁਸਾਰ ਉਹਨਾਂ ਵਿੱਚ ਵਾਧੇ-ਘਾਟੇ ਵੀ ਕੀਤੇ ਜਾਂਦੇ ਰਹੇ ।

ੳ. ਕਥਨ (1) ਅਤੇ ਕਥਨ (2) ਦੋਨੇ ਗਲਤ ਹਨ। ਅ. ਕਥਨ(1) ਅਤੇ ਕਥਨ ( 2) ਦੋਨੋ ਸਹੀ ਹਨ।

ੲ. ਕਥਨ (1) ਸਹੀ ਅਤੇ ਕਥਨ (2) ਗਲਤ ਹੈ। ਸ. ਕਥਨ (1) ਅਤੇ ਕਥਨ (2) ਦੋਨੋ ਅਾਂਸ਼ਿਕ ਸਹੀ ਹਨ।

6. ਪੰਜਾਬੀ ਸਾਹਿਤ ਜਗਤ ਵਿਚ ਮੱਧਕਾਲ ਨੂੰ ਪੰਜਾਬੀ ਸਾਹਿਤ ਦਾ............ ਮੰਨਦੇ ਹਨ।

ੳ. ਮੁੱਢਲਾ ਦੌਰ ਅ. ਉੱਤਮ ਦੌਰ

ੲ. ਸਵਰਨ ਯੁੱਗ ਸ. ਮੁਗਲ ਕਾਲ

7. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥

ੳ. ਬਾਬਾ ਸ਼ੇਖ਼ ਫ਼ਰੀਦ ਜੀ ਅ. ਭਗਤ ਨਾਮਦੇਵ ਜੀ

ੲ. ਗੁਰੂ ਨਾਨਕ ਦੇਵ ਜੀ ਸ. ਭਾਈ ਗੁਰਦਾਸ ਜੀ

8. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥
ਉਪਰੋਕਤ ਸਤਰਾਂ ਵਿਚ ਦਿੱਤੇ ਸ਼ਬਦ 'ਸੀਹ' ਦਾ ਕੀ ਅਰਥ ਹੈ?

ੳ. ਸੀਹ ਅ. ਸ਼ੇਰ

ੲ. ਸਿੰਘ ਸ. ਦ਼ਿਆਲੂ

9. ਹੇਠਾਂ ਦਰਜ ਰਾਜਸੀ ਸਰੋਕਾਰ ਕਿਸਦੀ ਬਾਣੀ ਵਿਚ ਮੌਜੂਦ ਹਨ:

1. ਬਾਬਰ ਦੇ ਹਮਲਿਆਂ ਦਾ ਜ਼ਿਕਰ ਮਿਲਦਾ ਹੈ।

2. ਪਠਾਣਾਂ ਦੇ ਜ਼ੁਲਮਾਂ ਅਤੇ ਮੁਗਲਾਂ ਦੇ ਅੱਤਿਆਚਾਰਾਂ ਦੇ ਬਾਰੇ ਜਾਣਕਾਰੀ ਮਿਲਦੀ ਹੈ।

3. ਤਾਕਤਵਰ ਦੇ ਦੁਆਰਾ ਕਮਜ਼ੋਰ ਵਿਅਕਤੀ ਦੇ ਸ਼ੋਸ਼ਣ ਦੇ ਬਾਰੇ ਜ਼ਿਕਰ ਮਿਲਦਾ ਹੈ।

ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅੰਗਦ ਦੇਵ ਜੀ

ੲ. ਗੁਰੂ ਅਮਰਦਾਸ ਜੀ ਸ. ਗੁਰੂ ਅਰਜਨ ਦੇਵ ਜੀ

10. ਪ੍ਰੇਮਾ ਭਗਤੀ ਅਤੇ ਪ੍ਰਲੋਕਮੁਖੀ ਦ੍ਰਿਸ਼ਟੀ ਕਿਹੜੇ ਸਰੋਕਾਰ ਹਨ?

ੳ. ਰਾਜਸੀ ਸਰੋਕਾਰ ਅ. ਸਭਿਆਚਾਰਕ ਸਰੋਕਾਰ

ੲ. ਧਾਰਮਿਕ ਸਰੋਕਾਰ ਸ. ਦਾਰਸ਼ਨਿਕ ਸਰੋਕਾਰ

11. ਕਥਨ(1): ਮੱਧਕਾਲ ਦੇ ਪੰਜਾਬੀ ਸਾਹਿਤ ਦਾ ਕੋਈ ਵੀ ਵਿਸ਼ਾ ਰੂਪ ਵੰਨਗੀ ਜਾਂ ਪ੍ਰਵਿਰਤੀ ਅਜਿਹੀ ਨਹੀਂ ਜਿਸ ਰਾਜਸੀ ਪਰਿਪੇਖ ਚਿੰਨ੍ਹ ਜਾਂ ਪ੍ਰਮਾਣ ਸਾਨੂੰ ਇਸ ਕਾਲ ਦੇ ਪ੍ਰਾਪਤ ਸਾਹਿਤ ਵਿਚੋਂ ਦਿਖਾਈ ਨਾ ਦੇਣ।

ਕਥਨ(2): ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਰਾਹੀਂ ਮੁਗਲ ਰਾਜ ਦੇ ਪਹਿਲੇ ਸ਼ਾਸ਼ਕ ਦੇ ਬਾਰੇ ਜ਼ਿਕਰ ਕੀਤਾ ਹੈ।

ੳ. ਕਥਨ(1) ਅਤੇ ਕਥਨ(2) ਦੋਨੋ ਗਲਤ ਹਨ। ਅ. ਕਥਨ(1) ਅਤੇ ਕਥਨ(2) ਦੋਨੋ ਸਹੀ ਹਨ।

ੲ. ਕਥਨ(1) ਅਾਂਸ਼ਿਕ ਗਲਤ ਅਤੇ ਕਥਨ(2) ਅਾਂਸ਼ਿਕ ਸਹੀ ਹਨ। ਸ. ਕਥਨ(1) ਪੂਰਨ ਅਤੇ ਕਥਨ(2) ਅਾਂਸ਼ਿਕ ਸਹੀ ਹੈ।

12. ਕਿਹੜੀ ਮੱਧਕਾਲੀ ਕਾਵਿਧਾਰਾ ਸਭ ਤੋਂ ਵੱਧ ਮੱਧਕਾਲੀ ਰਾਜਸੀ ਪਹਿਲੂਆਂ ਨਾਲ ਜਾਣ-ਪਹਿਚਾਣ ਕਰਵਾਉਂਦੀ :

ੳ. ਸੂਫ਼ੀ ਕਾਵਿਧਾਰਾ ਧਾਰਾ ਅ. ਗੁਰਮਤਿ ਕਾਵਿਧਾਰਾ ਧਾਰਾ

ੲ. ਕਿੱਸਾ ਕਾਵਿਧਾਰਾ ਧਾਰਾ ਸ. ਉਪਰੋਕਤ ਕੋਈ ਵੀ ਨਹੀਂ

13. ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਉਪਰੋਕਤ ਕਾਵਿਧਾਰਾ ਸਤਰਾਂ ਦਾ ਲੇਖਕ ਕੌਣ ਹੈ:

ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅੰਗਦ ਦੇਵ ਜੀ

ੲ. ਗੁਰੂ ਅਮਰਦਾਸ ਜੀ ਸ. ਗੁਰੂ ਅਰਜਨ ਦੇਵ ਜੀ

14. ਕਥਨ(1): ਲਿਖਤੀ ਰੂਪ ਵਿੱਚ ਕਿੱਸਾ-ਕਾਵਿਧਾਰਾ ਦਾ ਆਰੰਭ ਸੋਲ੍ਹਵੀਂ ਸਦੀ ਵਿੱਚ ਅਕਬਰ ਬਾਦਸ਼ਾਹ ਦੇ ਰਾਜਕਾਲ ਤੋਂ ਹੋਇਆ। ਉਸ ਤੋਂ ਪਹਿਲਾਂ ਮੌਖਿਕ ਧਾਰਾ ਵਿੱਚ ਉਪਰੋਕਤ ਆਸ਼ਕਾਂ ਮਸ਼ੂਕਾਂ ਦਾ ਜ਼ਿਕਰ ਹੁੰਦਾ ਸੀ।

ੳ. ਕਥਨ(1) ਆਂਸ਼ਿਕ ਤੌਰ ਤੇ ਸਹੀ ਹੈ।

ਅ. ਕਥਨ(1) ਪੂਰਨ ਤੌਰ ਤੇ ਸਹੀ ਹੈ।

ੲ. ਕਥਨ(1) ਪੂਰਨ ਤੌਰ ਤੇ ਗਲਤ ਹੈ।

ਸ. ਉਪਰੋਕਤ ਵਿਚੋਂ ਕੋਈ ਵੀ ਨਹੀਂ ਹੈ।

15. ਸਾਹਿਤ ਦਾ ਸੰਬੰਧ ਰਾਜਨੀਤੀ ਨਾਲ ਨਹੀ ਹੁੰਦਾ ਹੈ। (ੳ. ਸਹੀ ਜਾਂ ਅ. ਗਲਤ)

## ਅਭਿਆਸ ਪ੍ਰਸ਼ਨ:

1. ਮੱਧਕਾਲੀ ਪੰਜਾਬੀ ਸਾਹਿਤ ਦਾ ਰਾਜਨੀਤਕ ਸੰਦਰਭ ਬਾਰੇ ਲਿਖੋ?
2. ਮੱਧਕਾਲੀ ਪੰਜਾਬੀ ਸਾਹਿਤ ਦਾ ਧਾਰਮਿਕ ਸੰਦਰਭ ਬਾਰੇ ਲਿਖੋ?
3. ਮੱਧਕਾਲੀ ਪੰਜਾਬੀ ਸਾਹਿਤ ਦਾ ਸਮਾਜਿਕ-ਆਰਥਿਕ ਸੰਦਰਭ ਬਾਰੇ ਲਿਖੋ?
4. ਮੱਧਕਾਲੀ ਪੰਜਾਬੀ ਸਾਹਿਤ ਦਾ ਸਭਿਆਚਾਰਕ ਅਤੇ ਇਤਿਹਾਸਿਕ ਸੰਦਰਭ ਬਾਰੇ ਲਿਖੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਉੱਤਰਮਾਲਾ:

| | | | | |
|---|---|---|---|---|
| 1. ੳ | 2. ਅ | 3. ੳ | 4. ਅ | 5. ਅ |
| 6. ੲ | 7. ੲ | 8. ਅ | 9. ੳ | 10. ੲ |
| 11. ਅ | 12. ਅ | 13. ੳ | 14. ਅ | 15. ਅ |

**DPBI501**

# ਅਧਿਆਇ - 4: ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ - ਗੁਰਮਤਿ ਅਤੇ ਸੂਫ਼ੀ ਕਾਵਿਧਾਰਾ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਸਾਹਿਤ ਦਾ ਗੁਰਮਤਿ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਸਾਹਿਤ ਦਾ ਸੂਫ਼ੀ ਸੰਦਰਭ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਦਾਰਸ਼ਨਿਕ ਸੰਦਰਭ ਵਿਚਾਰੇ ਗਏ ਹਨ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲੈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼ ਹੈ। ਪਾਠ ਕ੍ਰਮ ਵਿਚ ਮੱਧਕਾਲ ਦਾ ਪੰਜਾਬੀ ਸਾਹਿਤ ਸ਼ਾਮਲ ਹੈ। ਜਿਸ ਵਿਚ ਕ੍ਰਮਵਾਰ ਗੁਰਮਤਿ ਕਾਵਿਧਾਰਾ ਅਤੇ ਸੂਫ਼ੀ ਕਾਵਿਧਾਰਾ ਸ਼ਾਮਲ ਹਨ। ਇਹ ਸਮਾਂ 1501 ਈ ਤੋਂ 1850 ਈ ਤੱਕ ਦਾ ਹੈ। ਅਰਥਾਤ ਢਾਈ ਤਿੰਨ ਸੋ ਸਾਲ ਵਿਚ ਫੈਲੇ ਮੱਧਕਾਲੀ ਸਾਹਿਤ ਦਾ ਮੁਕੰਮਲ ਵੇਰਵਾ ਇਸ ਪਾਠ ਵਿਚ ਸ਼ਾਮਲ ਹੈ।

## ਵਿਸ਼ਾ ਵਸਤੂ:

ਭਾਰਤੀ ਫ਼ਲਸਫ਼ੇ ਅੰਦਰ ਵੇਦਾਂਤ, ਚਾਰ ਵਾਕ, ਬੁੱਧ ਮੱਤ ਤੇ ਇਸਲਾਮ ਵਰਗੀਆਂ ਵਿਚਾਰਧਾਰਾਵਾਂ ਪ੍ਰਚੱਲਿਤ ਹਨ। ਸੰਸਾਰ ਦੀ ਉਤਪਤੀ ਬਾਰੇ ਜੀਵ ਤੇ ਬ੍ਰਹਮ ਦੇ ਸੰਬੰਧਾਂ ਬਾਰੇ ਪੁਨਰ ਜਨਮ ਬਾਰੇ ਸ੍ਰਿਸ਼ਟੀ ਦੀ ਸਿਰਜਨਾ ਬਾਰੇ ਬ੍ਰਹਮ ਤੇ ਦ੍ਰਿਸ਼ਟਮਾਨ ਸੰਸਾਰ ਦੇ ਸੰਬੰਧਾਂ ਬਾਰੇ ਮੱਧਕਾਲੀ ਕਵੀਆਂ ਨੇ ਦਿਲ ਖੋਲ੍ਹ ਕੇ ਲਿਖਿਆ ਹੈ। ਇਹ ਸਾਰੇ ਪੱਖ ਮੱਧਕਾਲ ਦੀਆਂ ਹੇਠ ਲਿਖੀਆਂ ਕਾਵਿਧਾਰਾ ਵਾਂ ਵਿਚ ਬਰਾਬਰ ਮਾਤਰਾ ਵਿਚ ਮਿਲਦੇ ਹਨ।

(1) ਗੁਰਮਤਿ ਕਾਵਿਧਾਰਾ (2) ਸੂਫ਼ੀ ਕਾਵਿਧਾਰਾ

(3) ਕਿੱਸਾ ਕਾਵਿਧਾਰਾ (4) ਬੀਰ ਕਾਵਿਧਾਰਾ

(5) ਮੁੱਢਲੀ ਪੰਜਾਬੀ ਵਾਰਤਕ ਦੇ ਰੂਪ ਵਿਚ

ਉਪਰੋਕਤ ਸਾਰੇ ਪੱਖਾਂ ਬਾਰੇ ਸੰਖੇਪ ਰੂਪ ਵਿਚ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਵਿਸਥਾਰ ਨਾਲ ਇਨ੍ਹਾਂ ਪੱਖਾਂ ਬਾਰੇ ਜਾਣਿਆ ਜਾ ਸਕੇ।

## ਗੁਰਮਤਿ ਕਾਵਿਧਾਰਾ : ਸਿਧਾਂਤ, ਲੱਛਣ ਤੇ ਪ੍ਰਵਿਰਤੀਆਂ:

ਮੱਧਕਾਲੀ ਕਾਵਿਧਾਰਾ-ਧਾਰਾਂਵਾਂ ਵਿਚੋਂ ਇਤਿਹਾਸਕ ਦ੍ਰਿਸ਼ਟੀ ਤੋਂ ਦੂਜੀ ਵੱਡੀ ਕਾਵਿਧਾਰਾ ਗੁਰਮਤਿ ਕਾਵਿਧਾਰਾ ਮੰਨੀ ਜਾਂਦੀ ਹੈ। ਗੁਰਮਤਿ ਕਾਵਿਧਾਰਾ ਧਾਰਾ, ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਪੇਸ਼ ਕਰਦੀ ਅਜਿਹੀ ਅਨੋਖੀ ਕਾਵਿਧਾਰਾ ਹੈ, ਜਿਸ ਦਾ ਇਕ ਸਿਰਾ ਅਧਿਆਤਮਵਾਦ ਦੇ ਖੇਤਰ ਵਿਚ ਵਿਚਰਦਾ ਰੂਹਾਨੀ ਵਿਕਾਸ ਪੜਾਵਾਂ ਵੱਲ ਸੰਕੇਤ ਕਰਦਾ ਹੈ ਤੇ ਦੂਸਰਾ ਸਿਰਾ ਲੌਕਿਕ ਜੀਵਨ ਦੇ ਅੰਤਰ ਦਵੰਦ ਵੱਲ ਸੰਕੇਤ ਕਰਦਾ, ਮਨੁੱਖ ਨੂੰ ਮਨੁੱਖੀ ਗੁਣਾਂ ਨਾਲ ਸੰਪੰਨ ਹੋਣ ਦੀ ਪ੍ਰੇਰਨਾ ਦਿੰਦਾ ਹੈ। ਇਸ ਕਾਵਿਧਾਰਾ ਦੇ ਸੰਸਥਾਪਕ ਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰ ਨਾਨਕ ਦੇਵ ਜੀ ਹਨ, ਉਨ੍ਹਾਂ ਤੋਂ ਬਿਨਾਂ ਪਹਿਲੇ ਪੰਜ ਗੁਰੂ ਸਾਹਿਬਾਨ, ਨੌਵੇਂ ਗੁਰੂ, ਭਗਤ ਕਵੀ, ਗੁਰੂ ਘਰ ਦੇ ਅਨਿਲ ਸ਼ਰਧਾਲੂ ਸੱਤਾ ਬਲਵੰਡ ਬਾਬਾ ਸੁੰਦਰ ਜੀ ਵਰਗੇ ਸੰਤ ਕਵੀਆਂ ਨੂੰ ਵੀ ਇਸ ਕਾਵਿਧਾਰਾ ਅੰਦਰ ਵਿਚਾਰਿਆ ਜਾਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਮਨੀ ਸਿੰਘ ਦੀ ਭਗਤ ਰਤਨਾਵਲੀ ਵੀ ਇਸੇ ਲੜੀ ਦੀ ਰਚਨਾ ਮੰਨੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ 1601 ਈ ਨੂੰ ਸ਼ੁਰੂ ਕੀਤਾ ਸੀ, ਜਿਹੜਾ ਕਿ 1604 ਈ ਵਿਚ ਸੰਪੂਰਨ ਹੋਇਆ ਸੀ। ਭਾਈ ਗੁਰਦਾਸ ਜੀ ਇਸ ਦੇ ਲਿਖਾਰੀ ਸਨ ਤੇ ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗ੍ਰੰਥੀ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ਗੁਰੂਆਂ, ਸੰਤਾ-ਭਗਤਾਂ, ਭੱਟਾਂ ਤੇ ਗੁਰੂ ਘਰ ਦੇ ਸੇਵਕਾਂ ਦੀ ਬਾਣੀ ਦਰਜ ਹੈ।

**ਗੁਰੂ ਕਵੀ** : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ। ਦਮਦਮਾ ਸਾਹਿਬ ਵਾਲੀ ਬੀੜ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 57 ਸਲੋਕ ਸ਼ਾਮਲ ਕੀਤੇ ਮਿਲਦੇ ਹਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਵਿਚ ਇੱਕ ਸਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਕਿਉਂਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਨੇ ਲਿਖਵਾਈ ਸੀ।

ਭਗਤ ਕਵੀ : ਇਸ ਗ੍ਰੰਥ ਵਿਚ 15 ਭਗਤਾਂ ਦੀ ਬਾਣੀ ਸ਼ਾਮਲ ਹੈ। ਜਿਨ੍ਹਾਂ ਵਿਚੋਂ ਭਗਤ ਕਬੀਰ, ਫ਼ਰੀਦ, ਨਾਮਦੇਵ, ਰਵੀਦਾਸ, ਤਰਲੋਚਨ, ਪੀਪਾ, ਧੰਨਾ ਆਦਿ ਸ਼ਾਮਲ ਹਨ।

ਗੁਰੂ ਘਰ ਦੇ ਨਿਕਟਵਰਤੀ : ਸੱਤਾ ਬਲਵੰਡ ਅਤੇ ਮਰਦਾਨਾ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਲਿਖਾਰੀ ਹਨ।

ਬਾਣੀ ਤਰਤੀਬ ਵਿਚ ਪਹਿਲਾਂ ਮੂਲ ਮੰਤਰ ਹੈ। ਫੇਰ ਜਪੁਜੀ ਸਾਹਿਬ, ਸੋਦਰ, ਸੋ ਪੁਰਖ, ਸੋਹਿਲਾ ਹੈ। ਰਾਗਾਂ ਦੀ ਕੁੱਲ ਗਿਣਤੀ 31 ਹੈ। ਕੁੱਲ ਪੰਨੇ 1430 ਹਨ। ਲੋਕ ਵਾਰਾਂ ਤੇ ਸਵੱਯੇ ਇਸ ਵਿਚ ਸ਼ਾਮਲ ਹਨ। ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ ਨੂੰ ਸਿੱਜਦਾ ਕਰਨਾ ਬਣਦਾ ਹੈ। ਹਰ ਇਕ ਰਚਨਾ ਪੂਰਨ ਵਿਉਂਤ ਨਾਲ ਸ਼ਾਮਲ ਕੀਤੀ ਗਈ ਹ।

ਗੁਰਮਤਿ ਕਾਵਿਧਾਰਾ ਉਪਦੇਸ਼ਾਤਮਿਕ ਲਹਿਜ਼ੇ ਦੀ ਰਚਨਾ ਹੈ। ਜਿਸ ਵਿਚ ਦਿਸਦੇ ਲੋਕ ਵਿਚ ਰਹਿੰਦਿਆਂ ਪਰਲੋਕ ਦੀ ਪ੍ਰਾਪਤੀ ਅਤੇ ਉਸ ਵਿਚ ਮਾਣ-ਸਤਿਕਾਰ ਪ੍ਰਾਪਤ ਕਰਨ ਦੀ ਵਿਧੀ ਸਮਝਾਈ ਗਈ ਹੈ। ਉਂਜ ਮਾਨਵੀ ਜੀਵਨ ਦਾ ਸ਼ਾਇਦ ਹੀ ਕੋਈ ਪੱਖ ਹੋਵੇ, ਜਿਸ ਬਾਰੇ ਗੁਰੂ ਕਵੀਆਂ ਨੇ ਚਰਚਾ ਨਾ ਕੀਤਾ ਹੋਵੇ। ਛੋਟੇ ਵੱਡੇ ਧਰਮਾਂ ਨਾਲ ਸੰਵਾਦ ਰਚਾਉਣ, ਮਨੁੱਖੀ ਧਰਮ ਦੀ ਵਿਆਖਿਆ ਕਰਨ, ਕਿਸਾਨ, ਵਪਾਰੀ, ਧਾਰਮਿਕ ਕਰਮਕਾਂਡ ਵਰਗੇ ਪੱਖ ਗੁਰਮਤਿ ਕਾਵਿਧਾਰਾ ਅੰਦਰ ਲੋਕਾਚਾਰੀ ਲਹਿਜ਼ੇ ਵਿਚ ਪੇਸ਼ ਹੋਏ ਮਿਲਦੇ ਹਨ। ਉਂਜ ਗੁਰਮਤਿ ਕਾਵਿਧਾਰਾ ਦੇ ਮੋਟੇ ਗੁਣ ਲੱਛਣ ਹੇਠ ਲਿਖੇ ਅਨੁਸਾਰ ਮੰਨੇ ਗਏ ਹਨ। ਇਨ੍ਹਾਂ ਪੱਖਾਂ ਬਾਰੇ ਗੁਰਮਤਿ ਦੇ ਵਿਲੱਖਣ ਸੰਕੇਤ ਮਿਲਦੇ ਹਨ :

ੳ) ਪ੍ਰਮਾਤਮਾ ਦਾ ਸਰੂਪ ਨਿਰਧਾਰਿਤ ਕਰਨਾ

ਅ) ਮਨੁੱਖੀ ਜੀਵਨ ਦਾ ਮਹੱਤਵ ਸਪਸ਼ਟ ਕਰਨਾ

ੲ) ਆਤਮਾ ਦਾ ਸਰੂਪ ਅਤੇ ਪਰਮਾਤਮਾ ਨਾਲ ਸੰਬੰਧ ਸਥਾਪਤ ਕਰਨਾ

ਸ) ਸ੍ਰਿਸ਼ਟੀ ਸਿਰਜਣਾ ਬਾਰੇ ਵਿਚਾਰ

ਹ) ਗੁਰੂ ਸਤਿਗੁਰੂ ਦੇ ਮਹੱਤਵ ਬਾਰੇ ਵਿਚਾਰ

ਕ) ਧਰਮ ਅਤੇ ਭਗਤੀ ਬਾਰੇ

ਖ) ਆਵਾਗਵਨ ਬਾਰੇ

ਗ) ਸ਼ਾਂਤੀ ਪ੍ਰਾਪਤੀ ਬਾਰੇ

ਘ) ਸਿਮਰਨ ਬਾਰੇ

ਙ) ਭੇਖਾਂ ਬਾਰੇ

ਚ) ਜਾਤ ਪਾਤ ਤੇ ਸਮਾਜਕ ਦਰਜਾਬੰਦੀ ਬਾਰੇ

ਛ) ਇਸਤਰੀ ਬਾਰੇ

ਜ) ਮਨ ਤੇ ਇੰਦਰੀਆਂ ਬਾਰੇ

ਇਨ੍ਹਾਂ ਵਿਚੋਂ ਈਸ਼ਵਰ ਦਾ ਸਰੂਪ ਨਿਰਧਾਰਨ ਕਰਨ ਦਾ ਮਸਲਾ ਸਮੁੱਚੇ ਭਾਰਤੀ ਦਰਸ਼ਨ ਦੀ ਕੇਂਦਰੀ ਸਮੱਸਿਆ ਰਹੀ ਹੈ। ਵੇਦਾਂਤ, ਉਪਨਿਸ਼ਦ ਅਤੇ ਪੁਰਾਣ ਬ੍ਰਹਮ ਨੂੰ ਸੱਤ ਸਰੂਪ, ਸਵੈ ਪ੍ਰਕਾਸ਼ਮਾਨ, ਕਾਲ ਅਤੇ ਜਨਮ ਮਰਨ ਤੋਂ ਰਹਿਤ, ਸਰਬ ਸ਼ਕਤੀਮਾਨ, ਸਰਬ ਵਿਆਪਕ, ਦਿਆਲੂ, ਕਿਰਪਾਲੂ ਅਤੇ ਸ੍ਰਿਸ਼ਟੀ ਦਾ ਸਿਰਜਣਹਾਰ ਤਾਂ ਮੰਨਦੇ ਰਹੇ ਹਨ, ਪਰੰਤੂ ਹਿੰਦੂ ਮੱਤ ਦੀਆਂ ਇਹ ਧਾਰਨਾਵਾਂ ਸਪਸ਼ਟ ਰੂਪ ਵਿਚ ਜਨ-ਸਾਧਾਰਨ ਦੀ ਸਮਝ ਦਾ ਹਿੱਸਾ ਨਹੀਂ ਸੀ ਬਣ ਸਕੀਆਂ। ਪੁਰਾਤਨ ਫ਼ਲਸਫ਼ੇ ਦਾ ਈਸ਼ਵਰਵਾਦ, ਬਹੁ ਦੇਵ ਵਾਦ ਦੇ ਭੰਵਰ ਜਾਲ ਵਿਚ ਉਲਝਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪਰੰਪਰਾਵਾਦੀ ਧਾਰਨਾਵਾਂ ਦਾ ਮੁਲੰਕਣ ਕਰਦੇ ਹੋਏ ਮੂਲ-ਮੰਤਰ ਵਜੋਂ ਬ੍ਰਹਮ ਦਾ ਸਰੂਪ ਇਉਂ ਨਿਸ਼ਚਿਤ ਕੀਤਾ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਜਿਸ ਦਾ ਅਰਥ ਹੈ ਕਿ ਈਸ਼ਵਰ ਇਕ ਹੈ, ਉਸ ਦਾ ਕੋਈ ਬਦਲ ਨਹੀਂ ਹੈ, ਉਸ ਦਾ ਨਾਮ ਸੱਚਾ ਹੈ, ਉਹ ਸਰਬ-ਸ਼ਕਤੀਮਾਨ ਤੇ ਸਿਰਜਣਹਾਰ ਹੈ, ਉਹ ਡਰ ਤੋਂ ਰਹਿਤ ਹੈ ਤੇ ਵੈਰ ਤੋਂ ਪਰ੍ਹੇ ਹੈ, ਉਹ ਕਾਲ ਦੀ ਪਕੜ ਤੋਂ ਮੁਕਤ ਹੈ ਤੇ ਜੂਨਾਂ ਭਾਵ ਜਨਮ-ਮਰਨ ਦੇ ਸਿਲਸਿਲੇ ਤੋਂ ਮੁਕਤ ਹੈ, ਉਹ ਸਵੈ ਪ੍ਰਕਾਸ਼ਮਾਨ ਹੈ ਤੇ ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੁੰਦੀ ਹੈ।

ਗੁਰਮਤਿ ਅਨੁਸਾਰ ਪ੍ਰਮਾਤਮਾ ਦੀ ਸਿਰਜਨਾ ਦਾ ਸਭ ਤੋਂ ਵੱਡਾ ਅਦਭੁਤ ਤੇ ਮਹੱਤਵਪੂਰਨ ਕ੍ਰਿਸ਼ਮਾ ਮਨੁੱਖ ਦੀ ਸਿਰਜਨਾ ਹੈ। ਮਨੁੱਖ ਸ੍ਰਿਸ਼ਟੀ ਦੇ ਸਾਰੇ ਜੀਵ ਜੰਤੂਆਂ ਨਾਲੋਂ ਸ੍ਰੇਸ਼ਟ ਹੈ। ਜੇ ਮਨੁੱਖ ਮਨ ਤੇ ਇੰਦਰੀਆਂ ਨੂੰ ਬੁੱਧੀ ਦੇ ਅਧੀਨ ਕਰ ਲਵੇ ਤਾਂ ਉਸ ਦਾ ਰੁਤਬਾ ਦੇਵਤਿਆਂ ਨਾਲੋਂ ਵਡੇਰਾ ਹੈ ਪਰ ਜਦੋਂ ਇਹ ਮਨੁੱਖ ਮਾਇਆ ਦੇ ਵੱਸ ਪੈ ਕੇ ਮਨ ਦੇ ਮਗਰ ਲੱਗ ਤੁਰਦਾ ਹੈ ਤਾਂ ਅਜਿਹਾ ਮਨੁੱਖ ਹੈਵਾਨ ਨਾਲੋਂ ਵੀ ਭੈੜਾ ਹੈ। ਗੁਰਮੁਖ ਗੁਰੂ ਦੇ ਆਸ਼ੇ ਅਨੁਸਾਰ ਚੱਲਣ ਵਾਲਾ ਮਨੁੱਖ ਵਧੇਰੇ ਸ੍ਰੇਸ਼ਟ ਹੈ।

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਮਨੁੱਖਾ ਦੇਹੀ ਦੀ ਵਡਿਆਈ ਕਰਦੇ ਹੋਏ ਗੁਰੂ ਸਾਹਿਬਾਂ ਨੇ ਕਿਹਾ ਹੈ :

ਇਸ ਦੇਹੀ ਕਉ ਸਿਮਰਹਿ ਦੇਵ॥

ਪੁਰਾਤਨ ਫ਼ਲਸਫ਼ੇ ਵਾਂਗ ਗੁਰਮਤਿ ਵਿਚਾਰਧਾਰਾ ਵੀ ਆਤਮਾ ਨੂੰ ਪ੍ਰਮਾਤਮਾ ਦਾ ਅੰਸ ਮੰਨਦੀ ਹੈ, ਸਗੋਂ ਆਤਮਾ ਵਿਚ ਪ੍ਰਮਾਤਮਾ ਅਤੇ ਪ੍ਰਮਾਤਮਾ ਵਿਚ ਆਤਮਾ ਦਾ ਨਿਵਾਸ ਹੈ।

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥

ਆਤਮਾ ਅਤੇ ਪ੍ਰਮਾਤਮਾ ਦੇ ਇੱਕ-ਮਿੱਕ ਹੋਣ ਵਿਚ ਹਉਮੈ, ਝੂਠ, ਕਰੋਧ ਤੇ ਕਾਮ ਵਰਗੇ ਪੱਖਾਂ ਦੀ ਝੂਠੀ ਕੰਧ ਬਣੀ ਹੋਈ ਹੈ, ਇਹ ਕੰਧ ਪ੍ਰਮਾਤਮਾ ਦੀ ਰਜ਼ਾ ਵਿਚ ਰਹਿਣ ਨਾਲ ਦੂਰ ਹੋ ਸਕਦੀ ਹੈ। ਸੰਵਾਦ ਚਲਦਾ ਰਿਹਾ ਹੈ। ਜੇ ਇਹ ਮੰਨ ਵੀ ਲਿਆ ਜਾਵੇ ਕਿ ਸ੍ਰਿਸ਼ਟੀ ਦੀ ਸਿਰਜਨਾ ਈਸ਼ਵਰ ਨੇ ਕੀਤੀ ਹੈ ਤਾਂ ਵੀ ਇਹ ਸਵਾਲ ਖੜ੍ਹਾ ਰਹਿੰਦਾ ਹੈ ਕਿ ਈਸ਼ਵਰ ਨੇ ਸ੍ਰਿਸ਼ਟੀ ਕਦੋਂ ਤੇ ਕਿਵੇਂ ਸਿਰਜੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਸਮੇਂ ਦੀ ਵੀ ਕਲਪਨਾ ਕੀਤੀ ਹੈ, ਜਦੋਂ ਸ੍ਰਿਸ਼ਟੀ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ ਜਿਵੇਂ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ, ਹੁਕਮੁ ਆਪਾਰਾ ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥

ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸ਼ਟਿ ਉਪਾਇ ਕਾਇਆ ਗੜ ਰਾਜੇ ॥

ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥

ਗੁਰਮਤਿ ਕਾਵਿਧਾਰਾ ਸ੍ਰਿਸ਼ਟੀ ਦੀ ਸਿਰਜਨਾ ਬਾਰੇ ਇਕ ਸਪਸ਼ਟ ਐਲਾਨਨਾਮਾ ਕਰ ਦਿੰਦੀ ਹੈ ਕਿ ਇਸ ਦੀ ਸਿਰਜਨਾ ਦਾ ਸਮਾਂ ਤਾਂ ਕੇਵਲ ਸਿਰਜਣਹਾਰ ਹੀ ਜਾਣਦਾ ਹੈ। ਜਿਵੇਂ :

ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।

ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣ।।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।

ਉਸ ਦੇ ਇੱਕੋ ਹੁਕਮ ਨਾਲ ਸ੍ਰਿਸ਼ਟੀ ਹੋਂਦ ਵਿਚ ਆ ਗਈ ਹੈ,

ਕੀਤਾ ਪਸਾਉ ਏਕੋ ਕਵਾਉ।।

ਗੁਰਮਤਿ ਕਾਵਿਧਾਰਾ ਗੁਰੂ ਦੇ ਮਹੱਤਵ ਉੱਤੇ ਵਿਸ਼ੇਸ਼ ਬਲ ਦਿੰਦੀ ਹੈ, ਗੁਰੂ ਨੂੰ ਗੋਬਿੰਦ ਤੋਂ ਵੀ ਪਹਿਲ ਦਿੱਤੀ ਗਈ ਹੈ, ਜਿਸ ਦੀ ਕਿਰਪਾ ਨਾਲ ਗੋਬਿੰਦ (ਈਸ਼ਵਰ) ਪ੍ਰਾਪਤ ਹੋ ਸਕਿਆ ਹੈ। ਮਨੁੱਖੀ ਜੀਵਨ ਦਾ ਪਰਮ ਲਕਸ਼ ਉਸ ਪ੍ਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਇਹ ਪ੍ਰਾਪਤੀ ਕਰਮ ਮਾਰਗ, ਗਿਆਨ ਮਾਰਗ, ਯੋਗ ਮਾਰਗ ਅਤੇ ਭਗਤੀ ਮਾਰਗ ਰਾਹੀਂ ਹੋਣੀ ਸੰਭਵ ਹੈ। ਇਨ੍ਹਾਂ ਮਾਰਗਾਂ ਲਈ ਗੁਰੂ ਹੀ ਸਹਿਯੋਗੀ ਹੁੰਦਾ ਹੈ। ਗੁਰੂ ਸਾਹਿਬਾਨ ਤਾਂ ਇੱਥੋ ਤੱਕ ਆਖ ਦਿੰਦੇ ਹਨ :

ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ।।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।। ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।।

ਗੁਰਮਤਿ ਕਾਵਿਧਾਰਾ ਅਨੁਸਾਰ ਧਰਮ ਦਯਾ ਤੋਂ ਪੈਦਾ ਹੁੰਦਾ ਹੈ। ਜਿਸ ਮਨੁੱਖ ਨੇ ਆਪਣਾ ਮਨ ਜਿੱਤ ਲਿਆ ਹੈ, ਉਸ ਨੇ ਸਮੁੱਚਾ ਬ੍ਰਹਿਮੰਡ ਜਿੱਤ ਲਿਆ, ਧਰਮ ਕੋਈ ਨਿੱਜੀ ਵਸਤੂ ਨਹੀਂ ਸਗੋਂ ਸਮੂਹਕ ਕਰਮ ਹੈ, ਜਿਵੇਂ :

ਤੇਰੇ ਭਾਣੇ ਸਰਬੱਤ ਦਾ ਭਲਾ ॥

ਗੁਰਮਤਿ ਕਾਵਿਧਾਰਾ ਅੰਦਰ ਆਵਾਗਵਨ, ਜਨਮ-ਮਰਨ ਤੋਂ ਛੁਟਕਾਰਾ ਪਾਉਣ ਦੀ ਵਿਧੀ ਵੀ ਨਾਮ ਸਿਮਰਨ ਨਾਲ ਜੋੜੀ ਗਈ ਹੈ।

ਆਪਿ ਜਪਹੁ ਅਵਰਾ ਨਾਮੁ ਜਪਾਵਹੁ।।

ਗੁਰੂ ਦੀ ਕਿਰਪਾ ਨਾਲ ਮਨੁੱਖ ਇਸ ਭੰਵਰ ਜਾਲ ਤੋਂ ਮੁਕਤ ਹੋ ਜਾਂਦਾ ਹੈ। ਇਹ ਕਾਰਜ ਵੀ ਪਰਮ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਸਿਮਰਨ ਦਾ ਕਾਰਜ ਕੋਈ ਮਕੈਨਿਕੀ ਕਾਰਜ ਨਹੀਂ, ਸਗੋਂ ਇਸ ਨੂੰ ਜੀਵਨ ਦਾ ਸੁਭਾਵਿਕ ਅਮਲ ਬਣਾਉਣ ਦੀ ਨਸੀਹਤ ਕੀਤੀ ਗਈ ਹੈ

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

ਜਾਤ ਪਾਤ ਦਾ ਵਿਰੋਧ ਕਰਨ ਵਾਲੀ ਇਹ ਕਾਵਿਧਾਰਾ ਉਸ ਸਮੁੱਚੇ ਮੱਧਕਾਲੀ ਚਿੰਤਨ ਸਾਹਮਣੇ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ ਜਗਤ ਜਣਨੀ ਨੂੰ ਮੰਦਾ ਕਿਉਂ ਆਖਿਆ ਜਾਂਦਾ ਹੈ। ਕੋਈ ਧਰਮ ਉੱਚਾ ਨਹੀਂ, ਕੋਈ ਨੀਵਾਂ ਨਹੀਂ, ਕੋਈ ਪੁਰਸ਼ ਮਾੜਾ, ਕੋਈ ਚੰਗਾ ਨਹੀਂ। ਲੋੜ ਪ੍ਰਮਾਤਮਾ ਦੀ ਪੁਰੇ ਵਿਚ ਰਹਿਣ ਦੀ ਹੈ, ਜਿਹੜਾ ਅਜਿਹਾ ਨਹੀਂ ਕਰਦਾ ਉਹ ਲੋਕ ਅਤੇ ਪਰਲੋਕ ਦੋਵਾਂ ਵਿਚ ਨਰਕ ਦਾ ਭਾਗੀਦਾਰ ਬਣਦਾ ਹੈ।

ਵਸਤੂਪਰਕ ਦੀ ਇਸ ਵਿਸ਼ਾਲਤਾ ਦੀ ਧਾਰਨੀ ਗੁਰਮਤਿ ਕਾਵਿਧਾਰਾ ਕਲਾ ਪੱਖ ਤੋਂ ਵੀ ਸ੍ਰੇਸ਼ਟ ਰਚਨਾ ਹੋਣ ਦਾ ਮਾਣ ਰੱਖਦੀ ਹੈ। ਸ਼ਬਦ, ਸਲੋਕ, ਵਾਰਾਂ, ਚੌਬੋਲੇ, ਡੱਖਣੇ, ਫਨਹੇ, ਦੋਪਦੇ, ਚੌਪਦੇ, ਅਸ਼ਟਪਦੀ, ਪੌੜੀ, ਅਲਾਹੁਣੀ, ਗਾਥਾ ਵਰਗੇ ਛੰਦ ਰੂਪ ਅਤੇ ਕਾਵਿਧਾਰਾ-ਰੂਪਾਂ ਨਾਲ ਸੰਪੰਨ ਕੀਤੀ ਇਹ ਕਾਵਿਧਾਰਾ ਜਿਸ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਕੁਲ 31 ਰਾਗਾਂ ਵਿਚ ਰਚੀ ਗਈ ਹੈ। ਲੋਕ-ਕਾਵਿਧਾਰਾ ਰੂਪਾਂ ਦਾ ਸ਼ਾਇਦ ਹੀ ਕੋਈ ਅਜਿਹਾ ਰੂਪ ਹੋਵੇ, ਜਿਸ ਬਾਰੇ ਗੁਰੂ ਸਾਹਿਬਾਨ ਨੇ ਚੁੱਪੀ ਸਾਧੀ ਹੋਵੇ। ਵੱਡੇ ਛੋਟੇ ਹਰ ਤਰ੍ਹਾਂ ਦੇ ਕਾਵਿਧਾਰਾ-ਰੂਪ ਇਸ ਵਿਚ ਸ਼ਾਮਲ ਹੋਏ ਮਿਲਦੇ ਹਨ। ਭਾਸ਼ਾਈ ਦ੍ਰਿਸ਼ਟੀ ਤੋਂ ਇਸ ਕਾਵਿਧਾਰਾ ਦੀ ਇਹ ਖ਼ੂਬਸੂਰਤੀ ਹੈ ਕਿ ਇਸ ਕਾਵਿਧਾਰਾ ਅੰਦਰ ਭਾਸ਼ਾਈ ਵੰਨ ਸੁਵੰਨਤਾ ਦੇ ਨਮੂਨੇ ਕਿਸੇ ਵੀ ਹੋਰ ਕਾਵਿਧਾਰਾ ਨਾਲੋਂ ਵਧੇਰੇ ਮਾਤਰਾ ਵਿਚ ਪ੍ਰਾਪਤ ਹੁੰਦੇ ਹਨ। ਭਾਰਤੀ ਕਾਵਿਧਾਰਾ-ਸ਼ਾਸਤਰ ਦੁਆਰਾ ਦਰਸਾਏ ਗਏ ਸਾਰੇ ਹੀ ਰਸ ਵਿਚ ਵੰਨਗੀ ਦੀ ਕਾਵਿ ਰਚਨਾ ਵਿਚੋਂ ਪ੍ਰਾਪਤ ਹੁੰਦੇ ਹਨ।

ਗੁਰਮਤਿ ਕਾਵਿਧਾਰਾ ਅੰਦਰ ਵੰਨ-ਸੁਵੰਨੇ ਕਾਵਿਧਾਰਾ-ਰੂਪਾਂ ਜਾਂ ਛੰਦ ਰੂਪਾਂ ਦੀ ਪੇਸ਼ਕਾਰੀ ਹੀ ਨਹੀਂ ਹੋਈ ਮਿਲਦੀ ਸਗੋਂ ਇੱਕੋ ਕਾਵਿਧਾਰਾ-ਰੂਪ ਦੇ ਵੰਨ-ਸੁਵੰਨੇ ਪਾਠ ਵੀ ਦੇਖਣ ਨੂੰ ਮਿਲਦੇ ਹਨ। ਮਿਸਾਲ ਦੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ॥ਸਲੋਕ ਕਾਵਿਧਾਰਾ-ਰੂਪ ਦੇ ਅਨੇਕ ਨਮੂਨੇ ਪਾਏ ਜਾਂਦੇ ਹਨ। ਭਗਤ ਕਬੀਰ ਅਤੇ ਫ਼ਰੀਦ ਜੀ ਤੋਂ ਇਲਾਵਾ ਗੁਰੂ ਸਾਹਿਬਾਨਾਂ ਦੇ ਸਲੋਕਾਂ ਦੀ ਭਾਸ਼ਾਈ ਵੰਨ ਸੁਵੰਨਤਾ ਹੈਰਾਨ ਕਰ ਦੇਣ ਵਾਲੀ ਹੈ। ਇਸ ਤੋਂ ਇਲਾਵਾ ਦਾਰਸ਼ਨਿਕ ਰੰਗਤ, ਬੋਧਿਕ ਰੰਗਤ, ਰੂਹਾਨੀ ਰਹੱਸਵਾਦੀ ਰੰਗਤ ਇਸ ਰਚਨਾ ਦੇ ਹੋਰ ਅਨੇਕਾਂ ਕਾਵਿਧਾਰਾ ਪਹਿਲੂ ਗਿਣਾਏ ਜਾ ਸਕਦੇ ਹਨ।

ਸੋ ਗੁਰਮਤਿ ਕਾਵਿਧਾਰਾ ਮੱਧਕਾਲੀ ਕਾਵਿਧਾਰਾ ਧਾਰਾਵਾਂ ਵਿਚ ਆਪਣਾ ਵਿਲੱਖਣ ਸਥਾਨ ਰੱਖਦੀ ਹੈ। ਇਸ ਦਾ ਇਕ ਸਿਰਾ ਅਧਿਆਤਮਵਾਦ ਨਾਲ ਜੁੜਿਆ ਹੋਇਆ ਹੈ ਤੇ ਦੂਸਰਾ ਸਿਰਾ ਅਲੌਕਿਕ ਜੀਵਨ ਦੇ ਰਹੱਸਾਂ ਨੂੰ ਪ੍ਰਗਟ ਕਰਦਾ ਹੈ। ਕਲਾ ਪੱਖ ਤੋਂ ਵੀ ਗੁਰਮਤਿ ਕਾਵਿਧਾਰਾ ਅਦੁੱਤੀ ਕਲਾਕ੍ਰਿਤੀਆਂ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਸ ਕਾਵਿਧਾਰਾ ਦੇ ਅਨੇਕਾਂ ਗੁਣ ਲੱਛਣ ਆਧੁਨਿਕ ਕਾਵਿਧਾਰਾ-ਰੂਪਾਂ ਵਿਚ ਪ੍ਰਗਟ ਹੋਏ ਮਿਲਦੇ ਹਨ।

## ਸੂਫ਼ੀਮਤ : ਨਿਕਾਸ ਅਤੇ ਵਿਕਾਸ ਪੜਾਅ:

ਸੂਫ਼ੀਮਤ ਅਤੇ ਸੂਫ਼ੀ ਸਿਧਾਂਤ ਉਨ੍ਹਾਂ ਮਜੁਲਮਾਨਾਂ ਸੰਤ ਫ਼ਕੀਰਾਂ ਦੇ ਗਤੀ ਮਾਰਗ ਨਾਲ ਸੰਬੰਧ ਰੱਖਦੇ ਸੰਕਲਪ ਹਨ ਜਿਹੜੇ ਮੁਸਲਮਾਨੀ ਹਾਕਮਾਂ ਰਾਜਿਆਂ ਤੇ ਕਾਜ਼ੀਆਂ ਦੇ ਕਰਮਕਾਂਡ ਅਤੇ ਜਬਰ ਵਾਲੀ ਨੀਤੀ ਤੋਂ ਬਾਗ਼ੀ ਹੋ ਚੁੱਕੇ ਸਨ। ਇਸਲਾਮ ਧਰਮ ਕੁਦਰਤੀ ਤੌਰ ਤੇ ਮਾਰੂਥਲ ਦੇ ਖ਼ੁਸ਼ਕ ਇਲਾਕੇ ਵਿਚ ਪੈਦਾ ਹੋਇਆ ਤੇ ਪ੍ਰਵਾਨ ਚੜ੍ਹਿਆ ਹੈ। ਇਸ ਲਈ ਕੁਦਰਤ ਦੀ ਸੁੰਦਰਤਾ ਮਾਣਨ ਦੀ ਰੀਝ ਮੁਸਲਮਾਨਾਂ ਵਿਚ ਬਹੁਤ ਘੱਟ ਹੈ। ਧਾਰਮਿਕ ਕੱਟੜਤਾ ਅਤੇ ਆਪਣੇ ਧਰਮ ਲਈ ਸੰਕੀਰਨ ਸੋਚ ਵਰਗੇ ਪੱਖ ਮੁਸਲਮਾਨਾਂ ਵਿਚ ਵਧੇਰੇ ਮਾਤਰਾ ਵਿਚ ਰਹੇ ਹਨ। ਗੈਰ ਮੁਸਲਮਾਨਾਂ ਨੂੰ ਕਾਫਿਰ ਕਹਿਣਾ, ਉਨ੍ਹਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਹੋਣ ਲਈ ਮਜਬੂਰ ਕਰਨਾ ਜਾਂ ਫਿਰ ਉਨ੍ਹਾਂ ਦਾ ਕਤਲ ਕਰਨਾ ਇਸਲਾਮੀ ਸ਼ਰ੍ਹਾ ਅਨੁਸਾਰ ਚੰਗੇ ਕਰਮ ਮੰਨੇ ਗਏ ਹਨ। ਦੂਜੇ ਧਰਮਾਂ ਦੇ ਲੋਕਾਂ ਤੋਂ ਜਜੀਆ (ਟੈਕਸ) ਲੈਣਾ ਆਦਿ ਇਸ ਕਾਰਜ ਦੇ ਹੋਰ ਪਹਿਲੂ ਹਨ। ਕੁੱਲ ਮਿਲਾ ਕੇ ਕਿਹਾ ਜਾਵੇ ਤਾਂ ਇਸਲਾਮ ਅੰਦਰ ਮਾਨਵੀ ਮੁੱਲਾਂ ਨਾਲੋਂ ਮਜ਼੍ਹਬੀ ਮੁੱਲਾਂ ਵਧੇਰੇ ਮਹੱਤਵ ਰੱਖਦੇ ਹਨ। ਇਸ ਕਿਸਮ ਦੀ ਕੱਟੜ ਪ੍ਰਥਾ ਤੋ ਵਿਰੋਧ ਕਰਕੇ ਜਿਹੜੇ ਸੰਤ ਫ਼ਕੀਰਾਂ ਨੇ ਨਿਰੋਲ ਰੱਬੀ ਪਿਆਰ ਅਤੇ ਮਨੁੱਖਤਾ ਦੇ ਕਲਿਆਣ ਦਾ ਮਾਰਗ ਧਾਰਨ ਕੀਤਾ, ਉਨ੍ਹਾਂ ਮੁਸਲਮਾਨ ਸੰਤਾ, ਫ਼ਕੀਰਾਂ, ਦਰਵੇਸ਼ਾਂ ਨੂੰ ਸੂਫ਼ੀ ਕਿਹਾ ਜਾਣ ਲੱਗ ਪਿਆ।

ਸੂਫ਼ੀਮਤ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਵਿਚੋਂ ਡਾ ਲਾਜਵੰਤੀ ਰਾਮਾ ਕ੍ਰਿਸ਼ਨ ਦਾ ਨਾਂ ਵਧੇਰੇ ਚਰਚਿਤ ਰਿਹਾ ਹੈ। ਡਾ ਲਾਜਵੰਤੀ ਦਾ ਕਹਿਣਾ ਹੈ ਕਿ ਹਜ਼ਰਤ  ਮੁਹੰਮਦ ਸਾਹਿਬ ਦੇ ਚਲਾਣੇ ਤੋਂ ਲਗਭਗ ਦੋ ਸੌ ਸਾਲ ਬਾਅਦ ਸੂਫ਼ੀਮਤ ਦਾ ਆਰੰਭ ਅਰਬ ਵਿਚ ਹੋਇਆ ਸੀ। ਪ੍ਰੋ ਈ ਜੀ ਬ੍ਰਾਊਨ ਨੇ ਆਪਣੀ ਪੁਸਤਕ ਈਰਾਨੀ ਸਾਹਿਤ ਦਾ ਇਤਿਹਾਸ ਵਿਚ ਸੂਫ਼ੀਮਤ ਦੇ ਨਿਕਾਸ ਬਾਰੇ ਹੇਠ ਲਿਖੀਆਂ ਚਾਰ ਧਾਰਾਵਾਂ ਦਾ ਜ਼ਿਕਰ ਕੀਤਾ ਹੈ।

ੳ) ਇਹ ਸਿਰ ਮੁਹੰਮਦ ਸਾਹਿਬ ਦੀ ਬਾਤੂਨੀ ਸਿੱਖਿਆ ਵਿਚੋਂ ਵਿਕਸਿਤ ਹੋਇਆ ਹੈ।

ਅ) ਇਹ ਆਪਣੇ ਉੱਤੇ ਜ਼ੋਰ ਨਾਲ ਠੋਸੇ ਗਏ ਸਾਮੀ ਧਰਮ ਦੇ ਵਿਰੁੱਧ ਈਰਾਨੀ ਜਾਂ ਆਰੀਆਈ ਭਾਵਨਾ ਦਾ ਪ੍ਰਤੀਕਰਮ ਸੀ।

ੲ) ਇਸ ਦਾ ਨਿਕਾਸ ਨਵ ਅਫ਼ਲਾਤੂਨੀ ਵਿਚਾਰਾਂ ਵਿਚੋਂ ਹੋਇਆ ਹੈ।

ਸ) ਇਹ ਆਪਣੇ ਆਪ ਮੁਹਾਰੇ ਰੂਪ ਵਿਚ ਖ਼ੁਦ ਪੈਦਾ ਹੋਇਆ ਹੈ।

ਭਾਵੇਂ ਕੁਝ ਵੀ ਹੈ, ਸੂਫ਼ੀਮਤ ਇਸਲਾਮ ਦਾ ਹੀ ਰਹੱਸਵਾਦੀ ਰੂਪ ਹੈ। ਸੂਫ਼ੀ ਦਰਵੇਸ਼ ਕਿਉਂਕਿ ਮੂਲ ਰੂਪ ਵਿਚ ਮੁਸਲਮਾਨ ਹੀ ਸਨ ਤੇ ਉਨ੍ਹਾਂ ਨੇ ਵੱਖ ਵੱਖ ਸਭਿਆਚਾਰਕ ਮੁੱਲਾਂ ਨੂੰ ਤਾਂ ਅਚੇਤ ਜਾਂ ਸੁਚੇਤ ਤੌਰ ਤੇ ਅਪਣਾ ਲਿਆ ਸੀ, ਪਰੰਤੂ ਕਿਸੇ ਹੋਰ ਧਰਮ ਦੇ ਬੁਨਿਆਦੀ ਸੂਤਰਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਇਸ ਲਈ ਸੂਫ਼ੀਮਤ ਦਾ ਸੰਬੰਧ ਵੀ ਇਸਲਾਮ ਧਰਮ ਦੇ ਸੰਸਥਾਪਕ ਹਜ਼ਰਤ   ਮੁਹੰਮਦ ਸਾਹਿਬ ਨਾਲ ਹੀ ਜੁੜ ਜਾਂਦਾ ਹੈ। ਕੁਰਾਨ ਸ਼ਰੀਫ਼ ਵਿਚ ਅਨੇਕਾਂ ਆਇਤਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਨੂੰ ਪ੍ਰਮੁੱਖ ਸੂਫ਼ੀ ਸਿਧਾਂਤਾਂ ਨਾਲ ਜੋੜਿਆ ਜਾ ਸਕਦਾ ਹੈ। ਹਜ਼ਰਤ   ਮੁਹੰਮਦ ਸਾਹਿਬ ਦੀਆਂ ਹਦੀਸ ਵਿਚ ਵੀ ਅਜਿਹੇ ਵਿਚਾਰ ਅੰਕਿਤ ਹਨ ਜਿਹੜੇ ਸੂਫ਼ੀ ਸਿਧਾਂਤਾਂ ਦੀ ਜੜ੍ਹ ਮੰਨੇ ਜਾਂਦੇ ਹਨ। ਇਸਾਈ ਮੱਤ, ਬੁੱਧ ਮੱਤ, ਨਵ-ਅਫ਼ਲਾਤੂਨ ਅਤੇ ਵੇਦਾਂਤ ਦਾ ਸੂਫ਼ੀਮਤ ਦੇ ਨਿਕਾਸ ਨਾਲ ਇੰਨਾ ਸੰਬੰਧ ਨਹੀਂ ਜਿੰਨਾ ਇਸ ਦੇ ਵਿਕਾਸ ਨਾਲ ਰਿਹਾ ਹੈ।

ਸੂਫ਼ੀਮਤ ਦੇ ਨਾਮਕਰਨ ਬਾਰੇ ਵੀ ਅਨੇਕਾਂ ਵਿਚਾਰ ਪ੍ਰਚੱਲਿਤ ਰਹੇ ਹਨ। ਪਹਿਲਾਂ ਕਿ ਸੂਫ਼ੀ ਨਿਮਾਜ਼ ਪੜ੍ਹਨ ਸਮੇਂ ਪਹਿਲੀ ਸਫ਼ ਜਾਂ ਕਤਾਰ ਵਿਚ ਖਲੋਂਦੇ ਸਨ। ਦੂਜਾ, ਸੂਫ਼ੀ ਕਾਲੀ ਸੂਫ਼ ਦੇ ਕੱਪੜੇ ਪਹਿਨਦੇ ਰਹੇ ਹਨ। ਇਸ ਕਿਸਮ ਦੇ ਹੋਰ ਅਨੇਕਾਂ ਵਿਚਾਰ ਪੇਸ਼ ਕੀਤੇ

ਜਾਂਦੇ ਹਨ। ਪਰੰਤੂ ਹਜ਼ਰਤ ਮੁਹੰਮਦ ਦੇ ਨਿਕਟਵਰਤੀ ਹੋਣ ਦਾ ਤੇ ਕਾਲੀ ਸੂਫ਼ ਪਹਿਨਣ ਦਾ ਸੰਕੇਤ ਵਧੇਰੇ ਪ੍ਰਵਾਨ ਰਿਹਾ ਹੈ। ਮੁੱਢਲੇ ਸੂਫ਼ੀ ਰੱਬ ਨੂੰ ਮਸ਼ੂਕ ਮੰਨ ਕੇ ਉਹਨੂੰ ਪਿਆਰ ਕਰਨ ਦੀ ਥਾਂ ਉਹਨੂੰ ਜਵਾਰ ਕਹਾਰ ਸਮਝ ਕੇ ਉਸ ਅੱਗੇ ਝੁਕਦੇ ਸਨ।

### ਬਾਬਾ ਫ਼ਰੀਦ ਜੀ :

ਪੰਜਾਬੀ ਭਾਸ਼ਾ ਵਿਚ ਸੂਫ਼ੀ ਕਾਵਿਧਾਰਾ ਦਾ ਸੰਸਥਾਪਕ ਬਾਬਾ ਫ਼ਰੀਦ ਜੀ ਨੂੰ ਮੰਨਿਆ ਜਾਂਦਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਬਾਬਾ ਫ਼ਰੀਦ ਤੋਂ ਪਹਿਲਾਂ ਪੰਜਾਬੀ ਵਿਚ ਸੂਫ਼ੀਮਤ ਦਾ ਪ੍ਰਭਾਵ ਨਹੀਂ ਸੀ ਸਗੋਂ 712 ਈ ਵਿਚ ਜਦੋਂ ਮੁਹੰਮਦ ਬਿਨ ਕਾਸਿਮ ਨੇ ਸਿੰਧ ਨੂੰ ਫ਼ਤਿਹ ਕਰਕੇ ਆਪਣਾ ਰਾਜ ਕਾਇਮ ਕਰ ਲਿਆ ਸੀ ਤਾਂ ਇਸਲਾਮ ਨਾਲ ਭਾਰਤ ਦਾ ਸੰਪਰਕ ਬਹੁਤ ਵੱਧ ਗਿਆ ਸੀ। ਇਤਿਹਾਸਕਾਰਾਂ ਦੀ ਇਹ ਧਾਰਨਾ ਹੈ ਕਿ ਪੰਜਾਬ ਉੱਤੇ ਪਹਿਲਾ ਇਸਲਾਮੀ ਹਮਲਾ ਗੈਨੀ ਦੇ ਬਾਦਸ਼ਾਹ ਸੁਬਕੁਤਗੀਨ ਨੇ ਕੀਤਾ ਸੀ। ਫੇਰ ਮਹਿਮੂਦ ਗ਼ਜ਼ਨਵੀ ਨੇ 997 ਈ ਤੋਂ 1030 ਈ ਦੌਰਾਨ 17 ਲਗਭਗ ਹਮਲੇ ਕੀਤੇ ਸਨ। ਜਿਸ ਦਾ ਅਰਥ ਹੈ ਕਿ ਗਿਆਰ੍ਹਵੀਂ ਸਦੀ ਤੋਂ ਹੀ ਮੁਸਲਮਾਨੀ ਰਾਜ ਪੰਜਾਬ ਵਿਚ ਫੈਲਣਾ ਸ਼ੁਰੂ ਹੋ ਗਏ ਸਨ। ਇਸਲਾਮ ਤੇ ਸੂਫ਼ੀ ਦਸਵੇਂ ਹੀ ਪ੍ਰਚਾਰਕ ਸਨ। ਇਸਲਾਮੀ ਕਦਰਾਂ ਕੀਮਤਾਂ ਤੇ ਧਾਰਮਿਕ ਭਾਵਨਾਵਾਂ ਦੇ ਸੂਫ਼ੀਮਤ ਦਾ ਢੰਗ ਤੇ ਸਿਧਾਂਤ ਮੁਸਲਮਾਨ ਹਾਕਮਾਂ ਵਾਂਗ ਕਠੋਰ ਨਹੀਂ ਸੀ। ਪਰੰਤੂ ਮਕਸਦ ਸੂਫ਼ੀਮਤ ਦਾ ਵੀ ਇਸਲਾਮੀ ਧਰਮ ਦਾ ਪ੍ਰਚਾਰ ਕਰਨਾ ਹੀ ਸੀ।

ਪੰਜਾਬ ਵਿਚ ਬਾਬਾ ਫ਼ਰੀਦ ਤੋਂ ਪਹਿਲਾਂ ਦਾਤਾ ਗੰਜ ਬਖ਼ਸ਼ ਤੇ ਹੁਜਵੀਰਾ ਆਦਿ ਪ੍ਰਸਿੱਧ ਸੂਫ਼ੀਆਂ ਨੇ ਪੰਜਾਬੀ ਜੀਵਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਸੀ। ਦਾਤਾ ਗੰਜ ਬਖ਼ਸ਼ ਦੇ ਪਰਿਵਾਰ ਦਾ ਵੀ ਬਾਬਾ ਫ਼ਰੀਦ ਵਾਂਗ ਸਮੇਂ ਦੇ ਹਾਕਮਾਂ ਨਾਲ ਗਹਿਰਾ ਸੰਬੰਧ ਬਣਿਆ ਹੋਇਆ ਸੀ। ਦਾਤਾ ਗੰਜ ਬਖ਼ਸ਼ ਵੀ ਬਾਬਾ ਫ਼ਰੀਦ ਵਾਂਗ ਨਿਮਰਤਾ ਦਾ ਪੁੰਜ ਹਲੀਮੀ ਧਾਰਨ ਵਾਲਾ, ਧਾਰਮਿਕ ਸੰਕੀਰਨਤਾ ਤੋਂ ਰਹਿਤ, ਨਿਰੋਲ ਮਾਨਵਤਾ ਜੀਵਨ ਨੂੰ ਪਿਆਰ ਕਰਨ ਵਾਲਾ ਸੀ। ਹੋ ਸਕਦਾ ਹੈ ਦਾਤਾ ਗੰਜ ਬਖ਼ਸ਼ ਦੀਆਂ ਲਿਖਤਾਂ ਦੀ ਓਵੇਂ ਸੰਭਾਲ ਨਾ ਹੋਈ ਹੋਵੇ ਜਿਵੇਂ ਬਾਬਾ ਫ਼ਰੀਦ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੋ ਕੇ ਹਮੇਸ਼ਾ ਲਈ ਸੰਭਾਲੇ ਗਏ ਹਨ।

ਬਾਬਾ ਫ਼ਰੀਦ ਦੀ ਕੁੱਲ ਰਚਨਾ 112 ਸਲੋਕ, 4 ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹਨ। ਫ਼ਰੀਦ ਜੀ ਦਾ ਖ਼ਾਨਦਾਨ ਕਾਬਲ ਦੇ ਬਾਦਸ਼ਾਹ ਨਾਲ ਸੰਬੰਧ ਰੱਖਦਾ ਸੀ। ਫ਼ਰੀਦ ਜੀ ਦਾ ਦਾਦਾ ਖੋਤ ਵਾਲ ਦਾ ਕਾਂਸੀ ਸੀ। ਬਾਬਾ ਫ਼ਰੀਦ ਦਾ ਜਨਮ ਕਾਂਸੀ ਜਮਾਲੁਦੀਨ ਦੇ ਘਰ 1173 ਈ ਨੂੰ ਹੋਇਆ। ਉਹ ਪਹੁੰਚੇ ਹੋਏ ਦਰਵੇਸ਼ ਬਖ਼ਤਿਆਰ ਕਾਕੀ ਦੇ ਮੁਰੀਦ ਸਨ ਅਤੇ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਨਾਲ ਸੰਬੰਧ ਰੱਖਦੇ ਸਨ। ਬਾਬਾ ਫ਼ਰੀਦ ਜੀ ਨੇ ਕਠਨ ਸਾਧਨਾ ਕੀਤੀ ਹੈ। ਉਹ ਇਕਾਂਤ ਪਸੰਦ ਸਨ, ਫ਼ਕੀਰੀ ਦੇ ਪੱਕੇ ਸਨ। ਹਲੀਮੀ ਤੇ ਸਹਿਣਸ਼ੀਲਤਾ ਦੇ ਪੱਖ ਤੋਂ ਉਨ੍ਹਾਂ ਦਾ ਕੋਈ ਸਾਨੀ ਨਹੀਂ।

ਫਰੀਦ ਜੀ ਅਰਬੀ, ਫ਼ਾਰਸੀ, ਹਿੰਦੀ ਤੇ ਪੰਜਾਬੀ ਦੇ ਵਿਦਵਾਨ ਸਨ। ਬਾਬਾ ਫ਼ਰੀਦ ਸੂਫ਼ੀ ਕਾਵਿਧਾਰਾ ਦੇ ਹੀ ਨਹੀਂ ਸਗੋਂ ਪੰਜਾਬੀ ਭਾਸ਼ਾ ਦੇ ਪਹਿਲੇ ਪ੍ਰਮਾਣਿਕ ਕਵੀ ਹਨ। ਵਿਸ਼ਾ-ਵਸਤੂ, ਰੂਪ ਅਤੇ ਭਾਸ਼ਾਈ ਪੱਧਰ ਤੋਂ ਬਾਬਾ ਫ਼ਰੀਦ ਵਰਗੀ ਮਿਆਰੀ ਰਚਨਾ ਨਾਥ ਜੋਗੀ ਨਹੀਂ ਸਨ ਕਰ ਸਕੇ। ਉਨ੍ਹਾਂ ਦੇ ਟੋਟਕੇ, ਕਵਿਤਾ ਦਾ ਮੁੱਢਲਾ ਰੂਪ ਤਾਂ ਹੋ ਸਕਦੇ ਹਨ, ਕਵਿਤਾ ਨਹੀਂ। ਫ਼ਰੀਦ ਜੀ ਅਧਿਆਤਮਵਾਦੀ, ਮਾਨਵਵਾਦੀ, ਇਸ ਤੋਂ ਵੀ ਵਧੇਰੇ ਲੋਕ ਵਾਦੀ ਸਨ। ਮੌਤ ਦਾ ਡਰ, ਜੀਵਨ ਦੀ ਨਾਸਮਾਨਤਾ, ਸਦਾਚਾਰਕ ਮੁੱਲਾਂ ਦਾ ਪ੍ਰਚਾਰ, ਪ੍ਰਭੂ ਪ੍ਰੇਮ ਦਾ ਉਪਦੇਸ਼ ਆਪ ਜੀ ਦੀ ਬਾਣੀ ਦੇ ਮੁੱਖ ਗੁਣ ਹਨ। ਫ਼ਰੀਦ ਜੀ ਨੇ ਆਤਮਾ ਅਤੇ ਪ੍ਰਮਾਤਮਾ ਦਾ ਸੰਬੰਧਾਂ ਨੂੰ ਪਤੀ-ਪਤਨੀ ਦੇ ਸੰਬੰਧਾਂ ਨਾਲ ਜੁੜੀ ਬਿੰਬਾਵਲੀ ਰਾਹੀਂ ਪ੍ਰਗਟ ਕੀਤਾ ਹੈ। ਫ਼ਰੀਦ ਜੀ ਸ਼ਰੱਈ ਕੀਮਤਾਂ ਦੇ ਪ੍ਰਚਾਰਕ ਹਨ। ਮਨੁੱਖ ਨੂੰ ਪਿਆਰ ਕਰਦੇ ਤੇ ਰੱਬ ਨੂੰ ਮਨੁੱਖ ਦੇ ਅੰਦਰ ਵੱਸਦਾ ਦੱਸਦੇ ਹਨ। ਫ਼ਰੀਦ ਜੀ ਦੀ ਰਚਨਾ ਉੱਤੇ ਲਹਿੰਦੀ ਬੋਲੀ ਦਾ ਰੰਗ ਵਧੇਰੇ ਗੂੜ੍ਹਾ ਚੜ੍ਹਿਆ ਹੈ। ਫ਼ਰੀਦ ਜੀ ਪਹਿਲੇ ਪੜਾਅ ਦੇ ਸੂਫ਼ੀ ਹਨ।

### ਸਾਹ ਹੁਸੈਨ

ਸਾਹ ਹੁਸੈਨ ਦਾ ਜਨਮ ਢੁੱਡੇ ਰਾਜਪੂਤਾਂ ਵਿਚ 1539 ਈ ਵਿਚ ਲਾਹੌਰ ਵਿਚ ਹੋਇਆ ਸੀ। ਸਾਹ ਹੁਸੈਨ ਚੰਗੇ ਵਿਦਵਾਨ ਸਨ। ਛੋਟੀ ਉਮਰ ਵਿਚ ਹੀ ਕੁਰਾਨ ਯਾਦ ਕਰ ਲਿਆ ਸੀ। ਸ਼ੁਰੂ ਵਿਚ ਸ਼ਰ੍ਹਾ ਦੇ ਪਾਬੰਦ ਰਹੇ ਸਨ, ਬਾਅਦ ਵਿਚ ਬਗ਼ਾਵਤ ਕਰ ਦਿੱਤੀ ਸੀ। ਸਮੁੱਚੀ ਰਚਨਾ ਕਾਫ਼ੀ ਕਾਵਿਧਾਰਾ ਰੂਪ ਵਿਚ ਹੋਈ ਮਿਲਦੀ ਹੈ। 55 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਕਵਿਤਾ ਦਾ ਵਿਸ਼ਾ ਰੱਬੀ ਪ੍ਰੇਮ, ਦੁਨੀਆ ਦਾ ਤਿਆਗ, ਮੌਤ ਦਾ ਡਰ, ਚੰਗੇ ਅਮਲਾਂ ਦੀ ਪ੍ਰੇਰਨਾ ਆਦਿ ਰਿਹਾ ਹੈ। ਸਾਹ ਹੁਸੈਨ ਮਸਤੀ ਵਿਚ ਰਹਿੰਦੇ ਸਨ। ਰੂਪਕ ਪੱਖ ਤੋਂ ਉਨ੍ਹਾਂ ਦੀ ਰਚਨਾ ਮਹਾਨ ਹੈ। ਰਾਗਾਂ ਵਿਚ ਰਸ-ਭੰਨੀ ਮਹਿਕ ਹੈ। ਰਚਨਾ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ, ਆਪ ਜੀ ਕਵਿਤਾ ਕਲਾ ਦੇ ਪੱਖੋਂ ਉੱਚ ਪੱਧਰੀ, ਕੁਦਰਤੀ ਅਤੇ ਸਹਿਜ-ਸੁਭਾ ਪ੍ਰਭਾਵਿਤ ਕਰਨ ਵਾਲੀ ਹੈ। ਸਾਹ ਹੁਸੈਨ ਦੂਜੇ ਪੜਾਅ ਦਾ ਸੂਫ਼ੀ ਕਵੀ ਹੈ।

ਸਾਹ ਹੁਸੈਨ ਦੇ ਕਾਵਿਧਾਰਾ ਗੁਣਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਦੇਖਦੇ ਹੋਏ ਪਿਆਰਾ ਸਿੰਘ ਪਦਮ ਤਾਂ ਸਾਹ ਹੁਸੈਨ ਨੂੰ ਪੰਜਾਬੀ ਸੂਫ਼ੀ ਕਾਵਿਧਾਰਾ ਦਾ ਬਾਨੀ ਤੱਕ ਆਖ ਦਿੰਦਾ ਹੈ। ਕਿਉਂਕਿ ਸਾਹ ਹੁਸੈਨ ਦੀ ਰਚਨਾ ਦਾ ਵਿਸ਼ੇਸ਼ ਤਾਈਆਂ ਵਸਤੂ ਤੇ ਰੂਪਕ ਪੱਖ, ਤਕਨੀਕ ਤੇ ਅਨੁਭਵ ਅਤੇ ਕਾਵਿਧਾਰਾ ਸ਼ੈਲੀ ਨਿਰੋਲ ਪੰਜਾਬੀਅਤ ਦੇ ਰੰਗ ਵਿਚ ਰੰਗੀ ਹੋਈ ਹੈ ਤੇ ਈਰਾਨੀ ਸੂਫ਼ੀ ਕਾਵਿਧਾਰਾ ਨਾਲ ਉਸ ਦਾ ਸਿੱਧਾ ਵਾਸਤਾ ਨਹੀਂ ਜਾਪਦਾ। ਉਸ ਵਿਚ ਨਾ ਹਿੰਦੂਅਤ ਹੇਠ ਨਾ ਮੁਸਲਮਾਨੀਅਤ, ਉਹ ਸਾਈਂ ਦਾ ਦੀਵਾਨਾ ਮਸਤ ਫ਼ਕੀਰ ਹੈ। ਸਾਹ ਹੁਸੈਨ ਦੀ ਮਸਤਾਨੀ ਅਤੇ ਨਿਰਮਲਤਾ ਹੀ ਉਸ ਦੀ ਵਿਸ਼ੇਸ਼ਤਾ ਹੈ। ਉਹ ਸੂਸੀ ਕਵੀਆਂ ਦੇ ਕਾਫ਼ਲੇ ਦਾ ਸਰਦਾਰ ਹੈ ਤੇ ਸਰੋਦੀ ਕਵੀਆਂ ਦਾ ਮੋਹਰੀ ਹੈ। ਇਸੇ ਲਈ ਉਸ ਨੂੰ ਪੰਜਾਬੀ ਦਾ ਸੂਰਦਾਸ ਕਿਹਾ ਜਾਂਦਾ ਹੈ।

ਸਾਹ ਹੁਸੈਨ ਦਾ ਸਮਾਂ ਸਾਹਿਤ ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ। ਹਿੰਦੀ ਸਾਹਿਤ ਵਿਚ ਉਸ ਸਮੇਂ ਤੁਲਸੀ ਦਾਸ, ਸੂਰਦਾਸ ਤੇ ਮੀਰਾਂ ਬਾਈ ਰੰਗ ਲਾ ਰਹੇ ਸਨ ਤਾਂ ਇੱਧਰ ਇਸੇ ਸਮੇਂ ਪੰਜਾਬੀ ਸਾਹਿਤ ਵਿਚ ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ ਰਚਨਾ ਕਰ ਰਹੇ ਸਨ, ਸੂਸੀ ਕਾਵਿਧਾਰਾ ਖੇਤਰ ਵਿਚ ਉਸੇ ਸਮੇਂ ਸਾਹ ਹੁਸੈਨ ਦੀਆਂ ਸੁਰੀਲੀਆਂ, ਮਧੁਰ ਤੇ ਵਿਰਾਗੀ ਧੁਨਾਂ ਉਚਾਰੀਆਂ ਜਾ ਰਹੀਆਂ ਸਨ। ਇਹ ਵੀ ਧਾਰਨਾ ਪੇਸ਼ ਕੀਤੀ ਜਾਂਦੀ ਹੈ ਕਿ ਵੈਸ਼ਨਵ ਭਗਤਾਂ ਦੀ ਰਚਨਾ ਵਿਚ ਇਤਨੀ ਧੂਹ ਨਹੀਂ ਸੀ ਜਿਤਨੀ ਕਿ ਸੂਫ਼ੀਆਂ ਦੀ ਜੋਸ਼ ਭਰੀ ਤਾਨ ਵਿਚ ਸੀ। ਪੰਜਾਬੀ ਸੂਫ਼ੀ ਸੰਤਾਂ ਵਿਚੋਂ ਸਾਹ ਹੁਸੈਨ ਦਾ ਹੀ ਪਹਿਲਾਂ ਕਲਾਮ ਹੈ, ਜੋ ਕਿ ਕੱਵਾਲਾਂ ਤੇ ਗਵੱਈਆਂ ਦੇ ਕੰਠਾ ਵਿਚ ਗੂੰਜਿਆਂ ਸੀ। ਜਿਵੇਂ ਨਾਨਕ ਮੰਚ ਉੱਤੇ ਹੀ ਆਪਣਾ ਸੰਪੂਰਨ ਪ੍ਰਦਰਸ਼ਨ ਕਰਦਾ ਹੈ। ਓਵੇਂ ਹੀ ਕਾਵਿਧਾਰਾ ਦੀ ਗਾਇਣ ਸ਼ੈਲੀ ਤੇ ਗਾਇਣ ਮਾਧਿਅਮ ਰਾਹੀਂ ਹੀ ਜਨ ਸਾਧਾਰਨ ਤੱਕ ਪਹੁੰਚਦਾ ਹੈ।

ਇਸਲਾਮੀ ਸ਼ਰ੍ਹਾ ਬੁਨਿਆਦੀ ਤੌਰ ਤੇ ਸੰਗੀਤ ਵਿਰੋਧੀ ਨਹੀਂ ਹੈ, ਜਦੋਂ ਕਿ ਭਾਰਤੀ ਅਧਿਆਤਮਿਕਤਾ ਸੰਗੀਤ ਧੁਨਾਂ ਨਾਲ ਲਬਰੇਜ਼ ਹੈ। ਮੁਸਲਮਾਨ ਸੰਤਾਂ ਫ਼ਕੀਰਾਂ ਨੇ ਸੰਗੀਤਾਤਮਿਕਤਾ ਦਾ ਸਹਾਰਾ ਲਿਆ ਸੀ। ਇਹੋ ਕਾਰਨ ਹੈ ਕਿ ਸੂਸੀ ਸੰਤਾਂ ਦੇ ਕਲਾਮ ਨਾਲ ਇਸਲਾਮੀ ਹਾਕਮਾਂ ਵੱਲੋਂ ਵਲੂੰਧਰੇ ਹਿਰਦਿਆਂ ਨੂੰ ਰਾਹਤ ਮਿਲਦੀ ਰਹੀ ਹੈ। ਸਾਹ ਹੁਸੈਨ ਵੀ ਇਕ ਅਜਿਹਾ ਹੀ ਸੂਸੀ ਸੰਤ ਕਵੀ ਹੈ ਜਿਸ ਨੇ ਪੰਜਾਬੀਆਂ ਨੂੰ ਆਪਣੇ ਪ੍ਰੇਮ ਗੀਤਾਂ ਦੀ ਦੌਲਤ ਵੰਡੀ ਹੈ। ਉਸ ਦਾ ਕਾਵਿਧਾਰਾ ਆਪਣੇ ਤੋਂ ਪੂਰਵਲੇ ਕਾਵਿਧਾਰਾ ਤੋਂ ਸੱਚਮੁੱਚ ਵੱਖਰੀ ਨੁਹਾਰ ਵਾਲਾ ਹੈ। ਇਸ ਕਾਵਿਧਾਰਾ ਅੰਦਰ ਸਾਦਗੀ, ਸਰਲਤਾ ਤੇ ਈਸ਼ਵਰ ਪ੍ਰੇਮ ਦੀ ਹੂਕ ਹੈ। ਬਿਰਹੋਂ ਦਾ ਇਤਨਾ ਦਰਦਨਾਕ ਬਿਆਨ ਕਿਸੇ ਹੋਰ ਪੰਜਾਬੀ ਸੂਸੀ ਸ਼ਾਇਰ ਦੀ ਰਚਨਾ ਵਿਚ ਨਜ਼ਰ ਨਹੀਂ ਆਉਂਦਾ। ਸਾਹ ਹੁਸੈਨ ਦਾ ਕਾਵਿ ਰੱਬੀ ਪ੍ਰੇਮ ਦਾ ਤਰਾਨਾ ਹੈ। ਬਿਹਬਲ ਮਨ ਦੀ ਆਪ ਮੁਹਾਰੀ ਹੂਕ ਹੈ।

ਸਾਹ ਹੁਸੈਨ ਦੇ ਪਿਤਾ ਜੀ ਜੁਲਾਹੇ ਦਾ ਕੰਮ ਕਰਦੇ ਸਨ। ਸਾਹ ਹੁਸੈਨ ਨੇ ਪਹਿਲਾਂ ਸ਼ੇਖ਼ ਅਬੂਬਕਰ ਪਾਸੋਂ ਕੁਰਾਨ ਸ਼ਰੀਫ਼ ਦਾ ਪਾਠ ਪੜ੍ਹਿਆ। ਸ਼ੇਖ਼ ਸਾਦੁਲਾ ਤੋਂ ਤਫ਼ਸੀਰ ਦਾ ਅਧਿਐਨ ਕੀਤਾ। ਤਾਲੀਮ ਨੇ ਵੈਰਾਗ ਤੇ ਸਕੀਰੀ ਦਾ ਰੰਗ ਚੜ੍ਹਾ ਦਿੱਤਾ। ਸ਼ੇਖ਼ ਬਹਿਲੋਲ ਦਰਿਆਈ ਦੀ ਬਖ਼ਸ਼ਿਸ ਸਦਕੇ ਰੂਹਾਨੀ ਰੰਗ ਗੂੜ੍ਹਾ ਹੋ ਗਿਆ। ਉਹ ਕੰਮ ਕਰਦੇ ਹੋਏ ਵੀ ਰੱਬੀ ਤਰਾਨੇ ਗਾਉਂਦੇ ਰਹਿੰਦੇ ਸਨ। ਕੰਮ ਪਿਤਾ-ਪੁਰਖੀ ਹੀ ਸੀ ਜਿਵੇਂ :

ਸੋਈ ਰਾਤੀ ਲੇਖੇ ਪਾਉਸਨ ਜੋ ਨਾਲ ਸਾਹਿਬ ਦੇ ਜਾਲੀਆਂ
ਨਾਉਂ ਹੁਸੈਨ ਤੇ ਜਾਤ ਜੁਲਾਹਾ, ਗਾਲੀਆਂ ਦੇਂਦੀਆਂ ਤਾਈਆਂ ਵਾਲੀਆਂ

ਦਾੜ੍ਹੀ ਮੁੱਛ ਮੁਨਾ ਕੇ ਘੋਨੇ ਮੋਨ ਰਹਿਣਾ, ਲਾਲ ਸੂਹੇ ਕੱਪੜੇ ਪਹਿਨਣਾ ਤੇ ਪਿਆਲਾ ਮੂੰਹ ਨੂੰ ਲਾਈ ਰੱਖਣਾ ਸਾਹ ਹੁਸੈਨ ਦਾ ਸੁਲਗ ਸੀ। ਮਲਾਮਤੀ ਸਿਰਕੇ ਦਾ ਰੰਗ ਸਾਹ ਹੁਸੈਨ ਉੱਤੇ ਗੂੜ੍ਹਾ ਚੜ੍ਹਿਆ ਹੋਇਆ ਸੀ। ਸਾਹ ਹੁਸੈਨ ਦੇ ਕਲਾਮ ਨਾਲ ਹੀ ਦੀਵਾਨਗੀ ਪੈਦਾ ਹੋਈ ਤੇ ਹਾਲ ਪੈਣ ਲੱਗੇ ਸਨ ਤੇ ਕਾਫ਼ੀਆਂ ਦਾ ਜਨਮ ਹੋਇਆ ਹ। ਉਸ ਵਿਚ ਨਿਮਰਤਾ ਹੈ। ਸਹਿਜਤਾ ਹੈ। ਜਿਵੇਂ :

ਇਕ ਸਾਹ ਹੁਸੈਨ ਫ਼ਕੀਰ ਹੈ, ਤੁਸੀਂ ਨ ਆਖੋ ਪੀਰ ਹੈ

ਅਸਾਂ ਕਿਤਕੂ ਸ਼ੇਖ਼ ਸਦਾਵਣਾ, ਘਰ ਬੈਠਿਆਂ ਮੰਗਲ ਗਾਵਣਾ

ਅਸਾਂ ਟੁਕਰ ਮੰਗ ਮੰਗ ਖਾਵਣਾ ਤੇ ਏਹੋ ਕਰਮ ਕਮਾਵਣਾ।

ਸਿਮਰਨ ਤੇ ਵੈਰਾਗ ਦੀ ਮਸਤੀ ਵਿਚ ਸਾਹ ਹੁਸੈਨ ਨੇ ਉਹ ਮੰਜ਼ਲ ਪ੍ਰਾਪਤ ਕਰ ਲਈ ਸੀ ਜਿਸ ਲਈ ਵੱਖ ਵੱਖ ਮਾਰਗ ਤੇ ਫ਼ਲਸਫ਼ੇ ਹੋਂਦ ਵਿਚ ਆਏ ਹਨ। ਸਾਹ ਹੁਸੈਨ ਦੀ ਵਡਿਆਈ ਦਾ ਕਾਰਨ ਉਸ ਦੇ ਵਰਣਨ ਦਾ ਰੰਗ ਢੰਗ ਲੋਕ ਜੀਵਨ ਦੇ ਨੇੜੇ ਹੋਣਾ ਹੈ। ਬੋਲੀ ਵਿਚ ਲੋਕ ਰੰਗ ਦੀ ਝਲਕ ਸਪਸ਼ਟ ਹੈ। ਮੁਹਾਵਰਾ ਤੇ ਛੰਦ ਚਾਲ, ਲੋਕ ਰੰਗਤ ਵਾਲੇ ਹਨ। ਅਲੰਕਾਰ ਬਣਤਰ ਪੰਜਾਬੀ ਮੁਹਾਵਰੇ ਦੇ ਅਨੁਕੂਲ ਹੈ। ਉਹ ਨੱਚਦਾ ਗਾਉਂਦਾ ਮਸਤ ਫ਼ਕੀਰ ਹੈ। ਜਿਸ ਦੀ ਕਵਿਤਾ ਵਿਚ ਰੱਬੀ, ਰੂਹਾਨੀ ਪ੍ਰੇਮ ਦਾ ਰੰਗ ਤਾਂ ਗੂੜ੍ਹਾ ਹੈ ਹੀ, ਦੁਨਿਆਵੀ ਜੀਵਨ ਦੇ

ਚਿੱਤਰ ਵੀ ਨਿਰਾਲਾ ਰੰਗ ਰੱਖਦੇ ਹਨ। ਕਲਾ ਪੱਖੋਂ ਸਾਹ ਹੁਸੈਨ ਦੀ ਕਾਵਿ ਰਚਨਾ ਅਨਮੋਲ ਹੈ। ਮਨਮੋਹਨ ਵਸਤੂ ਅਸੀਮ ਹੈ, ਉਹ ਮਸਤਾਨੀ, ਦੀਵਾਨਗੀ ਦਾ ਅਲਬੇਲਾ ਸ਼ਾਇਰ ਸੂਸੀ ਕਾਵਿ ਦਾ ਅਨਮੋਲ ਮੋਤੀ ਹੈ।

## ਬੁੱਲ੍ਹੇ ਸਾਹ

ਬੁੱਲ੍ਹੇ ਸਾਹ ਤੀਜੇ ਪੜਾਅ ਦਾ ਸੂਫ਼ੀ ਕਵੀ ਹੈ। ਉਸ ਦੀ ਰਚਨਾ ਰਾਹੀਂ ਪੰਜਾਬੀ ਸੂਫ਼ੀ ਕਾਵਿਧਾਰਾ ਆਪਣੀ ਸਿਖਰ ਪ੍ਰਾਪਤ ਕਰਦਾ ਹੈ। ਬੁੱਲ੍ਹੇ ਸਾਹ ਕਾਫ਼ੀਆਂ ਦਾ ਲੋਕ-ਪ੍ਰਿਆ ਕਵੀ ਹੈ। ਰਹੱਸਵਾਦੀ ਤੇ ਬੌਧਿਕ ਰੰਗਣ ਦੀ ਕਵਿਤਾ ਰਚਦਾ ਹੈ। ਬੁੱਲ੍ਹੇ ਸਾਹ ਦੀ ਕਵਿਤਾ ਰੱਬ, ਦੁਨੀਆ ਤੇ ਇਸ ਦੀ ਨਾਸ਼ਮਾਨਤਾ, ਪੁਰਜ਼ਾ ਦੀ ਲੋੜ, ਹੰਕਾਰ ਮਾਰਨ ਤੇ ਤਿਆਗ ਆਦਿ ਸੰਬੰਧੀ ਲਿਖੀ ਗਈ ਹੈ। ਮੁਰਸ਼ਦ ਦੇ ਪ੍ਰੇਮ ਨਾਲ ਲਬਰੇਜ਼ ਕਵਿਤਾ ਦਾ ਉੱਚਤਮ ਨਮੂਨਾ ਪੇਸ਼ ਕਰਦੀ ਹੈ ਬੁੱਲ੍ਹੇ ਸਾਹ ਦੀ ਰਚਨਾ ਸਮਾਜਕ ਬੁਰਾਈਆਂ ਤੇ ਤਿੱਖੀ ਚੋਟ ਕਰਦੀ ਹੈ।

ਬੁੱਲ੍ਹੇ ਸਾਹ ਸਮਕਾਲੀ, ਰਾਜਨੀਤਕ, ਸਮਾਜਕ ਤੇ ਆਰਥਕ ਹਾਲਤਾਂ ਦਾ ਵਿਸ਼ਲੇਸ਼ਣ ਕਰਦਾ ਹੈ। ਬੁੱਲ੍ਹੇਸ਼ਾਹ ਦੀ ਰਚਨਾ ਦੀ ਬੋਲੀ ਠੇਠ, ਮਿੱਠੀ ਤੇ ਸੁਆਦਲੀ ਹੈ। ਬੁੱਲ੍ਹੇ ਸਾਹ ਵਿਅੰਗ ਦਾ ਉਸਤਾਦ ਹੈ। ਹਾਸ ਰਸ ਵੀ ਚੰਗਾ ਪੈਦਾ ਕਰ ਲੈਂਦਾ ਹੈ। ਬੁੱਲ੍ਹੇ ਸਾਹ ਸਪਸ਼ਟ ਰੂਪ ਵਿਚ ਸਮਾਜ ਦੀ ਆਲੋਚਨਾ ਕਰਦਾ ਹੈ।

ਬੁੱਲ੍ਹੇ ਸਾਹ ਦੀ ਰਚਨਾ ਨੂੰ ਪੰਜਾਬੀ ਸਾਹਿਤ ਅਤੇ ਜੀਵਨ ਤੋਂ ਵੱਖ ਕਰਕੇ ਦੇਖਣਾ ਸੰਭਵ ਨਹੀਂ ਹੈ। ਬੁੱਲ੍ਹੇ ਸਾਹ ਦੇ ਕਲਾਮ ਨੇ ਪੰਜਾਬੀ ਜਨਜੀਵਨ ਅਤੇ ਪੰਜਾਬੀ ਸਾਹਿਤ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਸੂਫ਼ੀ ਕਾਵਿਧਾਰਾ  ਦਾ ਇਹ ਨਿਧੜਕ ਸ਼ਾਇਰ ਨਿਰੋਲ ਰੱਬੀ ਇਕ ਦੇ ਤਰਾਨੇ ਗਾਉਂਦਾ ਰਿਹਾ ਹੈ। ਬੁੱਲ੍ਹੇ ਸਾਹ ਦੀ ਕਾਵਿ ਰਚਨਾ ਵੀ ਸਾਹ ਹੁਸੈਨ ਵਾਂਗ ॥ਕਾਂਸੀ ਕਾਵਿਧਾਰਾ ਰੂਪ ਵਿਚ ਰਚੀ ਮਿਲਦੀ ਹੈ। ਉਸ ਦੀ ਕਾਵਿ ਰਚਨਾ ਵਿਚ ਰਹੱਸਵਾਦ ਆਪਣੇ ਪੂਰੇ ਸਿਖਰ ਤੇ ਪੁੱਜ ਜਾਂਦਾ ਹੈ। ਉਸ ਦੇ ਸਰੋਦੀ ਵੈਰਾਗੀ ਰੰਗਤ ਵਾਲੇ ਕਾਵਿਧਾਰਾ ਨੂੰ ਧਾਰਮਿਕ ਸਮਾਰੋਹਾਂ ਵਿਚ ਤੇ ਦੁਨਿਆਵੀ ਮਹਿਫ਼ਲਾਂ ਵਿਚ ਬਰਾਬਰ ਦਾ ਸਨਮਾਨ ਪ੍ਰਾਪਤ ਰਿਹਾ ਹੈ। ਮੁਫ਼ਤੀ ਗ਼ੁਲਾਮ ਸਰਵਰ ਨੇ ਆਪਣੀ ਪੁਸਤਕ ਖਜ਼ੀਨਾਤੁਲ ਅਸਫੀਆ (1864) ਵਿਚ ਲਿਖਿਆ ਹੈ ਕਿ ਮਾਰਫ਼ਤ ਤੇ ਤੌਹੀਦ ਦੀ ਭਰੀ ਬੁੱਲ੍ਹੇ ਸਾਹ ਦੀ ਪੰਜਾਬੀ ਨਜਮ ਹਰ ਛੋਟੇ ਵੱਡੇ ਦੀ ਜ਼ਬਾਨ ਤੇ ਹੈ। ਇਸ ਨਾਲ ਸਰੋਤਿਆਂ ਦਾ ਦਿਲੀ ਉਮਾਹ ਤੇ ਪਿਆਰ ਵਧਦਾ ਹੈ। ਬੁੱਲ੍ਹੇ ਸਾਹ ਦਾ ਜਨਮ ਲਮੀਆਂ ਖੁਸਰਾ ਵਾਲੇ ਨਗਰ ਕਸੂਰ ਲਾਗੇ ਪਿੰਡ ਪਾਂਡੋ ਕੇ ਜ਼ਿਲ੍ਹਾ ਲਾਹੌਰ ਵਿਚ ਮੁਹੰਮਦ ਦਰਵੇਸ਼ ਦੇ ਘਰ 1680 ਈ ਨੂੰ ਹੋਇਆ ਸੀ। ਫ਼ਕੀਰੀ ਦੀ ਚੇਟਕ ਨੇ ਘਰ ਛੁਡਾ ਕੇ ਕਸੂਰ ਵਸੇਬਾ ਕਰਵਾ ਦਿੱਤਾ। ਆਪਣੇ ਮੁਰਸ਼ਦ ਦੀ ਆਗਿਆ ਨਾਲ ਬੁੱਲ੍ਹੇ ਸਾਹ ਨੇ ਕਠਨ ਤਪੱਸਿਆ ਕੀਤੀ ਸੀ। ਬੁੱਲ੍ਹੇ ਦਾ ਸ਼ਰ੍ਹਾ ਤੇ ਰੂਹਾਨੀ ਅਨੁਭਵ ਉਸ ਦੀ ਕਾਵਿ ਰਚਨਾ ਵਿਚ ਪ੍ਰਗਟ ਹੋਇਆ ਮਿਲਦਾ ਹੈ। ਜਿਵੇਂ :

ਸ਼ਰੀਅਤ ਸਾਡੀ ਮਾਈ ਹੈ, ਤਰੀਕਤ ਸਾਡੀ ਦਾਈ ਹੈ।
ਅੱਗੋਂ ਹੱਕ ਹਕੀਕਤ ਆਈ ਹੈ ਤੇ ਮਾਰਫਤੋਂ ਕੁਝ ਪਾਇਆ ਹੈ।

ਡਾ ਰਾਮਾ ਕ੍ਰਿਸ਼ਨ ਲਾਜਵੰਤੀ, ਬੁੱਲ੍ਹੇ ਸਾਹ ਨੂੰ ਸਿਖਰ ਦਾ ਸੂਫ਼ੀ ਕਵੀ ਮੰਨਦੀ ਹੈ। ਸੱਚ ਤਾਂ ਇਹ ਹੈ ਕਿ ਜੇ ਰੱਬੀ ਪ੍ਰੇਮ ਹੀ ਸੂਫ਼ੀ ਕਾਵਿਧਾਰਾ ਦੀ ਕੇਂਦਰੀ ਸੁਰ ਹੈ ਤਾਂ ਰੱਬੀ ਪ੍ਰੇਮ ਦਾ ਤਰਾਨਾ ਬੁੱਲ੍ਹੇ ਸਾਹ ਦੀ ਰਚਨਾ ਵਿਚ ਸਭ ਤੋਂ ਵਧੇਰੇ ਗੂੰਜਦਾ ਹੈ। ਇਹ ਰੱਬੀ ਪ੍ਰੇਮ ਦਾ ਉਜਾਲਾ ਹੀ ਹੈ ਜਿਹੜਾ ਧਾਰਮਿਕ ਕਰਮ ਕਾਂਡਾਂ, ਸ਼ਰੀਅਤ ਦੇ ਖਲਜਗਣ ਦਾ ਡਟਵਾਂ ਵਿਰੋਧ ਕਰਨ ਦੀ ਹਿੰਮਤ ਪ੍ਰਦਾਨ ਕਰਦਾ ਹੈ। ਬੁੱਲ੍ਹੇ ਸਾਹ ਦਾ ਅੰਦਾਜ਼ ਇਹੋ ਸਾਬਤ ਕਰਦਾ ਹੈ :

ਫੂਕ ਮਸੱਲਾ ਭੰਨ ਸੁੱਟ ਲੋਟਾ, ਨ ਫੜ ਤਸਬੀ ਕਾਸਾ ਸੋਟਾ।
ਆਲਮ ਕਹਿੰਦਾ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ।

ਜਾਂ ਮੈਂ ਸਬਕ ਇਕ ਦਾ ਪੜ੍ਹਿਆ, ਮਸਜਦ ਕੋਲੋਂ ਜੀਉੜਾ ਡਰਿਆ।
ਭਜ ਭਜ ਠਾਕਰ ਦੁਆਰੇ ਵੜਿਆ, ਘਰ ਵਿਚ ਪਾਇਆ ਮਹਿਰਮ ਯਾਰ।

ਬੁੱਲ੍ਹੇ ਸਾਹ ਨੂੰ ਵੇਦ, ਕੁਰਾਨ ਤੇ ਸਿਜਦੇ ਬੇਅਰਥ ਲੱਗਦੇ ਹਨ, ਉਸ ਨੂੰ ਮੱਕੇ ਜਾਂ ਤੀਰਥ ਉੱਤੇ ਰੱਬ ਦਾ ਨਿਵਾਸ ਨਜ਼ਰ ਨਹੀਂ ਆਉਂਦਾ, ਸਗੋਂ ਉਹ ਤਾਂ ਮਨੁੱਖ ਨਾਲੋਂ ਵੱਖਰੀ ਹੋਂਦ ਰੱਖਦਾ ਹੀ ਨਹੀਂ ਦੁਖਾਂਤ ਇਸ ਗੱਲ ਦਾ ਹੈ ਕਿ ਮਨੁੱਖ ਪਾਸ ਦੇਖਣ ਵਾਲੀ ਅੱਖ ਨਹੀਂ ਹੈ। ਬੁੱਲ੍ਹੇ ਸਾਹ ਦੀ

ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਸਮਾਜਕ ਕਰਮਕਾਂਡ ਤੇ ਬੁਰਾਈ ਦਾ ਵਿਰੋਧ ਕਰਦਾ ਹੈ, ਰਾਜਨੀਤਕ ਭ੍ਰਿਸ਼ਟਾਚਾਰੀ ਦਾ ਵਿਰੋਧ ਵੀ ਕਰਦਾ ਹੈ ਤੇ ਇਸ ਸਭ ਕੁਝ ਦੇ ਬਾਵਜੂਦ ਉਹ ਰੂਹਾਨੀ ਰੰਗਤ ਵਿਚ ਸਦਾ ਲਬਰੇਜ਼ ਰਹਿੰਦਾ ਹੈ।

ਬੁੱਲ੍ਹੇ ਸਾਹ ਦੀ ਕਾਵਿ ਰਚਨਾ ਨਾਲ ਸੂਫ਼ੀ ਕਾਵਿਧਾਰਾ ਸਿਖਰ ਤੇ ਪੁੱਜਦਾ ਹੈ। ਬੁੱਲੇ ਸਾਹ ਦੀ ਪ੍ਰਸਿੱਧੀ ਉਸ ਦੇ ਕਾਵਿਧਾਰਾ ਕਾਰਨ ਹੋਈ ਹੈ, ਜਿਹੜਾ ॥ਕਾਂਸੀ ਕਾਵਿਧਾਰਾ ਰੂਪ ਵਿਚ ਪ੍ਰਾਪਤ ਹੈ। ਬੁੱਲ੍ਹੇ ਸਾਹ ਦੀ ਕਵਿਤਾ ਵਿਚ ਰੱਬੀ ਪ੍ਰੇਮ, ਦੁਨੀਆ ਦੀ ਨਾਸਮਾਨਤਾ, ਮੁਰਸ਼ਦ ਦੀ ਲੋੜ, ਹੰਕਾਰ ਤੇ ਖ਼ੁਦੀ ਦਾ ਤਿਆਗ, ਤੀਬਰ ਪ੍ਰੇਮ ਦੀਆਂ ਤਰਾਟਾਂ ਕੁੱਟ ਕੁੱਟ ਭਰੀਆਂ ਪਈਆਂ ਹਨ। ਉਸ ਦੀ ਕਵਿਤਾ ਵਿਚ ਸਮੇਂ ਦੀ ਰਾਜਨੀਤਕ, ਸਮਾਜਕ ਅਤੇ ਆਰਥਿਕ ਹਾਲਤਾਂ ਦਾ ਚਿੱਤਰ ਮਿਲਦਾ ਹੈ। ਉਸ ਦੀ ਕਵਿਤਾ ਦੀ ਬੋਲੀ ਠੇਠ, ਮਿੱਠੀ ਤੇ ਸਾਦੀ ਹੈ। ਉਸ ਦੀ ਕਵਿਤਾ ਵਿਚ ਹਾਸ ਵਿਅੰਗ ਦੀਆਂ ਛੂਹਾਂ ਬਰਾਬਰ ਮਿਲਦੀਆਂ ਹਨ।

ਬੁੱਲ੍ਹੇ ਸਾਹ ਦੀ ਸ਼ਾਇਰੀ ਸਰੋਦੀ ਰੰਗਤ ਵਾਲੀ ਹੈ। ਉਸ ਅੰਦਰ ਕਿਸੇ ਕਿਸਮ ਦੀ ਸੰਕੀਰਨਤਾ ਦਾ ਅਹਿਸਾਸ ਨਹੀਂ ਹੈ। ਉਹ ਮੁਰਸ਼ਦ ਦੇ ਪ੍ਰੇਮ ਦਾ ਪ੍ਰਗਟਾਵਾ ਕਰਨ ਸਮੇਂ ਇਸੇ ਕਿਸਮ ਦਾ ਓਹਲਾ ਨਹੀਂ ਰੱਖਦਾ, ਸਗੋਂ ਹਰ ਕਿਸਮ ਦੀ ਬੁਰਾਈ ਦਾ ਡਟਵਾਂ ਵਿਰੋਧ ਕਰਦਾ ਹੈ। ਦੁਨੀਆ ਵਿਚ ਸੱਚ ਦੀ ਹਮਾਇਤ ਕਰਨ ਵਾਲੇ ਬਹੁਤ ਘੱਟ ਸ਼ਾਇਰ ਹੋਏ ਹਨ। ਬੁੱਲ੍ਹੇ ਸਾਹ ਉਨ੍ਹਾਂ ਸੱਚ ਬੋਲਣ ਵਾਲੇ ਸ਼ਾਇਰਾਂ ਵਿਚੋਂ ਹੈ, ਜਿਹੜੇ ਝੂਠੀ ਮਾਣ ਮਰਿਆਦਾ, ਇੱਜ਼ਤ, ਸ਼ੁਹਰਤ ਦੀ ਪ੍ਰਵਾਹ ਨਾ ਕਰਦੇ ਹੋਏ, ਸੱਚ ਕਹਿਣ ਦੀ ਦਲੇਰੀ ਕਰਦੇ ਹਨ।

## ਸੁਲਤਾਨ ਬਾਹੂ

ਸੁਲਤਾਨ ਬਾਹੂ ਦਾ ਜਨਮ 1631 ਈ ਵਿਚ ਪਿੰਡ ਆਮਾਣ, ਜ਼ਿੱਲ੍ਹਾ ਝੰਗ (ਪਾਕਿਸਤਾਨ) ਵਿਚ ਹੋਇਆ ਸੀ। ਉਸ ਦੇ ਵੱਡੇ ਵਡੇਰੇ ਹਸਨ ਹੁਸੈਨ ਦੀ ਸ਼ਹਾਦਤ ਤੋਂ ਮਗਰੋਂ ਅਰਬ ਵਿਚੋਂ ਪੰਜਾਬ ਆ ਗਏ ਸਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਾਹ ਹੁਸੈਨ ਨੇ ਸੁਲਤਾਨ ਬਾਹੂ ਦੇ ਪਿਤਾ ਸੁਲਤਾਨ ਬਾਸੀ ਨੂੰ ਇਕ ਪਿੰਡ ਜਾਗੀਰ ਵਜੋਂ ਦਿੱਤਾ ਸੀ। ਜਿਸ ਦਾ ਨਾਂ ਦਹਿਰਜਾਨਾ ਸੀ। ਸੁਲਤਾਨ ਬਾਹੂ ਦੀ ਮਾਤਾ ਦਾ ਨਾਂ ਬੀਬੀ ਰਾਸਤੀ ਸੀ ਅਤੇ ਸੁਲਤਾਨ ਬਾਹੂ ਨੇ ਆਪਣੀ ਮੁੱਢਲੀ ਵਿੱਦਿਆ ਆਪਣੀ ਮਾਤਾ ਪਾਸੋਂ ਹੀ ਪ੍ਰਾਪਤ ਕੀਤੀ ਸੀ। ਇਸ ਉਪਰੰਤ ਉਸ ਨੇ ਹਜ਼ਰਤ ਹਬੀਬੁਲ ਕਾਦਰੀ ਨੂੰ ਆਪਣਾ ਮੁਰਸ਼ਦ ਬਣਾ ਲਿਆ ਸੀ। ਤਾਰੀਖ਼ ਸੁਲਤਾਨ ਬਾਹੂ ਦੇ ਲੇਖਕ ਅਨੁਸਾਰ ਬਾਹੂ ਅਰਬੀ ਤੇ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਉਸ ਨੇ ਅਰਬੀ ਫ਼ਾਰਸੀ ਵਿਚ 140 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਹੈ।

ਸੁਲਤਾਨ ਬਾਹੂ ਬਹੁਤ ਵੱਡਾ ਫ਼ਕੀਰ ਹੋਇਆ ਹੈ। ਉਹ ਵਡੇਰੀਆਂ ਕਰਾਮਾਤਾਂ ਦਾ ਮਾਲਕ ਮੰਨਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਅਦ ਵਿਚ ਸੁਲਤਾਨ ਬਾਹੂ ਦਿੱਲੀ ਦੇ ਪ੍ਰਸਿੱਧ ਸੂਫ਼ੀ ਸੱਯਦ ਅਬਦਲ ਰਹਿਮਾਨ ਦਾ ਮੁਰੀਦ ਬਣ ਗਿਆ ਸੀ। ਪੰਜਾਬੀ ਸੂਫ਼ੀ ਵਿਚਾਰਧਾਰਾ ਤੇ ਕਾਵਿਧਾਰਾ ਦੇ ਦੀਪ ਨੂੰ ਪ੍ਰਚਲਿਤ ਰੱਖਣ ਵਾਲਾ ਕਵੀ ਸੁਲਤਾਨ ਬਾਹੂ ਪੰਜਾਬੀ ਸੂਫ਼ੀ ਸਾਹਿਤ ਵਿਚ ਵਿਲੱਖਣ ਸਥਾਨ ਰੱਖਦਾ ਹੈ। ਡਾ ਹਰਜਿੰਦਰ ਸਿੰਘ ਢਿੱਲੋਂ ਅਨੁਸਾਰ ਦੂਜੇ ਸੂਫ਼ੀ ਸਾਧਕਾਂ ਵਾਂਗ ਉਸ ਦਾ ਵੀ ਇਕ ਖ਼ੁਦਾ ਵਿਚ ਅਟੁੱਟ ਵਿਸ਼ਵਾਸ ਰਿਹਾ ਹੈ। ਪਰੰਤੂ ਸੁਲਤਾਨ ਬਾਹੂ ਅੱਲਾ ਦੀ ਹੋਂਦ ਆਪਣੀ ਆਤਮਾ ਵਿਚ ਅਨੁਭਵ ਕਰਦਾ ਹੈ। ਉਹ ਇਸਲਾਮੀ ਧਰਮ ਗ੍ਰੰਥ ਕੁਰਾਨ ਵਿਚ ਅਥਾਹ ਸ਼ਰਧਾ ਰੱਖਦਾ ਹੈ। ਕੁਰਾਨ ਵਿਚਲੇ ਕਲਮੇ ਨੂੰ ਆਤਮ ਪਵਿੱਤਰਤਾ ਵਾਸਤੇ ਅਵੱਸ਼ਕ ਸਮਝਦਾ ਹੈ। ਕਲਮਾਂ ਮਨੁੱਖ ਦੇ ਜੀਵਨ ਦੇ ਅਨੇਕਾਂ ਪੜਾਵਾਂ ਨਾਲ ਸੰਬੰਧ ਰੱਖਦਾ ਹੈ। ਇੱਥੋਂ ਤੱਕ ਕਿ ਮੌਤ ਸਮੇਂ ਵੀ ਇਹ ਉਸ ਨੂੰ ਸਹਾਈ ਹੁੰਦਾ ਹੈ। ਬਾਹੂ ਅਨੁਸਾਰ ਕਲਮੇ ਦੁਆਰਾ ਹੀ ਜੀਵਾਤਮਾ ਪਵਿੱਤਰਤਾ ਗ੍ਰਹਿਣ ਕਰਦੀ ਹੈ। ਸੁਲਤਾਨ ਬਾਹੂ ਇਸ ਦੇ ਮਹੱਤਵ ਨੂੰ ਦ੍ਰਿਸ਼ਟੀ ਗੋਚਰ ਕਰਦਾ ਹੋਇਆ ਇਸ ਦੇ ਉਚਾਰਨ ਵਾਸਤੇ ਦਿਲ ਅਤੇ ਜ਼ੁਬਾਨ ਦੋਹਾਂ ਦੇ ਸੁਮੇਲ ਨੂੰ ਅਵੱਸ਼ਕ ਮੰਨਦਾ ਹੈ। ਇਕ ਸੂਸੀ ਲਈ ਸ਼ਰੀਅਤ ਦਾ ਵਿਰੋਧ ਪ੍ਰਵਾਨਿਤ ਨਹੀਂ ਕਿਉਂਕਿ ਇਹ ਸੂਫ਼ੀ ਮਾਰਗ ਦਾ ਮੁੱਢਲਾ ਪੜਾਅ ਹੈ, ਸ਼ਰੀਅਤ ਤੋਂ ਬਿਨਾਂ ਤਰੀਕਤ ਅਸੰਭਵ ਹੈ।

ਸਾਹ ਹੁਸੈਨ, ਬੁੱਲ੍ਹੇ ਸਾਹ ਅਤੇ ਸੁਲਤਾਨ ਬਾਹੂ ਤਿੰਨੇ ਹੀ ਕਾਦਰੀ ਫ਼ਿਰਕੇ ਦੇ ਸੂਫ਼ੀ ਮੰਨੇ ਗਏ ਹਨ। ਸੁਲਤਾਨ ਬਾਹੂ ਸ਼ਰੀਅਤ ਦਾ ਵਿਰੋਧੀ ਨਹੀਂ ਹੈ। ਭਾਵ ਉਹ ਨੱਚਦਾ ਗਾਉਂਦਾ ਤੇ ਬਾਕੀ ਗੱਲਾਂ ਵਿਚ ਸਾਹ ਹੁਸੈਨ ਤੇ ਬੁੱਲ੍ਹੇ ਸਾਹ ਨਾਲ ਹੀ ਮੇਲ ਖਾਂਦਾ ਹੈ। ਬਾਹੂ ਦਾ ਜੀਵਨ ਬੜਾ ਠਾਠ ਭਰਿਆ ਸੀ। ਉਸ ਦੇ ਸਿਰ ਉੱਪਰ ਸੁਨਹਿਰੀ ਛਤਰ ਝੱਲਦਾ ਸੀ ਤੇ ਅੱਗੇ ਪਿੱਛੇ ਚਾਂਦੀ ਦੀਆਂ ਪੇਟੀਆਂ ਵਾਲੇ ਚੇਲੇ ਚਾਟੜੇ ਕਤਾਰਾਂ ਵਿਚ ਤੁਰਦੇ ਸਨ।

ਸੁਲਤਾਨ ਬਾਹੂ ਦੀ ਕਵਿਤਾ ਵਿਚ ਬੁੱਲ੍ਹੇ ਸਾਹ ਤੇ ਸਾਹ ਹੁਸੈਨ ਵਾਲਾ ਰੰਗ ਨਹੀਂ ਹੈ। ਪਰ ਗਿਆਨ ਵਧੇਰੇ ਹੈ। ਉਸ ਦੀ ਰਚਨਾ ਪੰਜਾਬੀ ਵਿਚ ਬਹੁਤ ਥੋੜ੍ਹੀ ਮਿਲਦੀ ਹੈ। ਕੁਝ ਦੋਹੜੇ ਮਿਲਦੇ ਹਨ। ਬਾਹੂ ਦੇ ਦੋਹੜੇ ਸੀਹਰਫ਼ੀ ਦੇ ਰੂਪ ਵਿਚ ਮਿਲਦੇ ਹ। ਮੀਆਂ ਸੈੱਲ ਦੀਨ ਲਾਹੌਰੀ ਨੇ ਬਾਹੂ ਦਾ ਪੰਜਾਬੀ ਕਲਾਮ ਇਕੱਠਾ ਕਰਕੇ ਛਾਪਿਆ ਹੈ। ਉਸ ਦਾ ਨਾਂ ॥ਅਬਿਯਾ ਤੇ ਸੁਲਤਾਨ ਬਾਹੂ ਰੱਖਿਆ ਹੈ। ਸੁਲਤਾਨ

ਬਾਹੂ ਦੀ ਕਾਵਿ ਰਚਨਾ ਪ੍ਰਭੂ ਪ੍ਰੇਮ, ਮਨੁੱਖ ਦਾ ਜੀਵੰਦਿਆਂ ਮਰਨਾ, ਸ਼ੁੱਧ ਨੀਅਤ, ਰੱਬੀ ਰਾਹ, ਸਾਹ ਰਾਗ ਦੇ ਨੇੜੇ, ਰੱਬ ਦਾ ਵਸਲ ਆਦਿ, ਵਿਸ਼ਿਆਂ ਉੱਤੇ ਆਧਾਰਿਤ ਹੈ। ਬਾਹੂ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ,

ਜੀਵੰਦਿਆਂ ਮਰ ਰਹਿਣਾ ਹੋਵੇ ਤਾਂ ਵਾਂਗ ਫ਼ਕੀਰਾਂ ਰਹੀਏ ਹੂ
ਜੇ ਕੋਈ ਸੁੱਟੇ ਕੂੜਾ ਤਾਂ ਵਾਂਗ ਅਰੂੜੀ ਸਹੀਏ ਹੂ

ਜੇ ਰੱਬ ਮਿਲਦਾ ਤੀਰਥ ਨਾਤਿਆਂ, ਮਿਲਦਾ ਡੱਡੂਆਂ ਮੱਛੀਆਂ ਹੂ
ਬਾਹੂ ਰੱਬ ਉਨ੍ਹਾਂ ਨੂੰ ਮਿਲਦਾ, ਨੀਅਤਾਂ ਜਿਨ੍ਹਾਂ ਦੀਆਂ ਅੱਛੀਆਂ ਹੂ

ਨਾ ਮੈਂ ਹਿੰਦੂ ਨਾ ਮੈਂ ਮੁਸਲਮਾਨ, ਨਾ ਮੈਂ ਮੁੱਲਾਂ ਕਾਂਸੀ ਹੂ
ਨਾ ਦਿਲ ਦੋਸਤ, ਮੰਗੇ ਮੇਰਾ, ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ
ਬਾਝ ਵਸਲ ਰੱਬ ਦੇ ਬਾਹੂ, ਹੋਰ ਝੂਠੀ ਸਭ ਬਾਸੀ ਹੂ

ਬਾਹੂ ਦੀ ਸ਼ੈਲੀ ਵਿਚ ਸੰਖੇਪਤਾ ਹੈ। ਉਸ ਦੀ ਕਵਿਤਾ ਦਾ ਰੰਗ ਨਿਵੇਕਲਾ ਹੈ। ਉਹ ਸੱਚੇ ਮਾਰਗ ਦਾ ਇਸ਼ਾਰਾ ਕਰਦਾ ਹੈ। ਪਰ ਕਿਸੇ ਕਰਮਕਾਂਡ ਦਾ ਬੁੱਲ੍ਹੇ ਸਾਹ ਵਾਂਗ ਵਿਰੋਧ ਨਹੀਂ ਕਰਦਾ। ਪ੍ਰੀਤਮ ਦੀ ਤਾਂਘ, ਉਸ ਦਾ ਪ੍ਰੇਮ, ਉਸ ਦੀ ਸ਼ਾਇਰੀ ਵਿਚ ਬਰਾਬਰ ਝਲਕਦਾ ਹੈ। ਸੁਲਤਾਨ ਬਾਹੂ ਨੇ ਆਪਣੇ ਅਲਪ ਸੰਖਿਆ ਕਾਵਿਧਾਰਾ ਰਾਹੀਂ ਹੀ ਪੰਜਾਬੀ ਦੇ ਚੋਟੀ ਦੇ ਸੂਫ਼ੀ ਕਵੀਆਂ ਵਿਚ ਸ਼ਮੂਲੀਅਤ ਕੀਤੀ ਹੈ। ਸੁਲਤਾਨ ਬਾਹੂ ਦੇ ਦੋਹੜੇ ਦਰਦ ਫ਼ਿਰਾਕ ਦੀ ਲੈਅ ਵਿਚ ਗਾਏ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਸੁਲਤਾਨ ਬਾਹੂ ਦੇ ਬਰਾਬਰ ਜੇ ਕੋਈ ਪੰਜਾਬੀ ਸਾਹਿਤ ਵਿਚ ਦੋਹੜੇ ਰਚ ਸਕਿਆ ਹੈ ਤਾਂ ਉਹ ਹਾਸ਼ਮ ਸਾਹ ਹੀ ਹੈ, ਪਰ ਸੁਲਤਾਨ ਬਾਹੂ ਵਰਗਾ ਰੰਗ ਸ਼ਾਇਦ ਹਾਸ਼ਮ ਵੀ ਨਹੀਂ ਦੇ ਸਕਿਆ। ਇਸ ਪੱਖ ਤੋਂ ਬਾਹੂ ਲਾਜਵਾਬ ਹੈ।

### ਸਾਰ-ਅੰਸ਼:

ਸੋ ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਦਾਰਸ਼ਨਿਕ ਸੰਦਰਭ ਵਿਚਾਰੇ ਗਏ ਹਨ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲੈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼ ਹੈ। ਪਾਠ ਕ੍ਰਮ ਵਿਚ ਮੱਧਕਾਲ ਦਾ ਪੰਜਾਬੀ ਸਾਹਿਤ ਸ਼ਾਮਲ ਹੈ। ਜਿਸ ਵਿਚ ਕ੍ਰਮਵਾਰ ਗੁਰਮਤਿ ਕਾਵਿਧਾਰਾ ਅਤੇ ਸੂਫ਼ੀ ਕਾਵਿਧਾਰਾ ਸ਼ਾਮਲ ਹਨ। ਇਹ ਸਮਾਂ 1501 ਈ ਤੋਂ 1850 ਈ ਤੱਕ ਦਾ ਹੈ। ਅਰਥਾਤ ਢਾਈ ਤਿੰਨ ਸੋ ਸਾਲ ਵਿਚ ਫੈਲੇ ਮੱਧਕਾਲੀ ਸਾਹਿਤ ਦਾ ਮੁਕੰਮਲ ਵੇਰਵਾ ਇਸ ਪਾਠ ਵਿਚ ਸ਼ਾਮਲ ਹੈ। ਉਪਰੋਕਤ ਰਚਨਾਵਾਂ ਤੋਂ ਨਾ ਕੇਵਲ ਬਾਣੀ ਕਾਰਾਂ ਦੇ ਇਤਿਹਾਸ ਦਾ ਬੋਧ ਹੁੰਦਾ ਹੈ, ਸਗੋਂ ਸਿੱਖ-ਭਗਤੀ-ਅੰਦੋਲਨ ਦੀ ਗਤੀਵਿਧੀ ਦੀ ਵਿਸਤਾਰ-ਸਹਿਤ ਜਾਣਕਾਰੀ ਮਿਲਦੀ ਹੈ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਿਚ ਇਹ ਰਚਨਾਵਾਂ ਬੜੀ ਉਪਯੋਗੀ ਸਮਗਰੀ ਦਾ ਭੰਡਾਰ ਹਨ।

### ਕੇਂਦਰੀ ਸ਼ਬਦ:

**ਦਾਰਸ਼ਨਿਕ** --- ਫਿਲਾਸਫੀ
**ਖੋਜਕਾਰ** --- ਇਤਿਹਾਸਕਾਰ
**ਗੁਰਮਤਿ**--- ਗੁਰੂ ਦੁਆਰਾ ਦਿੱਤੀ ਗਈ ਮੱਤ/ਸਿੱਖਿਆ
**ਸੰਦਰਭ** --- ਹਵਾਲਾ

## ਸਵੈ-ਮੁਲਾਂਕਣ:

1. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

ੳ. 1479 ਅ. 1469

ੲ. 1569 ਸ. 1579

2. ਫਰੀਦ ਤੋਂ ਫਰੀਦ ਤੱਕ ਦੀ ਕਿਹੜੀ ਕਾਵਿਧਾਰਾ ਹੈ?

ੳ. ਗੁਰਮਤਿ ਕਾਵਿਧਾਰਾ ਅ. ਸੂਫ਼ੀ ਕਾਵਿਧਾਰਾ

ੲ. ਬੀਰ ਕਾਵਿਧਾਰਾ ਸ. ਕਿੱਸਾ ਕਾਵਿਧਾਰਾ

3. ਸ਼ਾਹ ਹੁਸੈਨ ਦੀਆਂ ਕੁਲ ਕਿੰਨੀਆ ਕਾਫੀਆ ਹਨ:

ੳ. 163 ਅ. 156

ੲ. 160 ਸ. 158

4. ਬੁੱਲੇ ਸ਼ਾਹ ਦੀਆਂ ਕੁਲ ਕਾਫੀਆਂ ਹਨ:

ੳ. 158 ਅ. 156

ੲ. 165 ਸ. 163

5. ਬੁੱਲੇ ਸ਼ਾਹ ਦੇ ਮੁਰਸ਼ਦ ਦਾ ਨਾਂ ਹੈ:

ੳ. ਸ਼ਾਹ ਇਨਾਇਤ ਅ.. ਸ਼ਾਹ ਹੁਸੈਨ

ੲ. ਬਾਬਾ ਮਖਦੂਮ ਸ. ਬਾਬਾ ਫਰੀਦ

6.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਧ ਬਾਣੀ ਦੇ ਕਰਤਾ ਕੌਣ ਹਨ:

ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅਮਰਦਾਸ ਜੀ

ੲ. ਗੁਰੂ ਅਰਜਨ ਦੇਵ ਜੀ ਸ. .ਗੁਰੂ ਰਾਮਦਾਸ ਜੀ

7. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ, ਕਿਉਂਕਿ:

ੳ. ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਦਰਜ ਹੈ। ਅ. ਇਨ੍ਹਾਂ ਤੋਂ ਬਿਨ੍ਹਾਂ ਬਾਣੀ ਸਮਝ ਨਹੀਂ ਆ ਸਕਦੀ।

ੲ. ਇਹ ਗੁਰਬਾਣੀ ਦਾ ਅਤਿ ਮਹੱਤਵਪੂਰਨ ਅੰਗ ਹਨ। ਸ. ਇਨ੍ਹਾਂ ਵਿਚ ਬਾਣੀ ਦੇ ਮੂਲ ਸਿਧਾਂਤਾ ਦੀ ਸਰਲ ਵਿਆਖਿਆ ਹੈ।

8. ਗੁਰੁ ਗ੍ਰੰਥ ਸਾਹਿਬ ਵਿਚ ਵਾਰਾਂ ਦੀ ਗਿਣਤੀ ਹੈ:

ੳ. ਇੱਕਤੀ ਅ. ਬਾਈ

ੲ. ਇੱਕੀ ਸ. ਇੱਕਵੰਜਾ

9. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ:

ੳ. 6 ਭਗਤਾਂ ਦੀ। ਅ. 16 ਭਗਤਾਂ ਦੀ।

ੲ. 15 ਭਗਤਾਂ ਦੀ। ਸ. 11 ਭਗਤਾਂ ਦੀ।

10. ਕਿਹੜਾ ਕ੍ਰਮ ਸਹੀ ਹੈ:

ੳ. ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਅਲੀ ਹੈਦਰ ਅ. ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਦਮੋਦਰ

ੲ. ਸ਼ਾਹ ਹੁਸੈਨ, ਪੀਲੂ, ਬੁੱਲ੍ਹੈ ਸ਼ਾਹ, ਅਲੀ ਹੈਦਰ ਸ. ਸ਼ਾਹ ਹੁਸੈਨ, ਸੁਲਤਾਨ ਬਾਹੂ, ਵਜੀਦ, ਪੀਲੂ

11. ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ। ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ। ਰਾਂਝਾ ਮੈਂ ਵਿੱਚ ਮੈਂ ਰਾਂਝੇ ਵਿੱਚ, ਹੋਰ ਖ਼ਿਆਲ ਨਾ ਕੋਈ। ਉਪਰੋਕਤ ਸਤਰਾਂ ਦਾ ਕਵੀ ਕੌਣ ਹੈ:

ੳ. ਬਾਬਾ ਬੁੱਲ੍ਹੇ ਸ਼ਾਹ ਅ. ਸ਼ਾਹ ਹੁਸੈਨ

ੲ. ਬਾਬਾ ਸ਼ੇਖ਼ ਫ਼ਰੀਦ ਸ . ਵਜੀਦ

12. ਸੁਲਤਾਨ ਬਾਹੂ ਦੀ ਰਚਨਾ ਦੇ ਅਖੀਰ ਵਿਚ ਆਮ ਤੌਰ ਤੇ ਕਿਹੜਾ ਸ਼ਬਦ ਪ੍ਰਚਲਿਤ ਰਹਿੰਦਾ ਹੈ:

ੳ. ਬਾਹੂ ਅ. ਹੂ

ੲ. ਸੁਲਤਾਨ ਸ. ਉਪਰੋਕਤ ਕੋਈ ਵੀ ਨਹੀਂ

13. ਸ਼ਾਹ ਹੁਸੈਨ ਨੇ ਕਿੰਨੀਆਂ ਕਾਫ਼ੀਆਂ ਦੀ ਰਚਨਾ ਕੀਤੀ ਹੈ?

ੳ. 163 ਕਾਫ਼ੀਆਂ ਅ. 153 ਕਾਫ਼ੀਆਂ

ੲ. 173 ਕਾਫ਼ੀਆਂ ਸ. 183 ਕਾਫ਼ੀਆਂ

14.ਆਦਿ ਗ੍ਰੰਥ ਵਿਚ ਦਰਜ ਬਾਣੀਆਂ ਵਿਚੋਂ ਸਭ ਤੋਂ ਪੁਰਾਣੀ ਬਾਣੀ ਕਿਹੜੀ ਹੈ:

ੳ. ਗੁਰੂ ਸਾਹਿਬਾਨ ਦੀ ਬਾਣੀ ਅ. ਭੱਟਾਂ ਦੀ ਬਾਣੀ
ੲ. ਭਗਤਾਂ ਦੀ ਬਾਣੀ ਸ. ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ

15. ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।।
ਉਪਰੋਕਤ ਸਤਰਾਂ ਦਾ ਲੇਖਕ ਕੌਣ ਹੈ:
ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅੰਗਦ ਦੇਵ ਜੀ
ੲ. ਗੁਰੂ ਅਰਜਨ ਦੇਵ ਜੀ ਸ. ਗੁਰੂ ਅਮਰਦਾਸ ਜੀ

## ਅਭਿਆਸ ਪ੍ਰਸ਼ਨ:

1. ਮੱਧਕਾਲੀ ਪੰਜਾਬੀ ਸਾਹਿਤ ਦੇ ਦਾਰਸ਼ਨਿਕ ਸੰਦਰਭਾਂ ਬਾਰੇ ਜਾਣਕਾਰੀ ਦਿਓ?
2. ਮੱਧਕਾਲੀ ਪੰਜਾਬੀ ਸਾਹਿਤ ਦਾ ਗੁਰਮਤਿ ਸੰਦਰਭ ਬਾਰੇ ਜਾਣਕਾਰੀ ਦਿਓ?
3. ਮੱਧਕਾਲੀ ਪੰਜਾਬੀ ਸਾਹਿਤ ਦਾ ਸੂਫ਼ੀ ਸੰਦਰਭ ਸੂਫ਼ੀ ਸੰਦਰਭ ਬਾਰੇ ਜਾਣਕਾਰੀ ਦਿਓ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਉੱਤਰਮਾਲਾ:

| | | | | |
|---|---|---|---|---|
| 1. ਅ | 2. ਅ | 3. ੳ | 4. ਅ | 5. ੳ |
| 6. ੲ | 7. ਸ | 8. ਅ | 9. ੲ | 10. ੳ |
| 11. ੳ | 12. ਅ | 13. ੳ | 14. ਸ | 15. ੳ |

**DPBI501**

# ਅਧਿਆਇ - 5: ਮੱਧਕਾਲੀ ਪੰਜਾਬੀ ਸਾਹਿਤ ਦਾ ਦਾਰਸ਼ਨਿਕ ਸੰਦਰਭ - ਕਿੱਸਾ ਕਾਵਿਧਾਰਾ, ਬੀਰ ਕਾਵਿਧਾਰਾ ਅਤੇ ਵਾਰਤਕ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਕਿੱਸਾ ਕਾਵਿਧਾਰਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਬੀਰ ਕਾਵਿਧਾਰਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਵਾਰਤਕ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਦਾਰਸ਼ਨਿਕ ਸੰਦਰਭ ਵਿਚਾਰੇ ਗਏ ਹਨ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲੈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼ ਹੈ। ਪਾਠ ਕ੍ਰਮ ਵਿਚ ਮੱਧਕਾਲ ਦਾ ਪੰਜਾਬੀ ਸਾਹਿਤ ਸ਼ਾਮਲ ਹੈ। ਜਿਸ ਵਿਚ ਕ੍ਰਮਵਾਰ ਕਿੱਸਾ ਕਾਵਿਧਾਰਾ ਅਤੇ ਬੀਰ ਕਾਵਿਧਾਰਾ ਸ਼ਾਮਲ ਹਨ। ਇਸ ਤੋਂ ਬਿਨਾਂ ਇਸ ਵਿਚ ਮੁੱਢਲੀ ਵਾਰਤਕ ਦੀ ਹੋਂਦ ਵੀ ਪਾਈ ਜਾਂਦੀ ਹੈ। ਇਹ ਸਮਾਂ 1501 ਈ ਤੋਂ 1850 ਈ ਤੱਕ ਦਾ ਹੈ। ਅਰਥਾਤ ਢਾਈ ਤਿੰਨ ਸੋ ਸਾਲ ਵਿਚ ਫੈਲੇ ਮੱਧਕਾਲੀ ਸਾਹਿਤ ਦਾ ਮੁਕੰਮਲ ਵੇਰਵਾ ਇਸ ਪਾਠ ਵਿਚ ਸ਼ਾਮਲ ਹੈ।

## ਵਿਸ਼ਾ ਵਸਤੂ:

ਕਿੱਸਾ ਸ਼ਬਦ ਦੀ ਵਿਉਤਪਤੀ ਸੰਸਕ੍ਰਿਤੀ ਭਾਸ਼ਾ ਦੇ ਕਥਾ ਸ਼ਬਦ ਤੋਂ ਹੋਈ ਮੰਨੀ ਜਾਂਦੀ ਹੈ, ਜਿਸ ਦਾ ਅਰਥ ਇਹ ਬਣਦਾ ਹੈ ਕਿ ਕਥਾ-ਕਹਾਣੀਆਂ ਇਸ ਧਰਤੀ ਉੱਤੇ ਵੈਦਿਕ ਕਾਲ ਤੋਂ ਹੀ ਰਚੀਆਂ ਜਾਂਦੀਆਂ ਰਹੀਆਂ ਹਨ। ਇਸਤਰੀ ਪੁਰਸ਼ ਵਿਚਕਾਰ ਪਿਆਰ-ਸੰਬੰਧਾਂ ਦੀ ਚਰਚਾ ਪੁਰਾਤਨ ਸਾਹਿਤ ਰੂਪਾਂ ਵਿਚ ਵੀ ਹੁੰਦੀ ਰਹੀ ਹੈ ਪ੍ਰੰਤੂ ਪੰਜਾਬੀ ਸਾਹਿਤ ਖੇਤਰ ਵਿਚ ਪ੍ਰਚੱਲਿਤ ਕਿੱਸਾ ਕਾਵਿਧਾਰਾ ਮੂਲ ਰੂਪ ਵਿਚ ਅਰਬੀ ਫ਼ਾਰਸੀ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਕਾਵਿਧਾਰਾ ਰੂਪ ਹੈ। ਮੁਸਲਮਾਨਾਂ ਦੀ ਭਾਰਤ ਵਿਚ ਆਮਦ ਦੇ ਨਾਲ ਜਿੱਥੇ ਹੋਰ ਬਹੁਤ ਸਾਰੇ ਕਲਾਤਮਿਕ ਅਤੇ ਸਭਿਆਚਾਰਕ ਵਰਤਾਰੇ ਪੰਜਾਬ ਵਿਚ ਆਏ ਹਨ ਉੱਥੇ ਕਿੱਸਾਕਾਰੀ ਦੀ ਰਵਾਇਤ ਵੀ ਮੁਸਲਮਾਨਾਂ ਦੀ ਹੀ ਦੇਣ ਮੰਨੀ ਗਈ ਹੈ। ਪੰਜਾਬੀ ਕਿੱਸਾਕਾਰ ਦੀ ਤਰਤੀਬ, ਤਕਨੀਕ, ਵਸਤੂ, ਪੇਸ਼ਕਾਰੀ ਤੇ ਚਾਲ ਸਾਰੇ ਦੇ ਸਾਰੇ ਪੱਖ ਇਰਾਨੀ ਰੰਗਤ ਵਾਲੇ ਹਨ।

ਮੁਸਲਮਾਨ ਕਿੱਸਾਕਾਰਾਂ ਵਿਚ ਮਸਨਵੀ ਰੂਪ ਵਧੇਰੇ ਪ੍ਰਚੱਲਿਤ ਰਿਹਾ ਹ। ਕਿੱਸਾਕਾਰੀ ਵਿਚ ਵਧੇਰੇ ਕਰਕੇ ਇਸਲਾਮੀ ਸਭਿਆਚਾਰ ਦੇ ਲੱਛਣ ਭਾਰੂ ਰਹੇ ਹਨ। ਪ੍ਰੰਤੂ ਹੌਲੀ-ਹੌਲੀ ਭਾਰਤੀ ਕਵੀਆਂ ਵਿਚ ਇਹ ਕਾਵਿ ਰੂਪ ਇਤਨਾ ਹਰਮਨ ਪਿਆਰਾ ਹੋ ਗਿਆ ਕਿ ਬਹੁਗਿਣਤੀ ਸ਼ਾਇਰਾਂ ਨੇ ਇਸ ਕਲਾ ਰੂਪ ਉੱਤੇ ਹੱਥ ਅਜ਼ਮਾਇਆ ਤੇ ਹੁਨਰ ਦਾ ਪ੍ਰਦਰਸ਼ਨ ਕੀਤਾ। ਪੰਜਾਬੀ ਕਿੱਸਾਕਾਰੀ, ਦਵਈਆ, ਕਬਿੱਤ ਤੇ ਬੈਂਤ ਛੰਦ ਵਿਚ ਰਚੀ ਮਿਲਦੀ ਹੈ।

## ਕਿੱਸਾ ਕਾਵਿਧਾਰਾ ਦੇ ਲੱਛਣ:

ਪੰਜਾਬੀ ਕਿੱਸਾਕਾਰੀ ਤੇ ਫ਼ਾਰਸੀ ਮਸਨਵੀ ਵਿਚਕਾਰ ਬਹੁਤ ਸਾਰੇ ਸਾਂਝੇ ਗੁਣ ਲੱਛਣ ਪਾਏ ਜਾਂਦੇ ਹਨ। ਬਣਤਰ ਦੀ ਦ੍ਰਿਸ਼ਟੀ ਤੋਂ ਇਹ ਲੱਛਣ ਹੇਠ ਲਿਖੇ ਅਨੁਸਾਰ ਪ੍ਰਗਟ ਹੋਏ ਮਿਲਦੇ ਹਨ :

1. ਮੰਗਲਾਚਰਨ: ਈਸ਼ਵਰ ਦੀ ਉਸਤਤ ਪੂਰੇ ਰੂਪ ਵਿਚ ਕੀਤੀ ਗਈ ਹੈ। ਇਹ ਵਿਧੀ ਇਉਂ ਪ੍ਰਚੱਲਿਤ ਰਹੀ ਹੈ ਕਿ ਹਰ ਕਿਸਮ ਦੇ ਕਾਵਿਧਾਰਾ ਰੂਪ ਦੇ ਆਰੰਭ ਵਿਚ ਮੰਗਲਾਚਰਨ ਦੀ ਰੂੜੀ ਪ੍ਰਧਾਨ ਰਹੀ ਹੈ।
2. ਕਿੱਸਾ ਕਾਵਿਧਾਰਾ ਕਿੱਸਾਕਾਰੀ ਵਿਚ ਦੋ ਪਾਤਰਾਂ ਦੇ ਆਪਸੀ ਸੰਵਾਦ ਨੂੰ ਸਵਾਲ-ਜਵਾਬ ਦੀ ਸ਼ੈਲੀ ਵਿਚ ਪੇਸ਼ ਕਰਦੇ ਰਹੇ ਹਨ।
3. ਕਿੱਸਾਕਾਰੀ ਵਿਚ ਹਰੇਕ ਬੰਦ ਦਾ ਵੱਖਰਾ ਸਿਰਲੇਖ ਦੇਣ ਦੀ ਰਿਵਾਇਤ ਵੀ ਰਹੀ ਹੈ।
4. ਹਰ ਕਿੱਸੇ ਦਾ ਰਚਨਹਾਰ ਹਰੇਕ ਬੰਦ ਦੇ ਅਖੀਰ ਵਿਚ ਆਪਣਾ ਨਾਮ ਦੇਣ ਦੀ ਪ੍ਰਬਲ ਰੁਚੀ ਰੱਖਦਾ ਰਿਹਾ ਹੈ।
5. ਜੀਵਨ ਦੀ ਕਿਸ ਅਟੱਲ ਸਚਾਈ ਦੀ ਪੇਸ਼ਕਾਰੀ ਕਰਨਾ ਵੀ ਕਿੱਸਾਕਾਰਾਂ ਦੇ ਸੁਭਾਅ ਵਿਚ ਸ਼ਾਮਿਲ ਰਿਹਾ ਹੈ।
6. ਪ੍ਰੀਤ ਕਹਾਣੀਆਂ ਵਾਲੇ ਕਿੱਸਿਆਂ ਵਿਚ ਨਾਇਕ ਨਾਇਕਾਂ ਦਾ ਪ੍ਰੇਮ ਛੋਟੀ ਉਮਰ ਤੋਂ ਹੀ ਦਰਸਾਇਆ ਜਾਂਦਾ ਰਿਹਾ ਹੈ।
7. ਕਿੱਸਾਕਾਰੀ ਭਾਵੇਂ ਨਿਰੋਲ ਲੌਕਿਕ ਰੰਗਤ ਵਾਲਾ ਕਾਵਿਧਾਰਾ ਰੂਪ ਹੈ, ਪ੍ਰੰਤੂ ਇਸ ਦੀ ਪੇਸ਼ਕਾਰੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਰਾਭੌਤਿਕ ਸ਼ਕਤੀਆਂ ਦੀ ਸ਼ਮੂਲੀਅਤ ਵਿਸ਼ੇਸ਼ ਮਹੱਤਵ ਰੱਖਦੀ ਰਹੀ ਹੈ।
8. ਇੱਕੋ ਕਿੱਸੇ ਨੂੰ ਕਈ ਕਈ ਲੇਖਕਾਂ ਵੱਲੋਂ ਲਿਖੇ ਜਾਣ ਦੀ ਰਵਾਇਤ ਵੀ ਇਸ ਖੇਤਰ ਵਿਚ ਆਮ ਪ੍ਰਚੱਲਿਤ ਰਹੀ ਹੈ।
9. ਕਿੱਸਾਕਾਰ ਅਕਸਰ ਨਾਇਕ ਤੇ ਨਾਇਕਾ ਨੂੰ ਦੁਨੀਆ ਦੇ ਸਭ ਤੋਂ ਵੱਧ ਖ਼ੂਬਸੂਰਤ ਜੀਵ ਬਣਾ ਕੇ ਪੇਸ਼ ਕਰਦਾ ਰਿਹਾ ਹੈ। ਇਸ ਪੱਖ ਤੋਂ ਉਹ ਨਾਇਕ ਨਾਇਕਾ ਦੇ ਵੱਖ ਵੱਖ ਅੰਗਾਂ ਦੀ ਖ਼ੂਬਸੂਰਤੀ ਦਾ ਦਿਲ ਖੋਲ੍ਹ ਕੇ ਚਰਚਾ ਕਰਦਾ ਹੈ।
10. ਇਸ਼ਕੀਆ ਰੰਗ ਦੇ ਕਿੱਸਿਆਂ ਵਿਚ ਅਕਸਰ ਨਾਇਕ ਨਾਲੋਂ ਪਹਿਲਾਂ ਨਾਇਕ ਦੀ ਮੌਤ ਦਰਸਾਈ ਗਈ ਹੈ। ਇਸਤਰੀ ਦੀ ਨਿੰਦਾ ਕੀਤੀ ਗਈ ਹੈ। ਇਹ

ਸਾਰੇ ਗੁਣ ਲੱਛਣ ਦੇ ਆਦਰਸ਼ਵਾਦੀ ਪ੍ਰਭਾਵ ਦੀ ਸਿਰਜਨਾ ਪੂਰੇ ਪ੍ਰਧਾਨ ਸਾਮੰਤਵਾਦੀ ਯੁੱਗ ਦੀਆਂ ਕਦਰਾਂ ਨਾਲ ਜੁੜੇ ਪੱਖ ਹਨ।

ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਪਹਿਲਾਂ ਕਿੱਸਾ ਕਵੀ ਦਮੋਦਰ ਨੂੰ ਮੰਨਿਆ ਜਾਂਦਾ ਹੈ ਉਹ ਜਾਤੀ ਦੀ ਗੁਲ੍ਹਾਟੀ ਸੀ ਅਤੇ ਪੇਸ਼ੇ ਵਜੋਂ ਦੁਕਾਨਦਾਰ ਸੀ। ਉਸ ਨੇ ਇੱਕੋ ਇਕ ਕਿੱਸਾ ਹੀਰ ਰਾਂਝਾ ਲਿਖਿਆ ਹੈ, ਜਿਹੜਾ ਸੁਖਾਂਤ ਪ੍ਰਭਾਵ ਵਾਲਾ ਹੈ, ਜਿਸ ਵਿਚ ਝਾਂਗੀ ਬੋਲੀ ਦਾ ਵਧੇਰੇ ਪ੍ਰਭਾਵ ਝਲਕਦਾ ਹੈ। ਦਮੋਦਰ ਨੇ ਨਾਇਕਾਂ ਦਾ ਖ਼ੂਬਸੂਰਤੀ ਬਿਆਨ ਕਰਨ ਦੇ ਨਾਲ ਨਾਲ ਉਨ੍ਹਾਂ ਨੇ ਮਾਨਸਿਕ ਬਣਤਰ ਦਾ ਵੀ ਬਰਾਬਰ ਉੱਲੇਖ ਕੀਤਾ ਹੈ। ਉਝ ਦਮੋਦਰ ਦੀ ਕਿੱਸਾ ਕਲਾ ਉੱਤੇ ਇਸਲਾਮੀ ਮਸਨਵੀ ਦਾ ਚੋਖਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਕਿੱਸਾ ਕਾਵਿਧਾਰਾ ਉੱਤੇ ਪਏ ਪ੍ਰਭਾਵ ਕੁਲ ਮਿਲਾ ਕੇ ਕਿੱਸਾ ਸਾਹਿਤ ਉੱਤੇ ਪਏ ਪ੍ਰਭਾਵਾਂ ਨੂੰ ਹੇਠ ਲਿਖੇ ਪੱਖਾਂ ਤੋਂ ਦੇਖਿਆ ਵਿਚਾਰਿਆ ਜਾ ਸਕਦਾ ਹੈ :

ੳ) ਪੰਜਾਬੀ ਰਹਿ ਤਲ ਦੇ ਸਥਾਨਕ ਪ੍ਰਭਾਵ।

ਅ) ਯੂਨਾਨੀ ਲੋਕ ਕਹਾਣੀ ਅਤੇ ਮਿਥਿਹਾਸ ਦਾ ਪ੍ਰਭਾਵ।

ੲ) ਭਾਰਤੀ ਕਥਾਵਾਂ, ਲੋਕ ਕਥਾਵਾਂ ਇਤਿਹਾਸ ਤੇ ਮਿਥਿਹਾਸ ਦਾ ਪ੍ਰਭਾਵ।

ਸ) ਪ੍ਰਚੱਲਿਤ ਕਹਾਣੀ ਉੱਤੇ ਸਥਾਨਕ ਰੰਗ ਦਾ ਪ੍ਰਭਾਵ।

ਹ) ਅਰਬੀ ਫ਼ਾਰਸੀ ਤੇ ਯਹੂਦੀ ਸੋਮਿਆਂ ਦਾ ਪ੍ਰਭਾਵ।

ਪੰਜਾਬੀ ਵਿਚ ਕਿੱਸਾਕਾਰੀ ਦਾ ਬਕਾਇਦਾ ਆਰੰਭ ਭਾਵੇਂ ਮੁਸਲਮਾਨਾਂ ਦੇ ਆਉਣ ਨਾਲ ਹੀ ਹੋਇਆ ਹੈ ਪ੍ਰੰਤੂ ਭਾਈ ਗੁਰਦਾਸ ਦੀ ਸਤਾਈਵੀਂ ਵਾਰ ਦੀ ਪਹਿਲੀ ਪੌੜੀ ਵਿਚ ਇਹ ਸੰਕੇਤ

ਲੇਲਾ ਮਜਨੂੰ ਆਸ਼ਕੀ ਚਹੁੰ ਚੱਕੀ ਜਾਤੀ

ਸੋਰਠਿ ਬੀਜਾ ਗਾਵੀਐ ਜਸ ਸੁਘੜੀ ਵਾਤੀ

ਸਪਸ਼ਟ ਕਰਦਾ ਹੈ ਕਿ ਪੰਜਾਬ ਵਿਚ ਇਨ੍ਹਾਂ ਲੋਕ-ਕਹਾਣੀਆਂ ਦੀ ਚਰਚਾ ਲੋਕ-ਜੀਵਨ ਵਿੱਚ ਆਮ ਹੁੰਦੀ ਰਹੀ ਹੈ। ਇਨ੍ਹਾਂ ਕਹਾਣੀਆਂ ਨੂੰ ਗਾਏ ਜਾਣ ਦਾ ਸੰਕੇਤ ਵੀ ਸਪਸ਼ਟ ਕਰਦਾ ਹੈ ਕਿ ਦਮੋਦਰ, ਪੀਲੂ ਤੇ ਹਾਫ਼ਜ਼ ਬਰਖ਼ੁਰਦਾਰ ਵਰਗੇ ਕਵੀਆਂ ਤੋਂ ਪਹਿਲਾਂ ਵੀ ਪੰਜਾਬੀ ਵਿਚ ਇਹ ਕਥਾ ਕਹਾਣੀਆਂ ਗਾਈਆਂ ਜਾਂਦੀਆਂ ਸਨ। ਪੰਜਾਬ ਦੇ ਭੱਟ, ਮਰਾਸੀ ਤੇ ਹੋਰ ਲੋਕ-ਕਵੀ ਇਨ੍ਹਾਂ ਕਹਾਣੀਆਂ ਨੂੰ ਕਾਵਿਧਾਰਾ ਰੂਪ ਵਿਚ ਗਾਉਂਦੇ ਸਨ। ਭਾਵੇਂ ਇਹ ਕਿੱਸਾ ਨਹੀਂ ਸੀ ਪਰੰਤੂ ਕਿੱਸਾ ਕਾਵਿਧਾਰਾ ਦਾ ਆਰੰਭ ਹੀ ਇਨ੍ਹਾਂ ਕਵੀਆਂ ਨਾ ਜੁੜ ਜਾਂਦਾ ਹੈ।

ਕਿੱਸਾ ਕਾਵਿਧਾਰਾ ਨੂੰ ਇਕ ਰੂਪਾਕਾਰ ਵਜੋਂ ਜਦੋਂ ਦੇਖਿਆ ਜਾਂਦਾ ਹੈ ਤਾਂ ਬਣਤਰ ਦੀ ਦ੍ਰਿਸ਼ਟੀ ਤੋਂ ਹੇਠ ਲਿਖੇ ਤੱਤਾਂ ਦਾ ਅਹਿਸਾਸ ਹੁੰਦਾ ਹੈ।

1. ਰੂਪ ਤੇ ਬਣਤਰ ਦੀ ਦ੍ਰਿਸ਼ਟੀ ਤੋਂ ਇਹ ਲੰਬੀ ਬਿਰਤਾਂਤ ਕਵਿਤਾ ਦਾ ਰੂਪ ਹੈ। ਜਿਹਤੀ ਮੱਧਕਾਲੀ ਕਾਵਿਧਾਰਾ ਧਾਰਾਵਾਂ ਵਿਚ ਪ੍ਰਭਾਵਸ਼ਾਲੀ ਲੌਕਿਕ ਕਾਵਿਧਾਰਾ ਵਜੋਂ ਆਪਣੀ ਹੋਂਦ ਰੱਖਦੀ ਹੈ।
2. ਕਿੱਸਾਕਾਰੀ ਦਾ ਸ਼ਬਦ ਸੋਮਾ ਵਧੇਰੇ ਕਰਕੇ ਅਰਬੀ ਫ਼ਾਰਸੀ ਵਾਲਾ ਰਿਹਾ ਹੈ।
3. ਕਿੱਸਾਕਾਰੀ ਦੀ ਰਚਨਾ ਦਾ ਕਾਰਨ ਕਿਸੇ ਅਸਫਲ ਦਾਸਤਾ, ਯਾਰਾਂ ਦੀ ਫ਼ਰਮਾਇਸ਼, ਖ਼ੁਦ ਹੁਸਨ ਤੋਂ ਪ੍ਰਭਾਵਿਤ ਹੋਣਾ ਜਾਂ ਆਪਣੀ ਸ੍ਰੇਸ਼ਟ ਕਲਾ ਦਾ ਪ੍ਰਦਰਸ਼ਨ ਕਰਨਾ ਮੰਨਿਆ ਗਿਆ ਹੈ।

## ਕਿੱਸਾਕਾਰੀ ਦਾ ਵਰਗੀਕਰਨ:

ਕਿੱਸਾਕਾਰੀ ਦਾ ਵਰਗੀਕਰਨ ਅਨੇਕਾਂ ਪੱਖਾਂ ਤੋਂ ਹੋਇਆ ਹੈ। ਜਿਵੇਂ :

(ੳ) ਨਿਰੋਲ ਪੰਜਾਬੀ ਮੂਲ ਦੇ ਕਿੱਸੇ

(ਅ) ਭਾਰਤੀ ਮੂਲ ਦੇ ਕਿੱਸੇ

(ੲ) ਵਿਦੇਸ਼ੀ ਮੂਲ ਦੇ ਕਿੱਸੇ ਜਾਂ

(ੳ) ਦੇਸੀ ਕਿੱਸੇ

(ਅ) ਵਿਦੇਸ਼ੀ ਕਿੱਸੇ

(ੲ) ਅੰਤਰਰਾਸ਼ਟਰੀ ਕਿੱਸੇ

ਪਰੰਤੂ ਕਿੱਸਾਕਾਰੀ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਵਧੇਰੇ ਮਕਬੂਲ ਹੋਇਆ ਹੈ :

(ੳ) ਧਾਰਮਿਕ ਜਾਂ ਸਦਾਚਾਰਕ ਕਿੱਸੇ (ਅ) ਦੇਸ਼ ਭਗਤੀ ਜਾਂ ਬੀਰ ਰਸੀ ਕਿੱਸੇ

(ੲ) ਰੁਮਾਂਟਿਕ ਜਾਂ ਕਲਪਿਤ ਕਿੱਸੇ (ਸ) ਇਸ਼ਕੀਆ ਕਿੱਸੇ ਜਾਂ ਪ੍ਰੇਮ ਕਿੱਸੇ

ਪ੍ਰਭਾਵ ਦੀ ਦ੍ਰਿਸ਼ਟੀ ਤੋਂ ਸੁਖਾਂਤ ਕਿੱਸੇ ਦੁਖਾਂਤ ਕਿੱਸੇ ਵੀ ਮੰਨੇ ਗਏ ਹਨ। ਪ੍ਰੇਮ ਦੀ ਦੁਖੀ ਵਿਚ ਇਸ਼ਕ ਮਜਾਜ਼ੀ ਭਾਰੂ ਰਿਹਾ ਹੈ। ਭਾਵੇਂ ਕਿ ਇਸ ਨੂੰ ਹਕੀਕੀ ਇਸ਼ਕ ਦੀ ਰੰਗਤ ਦੇਣ ਦਾ ਅਸਫਲ ਯਤਨ ਕੀਤਾ ਗਿਆ ਹੈ। ਕਿੱਸਿਆਂ ਦਾ ਕਥਾਨਕ ਜਾ ਕਥਾ ਦਾ ਆਧਾਰ, ਵਿਗਿਆਨ ਨਹੀਂ ਸੀ ਹੁੰਦਾ, ਬਹੁਤਾ ਕਰਕੇ ਪ੍ਰੇਮ ਕਹਾਣੀ ਹੀ ਵਧੇਰੇ ਲੋਕ-ਪ੍ਰਿੰਆ ਰਹੀ ਹੈ। ਚਰਿੱਤਰ ਚਿਤਰਨ ਦੀ ਲੋਕਪ੍ਰਿੰਆ ਤੋਂ ਨਾਇਕ-ਨਾਇਕਾ ਦੀ ਖ਼ੂਬਸੂਰਤੀ ਅਤੇ ਬਹਾਦਰੀ ਉੱਤੇ ਵਧੇਰੇ ਬਲ ਦਿੱਤਾ ਗਿਆ ਹੈ। ਕਿੱਸਾ-ਕਾਵਿਧਾਰਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਤਰਕ ਵਿਤਰਕ ਸੁਆਲ ਜੁਆਬ, ਤਾਹਨੇ ਮਾਰਨੇ ਦੀ ਜੁਗਤ ਵਧੇਰੇ ਮਾਅਨੇ ਰਹੀ ਹੈ। ਡਾ. ਅਤਰ ਸਿੰਘ ਕਿੱਸਾ ਹੀਰ-ਰਾਂਝਾ ਰਚਿਤ ਸੱਯਦ ਵਾਰਿਸ ਸ਼ਾਹ ਦੀ ਲੋਕਪ੍ਰਿੰਯਤਾ ਦਾ ਕਾਰਨ ਹੀ ਇਸ ਗੱਲ ਨੂੰ ਮੰਨਦਾ ਹੈ ਕਿ ਇਹ ਕਿੱਸਾ ਝਗੜੇ ਦੀ ਸ਼ੈਲੀ ਵਿਚ ਲਿਖਿਆ ਗਿਆ ਹੈ।

ਕਿੱਸਾ ਕਾਵਿਧਾਰਾ ਵਿਚ ਸ਼ਿੰਗਾਰ ਰਸ ਦਾ ਸੰਯੋਗ ਅਤੇ ਵਿਯੋਗ ਵਧੇਰੇ ਪੇਸ਼ ਹੋਇਆ ਹੈ। ਕਰੁਣਾ ਤੇ ਸ਼ਾਂਤ ਰਸ ਦੀ ਪੇਸ਼ਕਾਰੀ ਵੀ ਹੋਈ ਮਿਲਦੀ ਹੈ। ਕਿੱਸਾ ਕਾਵਿਧਾਰਾ ਦੀ ਭਾਸ਼ਾ ਲੋਕ ਭਾਸ਼ਾ ਰਹੀ ਹੈ, ਜਿਸ ਉੱਤੇ ਸਥਾਨਕ ਉਚਾਰਨ ਦਾ ਪ੍ਰਭਾਵ ਹੈ। ਵਧੇਰੇ ਕਰਕੇ ਫ਼ਾਰਸੀ ਜਾਂ ਸ਼ਬਦਾਵਲੀ ਵੀ ਪੇਸ਼ ਹੋਈ ਹੈ। ਕਿੱਸਾ ਭਾਵੇਂ ਸਦਾਚਾਰਕ ਹੋਵੇ, ਇਸ਼ਕੀਆ ਹੋਵੇ, ਰੁਮਾਂਟਿਕ ਹੋਵੇ ਜਾਂ ਸੂਰਮਗਤੀ ਵਾਲਾ, ਕਿੱਸਾ ਕਾਵਿਧਾਰਾ ਵਿਚ ਉਪਦੇਸ਼ ਦੇਣ ਦੀ ਬਿਰਤੀ ਭਾਰੂ ਰਹੀ ਹੈ। ਕਿੱਸਾ ਕਾਵਿਧਾਰਾ ਅੰਦਰ ਮੱਧਕਾਲੀ ਸੋਚ ਭਾਰੂ ਹੈ। ਇਸਤਰੀ ਜਾਤੀ ਨੂੰ ਸਮੂਹਿਕ ਤੌਰ ਤੇ ਨਿੰਦਿਆ ਗਿਆ ਹੈ। ਅਖੀਰ ਤੇ ਮਜਾਜ਼ੀ ਇਸ਼ਕ ਨੂੰ ਹਕੀਕੀ ਰੰਗਤ ਦੇਣ ਦਾ ਰੁਝਾਨ ਰਿਹਾ ਹੈ।

ਕਿੱਸਾ ਕਾਵਿਧਾਰਾ ਅੰਦਰ ਕਰਾਮਾਤੀ ਅੰਸ਼ ਹੋਣੀ, ਆਦਰਸ਼ ਗੁਣਾਂ ਤੇ ਪ੍ਰੇਮ ਦਾ ਪ੍ਰਗਟਾਵਾ ਵਧੇਰੇ ਹੋਇਆ ਹੈ। ਕਿੱਸਾ ਕਾਵਿਧਾਰਾ ਸਤਾਰ੍ਹਵੀਂ ਸਦੀ ਤੋਂ ਲੈ ਕੇ ਉੱਨ੍ਹੀਵੀਂ ਸਦੀ ਦੇ ਪਿਛਲੇ ਅੱਧ ਤੱਕ ਪੂਰੀ ਤਰ੍ਹਾਂ ਛਾਇਆ ਹੈ। ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਸੂਫ਼ੀ, ਮਨੁੱਖਵਾਦੀ, ਰਹੱਸਵਾਦ ਤੇ ਇਸਲਾਮੀ ਕਦਰਾਂ ਕੀਮਤਾਂ ਦਾ ਪ੍ਰਭਾਵ ਵਧੇਰੇ ਰਿਹਾ ਹੈ। ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਵਿਚ ਸੂਫ਼ੀ ਵਿਚਾਰਧਾਰਾ ਦਾ ਵਧੇਰੇ ਪ੍ਰਚਾਰ ਹੋਇਆ ਮਿਲਦਾ ਹੈ। ਉੱਨ੍ਹੀਵੀਂ ਸਦੀ ਚ ਰਚੇ ਕਿੱਸਿਆਂ ਅੰਦਰ ਧਰਮ, ਸਦਾਚਾਰ, ਪ੍ਰੇਮ ਅਤੇ ਕਲਪਨਾ ਦਾ

ਸਹਾਰਾ ਵਧੇਰੇ ਲਿਆ ਗਿਆ ਹੈ। ਪੂਰਨ ਭਗਤ, ਰਾਜਾ ਰਸਾਲੂ, ਨਰ ਦਮਿਯੰਤੀ, ਸਕੁੰਤਲਾ, ਰਾਜਾ ਭਰਥਰੀ, ਗੋਪੀ ਚੰਦ, ਸੀਤਾ ਰਾਮ, ਰੂਪ ਬਸੰਤ ਇਸੇ ਵੰਨਗੀ ਦੇ ਕਿੱਸੇ ਹਨ।

ਕਿੱਸਾ ਕਾਵਿਧਾਰਾ ਖੇਤਰ ਵਿਚ ਦਮੋਦਰ ਪਹਿਲਾ ਕਿੱਸਾ ਕਵੀ ਹੋਣ ਦੇ ਕਾਰਨ ਪੀਲੂ ਆਪਣੀ ਰਚਨਾ ਇਸ਼ਕ ਕਾਰਨ। ਵਾਰਿਸ ਸ਼ਾਹ ਆਪਣੀ ਸ਼ਾਹਕਾਰ ਰਚਨਾ ਹੀਰ-ਰਾਂਝਾ ਕਾਰਨ, ਫਜਲ ਸਾਹ ਸੋਹਣੀ ਮਹੀਂਵਾਲ ਦੇ ਕਿੱਸੇ ਕਾਰਨ, ਹਾਸ਼ਮ ਕਿੱਸਾ ਸੱਸੀਪੁੰਨੂ ਕਾਰਨ, ਕਾਦਰਯਾਰ ਕਿੱਸਾ ਪੂਰਨ ਭਗਤ ਕਾਰਨ, ਮੁਹੰਮਦ ਬਖਸ ਆਪਣੇ ਕਿੱਸੇ ਸੈਫੁਲ ਮਲੂਕ ਕਾਰਨ ਪ੍ਰਸਿੱਧ ਹੋਏ ਕਵੀ ਹਨ। ਇਹ ਸੱਚਮੁੱਚ ਪੰਜਾਬੀ ਕਿੱਸਾਕਾਰੀ ਦੀਆਂ ਸ਼ਾਹਕਾਰ ਰਚਨਾਵਾਂ ਹਨ। ਆਪਣੇ ਵਿਲੱਖਣ ਗੁਣ ਲੱਛਣਾਂ ਸਦਕਾ ਇਹ ਬਾਕੀ ਸਾਰੇ ਕਿੱਸਾ ਕਾਵਿਧਾਰਾ ਨਾਲੋਂ ਵਧੇਰੀ ਸ਼ੁਹਰਤ ਦੀਆਂ ਮਾਲਕ ਕਲਾ ਕਿਰਤਾਂ ਹਨ ਜਿਨ੍ਹਾਂ ਦਾ ਯੋਗਦਾਨ ਪੰਜਾਬੀ ਸਾਹਿਤ ਲਈ ਮਾਣ ਕਰਨ ਯੋਗ ਹਨ।

ਭਾਵੇਂ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਕਿੱਸਾ ਕਾਵਿਧਾਰਾ ਨੂੰ ਵਿਹਲੇ, ਵਿਗੜੇ ਹੋਏ ਮੁੰਡੇ ਕੁੜੀ ਦੀਆਂ ਪ੍ਰੇਮ ਕਹਾਣੀਆਂ ਮੰਨਦੇ ਹਨ। ਪਰ ਇਨ੍ਹਾਂ ਰਚਨਾਵਾਂ ਤੋਂ ਬਿਨਾਂ ਪੰਜਾਬੀ ਕਾਵਿਧਾਰਾ ਸਾਹਿਤ ਦਾ ਵਿਹੜਾ ਸੱਖਣਾ ਸੁੰਞਾ ਸੁੰਞਾ ਲੱਗਦਾ ਹੈ। ਕਿੱਸਾ ਕਾਵਿਧਾਰਾ ਦੀ ਖ਼ੁਸ਼ਬੋ ਮਨ ਨੂੰ ਢਾਰਸ ਦਿੰਦੀ ਹੈ। ਇਹ ਅਨੋਖਾ ਅਨੰਦ ਪ੍ਰਦਾਨ ਕਰਦੀ ਹੈ।

## <u>ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰ :</u>

**ਹੇਠ ਲਿਖੇ ਕਿੱਸਾਕਾਰ ਵਧੇਰੇ ਪ੍ਰਸਿੱਧ ਹੋਏ ਹਨ** :

### ਦਮੋਦਰ

1. ਦਮੋਦਰ ਗੁਲ੍ਹਾਟੀ ਪੰਜਾਬੀ ਦਾ ਪਹਿਲਾ ਕਿੱਸਾਕਾਰ ਹੈ। ਉਸ ਨੇ ਪਹਿਲੀ ਵਾਰ ਹੀਰ ਰਾਂਝੇ ਦਾ ਕਿੱਸਾ ਲਿਖਿਆ ਹੈ। ਦਮੋਦਰ ਜਾਤ ਦਾ ਗੁਲ੍ਹਾਟੀ ਅਤੇ ਅਕਬਰ ਦਾ ਸਮਕਾਲੀ ਹੋਣ ਦਾ ਦਾਅਵਾ ਕਰਦਾ ਹੈ।
2. ਦਮੋਦਰ ਦੀ ਰਚਨਾ ਝਾਂਗੀ ਉਪਬੋਲੀ ਵਿਚ ਲਿਖੀ ਹੋਈ ਹੈ। ਉਸ ਦੀ ਰਚਨਾ ਉੱਤੇ ਫ਼ਾਰਸੀ ਦਾ ਪ੍ਰਭਾਵ ਬਹੁਤ ਘੱਟ ਹੈ।
3. ਦਮੋਦਰ ਦੀ ਰਚਨਾ ਵਿਚ ਚੌ ਕਲੀਆਂ ਗਵੱਈਆਂ ਛੰਦ ਪਹਿਲੀ ਵਾਰ ਵਾਰਤਾ ਕਾਵਿਧਾਰਾ ਲਈ ਪ੍ਰਯੋਗ ਹੋਇਆ ਹੈ।
4. ਮੰਗਲਾਚਰਨ ਤੋਂ ਸ਼ੁਰੂ ਹੋ ਕੇ ਦਮੋਦਰ ਨੇ ਨਿਰੰਤਰ ਕਹਾਣੀ ਬਿਆਨ ਕੀਤੀ ਹੈ।
5. ਦਮੋਦਰ ਮਨੋਵਿਗਿਆਨ ਦੀ ਸੂਝ ਰੱਖਦਾ ਹੈ। ਉਸ ਦੇ ਅਲੰਕਾਰ ਵੰਨ-ਸੁਵੰਨੇ ਹਨ ਤੇ ਰਚਨਾ ਸੁਖਾਂਤ ਸੁਭਾਅ ਵਾਲੀ ਹੈ। ਉਹ ਰਚਨਾ ਦੀ ਘਟਨਾ ਨੂੰ ਅੱਖੀਂ ਡਿੱਠੇ ਹੋਣ ਦਾ ਦਾਅਵਾ ਕਰਦਾ ਹੈ, ਜੋ ਦਰੁਸਤ ਨਹੀਂ ਹੈ।
6. ਦਮੋਦਰ ਦਾ ਬਿਆਨ ਰੋਚਿਕ ਹੈ। ਸ਼ੈਲੀ ਨਾਟਕੀ ਹੈ। ਉਹ ਕਹਾਣੀ ਨੂੰ ਯਥਾਰਥ ਬਣਾਉਣ ਦਾ ਯਤਨ ਕਰਦਾ ਹੈ।

ਦਮੋਦਰ ਦੇ ਜਨਮ ਮਰਨ ਦੀ ਤਾਰੀਖ਼ ਬਾਰੇ ਅਤੇ ਮਾਤਾ ਪਿਤਾ ਬਾਰੇ ਜਾ ਉਸ ਦੀ ਜੱਦੀ ਪੁਸ਼ਤੀ ਥਾਂ ਟਿਕਾਣੇ ਬਾਰੇ, ਨਿਸ਼ਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਦਮੋਦਰ ਬਾਰੇ ਜਿਹੜੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਹ ਉਸ ਦੀ ਰਚਨਾ ਵਿਚੋਂ ਹੀ ਹੁੰਦੀ ਹੈ। ਜਿਵੇਂ

> ਨਾਉਂ ਦਮੋਦਰ ਜਾਤ ਗੁਲ੍ਹਾਟੀ, ਆਇਆ ਸਿੱਕ ਸਿਆਲ਼ੀ
>
> ਆਪਣੇ ਮਨ ਵਿਚ ਮਸਲਤ ਕੀਤੀ, ਬਹਿਕ ਇਕਾਈ ਜਾਲੀ
>
> ਚੂਚਕ ਬਹੂ ਦਿਲਾਸ ਦਿੱਤਾ ਤਾਂ ਦਿਲਗਿਰੀ ਲਾਹੀ।
>
> ਆਖ ਦਮੋਦਰ ਹੋਆ ਦਿਲਾਸਾ, ਤਾਂ ਹੱਟੀ ਉੱਥੇ ਪਾਈ।

ਦਮੋਦਰ ਵਾਰ ਵਾਰ ਅਕਬਰ ਦੇ ਰਾਜ ਵੱਲ ਸੰਕੇਤ ਕਰਦਾ ਹੈ ਤੇ ਕਿਸੇ ਨੂੰ ਅੱਖੀਂ ਡਿੱਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕੋਈ, ਦੀ ਉਕਤੀ ਨਾਲ ਜੋੜਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਦਮੋਦਰ ਕਵੀਆਂ ਵਾਲਾ ਝੂਠ ਬੋਲ ਰਿਹਾ ਹੈ।

ਹੀਰ ਦਮੋਦਰ ਲਹਿੰਦੀ ਉਪ ਚੋਂਦਾ ਵਿਚ ਲਮੇਰੀ ਸਾਹਿਤਕ ਰਚਨਾ ਹੈ। ਨਾ ਇਸ ਤੋਂ ਪਹਿਲਾਂ ਤੇ ਨਾ ਹੀ ਬਾਅਦ ਵਿਚ ਕਿਸੇ ਝਾਂਗੀ ਜਾਂ ਲਹਿੰਦੀ ਬੋਲੀ ਦੀ ਰਚਨਾ ਦਾ ਪਤਾ ਲੱਗਿਆ। ਇਹ ਪਹਿਲੀ ਪ੍ਰੇਮ ਗਾਥਾ ਹੈ ਜਿਸ ਨੇ ਪੰਜਾਬੀ ਸਾਹਿਤ ਖੇਤਰ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਦਮੋਦਰ ਨੇ ਫ਼ਾਰਸੀ ਪ੍ਰਭਾਵ ਘੱਟ ਕਬੂਲਿਆ ਹੈ। ਦਮੋਦਰ ਨੇ ਚੌ ਕਲੀਆਂ, ਗਵੱਈਆ ਛੰਦ ਪ੍ਰਯੋਗ ਕੀਤਾ ਹੈ। ਦਮੋਦਰ ਨੇ ਅਨੇਕ ਬੰਦ ਤੋਲ ਤੇ ਰਵਾਨੀ ਦੇ ਪੱਖੋਂ ਬੇਨੁਕਸ ਹਨ। ਉਸ ਉੱਪਰ ਕਲਾਸੀਕਲ ਮਹਾਂਕਾਵਿਧਾਰਾ ਦਾ ਪ੍ਰਭਾਵ ਨਹੀਂ ਹੈ। ਉਹ ਧਾਰਮਿਕ ਕੱਟੜਤਾ ਤੋਂ ਮੁਕਤ ਹੈ। ਉਹ ਤੁਲਨਾ ਦਾ ਹੁਨਰ ਕਮਾਲ ਦੀ ਹੱਦ ਤੱਕ ਜਾਣਦਾ ਹੈ। ਉਹ ਰਾਂਝੇ ਦੀਆਂ ਮੱਝਾਂ ਨੂੰ ਕ੍ਰਿਸ਼ਨ ਦੀਆਂ ਗੋਪੀਆਂ ਦੱਸਦਾ ਹੈ।

ਕਹਾਣੀ ਦਾ ਬਿਆਨ ਕਲਾਮਈ ਹੈ। ਕਹਾਣੀ ਸੁਣਾਉਣ ਵਿਚ ਵੀ ਦਮੋਦਰ ਉਸਤਾਦ ਹੈ। ਉਸ ਦਾ ਵਰਣਨ ਢੰਗ ਦਿਲਚਸਪ ਹੈ। ਦਮੋਦਰ ਦੇ ਕਿੱਸੇ ਵਿਚ ਸੰਖੇਪਤਾ ਦਾ ਗੁਣ ਹੈ। ਉਹ ਮਨੁੱਖੀ ਹਾਵਾ ਭਾਵਾਂ ਦਾ ਚਿਤਰਨ ਸੁਚੱਜੇ ਢੰਗ ਨਾਲ ਕਰਦਾ ਹੈ। ਉਸ ਨੇ ਕਿੱਸੇ ਵਿਚ ਸ਼ਿੰਗਾਰ ਰਸ, ਕਰੁਣਾ ਰਸ ਤੇ ਵੀਰ ਰਸ ਦਾ ਸੁੰਦਰ ਸੁਮੇਲ ਕੀਤਾ ਹੈ। ਕਿੱਸੇ ਦਾ ਅੰਤ ਸੁਖਾਂਤ ਪ੍ਰਭਾਵ ਵਾਲਾ ਹੈ। ਇਸ ਕਿੱਸੇ ਦੀ ਸਮਾਜਕ ਮਹਾਨਤਾ ਹੈ ਕਿਉਂਕਿ ਮੁਸਲਮਾਨ ਰਾਜਾ ਹਿੰਦੂ ਜੋਗੀਆਂ ਦੇ ਲੜ ਲੱਗਦਾ ਹੈ। ਇਹ ਘਟਨਾ ਵਿਸ਼ੇਸ਼ ਇਤਿਹਾਸਕ ਕਾਲਖੰਡ ਵੱਲ ਸੰਕੇਤ ਕਰਦੀ ਹੈ। ਇਹ ਕਬੀਲਾ ਸਮਾਜ ਦਾ ਚਿੱਤਰ ਪੇਸ਼ ਕਰਦਾ ਹੈ। ਇਸ ਕਿੱਸੇ ਵਿਚ ਦੱਸਿਆ ਹੈ ਕਿ ਉਸ ਸਮੇਂ ਧਰਮ ਦੇ ਪਰਦੇ ਹੇਠ ਬਹੁਤ ਕੁਕਰਮ ਹੁੰਦੇ ਸਨ।

## ਪੀਲੂ

1. ਪੀਲੂ ਨੇ ਪਹਿਲੀ ਵਾਰ ਪੰਜਾਬੀ ਵਿਚ ਕਿੱਸਾ ਇਸ਼ਕ ਦੁਖਾਂਤ ਰੂਪ ਵਿਚ ਪੇਸ਼ ਕੀਤਾ ਹੈ। ਇਹ ਕਿੱਸਾ ਸੱਦ ਰੂਪ ਵਿਚ ਹੈ।
2. ਪੀਲੂ ਦਾ ਕਿੱਸਾ ਮੂਲ ਰੂਪ ਵਿਚ ਪ੍ਰਾਪਤ ਨਹੀਂ, ਸਗੋਂ ਇਸ ਨੂੰ ਕਿਸੇ ਮਰਾਸੀ ਕੋਲੋਂ ਸੁਣ ਕੇ ਲਿਖਤ ਰੂਪ ਵਿਚ ਲਿਆਂਦਾ ਗਿਆ ਹੈ।
3. ਕਿੱਸਾਕਾਰ ਸੰਜਮੀ ਸ਼ੈਲੀ ਦਾ ਮਾਲਕ ਹੈ।
4. ਬੋਲੀ ਮਾਝੀ ਪਰ ਫ਼ਾਰਸੀ ਤੋਂ ਬਿਲਕੁਲ ਕੋਰੀ ਹੈ।
5. ਅਤਿਕਥਨੀ ਅਲੰਕਾਰ ਵਧੇਰੇ ਪ੍ਰਯੋਗ ਹੋਇਆ ਹੈ।

ਕਿੱਸੇ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਬਿਆਨ ਸੰਕੇਤ ਮਈ ਹੈ। ਮੱਧਕਾਲੀ ਕਿੱਸਾ ਕਵੀਆਂ ਨੇ ਪੀਲੂ ਦੀ ਬਹੁਤ ਤਾਰੀਫ਼ ਕੀਤੀ ਹੈ। ਪੀਲੂ ਦੇ ਜੀਵਨ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ। ਕਿੱਸੇ ਵਿਚ ਪ੍ਰਾਪਤ ਸੰਕੇਤਾਂ ਜਾਂ ਜ਼ੁਬਾਨੀ ਪ੍ਰਾਪਤ ਹੋਏ ਵੇਰਵਿਆਂ ਨਾਲ ਹੀ ਉਸ ਦੇ ਜੀਵਨ ਦਾ ਵੇਰਵਾ ਦਿੱਤਾ ਜਾਂਦਾ ਹੈ।

ਪੀਲੂ ਮੁਗ਼ਲ ਕਾਲ ਜਾਂ ਸਤਾਰ੍ਹਵੀਂ ਸਦੀ ਦਾ ਪ੍ਰਸਿੱਧ ਕਿੱਸਾ ਕਾਰ ਹੈ। ਉਸ ਨੇ ਸਭ ਤੋਂ ਪਹਿਲਾਂ ਇਸ਼ਕ ਦੀ ਕਹਾਣੀ ਨੂੰ ਲਿਖਤ ਰੂਪ ਵਿਚ ਲਿਆਂਦਾ ਸੀ। ਇਹ ਕਿੱਸਾਕਾਰੀ ਪੰਜਾਬੀ ਕਿੱਸਾਕਾਰੀ ਦੇ ਖੇਤਰ ਵਿਚ ਓਵੇਂ ਹੀ ਮਹੱਤਵ ਰੱਖਦਾ ਹੈ ਜਿਵੇਂ ਵਾਰਿਸ ਸ਼ਾਹ ਦੀ ਹੀਰ, ਫਜ਼ਲ ਸ਼ਾਹ ਦੀ ਸੋਹਣੀ, ਕਾਦਰਯਾਰ ਦਾ ਪੂਰਨ ਭਗਤ, ਹਾਸ਼ਿਮ ਦੀ ਸੱਸੀ ਤੇ ਮੁਹੰਮਦ ਬਖ਼ਸ਼ ਦੀ ਰਚਨਾ ਸੈਫੁਲ ਮਲੂਕ ਰੱਖਦੇ ਹਨ। ਪੀਲੂ ਦੀ ਸਮਕਾਲੀ ਕਿੱਸਾਕਾਰਾਂ ਨੇ ਤਾਰੀਫ਼ ਕੀਤੀ ਹੈ। ਪੀਲੂ ਦਾ ਸਮਾਂ ਵੀ ਕਵੀ ਦਮੋਦਰ ਦੇ ਨੇੜੇ ਤੇੜੇ ਹੀ ਜਾਪਦਾ ਹੈ। ਪੀਲੂ ਦੇ ਜੀਵਨ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਹਾਫ਼ਿਜ਼ ਬਰਖ਼ੁਰਦਾਰ ਦੀ ਰਚਨਾ ਵਿਚ ਪੀਲੂ ਦੀ ਕਬਰ ਦਾ ਵਰਣਨ ਹੈ ਜਿਹੜਾ ਇਹ ਸਿੱਧ ਕਰਦਾ ਹੈ ਕਿ ਪੀਲੂ ਮੁਸਲਮਾਨ ਸੀ। ਉਹ ਰਾਂਝਾ ਬਰਖ਼ੁਰਦਾਰ ਤੋਂ ਪਹਿਲਾਂ ਹੋਇਆ ਹੈ। ਉਹ ਵੱਡਾ ਕਵੀ ਸੀ ਜਿਹੜਾ ਵੱਡੀ ਪ੍ਰਤੀਭਾ ਦਾ ਮਾਲਕ ਸੀ ਪੀਲੂ ਦੀ ਰਚਨਾ ਵਿਚ ਚਿਤੌੜ ਤੇ ਬਹਾਦਰ ਰਾਜਪੂਤਾਂ ਜੈਮਲ ਫੱਤੇ ਤੇ ਦੁੱਲੇ ਭੱਟੀ ਦਾ ਜ਼ਿਕਰ ਆਉਂਦਾ ਹੈ। ਇਹ ਗੱਲ ਸਪਸ਼ਟ ਕਰਦੀ ਹੈ ਕਿ ਪੀਲੂ ਦਾ ਕਿੱਸਾ ਚਿਤੌੜ ਦੀ ਜੰਗ ਤੋਂ ਬਾਅਦ ਰਚਿਆ ਗਿਆ ਹੈ। ਬਾਵਾ ਬੁੱਧ ਸਿੰਘ ਦਾ ਕਹਿਣਾ ਹੈ ਕਿ ਪੀਲੂ ਦਾ ਪ੍ਰਾਪਤ ਕਿੱਸਾ ਕਾਵਿਧਾਰਾ ਗੁਣਾਂ ਤੋਂ ਉਤਨਾ ਉੱਚਾ ਨਹੀਂ ਜਿਤਨਾ ਉਸਦਾ ਨਾਂ ਹੈ। ਫੇਰ ਵੀ ਮਿਰਜ਼ਾ ਪੀਲੂ ਦੀ ਸ਼ਾਹਕਾਰ ਰਚਨਾ ਹੀ ਕਰੇਗਾ।

ਪੀਲੂ ਦੀ ਬੋਲੀ ਮਾਝੇ ਦੇ ਪਿੰਡਾਂ ਦੀ ਬੋਲੀ ਹੈ ਜਿਹੜੀ ਸੰਸਕ੍ਰਿਤੀ ਜਾਂ ਬ੍ਰਿਜ ਭਾਸ਼ਾ ਦੇ ਪ੍ਰਭਾਵ ਤੋਂ ਬਚੀ ਹੋਈ ਹੈ। ਲੋਕ ਪੱਧਰ ਤੇ ਕਿੱਸਾ ਬੇਹੱਦ ਹਰਮਨ ਪਿਆਰਾ ਹੈ। ਪੀਲੂ ਦੀ ਰਚਨਾ ਸੰਜਮ ਭਰਪੂਰ ਹੈ। ਘੱਟ ਤੋਂ ਘੱਟ ਸ਼ਬਦਾਂ ਵਿਚ ਬਹੁਤ ਕੁਝ ਕਹਿ ਦਿੱਤਾ ਹੈ :

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ
ਵਿਚ ਮਸੀਤ ਦੇ ਲੱਗੀਆਂ, ਜਾਣੇ ਕੁਲ ਜਹਾਨ।

ਮਿਰਜ਼ੇ ਦੀ ਸੁੰਦਰਤਾ

ਜਨਮ ਦਿੱਤਾ ਮਾਈ ਬਾਪ ਨੇ ਰੂਪ ਦਿੱਤਾ ਕਰਤਾਰ
ਐਸਾ ਮਿਰਜ਼ਾ ਸੂਰਮਾ ਖਰਲਾਂ ਦਾ ਸਰਦਾਰ।

ਹੀਰ ਦਾ ਕਿੱਸਾ ਪੱਛਮੀ ਪੰਜਾਬ ਵਿਚ ਵਧੇਰੇ ਹਰਮਨ ਪਿਆਰਾ ਹੈ। ਪੀਲੂ ਦਾ ਮਿਰਜ਼ਾ ਪੂਰਬੀ ਪੰਜਾਬ ਵਿਚ ਵਧੇਰੇ ਗਾਇਆ ਜਾਂਦਾ ਹੈ।

ਇਸ ਕਿੱਸੇ ਤੋਂ ਬਿਨਾਂ ਵੀ ਪੀਲੂ ਦੀਆਂ ਹੋਰ ਰਚਨਾਵਾਂ ਮੰਨੀਆਂ ਜਾਂਦੀਆਂ ਹਨ ਜੋ ਕਿ ਆਪਣੀ ਪੇਂਡੂ ਸਿੱਧ ਪੱਧਰੀ ਬੋਲੀ ਤੇ ਬਿਆਨ ਦੀ ਸਾਦਗੀ ਦੇ ਗੁਣ ਕਰਕੇ ਬੜੀਆਂ ਹਰਮਨ ਪਿਆਰੀਆਂ ਹਨ। ਮਿਰਜ਼ਾ ਪੀਲੂ ਦੀ ਰਚਨਾ ਪੰਜਾਬੀ ਦੀ ਪਹਿਲੀ ਦੁਖਾਂਤ ਭਾਵ ਵਾਲੀ ਰਚਨਾ ਹੈ। ਇਸ ਵਿਚ ਸ਼ਿੰਗਾਰ ਰਸ ਆਪਣੇ ਪੂਰੇ ਸਿਖਰ ਤੇ ਪਹੁੰਚਿਆ ਹੈ।

## ਵਾਰਿਸ ਸ਼ਾਹ

ਵਾਰਿਸ ਸ਼ਾਹ ਨੂੰ ਸਾਹਾਂ ਦਾ ਸ਼ਾਹ ਕਿਹਾ ਜਾਂਦਾ ਹੈ। ਸੱਯਦ ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਹਰਮਨ ਪਿਆਰਾ ਕਿੱਸਾ ਕਵੀ ਹੈ। ਉਸ ਦੀ ਰਚਨਾ ਹੀਰ ਪੰਜਾਬੀਆਂ ਦੀ ਅੰਜੀਲ ਮੰਨੀ ਜਾਂਦੀ ਹੈ। ਉਹ ਜੰਡਿਆਲਾ ਸ਼ੇਰ ਖ਼ਾਨ (ਜ਼ਿਲ੍ਹਾ ਸ਼ੇਖ਼ ਪੂਰਾ) ਪਾਕਿਸਤਾਨ ਦਾ ਰਹਿਣ ਵਾਲਾ ਸੀ। ਉਸਨੇ ਹੀਰ ਦਾ ਕਿੱਸਾ 1766 ਈ ਵਿਚ ਮੁਕੰਮਲ ਕੀਤਾ ਸੀ। ਹੀਰ ਦਾ ਕਿੱਸਾ ਲਿਖਣ ਵਾਲੇ ਵਾਰਿਸ ਤੋਂ ਪਹਿਲਾਂ ਦੇ ਕਵੀ ਦਮੋਦਰ, ਗੁਰਦਾਸ, ਹਾਮਿਦ, ਅਹਿਮਦ ਤੇ ਮੁਕਬਲ ਸਨ। ਜਦੋਂ ਕਿ ਅਹਿਮਦ ਯਾਰ, ਫਜਲ ਸ਼ਾਹ, ਕਿਸ਼ਨ ਸਿੰਘ ਆਰਿਫ਼, ਮੌਲਾ ਸ਼ਾਹ ਮਜੀਠਵੀ, ਲਾਹੌਰਾ ਸਿੰਘ ਤੇ ਭਗਵਾਨ ਸਿੰਘ ਆਦਿ ਕਵੀਆਂ ਨੇ ਵਾਰਿਸ ਤੋਂ ਮਗਰੋਂ ਦੇ ਕਿੱਸੇ ਦੀ ਰਚਨਾ ਕੀਤੀ ਹੈ। ਪਰ ਜਿਹੜੀ ਪ੍ਰਾਪਤੀ ਵਾਰਿਸ ਦੇ ਹਿੱਸੇ ਆਈ ਹੈ, ਉਹ ਲਾਜਵਾਬ ਹੈ।

ਵਾਰਿਸ ਨੇ ਹੀਰ ਤੋਂ ਬਿਨਾਂ ਹੋਰ ਕੋਈ ਰਚਨਾ ਕੀਤੀ ਹੋਵੇ, ਵੇਰਵਾ ਪ੍ਰਾਪਤ ਨਹੀਂ। ਉਸ ਦੀ ਸ਼ੈਲੀ ਨਾਟਕੀ ਹੈ। ਬੋਲੀ ਠੇਠ ਮੁਹਾਵਰੇਦਾਰ ਹੈ। ਉਹ ਸ਼ਬਦਾਂ ਦਾ ਚਿੱਤਰਕਾਰ ਹੈ। ਉਹ ਸੰਪਾਦਕੀ ਅੰਦਾਜ਼ ਵਿਚ ਕਥਾ ਬਿਆਨ ਕਰਦਾ ਹੈ। ਉਸ ਦੀ ਵਾਕਫ਼ੀਅਤ ਲਾਜਵਾਬ ਹੈ। ਵਾਰਿਸ ਦਾ ਇਸ਼ਕ ਸਿਧਾਂਤ ਨਿਰਾਲਾ ਹੈ। ਉਸ ਦੀਆਂ ਕਿੱਸਾ ਤੁਕਾਂ ਵਿਚ ਮੁਹਾਵਰਾ ਬਣਨ ਦੀ ਸਮਰੱਥਾ ਹੈ। ਉਸ ਦੀ ਰਚਨਾ ਵਿਚ ਮਨੁੱਖੀ ਅਨੁਭਵ ਦਾ ਕਲਾਮਈ ਬਿਆਨ ਹੈ। ਉਹ ਬਿਰਤਾਂਤ ਦਾ ਨਿਪੁੰਨ ਕਲਾਕਾਰ ਹੈ।

ਸੱਯਦ ਵਾਰਿਸ ਸ਼ਾਹ ਪੰਜਾਬੀ ਕਿੱਸਾ ਕਾਵਿਧਾਰਾ ਦਾ ਸਿਖਰ ਹੈ। ਵਾਰਿਸ ਦੀ ਲੋਕ ਪ੍ਰਿਯਤਾ ਦਾ ਕਾਰਨ ਉਸ ਦੇ ਕਿੱਸੇ ਹੀਰ ਵਿਚ ਲੋਕ ਅਪੀਲ, ਬਿਆਨ ਦੀ ਤਾਜ਼ਗੀ, ਇਸ਼ਕ ਦੇ ਚਟਕਾਰੇ ਤੇ ਕਾਵਿਧਾਰਾ ਰਸ ਹਨ। ਵਾਰਿਸ ਸੰਬੰਧੀ ਇਹ ਕਹਿਣਾ ਦਰੁਸਤ ਹੈ।

> ਦਿੱਤੀ ਜਿੰਦ ਤੂੰ ਹੀਰ ਸਲੇਟੀ ਨੂੰ
> ਦੇ ਗਈ ਸਦਾ ਦੀ ਜਿੰਦੜੀ ਹੀਰ ਤੈਨੂੰ

ਪਰ ਦੁਖਦਾਈ ਗੱਲ ਇਹ ਹੈ ਕਿ ਪੰਜਾਬੀ ਮਾਂ ਬੋਲੀ ਦੇ ਇਸ ਸਪੂਤ ਬਾਰੇ ਪ੍ਰਮਾਣਿਕ ਜਾਣਕਾਰੀ ਨਹੀਂ ਹੈ। ਵਾਰਿਸ ਦੇ ਕਿੱਸੇ ਵਿਚੋਂ ਮਿਲਦੀ ਜਾਣਕਾਰੀ ਅਨੁਸਾਰ

> ਵਾਰਿਸ ਸ਼ਾਹ ਵਸਨੀਕ ਜੰਡਿਆਲੇ ਦਾ
> ਤੇ ਸ਼ਗਿਰਤ ਮਖਦੂਮ ਕਸੂਰ ਦਾ ਈ।

ਡਾ ਮੋਹਨ ਸਿੰਘ ਦੀਵਾਨਾ ਵਾਰਿਸ ਦੀਆਂ ਕੁਝ ਹੋਰ ਭਾਵਨਾਵਾਂ ਦੀ ਹੋਂਦ ਵੀ ਸਵੀਕਾਰ ਕਰਦਾ ਹੈ ਜਿਹਾ ਕਿ ਕਿੱਸਾ ਸੱਸੀ ਪੁੰਨੂੰ ਤੇ ਸੀਹਰਫ਼ੀ ਲਾਹੌਰ। ਪਰੰਤੂ ਸਾਹਿਤਕ ਖੇਤਰਾਂ ਵਿਚ ਕੇਵਲ ਹੀਰ ਦਾ ਹੀ ਚਰਚਾ ਹੈ। ਇਸ ਦੇ ਰਚਨਾ ਕਾਲ ਬਾਰੇ ਵਾਰਿਸ ਦਾ ਕਥਨ ਹੈ :

> ਸੰਨ ਯਾਰਾਂ ਸੈ ਅੱਸੀ ਆ ਨਬੀ, ਹਿਜਰਤ
> ਲੰਮੇ ਦੇਸ਼ ਦੇ ਵਿਚ ਤਿਆਰ ਹੋਈ।

ਵਾਰਿਸ ਦੀ ਕਹਾਣੀ ਉਸ ਦੀ ਰਚਨਾ ਦੇ ਕਾਵਿਧਾਰਾ ਗੁਣ ਵਿਸ਼ੇਸ਼ ਹਨ। ਨਾਟਕੀ ਗੱਦ, ਵਾਸਤਵਿਕ ਪਾਤਰਾਂ ਦੀ ਉਸਾਰੀ, ਸਮੇਂ ਦੇ ਸਮਾਜ ਦਾ ਚਿੱਤਰ, ਧਾਰਮਿਕ ਹਾਲਤਾਂ ਦਾ ਲੇਖਾ ਜੋਖਾ, ਰਾਜਸੀ ਹਾਲਤਾਂ ਦੀ ਪੇਸ਼ਕਾਰੀ, ਕਲਾਮਈ ਢੰਗ ਨਾਲ ਹੋਈ ਹੈ। ਵਾਰਿਸ ਦੇ ਇਸ਼ਕ ਦਾ ਸਿਧਾਂਤ ਨਿਰਾਲਾ ਹੈ। ਜਿਵੇਂ :

> ਤਾਬ ਇਸ਼ਕ ਦੀ ਝੱਲਣੀ ਬੜੀ ਮੁਸ਼ਕਲ
> ਇਸ਼ਕ ਗੁਰੂ ਤੇ ਜੱਗ ਸਭ ਚੇਲੜਾ ਈ।

ਵਾਰਿਸ ਦੀ ਬੋਲੀ ਮਿਠਾਸ ਭਰੀ ਹੈ। ਉਸ ਦੇ ਗਿਆਨ ਦਾ ਸਰੋਤ ਅਮੁੱਕ ਹੈ। ਉਸ ਦੀ ਕਲਪਨਾ ਸ਼ਕਤੀ ਬਲਵਾਨ ਹੈ। ਵਾਰਿਸ ਸ਼ਾਹ ਵਿਚ ਹਰ ਪ੍ਰਕਾਰ ਦੇ ਮਨੁੱਖੀ ਅਨੁਭਵ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨ ਦੀ ਸਮਰੱਥਾ ਹੈ। ਉਹ ਵੰਨ ਸੁਵੰਨੀ ਬੋਲੀ ਦਾ ਸਹਿਨਸ਼ਾਹ ਹੈ। ਉਹ ਕਲਪਿਤ ਕਹਾਣੀ ਨੂੰ ਮੰਨਣਯੋਗ ਬਣਾਉਣ ਦੀ ਸਮਰੱਥਾ ਰੱਖਦਾ ਹੈ। ਸੱਚਮੁੱਚ ਵਾਰਿਸ ਸ਼ਾਹ ਸੁਖਨ ਦਾ ਵਾਰਿਸ ਹੈ।

## ਹਾਸ਼ਮ ਸ਼ਾਹ

1. ਹਾਸ਼ਮ ਸ਼ਾਹ ਰਣਜੀਤ ਸਿੰਘ ਕਾਲ ਦਾ ਚੋਟੀ ਦਾ ਕਿੱਸਾਕਾਰ ਹੋਇਆ ਹੈ।

2. ਹਾਸ਼ਮ ਸ਼ਾਹ ਦੇ ਜਨਮ ਅਸਥਾਨ ਤੇ ਜਨਮ ਤਰੀਕ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ।

3. ਬਾਵਾ ਬੁੱਧ ਸਿੰਘ ਨੇ ਹਾਸ਼ਮ ਦੇ ਜੀਵਨ ਬਾਰੇ ਹੇਠ ਲਿਖੇ ਵੇਰਵੇ ਦਿੱਤੇ ਹਨ।

4. ਹਾਸ਼ਮ ਦੇ ਪਿਤਾ ਦਾ ਨਾਂ ਕਾਸਮ ਸ਼ਾਹ ਸੀ।

5. ਇਹ ਜਾਤ ਦਾ ਤਰਖਾਣ ਸੀ, ਹਾਸ਼ਮ ਅਨਪੜ੍ਹ ਸੀ।

ਹਾਸ਼ਮ ਸ਼ਾਹ ਉੱਤੇ ਸੂਫ਼ੀ ਵਿਚਾਰਧਾਰਾ ਦਾ ਚੋਖਾ ਪ੍ਰਭਾਵ ਹੈ। ਉਹ ਸਿੱਖ ਰਾਜ ਕਾਲ ਦਾ ਉੱਘਾ ਕਵੀ ਨਹੀਂ ਸਗੋਂ ਸਮੁੱਚੀ ਪੰਜਾਬੀ ਕਿੱਸਾ ਜਗਤ ਦਾ ਮਾਣ ਹੈ। ਡਾ ਮੋਹਨ ਸਿੰਘ ਦੀਵਾਨਾ ਦੋਹੜਿਆਂ ਸਦਕਾ ਹਾਸ਼ਮ ਨੂੰ ਪੰਜਾਬੀ ਦਾ ਉਮਰੇ ਕਿਆਮ ਮੰਨਦੇ ਹਨ ਡਾ ਹਰਨਾਮ ਸਿੰਘ ਖ਼ਿਆਲ ਅਨੁਸਾਰ ਜੇ ਕਿੱਸਾ ਜਗਤ ਦਾ ਸੂਰਜ ਵਾਰਸ ਸ਼ਾਹ ਹੈ ਤਾਂ ਹਾਸ਼ਮ ਨੂੰ ਚੰਨ ਹੋਣ ਦਾ ਮਾਣ ਹਾਸਲ ਹੈ। ਹਾਸ਼ਮ ਨੇ ਮੁੱਢਲੀ ਵਿੱਦਿਆ ਆਪਣੇ ਪਿਤਾ ਕੋਲੋਂ ਪ੍ਰਾਪਤ ਕੀਤੀ। ਫੇਰ ਉਰਦੂ, ਹਿੰਦੀ, ਫ਼ਾਰਸੀ, ਅਰਬੀ, ਜੋਤਸ਼ੀ ਹਿਕਮਤ, ਪਿੰਗਲ ਆਦਿ ਜਾਣਕਾਰੀ ਵੀ ਹਾਸਲ ਕੀਤੀ। ਹਾਸ਼ਮ ਦੇ ਪਿਤਾ ਵੀ ਹਿਕਮਤ ਦਾ ਧੰਦਾ ਕਰਦੇ ਸਨ। ਇਸੇ ਕਾਰਨ ਹਾਸ਼ਮ ਸ਼ਾਹ ਵੀ ਪੀਰ ਹਾਸ਼ਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਹਾਸ਼ਮ ਸ਼ਾਹ ਨੇ ਹੀਰ ਰਾਂਝੇ ਦੀ ਬਿਰਤੀ, ਕਿੱਸਾ ਸੋਹਣੀ ਮਹੀਂਵਾਲ, ਕਿੱਸਾ ਸੱਸੀ ਪੁੰਨੂੰ, ਕਿੱਸਾ ਮਹਿਮੂਦ ਸ਼ਾਹ ਗ਼ਜ਼ਨਵੀ, ਸ਼ੀਰੀਂ ਫ਼ਰਹਾਦ ਤੋਂ ਉਪਰੰਤ ਦੋਹੜੇ, ਡਿਉਢਾ, ਸਿਹਰਫ਼ੀਆਂ ਆਦਿ ਦੀ ਵੀ ਰਚਨਾ ਕੀਤੀ ਹੈ। ਪੰਜਾਬੀ ਤੋਂ ਬਿਨਾਂ ਆਪ ਨੇ ਹਿੰਦੀ ਵਿਚ ਸਲੋਕ ਚਿੰਤਾ ਹਰ ਅਤੇ ਟੀਕਾ ਪੰਜ ਗ੍ਰੰਥੀ ਆਦਿ ਤੇ ਫ਼ਾਰਸੀ ਵਿਚ ਇਕ ਦੀਵਾਨ ਦੀ ਰਚਨਾ ਕੀਤੀ ਹੈ। ਇਸ਼ਕ ਬਾਰੇ ਹਾਸ਼ਮ ਦਾ ਕਹਿਣਾ ਹੈ :

ਆਸ਼ਕ ਬਣਨਾ ਸੂਲੀ ਚੜ੍ਹਨਾ, ਨਾਹੀ ਕਾਰ ਸੁਖਾਲੀ
ਰਾਤ ਪਈ, ਬਹਿ ਪਾਸ ਪੁੰਨੂੰ ਦੇ ਜੀਭ ਮਿੱਠੀ ਦਿਲ ਕਾਲੇ

## ਕਾਦਰਯਾਰ

1.ਹਾਸ਼ਮ ਸ਼ਾਹ ਵਾਂਗ ਕਾਦਰਯਾਰ ਵੀ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਕਵੀ ਹੈ।

2.ਕਾਦਰ ਯਾਰ ਦਾ ਜਨਮ 1805 ਈ ਵਿਚ ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਦੇ ਪਿੰਡ ਮਾਛੀਕੇ ਵਿਚ ਹੋਇਆ ਹੈ, ਜੀਵਨ ਵੇਰਵਾ ਵਿਸਥਾਰ ਨਾਲ ਪ੍ਰਾਪਤ ਨਹੀਂ ਹੈ। ਕਿਹਾ ਜਾਂਦਾ ਹੈ ਕਿ ਕਾਦਰ ਯਾਰ ॥ਸੰਧੂ ਜੱਟ ਜਾਤੀ ਵਿਚੋਂ ਸੀ।

3. ਮਹਿਰਾਜ ਨਾਮਾਂ, ਰੋਸ਼ਨਾਮਾ, ਪੂਰਨ ਭਗਤ, ਰਾਜਾ ਰਸਾਲੂ, ਵਾਰ ਰਾਣੀ ਕੋਇਲਾਂ ਕਾਦਰਯਾਰ ਦੀਆਂ ਰਚਨਾਵਾਂ ਹਨ।

4. ਪੂਰਨ ਭਗਤ ਦੀ ਵਾਰ, ਵਾਰ ਸੋਹਣੀ ਮਹੀਂਵਾਲ ਤੇ ਵਾਰ ਹਰੀ ਸਿੰਘ ਨਲੂਆ ਵੀ ਕਾਦਰਯਾਰ ਦੀ ਰਚਨਾ ਮੰਨੀ ਜਾਂਦੀ ਹੈ।

5. ਸੀਹਰਫ਼ੀਆਂ ਵਿਚ ਰਚਿਆ ਕਿੱਸਾ ਪੂਰਨ ਭਗਤ ਸਭ ਤੋਂ ਪ੍ਰਸਿੱਧ ਰਚਨਾ ਹੈ। ਇਸ ਰਚਨਾ; ਵਿਚ ਲੋਕ ਅਪੀਲ ਹੈ। ਬੌਧਿਕਤਾ ਤੇ ਵਿਦਵਤਾ ਦਾ ਬੋਝਲ ਪੁਣਾ ਨਹੀਂ ਹੈ।

6. ਕਾਦਰ ਯਾਰ ਝਨਾਂ ਨੂੰ ਇਸ਼ਕ ਦੇ ਦਰਿਆ ਦੇ ਰੂਪ ਵਿਚ ਅਤੇ ਇਸਤਰੀ ਦੇ ਮਮਤਾ, ਪ੍ਰੇਮਿਕਾ ਅਤੇ ਸੌਂਕਣ ਦੇ ਰੂਪ ਨੂੰ ਕਲਾਤਮਕ ਰੰਗ ਵਿਚ ਪੇਸ਼ ਕਰ ਸਕਿਆ ਹੈ।

7. ਕਾਦਰ ਯਾਰ ਹਰਮਨ ਪਿਆਰਾ ਕਿੱਸਾ ਕਵੀ ਹੈ।

ਕਾਦਰਯਾਰ ਦੀ ਕਿੱਸਾਕਾਰੀ ਦਾ ਹੁਨਰ ਅਤਿਅੰਤ ਪ੍ਰਭਾਵਸ਼ਾਲੀ ਹੈ। ਪੰਜਾਬੀ ਕਿੱਸਾ ਜਗਤ ਵਿਚ ਵਾਰਿਸ ਸ਼ਾਹ ਤੇ ਹਾਸ਼ਮ ਸ਼ਾਹ ਤੋਂ ਮਗਰੋਂ ਕਾਦਰਯਾਰ ਨੂੰ ਹੀ ਲੋਕਪ੍ਰਿਯਤਾ ਪ੍ਰਾਪਤ ਹੋਈ ਹੈ। ਕਾਦਰਯਾਰ ਬਹੁਤ ਪੜ੍ਹਿਆ ਲਿਖਿਆ ਨਹੀਂ ਸੀ। ਉਹ ਆਪਣੇ ਆਪ ਬਾਰੇ ਲਿਖਦਾ ਹੈ।

ਪੂਰਨ ਭਗਤ ਦੀ ਗੱਲ ਸੁਣਾਇਕੇ ਜੀ
ਇਕ ਖੂਹ ਇਨਾਮ ਲਿਖਾਇਆ ਮੈਂ

ਡਾ ਮੋਹਨ ਸਿੰਘ ਦੀਵਾਨਾ ਕਾਦਰਯਾਰ ਨੂੰ ਸਾਦ ਮੁਰਾਦੀ ਸ਼ੈਲੀ ਦਾ ਧਾਰਨੀ ਕਵੀ ਮੰਨਦਾ ਹੈ। ਮੌਲਾ ਬਖ਼ਸ਼ ਕੁਸ਼ਤਾ ਦਾ ਕਹਿਣਾ ਹੈ ਕਿ ਪੂਰਨ ਭਗਤ ਦਾ ਕਿੱਸਾ ਬਹੁਤ ਪ੍ਰਸਿੱਧ ਹੋਇਆ ਹੈ। ਇਹ ਕਿੱਸਾ ਲੱਖਾਂ ਦੀ ਗਿਣਤੀ ਵਿਚ ਛਪ ਕੇ ਵਿਕਿਆ ਹੈ। ਕਾਦਰਯਾਰ ਦੀ ਰਚਨਾ

ਸਾਧਾਰਨ ਪਾਠਕ ਤੇ ਪੜ੍ਹੇ ਲਿਖੇ ਪਾਠਕ ਦੋਵਾਂ ਨੂੰ ਪ੍ਰਭਾਵਿਤ ਕਰਦੀ ਹੈ। ਕਾਦਰਯਾਰ ਦੀ ਰਚਨਾ ਵਿਚ ਮਾਨਵੀ ਕਦਰਾਂ ਕੀਮਤਾਂ ਦੀ ਗੱਲ ਅਨੋਖੇ ਢੰਗ ਨਾਲ ਹੋਈ ਹੈ। ਉਸ ਦਾ ਕਿੱਸਾ ਪੂਰਨ ਭਗਤ ਸਦਾਚਾਰਕ ਕਿੱਸਿਆਂ ਦੀ ਸ਼੍ਰੇਣੀ ਵਿਚ ਪਹਿਲੇ ਸਥਾਨ ਤੇ ਰੱਖਿਆ ਜਾਂਦਾ ਹੈ। ਕਾਦਰਯਾਰ ਸੀਹਰਫ਼ੀ ਕਾਵਿਧਾਰਾ ਦਾ ਉਸਤਾਦ ਹੈ। ਪੰਜਾਬੀ ਕਿੱਸਾ ਕਾਵਿਧਾਰਾ ਵਿਚ ਸ਼ਾਇਦ ਸੀਹਰਫ਼ੀ ਕਾਵਿਧਾਰਾ ਰੂਪ ਵਿਚ ਲਿਖਿਆ ਇਹ ਪਹਿਲਾ ਕਿੱਸਾ ਹੈ ਜਿਸ ਨੇ ਕਿੱਸਾਕਾਰੀ ਤੇ ਸੀਹਰਫ਼ੀ ਕਾਵਿਧਾਰਾ ਨੂੰ ਬਰਾਬਰ ਦੀ ਮਾਨਤਾ ਦਿਵਾਈ ਹੈ। ਪੂਰਨ ਭਗਤ ਕਾਦਰਯਾਰ ਦੀ ਸ਼ਾਹਕਾਰ ਰਚਨਾ ਹੈ।

## ਪੰਜਾਬੀ ਵਾਰ ਸਾਹਿਤ

ਵਾਰ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੀ (ਵ੍ਰਿ) ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਵਾਰ ਕਰਨਾ ਜਾਂ ਵਾਰ ਰੋਕਣਾ ਹੈ। ਕਈ ਵਿਦਵਾਨ ਵਾਰ ਨੂੰ ਜੱਸ ਦੀ ਕਵਿਤਾ ਵੀ ਕਹਿੰਦੇ ਹਨ। ਜੱਸ ਦੇ ਅਰਥਾਂ ਵਿਚ ਸੰਸਕ੍ਰਿਤ ਵਿਚ ਇਸ ਨਾਮ ਦੀ ਕਵਿਤਾ ਪ੍ਰਸਿੱਧ ਹੈ। ਤੇਰ੍ਹਵੀਂ ਸਦੀ ਵਿਚ ਚਾਂਦ ਬਰ ਦਾਈ ਨੇ ॥ਪ੍ਰਿਥਵੀ ਰਾਜ ਰਾਇਸੋ ਲਿਖਿਆ। ਗੁਰੂ ਅਮਰਦਾਸ ਦੀ ਬਾਣੀ ਵਿਚ ਵੀ ਰਾਈਸ ਜੱਸ ਦੇ ਅਰਥਾਂ ਵਿਚ ਹੀ ਆਇਆ ਹੈ। ਉਂਝ ਵੀ ਜੇ ਦੇਖਿਆ ਜਾਵੇ ਤਾਂ ਵਾਰ ਕਾਵਿਧਾਰਾ ਰੂਪ ਜੱਸ ਦੀ ਕਵੱਤਾ ਹੀ ਹੁੰਦਾ ਹੈ। ਵਾਰ ਵਿਚ ਕਿਸੇ ਯੋਧੇ ਦੀ ਬੀਰਤਾ ਦਾ ਬਿਆਨ ਜੱਸ ਮਈ ਹੁੰਦਾ ਹੈ। ਵੀਰ ਰਸ ਦੇ ਢੁੱਕੇਂ ਪ੍ਰਗਟਾਵੇ ਲਈ ਵਾਰ ਇਕ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ। ਯੁੱਧ ਦਾ ਬਿਰਤਾਂਤ, ਬੀਰਤਾ ਭਰਿਆ ਵਾਯੂ ਮੰਡਲ ਅਤੇ ਨਾਇਕ ਦੀ ਪ੍ਰਸੰਸਾ ਕਰਕੇ, ਉਸ ਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ, ਵਾਰ ਦੇ ਵਿਸ਼ੇਸ਼ ਲੱਛਣ ਹਨ। ਪਰ ਵਾਰ ਵਿਚ ਸਾਲਮ, ਜਾਬਰ ਅਤੇ ਅਪਰਾਧੀ ਦੀ ਪ੍ਰਸੰਸਾ ਨਹੀਂ ਕੀਤੀ ਜਾਂਦੀ।

ਰੂਪ ਰਚਨਾ ਦੇ ਪੱਖ ਤੋਂ ਵਾਰ ਦਾ ਰੂਪਾਕਾਰ ਕਿਸੇ ਯੁੱਧ ਦੇ ਕਥਾਨਕ ਦੁਆਲੇ ਕਾਵਿਧਾਰਾਕ ਬਿਰਤਾਂਤ ਨੂੰ ਸੰਗਠਿਤ ਕਰਦਾ ਹੈ। ਇਸ ਲਈ ਇਸ ਰੂਪਾਕਾਰ ਦੀਆਂ ਰਚਨਾ ਰੂੜ੍ਹੀਆਂ ਕਵਿਤਾ ਅਤੇ ਬਿਰਤਾਂਤ ਦੋਹਾਂ ਵਿਧੀਆਂ ਨਾਲ ਹੀ ਸੰਬੰਧਿਤ ਹਨ। ਵਾਰ ਨੂੰ ਪਉੜੀ ਵੀ ਕਿਹਾ ਜਾਂਦਾ ਹੈ। ਅਸਲ ਵਿਚ ਵਾਰ ਦੀ ਰਚਨਾ ਛੋਟੇ ਛੋਟੇ ਪਰ ਸਮਾਨ ਆਕਾਰ ਵਾਲੇ ਕਾਵਿਧਾਰਾ ਬੰਦਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਲਈ ਇਸ ਨੂੰ ਪਉੜੀ ਆਖਿਆ ਜਾਣ ਲੱਗਾ। ਪਉੜੀ ਛੰਦ ਨਹੀਂ ਬਲਕਿ ਵਾਰ ਦਾ ਕਾਵਿਧਾਰਾ ਰੂਪ ਹੈ। ਅੱਗੋਂ ਵਾਰ ਦੀਆਂ ਪਉੜੀਆਂ ਵਿਚ ਛੰਦ, ਲੈਅ ਅਤੇ ਤੋਲ ਤੁਕਾਂਤ ਦੀ ਏਕਤਾ ਦਾ ਖ਼ਿਆਲ ਰੱਖਿਆ ਜਾਂਦਾ ਹੈ। ਆਦਿ ਗ੍ਰੰਥ ਦੀਆਂ ਵਾਰਾਂ ਵਿਚ ਅਨੇਕਾਂ ਛੰਦਾਂ ਨੂੰ ਪਉੜੀ ਦਾ ਸਿਰਲੇਖ ਦਿੱਤਾ ਗਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੇ ਪਦ ਵੀ ਪਉੜੀ ਨਾਂ ਨਾਲ ਹੀ ਪ੍ਰਸਿੱਧ ਹਨ। ਜਪੁਜੀ, ਅਨੰਦ ਸਾਹਿਬ ਆਦਿ ਬਾਣੀਆਂ ਦੇ ਹਰੇਕ ਬੰਦ ਨੂੰ ਪਉੜੀ ਹੀ ਕਿਹਾ ਗਿਆ ਹੈ। ਸੁਖਮਨੀ ਸਾਹਿਬ ਦੀਆਂ 24 ਅਸ਼ਟਪਦੀਆਂ ਹਨ ਅਤੇ ਹਰੇਕ ਅਸ਼ਟਪਦੀ ਵਿਚ ਅੱਠ ਪਉੜੀਆਂ ਹਨ। ਵਾਰ ਰਚਨਾ ਲਈ ਨਿਸ਼ਾਨੀ ਜਾਂ ਸਿਰਖੰਡੀ ਛੰਦ ਹੀ ਢੁਕਵੇਂ ਮੰਨੇ ਗਏ ਹਨ। ਪਰੰਪਰਾ ਅਨੁਸਾਰ ਵਾਰਾਂ ਨੂੰ ਡੂਮ, ਢਾਡੀ ਜਾਂ ਠੇਠ, ਖੜਕਵੀਂ ਅਤੇ ਜ਼ੋਰਦਾਰ ਹੁੰਦੀ ਹੈ। ਵਾਰ ਗਾਇਣ ਦਾ ਮੰਤਵ ਦੂਹਰਾ ਹੁੰਦਾ ਸੀ ਇਕ ਤਾਂ ਲੋਕਾਂ ਦਾ ਮਨੋਰੰਜਨ ਕਰਨਾ ਅਤੇ ਉੱਚ ਸ਼੍ਰੇਣੀਆਂ ਦੇ ਕਾਰਨਾਮੇ ਸੁਣਾ ਕੇ ਲੋਕਾਂ ਵਿਚ ਬੀਰ ਰਸ ਨੂੰ ਜਗਾਉਣਾ ਅਤੇ ਜਬਰ ਜ਼ੁਲਮ ਵਿਰੁੱਧ ਲੜ ਮਰਨ ਦੀ ਪ੍ਰੇਰਨਾ ਦੇਣੀ।

**ਪੰਜਾਬੀ ਵਾਰ ਸਾਹਿਤ ਦੀ ਪ੍ਰਾਚੀਨਤਾ** -ਪੰਜਾਬੀ ਵਿਚ ਵਾਰ ਗਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਪੰਜਾਬੀ ਵਾਰ ਸਾਹਿਤ ਦੀ ਪ੍ਰਾਚੀਨਤਾ ਦੇ ਸੰਕੇਤ ਸਾਨੂੰ ਆਦਿ ਗ੍ਰੰਥ ਵਿਚ ਮਿਲਦੇ ਹਨ। ਆਦਿ ਗ੍ਰੰਥ ਵਿਚ 22 ਵਾਰਾਂ ਦਰਜ ਹਨ। ਇਨ੍ਹਾਂ ਵਿਚੋਂ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਪੂਰਵ ਪ੍ਰਚੱਲਿਤ ਲੋਕ ਵਾਰਾਂ ਦੀਆਂ ਧੁਨੀਆਂ ਉੱਤੇ ਗਾਉਣ ਦਾ ਨਿਰਦੇਸ਼ ਹੇਠ ਲਿਖੇ ਅਨੁਸਾਰ ਅੰਕਿਤ ਹਨ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ। ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।
2. ਗਉੜੀ ਕੀ ਵਾਰ ਮਹੱਲਾ ਰਾਇ ਕਮਾਲ ਕੀ ਮੋਜ ਕੀ ਵਾਰ ਕੀ ਧੁਨਿ ਉਪਰਿ ਗਾਵਣੀ।
3. ਆਸਾ ਮਹੱਲਾ ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ।
4. ਗੁਜਰੀ ਵਾਰ ਮਹੱਲਾ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਵਣੀ
5. ਵਡਹੰਸ ਕੀ ਵਾਰ ਮਹੱਲਾ ਲਲਾ ਬਿਰਾਹਿਮ ਕੀ ਵਾਰ ਕੀ ਧੁਨੀ ਗਾਵਣੀ
6. ਰਾਮਕਲੀ ਕੀ ਵਾਰ ਮਹੱਲਾ ਜੋਧੇ ਵੀਰੇ ਪੁਰਬਾਣੀ ਕੀ ਧੁਨੀ।
7. ਸਾਰੰਗ ਕੀ ਵਾਰ ਮਹੱਲਾ ਰਾਇ ਮਹਮੇ ਹਸਨੇ ਕੀ ਧੁਨੀ।
8. ਵਾਰ ਮਲਾਰ ਕੀ ਮਹੱਲਾ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ।

੭. ਕਾਨੜੇ ਕੀ ਵਾਰ ਮਹੱਲਾ ਮੂਸੇ ਕੀ ਵਾਰ ਕੀ ਧੁਨੀ।

ਇਨ੍ਹਾਂ ਸੰਕੇਤਾਂ ਤੋਂ ਇਸ ਤੱਥ ਦੀ ਪਰੋੜ੍ਹਤਾ ਸਹਿਵਾਨ ਹੀ ਹੋ ਜਾਂਦੀ ਹੈ ਕਿ ਗੁਰੂ ਸਾਹਿਬਾਨਾਂ ਤੋਂ ਪਹਿਲਾਂ ਪੰਜਾਬੀ ਲੋਕ ਵਿਰਸੇ ਵਿਚ ਵਾਰ ਕਾਵਿਧਾਰਾ ਰੂਪ ਪ੍ਰਸਿੱਧੀ ਹਾਸੋਲ ਕਰ ਚੁੱਕਿਆ ਸੀ। ਇਸੇ ਲਈ ਗੁਰੂਆਂ ਨੇ ਆਪਣੇ ਅਧਿਆਤਮਕ ਸੰਦੇਸ਼ ਲਈ ਹੋਰਨਾਂ ਲੋਕ ਕਾਵਿਧਾਰਾ-ਰੂਪਾਂ ਦੇ ਨਾਲ ਨਾਲ ਲੋਕ ਵਾਰ ਦੇ ਰੂਪ ਨੂੰ ਉਚਿੱਤ ਸਮਝਿਆ। ਭਾਵੇਂ ਇਨ੍ਹਾਂ ਲੋਕ ਵਾਰਾਂ ਬਾਰੇ ਸਾਨੂੰ ਕਿਸੇ ਲਿਖਤੀ ਇਤਿਹਾਸਕ ਵਿਅਕਤੀਆਂ ਤੋਂ ਜਾਣਕਾਰੀ ਹਾਸਲ ਨਹੀਂ ਹੁੰਦੀ ਪਰ ਇਨ੍ਹਾਂ ਦੀ ਕਥਾ ਸਮਗਰੀ ਵਿਸ਼ੇਸ਼ ਇਤਿਹਾਸਕ ਵਿਅਕਤੀਆਂ ਨਾਲ ਸੰਬੰਧਿਤ ਹੋਣ ਦੀ ਸਾਖੀ ਭਰਦੀ ਹੈ। ਇਨ੍ਹਾਂ ਵਿਚੋਂ 6 ਵਾਰਾਂ ਦੇ ਕਥਾਨਕ ਤਾਂ ਇਸਲਾਮੀ ਹਕੂਮਤ ਦੇ ਮੁੱਢਲੇ ਦੌਰ ਦੀ ਸਾਹਦੀ ਭਰਦੇ ਹਨ ਅਤੇ 3 ਵਾਰਾਂ (ਮਲਕ ਮੁਰੀਦ, ਜੋਧੇ ਵੀਰੇ ਪੂਰਬਾਣੀ ਅਤੇ ਰਾਏ ਕੈਲਾਸ ਦੀ ਵਾਰ) ਵਿਚਲੇ ਕਥਾਨਕ ਮੁਗ਼ਲ ਬਾਦਸ਼ਾਹ ਅਕਬਰ ਅਤੇ ਜਹਾਂਗੀਰ ਦੇ ਸਮੇਂ ਨਾਲ ਸੰਬੰਧਿਤ ਹਨ। ਇਨ੍ਹਾਂ ਵਾਰਾਂ ਵਿਚੋਂ ਸਮਕਾਲੀ ਸਰਦਾਰਾਂ ਦੀ ਆਪਸੀ ਖਿੱਚੋਤਾਣ ਦਾ ਝਲਕਾਰਾ ਪੈਂਦਾ ਹੈ। ਇਨ੍ਹਾਂ ਵਿਚ ਛੋਟੇ ਛੋਟੇ ਸਥਾਨਕ ਯੁੱਧਾਂ ਦਾ ਜ਼ਿਕਰ ਹੈ।

## ਪੰਜਾਬੀ ਵਾਰ ਸਾਹਿਤ : ਪਹਿਲਾ ਵਿਕਾਸ ਪੜਾਅ (1500-1700)

ਪੰਜਾਬੀ ਸਾਹਿਤ ਦਾ ਮੁੱਢਲਾ ਸਮਾਂ ਰਾਜਸੀ ਤੌਰ ਤੇ ਗੜਬੜੀ ਵਾਲਾ ਸਮਾਂ ਸੀ। ਮੁਸਲਮਾਨੀ ਰਾਜ ਸਹਿਜੇ ਸਹਿਜੇ ਪੱਕਾ ਹੋ ਰਿਹਾ ਸੀ ਅਤੇ ਹਿੰਦੂ ਸ਼ਾਹੀ ਢਹਿੰਦੀਆਂ ਕਲਾ ਵੱਲ ਜਾ ਰਹੀ ਸੀ। ਲੋਕ ਗੁਲਾਮ ਜ਼ਿਹਨੀਅਤ ਦਾ ਸ਼ਿਕਾਰ ਹੋ ਗਏ ਸਨ। ਇਸ ਲਈ ਪੰਜਾਬ ਵਾਸੀਆਂ ਨੇ ਇਸ ਸਮੇਂ ਜਰਵਾਣਿਆਂ ਵਿਰੁੱਧ ਕੋਈ ਵੀ ਵੱਡੀ ਲੜਾਈ ਨਹੀਂ ਲੜੀ। ਪੰਜਾਬ ਅੰਦਰ ਕੋਈ ਵੀ ਐਸਾ ਬਹਾਦਰ ਯੋਧਾ ਪੈਦਾ ਨਹੀਂ ਹੋਇਆ। ਜੋ ਵਾਰ ਦਾ ਨਾਇਕ ਬਣਨ ਦੇ ਯੋਗ ਹੋਵੇ। ਇਸ ਕਰਕੇ ਮੁੱਢਲੇ ਦੌਰ ਵਿਚ ਜੋ ਵਾਰਾਂ ਰਚੀਆਂ ਗਈਆਂ, ਉਨ੍ਹਾਂ ਵਿਚ ਯੁੱਧ ਖੇਤਰ ਦੇ ਨਜ਼ਾਰੇ, ਸੂਰਮਿਆਂ ਦੇ ਭੇੜ ਅਤੇ ਹਥਿਆਰਾਂ ਦੀ ਲਿਸ਼ਕ ਵਿਖਾਈ ਨਹੀਂ ਦਿੰਦੀ।

ਪਰ ਨਾਨਕ ਕਾਲ (1500-1700) ਦੌਰਾਨ ਪੰਜਾਬੀ ਦੇ ਵਾਰ ਸਾਹਿਤ ਦਾ ਭਰਪੂਰ ਵਿਕਾਸ ਹੁੰਦਾ ਹੈ। ਇਸ ਕਾਲ ਦੌਰਾਨ ਗਿਣਾਤਮਿਕ ਅਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਹੀ ਸਭ ਕਾਲਾਂ ਤੋਂ ਵੱਧ ਵਾਰਾਂ ਲਿਖੀਆਂ ਗਈਆਂ। ਗਿਣਤੀ ਦੇ ਪੱਖ ਤੋਂ ਸਭ ਤੋਂ ਵੱਧ ਵਾਰਾਂ ਲਿਖਣ ਵਾਲਾ ਮਹਾਂ ਕਵੀ ਭਾਈ ਗੁਰਦਾਸ ਵੀ ਇਸੇ ਕਾਲ ਵਿਚ ਹੋਈਆ। ਭਾਈ ਗੁਰਦਾਸ ਨੇ 40 ਵਾਰਾਂ ਲਿਖੀਆਂ। 22 ਵਾਰਾਂ ਗੁਰੂ ਸਾਹਿਬਾਨਾਂ ਨੇ ਲਿਖੀਆਂ ਜੋ ਕਿ ਆਦਿ ਗ੍ਰੰਥ ਵਿਚ ਦਰਜ ਹਨ। ਜਿਨ੍ਹਾਂ 9 ਵਾਰਾਂ ਦਾ ਜ਼ਿਕਰ ਅਸੀਂ ਆਦਿ ਕਾਲ ਦੇ ਪ੍ਰਸੰਗ ਵਿਚ ਕੀਤਾ ਹੈ, ਉਨ੍ਹਾਂ ਵਿਚੋਂ 3 ਵਾਰਾਂ ਦਾ ਕਥਾਨਕ ਵੀ ਇਸੇ ਕਾਲ ਨਾਲ ਸੰਬੰਧਿਤ ਹੈ। ਪਰ ਸਭ ਤੋਂ ਅਜੀਬ ਤੱਥ ਇਹ ਹੈ ਕਿ ਇਸ ਕਾਲ ਦੌਰਾਨ ਵੱਖ ਵੱਖ ਵਾਰਕਾਰਾਂ ਵੱਲੋਂ ਵਾਰ ਕਾਵਿ ਰਚਨਾ ਤੁੜ੍ਹੀਆਂ ਦਾ ਪ੍ਰਯੋਗ ਵੱਖ ਵੱਖ ਸੰਰਚਨਾਵਾਂ ਘੜਨ ਲਈ ਕੀਤਾ ਗਿਆ। ਇਸ ਕਾਲਖੰਡ ਵਿਚ ਜਿੱਥੇ ਇੱਕ ਪਾਸੇ ਅਧਿਆਤਮਕ ਵਾਰਾਂ ਆਪਣੇ ਲੈਕਿਕ ਰੂਪਾਕਾਰ ਤੋਂ ਟੁੱਟ ਕੇ ਇੱਕ ਵੱਖਰੇ ਰੂਪਾ ਕਾਰਾਂ ਨੂੰ ਵਿਕਸਿਤ ਕਰਨ ਦਾ ਵਸੀਲਾ ਬਣਦੀਆਂ ਹਨ। ਉਥੇ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਚੰਡੀ ਦੀ ਵਾਰ ਪੰਜਾਬੀ ਦੀ ਲੋਕ ਵਾਰ ਪਰੰਪਰਾ ਦੇ ਵੀਰ ਰਸੀ ਸਾਹਿਤ ਨੂੰ ਵਿਕਾਸ ਦੀ ਇੱਕ ਨਵੀਂ ਸਿਖਰ ਪ੍ਰਦਾਨ ਕਰਦੀ ਹੈ। ਇਹ ਇੱਕ ਅਜਿਹੀ ਰਚਨਾ ਹੈ ਜਿਹੜੀ ਅਧਿਆਤਮਕ ਅਤੇ ਬੀਰ ਕਾਵਿਧਾਰਾ ਦਾ ਉੱਤਮ ਸੰਜੋਗ ਹੈ। ਗੁਰੂ ਸਾਹਿਬਾਨਾਂ ਦੀਆਂ ਵਾਰਾਂ ਪਰੰਪਰਾਈ ਵਾਰ ਦੇ ਸਿਰਫ਼ ਬਾਹਰੀ ਰੂਪ ਦਾ ਹੀ ਅਨੁਸਰਨ ਕਰਦੀਆਂ ਹਨ। ਵਿਸ਼ਾ-ਵਸਤੂ ਦੇ ਪੱਖ ਤੋਂ ਇਹ ਵਾਰਾਂ ਮੁੱਖ ਤੌਰ ਤੇ ਦਾਰਸ਼ਨਿਕ ਸਮੱਸਿਆਵਾਂ ਨਾਲ ਜੂਝਦੀਆਂ ਹਨ। ਵਾਰ ਰਚਨਾ ਆਪਣੇ ਮੂਲ ਸੁਭਾਅ ਵਿਚ ਕਾਵਿਧਾਰਾਕ ਬਿਰਤਾਂਤ ਦੀ ਜੁਗਤ ਨੂੰ ਅਪਣਾਉਂਦੀ ਹੈ। ਪਰ ਗੁਰੂ ਸਾਹਿਬਾਨਾਂ ਨੇ ਵਾਰ ਦੇ ਬਿਰਤਾਂਤੀ ਆਧਾਰ ਨੂੰ ਰੱਦ ਕਰ ਦਿੱਤਾ। ਇਨ੍ਹਾਂ ਵਾਰਾਂ ਵਿਚ ਵਿਸ਼ੇਸ਼ ਮਨੁੱਖੀ ਪਾਤਰ ਦਾ ਬਿਰਤਾਂਤ ਨਹੀਂ ਬਲਕਿ ਮਨੁੱਖ ਦੀ ਅਧਿਆਤਮਕ ਅਵਸਥਾ ਦਾ ਜ਼ਿਕਰ ਹੈ। ਇੱਥੇ ਗੁਰਮਤਿ ਦੀ ਦੁਰਮਤ ਉੱਤੇ ਜਿੱਤ ਵਿਖਾਈ ਗਈ ਹੈ। ਦੂਜੇ ਪਾਸੇ ਭਾਈ ਗੁਰਦਾਸ ਦੀਆਂ ਵਾਰਾਂ, ਗੁਰੂ ਸਾਹਿਬਾਨਾਂ ਦੀਆਂ ਵਾਰਾਂ ਨਾਲੋਂ ਕੁਝ ਵਿਲੱਖਣ ਹਨ। ਇਨ੍ਹਾਂ 40 ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਗੁਰਬਾਣੀ ਦੇ ਸਿਧਾਂਤਕ ਪੱਖਾਂ ਦੀ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਵਿਚੋਂ ਵੀ ਪਹਿਲੀ ਵਾਰ ਬਾਕੀ ਨਾਲੋਂ ਵੱਖਰੀ ਪਛਾਣ ਰੱਖਦੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਅਧਿਆਤਮਕ ਜੀਵਨੀ ਦਾ ਪ੍ਰਸੰਗ ਗੁਰਮਤਿ ਕੀਤਾ ਗਿਆ ਹੈ। ਦੂਜੀਆਂ ਵਾਰਾਂ ਵਿਚ ਗੁਰਮਤਿ ਜੀਵਨ ਦਰਸ਼ਨ ਅਤੇ ਜੀਵਨ ਜੁਗਤ ਦੇ ਬੁਨਿਆਦੀ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ।

## ਪੰਜਾਬੀ ਵਾਰ ਸਾਹਿਤ : ਦੂਜਾ ਵਿਕਾਸ ਪੜਾਅ (18ਵੀਂ ਸਦੀ)

ਅਠਾਰ੍ਹਵੀਂ ਸਦੀ ਨਿਰੰਤਰ ਯੁੱਧਾਂ ਦੀ ਸਦੀ ਹੈ। ਇਸ ਲਈ ਇਸ ਸਦੀ ਦੀ ਭਾਵਨਾ ਅਧਿਆਤਮਵਾਦੀ ਸਾਹਿਤ ਰਾਹੀਂ ਚਿਹਨਕ ਨਹੀਂ ਸੀ ਹੋ ਸਕਦੀ। ਇਸ ਕਾਲ ਦਾ ਸਾਰਾ ਵਾਤਾਵਰਣ, ਰਾਜਨੀਤਕ ਅਵਸਥਾ ਅਤੇ ਲੋਕ ਰੁਚੀ ਵਾਰ ਸਾਹਿਤ ਦੀ ਸਿਰਜਣਾ ਲਈ ਬਹੁਤ ਹੀ ਢੁਕਵੀਂ

ਸੀ। ਸਿੱਟੇ ਵਜੋਂ ਇਸ ਸਦੀ ਵਿਚ ਭਾਵਨਾ ਨਾਲ ਭਰਪੂਰ ਵਾਰ ਸਾਹਿਤ ਦੀ ਸਿਰਜਣਾ ਹੋਈ। ਇਸ ਸਦੀ ਦੀਆਂ ਕੁਝ ਵਾਰਾਂ ਦਾ ਸੰਬੰਧ ਸਮਕਾਲੀ ਜੰਗਾਂ ਯੁੱਧਾਂ ਨਾਲ ਹੈ। ਕੁਝ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਬੀਰਤਾ ਨੂੰ ਪ੍ਰਗਟ ਕਰਦੀਆਂ ਹਨ ਅਤੇ ਕੁਝ ਧਰਮੀ ਵਾਰਾਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਲੋਕ ਹਿਰਦੇ ਵਿਚ ਉਤਾਰਦੀਆਂ ਹਨ। ਭਗਵਾਨ ਕਾਨ੍ਹ ਅਤੇ ਲਵਕੁਸ਼ ਦੇ ਯਸ਼ ਨੂੰ ਉਜਾਗਰ ਕਰਨ ਵਾਲੀਆਂ ਵੀ ਕੁਝ ਵਾਰਾਂ ਮਿਲਦੀਆਂ ਹਨ। ਵੱਖ ਵੱਖ ਸਾਹਿਤ ਦੇ ਇਤਿਹਾਸ ਵਿਚ ਇਸ ਕਾਲ ਵਿਚ ਰਚਿਤ ਹੇਠ ਲਿਖੀਆਂ ਵਾਰਾਂ ਦੇ ਵੇਰਵੇ ਦਰਜ ਹਨ-

ਪੁਰਾਤਨ ਵਾਰਾਂ ਦਾ ਵੇਰਵਾ

**ਗੁਰੂ ਗੋਬਿੰਦ ਸਿੰਘ ਜੀ ਦੀ ਵਾਰ -** ਇਸ ਵਾਰ ਵਿਚ ਵੀ ਗੁਰੂ ਸਾਹਿਬ ਜੀ ਦੁਆਰਾ ਅਨੰਦਪੁਰ ਤਿਆਗਣ ਦੇ ਪ੍ਰਸੰਗ ਦਾ ਚਿਤਰਨ ਹੈ। ਮੁਗ਼ਲ ਹਾਕਮਾਂ ਅਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਉੱਤੇ ਵਿਸ਼ਵਾਸ ਕਰਕੇ, ਗੁਰੂ ਜੀ ਨੇ ਕਿਲ੍ਹਾ ਛੱਡਿਆ ਅਤੇ ਵੈਰੀਆਂ ਨੇ ਉਨ੍ਹਾਂ ਨੂੰ ਖਦੇੜਨਾ ਦਾ ਯਤਨ ਕੀਤਾ। ਕਵੀ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਵੱਲੋਂ ਵਿਖਾਈ ਬੀਰਤਾ ਦਾ ਚਿਤਰਨ ਇਸ ਵਾਰ ਵਿਚ ਕੀਤਾ ਗਿਆ ਹੈ। ਉਪਰੋਕਤ ਵਾਰ ਵਾਂਗ ਇਸ ਵਾਰ ਦੇ ਕਰਤਾ ਅਤੇ ਰਚਨਾ ਕਾਲ ਬਾਰੇ ਕੋਈ ਪਤਾ ਨਹੀਂ ਚੱਲ ਸਕਿਆ। ਕਸਮਾਂ ਉੱਤੇ ਵਿਸ਼ਵਾਸ ਕਰਕੇ ਗੁਰੂ ਜੀ ਨੇ ਕਿਲ੍ਹਾ ਛੱਡਿਆ ਅਤੇ ਵੈਰੀਆਂ ਨੇ ਉਨ੍ਹਾਂ ਨੂੰ ਇਸ ਵਿਚਲੀ ਘਟਨਾ 1704 ਈ: ਵਿਚ ਵਾਪਰੀ ਸੀ ਅਤੇ ਇਸ ਵਿਚ ਬੰਦਾ ਬਹਾਦਰ ਦੀ ਚੜ੍ਹਤ ਦਾ ਵਰਣਨ ਹੈ। ਇਸ ਲਈ ਇਸ ਦੀ ਰਚਨਾ ਬੰਦਾ ਬਹਾਦਰ ਦੇ ਯੁੱਧਾਂ ਤੋਂ ਬਾਅਦ ਹੀ ਹੋਈ ਹੋਵੇਗੀ। ਇਸ ਵਾਰ ਦਾ ਆਰੰਭ ਵੀ ਕਾਲੇ ਨਾਰਦ ਦੇ ਝਗੜੇ ਦੇ ਪਿਛੋਕੜ ਤੋਂ ਹੁੰਦਾ ਹੈ। ਭਾਵੇਂ ਇਸ ਵਾਰ ਦਾ ਵਿਸ਼ਾ ਪਹਿਲੀ ਵਾਰ ਨਾਲ ਮੇਲ ਖਾਂਦਾ ਹੈ ਪਰ ਇਸ ਦੇ ਵਿਸ਼ੇ ਦੀ ਸੀਮਾ ਪਹਿਲੀ ਵਾਰ ਨਾਲੋਂ ਲੱਗੇ ਵੱਧ ਕੇ ਬੰਦੇ ਬਹਾਦਰ ਦੁਆਰਾ ਸਰਹਿੰਦ ਮਾਰਨ ਤੱਕ ਪਹੁੰਚਦੀ ਹੈ। ਨਾਲੇ ਪਹਿਲੀ ਵਾਰ ਦੀ ਬੋਲੀ ਸਰਲ ਅਤੇ ਸਾਦਾ ਹੈ ਪਰ ਇਸ ਵਾਰ ਵਿਚ ਉਸ ਨਾਲੋਂ ਪਰੋੜ੍ਹਤਾ ਹੈ। ਇਸ ਵਾਰ ਵਿਚ ਹਰ ਪਉੜੀ ਤੋਂ ਪਹਿਲਾਂ ਇੱਕ ਸਲੋਕ ਵੀ ਹੈ, ਜਦ ਕਿ ਪਹਿਲੀ ਵਾਰ ਇਹ ਵਿਧੀ ਨਹੀਂ ਅਪਣਾਈ ਗਈ।

**ਲਵ ਕੁਸ਼ ਦੀ ਵਾਰ -** ਇਹ ਵਾਰਾਂ ਦੀ ਇੱਕ ਜੋੜੀ ਹੈ। ਇੱਕ ਦੇ ਲੇਖਕ ਦੇਵੀ ਦਾਸ ਹਨ ਅਤੇ ਦੂਜੀ ਦੇ ਲੇਖਕ ਜਸੋਧਾ ਲੰਦਨ ਹਨ। ਦੋਵਾਂ ਕਵੀਆਂ ਨੇ ਇੱਕੋ ਹੀ ਕਹਾਣੀ ਨੂੰ ਛੰਦਬੱਧ ਕੀਤਾ ਹੈ ਪਰ ਜਸੋਧਾ ਲੰਦਨ ਨੇ ਵਾਰ ਭਵ-ਭੂਤੀ ਦੀ ਕਥਾ ਤੇ ਆਧਾਰਿਤ ਹੈ ਅਤੇ ਦੇਵੀ ਦਾਸ ਦੀ ਵਾਰ ਦਾ ਆਧਾਰ ਬਾਲਮੀਕ ਦੀ ਰਮਾਇਣ ਹੈ। ਦੇਵੀ ਦਾਸ ਦੀ ਵਾਰ ਵਿਚ ਬਣ ਨੂੰ ਘੱਲੀ ਸੀਤਾ ਦੁਆ ਲਵ ਕੁਸ਼ ਦੇ ਜਨਮ, ਅਸਵ-ਮੇਧ ਜੱਗ ਦੇ ਘੋੜੇ ਨੂੰ ਫੜਨ ਕਰਕ, ਰਾਮ ਚੰਦ ਦੇ ਭਰਾਵਾਂ ਦਾ ਲਵਕੁਸ ਨਾਲ ਯੁੱਧ ਅਤੇ ਮੂਰਛਿਤ ਲਛਮਣ ਨੂੰ ਬਾਲਮੀਕ ਦੁਆਰਾ ਪੁਨਰ ਜੀਵਤ ਕਰਨਾ, ਸੀਤਾ ਦਾ ਧਰਤੀ ਵਿਚ ਸਮਾਉਣਾ ਅਤੇ ਰਾਮ ਚੰਦਰ ਦਾ ਪੁੱਤਰਾਂ ਸਮੇਤ ਅਯੁੱਧਿਆ ਪਰਤਣਾ ਆਦਿ ਪ੍ਰਸੰਗਾਂ ਨੂੰ ਚਿਤਰਿਆ ਗਿਆ ਹੈ। ਜਸੋਧਾ ਲੰਦਨ ਨੇ ਮੁੱਖ ਤੌਰ ਤੇ ਸ੍ਰੀ ਰਾਮ ਦੁਆਰਾ ਸੀਤਾ ਨੂੰ ਤਿਆਗਣ ਤੋਂ ਬਾਅਦ ਦਾ ਪ੍ਰਸੰਗ ਚਿਤਰਿਆ ਹੈ ਪਰ ਇਹ ਵਾਰ ਦੇਵੀ ਦਾਸ ਨਾਲੋਂ ਮਹੱਤਵਪੂਰਨ ਹੈ ਕਿਉਂਕਿ ਇਕ ਤਾਂ ਵਾਰ ਦੀ ਪ੍ਰਕਿਰਤੀ ਅਨੁਸਾਰ ਇਸ ਵਿਚ ਯੁੱਧ ਵਰਣਨ ਅਧਿਕ ਹੈ, ਦੂਜਾ ਸੀਤਾ ਨੂੰ ਧਰਤੀ ਵਿਚ ਪ੍ਰਵੇਸ਼ ਕਰਾਉਣ ਦੀ ਥਾਂ ਸੁੱਖੀ ਸਾਦੀ ਰਾਮ ਚੰਦਰ ਨਾਲ ਵਾਪਸ ਪਰਤਾਇਆ ਗਿਆ ਹੈ। ਤੀਜਾ ਇਸ ਵਿਚ ਰਾਮ ਚੰਦਰ ਪ੍ਰਤੀ ਭਗਤੀ ਭਾਵਨਾ ਵੀ ਪ੍ਰਗਟ ਕੀਤੀ ਗਈ ਹੈ। ਇਸ ਤੋਂ ਇਲਾਵਾ ਦੋਨਾਂ ਵਾਰਾਂ ਵਿਚ ਯੁੱਧਾਂ ਦਾ ਵਰਣਨ ਉੱਤੇ ਬਲ ਦਿੱਤਾ ਗਿਆ ਹੈ। ਇਹ ਵਾਰਾਂ ਕਿਸੇ ਇਤਿਹਾਸ ਨਾਲ ਨਹੀਂ ਸਗੋਂ ਮਿਥਿਹਾਸ ਨਾਲ ਸੰਬੰਧਿਤ ਹਨ। ਇਸ ਲਈ ਇਨ੍ਹਾਂ ਦੀ ਕਹਾਣੀ ਵਿਚ ਸਿਰਫ਼ ਬਹਾਦਰੀ ਦਾ ਵਰਣਨ ਨਹੀਂ ਬਲਕਿ ਪਰਾਸਰੀਰਕ ਸ਼ਕਤੀਆਂ ਨੂੰ ਵੀ ਪ੍ਰੇਰ ਕੇ ਲਿਆਂਦਾ ਗਿਆ ਹੈ। ਕਲਾ ਦੇ ਪੱਖ ਤੋਂ ਦੇਵੀ ਦਾਸ ਦੀ ਵਾਰਾਂ ਦੀਆਂ 70 ਪਉੜੀਆਂ ਹਨ ਅਤੇ ਇਹ ਨਿਸ਼ਾਨੀ ਛੰਦ ਦੇ ਤੋਲ ਵਿਚ ਹਨ ਪਰ ਤੁਕਾਂ ਦੀ ਸਮਾਨਤਾ ਨਹੀਂ ਹੈ। ਜਸੋਧਾ ਲੰਦਨ ਦੀ ਵਾਰ ਦੀਆਂ 88 ਪਉੜੀਆਂ ਹਨ ਅਤੇ ਕਵੀ ਨੇ ਅਧਿਕਤਰ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਹੈ।

**ਵਾਰ ਨਾਦਰ ਸ਼ਾਹ (ਨਜਾਬਤ) -** ਇਸ ਵਾਰ ਦਾ ਕਥਾਨਕ ਇਤਿਹਾਸ ਹੈ। ਭਾਰਤ ਉੱਤੇ ਹੋਏ ਨਾਦਰਸ਼ਾਹ ਦੇ ਪ੍ਰਸਿੱਧ ਹਮਲੇ ਨੂੰ ਵਾਰ ਦਾ ਵਿਸ਼ਾ ਬਣਾਇਆ ਗਿਆ ਹੈ। ਵਾਰ ਵਿਚ ਭਾਰਤੀਆਂ ਦੀ ਬਹਾਦਰੀ ਨੂੰ ਸਲਾਹਿਆ ਗਿਆ ਹੈ। ਨਜਾਬਤ ਨੇ ਪਰੰਪਰਾ ਅਨੁਸਾਰ ਮੰਗਲਾਚਰਨ ਲਿਖ ਕੇ ਕਾਲ ਨਾਰਦ ਦੇ ਪ੍ਰਸਿੱਧ ਝਗੜੇ ਦੇ ਪਿਛੋਕੜ ਉੱਤੇ ਨਾਦਰਸ਼ਾਹ ਦੇ ਹਮਲੇ ਦਾ ਪ੍ਰਸੰਗ ਤੋਰਿਆ ਹੈ। ਵਾਰ ਦਾ ਅੰਤ ਨਾਦਰਸ਼ਾਹ ਅਤੇ ਖਾਨ ਦੋਰਾ ਦੇ ਪਰਸਪਰ ਯੁੱਧ ਦੀ ਸਮਾਪਤੀ ਨਾਲ ਕੀਤਾ ਗਿਆ ਹੈ। ਖ਼ਾਨ ਦੋਲਾ ਮਾਰਿਆ ਜਾਂਦਾ ਹੈ ਅਤੇ ਨਾਦਰਸ਼ਾਹ ਦੀ ਜਿੱਤ ਹੁੰਦੀ ਹੈ। ਅੰਤ ਵਿਚ ਵਾਰ ਪਰੰਪਰਾ ਵਾਲਾ ਮਹਾਤਮ ਨਹੀਂ ਦਿੱਤਾ ਗਿਆ। ਉਝ ਇਹ ਵਾਰ ਇਤਿਹਾਸਿਕਤਾ ਅਤੇ ਸਾਹਿਤਕ ਤਾਂ ਦਾ ਸੁੰਦਰ ਸੁਮੇਲ ਹੈ। ਕਲਾ ਪੱਖੋਂ ਕਵੀ ਨੇ ਬੜੀ ਸੁਚੱਜਤਾ ਨਾਲ ਯੁੱਧ ਵਰਣਨ ਕਰਕੇ ਬੀਰ ਰਸ ਦਾ ਵਾਤਾਵਰਣ ਬੰਨ੍ਹਿਆ ਹੈ। ਵਾਰ ਵਿਚ ਸਾਹਿਤਕਾਰ ਅਤੇ ਵਰਨਾਂ ਦੀ ਇਤਨੀ ਸੁੰਦਰ ਵਰਤੋਂ ਕੀਤੀ ਗਈ ਹੈ ਕਿ ਯੁੱਧ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ।

**ਵਾਰ ਹਕੀਕਤ ਰਾਇ (ਕ੍ਰਿਤ ਕਵੀ ਆਗਰਾ) -** ਇਹ ਵਾਰ ਇੱਕ ਯਥਾਰਥਕ ਘਟਨਾ ਉੱਪਰ ਆਧਾਰਿਤ ਹੈ, ਜਿਸ ਦੀ ਮੂਲ ਭਾਵਨਾ ਪਰੰਪਰਾਈ ਬੀਰ ਰਸੀ ਨਹੀਂ ਸਗੋਂ ਉਹ ਮਾਨਸਿਕ ਭਾਵਨਾ ਹ ਜਿਹੜੀ ਮਨੁੱਖ ਅੰਦਰ ਆਪਣੇ ਉਚੇਰੇ ਆਤਮਿਕ ਹਿੱਤਾਂ ਦੀ ਰੱਖਿਆ ਕਰਨ ਲਈ ਜਾਗਦੀ ਹੈ। ਹਕੀਕਤ ਸਿਆਲਕੋਟ ਦਾ ਵਾਸੀ ਸੀ। ਮਸੀਤ ਵਿਚ ਪੜ੍ਹਦਿਆਂ ਕੁਝ ਮੁਸਲਮਾਨ ਬੱਚਿਆਂ ਵੱਲੋਂ ਦੇਵੀ ਲਈ ਅਯੋਗ ਹਿਤ ਦੀ ਵਰਤੋਂ ਦੇ ਜਵਾਬ ਵਿਚ ਹਕੀਕਤ ਨੇ ਕਿਹਾ ਜੇ ਹਜ਼ਰਤ ਮੁਹੰਮਦ ਦੀ ਪੁੱਤਰੀ ਬੀਬੀ ਫਾਤਮਾ ਬਾਰੇ ਵੀ ਅਜਿਹੀ ਅਯੋਗ ਸ਼ਬਦ ਵਰਤੇ ਜਾਣ ਤਾਂ ਤੁਹਾਨੂੰ ਕਿਤਨਾ ਦੁੱਖ ਹੋਵੇਗਾ। ਇਸ ਗੱਲ ਤੇ ਹਕੀਕਤ ਵਿਰੁੱਧ ਮੁਕੱਦਮਾ ਚਲਾਇਆ ਅਤੇ ਉਸ ਅੱਗੇ ਮੁਸਲਮਾਨ ਬਣਨ ਦੀ ਚੋਣ ਰੱਖੀ ਗਈ। ਹਕੀਕਤ ਵੱਲੋਂ ਇਨਕਾਰ ਕਰਨ ਤੇ ਵੇਲੇ ਦੇ ਹਾਕਮ ਗਵਰਨਰ ਚਕਰੀਆਂ ਖ਼ਾਨ ਨੇ ਉਸ ਨੂੰ ਕਤਲ ਕਰਵਾ ਦਿੱਤਾ। ਇਹ ਘਟਨਾ 1741 ਈ: ਦੀ ਹੈ ਪਰ ਕਵੀ ਨੇ ਇਸ ਵਾਰ ਦੀ ਰਚਨਾ 18 ਵੀ ਸਦੀ ਦੇ ਅੰਤ ਵਿਚ ਜਾ ਕੇ ਕੀਤੀ। ਸਪਸ਼ਟ ਹੈ ਕਿ ਕਵੀ ਇਸ ਵਾਰ ਦੀ ਰਚਨਾ ਉਸ ਵੇਲੇ ਹੀ ਕਰ ਸਕਿਆ ਜਦੋਂ ਪੰਜਾਬ ਵਿਚ ਮੁਗ਼ਲ ਰਾਜ ਸਥਾਪਤ ਹੋ ਚੁੱਕਿਆ ਸੀ। ਇਹ ਰਚਨਾ ਭਾਵੇਂ ਵਾਰ ਕਾਵਿਧਾਰਾ-ਰੂਪ ਵਿਚ ਲਿਖੀ ਗਈ ਹੈ ਪਰ ਇਸ ਵਿਚ ਕਿਸੇ ਦੇ ਗੁਣ ਵੀ ਮਿਲ ਜਾਂਦੇ ਹਨ। ਕਵੀ ਨੇ ਹਕੀਕਤ ਦੇ ਜਨਮ ਤੋਂ ਲੈ ਕੇ 12 ਵਰ੍ਹਿਆਂ ਦੀ ਨਿੱਤ ਕਰਿਆ ਦਾ ਬੜੇ ਵਿਸਤਾਰ ਨਾਲ ਵਿਵਰਨ ਦਿੱਤਾ ਹੈ। ਇਸ ਵਾਰ ਵਿਚ ਕੁੱਲ 212 ਬੰਦ ਹਨ। ਹਰ ਬੰਦ ਚਾਰ ਬੰਦ ਤੁਕਾਂ ਵਾਲੀ ਪਉੜੀ ਹੈ। ਵਾਰ ਦੀ ਭਾਸ਼ਾ ਮੂਲ ਰੂਪ ਵਿਚ ਪੰਜਾਬੀ ਹੈ ਪਰ ਬ੍ਰਜ ਦਾ ਪ੍ਰਭਾਵ ਵੀ ਪ੍ਰਤੱਖ ਹੈ। ਵਾਰ ਵਿਚ ਬਿਰਤਾਂਤ ਤਾਂ ਬਹੁਤ ਹੈ ਪਰ ਬੀਰ ਰਸ ਵਾਲੀ ਕੋਈ ਗੱਲ ਨਹੀਂ। ਏਨਾ ਸਰੂਰ ਹੈ ਕਿ ਇਸ ਵਿਚ ਇੱਕ ਅਦੁੱਤੀ ਸ਼ਹਾਦਤ ਨੂੰ ਚਿਤਰਿਆ ਗਿਆ ਹੈ।

**ਚੱਠਿਆਂ ਦੀ ਵਾਰ (ਕਵੀ ਪੀਰ ਮੁਹੰਮਦ) -** ਇਸ ਵਾਰ ਵਿਚ ਗ਼ੁਲਾਮ ਮੁਹੰਮਦ ਚੱਠਾ ਮੁਸਲਮਾਨ ਸਰਦਾਰ ਦੀ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਾਂ ਮਹਾਂ ਸਿੰਘ ਨਾਲ ਰਸੂਲ ਨਗਰ ਅਤੇ ਮਨਸੂਰ ਵਿਖੇ ਹੋਈਆਂ ਲੜਾਈਆਂ ਦਾ ਚਿਤਰਨ ਹੈ। ਇਸ ਵਾਰ ਦਾ ਲੇਖਕ ਚੱਠੇ ਸਰਦਾਰਾਂ ਪਾਸ ਨੌਕਰ ਸੀ। ਸ਼ਾਇਦ ਇਸੇ ਲਈ ਉਸ ਨੇ ਸਿੱਖਾਂ ਦੇ ਵੈਰੀ ਚੱਠੇ ਸਰਦਾਰਾਂ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਮਹਾਂ ਸਿੰਘ ਨਾਲ ਹੋਈਆਂ ਦੋਹਾਂ ਲੜਾਈਆਂ ਵਿਚ ਪੀਰ ਮੁਹੰਮਦ ਖ਼ਾਨ ਦੇ ਦੋ ਪੁੱਤਰ ਬੀ ਸੂਰਬੀਰਤਾ ਨਾਲ ਲੜੇ ਜਿਸ ਨੂੰ ਕਵੀ ਨੇ ਬੜੀ ਭਾਵਨਾ ਸਾਹਿਤ ਚਿਤਰਿਆ ਹੈ। ਇਸ ਵਾਰ ਦੀਆਂ 91 ਪਉੜੀਆਂ ਹਨ। ਹਰ ਪਉੜੀ ਦਾ ਆਪਣਾ ਤੁਕਾਂਤ ਹੈ। ਲੇਖਕ ਕੋਲ ਵਾਰ ਕਾਵਿਧਾਰਾ ਜੁਗਤਾਂ ਨੂੰ ਵਰਤ ਸਕਣ ਦੀ ਪੂਰੀ ਸਮਰੱਥਾ ਹੈ। ਯੁੱਧਾਂ ਦਾ ਵਰਣਨ ਸ਼ਬਦਾਂ ਦੀ ਚਤੁਰ ਵਰਤੋਂ, ਛੰਦ ਦਾ ਤੇਜ਼ ਵਹਿਣ ਅਤੇ ਭਾਸ਼ਾ ਦੀ ਸੁਚੱਜੀ ਵਰਤੋਂ ਆਦਿ ਗੁਣ ਇਸ ਵਾਰ ਨੂੰ ਇਸ ਕਾਲ ਦੀਆਂ ਵਧੀਆਂ ਪ੍ਰਾਪਤੀ ਸਿੱਧ ਕਰਦੇ ਹਨ। ਇਹਨਾਂ ਵਾਰਾਂ ਤੋਂ ਛੁੱਟ ਇਸ ਸਦੀ ਵਿਚ ਕੁਝ ਹੋਰ ਵਾਰਾਂ ਵੀ ਲਿਖੀਆਂ ਗਈਆਂ। ਜਿਵੇਂ ਚਾਰ ਪਾਤਸ਼ਾਹੀ ਦਸਵੀਂ ਦੀ ਸਰਬ ਲੋਹ ਦੀ ਧਾਰ, ਚੌਧਰੀਆਂ ਦੀ ਵਾਰ, ਵਾਰ ਸ੍ਰੀ ਰਾਮ ਚੰਦਰ ਜੀ ਦੀ ਅਤੇ ਵਾਰ ਰਾਜ ਅਮਰ ਸਿੰਘ ਦੀ ਆਦਿ।

**ਗੁਰੂ ਗੋਬਿੰਦ ਸਿੰਘ ਜੀ -** ਗੁਰੂ ਗੋਬਿੰਦ ਸਿੰਘ ਜੀ ਮਹਾਨ ਯੋਧੇ, ਕਵੀ ਸੰਤ ਸਿਪਾਹੀ ਅਤੇ ਸੰਪਾਦਕ ਹੋਣ ਦਾ ਮਾਣ ਰੱਖਦੇ ਹਨ। ਉਹ ਕਲਾ ਸਿਰਜਕ, ਕਲਾ ਸਾਧਕ ਅਤੇ ਕਲਾਕਾਰਾਂ ਦੇ ਪ੍ਰਸੰਸਕ ਵੀ ਸਨ। ਆਪ ਜੀ ਦਾ ਜਨਮ 1666 ਈ ਵਿਚ ਪਟਨਾ ਸਾਹਿਬ ਵਿਖੇ ਗੁਰੂ ਤੇਗ਼ ਬਹਾਦਰ ਜੀ ਦੇ ਘਰ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਬਚਪਨ ਤੋਂ ਹੀ ਦਲੇਰ, ਸ਼ਾਇਰਾਨਾ ਅਤੇ ਦਾਰਸ਼ਨਿਕ ਰੁਚੀਆਂ ਦੇ ਧਾਰਨੀ ਸਨ। ਉਹ ਚੜ੍ਹਦੀ ਕਲਾ ਦੇ ਮਹਾਂਪੁਰਸ਼ ਸਨ। ਪ੍ਰੋ: ਪਿਆਰਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸੰਸਾ ਕਰਦੇ ਹੋਏ ਲਿਖਦੇ ਹਨ ਕਿ ਉਨ੍ਹਾਂ ਸਿੱਖ ਸੰਗਤ ਨੂੰ ਪੰਥ ਖ਼ਾਲਸੇ ਦਾ ਰੂਪ ਦੇ ਕੇ ਹਿੰਦੁਸਤਾਨ ਵਿਚ ਅਮਲੀ ਤੌਰ ਤੇ ਕ੍ਰਾਂਤੀ ਤੇ ਸ਼ਾਂਤੀ ਦੀ ਬੁਨਿਆਦ ਰੱਖੀ ਸੀ। ਮੁਗ਼ਲ ਸਾਮਰਾਜ ਦੇ ਜਬਰ ਅਤੇ ਜ਼ੁਲਮ ਵਿਰੁੱਧ ਉਨ੍ਹਾਂ ਧਰਮ ਯੁੱਧ ਦਾ ਆਰੰਭ ਕੀਤਾ ਸੀ। ਉਹ ਤੇਗ਼ ਅਤੇ ਕਲਮ ਤੇ ਧਨੀ, ਸੰਤ ਸਿਪਾਹੀ ਹੋਣ ਦਾ ਮਾਣ ਰੱਖਦੇ ਹਨ। ਗੁਰੂ ਗੋਬਿੰਦ ਸਿੰਘ ਨੇ ਭਾਵੇਂ ਅਧਿਆਤਮਿਕ ਰੰਗਤ ਵਾਲੀ ਰਚਨਾ ਵੀ ਕੀਤੀ ਹੈ, ਪਰੰਤੂ ਉਨ੍ਹਾਂ ਦੀ ਲਿਖਤ ਦੀ ਮੁੱਖ ਸੁਰ ਬੀਰ ਰਸੀ ਰੰਗਤ ਵਾਲੀ ਰਚਨਾ ਵੀ ਕੀਤੀ ਹੈ, ਪਰੰਤੂ ਉਨ੍ਹਾਂ ਦੀ ਲਿਖਤ ਦੀ ਮੁੱਖ ਸੁਰ ਬੀਰ ਰਸੀ ਰੰਗਤ ਵਾਲੀ ਵਧੇਰੇ ਰਹੀ ਹੈ।

ਉਂਜ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦਾ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਦੇ ਦਰਬਾਰ ਵਿਖੇ 52 ਕਵੀਆਂ ਦੀ ਹੋਂਦ ਉਨ੍ਹਾਂ ਦੇ ਸਾਹਿਤ ਪ੍ਰੇਮੀ ਤੇ ਕਲਾ ਪ੍ਰੇਮੀ ਹੋਣ ਦਾ ਪ੍ਰਮਾਣ ਪੇਸ਼ ਕਰਦੀ ਹੈ। ਪੰਜਾਬੀ ਭਾਸ਼ਾ ਵਿਚ ਆਪ ਜੀ ਦੀ ਪ੍ਰਸਿੱਧ ਰਚਨਾ ਵਾਰ ਭਗਉਤੀ ਕੀ ਹੈ। ਇਸ ਪ੍ਰਬੰਧ ਕਾਵਿਧਾਰਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੇਵੀ ਦੀ ਦੈਂਤਾਂ ਉੱਤੇ ਵਿਜੇ ਦਾ ਧੜੱਲੇਦਾਰ ਵਰਣਨ ਕੀਤਾ ਹੈ। ਮਿੱਤਰ ਪਿਆਰੇ ਨੂੰ ਹਾਲ ਮੀਰਾਂ ਦਾ ਕਹਿਣਾ ਵੀ ਲਾਸਾਨੀ ਰਚਨਾ ਹੈ।

**ਨਜਾਬਤ** - ਨਜਾਬਤ ਮਟੀਲਾ ਹਰਲਾਂ ਜ਼ਿਲ੍ਹਾ ਸ਼ਾਹ ਪੁਰ (ਪਾਕਿਸਤਾਨ) ਦਾ ਵਸਨੀਕ ਸੀ। ਨਜਾਬਤ ਸ਼ਾਹ ਚਰਾਗ ਦ ਸ਼ਾਗਿਰਦ ਸੀ। ਵਾਰ ਨਾਦਰ ਸ਼ਹਿਰਨ ਉਸ ਦੀ ਸ਼ਾਹਕਾਰ ਰਚਨਾ ਹੈ। ਇਹ ਵਾਰ ਭਾਵੇਂ 1739 ਈ ਵਿਚ ਹੋਏ ਨਾਦਰ ਸ਼ਾਹ ਦੇ ਹਮਲੇ ਦਾ ਮੁਕੰਮਲ ਵੇਰਵਾ ਪੇਸ਼ ਨਹੀਂ ਕਰਦੀ, ਫੇਰ ਵੀ ਇਸ ਨੂੰ ਉੱਚ ਕੋਟੀ ਦੀ ਵਾਰ ਹੋਣ ਦਾ ਮਾਣ ਪ੍ਰਾਪਤ ਹੈ। ਇਹ ਵਾਰ ਇਤਿਹਾਸਕ ਪੱਖੋਂ ਮਹਾਨਤਾ ਰੱਖਦੀ ਹੈ।

ਨਜਾਬਤ ਦੇਸ ਭਗਤ ਸੀ। ਮੁਗ਼ਲ ਰਾਜ ਦਾ ਹਮਾਇਤੀ ਸੀ। ਉਹ ਨਮਕ ਹਰਾਮੀਆਂ ਨੂੰ ਲਾਹਨਤਾਂ ਪਾਉਂਦਾ ਹੈ। ਵਾਰ ਦੇ ਆਰੰਭ ਵਿਚ ਉਹ ਰੱਬ ਦੀ ਉਸਤਤ ਕਰਦਾ ਹੈ। ਵਾਰ ਨਾਦਰ ਸ਼ਾਹ ਦੀਆਂ ਕੁੱਲ ੪6 ਪੌੜੀਆਂ ਹਨ। ਤੁਕਾਂ ਦੀ ਗਿਣਤੀ ਬਹੁਤ ਘੱਟ ਹੈ। ਪ੍ਰਵਾਹ ਤੇ ਹੈ। ਰਵਾਨੀ ਵਧੇਰੇ ਹੈ। ਯੁੱਧ ਵਰਣਨ ਕਲਾਤਮਕ ਹੈ। ਹਿੰਦੂ ਅਤੇ ਮੁਸਲਮਾਨੀ ਜੀਵਨ ਦੇ ਵੇਰਵੇ ਦਰਜ ਹਨ। ਇਤਿਹਾਸ ਤੇ ਮਿਥਿਹਾਸ ਦਾ ਜ਼ਿਕਰ ਹੈ। ਸਾਹਿਤਕ ਅਤੇ ਸਮਾਜਕ ਵੇਰਵੇ ਦੇਣ ਵਿਚ ਪੂਰਨ ਮਹਾਨਤਾ ਰੱਖਦਾ ਹੈ।:

ਪਰ ਨਿਜਮੁਲ ਮੁਲਕ ਦੀ ਜੜ ਮੁੱਢੋਂ ਜਾਏ

ਜਿਨ ਬਾਲ ਮਤਾਬੀ ਚੋਰ ਨੂੰ ਘਰ ਆਪ ਦਿਖਾਏ।

ਵਾਰ ਦਾ ਆਰੰਭ ਰਵਾਇਤੀ ਢੰਗ ਨਾਲ ਰੱਬ ਦੀ ਉਸਤਤ ਨਾਲ ਹੋਇਆ ਹੈ। ਫੇਰ ਦੇਸ਼ ਦੀ ਉਸ ਸਮੇਂ ਦੀ ਭੈੜੀ ਹਾਲਤ ਦਾ ਵਰਣਨ ਹੈ। ਨਜਾਵਤ ਦਿੱਲੀ ਨੂੰ ਇਕ ਕਾਤਲ ਮਸ਼ੂਕ ਦੇ ਰੂਪ ਵਿਚ ਚਿਤਰਦਾ ਹੈ :

ਦਿੱਲੀ ਹੈਸਿਆਰੀਏ ਰੁੱਤ ਧੜੀ ਲਵਾਈ।

ਤੂੰ ਮਾਸ ਖਾਏਂ ਰੱਜ ਪੁੱਤਰਾਂ, ਜਿਉਂ ਬਕਰ ਕਸਾਈ।

ਇਕ ਮਾਰੇਂ ਇਕ ਸਿਰ ਧਰੇਂ, ਨਿੱਤ ਹੁਸਨ ਸਵਾਈ।

ਦਿੱਲੀ ਤੋਂ ਸ਼ਹਿਜਾਦਿਆਂ, ਖਹਿ ਹੁੰਦੀ ਆਈ।

ਇਸ ਵਾਰ ਦੀਆਂ ਕੁੱਲ ੪6 ਪੌੜੀਆਂ ਹਨ। ਸਭਨਾਂ ਦੀਆਂ ਤੁਕਾਂ ਇੱਕੋ ਜਿੰਨੀਆਂ ਨਹੀਂ। ਵਾਰ ਵਿਚ ਪੂਰਾ ਸ਼ੋਰ ਤੇ ਰਵਾਨੀ ਹੈ। ਬਹਾਦਰ ਸ਼ਾਹ ਰੰਗੀਲੇ ਦੇ ਮੂੰਹੋਂ ਜੋ ਸ਼ਬਦ ਅਖਵਾਈ ਹਨ। ਉਹ ਵੀ ਕਮਾਲ ਦਾ ਹੁਨਰ ਪੇਸ਼ ਕਰਦੇ ਹਨ।

ਨਜਾਬਤ ਨੂੰ ਵਾਰ ਦਾ ਵਾਯੂ-ਮੰਡਲ ਉਸਾਰਨਾ ਆਉਂਦਾ ਹੈ। ਸ਼ਬਦਾਂ ਦੀ ਵਿਉਂਤਬੰਦੀ ਸੁਚੱਜੀ ਹੈ। ਅਲੰਕਾਰ ਢੁਕਵੇਂ ਹਨ। ਉਹ ਇੰਨਾ ਬਿੰਨ ਸਾਕਾਰ ਚਿੱਤਰ ਪੇਸ਼ ਕਰ ਸਕਦਾ ਹੈ। ਨਜਾਬਤ ਦੀਆਂ ਬਹੁਤ ਸਾਰੀਆਂ ਤੁਕਾਂ ਅਟੱਲ ਸਚਾਈ ਬਣ ਗਈਆਂ ਹਨ। ਨਜਾਬਤ ਨੂੰ ਇਸ ਪੱਖ ਤੋਂ ਇਤਿਹਾਸਕ ਮਹਾਨਤਾ ਪ੍ਰਾਪਤ ਹੈ। ਨਜਾਬਤ ਦੀ ਵਾਰ ਯੁੱਧ ਵਿਚ ਜੁਟੇ ਸੂਰਮਿਆਂ ਨੂੰ ਨਿਰਪੱਖ ਰੂਪ ਵਿਚ ਪੇਸ਼ ਕਰਦੀ ਹੈ। ਨਾਦਰਸ਼ਾਹ ਦੀ ਵਾਰ ਨਜਾਬਤ ਦੀ ਸ਼ਾਹਕਾਰ ਰਚਨਾ ਹੈ। ਪੰਜਾਬੀ ਬੀਰ ਰਸੀ ਸਾਹਿਤ ਵਿਚ ਇਸ ਨੂੰ ਬੇਹੱਦ ਸਤਿਕਾਰ ਪ੍ਰਾਪਤ ਹੈ।

**ਪੀਰ ਮੁਹੰਮਦ -** ਪੀਰ ਮੁਹੰਮਦ ਪੰਜਾਬੀ ਬੀਰ ਰਸੀ ਸਾਹਿਤ ਵਿਚ ਜਾਣਿਆ ਪਛਾਣਿਆ ਨਾਂ ਹੈ। ਉਹ ਸਿੱਖ ਰਾਜ ਦੇ ਸਮੇਂ ਦਾ ਉੱਘਾ ਸ਼ਾਇਰ ਹੋਇਆ ਹੈ। ਉਸ ਦੇ ਜੀਵਨ ਬਾਰੇ ਵੀ ਦੂਜੇ ਮੱਧਕਾਲੀ ਕਵੀਆਂ ਵਾਂਗ ਵਧੇਰੇ ਵੇਰਵੇ ਪ੍ਰਾਪਤ ਨਹੀਂ ਹ। ਪਰੰਤੂ ਚੱਠਿਆਂ ਦੀ ਵਾਰ ਉਹਦੀ ਪ੍ਰਸਿੱਧ ਰਚਨਾ ਹੈ। ਇਸ ਵਾਰ ਦੇ ਰਚਨਾ ਕਾਲ ਬਾਰੇ ਜਾਂ ਰਚਨਹਾਰ ਬਾਰੇ ਜਾਣਕਾਰੀ ਰਚਨਾ ਦੇ ਅੰਦਰੂਨੀ ਵੇਰਵਿਆਂ ਤੋਂ ਹੀ ਪ੍ਰਾਪਤ ਹੁੰਦੀ ਹੈ। ਡਾ ਸੀਤਾ ਰਾਮ ਕੋਹਲੀ ਇਸ ਵਾਰ ਨੂੰ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਬਾਅਦ ਦੀ ਰਚਨਾ ਮਿਲਦੀ ਹੈ। ਕਵੀ ਗੁਲਾਮ ਮੁਹੰਮਦ ਚੱਠੇ ਦਾ ਮੰਦਰ (ਕਸਬਾ) ਛੱਡਣ ਦਾ ਜ਼ਿਕਰ ਕਰਦਾ ਹੈ ਤਾਂ ਲਿਖਦਾ ਹੈ ਕਿ ਉਸ ਦੇ ਘਰਾਣੇ ਨਾਲ ਮੰਦਰ ਦੇ ਇਲਾਕੇ ਦੇ ਲੋਕਾਂ ਦੀ ਇਸ ਕਦਰ ਹਮਦਰਦੀ ਸੀ ਕਿ ਹਰ ਵਰਗ ਦੇ ਲੋਕ ਬਹੁਤ ਦੁਖੀ ਹੋਏ ਸਨ ਤੇ ਆਪਣਾ ਘਰ ਬਾਰ ਛੱਡ ਕੇ ਗੁਲਾਮ ਮੁਹੰਮਦ ਨਾਲ ਜਾਣ ਲਈ ਤਿਆਰੀ ਕਰ ਲਈ ਸੀ। ਉਸ ਦੇ ਆਪਣੇ ਚੱਠੇ ਸਰਦਾਰ ਦੇ ਨਾਲ ਵੱਸਣਾ ਚਾਹੁੰਦੇ ਸਨ। ਕਿੱਸਾ ਸੈਫੂਲ ਮਲੂਕ ਦਾ ਕਰਤਾ ਮੀਆਂ ਮੁਹੰਮਦ ਬਖ਼ਸ਼ ਜਿਹਲਮੀ ਆਪਣੇ ਕਿੱਸੇ ਵਿਚ ਪਹਿਲਾਂ ਹੋਏ ਦੋ ਪੀਰ ਮੁਹੰਮਦ ਦਾ ਜ਼ਿਕਰ ਕਰਦਾ ਹੈ। ਉਨ੍ਹਾਂ ਵਿਚੋਂ ਇਕ ਪਿੰਡ ਨੂਨਾ ਵਾਲੀ ਦਾ ਪੀਰ ਮੁਹੰਮਦ ਚੱਠਾ ਹੈ। ਇਸ ਨੇ ਚੱਠਿਆਂ ਦੀ ਵਾਰ ਲਿਖੀ ਹੈ। ਇਸ ਦਾ ਸੰਕੇਤ ਇਸ ਪ੍ਰਕਾਰ ਹੈ।

ਦੂਜਾ ਪੀਰ ਮੁਹੰਮਦ ਚੱਠਾ, ਮੌਸ਼ਅ ਨਨਾ ਵਾਲੀ

ਚੱਠੇ ਦੀ ਇਸ ਵਾਰ ਬਣਾਈ, ਮੁਹਰੀਂ ਭਰੀ ਓਸ ਥਾਲੀ।

ਪਿੰਡ ਨੂਨਾ ਵਾਲੀ ਜਿਨ੍ਹਾਂ ਗੁਜਰਾਤ ਵਿਚ ਸਥਿਤ ਹੈ। ਇਸ ਵਾਰ ਚੱਠਿਆਂ ਦੀ ਉਸਤਤ ਵਿਚ ਰਚੀ ਗਈ ਹੈ। ਵਾਰ ਦਾ ਆਰੰਭ ਰਿਵਾਇਤੀ ਢੰਗ ਨਾਲ ਰੱਬ ਦੀ ਉਸਤਤ ਨਾਲ ਹੁੰਦਾ ਹੈ। ਫੇਰ ਇਸਲਾਮੀ ਮਿਥਿਹਾਸਿਕ ਪਾਤਰਾਂ ਦੀ ਤਾਰੀਫ਼ ਕੀਤੀ ਗਈ ਹੈ। ਫੇਰ ਇਕ ਦਮ ਪੀਰ ਮੁਹੰਮਦ (ਚੱਠਾ) ਦੇ ਸੋਹਲੇ ਗਾਉਂਦਾ ਹੈ। ਦੂਸਰੇ ਪਾਸੇ ਚੜ੍ਹਤ ਸਿੰਘ ਤੇ ਮਹਾਂ ਸਿੰਘ ਬਾਰੇ ਕਵੀ ਦਾ ਨੈਰੀਆ ਸੰਤੁਲਨ ਵਾਲਾ ਨਹੀਂ ਹੈ। ਪੀਰ ਮੁਹੰਮਦ ਨਜਾਬਤ ਤੇ ਸ਼ਾਹ ਮੁਹੰਮਦ ਵਾਂਗ ਨਿਰਪੱਖ ਨਹੀਂ ਹੈ। ਪੀਰ ਮੁਹੰਮਦ ਖ਼ੁਦ ਚੱਠਾ ਬਰਾਦਰੀ ਵਿਚੋਂ ਸੀ। ਇਸ ਲਈ ਉਸ ਦਾ ਨਾਇਕ ਨਾਲ ਭਾਵੁਕ ਮੋਹ ਵਿਚ ਕਲਾਤਮਿਕ ਔਗੁਣ ਬਣ ਗਿਆ ਹੈ। ਪਰੰਤੂ ਇਨ੍ਹਾਂ ਸਾਰੀਆਂ ਕਮੀਆਂ ਦੇ ਬਾਵਜੂਦ ਇਸ ਵਾਰ ਦੀ ਸਾਹਿਤਕ

ਮਹੱਤਤਾ ਇਸ ਗੱਲ ਵਿਚ ਹੈ ਕਿ ਇਹ ਰਾਜਿਆਂ, ਮਹਾਰਾਜਿਆਂ ਅਤੇ ਮੁਹਤਬਰ ਦੇ ਰਾਜਸੀ ਮੋਹਰਾਂ ਨੂੰ ਵਿਸਥਾਪਨ ਵਾਲੇ ਗਿਰੇ ਹੋਏ ਚਰਿੱਤਰ ਦੇ ਅੰਦਰੂਨੀ ਪੱਖ ਨੂੰ ਪੇਸ਼ ਕਰਨ ਵਿਚ ਸਫਲ ਹੁੰਦੀ ਹੈ।

**ਪੰਜਾਬੀ ਜੰਗਨਾਮੇ :**

ਜੰਗਨਾਮਾ ਅਤੇ ਵਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਸਮਾਨ ਅਰਥਾਂ ਵਿਚ ਹੀ ਲਏ ਜਾਂਦੇ ਹਨ। ਉਝ ਦੋਹਾਂ ਵਿਚ ਬਹੁਤ ਥੋੜ੍ਹਾ ਅੰਤਰ ਹੇ। ਜੰਗਨਾਮਾ ਯੁੱਧ ਵਰਣਨ ਤੱਕ ਸੀਮਤ ਹੁੰਦਾ ਹੈ। ਵਾਰ ਵਿਚ ਅਗਲਾ ਪਿਛਲਾ ਵਰਣਨ ਵੀ ਹੁੰਦਾ ਹੈ। ਜੰਗਨਾਮਾ ਬੈਂਤ ਛੰਦ ਵਿਚ ਵੀ ਰਚਿਆ ਜਾਂਦਾ ਹੈ। ਵਾਰ ਲਈ ਨਿਸ਼ਾਨੀ ਜਾਂ ਸਿਰਖੰਡੀ ਛੰਦ ਦਾ ਪ੍ਰਯੋਗ ਲਾਜ਼ਮੀ ਹੈ। ਵਾਰਾਂ ਅਧਿਆਤਮਕ ਵੀ ਹੋ ਸਕਦੀਆਂ ਪਰ ਜੰਗਨਾਮਾ ਨਹੀਂ। ਪੰਜਾਬੀ ਵਿਚ ਜੰਗਨਾਮਾ ਲਿਖਣ ਦਾ ਰਿਵਾਜ ਪਹਿਲਾਂ ਕਰਬਲਾ ਦੇ ਸ਼ਹੀਦਾਂ ਤੋਂ ਮੁਸਲਮਾਨਾਂ ਨੇ ਤੋਰਿਆ ਸੀ। ਫ਼ਾਰਸੀ ਅਤੇ ਅਰਬੀ ਕਵਿਤਾ ਵਿਚ ਅਨੇਕਾਂ ਜੰਗਨਾਮੇ ਲਿਖੇ ਮਿਲਦੇ ਹਨ। ਮੁਸਲਮਾਨੀ ਪ੍ਰਭਾਵ ਅਧੀਨ ਹੀ ਜੰਗਨਾਮਾ ਪੰਜਾਬੀ ਸਾਹਿਤ ਵਿਚ ਆਇਆ ਹੈ। ਪੰਜਾਬੀ ਵਿਚ ਪੁਰਾਣੇ ਤੋਂ ਪੁਰਾਣਾ ਜੰਗਨਾਮਾ ਪੰਜਾਬੀ ਦੇ ਇਕ ਦਰਬਾਰੀ ਕਵੀ ਦਾ ਲਿਖਿਆ ਮਿਲਦਾ ਹੇ। ਉਸ ਨੇ ਅਨੰਦਪੁਰ ਦੀਆਂ ਲੜਾਈਆਂ ਦਾ ਵਰਣਨ ਕੀਤਾ ਹੈ। ਪਰ ਮੁਸਲਮਾਨਾਂ ਵਿਚ ਪਹਿਲਾਂ ਜੰਗਨਾਮਾ ਦਾ ਲਿਖਿਆ ਹੋਇਆ ਹੈ। ਮੁਕਬਲ ਨੇ ਹਜ਼ਰਤ ਇਮਾਮ ਹੁਸੈਨ ਤੇ ਇਮਾਮ ਹਸਨ ਦੀ ਸ਼ਹੀਦੀ ਦਾ ਵਰਣਨ ਅਤਿਅੰਤ ਦਰਦ ਭਰੇ ਲਹਿਜ਼ੇ ਵਿਚ ਕੀਤਾ ਹੈ। ਫਿਰ ਹਾਮਿਦ ਨੇ ਇਸੇ ਜੰਗਨਾਮੇ ਨੂੰ ਜੰਗਨਾਮਾ ਹਾਮਿਦ ਨਾਂ ਹੇਠ ਵਰਣਨ ਕੀਤਾ। 1724 ਈ ਵਿਚ ਮੌਲਵੀ ਦੀਨ ਮੁਹੰਮਦ ਨੇ ਜੰਗਨਾਮਾ ਲਿਖਿਆ। ਮੀਆਂ ਗ਼ੁਲਾਮ ਮੁਸਤਫ਼ਾ ਨੇ ਜੰਗਨਾਮਾ ਇਮਾਮਲ ਹੱਕ ਤੇ ਅਹਿਮਦਯਾਰਲੇ ਜੰਗ ਤੇ ਜੰਗ ਬਦਰਾ ਆਦਿਕ ਜੰਗਨਾਮੇ ਲਿਖੇ। ਰਾਮ ਦਿਆਲ ਦਾ ਜੰਗਨਾਮਾ, ਸਰਦਾਰ ਹਰੀ ਸਿੰਘ ਨਲੂਆ ਤੇ ਸ਼ਾਹ ਮੁਹੰਮਦ ਦਾ ਜੰਗਨਾਮਾ ਸਿੰਘਾ ਤੇ ਫ਼ਿਰੰਗੀਆਂ ਪੰਜਾਬੀ ਵਿਚ ਮਸ਼ਹੂਰ ਜੰਗਨਾਮੇ ਹਨ। ਕਵੀ ਮਟਕ ਨੇ ਵੀ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਸੰਬੰਧੀ ਜੰਗਨਾਮਾ ਲਿਖਿਆ ਹੈ। ਪਰ ਇਨ੍ਹਾਂ ਵਿਚੋਂ ਸ਼ਾਹ ਮੁਹੰਮਦ ਦਾ ਜੰਗਨਾਮਾ ਵਧੇਰੇ ਪ੍ਰਸਿੱਧ ਹੋਇਆ ਹੈ। ਮਟਕ ਦਾ ਜੰਗਨਾਮਾ ਦੂਜੇ ਸਥਾਨ ਦੀ ਪ੍ਰਸਿੱਧੀ ਪ੍ਰਾਪਤ ਕਰ ਸਕਿਆ ਹੈ।

**<u>ਪੁਰਾਤਨ ਪੰਜਾਬੀ ਵਾਰਤਕ, ਜਨਮ, ਵਿਕਾਸ ਤੇ ਵਿਸ਼ੇਸ਼ਤਾਵਾਂ</u>**

ਭਾਰਤੀ ਸਾਹਿਤ ਚਿੰਤਕਾਂ ਨੇ ਸਾਹਿਤ ਦੇ ਦੋ ਰੂਪ ਗੱਦ (ਵਾਰਤਕ) ਤੇ ਪਦ (ਕਵਿਤਾ) ਪ੍ਰਵਾਨ ਕੀਤੇ ਹਨ। ਪੁਰਾਤਨ ਪੰਜਾਬੀ ਸਾਹਿਤ ਅੰਦਰ ਪੁਰਾਤਨ ਗੱਦ ਦੇ ਚੋਖੇ ਨਮੂਨੇ ਪ੍ਰਾਪਤ ਹੁੰਦੇ ਹਨ। ਅਜਰਾ ਪਾਊਂਡ ਨੇ ਕਵਿਤਾ ਅਤੇ ਵਾਰਤਕ ਦਾ ਨਿਖੇੜ ਕਰਦੇ ਹੋਏ ਲਿਖਿਆ ਹੈ ਕਿ ਕਵਿਤਾ ਵਿਚ ਅਸਾਧਾਰਨ ਭਾਸ਼ਾ ਪ੍ਰਯੋਗ ਹੁੰਦੀ ਹੈ, ਜਦੋਂ ਕਿ ਵਾਰਤਕ ਲਈ ਸਾਧਾਰਨ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਸਪਸ਼ਟ, ਸਿੱਧ, ਸਰਲ ਅਤੇ ਸੁਭਾਵਿਕ ਮੁਹਾਵਰੇ ਅਨੁਸਾਰ ਕੀਤੀ ਸ਼ਬਦ ਰਚਨਾ ਹੀ ਗੱਦ ਅਖਵਾਉਂਦੀ ਹੈ। ਸਰਲਤਾ, ਸੰਖੇਪਤਾ, ਸੁਭਾਵਿਕਤਾ ਅਤੇ ਸਹਿਜਤਾ ਇਸ ਦੇ ਵਿਸ਼ੇਸ਼ ਗੁਣ ਹੁੰਦੇ ਹਨ। ਆਮ ਲੋਕਾਂ ਦਾ ਕਹਿਣਾ ਹੈ ਕਿ ਕਵਿਤਾ ਦਿਲ ਦੀ ਬੋਲੀ ਹੈ ਤੇ ਵਾਰਤਕ ਲਈ ਦਿਮਾਗ਼ ਦਾ ਪ੍ਰਯੋਗ ਹੁੰਦਾ ਹੈ ਤਾਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਕਵਿਤਾ ਵਿਚ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ, ਜਦੋਂ ਕਿ ਵਾਰਤਕ ਵਿਚ ਵਿਚਾਰ ਪ੍ਰਧਾਨ ਹੁੰਦਾ ਹੈ। ਬਣਤਰ ਦੀ ਦ੍ਰਿਸ਼ਟੀ ਤੋਂ ਕਵਿਤਾ ਵਿਚ ਲੈਅ, ਤਾਲ, ਛੰਦ, ਮਧੁਰਤਾ ਤੇ ਭਾਵਾਂ ਦਾ ਵੇਗ ਭਾਰੂ ਹੁੰਦਾ ਹੈ, ਜਦੋਂ ਕਿ ਵਾਰਤਕ ਵਿਚ ਵਿਚਾਰ, ਪੈਰਾਂ, ਵਿਉਂਤਬੰਦੀ ਵਰਗੇ ਪੱਖ ਵੱਧ ਮਹੱਤਵ ਰੱਖਦੇ ਹਨ। ਵਾਰਤਕ ਦੇ ਖੇਤਰ ਵਿਚ ਗਲਪ ਵੀ ਸ਼ਾਮਲ ਕੀਤਾ ਹੈ। ਪਰੰਤੂ ਵਾਰਤਕ ਦਾ ਸਹੀ ਰੂਪ ਨਿਬੰਧ, ਜੀਵਨ, ਸਵੈਜੀਵਨੀ, ਰੇਖਾ-ਚਿਤਰ ਡਾਇਰੀ, ਸੰਸਮਰਨ ਆਦਿ ਹੀ ਮੰਨੇ ਹਨ। ਇਹ ਵੀ ਧਾਰਨਾ ਪ੍ਰਚੱਲਿਤ ਰਹੀ ਹੈ ਕਿ ਜਦੋਂ ਕਿਸੇ ਭਾਸ਼ਾ ਦਾ ਸਾਹਿਤ ਰੂਪ ਆਪਣੀ ਵਿਕਸਿਤ ਹਾਲਤ ਤੇ ਪੁੱਜ ਜਾਂਦਾ ਹੈ ਤਾਂ ਵਾਰਤਕ ਦਾ ਜਨਮ ਹੁੰਦਾ ਹੈ। ਜਦੋਂ ਵਾਰਤਕ ਵਿਕਾਸ ਕਰ ਜਾਂਦੀ ਹੈ ਤਾਂ ਨਿਬੰਧ ਨਾਂ ਦੇ ਸਾਹਿਤ ਰੂਪ ਦਾ ਜਨਮ ਹੁੰਦਾ ਹੈ। ਇਉਂ ਵਾਰਤਕ ਦਾ ਸੁਧਰਿਆਂ ਅਤੇ ਵਿਕਸਤ ਰੂਪ ਨਿਬੰਧ ਨੂੰ ਮੰਨਿਆ ਜਾਂਦਾ ਹੈ।

ਮੁੱਢਲੀ ਪੰਜਾਬੀ ਵਾਰਤਕ ਵਧੇਰੇ ਕਰਕੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਨਾਲ ਸੰਬੰਧ ਰੱਖਦੀ ਹੈ। ਇਸ ਅੰਦਰ ਜਾਂ ਤਾਂ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਚਰਿੱਤਰ ਨੂੰ ਲੋਕ-ਧਾਰਾ ਰੰਗਤ ਵਿਚ ਪੇਸ਼ ਕੀਤਾ ਗਿਆ ਹੈ, ਜਾਂ ਫੇਰ ਸੰਤਾਂ, ਭਗਤਾਂ ਦੀਆਂ ਗੋਸ਼ਟਾਂ, (ਗੱਲਬਾਤ) ਦਾ ਨਮੂਨਾ ਮਿਲਦਾ ਹੈ। ਜਾਂ ਫੇਰ ਫੁਟਕਲ ਰੰਗਤ ਦੇ ਹੋਰ ਵਾਰਤਕ ਨਮੂਨੇ ਮਿਲਦੇ ਹਨ। ਇਸ ਕਾਲ ਦੀ ਵਾਰਤਕ ਨੂੰ ਮੁੱਖ ਰੂਪ ਵਿਚ ਸਤ ਭਾਗਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ।

## ਪੁਰਾਤਨ ਪੰਜਾਬੀ ਵਾਰਤਕ ਦੇ ਰੂਪ

**ਜਨਮ-ਸਾਖੀ -** ਵਾਰਤਕ ਦਾ ਇਹ ਰੂਪ ਮੱਧਕਾਲ ਵਿਚ ਬਹੁਤ ਲੋਕ-ਪ੍ਰਿਆ ਰਿਹਾ ਹੈ। ਇਸ ਦੀ ਲੋਕਪ੍ਰਿਆ ਲਹਿੰਦੀ ਰੰਗਤ ਵਾਲੀ ਹੈ। ਅਸਲ ਵਿਚ ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਜਨਮ ਸਾਖੀ ਸਾਹਿਤ ਨਾਲ ਹੀ ਹੁੰਦਾ ਹੈ। ਜਨਮ ਸਾਖੀ ਸਹਿਤ ਵਿਚ ਇਹ ਗੱਲ ਵਧੇਰੇ ਚਰਚਾ ਦਾ ਵਿਸ਼ਾ ਰਹੀ ਹੈ ਕਿ ਇਨ੍ਹਾਂ ਜਨਮ ਸਾਖੀਆਂ ਦਾ ਲੇਖਕ ਕੌਣ ਹੈ? ਅਤੇ ਇਨ੍ਹਾਂ ਵਿਚੋਂ ਕਿਹੜੀ ਸਭ ਤੋਂ ਵੱਧ ਪੁਰਾਣੀ ਹੈ। ਜਨਮ ਸਾਖੀਆਂ ਨੂੰ ਜੀਵਨ ਦੇ ਪੈਟਰਨ ਉੱਤੇ ਲਿਖਿਆ ਤਾਂ ਗਿਆ ਹੈ ਪਰ ਰਚਨਾਵਾਂ ਪ੍ਰਮਾਣਿਕ ਜੀਵਨੀਆਂ ਨਹੀਂ ਹਨ। ਨਾ ਹੀ ਜਨਮ ਸਾਖੀ ਸਾਹਿਤ ਵਿਚਲੇ ਤੱਥਾਂ ਨੂੰ ਇਤਿਹਾਸਕ ਮਹੱਤਵ ਦਿੱਤਾ ਜਾਂਦਾ ਹ। ਉਂਝ ਇਨ੍ਹਾਂ ਜਨਮ ਸਾਖੀਆਂ ਰਾਹੀਂ ਪੇਸ਼ ਹੋਏ ਵੇਰਵੇ, ਮੱਧਕਾਲੀਨ ਭਾਰਤ ਦੀ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਕ ਦਸਾਂ ਦਾ ਇਕ ਯਥਾਰਥਕ ਚਿੱਤਰ ਸਰੂਰ ਦਲਾਂ ਕਰਦੇ ਹਨ। ਜਨਮ ਸਾਖੀ ਸਾਹਿਤ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਮੰਨੀ ਜਾਂਦੀ ਹੈ ਕਿ ਭਲੇ ਹੀ ਜਨਮ ਸਾਖੀ ਸਾਹਿਤ ਗੁਰੂ ਜੀ ਦੇ ਪ੍ਰਮਾਣਿਕ ਰੂਪ ਵਿਚ ਪੇਸ਼ ਕਰਦਾ ਹੈ, ਪਰ ਫਿਰ ਵੀ ਇਸ ਵੰਨਗੀ ਦੇ ਸਾਹਿਤਕ ਰੂਪਾਂ ਦੀ ਕਲਾਤਮਿਕ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੁਰਾਤਨ ਜਨਮ ਸਾਖੀ ਵਿਚ ਬਿਰਤਾਂਤ ਵਾਰਤਕ ਦੇ ਸੁੰਦਰ ਨਮੂਨੇ ਤੱਕ ਜਾ ਸਕਦੇ ਹਨ। ਜਨਮ ਸਾਖੀ ਦਾ ਲੇਖਕ ਘਟਨਾਵਾਂ ਨੂੰ ਸੰਜਮ ਨਾਲ ਵਾਰ ਕਰਦਾ ਹੈ। ਇਨ੍ਹਾਂ ਵਿਚ ਕਮਾਲ ਦੇ ਨਾਟਕੀ ਤੱਤਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਰੋਚਿਕਤਾ ਦਾ ਗੁਣ ਬਰਾਬਰ ਕਾਇਮ ਰੱਖਿਆ ਗਿਆ ਹੈ। ਜਨਮ ਸਾਖੀ ਸਾਹਿਤ ਵੰਨਗੀ ਹੇਠ ਲਿਖੇ ਅਨੁਸਾਰ ਪ੍ਰਾਪਤ ਹੁੰਦੀ ਹੈ।

ੳ) ਪੁਰਾਤਨ ਜਨਮ ਸਾਖੀ ਜਾਂ ਵਲਾਇਤ ਵਾਲੀ ਜਨਮ-ਸਾਖੀ
ਅ) ਸੋਢੀ ਮਿਹਰਬਾਨ ਵਾਲੀ ਜਨਮ-ਸਾਖੀ
ੲ) ਪੈੜੇ ਮੋਖੇ ਜਾਂ ਭਾਈ ਬਾਲੇ ਵਾਲੀ ਜਨਮ-ਸਾਖੀ
ਸ) ਬਿਧੀ ਚੰਦ ਜਾਂ ਹਿੰਦਾਲੀਆਂ ਵਾਲੀ ਜਨਮ ਸਾਖੀ
ਹ) ਜਨਮ-ਸਾਖੀ ਸ੍ਰੀ ਮਿਹਰਬਾਨ ਜੀ ਕੀ
ਕ) ਜਨਮ-ਸਾਖੀ ਭਗਤ ਕਬੀਰ ਜੀ ਕੀ
ਖ਼) ਆਦਿ ਸਾਖੀਆਂ ਬਾਬੇ ਜੀ ਦੀਆਂ
ਗ਼) ਸਤਿਗੁਰੂ ਜੀ ਦੇ ਮੁਹਿ ਦੀਆਂ ਸਾਖੀਆਂ

**ਟੀਕੇ (ਪਰਮਾਰਥ) -** ਮੱਧਕਾਲ ਵਿਚ ਦੂਜੀ ਕਿਸਮ ਦੀ ਵਾਰਤਕ ਟੀਕੇ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਰਚਨਾਵਾਂ ਵਿਚ ਹਨ ਜਪੁ, ਪਰਮਾਰਥ, ਸਿੱਧ ਗੋਸ਼ਟ, ਟੀਕਾ, ਦੱਖਣੀ, ਓਅੰਕਾਰ, ਟੀਕਾ ਪੱਟੀ ਤੇ ਬਾਰਾਂਮਾਹ, ਤੁਖਾਰੀ, ਸੁਖਮਨੀ ਸਹੰਸਰ ਨਾਮਾ ਆਦਿ।

**ਗੋਸ਼ਟਾਂ -** ਗੋਸ਼ਟਾਂ ਦਾ ਅਰਥ ਹੈ ਗੱਲਬਾਤ। ਇਹ ਗੱਲਬਾਤ ਸਾਧਾਰਨ ਬੋਲਚਾਲ ਦੇ ਲਹਿਜ਼ੇ ਵਿਚ ਵੀ ਹੋ ਸਕਦੀ ਹੈ ਤੇ ਪ੍ਰਸ਼ਨੋਤਰੀ ਦੀ ਸ਼ੈਲੀ ਵਿਚ ਵੀ। ਜਦੋਂ ਵੀ ਕਿਸੇ ਪਰਮਾਰਥੀ ਪੱਖ ਉੱਤੇ ਗੰਭੀਰ ਵਿਚਾਰ ਚਰਚਾ ਹੁੰਦੀ ਰਹੀ ਹੈ, ਤਾਂ ਇਸ ਕਿਸਮ ਦੀ ਰਚਨਾ ਹੋਂਦ ਵਿਚ ਆਉਂਦੀ ਰਹੀ ਹੈ। ਇਸ ਵੰਨਗੀ ਦੀ ਵਾਰਤਕ ਵਿਚ ਪਮੱਕੇ ਦੀ ਗੋਸ਼ਟ, ਅਜਿੱਤੇ ਰੰਧਾਵੇ ਦੀ ਗੋਸ਼ਟ, ਨਿਰੰਕਾਰ ਨਾਲ ਗੋਸ਼ਟ, ਕਲਯੁਗ ਨਾਲ ਗੋਸ਼ਟ, ਬੁੱਢਣ ਸ਼ਾਹ ਨਾਲ ਗੋਸ਼ਟ, ਕਾਰੂੰ ਨਾਲ ਗੋਸ਼ਟ, ਗੋਰਖ ਨਾਲ ਗੋਸ਼ਟ, ਬਾਲੇ ਨਾਲ ਗੋਸ਼ਟ, ਗੋਸ਼ਟ ਗੋਰਖ ਭਰਥਰੀ, ਗੋਸ਼ਟ ਸ੍ਰੀ ਕਿਸ਼ਨ ਸਾਰ ਉਧੋ, ਗੀਤਾ ਸਾਰ ਆਦਿ ਇਸ ਦੇ ਪ੍ਰਸਿੱਧ ਨਮੂਨੇ ਹਨ।

**ਵਚਨ -** ਜਿੱਥੇ ਕਿਤੇ ਕਿਸੇ ਮਹਾਂਪੁਰਸ਼ ਵੱਲੋਂ ਸੰਗਤ ਨੂੰ ਉਪਦੇਸ਼ ਨੁਮਾ ਸ਼ੈਲੀ ਵਿਚ ਸੰਬੋਧਨ ਕਰਕੇ ਵਚਨ ਵਿਚ ਵਿਲਾਸ ਕੀਤਾ ਗਿਆ ਹੈ। ਉਹ ਅਨਮੋਲ ਵਿਚਾਰ ਸੰਭਾਲੇ ਗਏ ਹਨ। ਅਜਿਹੇ ਵਚਨਾਂ ਦੇ ਸੰਗ੍ਰਹਿ ਨੂੰ ਵੀ ਵਾਰਤਕ ਦਾ ਨਮੂਨਾ ਮੰਨਿਆ ਹੈ। ਵਚਨਾਂ ਦਾ ਖ਼ਜ਼ਾਨਾ ਭਾਈ ਪੈਂਦਾ ਵਾਲੀ ਬੀੜ ਵਿਚ ਸੁਰੱਖਿਅਤ ਹੈ। ਇਸ ਵਿਚ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਵਚਨ ਸੁਰੱਖਿਅਤ ਹਨ। ਇਹ ਇਕ ਤਰ੍ਹਾਂ ਦੇ ਰਹਿਤਨਾਮੇ ਮੰਨੇ ਗਏ ਹਨ। ਡਾ ਮੋਹਨ ਸਿੰਘ ਦੀਵਾਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਕੁਝ ਵਚਨ ਇਕ ਸਿੱਖ ਵੱਲੋਂ ਸੰਗ ਲਾ ਦੀਪ ਵਿਖੇ ਲਿਖੇ ਵੀ ਮਿਲਦੇ ਹਨ।

**ਅਨੁਵਾਦ -** ਸੰਸਕ੍ਰਿਤ, ਅਪਭਰੰਸ਼ਾਂ ਤੇ ਪ੍ਰਾਕ੍ਰਿਤਾਂ ਜਾਂ ਦੂਸਰੀਆਂ ਭਾਰਤੀ ਭਾਸ਼ਾਵਾਂ ਵਿਚੋਂ ਬਹੁਤ ਸਾਰੇ ਉੱਤਮ ਗ੍ਰੰਥਾਂ ਦੇ ਅਨੁਵਾਦ ਪੁਰਾਤਨ ਸਮੇਂ ਵਿਚ ਹੋਏ ਮਿਲਦੇ ਹਨ। ਇਹ ਵੰਨਗੀ ਦੀ ਮੁੱਢਲੀ ਵਾਰਤਕ ਦਾ ਚੰਗਾ ਨਮੂਨਾ ਪੇਸ਼ ਕਰਦੇ ਹਨ। ਬਿੰਦੂ ਸਾਰ, ਗੀਤਾ ਮਹਾਤਮਾ, ਭੂਗੋਲ ਪੁਰਾਣ ਆਦਿ ਰਮਾਇਣ ਤੇ ਵਿਸ਼ਨੂੰ ਪੁਰਾਣ ਇਸੇ ਵੰਨਗੀ ਦੀ ਵਾਰਤਕ ਵੰਨਗੀ ਹੇ।

**ਹੁਕਮਨਾਮੇ -** ਸਿੱਖ ਰਹਿਤ ਮਰਿਆਦਾ ਸੰਬੰਧੀ, ਸਿੱਖ ਸਵੈਮਾਨ ਨੂੰ ਕਾਇਮ ਰੱਖਣ ਲਈ ਪੁਰਾਤਨ ਸਮੇਂ ਹੁਕਮਨਾਮੇ ਲਿਖੇ ਗਏ ਸਨ। ਇਹ ਹੁਕਮਨਾਮੇ ਵਿਸ਼ੇਸ਼ ਤੌਰ ਤੇ ਮੁਸਲਮਾਨਾਂ ਨਾਲ ਸਿੱਖਾਂ ਦੇ ਟਾਕਰੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਸਿੱਖਾਂ ਦੇ ਨਾਂ ਲਿਖੇ ਗਏ ਸਨ। ਇਹ ਵਾਰਤਕ ਰੂਪ ਦੀ ਪੁਰਾਤਨ ਪੰਜਾਬੀ ਵਾਰਤਕ ਦਾ ਮਹੱਤਵਪੂਰਨ ਰੂਪ ਹੈ।

ਪੁਰਾਤਨ ਸਮੇਂ ਵਿਚ ਬਹੁਤ ਸਾਰੀ ਰਚਨਾ ਇਸ ਵੰਨਗੀ ਦੀ ਵੀ ਮਿਲਦੀ ਹੈ, ਜਿਸ ਨੂੰ ਕਿਸੇ ਵਿਸ਼ੇਸ਼ ਰੂਪਾਕਾਰ ਦੇ ਅੰਤਰਗਤ ਨਹੀਂ ਰੱਖਿਆ ਜਾ ਸਕਦਾ। ਇਸ ਵੰਨਗੀ ਦੀ ਵਾਰਤਕ ਦੇ ਨਮੂਨੇ ਹਕੀਕਤ ਰਾਏ, ਮੁਕਾਮ ਰਾਜੇ ਸ਼ਿਵ ਨਾਥ ਕੀ, ਹਾਜ਼ਰਨਾਮੇ ਜਾਂ ਪੰਚਨਾਮਾ ਤੇ ਬਾਣੀ ਬਿਹੰਗਮ ਆਦਿ ਰੂਪਾਂ ਵਿਚ ਮਿਲਦੇ ਹਨ।

## <u>ਪੁਰਾਤਨ ਪੰਜਾਬੀ ਵਾਰਤਕ ਦੀ ਮੁੱਖ ਵੰਨਗੀ</u>

### ਪੁਰਾਤਨ ਜਨਮ-ਸਾਖੀ

1. ਪੰਜਾਬੀ ਵਾਰਤਕ ਜਗਤ ਵਿਚ ਜਨਮ-ਸਾਖੀ ਪਰੰਪਰਾ ਸਭ ਤੋਂ ਪ੍ਰਾਚੀਨ ਹੈ।

2. ਸ੍ਰੀ ਗੁਰੂ ਨਾਨਕ ਦੀ ਜੀਵਨ ਲੀਲ੍ਹਾ ਨੇ ਸਮੁੱਚੇ ਜਗਤ ਨੂੰ ਪ੍ਰਭਾਵਿਤ ਕੀਤਾ ਹੈ। ਇਸ ਮਹਾਨ ਸ਼ਖ਼ਸੀਅਤ ਦੇ ਕਾਰਨਾਮੇ ਸੰਭਾਲਣ ਦੀ ਰੀਝ ਵਿਚੋਂ ਹੀ ਜਨਮ-ਸਾਖੀ ਪਰੰਪਰਾ ਪੈਦਾ ਹੋਈ ਹੈ।

3. ਕਲਾ ਪੱਖ ਤੋਂ ਪੁਰਾਤਨ ਜਨਮ ਸਾਖੀ ਸਮੁੱਚੇ ਸਾਖੀ ਸਾਹਿਤ ਵਿਚ ਵਧੇਰੇ ਮਹਾਨਤਾ ਰੱਖਦੀ ਹੈ। ਸਾਰੀਆਂ ਸਾਖੀਆਂ ਵਿਚ ਬਾਕਾਇਦਾ ਤਰਤੀਬ ਕਾਇਮ ਰੱਖੀ ਗਈ ਹੈ।

8. ਇਸ ਦੇ ਕਰਤਾ ਦਾ ਕੋਈ ਪਤਾ ਨਹੀਂ ਹੈ। ਮਿਲਗੋਭਾ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਹੋਇਆ ਹੈ। ਰੋਚਿਕਤਾ ਕਾਇਮ ਰੱਖਣ ਦੇ ਅਨੇਕਾਂ ਢੰਗ ਵਰਤੇ ਗਏ ਹਨ।

**ਆਦਿ ਸਾਖੀਆਂ -** ਇਸ ਜਨਮ ਸਾਖੀ ਦਾ ਪੂਰਾ ਨਾਂ ॥ਆਦਿ ਸਾਖੀਆਂ ਬਾਬੇ ਕੀਆਂ ਹੈ। ਇਸੇ ਨੂੰ ਜਨਮ ਪੱਤਰੀ ਬਾਬੇ ਜੀ ਕੀ ਵੀ ਕਿਹਾ ਜਾਂਦਾ ਹੈ।ਡਾ ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ ਹਿਸਟਰੀ ਆਫ਼ ਪੰਜਾਬੀ ਲਿਟਰੇਚਰ ਦੇ ਦੂਜੇ ਸੰਸਕਰਨ ਵਿਚ ਇਸ ਕਾਲ ਦੀਆਂ ਬਾਬੇ ਨਾਨਕ ਦੇ ਜੀਵਨ ਨਾਲ ਸੰਬੰਧਿਤ ਕੁਝ ਸਾਖੀਆਂ ਦਾ ਜ਼ਿਕਰ ਕੀਤਾ ਹੈ। ਜੋ ਪੰਜਾਬੀ ਯੂਨੀਵਰਸਿਟੀ ਲਾਹੌਰ ਦੀ ਹੱਥ ਲਿਖਤ 4141 ਅਧੀਨ ਸੁਰੱਖਿਅਤ ਹਨ। ਇਨ੍ਹਾਂ ਸਾਖੀਆਂ ਨੂੰ ਡਾ ਦੀਵਾਨ ਸਿੰਘ ਨੇ ਆਦਿ ਸਾਖੀਆਂ ਦਾ ਨਾਮ ਦਿੱਤਾ ਹੈ। ਇਹ ਮੌਲਿਕ ਰਚਨਾ ਨਹੀਂ, ਸਗੋਂ ਉਤਾਰਾ ਮੰਨਿਆ ਜਾਂਦਾ ਹੈ। ਇਸ ਦਾ ਸਰੋਤ ਪੁਰਾਤਨ ਜਨਮ-ਸਾਖੀ ਹੋ ਸਕਦੀ ਹੈ। ਇਸ ਹੱਥ ਲਿਖਤ ਵਿਚ ਸਾਖੀਆਂ ਦੀ ਗਿਣਤੀ ਡਾ ਮੋਹਨ ਸਿੰਘ ਦੀਵਾਨਾ ਅਨੁਸਾਰ 30 ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਇਕ ਸਾਖੀ ਅਕਬਰ ਬਾਦੈਾਹ ਨੇ ਸੁਣੀ ਸੀ। ਜਨਮ ਸਾਖੀਆਂ ਦੀ ਲਿਖਤ ਵਿਚ ਲਹਿੰਦੀ ਦਾ ਪ੍ਰਭਾਵ ਹੈ। ਸ਼ੈਲੀ ਰੋਚਿਕਤਾ ਭਰਪੂਰ ਹੈ। ਨਾਟਕੀ ਅੰਸ਼ਾਂ ਨੇ ਇਸ ਦਾ ਮਹੱਤਵ ਵਧਾਇਆ ਹੈ।

**ਗਿਆਨ ਰਤਨਾਵਲੀ -** ਭਾਈ ਗੁਰਦਾਸ ਦੀ ਪਹਿਲੀ ਵਾਰ ਉੱਤੇ ਲਿਖੀ ਵਾਰਤਕ ਰਚਨਾ ਹੈ। ਇਸ ਵਿਚ ਸ਼ਾਮਲ ਸਾਖੀਆਂ ਭਾਈ ਮਨੀ ਸਿੰਘ ਨੇ ਕਥਾ ਰੂਪ ਵਿਚ ਸੁਣਾਈਆਂ ਸਨ। ਜਿਨ੍ਹਾਂ ਨੂੰ ਅੱਗੋਂ ਭਾਈ ਗੁਰਬਖ਼ਸ਼ ਸਿੰਘ ਪਾਸੋਂ ਸੁਣ ਕੇ ਭਾਈ ਸੂਰਤ ਸਿੰਘ ਚਨਿਓਟ ਨਿਵਾਸੀ ਨੇ 1730 ਤੋਂ 1735 ਈਸਵੀ ਵਿਚ ਲਿਖਿਆ ਸੀ। ਇਸ ਦੀਆਂ ਬਹੁਤ ਸਾਰੀਆਂ ਸਾਖੀਆਂ ਭਾਈ ਬਾਲੇ ਵਾਲੀ ਜਨਮ-ਸਾਖੀ ਦੇ ਆਧਾਰ ਤੇ ਹੀ ਰਚੀਆਂ ਹੋਈਆਂ ਹਨ। ਬੋਲੀ ਵਜੋਂ ਜਿੱਥੇ ਲੇਖਕ ਕਿਸੇ ਘਟਨਾ ਦਾ ਵਰਣਨ ਕਰ ਰਿਹਾ ਹੁੰਦਾ, ਉਸ ਦੀ ਬੋਲੀ ਪੰਜਾਬੀ ਰੰਗ ਵਿਚ ਰੰਗੀ ਜਾਂਦੀ ਹੈ। ਪਰ ਜਿੱਥੇ ਕੋਈ ਵਿਚਾਰ, ਦਲੀਲਾਂ ਜਾਂ ਫਿਰ ਕਿਸੇ ਗਿਆਨ ਗੋਸ਼ਟੀ ਨੂੰ ਲੇਖਕ ਬਿਆਨ ਕਰਦਾ ਹੈ ਤਾਂ ਉਸ ਦੀ ਬੋਲੀ ਤੇ ਬ੍ਰਿਜ ਭਾਸ਼ਾ ਦੀ ਰੰਗਣ ਛਾ ਜਾਂਦੀ ਹੈ। ਸ਼ੈਲੀ ਸਾਧਾਰਨ ਪੱਧਰ ਦੀ ਹੈ। ਮਿਹਰਬਾਨੀ ਟੀਕਿਆਂ ਨਾਲੋਂ ਇਸ ਵਿਚਲੇ ਟੀਕੇ ਵਧੇਰੇ ਰੋਚਕ ਹਨ। ਇਹ ਇਕ ਅਜਿਹਾ ਟੀਕਾ ਹੈ, ਜਿਹੜਾ ਆਪਣੇ ਸਮੇਂ ਦੇ ਅਧਿਆਤਮਕ ਗਿਆਨ ਦਾ ਖ਼ਜ਼ਾਨਾ ਹੈ।

**ਭਗਤ ਰਤਨਾਵਲੀ ਜਾਂ ਸਿੱਖਾਂ ਦੀ ਭਗਤ ਮਾਲਾ -** ਇਹ ਭਾਈ ਮਨੀ ਸਿੰਘ ਦੀ ਪ੍ਰਸਿੱਧ ਕਿਰਤ ਹੈ। ਇਹ ਰਚਨਾ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦਾ ਸੁਤੰਤਰ ਟੀਕਾ ਹੈ। ਇਸ ਵਿਚ ਪਹਿਲਾਂ ਛੇ ਪਾਤਸ਼ਾਹੀਆਂ ਦੇ ਤਿੰਨ ਕੁ ਸੌ ਦੇ ਕਰੀਬ ਪ੍ਰਸਿੱਧ ਸਿੱਖਾਂ ਦੇ ਨਾਂ ਗਿਣਾਏ ਗਏ ਹਨ। ਇਹ ਰਚਨਾ ਇੱਕੋ ਸਮੇਂ ਸਿੱਖਾਂ ਦੀਆਂ ਰਹਿਤਣਾਂ ਤੇ ਕੁਰਹਿਤਾਂ ਦਾ ਵੇਰਵਾ ਰਹਿਮਤਾਂ ਕਰਦੀ ਹੈ ਤੇ ਨਾਲ ਹੀ ਸੰਕੇਤ

ਰੂਪ ਵਿਚ ਪ੍ਰਸਿੱਧ ਸ਼ਖ਼ਸੀਅਤਾਂ ਦਾ ਬਿਰਤਾਂਤ ਵੀ ਪੇਸ਼ ਕਰਦੀ ਹੈ। ਗੋਸ਼ਟਾਂ ਨਾਲ ਸੰਬੰਧਿਤ ਗੱਲਬਾਤ ਢੰਗ ਵਿਚ ਇਹ ਰਚੀ ਪੁਸਤਕ ਸ਼ੈਲੀ ਪੱਖੋਂ ਕੋਈ ਨਵੀਂ ਪਰਪਾਟੀ ਕਾਇਮ ਨਹੀਂ ਕਰਦੀ। ਪਰ ਕਈ ਥਾਈਂ ਪ੍ਰਸੰਗ ਏਨਾ ਨਾਟਕੀ ਤੇ ਰੋਚਕ ਹੋ ਜਾਂਦਾ ਹੈ ਕਿ ਆਲੋਚਕ ਨੂੰ ਉਸ ਵਿਚ ਅਜੋਕੇ ਸਮੇਂ ਦੀ ਕਹਾਣੀ ਦੇ ਸਾਰੇ ਤੱਤ ਲੱਭ ਜਾਂਦੇ ਹਨ। ਨਾਨਕੀ ਗੋਸ਼ਟ ਦਾ ਅਰਥ ਹੈ ਬਹਿਸ, ਵਿਚਾਰ, ਪ੍ਰਵਚਨ ਜਾਂ ਚਰਚਾ। ਪਰ ਇਕ ਸਾਹਿਤ ਰੂਪ ਵਜੋਂ ਵਿਆਹ ਅਜਿਹੇ ਪ੍ਰਾਚੀਨ ਵਾਰਤਕ ਸਾਹਿਤ ਰੂਪ ਦਾ ਨਾਂ ਹੈ,

**ਪਰਚੀਆਂ -** ਪਰਚੀ, ਪੁਰਾਤਨ ਵਾਰਤਕ ਦੀ ਇਕ ਅਜਿਹੀ ਵੰਨਗੀ ਹੈ, ਜਿਸ ਵਿਚ ਕਿਸੇ ਅਧਿਆਤਮਕ ਨਾਇਕ ਦੀ ਸੰਖੇਪ ਜਿਹੀ ਜਾਣ-ਪਛਾਣ ਕਰਾਈ ਜਾਂਦੀ ਹੈ। ਪਰਚੀ ਸ਼ਬਦ ਅਸਲ ਵਿਚ ਪਰਚੀ ਦਾ ਹੀ ਬਦਲਿਆ ਹੋਇਆ ਰੂਪ ਹੈ। ਪਰਚੀ ਸਾਹਿਤ ਲਈ ਨਾਇਕ ਦਾ ਅਧਿਆਤਮਕ ਵਿਅਕਤੀ ਹੋਣਾ ਜ਼ਰੂਰੀ ਹੈ। ਇਸ ਲਈ ਪਰਚੀ ਸੰਤ ਕਥਾ ਦਾ ਹੀ ਰੂਪ ਹੈ। ਪਰਚੀ ਸਾਹਿਤ ਉਞ ਤਾਂ ਜਨਮ-ਸਾਖੀ ਨਾਲ ਹੀ ਮਿਲਦਾ ਜੁਲਦਾ ਹੈ। ਪਰ ਦੋਵਾਂ ਵਿਚ ਵੱਡਾ ਅੰਤਰ ਇਹ ਹੈ ਕਿ ਜਨਮ ਸਾਖੀ ਵਿਚ ਕੈਨਵਸ ਵਿਸ਼ਾਲ ਹੁੰਦਾ ਹੈ ਤੇ ਘਟਨਾ ਦੀ ਪੇਸ਼ਕਾਰੀ ਉੱਤੇ ਵਿਸ਼ੇਸ਼ ਬਲ ਹੁੰਦਾ ਹੈ ਜਦੋਂ ਕਿ ਪਰਚੀ ਦਾ ਸੰਖੇਪ ਬਿਆਨ ਵਿਸ਼ਲੇਸ਼ਣ ਉੱਤੇ ਵਿਸ਼ੇਸ਼ ਬਲ ਦਿੰਦਾ ਹੈ। ਪਰਚੀਆਂ ਸੇਵਾ ਦਾਸ, ਪਰਚੀਆਂ ਭਾਈ ਕਨ੍ਹਈਆ ਜੀ, ਪੰਜਾਬੀ ਦੀਆਂ ਪ੍ਰਸਿੱਧ ਰਚਨਾਵਾਂ ਹਨ।

**ਰਹਿਤਨਾਮੇ -** ਰਹਿਤਨਾਮੇ ਪੁਰਾਤਨ ਵਾਰਤਕ ਸਾਹਿਤ ਦਾ ਉਹ ਰੂਪ ਹੈ, ਜਿਸ ਵਿਚ ਰਹਿਣੀ ਬਹਿਣੀ ਦੇ ਨਿਯਮ ਅੰਕਿਤ ਕੀਤੇ ਮਿਲਦੇ ਹਨ। ਪ੍ਰਾਚੀਨ ਵਾਰਤਕ ਸਾਹਿਤ ਵਿਚ ਰਹਿਤਨਾਮੇ ਮਹੱਤਵਪੂਰਨ ਸਥਾਨ ਰੱਖਦੇ ਹਨ। ਇਹ ਸਿੱਖ ਜਗਤ ਲਈ ਗੁਰੂ ਸਾਹਿਬਾਨਾਂ ਦੇ ਪਵਿੱਤਰ ਉਪਦੇਸ਼ ਹਨ। ਭਾਈ ਪ੍ਰਹਿਲਾਦ ਸਿੰਘ, ਭਾਈ ਨੰਦ ਸਿੰਘ, ਭਾਈ ਚੋਪਾਂ ਸਿੰਘ, ਭਾਈ ਦੇਸਾ ਸਿੰਘ, ਭਾਈ ਦਯਾ ਸਿੰਘ ਆਦਿ ਇਸ ਦੇ ਵਸੀਲੇ ਹਨ। ਇਨ੍ਹਾਂ ਵਿਚੋਂ ਕੁਝ ਰਹਿਤਨਾਮੇ ਕਵਿਤਾ ਵਿਚ ਵੀ ਹਨ। ਇਨ੍ਹਾਂ ਰਹਿਤਨਾਮਿਆਂ ਵਿਚ ਗੱਦ ਸ਼ੈਲੀ ਦਾ ਵਿਕਾਸ ਤਲਾਸ਼ ਕਰਨਾ ਵਿਅਰਥ ਹੈ। ਇੱਥੇ ਤਾਂ ਸਿੱਧੇ ਸਰਲ ਵਾਕਾਂ ਰਾਹੀਂ ਗੁਰਸਿੱਖਾਂ ਨੂੰ ਹੁਕਮ ਦਿੱਤੇ ਗਏ ਹਨ। ਇਹ ਹੁਕਮ ਰਾਜਨੀਤਕ ਜਾਂ ਸਰਕਾਰੀ ਹੁਕਮਾਂ ਵਰਗੇ ਨਹੀਂ ਸਗੋਂ ਧਾਰਮਿਕ ਰੰਗਤ ਵਾਲੇ ਹਨ। ਇਸੇ ਤਰ੍ਹਾਂ ਹੁਕਮਨਾਮੇ ਜਾਂ ਚਿੱਠੀਆਂ ਵਰਗੇ ਰੂਪ ਵੀ ਪ੍ਰਚੱਲਿਤ ਹਨ।

**ਸਿੰਘਾਸਣ ਬਤੀਸੀ -** ਇਹ 32 ਕਥਾਵਾਂ ਦਾ ਸੰਗ੍ਰਹਿ ਹੈ ਜੋ 32 ਪੁਤਲੀਆਂ ਰਾਜਾ ਭੋਜ ਨੂੰ ਸਿੰਘਾਸਣ ਤੇ ਬਿਰਾਜਮਾਨ ਹੋਣ ਸਮੇਂ ਸੁਣਾਉਂਦੀਆਂ ਹਨ। ਹਰੇਕ ਕਥਾ ਰਾਜ ਸਿੰਘਾਸਣ ਤੇ ਬੈਠਣ ਵਾਲੇ ਰਾਜੇ ਦੇ ਕਿਸੇ ਇਕ ਗੁਣ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਸਾਰੀ ਸਿੱਖਿਆ ਬੜੀ ਅਦਭੁਤ ਕਹਾਣੀਆਂ ਦਾ ਆਸਰਾ ਲੈ ਕੇ ਦਿੱਤੀ ਗਈ ਹੈ। ਇਹ ਨੀਤੀ ਭਰਪੂਰ ਕਹਾਣੀਆਂ ਜੀਵਨ ਨੀਤੀ ਦਾ ਉੱਤਮ ਫ਼ਾਰਮੂਲਾ ਪੇਸ਼ ਕਰਦੀਆਂ ਹਨ।

## ਮਿਹਰਬਾਨ ਵਾਲੀ ਜਨਮ ਸਾਖੀ

1. ਇਹ ਜਨਮ ਸਾਖੀ ਪੁਰਾਤਨ ਸਾਖੀ ਉੱਤੇ ਹੀ ਆਧਾਰਤ ਹੈ, ਪਰ ਇਸ ਸਾਖੀ ਸੰਗ੍ਰਹਿ ਦੀ ਸ਼ੈਲੀ ਪੁਰਾਤਨ ਸਾਖੀ ਨਾਲੋਂ ਵਧੇਰੇ ਵਿਜੋਗਾਤਮਿਕ ਹੋ ਗਈ ਹੈ।
2. ਜੀਵਨੀ ਪੇਸ਼ ਕਰਨ ਦੇ ਨਾਲ ਨਾਲ ਇੱਥੇ ਪਰਮਾਰਥੀ ਅੰਸ਼ ਭਾਰੂ ਰਹੇ ਹਨ।
3. ਬਿਰਤਾਂਤ ਨਾਲੋਂ ਬਾਣੀ ਦੀ ਵਿਆਖਿਆ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।
4. ਬੋਲੀ ਉੱਤੇ ਬ੍ਰਿਜ ਭਾਸ਼ਾ ਦਾ ਵਧੇਰੇ ਪ੍ਰਭਾਵ ਹੈ।

**ਜਨਮ-ਸਾਖੀ ਭਾਈ ਬਾਲਾ ਜੀ-** ਇਸ ਜਨਮ-ਸਾਖੀ ਦੀ ਸ਼ੈਲੀ ਵਾਰਤਾਲਾਪੀ ਹ। ਇਸ ਵਿਚ ਪੁਰਾਤਨ ਜਨਮ-ਸਾਖੀ ਵਾਲੀ ਸੰਜਮ ਅਤੇ ਰੋਚਿਕਤਾ ਦਾ ਪ੍ਰਭਾਵ ਨਹੀਂ ਹੈ। ਇਸ ਦੀ ਭਾਸ਼ਾ ਉੱਤੇ ਲਹਿੰਦੀ ਦਾ ਪ੍ਰਭਾਵ ਵਧੇਰੇ ਹੈ। ਇਕ ਪੁਰਾਤਨ ਹਵਾਲੇ ਦੌਰਾਨ ਇਸ ਦੀ ਰਚਨਾ ਬਾਬਾ ਹੁੰਦਾਲ ਦੇ ਪੁੱਤਰ ਬਿਦੀ ਚੰਦ ਨੇ 1660 -1715 ਵਿਚ ਕੀਤੀ ਸੀ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਬਹੁਤ ਸਾਰੇ ਵਰਜਿਤ ਵੇਰਵੇ ਮਿਲਦੇ ਹਨ। ਸ਼ਰਧਾਲੂ ਇਸ ਨੂੰ ਅਵੱਗਿਆ ਭਰਪੂਰ ਤੇ ਬਣਾਉਟੀ ਵੇਰਵੇ ਮੰਨਦੇ ਹਨ। ਇਸ ਨੂੰ ਮੋਖੇ ਵਾਲੀ ਜਨਮ-ਸਾਖੀ ਵੀ ਕਿਹਾ ਜਾਂਦਾ ਹੈ। ਪਾਠਕਾਂ ਵਿਚ ਇਹ ਜਨਮ-ਸਾਖੀ ਵਧੇਰੇ ਲੋਕ-ਪ੍ਰਿਆ ਰਹੀ ਹੈ। ਇਹ ਜਨਮ-ਸਾਖੀ ਸ਼ਾਖਾਵਾਂ ਵਿਚ ਪ੍ਰਾਪਤ ਹੁੰਦੀ ਹੈ। ਇਸ ਜਨਮ-ਸਾਖੀ ਵਿਚ ਕੁੱਲ 90 ਸਾਖੀਆਂ ਸ਼ਾਮਿਲ ਹਨ।

### ਸਾਰ-ਅੰਸ਼:

ਸੋ ਇਸ ਪਾਠ ਵਿਚ ਮੱਧਕਾਲੀ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਕਿੱਸਾ ਕਾਵਿਧਾਰਾ, ਬੀਰ ਕਾਵਿਧਾਰਾ ਮੱਧਕਾਲੀ ਪੰਜਾਬੀ ਵਾਰਤਕ ਦੇ ਰੂਪਾਂ ਬਾਰੇ ਵਿਚਾਰ ਕੀਤਾ ਗਿਆ ਹੈ। ਇਹ ਸਾਰੇ ਪੱਖ ਇਸ ਸਮੇਂ ਦੇ ਸਾਹਿਤ ਨੂੰ ਸਮਝਣ ਲਈ ਲਾਹੇਵੰਦ ਹੋ ਸਕਦੇ ਹਨ। ਇਸ ਪਾਠ ਦਾ ਇਹੋ ਉਦੇਸ਼: ਹੈ। ਉਪਰੋਕਤ ਰਚਨਾਵਾਂ ਤੋਂ ਨਾ ਕੇਵਲ ਬਾਣੀ ਕਾਰਾਂ ਦੇ ਇਤਿਹਾਸ ਦਾ ਬੋਧ ਹੁੰਦਾ ਹੈ, ਸਗੋਂ ਸਿੱਖ-ਭਗਤੀ-ਅੰਦੋਲਨ

ਦੀ ਗਤੀਵਿਧੀ ਦੀ ਵਿਸਤਾਰ-ਸਹਿਤ ਜਾਣਕਾਰੀ ਮਿਲਦੀ ਹੈ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਿਚ ਇਹ ਰਚਨਾਵਾਂ ਬੜੀ ਉਪਯੋਗੀ ਸਮਗਰੀ ਦਾ ਭੰਡਾਰ ਹਨ।

## ਕੇਂਦਰੀ ਸ਼ਬਦ:

**ਕਿੱਸਾ** --- ਕਹਾਣੀਬਿਰਤਾਂ/ਕਥਾ/

**ਬੀਰ ---** ਬਹਾਦਰੀ

**ਖੋਜਕਾਰ** -- ਇਤਿਹਾਸਕਾਰ

**ਸੰਦਰਭ** --- ਹਵਾਲਾ

**ਸਾਹਿਤਕਾਰ**---ਸਿਰਜਕ/ਲਿਖਾਰੀ



## ਸਵੈ-ਮੁਲਾਂਕਣ:

1. ਦਮੋਦਰ ਕਿਸ ਬਾਦਸ਼ਾਹ ਦਾ ਸਮਕਾਲੀ ਸੀ?

ੳ. ਬਾਬਰ ਅ. ਅਕਬਰ

ੲ. ਜਹਾਂਗੀਰ ਸ. ਔਰੰਗਜ਼ੇਬ

2. ਜੰਗਨਾਮਾ ਸਿੰਘਾ ਤੇ ਫਰੰਗੀਆਂ ਕਿਸ ਦੀ ਰਚਨਾ ਹੈ?

ੳ. ਪੀਲੂ ਅ. ਸ਼ਾਹ ਮੁਹੰਮਦ

ੲ. ਵਾਰਸ ਸ਼ਾਹ ਸ. ਗੁਰੂ ਗੋਬਿੰਦ ਸਿੰਘ ਜੀ

3. ਪੰਜਾਬੀ ਕਿੱਸਾ ਕਾਵਿਧਾਰਾ ਵਿਚ ਬੈਂਤ ਛੰਦ ਦੀ ਵਰਤੋਂ ਦਾ ਆਰੰਭ ਕੀਤਾ:

ੳ. ਵਾਰਿਸ ਸ਼ਾਹ ਅ. ਦਮੋਦਰ

ੲ. ਪੀਲੂ ਸ. ਮੁਕਬਲ

4. ਚੰਡੀ ਦੀ ਵਾਰ ਦਾ ਰਚੈਤਾ ਕੌਣ ਹੈ?

ੳ. ਗੁਰੂ ਗੋਬਿੰਦ ਸਿੰਘ ਜੀ ਅ. ਸ਼ਾਹ ਮੁਹੰਮਦ

ੲ. ਭਾਈ ਗੁਰਦਾਸ ਸ. ਗੁਰੂ ਨਾਨਕ ਦੇਵ ਜੀ

5. ਚੱਠਿਆਂ ਦੀ ਵਾਰ ਦਾ ਰਚੈਤਾ ਕੌਣ ਹੈ?

ੳ. ਪੀਰ ਮੁਹੰਮਦ ਅ. ਸ਼ਾਹ ਮੁਹੰਮਦ

ੲ. ਦਮੋਦਰ ਸ. ਵਾਰਸ ਸ਼ਾਹ

6. ਵਾਰਿਸ ਦੇ ਕਿੱਸੇ ਦਾ ਅੰਤ..................... ਹੈ।

ੳ. ਦੁਖਾਂਤਕ ਅ. ਸੁਖਾਂਤਕ

ੲ. ਦੁਵਿਧਾ ਭਰਪੂਰ ਸ. ਅਧੂਰਾ

7. ਦਮੋਦਰ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਦਵੱਈਆ ਅ. ਬੈਂਤ

ੲ. ਕਲੀਆਂ ਸ. ਨਿਸ਼ਾਨੀ

8. ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਵੱਲੋਂ ਰਚਿਤ ਵਾਰਾਂ ਦੀ ਗਿਣਤੀ ਕਿੰਨੀ ਹੈ:

ੳ. 22 ਅ. 21

ੲ. 23 ਸ. 39

9. ਪੀਲੂ ਨੇ ਕਿਹੜਾ ਕਿੱਸਾ ਲਿਖਿਆ ਹੈ:

ੳ. ਹੀਰ ਰਾਂਝਾ ਅ. ਮਿਰਜ਼ਾਂ ਸਾਹਿਬਾਂ

ੲ. ਸੱਸੀ ਪੁਨੂੰ ਸ. ਸੋਹਣੀ ਮਹੀਵਾਲ

10. ਪੀਲੂ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਬੈਂਤ ਅ. ਦਵੱਈਆ

ੲ. ਕਬਿੱਤ ਸ. ਕੋਰੜਾ

11. ਸ਼ਾਹ ਮੁਹੰਮਦ ਦੀ ਕਿਹੜੀ ਰਚਨਾ ਹੈ:

ੳ. ਚੰਡੀ ਦੀ ਵਾਰ ਅ. ਚੱਠਿਆਂ ਦੀ ਵਾਰ

ੲ. ਜੰਗਨਾਮਾ ਸਿੰਘਾਂ ਫਰੰਗੀਆ ਸ. ਨਾਦਰਸ਼ਾਹ ਦੀ ਵਾਰ

12. ਚੰਡੀ ਦੀ ਵਾਰ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ੳ. ਵਾਰ ਭਗਾਉਤੀ ਕੀ ਅ. ਦੁਰਗਾ ਉਸਤਤਿ

ੲ. ਦੁਰਗਾ ਸਤੁਤੀ ਸ. ਵਾਰ ਦੁਰਗਾ ਕੀ

13. ਕਿਹੜਾ ਕਥਨ ਸਹੀ ਹੈ:

ੳ. ਵਾਰਤਕ ਦਿਲ ਦੀ ਬੋਲੀ ਹੈ।

ਅ. ਵਾਰਤਕ ਛੰਦ ਬੰਧਨ ਤੋਂ ਅਜ਼ਾਦ ਹੋ ਕੇ ਆਮ ਭਾਸ਼ਾ ਵਿਚ ਵਿਚਾਰਾਂ, ਗੂੜ ਰਹੱਸਾਂ, ਸਾਹਿਤਕ ਅਰਥਾਂ, ਚਿੰਤਨ ਦੀ ਵਿਆਖਿਆ ਲਈ ਮਗਰੋਂ ਹੋਂਦ ਵਿਚ ਆਉਂਦੀ ਹੈ

ੲ. ਵਾਰਤਕ ਛੰਦ ਬੱਧ ਹੁੰਦੀ ਹੈ।

ਸ. ਵਾਰਤਕ ਵਿਚ ਲੈਅ-ਤੋਲ ਦਾ ਧਿਆਨ ਰੱਖਿਆ ਜਾਂਦਾ ਹੈ।

14. ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਬਿਰਤਾਂਤ ਹੈ।

ੳ. ਆਂਸ਼ਿਕ ਸਹੀ ਹੈ ਅ. ਪੂਰਨ ਸਹੀ ਹੈ

ੲ. ਪੂਰਨ ਗਲਤ ਹੈ ਸ. ਕੋਈ ਵੀ ਨਹੀਂ ਹੈ।

15. ਪੁਰਾਤਨ ਪੰਜਾਬੀ ਵਾਰਤਕ ਦੇ ਰੂਪ ਹਨ:

ੳ. ਜੰਗਨਾਮੇ, ਹੁਕਮਨਾਮੇ, ਗੋਸ਼ਟਿ, ਟੀਕੇ ਅ. ਰਹਿਤਨਾਮੇ, ਹੁਕਮਨਾਮੇ, ਜੰਗਨਾਮੇ, ਜਨਮਸਾਖੀ

ੲ. ਜੰਗਨਾਮੇ, ਹੁਕਮਨਾਮੇ, ਗੋਸ਼ਟਿ, ਜਨਮਸਾਖੀ ਸ. ਟੀਕੇ, ਹੁਕਮਨਾਮੇ, ਗੋਸ਼ਟਿ, ਜਨਮਸਾਖੀ

## ਅਭਿਆਸ ਪ੍ਰਸ਼ਨ:

1. ਮੱਧਕਾਲੀ ਪੰਜਾਬੀ ਸਾਹਿਤ ਦਾ ਸੰਦਰਭ ਕਿੱਸਾ -ਕਾਵਿਧਾਰਾ ਬਾਰੇ ਜਾਣਕਾਰੀ ਦਿਓ?
2. ਮੱਧਕਾਲੀ ਪੰਜਾਬੀ ਸਾਹਿਤ ਦਾ ਸੰਦਰਭ- ਬੀਰ ਕਾਵਿਧਾਰਾ ਬਾਰੇ ਜਾਣਕਾਰੀ ਦਿਓ?
3. ਬੀਰ ਕਾਵਿਧਾਰਾ ਦੀਆਂ ਵਿਸ਼ੇਸ਼ਤਾਵਾਂ ਲਿਖੋ?
4. ਮੱਧਕਾਲੀ ਪੰਜਾਬੀ ਸਾਹਿਤ ਦਾ ਸੰਦਰਭ- ਵਾਰਤਕ ਬਾਰੇ ਜਾਣਕਾਰੀ ਦਿਓ?
5. ਮੱਧਕਾਲੀ ਪੰਜਾਬੀ ਵਾਰਤਕ ਦੇ ਰੂਪਾਂ ਬਾਰੇ ਲਿਖੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਉੱਤਰਮਾਲਾ:

| | | | | |
|---|---|---|---|---|
| 1. ਅ | 2. ਅ | 3. ੳ | 4. ੳ | 5. ੳ |
| 6. ੳ | 7. ੳ | 8. ੳ | 9. ਅ | 10. ੲ |
| 11. ੲ | 12. ੳ | 13. ਅ | 14. ਅ | 15. ਸ |

**DPBI501**

# ਅਧਿਆਇ - 6: ਮੱਧਕਾਲੀ ਚੇਤਨਾ ਅਤੇ ਮੱਧਕਾਲੀ ਪੰਜਾਬੀ ਸਾਹਿਤ ਦਾ ਸੰਕਲਪ, ਲੱਛਣ ਅਤੇ ਵਿਸ਼ੇਸ਼ਤਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਮੱਧਕਾਲੀ ਪੰਜਾਬੀ ਸਾਹਿਤ ਦੇ ਸੰਕਲਪ ਨੂੰ ਸਮਝਣ ਸਮਰੱਥ ਹੋਣਗੇ।
- ਮੱਧਕਾਲੀ ਚੇਤਨਾ ਦੇ ਸੰਕਲਪ ਨੂੰ ਸਮਝਣ ਸਮਰੱਥ ਹੋਣਗੇ।
- ਮੱਧਕਾਲੀ ਚੇਤਨਾ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੀਆ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਮੱਧਕਾਲੀ ਚੇਤਨਾ ਇਕ ਮਹੱਤਵਪੂਰਨ ਸੰਕਲਪ ਹੈ। ਇਸ ਅਧਿਆਇ ਵਿਚ ਮੱਧਕਾਲੀ ਚੇਤਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੇ ਮੂਲ ਸਰੋਕਾਰਾਂ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਮੱਧਕਾਲ ਦੇ ਲੰਮੇ ਅਰਸੇ ਵਿਚ ਇਕ ਤੋਂ ਵਧੀਕ ਵਿਚਾਰਧਾਰਾਈ ਕਾਵਿਧਾਰਾ ਪਰੰਪਰਾਵਾਂ ਇਕ ਦੂਜੇ ਦੇ ਸਮ ਵਿੱਥ ਚਲਦੀਆਂ ਰਹੀਆਂ ਹਨ। ਇਨ੍ਹਾਂ ਕਾਵਿਧਾਰਾ ਪਰੰਪਰਾਵਾਂ ਦੇ ਵਿਚਾਰਧਾਰਾਈ ਆਧਾਰ ਭਾਵੇਂ ਇਕ ਦੂਜੇ ਤੋਂ ਭਿੰਨ ਸਨ ਪਰ ਰਚਨਾਤਮਿਕ ਪੱਧਰ ਉੱਪਰ ਸਰਕਾਰ ਇਕ ਦੂਜੇ ਦੇ ਪੂਰਕ ਸਨ। ਇਸ ਅਧਿਆਇ ਵਿਚ ਮੱਧਕਾਲੀ ਚੇਤਨਾ, ਵੱਖ ਵੱਖ ਕਾਵਿਧਾਰਾ- ਪ੍ਰੰਪਰਾਵਾਂ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੇ ਲੱਛਣਾ ਤੇ ਵਿਸ਼ੇਸ਼ਤਾਵਾ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

## ਵਿਸ਼ਾ ਵਸਤੂ:

ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੇ ਮੂਲ ਸਰੋਕਾਰਾਂ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਮੱਧਕਾਲ ਦੇ ਲੰਮੇ ਅਰਸੇ ਵਿਚ ਇਕ ਤੋਂ ਵਧੀਕ ਵਿਚਾਰਧਾਰਾਈ ਕਾਵਿਧਾਰਾ ਪਰੰਪਰਾਵਾਂ ਇਕ ਦੂਜੇ ਦੇ ਸਮ ਵਿੱਥ ਚਲਦੀਆਂ ਰਹੀਆਂ ਹਨ। ਇਨ੍ਹਾਂ ਕਾਵਿਧਾਰਾ ਪਰੰਪਰਾਵਾਂ ਦੇ ਵਿਚਾਰਧਾਰਾਈ ਆਧਾਰ ਭਾਵੇਂ ਇਕ ਦੂਜੇ ਤੋਂ ਭਿੰਨ ਸਨ ਪਰ ਰਚਨਾਤਮਿਕ ਪੱਧਰ ਉੱਪਰ ਸਰਕਾਰ ਇਕ ਦੂਜੇ ਦੇ ਪੂਰਕ ਸਨ। ਮਿਸਾਲ ਵਜੋਂ ਸੂਫ਼ੀ ਕਾਵਿਧਾਰਾ ਦਾ ਵਿਚਾਰਧਾਰਾਈ ਆਧਾਰ ਸਾਮੀ ਚਿੰਤਨ ਸੀ ਅਤੇ ਬਾਣੀਕਾਰ ਭਾਰਤੀ ਚਿੰਤਨ ਨਾਲ ਜੁੜੇ ਹੋਏ ਸਨ। ਜਦੋਂ ਅਸੀਂ ਸਾਮੀ ਅਤੇ ਭਾਰਤੀ ਚਿੰਤਨ ਨਾਲ ਜੁੜੀਆਂ ਕਾਵਿਧਾਰਾ ਪਰੰਪਰਾਵਾਂ ਦੀ ਰਚਨਾਤਮਿਕ ਪ੍ਰਾਪਤੀ ਉੱਪਰ ਦ੍ਰਿਸ਼ਟੀਗੋਚਰ ਹੁੰਦੇ ਹਾਂ ਤਾਂ ਇਹ ਤੱਥ ਸਹਿਜੇ ਹੀ ਉੱਭਰਦਾ ਹੈ ਕਿ ਦੋ ਵਿਭਿੰਨ ਚਿੰਤਨ-ਦ੍ਰਿਸ਼ਟੀਆਂ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਰਚਨਾਤਮਿਕ ਸਰੋਕਾਰ ਇੱਕੋ ਜਿਹੇ ਜਾਂ ਇਕ ਦੂਜੇ ਦੇ ਪੂਰਕ ਹਨ। ਜੋ ਇਹ ਭਗਤਾਂ, ਸੰਤਾਂ ਅਤੇ ਸੂਫ਼ੀ ਕਵੀਆਂ ਨੂੰ ਬਾਣੀ ਕਾਰਾਂ ਦੇ ਬਰਾਬਰ ਸ਼ਾਮਲ ਕੀਤਾ ਹੈ। ਦੂਜੇ ਪਾਸੇ ਇਤਿਹਾਸਕ ਤੱਥ ਇਸ ਤਰਕ ਦੀ ਵੀ ਪੁਸ਼ਟੀ ਕਰਦੇ ਹਨ ਕਿ ਇਨ੍ਹਾਂ ਰਚਨਾ ਕਾਰਾਂ ਵਿਚ ਪਰਸਪਰ ਤਣਾਉ ਕਦਾਚਿਤ ਨਹੀਂ ਸੀ ਜਦ ਕਿ ਇਸਲਾਮ ਦੇ ਪ੍ਰਵੇਸ਼ ਸਮੇਂ ਭਾਰਤੀ ਚਿੰਤਨ ਅਤੇ ਸਾਮੀ ਚਿੰਤਨ ਵਿਚਕਾਰ ਤਿੱਖਾ ਤਣਾਉ ਸੀ। ਸੋ ਇਸ ਪ੍ਰਸ਼ਨ ਦੀ ਤਹਿ ਤੱਕ ਪਹੁੰਚਣ ਲਈ ਕਿ ਵਿਭਿੰਨਤਾ ਦੇ ਬਾਵਜੂਦ ਸਰੋਕਾਰ ਸਾਂਝੇ ਕਿਉਂ ਸਨ, ਇਸ ਨੂੰ ਮੱਧਕਾਲ ਵਿੱਚ ਹੋਏ ਵਿਚਾਰਧਾਰਕ ਅਤੇ ਸਭਿਆਚਾਰਕ ਸੰਸ਼ਲੇਸ਼ਨ ਨੂੰ ਸਮਝਣਾ ਪਵੇਗਾ। ਜਿੰਨੀ ਦੇਰ ਇਸ ਵਿਚਾਰਧਾਰਾਈ ਅਤੇ ਸਭਿਆਚਾਰਕ ਸੰਸ਼ਲੇਸ਼ਨ ਨੂੰ ਸਪਸ਼ਟ ਨਹੀਂ ਕੀਤਾ ਜਾਵੇਗਾ, ਉੱਨੀ ਦੇਰ ਤੱਕ ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰ ਲੱਭੇ ਨਹੀਂ ਜਾ ਸਕਣਗੇ। ਸੋ ਪਹਿਲਾਂ ਇਸ ਪਰਿਪੇਖ ਨੂੰ ਸਮਝਣਾ ਅਨਿਵਾਰੀ ਹੈ, ਜਿਸ ਦੇ ਅੰਤਰਗਤ ਵਿਭਿੰਨ ਚਿੰਤਨ ਅਤੇ ਸਭਿਆਚਾਰ ਪਛਾਣਾਂ ਇਕ ਦੂਜੇ ਦੇ ਨੇੜੇ ਆਈਆਂ, ਸੰਵਾਦ ਦਾ ਰਿਸ਼ਤਾ ਸਥਾਪਤ ਕੀਤਾ ਅਤੇ ਅਜਿਹੇ ਸਰੋਕਾਰਾਂ ਤੇ ਰੁਝਾਨ ਦਿਖਾਇਆ ਜੋ ਇਕ ਦੂਜੇ ਦੇ ਪੂਰਕ ਸਨ।

ਇਹ ਤੱਥ ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਪੰਜਾਬ ਭਾਰਤ ਦਾ ਸੀਮਾਵਤੀ ਪ੍ਰਾਂਤ ਰਿਹਾ ਹੈ। ਜਿੰਨੇ ਵੀ ਹਮਲਾਵਰ ਭਾਰਤ ਵਿਚ ਪ੍ਰਵੇਸ਼ ਕਰਦੇ ਰਹੇ, ਉਹ ਇਸ ਸੀਮਾਵਤੀ ਪ੍ਰਾਂਤ ਦੇ ਦੁਆਰ ਰਾਹੀਂ ਹੀ ਆਏ। ਅਜਿਹੀ ਧਰਤੀ ਜਿਥੇ ਦੂਜਿਆਂ ਦਾ ਪ੍ਰਵੇਸ਼ ਹੁੰਦਾ ਰਿਹਾ ਹੋਵੇ, ਉੱਥੋਂ ਦੀ ਵਿਚਾਰਧਾਰਕ ਸਥਿਤੀ ਹਮੇਸ਼ਾ ਗਤੀਸ਼ੀਲ ਰਹਿੰਦੀ ਹੈ ਕਿਉਂਕਿ ਹਮਲਾਵਰ ਜਾਣ ਤੋਂ ਬਾਅਦ ਵੀ ਆਪਣੇ ਹਸਤਾਖ਼ਰ ਛੱਡ ਜਾਂਦਾ ਹੈ। ਅਜਿਹੀ ਭੂਗੋਲਿਕ ਸਥਿਤੀ ਵਾਲੀ ਧਰਤੀ ਦੇ ਲੋਕਾਂ ਦੀ ਮਾਨਸਿਕਤਾ ਵੀ ਵੱਖਰੇ ਸੁਭਾਅ ਵਾਲੀ ਬਣ ਜਾਂਦੀ ਹੈ ਭਾਵ ਦੂਜੇ ਦੀ ਆਮਦ ਨੂੰ ਸਹਿਣ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ ਜਾਂ ਦੂਜੇ ਸ਼ਬਦਾਂ ਵਿਚ ਬੇਗਾਨਿਆਂ ਨਾਲ ਰਹਿਣ ਦੇ ਅਭਿਆਸੀ ਹੋ ਜਾਂਦੇ ਹਨ। ਐਨ ਇਹੋ ਜਿਹੀ ਸਥਿਤੀ ਮੱਧਕਾਲ ਵਿਚ ਵਾਪਰੀ ਜਦੋਂ ਕਿ ਭਾਰਤ ਵਿਚ ਮੁਸਲਮਾਨਾਂ ਨੇ ਹਮਲਾਵਰ ਦੇ ਰੂਪ ਵਿਚ ਪ੍ਰਵੇਸ਼ ਕੀਤਾ। ਇਹ ਹਮਲਾਵਰ ਆਪਣੇ ਤੋਂ ਪਹਿਲਿਆਂ ਹਮਲਾਵਰਾਂ ਨਾਲੋਂ ਇਸ ਰੂਪ ਵਿਚ ਵੱਖਰੇ ਸਨ ਕਿ ਇਹ ਦੁਬਾਰਾ ਵਾਪਸ ਅਰਬ ਈਰਾਨ ਨਹੀਂ ਪਰਤੇ ਬਲਕਿ ਭਾਰਤ ਦੀ ਧਰਤੀ ਉੱਪਰ ਹੀ ਸਦਾ ਲਈ ਵੱਸ ਗਏ। ਇਹ ਮੁਸਲਮਾਨ ਹਮਲਾਵਰ ਸਿਰਫ਼ ਰਾਜੇ ਬਣ ਕੇ ਹੀ ਨਾ ਆਏ ਬਲਕਿ ਆਪਣੇ ਨਾਲ ਆਪਣਾ ਸਭਿਆਚਾਰ ਅਤੇ ਚਿੰਤਨ ਵੀ ਲੈ ਕੇ ਆਏ। ਪਹਿਲੀ ਸਥਿਤੀ ਵਿਚ ਬਾਹਰਲੇ ਚਿੰਤਨ ਦਾ ਏਥੋਂ ਦੇ ਭਾਰਤੀ ਚਿੰਤਨ ਨਾਲ ਟਕਰਾਓ ਵਾਪਰਿਆ ਪਰ ਜਿਵੇਂ ਕਿ ਅਸੀਂ ਪਹਿਲਾਂ ਦਸ ਆਏ ਹਾਂ ਕਿ ਸੀਮਾਵਤੀ ਪ੍ਰਾਂਤ ਦੇ ਲੋਕ ਦੂਜੇ ਨਾਲ ਰਹਿਣ ਦੇ ਅਭਿਆਸੀ ਹੋ ਜਾਂਦੇ ਹਨ। ਇਹ ਸਾਮੀ ਅਤੇ ਭਾਰਤੀ ਚਿੰਤਨ ਵਿਚਕਾਰ ਤਣਾਉ ਅਤੇ ਟਕਰਾਓ ਬਾਅਦ ਵਿਚ ਇਕ ਸੰਵਾਦ ਰਿਸ਼ਤੇ ਵਿਚੋਂ ਗੁਜ਼ਰਿਆ, ਇਕ ਦੂਜੇ ਨਾਲ ਜਦੋਂ ਰਹਿਣ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਫਿਰ ਵਿਚਾਰਾਂ ਦਾ ਆਦਾਨ ਪ੍ਰਦਾਨ ਸੁਭਾਵਕ ਹੋ ਜਾਂਦਾ ਹੈ। ਸਾਮੀ ਅਤੇ ਭਾਰਤੀ ਚਿੰਤਨ ਨਾਲ ਜੁੜੇ ਮਾਨਵਵਾਦੀ ਭਗਤਾਂ, ਸੂਫ਼ੀਆਂ ਅਤੇ ਬਾਣੀ ਕਾਰਾਂ ਨੇ ਇਕ ਦੂਜੇ ਨਾਲ ਟਕਰਾਓ ਦੀ ਭਾਵਨਾ ਤੋਂ ਮੁਕਤ ਹੋ ਕੇ ਇਕ ਦੂਜੇ ਦੇ ਵਿਚਾਰਾਂ ਨੂੰ ਸਮਝਣ ਅਤੇ ਪਛਾਣਨ ਕਿ ਕਿਰਿਆਸ਼ੀਲ ਦਿਖਾਈ। ਇਹ ਕਿਰਿਆਸ਼ੀਲਤਾ ਹੀ ਉਹ ਧਰਾਤਲ ਬਣੀ ਜਿੱਥੇ ਵਿਚਾਰਧਾਰਕ ਅਤੇ

ਸਭਿਆਚਾਰਕ ਸੰਸ਼ਲੇਸ਼ਨ ਦੀ ਯਾਤਰਾ ਸ਼ੁਰੂ ਹੋਈ। ਦੋ ਵਿਭਿੰਨ ਚਿੰਤਨ ਇਕ ਦੂਜੇ ਦੇ ਨੇੜੇ ਆਏ, ਵਿਚਾਰਾਂ ਦਾ ਸੰਜੋਗ ਹੋਇਆ, ਇਕ ਦੂਜੇ ਦੇ ਸੱਚ ਨੂੰ ਪਛਾਣਿਆ, ਇਕ ਦੂਜੇ ਨੂੰ ਪ੍ਰਭਾਵਿਤ ਕੀਤਾ। ਇਸ ਪਰਸਪਰ ਵਿਚਾਰਧਾਰਕ ਨੇੜਤਾ, ਸਭਿਆਚਾਰਕ ਆਦਾਨ ਪ੍ਰਦਾਨ ਨੇ ਹੀ ਉਸ ਸੰਸ਼ਲੇਸ਼ਨ ਨੂੰ ਸਾਕਾਰ ਕੀਤਾ, ਜਿਸ ਦਾ ਸੰਕੇਤ ਅਸੀਂ ਪਿੱਛੇ ਦੇ ਆਏ ਹਾਂ। ਇਹ ਤੱਥ ਵੀ ਜਾਣਨ ਯੋਗ ਹੈ ਕਿ ਕੱਟੜ ਇਸਲਾਮ ਧਰਮੀਆਂ ਅਤੇ ਕੱਟੜ ਭਾਰਤੀ ਬਾਹਮਣ ਸ਼੍ਰੇਣੀ ਵਿਚਕਾਰ ਤਾਂ ਟਕਰਾਓ ਬਣਿਆ ਰਿਹਾ ਪਰ ਭਗਤ ਆਤਮਾਵਾਂ ਵਿਚਕਾਰ ਟਕਰਾਓ ਦੀ ਥਾਂ ਮੇਲ ਮਿਲਾਪ ਵਧਿਆ, ਇਕ ਦੂਜੇ ਨੂੰ ਸ਼ੁੱਧ ਭਾਵਨਾ ਨਾਲ ਅਪਣਾਇਆ। ਇਹ ਮੇਲ ਮਿਲਾਪ ਅਤੇ ਭਾਵਨਾ ਦੀ ਸ਼ੁੱਧਤਾ ਦਾ ਸਿੱਟਾ ਹੀ ਹੈ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰ ਇਕ ਦੂਜੇ ਦੇ ਪੂਰਕ ਹਨ। ਵਿਭਿੰਨ ਸੋਮਿਆਂ ਵਿਚੋਂ ਪ੍ਰੇਰਨਾ ਲੈਣ ਦੇ ਬਾਵਜੂਦ ਵੀ ਜੇਕਰ ਸਰੋਕਾਰ ਇਕ ਦੂਜੇ ਦੇ ਪੂਰਕ ਹਨ ਤਾਂ ਇਸ ਦਾ ਮੁੱਲ ਰਹੱਸ ਇਹੀ ਵਿਚਾਰਧਾਰਕ ਅਤੇ ਸਭਿਆਚਾਰਕ ਸੰਸ਼ਲੇਸ਼ਨ ਹੈ।ਸੋ ਸਾਹਿਤ ਦੇ ਵਿਦਿਆਰਥੀ ਨੂੰ ਮੱਧਕਾਲ ਦੀਆਂ ਵਿਭਿੰਨ ਵਿਚਾਰਧਾਰਾਵਾਂ ਨੂੰ ਸਮਝਣ ਸਮੇਂ, ਇਸ ਦੇ ਮੂਲ ਸਰੋਕਾਰਾਂ ਦੀ ਪਛਾਣ ਕਰਦੇ ਸਮੇਂ ਇਸ ਉਕਤ ਪਰਿਪੇਖ ਨੂੰ ਜਾਣਨਾ ਜ਼ਰੂਰੀ ਹੈ। ਇਸ ਪਰਿਪੇਖ ਦੀ ਸੋਝੀ ਤੋਂ ਬਾਅਦ ਜਦੋਂ ਭਗਤ ਕਵੀਆਂ, ਸੂਫ਼ੀ ਅਤੇ ਬਾਣੀ ਕਾਰਾਂ ਦੇ ਮੂਲ ਸਰੋਕਾਰ ਵਿਚਾਰੇ ਜਾਣਗੇ ਤਾਂ ਇਨ੍ਹਾਂ ਸਾਰੇ ਸਰੋਕਾਰਾਂ ਵਿਚ ਪੂਰਕਤਾ ਦ੍ਰਿਸ਼ਟੀਗੋਚਰ ਹੋਵੇਗੀ। ਇਸ ਸਾਰੇ ਸੰਸ਼ਲੇਸ਼ਨ ਨੂੰ ਵਿਚਾਰਨ ਵਾਲੇ ਸਾਹਿਤ ਦੇ ਵਿਦਿਆਰਥੀ ਨੂੰ ਇਸ ਗੱਲ ਦਾ ਗਿਆਨ ਹੋਵੇਗਾ ਕਿ ਭਗਤਾਂ, ਕਵੀਆਂ ਨੇ ਜੋ ਸਥਾਨ ਸਥਾਪਤ ਕੀਤੇ, ਉਨ੍ਹਾਂ ਨੂੰ ਬਾਣੀ ਕਾਰਾਂ ਨੇ ਵਿਸਥਾਰ ਦਿੱਤਾ। ਇਸ ਸੰਸ਼ਲੇਸ਼ਨ ਵਿਚੋਂ ਹੀ ਇਸ ਤੱਥ ਦੀ ਪਛਾਣ ਹੋਵੇਗੀ ਕਿ ਸੂਫ਼ੀਆਂ ਨੇ ਪੰਜਾਬੀ ਸਭਿਆਚਾਰ ਨੂੰ ਏਨੀ ਸ਼ਿੱਦਤ ਨਾਲ ਕਿਉਂ ਅਤੇ ਕਿਵੇਂ ਅਪਣਾਇਆ। ਸੋ ਸਾਡੀ ਧਾਰਨਾ ਇਹ ਹੈ ਕਿ ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰਾਂ ਨੂੰ ਉਹੀ ਇਸ ਸਹੀ ਰੂਪ ਵਿਚ ਪਛਾਣ ਸਕੇਗਾ, ਜਿਸ ਨੂੰ ਵਿਚਾਰਧਾਰਕ ਅਤੇ ਸਭਿਆਚਾਰਕ ਸੰਸ਼ਲੇਸ਼ਨ ਦੇ ਵਰਤਾਰੇ ਦਾ ਸਹੀ ਗਿਆਨ ਹੋਵੇਗਾ।

ਸਾਹਿਤ ਚਿੰਤਨ ਦਾ ਇਸ ਜਦੋਂ ਇਸ ਪਿੱਠ-ਭੂਮੀ ਨੂੰ ਪਛਾਣਨ ਤੋਂ ਬਾਅਦ ਮੂਲ ਸਰੋਕਾਰਾਂ ਦੀ ਪਛਾਣ ਵੱਲ ਵਧਦਾ ਹੈ ਤਾਂ ਉਸ ਨੂੰ ਪਤਾ ਚਲਦਾ ਹੈ ਕਿ ਮੱਧਕਾਲ ਦੇ ਸਮੁੱਚੇ ਪੰਜਾਬੀ ਸਾਹਿਤ ਦਾ ਵੱਡਾ ਸਰੋਕਾਰ ਇਕ ਅਜਿਹੇ ਬ੍ਰਹਮ ਦੀ ਕਲਪਨਾ ਕਰਨਾ ਰਿਹਾ ਹੈ ਜੋ ਜਾਤ-ਪਾਤ, ਧਰਮ ਅਤੇ ਸ਼੍ਰੇਣਿਕ ਬੰਧਨਾਂ ਤੋਂ ਉੱਪਰ ਵਿਚਰਦਾ ਰਿਹਾ ਹੈ। ਭਗਤਾਂ, ਸੂਫ਼ੀਆਂ ਅਤੇ ਬਾਣੀ ਕਾਰਾਂ ਨੇ ਜਿਸ ਬ੍ਰਹਮ ਦੇ ਸੰਕਲਪ ਨੂੰ ਧਿਆਇਆ ਹੈ, ਉਹ ਬ੍ਰਹਮ ਜਾਂ ਕਾਜ਼ੀ ਦੇ ਬ੍ਰਹਮ ਤੋਂ ਵੱਖਰਾ ਹੈ, ਇਹ ਉਹ ਬ੍ਰਹਮ ਹੈ ਜੋ ਨੀਚਾ ਜਾਂ ਉੱਮਤਾਂ ਦੀ ਪਰਿਭਾਸ਼ਾ ਨਹੀਂ ਕਰਦਾ ਬਲਕਿ ਇਹ ਉਹ ਬ੍ਰਹਮ ਜੋ ਬਿਨਾਂ ਭੇਦ ਭਾਵ, ਬਿਨਾਂ ਕਿਸੇ ਉਚੇਚ ਦੇ ਆਪਣੀ ਕਿਰਪਾ ਵੰਡਦਾ ਹੈ। ਵਡਿਆਈ ਇਸ ਗੱਲ ਵਿਚ ਹੈ ਕਿ ਇਸ ਬ੍ਰਹਮ ਦੀ ਪ੍ਰਾਪਤੀ ਦਾ ਮਾਰਗ ਅਤਿ ਸਰਲ ਹੈ। ਕੋਈ ਤੀਸਰੀ ਧਿਰ ਨਹੀਂ ਜੋ ਮਨੁੱਖ ਅਤੇ ਬ੍ਰਹਮ ਵਿਚਕਾਰ ਦੂਰੀ ਸਿਰਜੇ। ਭਗਤਾਂ ਨੇ ਤਾਂ ਸਪਸ਼ਟ ਕਿਹਾ ਹੈ ਕਿ ਸੰਸਾਰ ਵਿਚ ਨਿਰਲੇਪ ਰਹਿੰਦਿਆਂ, ਸੱਚੀ ਕਾਰ ਕਰਦਿਆਂ ਹਮ ਦੀ ਪ੍ਰਾਪਤੀ ਹੋ ਸਕਦੀ ਹੈ। ਸੂਫ਼ੀਆਂ ਨੇ ਇਸ਼ਕ ਦਾ ਮਾਰਗ ਦੱਸਦਿਆਂ ਕ੍ਰਮ ਨੂੰ ਸ਼ੁੱਧ ਪ੍ਰੇਮ ਭਾਵਨਾ ਨਾਲ ਜੋੜਿਆ। ਬਾਣੀ ਕਾਰਾਂ ਨੇ ਤਾਂ ਸਪਸ਼ਟ ਲਿਖਿਆ: "ਹੁੰਦਿਆਂ ਖਲੰਦਿਆਂ ਪਹਿਨਦਿਆਂ ਖਾਵੰਦਿਆ ਵਿੱਚੇ ਹੋਵੇ ਮੁਕਤੀ ਭਾਵ ਬਾਣੀ ਕਾਰਾਂ ਨੇ ਜਿਸ ਮ ਦੀ ਕਲਪਨਾ ਕੀਤੀ ਉਹ ਬ੍ਰਹਮ ਕਰੜੀ ਪਰੀਖਿਆ ਨਹੀਂ ਮੰਗਦਾ ਬਲਕਿ ਮਨੁੱਖ ਸੰਸਾਰਿਕਤਾ ਤੋਂ ਨਿਰਲੇਪ ਰਹਿ ਕੇ ਬ੍ਰਹਮ ਦੀ ਕਲਪਨਾ ਕਰਨਾ ਸੀ ਜੋ ਸਮੁੱਚੀ ਮਾਨਵਤਾ ਲਈ ਇਕਰੂਪ ਸੀ। ਇਸ ਬ੍ਰਹਮ ਦੀ ਪ੍ਰਾਪਤੀ ਲਈ ਅਤਿ ਸਰਲ ਮਾਰਗ ਨਿਸ਼ਚਿਤ ਕਰਕੇ ਭਗਤਾਂ, ਸੂਫ਼ੀਆਂ ਅਤੇ ਬਾਣੀ ਕਾਰਾਂ ਨੇ ਕੱਟੜ ਪੰਥੀਆਂ ਦੇ ਉਨ੍ਹਾਂ ਸਾਰੇ ਸੰਕਲਪਾਂ ਨੂੰ ਰੱਦ ਕੀਤਾ ਜਿਨ੍ਹਾਂ ਨੇ ਬ੍ਰਹਮ ਨੂੰ ਇਕ ਵਿਸ਼ੇਸ਼ ਵਰਗ ਲਈ ਰਾਖਵਾਂ ਕਰ ਦਿੱਤਾ ਸੀ। ਸੋ ਧਿਆਨਯੋਗ ਤੱਥ ਇਹ ਹੈ ਕਿ ਭਗਤਾਂ, ਸੂਫ਼ੀਆਂ ਅਤੇ ਬਾਣੀ ਕਾਰਾਂ ਨੇ ਜਿਸ ਬ੍ਰਹਮ ਨੂੰ ਧਿਆਇਆ, ਉਹ ਆਪਣੇ ਚਰਿਤਰ ਵਿਚ ਇਕ ਦੂਜੇ ਦੇ ਪੂਰਕ ਸੀ। ਇਹ ਉਹ ਮੂਲ ਸਰੋਕਾਰ ਸੀ ਜਿਸ ਨੇ ਸਮੁੱਚੀ ਮੱਧਕਾਲ ਦੀ ਰਚਨਾਤਮਿਕ ਪ੍ਰਾਪਤੀ ਨੂੰ ਕੇਂਦਰੀ ਦਿਸ਼ਾ ਦਿੱਤੀ ਹੈ। ਬ੍ਰਹਮ ਦੇ ਅਜਿਹੇ ਸੰਕਲਪ ਨੂੰ ਗੁਰੂ ਰਵਿਦਾਸ ਦੇ ਇਸ ਸ਼ਬਦ ਰਾਹੀਂ ਸਮਝਿਆ ਜਾ ਸਕਦਾ ਹੈ, ਇਸ ਹੇਠ ਲਿਖੇ ਸ਼ਬਦ ਵਿਚ ਬ੍ਰਹਮ ਦੀ ਕਲਪਨਾ ਕੀਤੀ ਗਈ ਹੈ , ਉਹ ਕਲਪਨਾ ਸੂਫ਼ੀਆਂ ਅਤੇ ਬਾਣੀ ਕਾਰਾਂ ਨਾਲ ਐਨ ਪੂਰਕ ਪ੍ਰਤੀਤ ਹੁੰਦੀ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ।

ਗਰੀਬ ਨਿਵਾਜੁ ਗੁਸ਼ਾਈਆ ਮੇਰਾ ਮਾਥੈ ਛਤ੍ਰ ਧਰੈ॥

ਜਾਂ ਕੀ ਜੋਤਿ ਜਗ ਕਉ ਲਾਗੈ ਤਾ ਪਰ ਤੁਹੀ ਢਰੈ।

ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥

ਕਹਿ ਰਵਿਦਾਸ ਸੁਨਹੁ ਰੇ ਸੁਨਹੁ ਹਰਿ ਜੀਉ ਤੇ ਸਭੈ ਸਰੇ॥

ਇਥੇ ਇਹ ਵਿਚਾਰ ਵੀ ਜਾਨਣਯੋਗ ਹੈ ਕਿ ਬ੍ਰਹਮ ਦਾ ਸਰੋਕਾਰ ਸਿਰਫ਼ ਅਧਿਆਤਮਕ ਕਵਿਤਾ ਵਿਚ ਹੀ ਨਹੀਂ ਬਲਕਿ ਲੋਕਿਕ ਕਾਵਿਧਾਰਾ ਪਰੰਪਰਾ ਵਿਚ ਬ੍ਰਹਮ ਨੂੰ ਸਿਮਰਿਆ ਹੈ। ਇਸ ਦਾ ਕਾਰਣ ਇਹ ਵੀ ਹੈ ਕਿ ਪੰਜਾਬੀ ਕਿੱਸਾ ਕਾਵਿਧਾਰਾ ਦੇ ਰਚਨਾਕਾਰ ਧਰਮ-ਚਿੰਤਨ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਆਪਣੀ ਰਚਨਾ ਦੇ ਆਦਿ ਵਿਚ ਹੀ ਬ੍ਰਹਮ ਨੂੰ ਸਿਮਰੇ ਜਾਣ ਦੀ ਪਰੰਪਰਾ ਮਿਲਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਮੱਧਕਾਲ ਦੀ ਸਮੁੱਚੀ ਸਾਹਿਤ ਚਿੰਤਨ ਸਥਿਤੀ ਤੋਂ ਵੱਡਾ ਸਰੋਕਾਰ ਬਣਿਆ ਰਿਹਾ ਹੈ। ਇਸ ਬ੍ਰਹਮ ਭਾਵਨਾ ਦੇ ਦਰਸ਼ਨ ਮੱਧਕਾਲ ਦੀ ਵਾਰਤਕ ਵਿਚ ਵੀ ਬੜੇ ਭਰਵੇਂ ਰੂਪ ਵਿਚ ਮਿਲਦੇ ਹਨ।

ਬ੍ਰਹਮ ਦੇ ਸਰੋਕਾਰ ਤੋਂ ਬਾਅਦ ਮੱਧਕਾਲ ਦੇ ਸਾਹਿਤ ਚਿੰਤਨ ਦਾ ਦੂਜਾ ਵੱਡਾ ਸਰੋਕਾਰ ਮਨੁੱਖ ਆਜ਼ਾਦੀ ਦਾ ਹੈ। ਭਗਤਾਂ, ਸੂਫ਼ੀਆਂ ਅਤੇ ਗੁਰੂਆਂ ਨੇ ਆਪਣੀ ਕਾਵਿਧਾਰਾ-ਸੁਰ ਰਾਹੀਂ ਮਨੁੱਖ ਨੂੰ ਉਨ੍ਹਾਂ ਸਾਰੇ ਬੰਧਨਾਂ ਤੋਂ ਮੁਕਤ ਹੋਣ ਦੀ ਦਿਸ਼ਾ ਦਿੱਤੀ ਹੈ ਜੋ ਇਕ ਲੰਮੇ ਅਰਸੇ ਤੋਂ ਕੁਲੀਨ ਵਰਗ ਦੇ ਸਕਾਰ ਨੂੰ ਸਹਿ ਰਹੇ ਸਨ। ਮੱਧਕਾਲ ਦੇ ਪੰਜਾਬੀ ਸਾਹਿਤ ਵਿਚ ਕਲੀਨ ਵਰਗ ਦੇ ਸਭਿਆਚਾਰ, ਇਸ ਵਰਗ ਦੀ ਭਾਸ਼ਾ ਨੂੰ ਰੱਦ ਕਰਕੇ ਲੋਕ ਵਰਗ ਦੀ ਆਜ਼ਾਦੀ ਦੀ ਗੱਲ ਕੀਤੀ। ਇਸ ਕਾਲ ਦੇ ਸਾਹਿਤ ਚਿੰਤਨ ਦਾ ਵੱਡਾ ਸਰੋਕਾਰ ਲੋਕ ਵਰਗ ਨੂੰ ਉਭਾਰਨਾ ਸੀ। ਲੋਕ ਵਰਗ ਦੇ ਉਭਾਰ ਵਿਚ ਹੀ ਮਨੁੱਖੀ ਆਜ਼ਾਦੀ ਦੀ ਗੱਲ ਕੀਤੀ ਗਈ। ਮੱਧਕਾਲ ਦੇ ਸਾਹਿਤ ਵਿਚ ਕੁਲੀਨ ਵਰਗ ਦੇ ਉਹ ਸਾਰੇ ਸੰਕਲਪ ਰੱਦ ਕੀਤੇ ਗਏ ਹਨ ਜੋ ਵਿਸ਼ੇਸ਼ ਵਰਗ ਨੂੰ ਮੁਕਤੀ ਦਾ ਅਧਿਕਾਰ ਦਿੰਦੇ ਸਨ। ਇਹ ਤੱਥ ਤਾਂ ਸਪਸ਼ਟ ਹੀ ਹੈ ਕਿ ਲੰਮੇ ਅਰਸੇ ਤੋਂ ਅਧਿਆਤਮ ਚਿੰਤਨ ਰਾਖਵੇਂ ਵਰਗ ਵੀ ਨਿੱਜੀ ਜਾਇਦਾਦ ਵਾਂਗ ਹੀ ਚੱਲਿਆ ਆ ਰਿਹਾ ਸੀ, ਬਾਹਮਣ ਦਾ ਪੁੱਤਰ ਬਾਹਮਣ ਹੋ ਸਕਦਾ ਸੀ। ਸਦਰ ਮੁਕਤੀ ਦਾ ਹੱਕਦਾਰ ਨਹੀਂ ਸੀ। ਭਗਤਾਂ, ਸੂਫ਼ੀਆਂ ਅਤੇ ਗੁਰੂਆਂ ਦੇ ਕੁਲੀਨ ਵਰਗ ਦੇ ਇਸ ਰਾਖਵੇਂ ਅਧਿਕਾਰ ਨੂੰ ਰੱਦ ਕਰਕੇ ਲੋਕ ਵਰਗ ਦੇ ਹਿੱਤਾਂ ਦੀ ਗੱਲ ਕੀਤੀ, ਲੋਕ ਸਭਿਆਚਾਰ, ਲੋਕ ਭਾਸ਼ਾ ਨੂੰ ਅਪਣਾ ਕੇ ਲੋਕ ਵਰਗ ਨੂੰ ਪ੍ਰਵਾਨ ਕੀਤਾ। ਸੋ ਮਨੁੱਖੀ ਆਜ਼ਾਦੀ ਦੇ ਇਸ ਸਰੋਕਾਰ ਨੂੰ ਬੜੀ ਸ਼ਿੱਦਤ ਨਾਲ ਉਭਾਰ ਕੇ ਇਸ ਸਮੁੱਚੇ ਸਾਹਿਤ ਚਿੰਤਨ ਨੇ ਇਕ ਨਵੇਂ ਮਨੁੱਖ ਦੀ ਗੱਲ ਕੀਤੀ, ਇਹ ਮਨੁੱਖ ਜਾਤ ਪਾਤ ਧਰਮ ਸ਼੍ਰੇਣੀ ਤੋਂ ਆਜ਼ਾਦੀ ਦੀ ਗੱਲ ਕਰਕੇ ਮਨੁੱਖ ਨੂੰ ਆਪਣੀ ਮਾਨਵਤਾ ਵਿਚੋਂ ਪਾਰ ਲੌਕਿਕ ਸੱਚ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਹ ਆਜ਼ਾਦੀ ਦੀ ਪ੍ਰੇਰਨਾ ਸਿਰਫ਼ ਅਧਿਆਤਮਕ ਕਾਵਿਧਾਰਾ ਵਿਚ ਹੀ ਨਹੀਂ ਬਲਕਿ ਕਿੱਸਾ ਕਾਵਿਧਾਰਾ ਵਿਚ ਵੀ ਮੂਲ ਸਰੋਕਾਰ ਬਣੀ ਹੈ। ਮਿਸਾਲ ਵਜੋਂ ਇਸ਼ਕ ਦੇ ਕਿੱਸਿਆਂ ਵਿਚ ਮਨੁੱਖ ਉਨ੍ਹਾਂ ਸਮਾਜਕ ਪਤਿਮਾਨਾਂ ਵਿਰੁੱਧ ਆਵਾਜ਼ ਉਠਾਉਂਦਾ ਹੈ ਜੋ ਉਸ ਦੀ ਆਤਮ ਪਛਾਣ ਦੇ ਰਾਹ ਵਿਚ ਬੰਧਨ ਬਣਦੇ ਹਨ। ਸੂਰਮਗਤੀ ਦੇ ਕਿੱਸਿਆਂ ਵਿਚ ਛੋਟੀਆਂ ਸ਼੍ਰੇਣੀਆਂ ਦੇ ਵਿਦਰੋਹ ਦੀ ਗੱਲ ਹੈ ਅਤੇ ਭਗਤੀ ਦੇ ਕਿੱਸਿਆਂ ਵਿਚ ਮਾਨਵ ਸੰਸਾਰਿਕਤਾ ਤੋਂ ਆਜ਼ਾਦ ਹੋ ਰਿਹਾ ਹੈ। ਕਹਿਣ ਦਾ ਭਾਵ ਇਹ ਹੈ ਮੱਧਕਾਲ ਦੇ ਸਮੁੱਚੇ ਸਾਹਿਤ ਦਾ ਇਕ ਵੱਡਾ ਸਰੋਕਾਰ ਮਾਨਵੀ ਆਜ਼ਾਦੀ ਦਾ ਹੈ , ਕਲੀਨ ਵਰਗੇ ਦੇ ਵਿਰੋਧ ਵਿਚ ਲੋਕ ਵਰਗ ਨੂੰ ਉਭਾਰਨਾ ਹੈ। ਇਸੇ ਕਰਕੇ ਸਾਨੂੰ ਇਸ ਤੱਥ ਦੀ ਜਾਣਕਾਰੀ ਮਿਲਦੀ ਹੈ ਕਿ ਮੱਧਕਾਲ ਦੇ ਸਮੁੱਚੇ ਸਾਹਿਤ ਚਿੰਤਨ ਵਿਚ ਰਾਜਾ ਅਤੇ ਰਾਜੇ ਦੀਆਂ ਸਾਰੀਆਂ ਅਮਾਨਵੀ ਸ਼ਕਤੀਆਂ ਰੱਦ ਹਨ। 'ਬਾਬਰਬਾਣੀ ਵਰਗੀ ਰਚਨਾ ਇਸ ਤੱਥ ਦਾ ਜੀਵੰਤ ਪ੍ਰਮਾਣ ਹੈ। ਇਸ ਸਾਰੇ ਸਰੋਕਾਰ ਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਦਾ ਵੱਡਾ ਸਰੋਕਾਰ ਉਨ੍ਹਾਂ ਸਾਰੀਆਂ ਅਮਾਨਵੀ ਤਾਕਤਾਂ ਵਿਰੁੱਧ ਆਵਾਜ਼ ਉਠਾਉਣਾ ਸੀ, ਜਿਨ੍ਹਾਂ ਦੇ ਦਬਾਅ ਵਿਚ ਮਨੁੱਖ ਬੰਦੀਵਾਨ ਸੀ। ਇਹ ਸਾਰਾ ਸਾਹਿਤ ਬੰਦੀਵਾਨ ਨੂੰ ਆਜ਼ਾਦ ਕਰਵਾਉਣ ਵਾਲਾ ਹੈ। ਇਸ ਸਾਰੇ ਸਾਹਿਤ ਦੇ ਸਰੋਕਾਰ ਇਸੇ ਸਰੋਕਾਰ ਵਿਚੋਂ ਵਿਸਥਾਰ ਲੈ ਰਹੇ ਹਨ। ਮਿਸਾਲ ਵਜੋਂ ਕੁਲੀਨ ਭਾਸ਼ਾਵਾਂ ਦਾ ਤਿਆਗ ਕਰਕੇ ਦੇਸੀ ਭਾਸ਼ਾਵਾਂ ਨੂੰ ਅਪਣਾਉਣ ਵਿਚ ਹੀ ਮਾਨਵੀ ਮੁਕਤੀ ਹੈ। ਲੋਕ ਭਾਸ਼ਾ ਅਤੇ ਸਭਿਆਚਾਰ ਦੇ ਮੁਹਾਵਰੇ ਰਾਹੀਂ ਰਚਨਾ ਕਰਕੇ ਇਸ ਸਾਹਿਤ ਨੇ ਸਾਧਾਰਨ ਮਨੁੱਖ ਨੂੰ ਕੁਲੀਨ ਭਾਸ਼ਾਵਾਂ ਅਤੇ ਕੁਲੀਨ ਸਭਿਆਚਾਰ ਤੋਂ ਆਜ਼ਾਦ ਕਰਵਾਇਆ ਹੈ। ਸੋ ਬ੍ਰਹਮ ਦੀ ਕਲਪਨਾ ਤੋਂ ਬਾਅਦ ਦੂਜਾ ਪ੍ਰਮੁੱਖ ਸਰੋਕਾਰ ਮਾਨਵੀ ਆਜ਼ਾਦੀ ਦਾ ਸਰੋਕਾਰ ਸੀ। ਦਿਲਚਸਪ ਗੱਲ ਤਾਂ ਇਹ ਹੈ ਕਿ ਮਨੁੱਖ ਨੂੰ ਆਜ਼ਾਦ ਕਰਨ ਵਿਚ ਵੀ ਇਹੀ ਬ੍ਰਹਮ ਦਾ ਸੰਕਲਪ ਮੂਲ ਪ੍ਰਸ਼ਨ ਬਣਦਾ ਰਿਹਾ ਹੈ। ਇਸ ਨਾਲ ਜੁੜ ਕੇ ਮਨੁੱਖ ਦੂਸਰੇ ਬੰਧਨਾਂ ਤੋਂ ਆਜ਼ਾਦ ਹੋ ਰਿਹਾ ਹੈ। ਭਗਤ ਕਵੀ, ਜੋ ਕਿ ਨਿਮਨ ਸੈਣੀ ਵਿਚੋਂ ਆਏ ਸਨ, ਜਦੋਂ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਬੰਧਨਾਂ ਤੋਂ ਆਜ਼ਾਦ ਹੋਏ ਤਾਂ ਕੁਲੀਨ ਵਰਗ ਦੇ ਲੋਕ ਇਨ੍ਹਾਂ ਅੱਗੇ ਡੰਡਲਾਂ ਕਰਨ ਲਈ ਆਏ ਭਾਵ ਬ੍ਰਹਮ ਦੀ ਕਿਰਨ ਰਾਹੀਂ ਮਨੁੱਖ ਸਾਰੇ ਬੰਧਨਾਂ ਨੂੰ ਉਲੰਘ ਕੇ ਆਜ਼ਾਦ ਹੋ ਰਿਹਾ ਹੈ। ਇਹੀ ਇਸ ਸਿਧਾਂਤ ਦਾ ਸਰੋਕਾਰ ਸੀ। ਮਨੁੱਖ ਨੂੰ ਬੰਧਨਾਂ ਤੋਂ ਮੁਕਤ ਕਰਵਾਉਣ ਦਾ ਮਾਰਗ ਉਲੀਕ ਕੇ ਇਸ ਸਮੁੱਚੇ ਸਾਹਿਤ ਚਿੰਤਨ ਨੇ ਪਹਿਲੀ ਵਾਰੀ ਮਾਨਵੀ ਆਜ਼ਾਦੀ ਦੇ ਸਰੋਕਾਰ ਨੂੰ ਸਹੀ ਦਿਸ਼ਾ ਦਿੱਤੀ ਹੈ। ਮੱਧਕਾਲੀ ਸਾਹਿਤ ਚਿੰਤਨ ਦੇ ਸਰੋਕਾਰਾਂ ਦੇ ਅੰਤਰਗਤ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਸਮੁੱਚੇ ਸਾਹਿਤ ਦਾ ਰੁਝਾਨ ਆਪਣੀ ਪੂਰਵ

ਪਰੰਪਰਾ ਨਾਲ ਸੰਵਾਦ ਰਚਾਉਣਾ ਹੈ ਅਤੇ ਇਸ ਸੰਵਾਦ ਦੇ ਮਾਧਿਅਮ ਰਾਹੀਂ ਜੋ ਕੁਝ ਅਰਥਹੀਣ ਹੈ, ਉਸ ਨੂੰ ਖ਼ਾਰਜ ਕਰਨਾ ਹੈ। ਇਸ ਸੰਵਾਦ ਭਾਵਨਾ ਵਿਚੋਂ ਹੀ ਨਵੇਂ ਸੰਕਲਪ ਜਨਮ ਲੈ ਰਹੇ ਹਨ ਪ੍ਰਮਾਣ ਵਜੋਂ ਭਗਤ ਅਤੇ ਗੁਰੂਆਂ ਨੇ ਭਾਰਤੀ ਚਿੰਤਨ ਨਾਲ ਭਰਵਾ ਸੰਵਾਦ ਰਚਾ ਕੇ ਉਹ ਸਾਰੇ ਸੰਕਲਪ ਰੱਦ ਕੀਤੇ ਜੋ ਆਪਣਾ ਅਰਥ ਵਿਹਾ ਚੁੱਕੇ ਸਨ। ਇਸੇ ਤਰਾਂ ਸੂਫ਼ੀਆਂ ਨੇ ਕੁਰਾਨ ਦੇ ਕੱਟੜ ਧਰਮੀਆਂ ਨਾਲ ਤਿੱਖਾ ਸੰਵਾਦ ਰਚਾ ਕੇ ਉਨ੍ਹਾਂ ਮਰਿਆਦਾਵਾਂ ਨੂੰ ਨਕਾਰਿਆ ਜੋ ਧਰਮ ਦੇ ਸੰਸਥਾਗਤ ਚਰਿੱਤਰ ਨੂੰ ਦ੍ਰਿੜ੍ਹ ਕਰਵਾਉਂਦੀਆਂ ਸਨ। ਇਹ ਸੰਵਾਦ ਏਨਾ ਤਿੱਖਾ ਹੈ ਕਿ ਅਰਥਹੀਣ ਸਿਰਫ਼ ਤਿਆਗਿਆ ਹੀ ਨਹੀਂ ਬਲਕਿ ਉਸ ਦੇ ਸਮ ਵਿੱਥ ਨਵੇਂ ਸੰਕਲਪਾਂ ਦੀ ਸਿਰਜਣਾ ਕੀਤੀ ਹੈ। ਇਸ ਸੰਵਾਦ ਭਾਵਨਾ ਦਾ ਇਕ ਸਰੋਕਾਰ ਇਹ ਵੀ ਸੀ ਕਿ ਸੱਚ ਜਿਥੇ ਵੀ ਪਿਆ ਹੈ, ਉਨ੍ਹਾਂ ਨੂੰ ਆਪਣੇ ਸਰੋਕਾਰਾਂ ਵਿਚ ਸ਼ਾਮਲ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ। ਇਸੇ ਕਰਕੇ ਇਹ ਦੇਖਣ ਵਿਚ ਆਇਆ ਹੈ ਕਿ ਬਾਣੀਕਾਰ ਸੂਫ਼ੀਆਂ ਦੇ ਸੱਚ ਨੂੰ ਪ੍ਰਵਾਨ ਕਰਦੇ ਰਹੇ ਹਨ ਅਤੇ ਇਹੀ ਭਾਵਨਾ ਸੂਫ਼ੀਆਂ ਵਿਚ ਵੀ ਦੇਖੀ ਜਾ ਸਕਦੀ ਹੈ। ਸੋ ਸੰਵਾਦ ਭਾਵਨਾ ਮੱਧਕਾਲ ਦੇ ਸਮੁੱਚੇ ਪੰਜਾਬੀ ਸਾਹਿਤ ਦਾ ਮੂਲ ਸਰੋਕਾਰ ਬਣੀ ਹੈ। ਇਸ ਸਰੋਕਾਰ ਦਾ ਇਹੀ ਸਿੱਟਾ ਹੈ ਕਿ ਪੁਰਾਣੇ ਅਰਥਹੀਣ ਹੋ ਚੁੱਕੇ ਸੰਕਲਪ ਰੱਦ ਕੀਤੇ ਗਏ ਹਨ। ਨਵਿਆਂ ਦੀ ਸਿਰਜਣਾ ਹੋਈ ਹੈ। ਹੇਠ ਲਿਖੇ ਪ੍ਰਮਾਣ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ ਕਿ ਇਸ ਸਮੁੱਚੇ ਚਿੰਤਨ ਵਿਚ ਜਿਥੇ ਅਰਥਹੀਣ ਨੂੰ ਰੱਦ ਕੀਤਾ ਹੈ, ਉੱਥੇ ਨਾਲ ਹੀ ਉਸ ਦਾ ਬਦਲ ਭਾਵ ਨਵਾਂ ਸੰਕਲਪ ਸਿਰਜਿਆ ਹੈ:

1. ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
   ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥
   ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
   ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
2. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
   ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
   ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥
   ਅਨਹਤਾ ਸਬਦ ਵਾਜੰਤ ਭੇਰੀ॥

ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰਾਂ ਦੀ ਜਦੋਂ ਮੂਲ ਸੁਰ ਲੱਭੀ ਜਾਂਦੀ ਹੈ ਤਾਂ ਇਸ ਗੱਲ ਦੀ ਪ੍ਰਤੀਤੀ ਹੁੰਦੀ ਹੈ ਕਿ ਜਿਸ ਸਮੁੱਚੇ ਸਾਹਿਤ ਵਿਚ ਅਲੌਕਿਕਤਾ ਅਤੇ ਪਾਰ ਲੌਕੀ ਕਤਾ ਇਕ ਦੂਜੇ ਦੇ ਪੂਰਕ ਰਿਸ਼ਤੇ ਵਿਚ ਬੱਝੀਆਂ ਹੋਈਆਂ ਹਨ। ਇਸੇ ਕਾਰਣ ਅਧਿਆਤਮਕ ਚਿੰਤਨ ਵਿਚ ਧਰਤੀ ਧਰਮਸਾਲ ਹੈ, ਕਾਰਜਭੂਮੀ ਹੈ, ਮੁਕਤੀ ਲਈ ਜਤਨਸ਼ੀਲ ਹੋਣ ਵਾਲਾ ਖੇਤਰ ਹੈ। ਸੂਫ਼ੀ ਕਵਿਤਾ ਵਿਚ ਕਾਵਿਧਾਰਾ ਦੇ ਲੌਕਿਕ ਨਾਇਕ ਪਾਰ ਲੌਕੀ ਕਤਾ ਦੇ ਪ੍ਰਤੀਕ ਵਜੋਂ ਤਾਂ ਹੀ ਆਏ ਹਨ। ਦੂਜੇ ਪਾਸੇ ਲੋਕਿਕ ਕਾਵਿਧਾਰਾ ਪਰੰਪਰਾਵਾਂ ਵਿਚ ਪਾਰ ਲੌਕੀ ਕਤਾ ਨੂੰ ਬਾਰ ਬਾਰ ਸਿਮਰਿਆ ਗਿਆ ਹੈ। ਰੱਬ ਅਤੇ ਦੇਵੀ ਸ਼ਕਤੀਆਂ ਕੇਂਦਰੀ ਭੂਮਿਕਾ ਨਿਭਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਸੋ ਇਸ ਕਾਲ ਦੇ ਸਾਹਿਤ ਚਿੰਤਨ ਵਿਚ ਅਲੌਕਿਕਤਾ ਅਤੇ ਪਾਰ ਲੌਕੀ ਕਤਾ ਇਕ ਦੂਜੇ ਦੇ ਪੂਰਕ ਰਿਸ਼ਤੇ ਵਿਚ ਪ੍ਰਗਟ ਹੋਈਆਂ ਹਨ। ਕਈਆਂ ਥਾਂਵਾਂ ਉੱਪਰ ਤਾਂ ਕਿਕਤਾ ਤੋਂ ਭਰ ਕੇ ਪਾਰ ਲੌਕੀ ਕਤਾ ਤਕ ਦੀ ਯਾਤਰਾ ਨੂੰ ਪ੍ਰਵਾਨ ਕੀਤਾ ਗਿਆ ਹੈ।

ਮਿਸਾਲ ਵਜੋਂ ਹਾਸ਼ਮ ਵਰਗਾ ਕਵੀ ਸ਼ਾਇਰ ਇਸ਼ਕ ਮਜਾਜ਼ੀ ਨੂੰ ਜਦੋਂ ਇਸ਼ਕ ਹਕੀਕੀ ਦੀ ਪਹਿਲੀ ਪੌੜੀ ਮੰਨਦਾ ਹੈ ਤਾਂ ਇਸ ਦਾ ਸਿੱਧਾ ਅਰਥ ਹੀ ਅਲੌਕਿਕਤਾ ਨੂੰ ਪ੍ਰਵਾਨ ਕਰਨਾ ਹੈ। ਇਥੇ ਇਹ ਸਪਸ਼ਟ ਜਾਣਨਾ ਜ਼ਰੂਰੀ ਹੈ ਕਿ ਸੰਸਾਰਿਕਤਾ ਕਿਕਤਾ ਨਹੀਂ ਹੁੰਦੀ ਬਲਕਿ ਅਲੌਕਿਕਤਾ ਮਨੁੱਖ ਦੀਆਂ ਉਹ ਅੰਦਰਲੀਆਂ ਸ਼ਕਤੀਆਂ ਹਨ ਜੋ ਧਰਤੀ ਨਾਲ ਜੁੜੀਆਂ ਹੋਈਆਂ ਹਨ। ਦੋ ਸਦੀਆਂ ਦਾ ਇਹ ਸਮਾਂ ਤਿੰਨ ਪ੍ਰਕਾਰ ਦੀਆਂ ਸਥਿਤੀਆਂ ਵਿੱਚੋਂ ਲੰਘਦਾ ਹੈ ਸਾਰੀ ਅਠਾਰ੍ਹਵੀਂ ਸਦੀ ਭਊਂ ਜਲਤੀ ਭਾਜੜ ਦੀ ਸਦੀ ਹੈ। ਇਹ ਜ਼ਿੰਦਗੀ ਜਿਹੜੀ ਬਾਰ ਬਾਰ ਓਪੇਰਾ ਤੱਥਾਂ ਦੀ ਦਖ਼ਲ ਕਾਰਨ ਉਥਲ ਪੁਥਲ ਦਾ ਸ਼ਿਕਾਰ ਹੁੰਦੀ ਰਹੀ ਉਸ ਜ਼ਿੰਦਗੀ ਵਿੱਚ ਸਮਾਜਿਕ ਮੁੱਲਾਂ ਦਾ ਸਤਿਕਾਰ ਕਾਇਮ ਨਹੀਂ ਰਹਿ ਸਕਦਾ ਅਤੇ ਸੰਤੁਲਨ ਕਾਇਮ ਰੱਖਣਾ ਵੀ ਰਤਾ ਅਸੰਭਵ ਲੱਗਦਾ ਹੈ। ਉਹ ਸਾਰੇ ਤੱਤ ਜਿਹੜੇ ਸਮਾਜਿਕ ਢਾਂਚੇ ਦੀ ਨੈਤਿਕ ਸ਼ਕਤੀ ਬਣ ਸਕਦੇ ਹਨ ਹੰਭ ਜਾਂਦੇ ਹਨ ਜਾਨ ਮਾਲ ਨੂੰ ਹਰ ਵੇਲੇ ਦੇ ਖੱਤਰੀ ਸਦਕਾ ਸੁਭਾਅ ਵਿਚ ਉਹ ਸੰਕੀਰਨ ਸਵਾਰਥ ਆ ਜਾਂਦਾ ਹੈ ਜਿਹੜਾ ਕਿ ਭਾਰਤੀ ਚਿੱਤਰ ਦੀ ਪ੍ਰਤੀਕੂਲ ਹੈ ਇਹ ਤਾਂ ਨਹੀਂ ਕਿਹਾ ਜਾ ਸਕਦਾ ਹੈ ਕਿ ਇਹ ਨੈਤਿਕ ਮੁੱਲ ਅਸਲੋਂ ਹੀ ਅਲੋਪ ਹੋ ਗਏ ਹਨ ਪਰ ਇਹ ਗੱਲ ਸਪਸ਼ਟ ਹੈ ਕਿ ਇਨ੍ਹਾਂ ਨੈਤਿਕ ਮੁੱਲਾਂ ਦੀ ਪ੍ਰੇਰਨਾ ਅਸਲੋਂ ਮੱਧਮ ਪੈ ਗਈ ਸੀ।

ਦੋ ਵਿਰੋਧੀ ਨੈਤਿਕ ਨੀਤੀਆਂ ਦੇ ਅਧਿਆਪਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਗਰਗਾਮੀ ਤੱਤ ਇਤਿਹਾਸ ਦੇ ਚਲਦੇ ਪਰਵਾਹ ਵਿੱਚ ਚੰਦਰਧਰ ਗੌਰਵਤਾ ਪ੍ਰਾਪਤ ਕਰ ਰਹੇ ਸਨ ਭਾਵੇਂ ਇਨ੍ਹਾਂ ਦਾ ਪ੍ਰਭਾਵ ਖੇਤਰ ਉਨੀ ਦੇਰ ਤਕ ਨੇਕ ਅਕਾਰੀ ਰਿਹਾ ਜਿੰਨੀ ਦੇਰ ਤਕ ਇਨ੍ਹਾਂ ਨੇ ਰਾਜਨੀਤਕ ਸੱਤਾ ਪ੍ਰਾਪਤ ਨਾ ਕਰ ਲਈ ਸਿੱਖ ਆਪਣੇ ਸਮੇਂ ਦੀ ਚੜ੍ਹਦੀ ਨੈਤਿਕਤਾ ਦੇ ਪ੍ਰਤੀ ਦਿੱਤਾ ਕਰਦੇ ਸਨ ਭਾਵੇਂ ਉਹ ਕ੍ਰਾਂਤੀਸ਼ੀਲ ਅਲਪ ਗਿਣਤੀ ਵਿਚ ਹੀ ਸਨ। ਸਿੱਖਾਂ ਦੀ ਹੋਂਦ ਸਦਕਾ ਲੋਕਾਂ ਨੂੰ ਕੁਝ ਸਮੇਂ ਲਈ ਸਾਹਸ ਅਤੇ ਰਾਹਤ ਮਿਲਦੀ ਸੀ ਭਾਵੇਂ ਕਿ ਉਨ੍ਹਾਂ ਦੀ ਸੱਤਾ ਕੁਝ ਕੁ ਇਲਾਕੇ ਉੱਤੇ ਕੁਝ ਕੁ ਸਮੇਂ ਲਈ ਹੀ ਰਹਿੰਦੀ ਰਹੀ ਜਦੋਂ ਵੀ ਉਹ ਮੌਕੇ ਤੋਂ ਹਟ ਜਾਂਦੀ ਤਦੋਂ ਹੀ ਹਾਕਮ ਸ਼੍ਰੇਣੀ ਦਾ ਘੋਰ ਕਹਿਰ ਹੋਰ ਵੀ ਨਿਰਦਾਇਤਾ ਨਾਲ ਢਹਿ ਪੈਂਦਾ ਜਿਸ ਕਾਰਨ ਲੋਕ ਬਹੁਤੀ ਵਾਰੀ ਉਨ੍ਹਾਂ ਕੋਲੋਂ ਦੂਰ ਰਹਿੰਦੇ ਉਨ੍ਹਾਂ ਦੀ ਸੱਤਾ ਦੀ ਅਨਿਸ਼ਚਤਾ ਸਮੁੱਚੇ ਵਾਤਾਵਰਣ ਨੂੰ ਅਨਿਸ਼ਚਿਤ ਬਣਾਈ ਰੱਖਦੀ ਜਦ ਤਕ ਕਿ ਸਿੱਖ ਮਿਸਲਾਂ ਦੀ ਸਥਾਪਤੀ ਰਾਹੀਂ ਇਹ ਸਥਿਤੀ ਸਥਿਰ ਨਾ ਹਈ । ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਨੇ ਰਾਜਨੀਤਕ ਸਥਿਤੀ ਨੂੰ ਕੁਝ ਹੱਦ ਤੱਕ ਹੀ ਸ਼ਾਂਤ ਕੀਤਾ ਰਜਵਾੜਿਆਂ ਵਿਚੋਂ ਇੱਕ ਦੀ ਜਿੱਤ ਜਾਣ ਨਾਲ ਤੇ ਹੋਰ ਹੋਰ ਜਿੱਤਾਂ ਦੀ ਲਾਲਸਾ ਹਿੱਤ ਕੀਤੀਆਂ ਗਈਆਂ ਲੜਾਈਆਂ ਦੇ ਹੁੰਦਿਆਂ ਹੋਇਆਂ ਜਿਹੜੀ ਸ਼ਾਂਤੀ ਸੰਭਵ ਸੀ ਉਹ ਉਸੇ ਪ੍ਰਕਾਰ ਦੀ ਸ਼ਾਂਤੀ ਸੀ ਕੇਂਦਰ ਵਿੱਚ ਸ਼ਾਂਤੀ ਹੋਣ ਦੀ ਵੀ ਖ਼ਾਲਸਾ ਰਾਜ ਦਾ ਪਾਸਾਰ ਇਸ ਸ਼ਾਂਤੀ ਨੂੰ ਹੱਦਾਂ ਬੰਨਿਆਂ ਤੋਂ ਭੰਗ ਕਰਦਾ ਰਹਿੰਦਾ ਸੀ ਪਰ ਰਣਜੀਤ ਸਿੰਘ ਦਿ ਦਿਆਲੂ ਰਜਵਾੜੇ ਵਾਲੇ ਚਰਿੱਤਰ ਸਦਕਾ ਉਸ ਦੀ ਮਹਿਮਾ ਵਿਆਪਕ ਸੀ। ਇਹ ਰਾਜ਼ ਪੰਜਾਹ ਸਾਲ ਤਕ ਰਿਹਾ ਜਿਸ ਨੂੰ ਅੰਗਰੇਜ਼ੀ ਦੀ ਰਾਜਨੀਤੀ ਅਤੇ ਖ਼ਾਲਸਾ ਦਰਬਾਰ ਦੀ ਫੁੱਟ ਨੇ ਤਬਾਹ ਕਰ ਕੇ ਉਸ ਤਬਦੀਲੀ ਦਾ ਮੁੱਢ ਬੰਨ੍ਹਿਆ ਜਿਸ ਨੇ ਨਾ ਸਿਰਫ਼ ਰਾਜਨੀਤੀ ਨੂੰ ਹੀ ਬਦਲਿਆ ਸਗੋਂ ਸਮਾਜਿਕ ਤੇ ਆਰਥਿਕ ਢਾਂਚੇ ਵਿਚ ਤਬਦੀਲੀਆਂ ਲਿਆਂਦੀਆਂ ਜਿਨ੍ਹਾਂ ਦੁਆਰਾ ਸਮੁੱਚੀ ਸੰਸਕ੍ਰਿਤੀ ਵਿੱਚ ਢੇਰ ਸਾਰੀਆਂ ਮੂਲਕ ਤਬਦੀਲੀਆਂ ਵਾਪਰੀਆਂ ਕਲਾ ਅਤੇ ਜੀਵਨ ਦਾ ਅੰਤਰ ਸਬੰਧ ਇੱਕ ਮੁੱਢਲਾ ਪ੍ਰਸ਼ਨ ਹੈ ਸਮਾਜਿਕ ਢਾਂਚਾ ਜਿਹੇ ਵਿਚਾਰਾਂ ਨੂੰ ਜਨਮ ਦਿੰਦਾ ਹੈ ਜਿਹੜੇ ਚੇਤਨਤਾ ਦੀ ਦਹਿਲੀਜ਼ ਤੇ ਡਗਮਗਾਉਂਦੀ ਰਹਿੰਦੇ ਹਨ। ਪ੍ਰਤਿਭਾਵਾਨ ਹੀ ਉਨ੍ਹਾਂ ਨੂੰ ਭਾਸ਼ਾ ਪ੍ਰਦਾਨ ਕਰ ਸਕਦਾ ਹੈ।

ਗੁਰੂ ਸਹਿਬਾਨ ਇਸੇ ਪ੍ਰਤਿਭਾ ਦੀ ਪ੍ਰਤੀਨਿਧ ਸਨ ਸਿੱਖਾਂ ਦੀ ਜੰਗਾਂ ਯੁੱਧਾਂ ਵਿੱਚ ਰੁਝੇਵੇਂ ਸਦਕਾ ਇਹ ਉਸਾਰੂ ਵਿਚਾਰ ਲੋਕ ਮਾਨਸ ਵਿਚ ਲੁਪਤ ਰਹਿੰਦੀ ਅਤੇ ਜੁਝਾਰੂ ਕਰਤੱਵ ਰਾਹੀਂ ਹੀ ਪ੍ਰਗਟ ਹੁੰਦੇ । ਇਸ ਸਦੀ ਵਿੱਚ ਰਾਜ ਦਰਬਾਰ ਸੂਫ਼ੀਆਂ ਦੇ ਤਕੀਏ ਤੇ ਪਿੰਡਾਂ ਦੀ ਸੱਥ ਹੀ ਸੰਸਕ੍ਰਿਤ ਦਾ ਕੇਂਦਰ ਸਨ ਜਿੱਥੇ ਸੂਫ਼ੀਆਂ ਅਤੇ ਕਿੱਸਾਕਾਰੀ ਰਚਨਾ ਰਾਹੀਂ ਸਭ ਨੂੰ ਖ਼ੁਸ਼ੀ ਪ੍ਰਾਪਤ ਹੁੰਦੀ ਭਾਵੇਂ ਗੱਲ ਮੰਨ ਵੀ ਲਈ ਜਾਵੇ ਕਿ ਸੂਫ਼ੀਆਂ ਕੋਲ ਭਟਕਦੇ ਲੋਕਾਂ ਨੂੰ ਦੇਣ ਲਈ ਇੱਕ ਸ਼ਹੀਦ ਸੀ ਤਾਂ ਵੀ ਇਹ ਗੱਲ ਅਸਪਸ਼ਟ ਕਰਨ ਦੀ ਲੋੜ ਹੀ ਹੈ ਕਿ ਇਨ੍ਹਾਂ ਦੀ ਸੰਕੇਤਕ ਕਾਮੁਕ ਚ ਨਾਵਲੀ ਅਜਿਹੀ ਸੰਤੁਸ਼ਟੀ ਦੇਣ ਦੇ ਸਮਰੱਥ ਸੀ ਜਿਹੜੀ ਸਮਾਜਿਕ ਖੁਨਾਮੀ ਪ੍ਰਤੀ ਸੰਕੇਤ ਕਰਦੀ ਹੋਈ ਵੀ ਕਿਰਿਆਸ਼ੀਲ ਨਹੀਂ ਸੀ ਕਰ ਸਕਦੀ ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸੂਫੀ ਕਵਿਤਾ ਅਤੇ ਕਿੱਸਾ ਗਾਇਨ ਇੱਕ ਰਸਦਾਇਕ ਕਿਰਿਆ ਬਣ ਕੇ ਰਹਿ ਜਾਂਦੀ ਸੀ ਕਵੀ ਆਪਣੀ ਵਿਸ਼ੇ ਦੀ ਚੋਣ ਪ੍ਰਤੀ ਇੰਨੇ ਕੁ ਚੇਤੰਨ ਸਨ ਕਿ ਓਬੀਸੀ ਦੀ ਚੋਣ ਤਾਂ ਆਪਣੀ ਮਾਨਸਿਕ ਰੁਚੀ ਅਨੁਸਾਰ ਕਰਦੇ ਸਨ ਪਰ ਇਹ ਚੋਣ ਸਮੇਂ ਵੱਲੋਂ ਸਿਧਾਈ ਹੋਈ ਅਤੇ ਸਮੇਂ ਦੀ ਹੀ ਪ੍ਰਤੀਨਿਧ ਹੋ ਨਿੱਬੜਦੀ ਸੀ। ਆਮ ਲੋਕ ਸਾਧਾਰਨ ਤੌਰ ਤੇ ਆਪਣੇ ਕਾਰ ਵਿਹਾਰ ਵਿੱਚ ਹੀ ਮਸਤ ਰਹਿੰਦੇ ਤੇ ਆਪਣੀਆਂ ਧਾਰਮਿਕ ਰਹੁ ਰੀਤਾਂ ਦੀ ਬੱਝੀ ਦਿਨ ਬਤੀਤ ਕਰਦੀ ਬੌਧਿਕ ਅਤੇ ਸੰਸਕ੍ਰਿਤ ਕਿਰਿਆ ਦਾ ਉਨ੍ਹਾਂ ਲਈ ਨਿਗੂਣਾ ਜਿਹਾ ਮਹੱਤਵ ਸੀ ਜ਼ਿੰਦਗੀ ਪ੍ਰਤੀ ਉਨ੍ਹਾਂ ਦੀ ਰੁਚੀ ਵਿਚ ਗਤੀ ਨਹੀਂ ਸੀ ਉਹ ਰੁਚੀ ਹਿੰਦੂਆਂ ਲਈ ਕਰੜੀ ਜਾਤ ਪ੍ਰਣਾਲੀ ਅਤੇ ਕਰਮਕਾਂਡਾਂ ਦੀ ਸੋਧੀ ਹੋਈ ਸੀ ਅਤੇ ਮੁਸਲਮਾਨਾਂ ਦੀ ਰੁਚੀ ਭਾਰਤੀ ਮੁਸਲਮਾਨਾਂ ਦੇ ਅੰਤਰ ਵਿਰੋਧਾਂ ਸਦਕਾ ਉਪਜੇ ਵਿਸ਼ਾਦ ਨੀਂ ਸੀਧੀ ਸੀ ਮੁਸਲਮਾਨਾਂ ਵਿਚ ਵੀ ਅਜਿਹਾ ਵਿਤਕਰਾ ਪੈ ਗਿਆ ਸੀ ਜਿਹੜਾ ਪਦਵੀ ਅਤੇ ਧਨ ਉੱਤੇ ਆਧਾਰਿਤ ਸੀ। ਇਹ ਵਿਤਕਰਾ ਹਿੰਦੂਆਂ ਦੀ ਜਾਤ ਪਾਤ ਦੇ ਵਿਤਕਰੇ ਨਾਲੋਂ ਘੱਟ ਨਹੀਂ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਹੀ ਉਨ੍ਹਾਂ ਨੂੰ ਵੀ ਨਿਸ਼ਚੇਵਾਦੀ ਬਣਾ ਦਿੱਤਾ ਉਨ੍ਹਾਂ ਲਈ ਵੀ ਅਧਿਆਤਮਿਕ ਅਪਸਾਰ ਦਾ ਹੀ ਰਹਿ ਗਿਆ ਸੀ ਜਿਸ ਦਾ ਸਰੂਪ ਬਹੁਤ ਵਾਰੀ ਸੰਕੇਤਕ ਕਾਮੁਕ ਸਰੂਪ ਹੁੰਦਾ ਸੀ

ਅਠਾਰ੍ਹਵੀਂ ਸਦੀ ਦੇ ਮਹਾਨ ਕਵੀ ਬੁੱਲ੍ਹੇ ਸ਼ਾਹ ਵਾਰਿਸ ਸ਼ਾਹ ਆਪਣੇ ਸਮੇਂ ਦੀਆਂ ਸਮਾਜਿਕ ਰਾਜਨੀਤਕ ਅਤੇ ਧਾਰਮਿਕ ਪ੍ਰਸਥਿਤੀਆਂ ਪ੍ਰਤੀ ਪ੍ਰਚੱਲਤ ਵਿਸ਼ਾਦ ਦੀ ਰੁਚੀ ਬਾਰੇ ਚੇਤੰਨ ਸਨ। ਸੰਸਥਾਵਾ ਅਤੇ ਦੰਭੀ ਮਨੁੱਖੀ ਵਿਚਾਰ ਪ੍ਰਤੀ ਉਹ ਬੜੇ ਸੁਚੇਤ ਸਨ ਅਤੇ ਦ੍ਰਿੜ੍ਹ ਭਾਵੀ ਟੀਕਾ ਟਿੱਪਣੀ ਕਰਦੇ ਸਨ ਪਰ ਇਨ੍ਹਾਂ ਗੱਲਾਂ ਦੀ ਹੁੰਦਿਆਂ ਹੋਇਆਂ ਵੀ ਮੂਲ ਕਾਰਨਾਂ ਬਾਰੇ ਉਨ੍ਹਾਂ ਦੀ ਚੇਤਨਾ ਆਪਣੀਆਂ ਸੀਮਾਵਾਂ ਸਨ ਉਨ੍ਹਾਂ ਦੀ ਚੇਤਨਾ ਵਿਰੋਧ ਪੈਦਾ ਕਰਦੀ ਸੀ। ਵਿਦਰੋਹ ਨਹੀਂ ਇੱਕੋ ਪ੍ਰਕਾਰ ਦੀਆਂ ਪ੍ਰਸਥਿਤੀਆਂ ਵੱਖ ਵੱਖ ਕਲਾਕਾਰਾਂ ਦੇ ਮਨਾਂ ਵਿਚ ਵੱਖ ਵੱਖ ਪ੍ਰਕਾਰ ਦੀ ਭਾਵ ਪੈਦਾ ਕਰ ਸਕਦੀਆਂ ਹਨ। ਨਿੱਜੀ ਆਤਮਿਕ ਬਲ ਅਤੇ ਚੇਤਨਾ ਹੀ ਲੋਕਾਂ ਦੇ ਸੁਆਰਥ ਅਤੇ ਲੋੜੀਂਦੇ ਸਮਾਜਿਕ ਪ੍ਰਯੋਜਨ ਨੂੰ ਦ੍ਰਿਸ਼ਟੀ ਕੇਂਦਰ ਵਿੱਚ ਲਿਆ ਸਕਦੀ ਹੈ। ਸੂਫ਼ੀਆਂ ਨੇ ਤੇ ਵਾਰਸ਼ ਨੇ ਅਸੰਤੁਸ਼ਟੀ ਅਤੇ ਪਤਨ ਬਾਰੇ ਸੁਚੇਤ ਹੋਣ ਦਾ ਸਬੂਤ ਦਿੱਤਾ ਪਰ ਸਮਾਜਿਕ ਅਤੇ ਰਾਜਨੀਤਿਕ ਪੱਧਰ ਤੇ ਇਹ ਅਸੰਤੁਸ਼ਟੀ ਨੂੰ ਦੂਰ ਕਰਨ ਦੇ ਉਪਰਾਲੇ ਦੀ ਲੋੜਾਂ ਦਾ ਸਬੂਤ ਨਹੀਂ ਦਿੱਤਾ ਸ਼ਾਇਦ ਕਵੀ ਹੋਣ ਦੇ ਨਾਤੇ ਜਾਂ ਹਾਕਮ ਜਮਾਤ ਨਾਲ ਉਨ੍ਹਾਂ ਦੀ ਹਮਦਰਦੀ ਸਦਕਾ ਹੀ ਇਹ ਅਸੰਤੁਸ਼ਟੀ ਅਤੇ ਵਿਸਾਤ ਉਤਪੰਨ ਹੋਈ। ਰਣਜੀਤ ਸਿੰਘ ਦੇ ਸਮੇਂ ਇੱਕ ਰਾਜਨੀਤਕ ਸਥਿਰਤਾ ਸੀ ਪਰ ਸ਼ਾਂਤ ਵਾਤਾਵਰਨ ਤੋਂ ਇਲਾਵਾ ਸਾਰੇ ਰਾਜ ਦਾ ਖਾਸਾ ਮੁਗਲਾਂ ਨਾਲੋਂ ਭਿੰਨ ਨਹੀਂ ਸੀ ਆਮ ਲੋਕਾਂ ਦੀ ਹਾਲਤ ਦੀ ਸੋਚਣੀ ਕਾਰ ਵਿਹਾਰ ਅਤੇ ਧਰਮ ਆਚਾਰ ਸਾਧਾਰਨ ਪੱਧਰ ਦੀ ਵੱਧ ਸੁਚੇਤ ਨਹੀਂ ਸਨ ਇਹੀ ਕਾਰਨ ਹੈ ਕਿ ਰਾਜਨੀਤਕ ਅਸ਼ਾਂਤੀ ਦੀ ਹੁੰਦਿਆਂ ਹੋਇਆਂ ਵੀ ਕੋਈ ਅਜਿਹਾ ਵਿਚਾਰ ਜਾਂ ਭਾਵ ਉਭਰ ਕੇ ਸਾਹਮਣੇ ਨਹੀਂ ਆਇਆ।

ਜਿਹੜਾ ਨਵੇਂ ਸਾਹਿਤਕ ਅਨੁਭਵ ਨੂੰ ਪ੍ਰੇਰਿਤ ਕਰ ਸਕਦਾ ਸੂਫ਼ੀ ਕਾਂ ਪੁਰਾਣੀ ਰੌਂਅ ਵਿੱਚ ਵਗਦੀ ਰਹੇ ਸਗੋਂ ਇਸ ਗੱਲ ਦੇ ਪ੍ਰਮਾਣ ਮਿਲਦੀ ਸ਼ੁਰੂ ਹੋ ਗਏ ਸਨ ਕਿ ਜਿਵੇਂ ਇਹ ਦੋਵੇਂ ਧਾਰਾਵਾਂ ਆਪਣੀ ਸਾਹਿਤਕ ਸਮਰੱਥਾ ਵਲੋਂ ਹੰਭ ਹੁਟ ਗਈਆਂ ਹੋਣ ਤੇ ਸੱਜਰੇਪਣ ਦੀ ਸੰਭਾਵਨਾ ਉੱਕਾ ਹੀ ਹੀ ਮੁੱਕਦੀ ਜਾ ਰਹੀ ਹੋਵੇ। ਸਾਹਿਤਕ ਰੂੜੀਆਂ ਪੁਰਾਤਨ ਮੁਹਾਂਦਰੇ ਸਦਕਾ ਸੱਜਰੇ ਅਨੁਭਵ ਨੂੰ ਹੀ ਜਾਣਿਆ ਪਛਾਣਿਆ ਰੂਪ ਦੀ ਕਿ ਵਿਕਾਸ ਤਾਂ ਨਹੀਂ ਸਗੋਂ ਸਿਲਤਾਂ ਦਾ ਪ੍ਰਭਾਵ ਪੈਦਾ ਕਰਦੀਆਂ ਸਨ। ਹਾਸ਼ਮ ਦੇ ਕਾਦਰਯਾਰ ਵਰਗੇ ਨਾ ਵਡੇਰੀ ਹਨ ਪਰ ਨਿਰੋਲ ਸਾਹਿਤਕ ਦ੍ਰਿਸ਼ਟੀ ਤੋਂ ਹੰਭੀਆਂ ਹੋਈਆਂ ਵਿਧਾਵਾਂ ਦੀਆਂ ਪ੍ਰੰਪਰਾਗਤ ਰੂੜੀਆਂ ਰਾਹੀਂ ਘੜੀ ਗਈ ਘਾੜਤ ਮਾਨਤਾ ਦੇ ਅਹਿਸਾਸ ਨੂੰ ਹੀ ਜਗਾਉਂਦੀ। ਅਠਾਰਾਂ ਸੌ ਪੰਜਾਹ ਈਸਵੀ ਤਕ ਬੌਧਿਕ ਕਿਰਿਆ ਤਿੰਨ ਵੱਖ ਵੱਖ ਖੇਤਰਾਂ ਵਿਚ ਪ੍ਰਫੁੱਲਤ ਹੁੰਦੀ ਰਹੀ ਇਨ੍ਹਾਂ ਤਿੰਨ ਖੇਤਰਾਂ ਦਾ ਫ਼ਰਕ ਵੱਖ ਵੱਖ ਭਾਸ਼ਾਈ ਮਾਧਿਅਮ ਨਾਲ ਸਬੰਧਤ ਹੈ ਹਿੰਦੂ ਬੁੱਧੀਜੀਵੀ ਸੰਸਕ੍ਰਿਤ ਦੀ ਸਿਖਲਾਈ ਤੇ ਪਠਨ ਪਾਠਨ ਅਤੇ ਆਪਣੇ ਖੇਤਰ ਦੀਆਂ ਪ੍ਰੰਪਰਾਗਤ ਵਿਸ਼ੇਸ਼ਤਾਈਆਂ ਸਮੇਤ ਜ਼ੋਰ ਦਿੰਦਾ ਰਿਹਾ ਇਸ ਸਿਖਲਾਈ ਵਿਚ ਵਿਆਕਰਣ ਛੰਦ ਅਲੰਕਾਰ ਪਿੰਗਲ ਅਤੇ ਧਾਰਮਿਕ ਸਿੱਖਿਆ ਉੱਤੇ ਬਾਲ ਸੀ। ਆਮ ਲੋਕੀਂ ਅਤੇ ਅਸਾਹਿਤਕ ਬੁੱਧੀਜੀਵੀ ਆਪਣੀਆਂ ਸਮਕਾਲੀ ਧਾਰਮਿਕ ਲਹਿਰਾਂ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦੇ ਪੰਜਾਬ ਵਿੱਚ ਇਸ ਕਾਲ ਵਿਚ ਕੋਈ ਅਜਿਹੀ ਲਹਿਰ ਜਾਂ ਧਾਰਾ ਨਹੀਂ ਸੀ। ਜਿਹੜੀ ਹਿੰਦੂਮੱਤ ਨੂੰ ਸੇਧ ਦੇ ਸਕਦੀ ਵਕਤੀ ਆਸਰਿਆਂ ਤੋਂ ਇਲਾਵਾ ਉਹ ਠੀਕ ਹੀ ਜੀਵਨ ਬਤੀਤ ਕਰਦਾ ਸੀ ਤੇ ਦਿਨ ਬ ਦਿਨ ਰਸਾਤਲ ਵੱਲ ਜਾ ਰਿਹਾ ਸੀ। ਭਗਤੀ ਲਹਿਰ ਜਿਹੜੀ ਕਿ ਵੱਖਰੀ ਮਾਤਾ ਰੂਪ ਧਾਰਨ ਕਰ ਚੁੱਕੀ ਸੀ ਰਾਜਨੀਤਕ ਪ੍ਰਸਥਿਤੀਆਂ ਸਦਕਾ ਗੁਪਤ ਰੂਪ ਵਿੱਚ ਕਾਰਜਸ਼ੀਲ ਸੀ ਹਿੰਦੂਆਂ ਵਿੱਚੋਂ ਉਹ ਉਨ੍ਹਾਂ ਨੂੰ ਖਿੱਚ ਪਾਉਂਦੀ ਸੀ। ਜਿਹੜੇ ਦਲੇਰ ਅਤੇ ਮੌਲਿਕ ਸੱਚ ਦੇ ਮਾਲਕ ਹੁੰਦੇ ਸਨ ਪਰ ਹੁਣ ਉਹ ਸਾਰੇ ਸ਼ਸਤਰਧਾਰੀ ਰਾਜਨੀਤੀ ਕਾਰਜ ਵਿੱਚੋਂ ਲੰਘ ਕੇ ਜੇਤੂ ਹੋ ਗਏ ਸਨ ਤੇ ਮੁੜ ਵਾਪਸ ਆਪਸ ਵਿਚ ਲੜਦੇ ਭਿੜਦੇ ਕੇਂਦਰੀ ਰਾਜ ਵਿੱਤ ਸੰਗਠਿਤ ਹੋ ਗਏ ਸਨ। ਸਿੱਖ ਤਾਂ ਆਪਣੇ ਵਿਰਸੇ ਪ੍ਰਤੀ ਸੰਤੁਸ਼ਟ ਸਨ ਉਹ ਆਪਣੇ ਵਿਰਸੇ ਨੂੰ ਆਤਮਿਕ ਖੇਤਰ ਵਿਚ ਅਗਵਾਈ ਲਈ ਕਾਫ਼ੀ ਸਮਝਦੇ ਸਨ ਇਸ ਵਿੱਚ ਉਨ੍ਹਾਂ ਨੂੰ ਆਪਣੀ ਮਨੋਸਥਿਤੀ ਦਾ ਬਿੰਬ ਨਜ਼ਰੀਂ ਆਉਂਦਾ ਸੀ।

ਅਠਾਰ੍ਹਵੀਂ ਸਦੀ ਅਤੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਵਾਰਤਕ ਸਾਹਿਤ ਦੇ ਮੁਹਾਂਦਰੇ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿਉਂਕਿ ਸਾਖੀਕਾਰਾਂ ਟੀਕਾਕਾਰਾਂ ਗੋਸ਼ਟੀ ਰਚਨਾਕਾਰਾਂ ਅਤੇ ਤਫ਼ਸੀਰਾਂ ਤੀਹ ਅਕਬਾਲ ਲਿਖਣ ਵਾਲਿਆਂ ਦਾ ਮੁੱਖ ਰੁਝੇਵਾਂ ਅਤੇ ਰੁਚੀ ਇਸ ਕਾਲ ਵਿਚ ਹੀ ਉਹੀ ਰਹਿੰਦੀ ਹੈ ਜਿਹੜੀ ਸਤਾਰ੍ਹਵੀਂ ਸਦੀ ਵਿੱਚ ਸੀ ਯਥਾਰਥ ਦੀ ਥਾਂ ਤੇ ਭਰਮਾਰ ਤਾਂ ਮਹੱਤਵ ਉਵੇਂ ਹੀ ਬਣਿਆ ਰਹਿੰਦਾ ਹੈ।ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵੇਚੋ ਵਾਰਤਕ ਦੀ ਹੋਂਦ ਵਿੱਚ ਆਈ ਜਿਹੜੀ ਅਲੋਕਿਕ ਵਿਸ਼ੇ ਦੀ ਥਾਂ ਇਹ ਲੌਕਿਕ ਸਮੱਸਿਆਵਾਂ ਨੂੰ ਨਜਿੱਠਦੀ ਹੈ ਜਿਵੇਂ ਕਿ ਪ੍ਰੇਮ ਸੁਮਾਰਗ ਗ੍ਰੰਥ ਪਰ ਅਜਿਹੀਆਂ ਰਚਨਾਵਾਂ ਸਾਹਿਤ ਦੇ ਖੇਤਰ ਵਿੱਚ ਸਥਾਨ ਪ੍ਰਾਪਤ ਕਰਨ ਤੋਂ ਅਸਮਰੱਥ ਰਹਿੰਦੀਆਂ ਹਨ ਕਿ ਕੀ ਉਹ ਇਨ੍ਹਾਂ ਦਾ ਵਿਸ਼ਾ ਅਤੇ ਭਾਸ਼ਾ ਸ਼ੈਲੀ ਅਜਿਹਾ ਨਹੀਂ ਹੋਣ ਦਿੰਦੀ ਹਿੰਦੂ ਸਿੱਖਾਂ ਵਿੱਚ ਉਦਾਸੀ ਨਿਰਮਲੇ ਸੇਵਾਪੰਥੀ ਆਦਿ ਸਾਧ ਸੰਤਾਂ ਤੇ ਗਿਆਨੀਆਂ ਅਤੇ ਮੁਸਲਮਾਨਾਂ ਵਿਚ ਮੌਲਵੀਆਂ ਤੇ ਹੋਰ ਸੂਫ਼ੀਆਂ ਵਲੋਂ ਵਾਰਤਕ ਰਚਨਾ ਹੁੰਦੀ ਰਹੀ ਹੈ ਤੇ ਇਹ ਕੰਮ ਥੋੜ੍ਹੇ ਬਹੁਤੇ ਫਰਕ ਨਾਲ ਉਨ੍ਹੀਵੀਂ ਸਦੀ ਦੇ ਅੰਤ ਤੱਕ ਚਲਦਾ ਰਿਹਾ ਇਸ ਦਾ ਸਾਹਿਤਕ ਮਹੱਤਵ ਅੰਗਰੇਜ਼ੀ ਰਾਜ ਦੇ ਆਗਮਨ ਤੋਂ ਪਿੱਛੋਂ ਬਿਲਕੁੱਲ ਅਲੋਪ ਹੋ ਜਾਂਦਾ ਹੈ ਭਾਵੇਂ ਪਰਮਾਰਥਕ ਪ੍ਰਭਾਵ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਕਾਇਮ ਰਹਿੰਦਾ ਹੈ।

## ਮੱਧਕਾਲੀ ਅਤੇ ਆਧੁਨਿਕ ਬੋਧ ਵਿਚ ਅੰਤਰ:

ਪੰਜਾਬੀ ਸਾਹਿਤ ਚਿੰਤਨ ਦੀ ਇਤਿਹਾਸਕ ਰੇਖਾਕਾਰੀ ਕਰੀਏ ਤਾਂ ਇਸ ਤੱਥ ਦਾ ਪਤਾ ਲਗਦਾ ਹੈ ਕਿ ਇਸ ਸਾਰੇ ਸਾਹਿਤਕ ਇਤਿਹਾਸ ਨੂੰ ਚੇਤਨਾ ਦੇ ਆਧਾਰ ਉੱਪਰ ਦੋ ਵਰਗਾਂ ਵਿਚ ਵੰਡ ਸਕਦੇ ਹਾਂ। ਪਹਿਲਾ ਵਰਗ ਮੱਧਕਾਲੀ ਚੇਤਨਾ ਦਾ ਹੈ ਅਤੇ ਦੂਜਾ ਵਰਗ ਆਧੁਨਿਕ ਚੇਤਨਾ ਵਾਲਾ ਹੈ। ਸਾਹਿਤਕ ਚੇਤਨਾ ਦੇ ਇਨ੍ਹਾਂ ਦੋ ਵਰਗਾਂ ਦੇ ਆਪਣੇ ਆਪਣੇ ਸਰੋਕਾਰ ਅਤੇ ਥੀਮ ਪਾਸਾਰ ਹਨ। ਸਾਹਿਤ ਦੇ ਵਿਦਿਆਰਥੀ ਨੂੰ ਇਨ੍ਹਾਂ ਦੋਹਾਂ ਚੇਤਨਾਵਾਂ ਵਿਚ ਫ਼ਰਕ ਦਾ ਭਲੀ ਭਾਂਤ ਗਿਆਨ ਹੋਣਾ ਚਾਹੀਦਾ ਹੈ। ਇਸ ਫ਼ਰਕ ਨੂੰ ਸਮਝ ਕੇ ਹੀ ਮੱਧਕਾਲੀ ਸਾਹਿਤ ਉੱਤੇ ਆਧੁਨਿਕ ਬੋਧ ਵਾਲੇ ਸਾਹਿਤ ਨੂੰ ਸਮਝਿਆ ਜਾ ਸਕਦਾ ਹੈ। ਇਹ ਅੰਤਰ ਇਸ ਪ੍ਰਕਾਰ ਹੈ :

1. ਮੱਧਕਾਲੀ ਸਾਹਿਤ ਦਾ ਕੇਂਦਰ ਬਿੰਦੂ ਬ੍ਰਹਮ ਹੈ ਅਤੇ ਮਨੁੱਖ ਦੀ ਸਾਰੀ ਕਾਰਜ-ਸ਼੍ਰੇਣੀ ਇਸ ਕ੍ਰਮ ਨੂੰ ਪ੍ਰਾਪਤ ਕਰਨ ਨਾਲ ਜੁੜੀ ਹੋਈ ਹੈ ਜਦ ਕਿ ਆਧੁਨਿਕ ਸਾਹਿਤ ਸ਼ੁੱਧ ਰੂਪ ਵਿਚ ਮਾਨਵ-ਕੇਂਦਰਿਤ ਹੈ।
2. ਮੱਧਕਾਲੀ ਸਾਹਿਤ ਵਿਚ ਮਨੁੱਖ ਆਪਣੇ ਪੂਰਵਲੇ ਕਰਮਾਂ ਦੀ ਹੋਣੀ ਭੋਗਣ ਲਈ ਮਜਬੂਰ ਹੈ ਜਦਕਿ ਆਧੁਨਿਕ ਚੇਤਨਾ ਮਨੁੱਖ ਦੀ ਵਰਤਮਾਨ ਸਥਿਤੀ ਉੱਪਰ ਟਿਕੀ ਹੋਈ ਹੈ। ਅਤੀਤ ਜਾਂ ਪੂਰਵਲੇ ਕਰਮ ਆਧੁਨਿਕ ਬੋਧ ਵਿਚ ਪ੍ਰਵਾਨ ਨਹੀਂ।
3. ਮੱਧਕਾਲੀ ਸਾਹਿਤ ਦਾ ਮੁੱਖ ਥੀਮ ਭਗਤੀ ਅਤੇ ਵਿਲੋਮ ਭਾਵਨਾ ਹੈ ਜਦ ਕਿ ਆਧੁਨਿਕ ਬੋਧ ਵਿਚ ਅਜਿਹੀ ਪ੍ਰੇਮਾ ਭਗਤੀ ਗੈਰ-ਹਾਜ਼ਰ ਹੈ।
4. ਮੱਧਕਾਲੀ ਸਾਹਿਤ ਚੇਤਨਾ ਵਿਚ ਮਨੁੱਖ ਦਾ ਪ੍ਰਮਾਣਿਕ ਰਿਸ਼ਤਾ ਬ੍ਰਹਮ ਨਾਲ ਹੈ ਜਦਕਿ ਆਧੁਨਿਕ ਚੇਤਨਾ ਵਿਚ ਇਹ ਰਿਸ਼ਤਾ ਧਰਤੀ ਦਾ ਔਰਤ ਮਰਦ ਵਿਚਕਾਰ ਹੈ।

5. ਮੱਧਕਾਲੀ ਸਾਹਿਤ ਚੇਤਨਾ ਵਿਚ ਮਾਇਆ ਵਰਜਿਤ ਹੈ ਜਦਕਿ ਆਧੁਨਿਕ ਬੋਧ ਦੀ ਚੇਤਨਾ ਮਾਇਆ (ਸਰਮਾਏ) ਉੱਪਰ ਉੱਸਰੀ ਹੋਈ ਹੈ।
6. ਮੱਧਕਾਲੀ ਸਾਹਿਤ ਚੇਤਨਾ ਵਿਚ ਮਨੁੱਖ ਨਿਤਾਣੀ ਹੋਂਦ ਹੈ , ਬ੍ਰਹਿਮੰਡੀ ਸ਼ਕਤੀਆਂ ਉਸ ਨੂੰ ਭਟਕਾਉਂਦੀਆਂ ਹਨ। ਆਧੁਨਿਕ ਚੇਤਨਾ ਵਿਚ ਮਨੁੱਖ ਸ਼ਕਤੀ ਵਰ ਧਿਰ ਹੈ।
7. ਮੱਧਕਾਲੀ ਚੇਤਨਾ ਵਿਚ ਰੱਬ ਦਾ ਭਉ ਹੈ। ਆਧੁਨਿਕ ਬੋਧ ਵਿਚ ਇਹ ਭਉ ਮਨੁੱਖ ਦਾ ਮਨੁੱਖ ਨੂੰ ਹੈ।
8. ਮੱਧਕਾਲੀ ਸਾਹਿਤ ਚੇਤਨਾ ਵਿਚ ਪਰੀ ਕਲਪਨਾ ਹੈ ਜਦ ਕਿ ਆਧੁਨਿਕ ਬੋਧ ਵਿਚ ਯਥਾਰਥ ਪ੍ਰਧਾਨ ਹੈ।
9. ਮੱਧਕਾਲੀ ਚੇਤਨਾ ਵਿਚ ਭਵਿੱਖ ਦੀ ਚਿੰਤਾ ਵਧੇਰੇ ਹੈ ਜਦ ਕਿ ਆਧੁਨਿਕ ਚੇਤਨਾ ਵਿਚ ਇਹ ਚਿੰਤਾ ਵਰਤਮਾਨ ਦੀ ਹੈ।
10. ਰੂਪਾਕਾਰ ਦੇ ਪ੍ਰਸੰਗ ਵਿਚ ਮੱਧਕਾਲੀ ਸਾਹਿਤ ਚਿੰਤਨ ਵਿਚ ਜਿਵੇਂ ਕਾਵਿਧਾਰਾ ਪ੍ਰਚਲਿਤ ਸਨ, ਉਹ ਆਧੁਨਿਕ ਬੋਧ ਵਿਚ ਬਦਲ ਗਏ ਹਨ।
11. ਮੱਧਕਾਲੀ ਸਾਹਿਤ ਵਿਚ ਧਰਮ ਪ੍ਰਮੁੱਖ ਹੈ। ਆਧੁਨਿਕ ਚੇਤਨਾ ਵਿਚ ਧਰਮ ਦੀ ਸੰਪਰਦਾਇਕਤਾ ਹੈ।
12. ਮੱਧਕਾਲੀ ਸਾਹਿਤ ਪ੍ਰੇਰਨਾ ਮੂਲਕ ਹੈ, ਆਧੁਨਿਕ ਚਿੰਤਨ ਯਥਾਰਥ ਮੂਲਕ ਹੈ।
13. ਮੱਧਕਾਲੀ ਸਾਹਿਤ ਚੇਤਨਾ ਵਿਚ ਰੱਬ ਦੀ ਭੂਮਿਕਾ ਅਹਿਮ ਹੈ ਜਦ ਕਿ ਆਧੁਨਿਕ ਬੋਧ ਵਿਚ ਜਿਵੇਂਨੀਤਸ਼ੇ ਨੇ ਕਿਹਾ ਸੀ ਕਿ ਰੱਬ ਦੀ ਮੌਤ ਹੋ ਚੁੱਕੀ ਹੈ, ਦਾ ਮੂਲ ਸੁਰ ਹੈ।
14. ਮੱਧਕਾਲੀ ਸਾਹਿਤ ਚੇਤਨਾ ਸੰਬੋਧਨ ਮੂਲਕ ਹੈ, ਆਧੁਨਿਕ ਚੇਤਨਾ ਸਥਿਤੀ ਮੂਲਕ ਹੈ।
15. ਮੱਧਕਾਲੀ ਸਾਹਿਤ ਚੇਤਨਾ ਵਿਚ ਮੂਲ ਸੁਰ ਕੁਲੀਨ ਵਰਗ ਦੇ ਵਿਰੋਧ ਵਾਲੀ ਹੈ ਜਦਕਿ ਆਧੁਨਿਕ ਬੋਧਅਜਿਹਾ ਵਿਰੋਧ ਤਿੱਖੇ ਰੂਪ ਵਿਚ ਨਹੀਂ।

**ਸਾਰ-ਅੰਸ਼:**

ਸੋ ਮੱਧਕਾਲੀ ਚੇਤਨਾ ਇਕ ਮਹੱਤਵਪੂਰਨ ਸੰਕਲਪ ਹੈ। ਇਸ ਅਧਿਆਇ ਵਿਚ ਮੱਧਕਾਲੀ ਚੇਤਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੇ ਮੂਲ ਸਰੋਕਾਰਾਂ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਮੱਧਕਾਲ ਦੇ ਲੰਮੇ ਅਰਸੇ ਵਿਚ ਇਕ ਤੋਂ ਵਧੀਕ ਵਿਚਾਰਧਾਰਾਈ ਕਾਵਿਧਾਰਾ ਪਰੰਪਰਾਵਾਂ ਇਕ ਦੂਜੇ ਦੇ ਸਮ ਵਿੱਥ ਚਲਦੀਆਂ ਰਹੀਆਂ ਹਨ। ਇਨ੍ਹਾਂ ਕਾਵਿਧਾਰਾ ਪਰੰਪਰਾਵਾਂ ਦੇ ਵਿਚਾਰਧਾਰਾਈ ਆਧਾਰ ਭਾਵੇਂ ਇਕ ਦੂਜੇ ਤੋਂ ਭਿੰਨ ਸਨ ਪਰ ਰਚਨਾਤਮਿਕ ਪੱਧਰ ਉੱਪਰ ਸਰਕਾਰ ਇਕ ਦੂਜੇ ਦੇ ਪੂਰਕ ਸਨ। ਇਸ ਅਧਿਆਇ ਵਿਚ ਮੱਧਕਾਲੀ ਚੇਤਨਾ, ਵੱਖ ਵੱਖ ਕਾਵਿਧਾਰਾ- ਪ੍ਰੰਪਰਾਵਾਂ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੇ ਲੱਛਣਾ ਤੇ ਵਿਸ਼ੇਸ਼ਤਾਵਾ ਨੂੰ ਉਪਰੋਕਤ ਵਿਚਾਰਾ ਦੇ ਅਧਾਰ 'ਤੇ ਹੀ ਸਮਝਿਆ ਜਾ ਸਕਦਾ ਹੈ। ਮੱਧਕਾਲੀ ਸਾਹਿਤ ਦਾ ਮਨੁੱਖ ਸ਼ਰਧਾ ਅਤੇ ਵਿਸ਼ਵਾਸ ਉੱਪਰ ਟਿਕਿਆ ਹੋਇਆ ਹੈ ਜਦ ਕਿ ਆਧੁਨਿਕ ਸਾਹਿਤ ਦਾ ਮਨੁੱਖ ਸ਼ਰਧਾ, ਵਿਸ਼ਵਾਸ ਤੋਂ ਉੱਠ ਕੇ ਬੱਧੀ, ਦਲੀਲ ਅਤੇ ਨਿਆਇ ਦੀ ਕਸਵੱਟੀ ਨਾਲ ਤੁਰਦਾ ਹੈ। ਆਧੁਨਿਕ ਜੁੱਗ ਦੇ ਮਨੁੱਖ ਦਾ ਦ੍ਰਿਸ਼ਟੀਕੋਣ ਗਿਆਨ ਵਿਗਿਆਨ, ਯਥਾਰਥ ਅਤੇ ਤਰਕ ਮਈ ਆਧਾਰਾਂ ਉੱਤੇ ਉੱਸਰਿਆ ਹੋਇਆ ਹੈ। ਉਹ ਹਰ ਵਸਤੂ ਨੂੰ ਦੇਖਦਾ, ਪਰਖਦਾ, ਸੋਚਦਾ, ਤੋਲਦਾ ਤੇ ਫਿਰਗੋਲ਼ਦਾ ਹੈ।

**ਕੇਂਦਰੀ ਸ਼ਬਦ:**

ਚੇਤਨਾ --- ਬੋਧ/ਅਹਿਸਾਸ

ਆਧੁਨਿਕ --- ਨਵਾਂ/ਜੋ ਚੱਲ ਰਿਹਾ ਹੋਵੇ

ਲੱਛਣ --- ਵਿਸ਼ੇਸ਼ਤਾਵਾਂ

ਸੰਦਰਭ --- ਹਵਾਲਾ

## ਸਵੈ-ਮੁਲਾਂਕਣ:

1. ਮੱਧ ਕਾਲ ਦਾ ਸਮਾਂ ਕਿਹੜਾ ਮੰਨਿਆ ਜਾਦਾ ਹੈ?

ੳ. 1400-1700 ਈ. ਤੱਕ　　ਅ. 8-9 ਸਦੀ - 1850 ਈ. ਤੱਕ

ੲ. 1900-2000 ਈ. ਤੱਕ　　ਸ. 1850-1900 ਈ. ਤੱਕ

2. ਨਾਨਕ ਕਾਲ ਦਾ ਸਮਾਂ ਨਿਰਧਾਰਤ ਕਰੋ:

ੳ. 1469-1708 ਈ.　　ਅ. 1800-1850 ਈ.

ੲ. 1700-1800 ਈ.　　ਸ. ਇਹਨਾਂ ਵਿਚੋਂ ਕੋਈ ਨਹੀ

3. ਇਹਨਾਂ ਵਿਚੋਂ ਮੱਧਕਾਲੀ ਕਾਵਿਧਾਰਾ ਨਹੀਂ ਹੈ:

ੳ. ਸੂਫ਼ੀ　　ਅ. ਪ੍ਰਗੀਤਕ

ੲ. ਗੁਰਮਤਿ　　ਸ. ਬੀਰ

4. ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦਾ ਕ੍ਰਮ ਸਹੀ ਚੁਣੋ:

ੳ. ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

ਅ. ਬਾਵਾ ਬੁੱਧ ਸਿੰਘ, ਡਾ. ਗੋਪਾਲ ਸਿੰਘ ਦਰਦੀ.ਡਾ , ਮੋਹਨ ਸਿੰਘ ਦੀਵਾਨਾ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

ੲ. ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੋਪਾਲ ਸਿੰਘ ਦਰਦੀ.ਡਾ , ਮੋਹਨ ਸਿੰਘ ਦੀਵਾਨਾ ਅਤੇ ਬਾਵਾ ਬੁੱਧ ਸਿੰਘ

ਸ. ਡਾ. ਗੋਪਾਲ ਸਿੰਘ ਦਰਦੀ.ਡਾ, ਮੋਹਨ ਸਿੰਘ ਦੀਵਾਨਾ ਬਾਵਾ ਬੁੱਧ ਸਿੰਘ ਅਤੇ ਡਾ. ਸੁਰਿੰਦਰ ਸਿੰਘ ਕੋਹਲੀ

5. ਮੱਧਕਾਲੀਨ ਯੁੱਗ ਦੀ ਆਧਾਰਮੂਲਕ ਦ੍ਰਿਸ਼ਟੀ ਨਹੀਂ ਹੈ?

ੳ. ਅਧਿਆਤਮਕ　　ਅ. ਵਿਗਿਆਨਕ

ੲ. ਦਾਰਸ਼ਿਨਕ　　ਸ. ਪ੍ਰੀਤ

6. ਮੱਧਕਾਲੀ ਬੋਧ ਅਤੇ ਆਧੁਨਿਕ ਬੋਧ ਵਿਚਲੇ ਅੰਤਰ ਦਾ ਮੂਲ ਆਧਾਰ ਹੈ ?

ੳ. ਆਰਥਿਕ ਸਰੰਚਨਾ ਵਿਚਲਾ ਅੰਤਰ　　ਅ. ਸਮਾਜਿਕ ਸਰੰਚਨਾ ਵਿਚ ਅੰਤਰ

ੲ. ਸਭਿਆਚਾਰਕ ਸਰੰਚਨਾ ਵਿਚ ਅੰਤਰ　　ਸ. ਧਾਰਮਿਕ ਸਰੰਚਨਾ ਵਿਚ ਅੰਤਰ

7. ਪੰਜਾਬੀ ਸਾਹਿਤ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ. ਸੁਰਿੰਦਰ ਸਿੰਘ ਕੋਹਲੀ　　ਅ. ਗੋਪਾਲ ਸਿੰਘ ਦਰਦੀ

ੲ. ਮੋਹਨ ਸਿੰਘ ਦੀਵਾਨਾ　　ਸ. ਪਰਮਿੰਦਰ ਸਿੰਘ ਕਸੇਲ

8. ਕਥਨ: ਇਤਿਹਾਸ ਹਮੇਸ਼ਾ ਅਤੀਤ ਦੇ ਪੁਨਰ ਨਿਰਮਾਣ ਲਈ ਸਾਮਗ੍ਰੀ ਦੇ ਸੋਮਿਆਂ ਤੇ ਨਿਰਭਰ ਕਰਦਾ ਹੈ । ਇਹ ਸੋਮੇ ਪਾਠਗਤ ਦਸਤਾਵੇਜ਼, ਪੁਰਾਤੱਤਵ ਵਿਗਿਆਨ, ਪੁਰਾਤਨ ਸਿੱਕਿਆਂ, ਬੋਲੀ, ਪਹਿਰਾਵਾ ਆਦਿਕ ਹੁੰਦੇ ਹਨ ।

ਕਾਰਨ: ਕਿਉਂਕਿ ਇਤਿਹਾਸ ਦਾ ਅਰਥ ਹੀ ਬੀਤ ਚੁੱਕੇ ਸਮੇਂ ਦਾ ਤੱਥਾਂ ਉਪਰ ਅਧਾਰਿਤ ਪੜਚੋਲ ਹੁੰਦਾ ਹੈ।

ੳ. ਕਥਨ ਅਤੇ ਕਾਰਨ ਦੋਨੋ ਸਹੀ ਹਨ।　　ਅ. ਕਥਨ ਗਲਤ ਅਤੇ ਕਾਰਨ ਸਹੀ ਹੈ।

ੲ. ਕਥਨ ਅਤੇ ਕਾਰਨ ਦੋਨੋ ਗਲਤ ਹੈ।　　ਸ. ਕਥਨ ਸਹੀ ਅਤੇ ਕਾਰਨ ਗਲਤ ਹੈ।

9. ਕਿਹੜਾ ਕਥਨ ਠੀਕ ਹੈ?

ੳ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਕਾਲ-ਵੰਡ ਨਹੀਂ ਹੈ।

ਅ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਾਹਿਤ ਅਤੇ ਅਣ-ਸਾਹਿਤ ਦਾ ਨਿਖੇੜਾ ਹੈ।

ੲ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਸਮੱਗਰੀ ਦਾ ਇੱਕਤਰੀਕਰਨ ਨਹੀਂ ਹੈ

ਸ. ਸਾਹਿਤ ਦੀ ਇਤਿਹਾਸਕਾਰੀ ਦੀ ਮੂਲ ਸਮੱਸਿਆ ਵਰਗੀਕਰਣ ਨਹੀਂ ਹੈ

10. ਕਥਨ: ਸਾਹਿਤ ਇਤਿਹਾਸ ਲੇਖਕ ਨੂੰ ਕਾਲ ਵੰਡ ਨਿਰਧਾਰਿਤ ਕਰਨ ਲਈ ਇਹ ਸਮੱਸਿਆ ਆਉਂਦੀ ਹੈ ਕਿ ਕਾਲ ਵੰਡ ਖਾਸ-ਖਾਸ ਲੇਖਕਾਂ ਨੂੰ ਅਧਾਰ ਬਣਾ ਕੇ ਕੀਤੀ ਜਾਵੇ ਜਾਂ ਇਹ ਆਮ ਇਤਿਹਾਸ ਨੂੰ ਨਾਲ ਲੈ ਕੇ ਕੀਤੀ ਜਾਵੇ।

ਕਾਰਨ: ਕਿਉਂਕਿ ਲੇਖਕ ਅਤੇ ਆਮ ਇਤਿਹਾਸ ਦੋਨੋ ਇਤਿਹਾਸ ਦੇ ਵਿਕਾਸ ਪੜਾਅ ਨਾਲ ਸੰਬੰਧਿਤ ਹਨ।

ੳ. ਕਥਨ ਸਹੀ ਅਤੇ ਕਾਰਨ ਗਲਤ ਹੈ।

ਅ. ਕਥਨ ਅਤੇ ਕਾਰਨ ਦੋਨੋ ਗਲਤ ਹੈ।

ੲ. ਕਥਨ ਗਲਤ ਅਤੇ ਕਾਰਨ ਸਹੀ ਹੈ।

ਸ. ਕਥਨ ਅਤੇ ਕਾਰਨ ਦੋਨੋ ਸਹੀ ਹਨ।

11. ਕਥਨ(1): ਉਨ੍ਹੀਵੀਂ ਸਦੀ ਦੇ ਅੰਤ ਤੱਕ ਕਿੱਸਾ ਪੰਜਾਬੀ ਸਾਹਿਤ ਦੀ ਪ੍ਰਮੁੱਖ ਕਾਵਿਧਾਰਾ-ਪਰੰਪਰਾ ਸੀ। ਸ਼ਹਿਰਾਂ ਵਿੱਚ ਚੱਲਦੀਆਂ ਮਹਿਫਲਾਂ ਅਤੇ ਪਿੰਡਾਂ ਵਿੱਚ ਲੱਗਦੇ ਮੇਲਿਆਂ ਵਿੱਚ ਮਨੋਰੰਜਨ ਦਾ ਵੱਡਾ ਸਾਧਨ ਕਿੱਸਿਆਂ ਦਾ ਗਾਇਨ ਹੁੰਦਾ ਸੀ।

ਕਥਨ(2): ਇਸੇ ਕਾਰਨ ਸੋਲ੍ਹਵੀਂ ਸਦੀ ਤੋਂ ਚੱਲ ਕੇ ਉਨ੍ਹੀਵੀਂ ਸਦੀ ਦੇ ਅੰਤ ਤਕ ਅਣਗਿਣਤ ਕਿੱਸੇ ਲਿਖੇ ਗਏ । ਗਾਉਣ ਵਾਲਿਆਂ ਵੱਲੋਂ ਲੋੜ ਅਨੁਸਾਰ ਉਹਨਾਂ ਵਿੱਚ ਵਾਧੇ-ਘਾਟੇ ਵੀ ਕੀਤੇ ਜਾਂਦੇ ਰਹੇ ।

ੳ. ਕਥਨ (1) ਅਤੇ ਕਥਨ (2) ਦੋਨੋ ਗਲਤ ਹਨ।

ਅ. ਕਥਨ (1) ਅਤੇ ਕਥਨ ( 2) ਦੋਨੋ ਸਹੀ ਹਨ।

ੲ. ਕਥਨ (1) ਸਹੀ ਅਤੇ ਕਥਨ (2) ਗਲਤ ਹੈ।

ਸ . ਕਥਨ (1) ਅਤੇ ਕਥਨ (2) ਦੋਨੋ ਆਂਸ਼ਿਕ ਸਹੀ ਹਨ।

12. ਪੰਜਾਬੀ ਸਾਹਿਤ ਜਗਤ ਵਿਚ ਮੱਧਕਾਲ ਨੂੰ ਪੰਜਾਬੀ ਸਾਹਿਤ ਦਾ............ ਮੰਨਦੇ ਹਨ।

ੳ. ਮੁੱਢਲਾ ਦੌਰ

ਅ. ਉੱਤਮ ਦੌਰ

ੲ. ਸਵਰਨ ਯੁੱਗ

ਸ. ਮੁਗਲ ਕਾਲ

13. ਕਥਨ(1): ਮੱਧਕਾਲ ਦੇ ਪੰਜਾਬੀ ਸਾਹਿਤ ਦਾ ਕੋਈ ਵੀ ਵਿਸ਼ਾ ਰੂਪ ਵੰਨਗੀ ਜਾਂ ਪ੍ਰਵਿਰਤੀ ਅਜਿਹੀ ਨਹੀਂ ਜਿਸ ਰਾਜਸੀ ਪਰਿਪੇਖ ਚਿੰਨ੍ਹ ਜਾਂ ਪ੍ਰਮਾਣ ਸਾਨੂੰ ਇਸ ਕਾਲ ਦੇ ਪ੍ਰਾਪਤ ਸਾਹਿਤ ਵਿਚੋਂ ਦਿਖਾਈ ਨਾ ਦੇਣ।

ਕਥਨ(2): ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਰਾਹੀਂ ਮੁਗਲ ਰਾਜ ਦੇ ਪਹਿਲੇ ਸ਼ਾਸ਼ਕ ਦੇ ਬਾਰੇ ਜ਼ਿਕਰ ਕੀਤਾ ਹੈ।

ੳ. ਕਥਨ(1) ਅਤੇ ਕਥਨ(2) ਦੋਨੋ ਗਲਤ ਹਨ।

ਅ. ਕਥਨ(1) ਅਤੇ ਕਥਨ(2) ਦੋਨੋ ਸਹੀ ਹਨ।

ੲ. ਕਥਨ(1) ਆਂਸ਼ਿਕ ਗਲਤ ਅਤੇ ਕਥਨ(2) ਆਂਸ਼ਿਕ ਸਹੀ ਹਨ।

ਸ. ਕਥਨ(1) ਪੂਰਨ ਅਤੇ ਕਥਨ(2) ਆਂਸ਼ਿਕ ਸਹੀ ਹੈ।

14. ਕਿਹੜੀ ਮੱਧਕਾਲੀ ਕਾਵਿਧਾਰਾ ਸਭ ਤੋਂ ਵੱਧ ਮੱਧਕਾਲੀ ਰਾਜਸੀ ਪਹਿਲੂਆਂ ਨਾਲ ਜਾਣ-ਪਹਿਚਾਣ ਕਰਵਾਉਂਦੀ:

ੳ. ਸੂਫ਼ੀ ਕਾਵਿਧਾਰਾ ਧਾਰਾ

ਅ. ਗੁਰਮਤਿ ਕਾਵਿਧਾਰਾ ਧਾਰਾ

ੲ. ਕਿੱਸਾ ਕਾਵਿਧਾਰਾ ਧਾਰਾ

ਸ. ਉਪਰੋਕਤ ਕੋਈ ਵੀ ਨਹੀਂ

15. ਪੰਜਾਬੀ ਸਾਹਿਤ ਦੇ ਮੱਧਕਾਲ ਵਿੱਚ................................ਨੂੰ ਪੰਜਾਬੀ ਸਾਹਿਤ ਦਾ 'ਸਵਰਨ ਯੁੱਗ` ਮੰਨਿਆ ਜਾਂਦਾ ਹੈ।

ੳ. ਦਸਵੀਂ ਸ਼ਤਾਬਦੀ

ਅ. ਸੋਲਵੀਂ ਸ਼ਤਾਬਦੀ

ੲ. ਪੰਦਰਵੀਂ ਸ਼ਤਾਬਦੀ	ਸ. ਅਠਾਰਵੀਂ ਸ਼ਤਾਬਦੀ

## ਅਭਿਆਸ ਪ੍ਰਸ਼ਨ:

1. ਮੱਧਕਾਲੀ ਚੇਤਨਾ ਤੋਂ ਤੁਸੀਂ ਕੀ ਸਮਝਦੇ ਹੋ?
2. ਮੱਧਕਾਲੀ ਪੰਜਾਬੀ ਸਾਹਿਤ ਦੇ ਸੰਕਲਪ ਬਾਰੇ ਜਾਣਕਾਰੀ ਦਿਓ?
3. ਮੱਧਕਾਲੀ ਪੰਜਾਬੀ ਸਾਹਿਤ ਦੀਆ ਵਿਸ਼ੇਸ਼ਤਾਵਾਂ ਬਾਰੇ ਲਿਖੋ?
4. ਮੱਧਕਾਲੀ ਅਤੇ ਆਧੁਨਿਕ ਸਾਹਿਤ ਚੇਤਨਾ ਵਿਚ ਅੰਤਰ ਸਪਸ਼ਟ ਕਰੋ ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.

2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.

3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.

4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਮਹੱਤਵਪੂਰਨ ਲਿੰਕ:

https://www.youtube.com/watch?v=qraNuwN-J0U

## ਉੱਤਰਮਾਲਾ:

| | | | | |
|---|---|---|---|---|
| 1. ੳ | 2. ਸ | 3. ਅ | 4. ੳ | 5. ਅ |
| 6. ੳ | 7. ਅ | 8. ੳ | 9. ਅ | 10. ਸ |
| 11. ਅ | 12. ੲ | 13. ਅ | 14. ਅ | 15. ੲ |

**DPBI501**

# ਅਧਿਆਇ - 7: ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਪਿਛੋਕੜ ਅਤੇ ਪੂਰਵ ਨਾਨਕ ਕਾਲ ਦੀਆਂ ਸਾਹਿਤ ਧਾਰਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਪੰਜਾਬੀ ਭਾਸ਼ਾ ਦੇ ਪਿਛੋਕੜ ਨੂੰ ਸਮਝਣ ਸਮਰੱਥ ਹੋਣਗੇ।
- ਪੰਜਾਬੀ ਸਾਹਿਤ ਦੇ ਪਿਛੋਕੜ ਨੂੰ ਸਮਝਣ ਸਮਰੱਥ ਹੋਣਗੇ।
- ਪੂਰਵ ਨਾਨਕ ਕਾਲ ਦੀਆਂ ਸਹਿਤਕ ਧਰਾਵਾਂ ਨੂੰ ਸਮਝਣ ਸਮਰੱਥ ਹੋਣਗੇ।

## ਪ੍ਰਸਤਾਵਨਾ:

ਪੰਜਾਬੀ ਭਾਸ਼ਾ ਦਾ ਪਿਛੋਕੜ 10ਵੀਂ ਸਦੀ ਤੋਂ ਪਹਿਲਾਂ ਸੰਸਕ੍ਰਿਤ ਦਾ ਰਿਣੀ ਹੈ ਜਿਸ ਦੇ ਅਨੇਕਾਂ ਸ਼ਬਦ ਅੱਜ ਤਤਸਮ ਤੇ ਤਦਭਵ ਰੂਪ ਵਿਚ ਪੰਜਾਬੀ ਸ਼ਬਦ-ਭੰਡਾਰ ਦਾ ਵਡਮੁੱਲਾ ਸਰਮਾਇਆ ਹਨ। ਦਰਅਸਲ ਭਾਰਤ ਦੀਆਂ ਭਾਸ਼ਾਵਾਂ ਵਿਚੋਂ ਰਾਜਸਥਾਨੀ, ਸਿੰਧੀ, ਗੁਜਰਾਤੀ, ਮਰਾਠੀ, ਉੜੀਆ, ਪੂਰਬੀ ਹਿੰਦੀ, ਪੱਛਮੀ ਹਿੰਦੀ, ਬਿਹਾਰੀ, ਬੰਗਾਲੀ ਆਸਾਮੀ ਤੇ ਪਹਾੜੀ ਆਦਿ ਸਾਰੀਆਂ ਹੀ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ ਤੇ ਇਨ੍ਹਾਂ ਦਾ ਵੱਖਰਾ ਸਰੂਪ 10, 11 ਵੀ ਈਸਵੀ ਦੇ ਨਜ਼ਦੀਕ ਹੋਂਦ ਵਿਚ ਆਉਂਦਾ ਹੈ। ਇਸ ਤੋਂ ਪਹਿਲਾਂ ਇਹ ਹਜ਼ਾਰਾਂ ਸਾਲਾ ਦਾ ਸਫ਼ਰ ਤਹਿ ਕਰਕੇ ਪ੍ਰਾਕ੍ਰਿਤਾ ਤੇ ਅਪਭਰੰਸ਼ਾਂ ਵਜੋਂ ਪਹਿਚਾਣੀਆਂ ਜਾਂਦੀਆਂ ਸਨ। ਸੰਸਕ੍ਰਿਤ ਜਿਥੇ ਉੱਚ-ਸ਼੍ਰੇਣੀਆਂ ਦੀ ਭਾਸ਼ਾ ਸੀ, ਉੱਥੇ ਅਪਭਰੰਸ਼ਾਂ ਲੋਕ-ਭਾਸ਼ਾ ਦੇ ਰੂਪ ਵਿਚ ਵਿਕਸਿਤ ਹੁੰਦੀਆਂ ਹਨ। ਅਪਭਰੰਸ਼ਾਂ ਦਾ ਸਮਾਂ 500 ਈ. ਤੋਂ 1000 ਈ. ਤਕ ਦਾ ਮੰਨਿਆ ਜਾਂਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ 1700 ਈ. ਤੋਂ ਪਹਿਲਾਂ ਪੰਜਾਬੀ ਭਾਸ਼ਾ ਜਿਥੇ ਰਾਜਨੀਤਿਕ, ਸਮਾਜਕ, ਸਭਿਆਚਾਰਕ, ਧਾਰਮਿਕ ਤਬਦੀਲੀਆਂ ਨੂੰ ਗ੍ਰਹਿਣ ਕਰ ਰਹੀ ਸੀ, ਉੱਥੇ ਹਰ ਨਵੇਂ ਸ਼ਬਦ ਨੂੰ ਅਸਲੀ ਜਾਂ ਬਦਲੇ ਰੂਪ ਵਿਚ ਗ੍ਰਹਿਣ ਕਰਕੇ ਇਸ ਦੀ ਅਮੀਰੀ ਵਿਚ ਵਾਧਾ ਕਰ ਰਹੀ ਸੀ। ਭਾਸ਼ਾ ਦੇ ਨਾਲ ਹੀ ਜੁੜਿਆ ਮਸਲਾ ਪੰਜਾਬੀ ਦੀ ਢੁਕਵੀਂ ਲਿਪੀ ਦਾ ਹੈ। ਹਰ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਕਿਸੇ ਢੁਕਵੀਂ ਲਿਪੀ ਦੀ ਜ਼ਰੂਰਤ ਹੁੰਦੀ ਹੈ ਅਤੇ ਪੰਜਾਬੀ ਲਈ ਢੁਕਵੀਂ ਲਿਪੀ ਗੁਰਮੁਖੀ ਨੂੰ ਮੰਨਿਆ ਜਾਂਦਾ ਹੈ। ਭਾਵੇਂ ਪੰਜਾਬੀ ਲਿਖਣ ਲਈ ਫ਼ਾਰਸੀ ਤੇ ਦੇਵਨਾਗਰੀ ਲਿਪੀ ਵੀ ਪ੍ਰਯੋਗ ਹੁੰਦੀ ਰਹੀ ਹੈ। ਮੁਸਲਮਾਨ ਕਵੀਆਂ ਖ਼ਾਸ ਤੌਰ ਤੇ ਲਹਿੰਦੀ (ਮੁਲਤਾਨੀ) ਵਿਚ ਰਚਨਾ ਵਾਲੇ ਸੂਫ਼ੀਆਂ, ਜੰਗਨਾਮਾ ਲੇਖਕਾਂ ਅਤੇ ਕਿੱਸਾਕਾਰਾਂ ਨੇ ਫ਼ਾਰਸੀ ਦੀ ਜਾਣੀ ਪਹਿਚਾਣੀ ਲਿਪੀ ਰਾਹੀਂ ਹੀ ਰਚਨਾ ਕੀਤੀ ਜਿਹੜੀ ਉਨ੍ਹਾਂ ਦੀ

ਧਾਰਮਿਕ, ਸਮਾਜਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਦੀ ਪਹਿਲਾਂ ਤੋਂ ਹੀ ਤਰਜਮਾਨ ਸੀ। ਫ਼ਾਰਸੀ ਲਿਪੀ ਦੇ ਪ੍ਰਯੋਗ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਸੰਬੰਧ ਮੁਸਲਮਾਨ ਵਰਗ ਨਾਲ ਜੋੜ ਕੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ।

## ਵਿਸ਼ਾ ਵਸਤੂ:

ਪੰਜਾਬੀ ਭਾਸ਼ਾ ਤੇ ਇਸ ਦਾ ਸਾਹਿਤ ਲੰਬੇ ਇਤਿਹਾਸਕ ਪੜਾਵਾਂ ਵਿਚੋਂ ਲੰਘ ਕੇ ਅੱਜ ਵਾਲੇ ਵਿਕਸਿਤ ਰੂਪ ਵਿਚ ਪਹੁੰਚਿਆ ਹੈ। ਪੰਜ ਦਰਿਆਵਾਂ ਦੀ ਇਸ ਧਰਤੀ ਨੂੰ ਪੰਜਾਬ ਕਦੋਂ ਤੇ ਕਿਸ ਨੇ ਕਿਹਾ ਅਤੇ ਇਸ ਧਰਤੀ ਦੇ ਲੋਕਾਂ ਦੀ ਭਾਸ਼ਾ ਤੇ ਸਾਹਿਤ ਦੀ ਪੰਜਾਬੀ ਵਜੋਂ ਨਿਵੇਕਲੀ ਪਹਿਚਾਣ ਕਦੋਂ ਤੇ ਕਿਵੇਂ ਬਣੀ? ਇਨ੍ਹਾਂ ਸਵਾਲਾਂ ਦਾ ਮੁਕੰਮਲ ਜਵਾਬ ਅਜੇ ਤੱਕ ਖੋਜ ਦਾ ਵਿਸ਼ਾ ਹੈ। ਅਲੱਗ ਅਲੱਗ ਸਰੋਤਾਂ ਤੋਂ ਇਸ ਦੇ ਇਕ ਤੋਂ ਵੱਧ ਨਾਮ ਮਿਲਦੇ ਹੋਣ ਕਰਕੇ ਜਿਥੇ ਕਈ ਸ਼ੰਕੇ ਉੱਭਰਦੇ ਹਨ, ਹੁਣ ਇਹ ਤੱਥ ਪ੍ਰਵਾਨ ਕੀਤਾ ਜਾ ਚੁੱਕਾ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਹੋਂਦ 1000 ਈ. ਤੋਂ ਨਜ਼ਰ ਆਉਣ ਲੱਗ ਪਈ ਸੀ। ਪੰਜ ਦਰਿਆਵਾਂ ਵਾਲੇ ਇਸ ਭੂਗੋਲਿਕ ਖ਼ਿੱਤੇ ਨੂੰ ਇਕ ਇਕਾਈ ਵਜੋਂ ਪਹਿਚਾਣ ਦੇਣ ਦਾ ਕੋਈ ਹਵਾਲਾ ਗਿਆਰ੍ਹਵੀਂ ਸਦੀ ਤੋਂ ਪਹਿਲਾਂ ਨਹੀਂ ਲੱਭਦਾ। ਦਰਅਸਲ ਇਸ ਤੋਂ ਪਹਿਲਾਂ ਇਹ ਅਲੱਗ ਅਲੱਗ ਹਿੰਦੂ ਰਿਆਸਤਾਂ ਦੇ ਰੂਪ ਵਿਚ ਹੀ ਜਾਣਿਆ ਜਾਂਦਾ ਰਿਹਾ ਹੈ ਅਤੇ ਇਸ ਦੀਆਂ ਸਰਹੱਦਾਂ ਘਟਦੀਆਂ ਵਧਦੀਆਂ ਰਹੀਆਂ ਹਨ। ਇਤਿਹਾਸ ਗਵਾਹ ਹੈ ਕਿ 10ਵੀਂ ਸਦੀ ਦੇ ਅੰਤ ਤੱਕ ਹਿੰਦੂ ਰਾਜਿਆਂ ਦੀ ਸ਼ਕਤੀ ਬਹੁਤ ਕਮਜ਼ੋਰ ਹੋ ਚੁੱਕੀ ਸੀ ਤੇ ਅਮੀਰ ਸੁਬਕਤਗੀਨ ਸੰਨ 983-87 ਈ. ਵਿਚਕਾਰ ਪੰਜਾਬ ਉੱਤੇ ਕਈ ਹਮਲੇ ਕਰ ਚੁੱਕਾ ਸੀ। ਆਖ਼ਰੀ ਹਿੰਦੂ ਰਾਜਾ ਜੈਪਾਲ ਦੀ, ਜਿਸ ਦੀ ਰਾਜਧਾਨੀ ਬਠਿੰਡਾ ਸੀ, 1001 ਈ. ਵਿਚ ਮੌਤ ਤੋਂ ਬਾਅਦ ਪੰਜਾਬ ਉੱਤੇ ਮੁਸਲਮਾਨੀ ਰਾਜ ਪੱਕਾ ਹੋ ਗਿਆ ਸੀ। ਮਹਿਮੂਦ ਗ਼ਜ਼ਨਵੀ ਦੇ ਹਮਲਿਆਂ ਤੋਂ ਬਾਅਦ ਲਾਹੌਰ, ਪੰਜਾਬ ਰਾਜਨੀਤਿਕ, ਸਭਿਆਚਾਰਕ ਤੇ ਸਾਹਿੱਤਿਕ ਗਤੀਵਿਧੀਆਂ ਦੇ ਨਵੇਂ ਕੇਂਦਰ ਵਜੋਂ ਉੱਭਰਿਆ। ਮੁਗ਼ਲਾਂ ਦੇ ਆਉਣ ਤੋਂ ਪਹਿਲਾਂ ਗੋਰੀ, ਗ਼ੁਲਾਮ, ਖ਼ਿਲਜੀ, ਤੁਗਲਕ, ਸੱਯਦ ਲੋਧੀ ਬੰਸਾਂ ਦੇ ਨਿੱਤ ਬਦਲਦੇ ਰਹੇ ਰਾਜ ਮੁਲਤਾਨ, ਲਾਹੌਰ, ਜਲੰਧਰ, ਸਰਹਿੰਦ ਆਦਿ ਸੂਬਿਆਂ ਨਾਲ ਪਹਿਚਾਣੇ ਜਾਂਦੇ ਸਨ। ਨਿੱਤ ਬਦਲਦੀਆਂ ਸਰਹੱਦਾਂ ਰਾਜਸੀ ਸਰਹੱਦਾਂ ਜਿਥੇ ਉਥਲ-ਪੁਥਲ ਦੀ ਨਿਸ਼ਾਨਦੇਹੀ ਕਰਦੀਆਂ ਹਨ, ਉੱਥੇ ਇਸ ਦੌਰ ਵਿਚ ਇਸਲਾਮੀ ਫ਼ਲਸਫ਼ੇ, ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਰਾਹੀਂ ਅਰਬੀ, ਫ਼ਾਰਸੀ ਤੇ ਤੁਰਕੀ ਭਾਸ਼ਾਵਾਂ ਦਾ ਪੰਜਾਬੀ ਜੀਵਨ ਵਿਚ ਜ਼ੋਰਦਾਰ ਦਖ਼ਲ ਦਾ ਵੀ ਪਤਾ ਦਿੰਦੀਆਂ ਹਨ। ਇਸ ਸਭਿਆਚਾਰਕ ਤੇ ਭਾਸ਼ਾਈ ਅੰਤਰ-ਕਿਰਿਆ ਦੇ ਦੌਰ ਵਿਚ ਹੀ ਪੰਜਾਬੀ ਭਾਸ਼ਾ ਤੇ ਸਾਹਿਤ ਨੇ ਆਪਣਾ ਮਿਆਰੀ ਸਰੂਪ ਗ੍ਰਹਿਣ ਕੀਤਾ। ਪੂਰਵ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਤਰੱਕੀ ਲਈ ਯਤਨਸ਼ੀਲ ਰਹੀਆਂ ਸ਼ਖ਼ਸੀਅਤਾਂ ਅਤੇ ਕਾਰਨਾਂ ਦੀ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਦਾ ਮੌਜੂਦਾ ਨਾਮ ਕਿੰਨਾ ਪੁਰਾਣਾ ਹੈ?

ਗਿਆਰ੍ਹਵੀਂ ਸਦੀ ਵਿਚ ਇਸ ਖ਼ਿੱਤੇ ਦੀ ਯਾਤਰਾ ਕਰਕੇ ਗਿਆ ਅੱਲ-ਬਰੂਨੀ ਨਾਮ ਦਾ ਯਾਤਰੀ ਆਪਣੀ ਪੁਸਤਕ 'ਅੱਲ-ਹਿੰਦ' ਵਿਚ ਇਸ ਧਰਤੀ ਨੂੰ 'ਪੰਚ- ਨਦ' ਦੇ ਨਾਂ ਨਾਲ ਯਾਦ ਕਰਦਾ ਹੈ। ਇਸ ਤੋਂ ਇਹ ਸੰਕੇਤ ਜ਼ਰੂਰ ਮਿਲਦਾ ਹੈ ਕਿ ਉਦੋਂ ਤੱਕ ਪੰਜਾਬ ਨਾਮ ਪ੍ਰਚਲਿਤ ਨਹੀਂ ਸੀ। ''ਪੰਚ-ਨਦ ਨਿਸ਼ਚਿਤ ਰੂਪ ਵਿਚ ਮੁਸਲਮਾਨਾਂ ਦੇ ਇਥੇ ਰਾਜ ਪ੍ਰਬੰਧ ਸਥਾਪਤ ਹੋਣ ਬਾਅਦ ਫ਼ਾਰਸੀ ਭਾਸ਼ਾ ਵਿਚ ਤਬਦੀਲ ਹੋ ਕੇ ਪੰਜ+ਆਬ ਪੰਜਾਬ ਬਣਿਆ ਹੋਵੇਗਾ। 'ਪੰਜ+ਆਬ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਅਮੀਰ ਖੁਸਰੋ ਦੀ ਲਿਖੀ ਇਕ ਸ਼ੋਕ-ਨਜ਼ਮ ਮਰਸੀਆ ਵਿਚ ਪ੍ਰਯੋਗ ਹੋਇਆ ਮਿਲਦਾ ਹੈ, ਭਾਵੇਂ ਇਹ ਪ੍ਰਯੋਗ ਵੀ ਸਾਹਿਤਕ ਅਰਥਾਂ ਦਾ ਹੀ ਧਾਰਨੀ ਹੈ। 1285 ਈ. ਵਿਚ ਬਾਦਸ਼ਾਹ ਬਲਬਨ ਦੇ ਵੱਡੇ ਪੁੱਤਰ ਮੁਹੰਮਦ ਖ਼ਾਨ ਦੀ ਮੰਗੋਲਾਂ ਨਾਲ ਮੁਲਤਾਨ ਵਿਚ ਲੜਾਈ ਦੌਰਾਨ ਹੋਈ ਮੌਤ ਉੱਤੇ ਦੁੱਖ ਪ੍ਰਗਟ ਕਰਦਿਆਂ ਖੁਸਰੋ ਆਪਣੀ ਫ਼ਾਰਸੀ ਰਚਨਾ ਵਿਚ ਲਿਖਦਾ ਹੈ - "ਚਹੁੰ ਪਾਸੀਂ ਲੋਕਾਂ ਦੀਆਂ ਅੱਖਾਂ ਅੱਥਰੂ ਇਸ ਤਰ੍ਹਾਂ ਵਗ ਪਏ, ਜਿਵੇਂ ਮੁਲਤਾਨ ਵਿਚ ਦੂਜਾ ਇਕ ਹੋਰ 'ਪੰਜ-ਆਬ (ਪੰਜ ਦਰਿਆ) ਵਗ ਪਿਆ ਹੈ। ਭਾਵੇਂ ਅਮੀਰ ਖੁਸਰੋ (1253-1325) ਨੇ ਇਸ ਸ਼ਬਦ ਦਾ ਸਾਹਿਤਕ ਪ੍ਰਯੋਗ ਕੀਤਾ ਹੈ, ਪਰ ਉਹ ਇਸ ਇਲਾਕੇ ਦੀ ਬੋਲੀ ਨੂੰ ਲਾਹੌਰੀ ਦੇ ਨਾਂ ਨਾਲ ਹੀ ਪਛਾਣਦਾ ਹੈ। "ਆਈਨਿ-ਅਕਬਰੀ' ਜਿਹੀ ਇਤਿਹਾਸ-ਪੁਸਤਕ ਵਿਚ ਵੀ 'ਪੰਜਾਬ ਦੇ ਨਾਂ ਦੀ ਵਰਤੋਂ ਇਕ ਤੋਂ ਵੱਧ ਵਾਰ ਕੀਤੀ ਗਈ ਹੈ, ਪਰ ਇਸ ਖ਼ਿੱਤੇ ਦੀ ਬੋਲੀ ਨੂੰ ਕੇਵਲ ਇਲਾਕਾਈ ਪਹਿਚਾਣ ਦਿੰਦੇ ਹੋਏ ਮੁਲਤਾਨੀ ਕਿਹਾ ਗਿਆ ਹੈ।

ਗੁਰਮਤਿ ਸਾਹਿਤ ਦੇ ਰਚਨਹਾਰਿਆਂ ਨੇ ਵੀ ਪੰਜਾਬ ਤੇ ਪੰਜਾਬੀ ਸ਼ਬਦਾਂ ਦੀ ਗੱਲ ਨਹੀਂ ਕੀਤੀ, ਹਾਲਾਂਕਿ ਇਸ ਨੂੰ ਸਾਹਿਤਕ ਮਿਆਰ ਤੱਕ ਪਹੁੰਚਾਉਣ ਦਾ ਉਨ੍ਹਾਂ ਵਡਮੁੱਲਾ ਯਤਨ ਜ਼ਰੂਰ ਕੀਤਾ। ਸ਼ਾਇਦ ਪੰਜਾਬੀ ਭਾਸ਼ਾ ਦਾ ਸਾਹਿਤਕ ਨਾਮ 15- 16ਵੀਂ ਸਦੀ ਤੋਂ ਪਹਿਲਾਂ ਸਰਬ-ਪ੍ਰਵਾਨਿਤ ਨਹੀਂ ਹੋਇਆ ਸੀ। ਗੁਰਮਤਿ ਵਿਚਾਰਧਾਰਾ ਨੂੰ ਪ੍ਰਸਾਰਨ ਦਾ ਬੀੜਾ ਚੁੱਕਣ ਵਾਲੇ ਭਾਈ ਗੁਰਦਾਸ ਨੇ ਆਪਣੀ ਗਿਆਰ੍ਹਵੀਂ ਵਾਰ ਵਿਚ ਲਿਖਿਆ ਹੈ:-

ਜਟੂ ਭੰਡਾਰੀ ਭਲਾ ਸਾਹਦਰੈ ਸੰਗਤਿ ਸੁਖਦਾਈ

ਪੰਜਾਬੈ ਗੁਰ ਦੀ ਵਡਿਆਈ।

ਬਾਦਸ਼ਾਹ ਜਹਾਂਗੀਰ ਦੇ ਸਮੇਂ ਦਾ ਕਵੀ ਨਿਆਮਤ ਖਾਂ ਜਾਨ (1597-1672 ਈ:) ਆਪਣੀ ਰਚਨਾ ਦੀਵਾਨ ਅਲਿਫ਼ ਖਾਂ ਦੀ ਵਾਰ ਵਿਚ ਪੰਜਾਬ ਦੀ ਭਾਸ਼ਾ ਨੂੰ ਚੰਗੀ ਤਰ੍ਹਾਂ ਨਾ ਜਾਣਨ ਦਾ ਦਾਅਵਾ ਕਰਦਾ ਹੋਇਆ ਲਿਖਦਾ ਹੈ :

ਡਾਢੀ ਠੇਠ ਪੰਜਾਬ ਦੀ ਬੋਲੀ ਪਹਿਚਾਨ,

ਛੋਹ ਤੋਂ ਸ਼ੁੱਧ ਆਵੇ ਨਹੀਂ ਜੋ ਕਰੂੰ ਬਖਾਨ।

ਭਾਸ਼ਾ ਦੀ ਚਿੰਤਾ ਨਹੀਂ, ਗੱਲ ਸੱਚੀ ਜਾਨ,

ਉਕਤ ਬਸੇਖ ਜੋ ਕਰਿ ਗਏ, ਸੋਈ ਪਰਵਾਨ।

17ਵੀਂ ਸਦੀ ਵਿਚ ਰਚਨਾ ਕਰਨ ਵਾਲੇ ਕਿੱਸਾਕਾਰ ਹਾਫ਼ਿਜ਼ ਬਰਖ਼ੁਰਦਾਰ ( 1670 ਈ. ) ਨੇ ਪਹਿਲੀ ਵਾਰ ਸਪਸ਼ਟ ਰੂਪ ਵਿਚ ਇਸ ਖ਼ਿੱਤੇ ਦੀ ਭਾਸ਼ਾ ਨੂੰ ਪੰਜਾਬੀ ਦੇ ਰੂਪ ਵਿਚ ਯਾਦ ਕੀਤਾ ਹੈ।

ਹਜ਼ਰਤ ਮੋਮਨ ਦਾ ਫੁਰਮਾਇਆ, ਇਸ ਵਿਚ ਇਹ ਮਸਾਇਲ।

ਤੁਰਤ ਪੰਜਾਬੀ ਆਖ ਸੁਣਾਈ, ਜੋ ਕੇ ਹੋਵੇ ਮਾਇਲ।

ਆਖ਼ਰੀ ਦੋ ਉਦਾਹਰਨਾਂ ਸਪਸ਼ਟ ਕਰਦੀਆਂ ਹਨ ਕਿ ਸਦੀਆਂ ਤੋਂ ਉਪ-ਭਾਸ਼ਾਵਾਂ ਦੇ ਰੂਪ ਵਿਚ ਜਾਂ ਅਲੱਗ ਅਲੱਗ ਭਾਸ਼ਾਵਾਂ ਦੇ ਮਿਸ਼ਰਨ ਦੇ ਰੂਪ ਵਿਚ ਹੋ ਰਿਹਾ ਭਾਸ਼ਾਵਾਂ ਦਾ ਪ੍ਰਯੋਗ 16-17 ਸਦੀ ਦੇ ਨਜ਼ਦੀਕ ਸਾਹਿਤਕ ਠੁਕ ਵਾਲੀ ਭਾਸ਼ਾ ਵਜੋਂ ਪਹਿਚਾਣ ਗ੍ਰਹਿਣ ਕਰ ਚੁੱਕਾ ਸੀ। ਇਸ ਤੋਂ ਪਹਿਲਾਂ ਪੰਜਾਬੀ ਨੂੰ ਮੁਲਤਾਨੀ, ਲਾਹੌਰੀ, ਜਟਕੀ, ਹਿੰਦਕੋ ਤੇ ਹੋਰ ਕਈ ਇਲਾਕਾਈ ਨਾਮਾਂ ਨਾਲ ਯਾਦ ਕੀਤਾ ਜਾਂਦਾ ਸੀ। ਇਸ ਤੋਂ ਪਹਿਲਾਂ ਕਵੀ ਬ੍ਰਜੀ, ਅਰਬੀ, ਫ਼ਾਰਸੀ, ਸਹਿਸ ਕ੍ਰਿਤੀ, ਸੰਸਕ੍ਰਿਤ ਭਾਸ਼ਾਵਾਂ ਨਿਰੋਲ ਰੂਪ ਵਿਚ ਵੀ ਪ੍ਰਯੋਗ ਕਰ ਰਹੇ ਸਨ ਅਤੇ ਇਨ੍ਹਾਂ ਵਿਚੋਂ ਸ਼ਬਦ ਦੂਸਰੀ ਭਾਸ਼ਾ ਵਿਚ ਵਰਤਣ ਤੋਂ ਵੀ ਸੰਕੋਚ ਨਹੀਂ ਕਰ ਰਹੇ ਸਨ। ਲਹਿੰਦੀ (ਮੁਲਤਾਨੀ) ਉਪ-ਭਾਸ਼ਾ ਦਾ ਪ੍ਰਯੋਗ ਇਸ ਦੌਰ ਵਿਚ ਵੱਡੀ ਪੱਧਰ ਉੱਤੇ ਹੋਣ ਦੇ ਸਬੂਤ ਮਿਲਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਦੇ ਮੁੱਢਲੇ ਤੇ ਅਜੋਕੇ ਸਰੂਪ ਵਿਚ ਮੁਸਲਮਾਨਾਂ ਦੇ ਸਾਹਿਤਕ ਤੇ ਸਭਿਆਚਾਰਕ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕੇਗੀ ਪੰਜਾਬੀ ਦਾ ਕਿੱਸਾ, ਜੰਗਨਾਮੇ ਤੇ ਸੂਫ਼ੀ ਕਾਵਿਧਾਰਾ ਐਸਾ ਵਡਮੁੱਲਾ ਖ਼ਜ਼ਾਨਾ ਹੈ। ਜਿਹੜਾ ਸਮੁੱਚੀ ਪੰਜਾਬੀ ਮਾਨਸਿਕਤਾ ਦਾ ਅਨਿੱਖੜ ਤੇ ਵਡਮੁੱਲਾ ਸਰਮਾਇਆ ਹੈ। ਅਸਲੀਅਤ ਤਾਂ ਇਹ ਹੈ ਕਿ ਗੁਰੂ ਕਵੀਆਂ ਨੇ ਗੁਰਬਾਣੀ ਵਿਚ ਜੀ, ਸੰਸਕ੍ਰਿਤੀ, ਹਿੰਦਕੋ ਤੇ ਪੰਜਾਬੀ ਦਾ ਰਲਵਾਂ ਪ੍ਰਯੋਗ ਕੀਤਾ, ਜਦੋਂ ਕਿ ਮੁਸਲਮਾਨਾਂ ਨੇ ਹਿੰਦੂਆਂ ਨਾਲੋਂ ਵੱਧ ਸੁਤੰਤਰ ਰੂਪ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਸਾਹਿਤਕ ਸਰੂਪ ਦੇਣ ਦਾ ਕੰਮ ਕੀਤਾ। ਇਸੇ ਲਈ ਅੱਜ ਹਜ਼ਾਰਾਂ ਸ਼ਬਦ ਅਰਬੀ ਫ਼ਾਰਸੀ ਦੇ ਹੁੰਦੇ ਹੋਏ ਵੀ ਪੰਜਾਬੀ ਵਿਚ ਆਮ ਲਿਖੇ ਪੜ੍ਹੇ ਤੇ ਸਮਝੇ ਜਾਂਦੇ ਹਨ। ਅੱਜ ਅਰਬੀ ਫ਼ਾਰਸੀ ਦੀ ਮੁੱਢਲੀ ਜਾਣਕਾਰੀ ਨਾ ਰੱਖਣ ਵਾਲਾ ਪੰਜਾਬੀ ਦੀ ਮੱਧਕਾਲੀ ਕਵਿਤਾ ਨੂੰ ਕਦੇ ਵੀ ਸਮਝ ਨਹੀਂ ਸਕਦਾ। ਅਸਲੀਅਤ ਤਾਂ ਇਹ ਹੈ ਕਿ ਗੁਰੂ ਕਵੀਆਂ ਨੇ ਗੁਰਬਾਣੀ ਵਿਚ ਜੀ, ਸੰਸਕ੍ਰਿਤੀ, ਹਿੰਦਕੋ ਤੇ ਪੰਜਾਬੀ ਦਾ ਰਲਵਾਂ ਪ੍ਰਯੋਗ ਕੀਤਾ, ਜਦੋਂ ਕਿ ਮੁਸਲਮਾਨਾਂ ਨੇ ਹਿੰਦੂਆਂ ਨਾਲੋਂ ਵੱਧ ਸੁਤੰਤਰ ਰੂਪ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਸਾਹਿਤਕ ਸਰੂਪ ਦੇਣ ਦਾ ਕੰਮ ਕੀਤਾ। ਇਸੇ ਲਈ ਅੱਜ ਹਜ਼ਾਰਾਂ ਸ਼ਬਦ ਅਰਬੀ ਫ਼ਾਰਸੀ ਦੇ ਹੁੰਦੇ ਹੋਏ ਵੀ ਪੰਜਾਬੀ ਵਿਚ ਆਮ ਲਿਖੇ ਪੜ੍ਹੇ ਤੇ ਸਮਝੇ ਜਾਂਦੇ ਹਨ। ਅੱਜ ਅਰਬੀ ਫ਼ਾਰਸੀ ਦੀ ਮੁੱਢਲੀ ਜਾਣਕਾਰੀ ਨਾ ਰੱਖਣ ਵਾਲਾ ਪੰਜਾਬੀ ਦੀ ਮੱਧਕਾਲੀ ਕਵਿਤਾ ਨੂੰ ਕਦੇ ਵੀ ਸਮਝ ਨਹੀਂ ਸਕਦਾ।

ਇਥੇ ਇਹ ਗੱਲ ਵੀ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਦਾ ਪਿਛੋਕੜ 10ਵੀਂ ਸਦੀ ਤੋਂ ਪਹਿਲਾਂ ਸੰਸਕ੍ਰਿਤ ਦਾ ਰਿਣੀ ਹੈ ਜਿਸ ਦੇ ਅਨੇਕਾਂ ਸ਼ਬਦ ਅੱਜ ਤਤਸਮ ਤੇ ਤਦਭਵ ਰੂਪ ਵਿਚ ਪੰਜਾਬੀ ਸ਼ਬਦ-ਭੰਡਾਰ ਦਾ ਵਡਮੁੱਲਾ ਸਰਮਾਇਆ ਹਨ। ਦਰਅਸਲ ਭਾਰਤ ਦੀਆਂ ਭਾਸ਼ਾਵਾਂ ਵਿਚੋਂ ਰਾਜਸਥਾਨੀ, ਸਿੰਧੀ, ਗੁਜਰਾਤੀ, ਮਰਾਠੀ, ਉੜੀਆ, ਪੂਰਬੀ ਹਿੰਦੀ, ਪੱਛਮੀ ਹਿੰਦੀ, ਬਿਹਾਰੀ, ਬੰਗਾਲੀ ਆਸਾਮੀ ਤੇ ਪਹਾੜੀ ਆਦਿ ਸਾਰੀਆਂ ਹੀ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ ਤੇ ਇਨ੍ਹਾਂ ਦਾ ਵੱਖਰਾ ਸਰੂਪ 10, 11 ਵੀ ਈਸਵੀ ਦੇ ਨਜ਼ਦੀਕ ਹੋਂਦ ਵਿਚ ਆਉਂਦਾ ਹੈ। ਇਸ ਤੋਂ ਪਹਿਲਾਂ ਇਹ ਹਜ਼ਾਰਾਂ ਸਾਲਾ ਦਾ ਸਫ਼ਰ ਤਹਿ ਕਰਕੇ ਪ੍ਰਾਕ੍ਰਿਤਾ ਤੇ ਅਪਭਰੰਸ਼ਾਂ ਵਜੋਂ ਪਹਿਚਾਣੀਆਂ ਜਾਂਦੀਆਂ ਸਨ।

ਸੰਸਕ੍ਰਿਤ ਜਿਥੇ ਉੱਚ-ਸ਼੍ਰੇਣੀਆਂ ਦੀ ਭਾਸ਼ਾ ਸੀ, ਉੱਥੇ ਅਪਭਰੰਸ਼ਾਂ ਲੋਕ-ਭਾਸ਼ਾ ਦੇ ਰੂਪ ਵਿਚ ਵਿਕਸਿਤ ਹੁੰਦੀਆਂ ਹਨ। ਅਪਭਰੰਸ਼ਾਂ ਦਾ ਸਮਾਂ 500 ਈ. ਤੋਂ 1000 ਈ. ਤਕ ਦਾ ਮੰਨਿਆ ਜਾਂਦਾ ਹੈ।

ਭਾਸ਼ਾ ਦੇ ਨਾਲ ਹੀ ਜੁੜਿਆ ਮਸਲਾ ਪੰਜਾਬੀ ਦੀ ਢੁਕਵੀਂ ਲਿਪੀ ਦਾ ਹੈ। ਹਰ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਕਿਸੇ ਢੁਕਵੀਂ ਲਿਪੀ ਦੀ ਜ਼ਰੂਰਤ ਹੁੰਦੀ ਹੈ ਅਤੇ ਪੰਜਾਬੀ ਲਈ ਢੁਕਵੀਂ ਲਿਪੀ ਗੁਰਮੁਖੀ ਨੂੰ ਮੰਨਿਆ ਜਾਂਦਾ ਹੈ। ਭਾਵੇਂ ਪੰਜਾਬੀ ਲਿਖਣ ਲਈ ਫ਼ਾਰਸੀ ਤੇ ਦੇਵਨਾਗਰੀ ਲਿਪੀ ਵੀ ਪ੍ਰਯੋਗ ਹੁੰਦੀ ਰਹੀ ਹੈ। ਮੁਸਲਮਾਨ ਕਵੀਆਂ ਖ਼ਾਸ ਤੌਰ ਤੇ ਲਹਿੰਦੀ (ਮੁਲਤਾਨੀ) ਵਿਚ ਰਚਨਾ ਵਾਲੇ ਸੂਫ਼ੀਆਂ, ਜੰਗਨਾਮਾ ਲੇਖਕਾਂ ਅਤੇ ਕਿੱਸਾਕਾਰਾਂ ਨੇ ਫ਼ਾਰਸੀ ਦੀ ਜਾਣੀ ਪਹਿਚਾਣੀ ਲਿਪੀ ਰਾਹੀਂ ਹੀ ਰਚਨਾ ਕੀਤੀ ਜਿਹੜੀ ਉਨ੍ਹਾਂ ਦੀ ਧਾਰਮਿਕ, ਸਮਾਜਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਦੀ ਪਹਿਲਾਂ ਤੋਂ ਹੀ ਤਰਜਮਾਨ ਸੀ। ਫ਼ਾਰਸੀ ਲਿਪੀ ਦੇ ਪ੍ਰਯੋਗ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਸੰਬੰਧ ਮੁਸਲਮਾਨ ਵਰਗ ਨਾਲ ਜੋੜ ਕੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ।

10ਵੀਂ ਸਦੀ ਤੱਕ ਬੁੱਧ-ਮੱਤ ਦਾ ਪ੍ਰਚਾਰ ਪੰਜਾਬ ਵਿਚੋਂ ਲੋਪ ਹੋ ਚੁੱਕਾ ਸੀ। ਪੰਜਾਬੀ ਸਾਹਿਤ ਦੇ ਮੁੱਢਲੇ ਦੌਰ ਵਿਚ ਗੁਰਮਤਿ ਤੇ ਸੂਫ਼ੀ ਵਿਚਾਰਧਾਰਾ ਦੇ ਨਾਲ ਨਾਲ ਇਸਲਾਮੀ, ਹਿੰਦੂ ਮਤ ਤੇ ਬੁੱਧ ਮਤ ਦੇ ਕੇਵਲ ਉਹੀ ਸਿਧਾਂਤ ਪ੍ਰਵਾਨ ਹੋਏ ਜਿਨ੍ਹਾਂ ਨਾਲ ਸਾਂਝੀ ਮਨੁੱਖਤਾ ਦਾ ਸੰਦੇਸ਼ ਪ੍ਰਾਪਤ ਹੁੰਦਾ ਸੀ। ਸਾਂਝੀਆਂ ਸਭਿਆਚਾਰਕ ਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਪ੍ਰਚਾਰਨ ਵਾਲੇ ਵਿਚਾਰ ਹੀ ਮੁੱਢਲੇ ਪੰਜਾਬੀ ਕਾਵਿਧਾਰਾ ਦਾ ਕੇਂਦਰੀ ਬਿੰਦ ਰਹੇ। ਐਸੇ ਕੁਝ ਪ੍ਰਮੁੱਖ ਵਿਚਾਰ ਹੇਠ ਲਿਖੇ ਹਨ ਜਿਨ੍ਹਾਂ ਦਾ ਪਾਸਾਰ ਸਾਹਿਤ ਰਾਹੀਂ ਕੀਤਾ ਗਿਆ :

(ੳ) ਸਭ ਧਰਮ-ਸ਼ਕਤੀਆਂ, ਰਾਜਸੀ ਸ਼ਕਤੀਆਂ ਤੇ ਦੈਵੀ ਸ਼ਕਤੀਆਂ ਤੋਂ ਉੱਪਰ ਸਰਬ-ਸ਼ਕਤੀਮਾਨ ਪ੍ਰਮਾਤਮਾ ਵਿਚ ਵਿਸ਼ਵਾਸ ਪੈਦਾ ਕਰਨਾ।

(ਅ) ਕੇਵਲ ਇਕ ਸਰਬ-ਸਾਂਝੇ ਰੱਬ ਵਿਚ ਵਿਸ਼ਵਾਸ ਜੋ ਮਨੁੱਖ ਨਾਲ ਅਨਿਆਂ ਕਰਨ ਵਾਲਿਆਂ ਜਾਂ ਕੁਕਰਮੀ ਮਨੁੱਖਾਂ ਨੂੰ ਡਾਢੀ ਸਜ਼ਾ ਦਿੰਦਾ ਹੈ।

(ੲ) ਜਾਤ-ਪਾਤ, ਵਰਨ, ਧਰਮ ਰਾਹੀਂ ਮਨੁੱਖ ਦੀ ਦੂਜੇ ਮਨੁੱਖ ਨਾਲ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਦੀ ਨਿਖੇਧੀ ਕਰਨਾ।

(ਸ) ਭੇਖੀ ਸੂਫ਼ੀਆਂ, ਸੰਤਾਂ, ਗੁਰੂਆਂ ਤੋਂ ਬਚਣ ਤੇ ਸੱਚੀ ਗੁਰੂ-ਸ਼ਿਸ਼ ਪਰੰਪਰਾ ਨੂੰ ਸਥਾਪਤ ਕਰਨ ਲਈ ਲੋੜੀਂਦੀ ਅਗਵਾਈ ਦੇਣਾ।

(ਹ) ਰੱਬ ਦੇ ਘਰ ਦੀ ਨਿਸ਼ਾਨਦੇਹੀ ਤੀਰਥਾਂ, ਧਰਮ ਕੇਂਦਰਾਂ ਤੇ ਰਸਮਾਂ ਦੀ ਥਾਂ ਮਨੁੱਖੀ ਸਰੀਰ ਅੰਦਰ ਹੋਣ ਦੀ ਚਰਚਾ ਕਰਨਾ।

(ਕ) ਧਰਤੀ ਦੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੀਆਂ ਕਮਜ਼ੋਰੀਆਂ ਉੱਤੇ ਕਾਬੂ ਪਾ ਕੇ ਉੱਚੀਆਂ ਮਾਨਵੀ ਤੇ ਸਦਾਚਾਰਕ ਕਦਰਾਂ ਨੂੰ ਸਿਖਾਉਣ ਦਾ ਯਤਨ ਕਰਨਾ।

ਵੱਖ ਵੱਖ ਸਮਾਜ-ਸਭਿਆਚਾਰ ਦੇ ਮਿਸ਼ਰਨ ਨਾਲ ਪੈਦਾ ਹੋਈ ਵਿਚਾਰਧਾਰਕ ਸਾਂਝ ਦੇ ਨਾਲ ਅਲੱਗ ਅਲੱਗ ਭਾਸ਼ਾਵਾਂ ਦੇ ਸਾਹਿਤ ਵਿਚੋਂ ਢੁਕਵੇਂ ਸਾਹਿਤ ਰੂਪਾਂ ਨੂੰ ਅਪਣਾਉਣ ਦਾ ਸਿਲਸਿਲਾ ਵੀ ਮੁੱਢਲੇ ਦੌਰ ਤੋਂ ਹੀ ਚਲਦਾ ਹੈ। ਸੰਸਕ੍ਰਿਤ ਵਿਚ 1000 ਈ. ਤੋਂ ਪਹਿਲਾਂ ਮਹਾਂਕਾਵਿਧਾਰਾ, ਸਲੋਕ ਅਤੇ ਪਦੇ ਲਿਖਣ ਦੀ ਰਵਾਇਤ ਸੀ। ਬਾਬਾ ਫ਼ਰੀਦ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ 'ਸ਼ਲੋਕ ਅਪਨਾ ਲਏ। ਇਸੇ ਤਰ੍ਹਾਂ ਕਾਫ਼ੀ ਤੇ ਵਾਰਾਂ ਵੀ ਸਥਾਨਕ ਕਾਵਿਧਾਰਾ ਰੂਪ ਸਨ ਜੋ ਸੂਚੀਆਂ ਤੇ ਦੂਜੇ ਮੁਸਲਮਾਨ ਕਵੀਆਂ ਤੇ ਗਵੱਈਆਂ ਨੇ ਆਪਣੇ ਇਕੱਠਾਂ ਵਿਚ ਹਰਮਨ ਪਿਆਰੇ ਕੀਤੇ। ਫ਼ਾਰਸੀ ਦੀ 'ਮਸਨਵੀਂ ਪੰਜਾਬ ਵਿਚ ਆ ਕੇ ਕਿਸੇ ਤੇ ਜੰਗਨਾਮਿਆਂ ਦੀ ਸ਼ਕਲ ਵਿਚ ਵਿਕਸਿਤ ਹੋਈ ਜਿਸ ਨੂੰ ਮੁਸਲਮਾਨ, ਸਿੱਖਾਂ ਤੇ ਹਿੰਦੂਆਂ ਨੇ ਵੀ ਅਪਨਾ ਲਿਆ। ਇਹੋ ਸਥਿਤੀ ਛੰਦਾਂ, ਅਲੰਕਾਰਾਂ ਤੇ ਕਥਾ-ਰੂੜੀਆਂ ਦੀ ਹੈ ਜਿਨ੍ਹਾਂ ਦਾ ਆਦਾਨ-ਪ੍ਰਦਾਨ ਖੁੱਲ੍ਹਦਿਲੀ ਨਾਲ ਮੁੱਢਲੇ ਪੰਜਾਬੀ ਸਾਹਿਤ ਵਿਚ ਸਪਸ਼ਟ ਰੂਪ ਵਿਚ ਮਿਲਦਾ ਹੈ।

ਇਉਂ 1700 ਈ. ਤੋਂ ਪਹਿਲਾਂ ਪੂਰਵ-ਨਾਨਕ ਕਾਲ ਤੇ ਨਾਨਕ ਕਾਲ ਵਿਚ ਲਿਖਿਆ ਗਿਆ ਸਾਹਿਤ ਵੱਖ ਵੱਖ ਧਾਰਮਿਕ ਤੇ ਸਭਿਆਚਾਰਕ ਕੀਮਤਾਂ ਵਾਲੀਆਂ ਕੌਮਾਂ ਨਾਲ ਸੰਬੰਧਿਤ ਲੇਖਕਾਂ ਵੱਲੋਂ ਲਿਖੇ ਹੋਣ ਦੇ ਬਾਵਜੂਦ ਮੂਲ ਰੂਪ ਵਿਚ ਮਨੁੱਖੀ ਸ਼ਾਂਤੀ, ਉਦਾਰਤਾ, ਨਿਰਲੇਪਤਾ ਅਤੇ ਸਾਂਝ ਜਿਹੀਆਂ ਉੱਚੀਆਂ ਮਜ਼ਬੂਤ ਕਦਰਾਂ ਦੀ ਬੁਨਿਆਦ ਰੱਖਣ ਵਾਲਾ ਹੈ। ਇਹ ਐਸੀਆਂ ਰਾਜਨੀਤਿਕ ਤੇ ਧਾਰਮਿਕ ਸ਼ਕਤੀਆਂ ਦਾ ਵਿਰੋਧ ਕਰਦਾ ਹੈ ਜਿਹੜੀਆਂ ਮਨੁੱਖ ਤੋਂ ਮਨੁੱਖ ਨੂੰ ਦੂਰ ਕਰਦੀਆਂ ਹਨ ਤੇ ਇਉਂ ਇਹ ਸਾਹਿਤ ਸਮਕਾਲੀ ਮਨੁੱਖ ਨੂੰ ਸੁਤੰਤਰ ਹੋਂਦ ਤੇ ਹਿੰਮਤ ਰੱਖਣ ਦਾ ਸੰਦੇਸ਼ ਵੀ ਦਿੰਦਾ ਹੈ। ਜੇਕਰ ਕੋਈ ਧਾਰਮਿਕ ਸੰਕੀਰਨਤਾ ਵਾਲੀ ਰਚਨਾ ਲਿਖੀ ਵੀ ਗਈ, ਉਹ ਨਾ ਲੋਕ-ਮਾਨਸਿਕਤਾ ਵਿਚ ਹੀ ਹਰਮਨ-ਪਿਆਰੀ ਹੋਈ ਤੇ ਨਾ ਹੀ 'ਸਾਹਿਤ ਦੀ ਪਰਿਭਾਸ਼ਾ ਤੋਂ ਦੂਰ ਜਾਣ ਕਰਕੇ ਸਾਹਿਤ ਇਤਿਹਾਸ ਦਾ ਭਾਗ ਹੀ ਬਣ ਸਕੀ।

## ਪੰਜਾਬੀ ਸਾਹਿਤ ਦਾ ਪੂਰਵ ਨਾਨਕ ਕਾਲ:

ਸੱਤਵੀਂ ਸਦੀ ਦੇ ਆਰੰਭ ਤੋਂ ਲੈ ਕੇ 12ਵੀਂ ਸਦੀ ਤਕ ਪੰਜਾਬ ਵਿਚ ਵੱਖ-ਵੱਖ ਰਾਜਪੂਤ ਵੰਸ਼ਾਂ ਦਾ ਰਾਜ ਰਿਹਾ। ਪੰਜਾਬ ਵਿਚ ਇਨ੍ਹਾਂ ਦੀਆਂ ਅਨੇਕ ਰਿਆਸਤਾਂ ਸਨ ਜਿਨ੍ਹਾਂ ਵਿਚ ਏਕਾ ਕਦੀ ਨਹੀਂ ਸੀ ਹੁੰਦਾ। ਇਹ ਆਪ ਵਿਚ ਲੜਦੀਆਂ ਭਿੜਦੀਆਂ ਰਹਿੰਦੀਆਂ ਸਨ। ਉਂਜ ਰਾਜਪੂਤ

ਬੜੇ ਅਣਖੀਲੇ ਅਤੇ ਯੋਧੇ ਸਨ ਜੋ ਕਿਸੇ ਦੀ ਈਨ ਨਹੀਂ ਮੰਨਦੇ ਸਨ। 712 ਈਸਵੀ ਵਿੱਚ ਮੁਹੰਮਦ-ਬਿਨ-ਕਾਸਿਮ ਨੇ ਸਿੰਧ ਉੱਪਰ ਹਮਲਾ ਕੀਤਾ। ਉਸ ਨੇ ਮੁਲਤਾਨ ਨੂੰ ਜਿੱਤ ਕੇ ਉੱਥੇ ਮੁਸਲਮਾਨੀ ਸਭਿਅਤਾ ਅਤੇ ਸਭਿਆਚਾਰ ਦੇ ਪ੍ਰਚਾਰ ਦੀ ਨੀਂਹ ਰੱਖੀ। ਇਸ ਸਮੇਂ ਤੋਂ ਬਾਅਦ ਮੁਲਤਾਨ ਮੁਸਲਮਾਨ ਪੀਰਾਂ ਫ਼ਕੀਰਾਂ ਦਾ ਇਕ ਵੱਡਾ ਕੇਂਦਰ ਬਣ ਗਿਆ।

986 ਈਸਵੀ ਵਿਚ ਸਬੁਕਤਗੀਨ ਨੇ ਪੰਜਾਬ ਉੱਤੇ ਹਮਲਾ ਕੀਤਾ। ਫਿਰ ਸੁਲਤਾਨ ਮਹਿਮੂਦ ਗ਼ਜ਼ਨਵੀ ਨੇ ਅਨੇਕ ਹਮਲੇ ਕਰਕੇ ਪੰਜਾਬ ਨੂੰ ਖ਼ੂਬ ਲੁੱਟਿਆ, ਲਿਤਾੜਿਆ। ਇਸ ਤੋਂ ਪਿੱਛੋਂ ਗੋਰੀ, ਗ਼ੁਲਾਮ, ਖ਼ਿਲਜੀ, ਤੁਗਲਕ, ਸੱਯਦ ਅਤੇ ਲੋਧੀ ਵੰਸ਼ਾਂ ਨੇ ਵੱਖ-ਵੱਖ ਸਮੇਂ ਦਿੱਲੀ ਦੇ ਤਖ਼ਤ ਤੋਂ ਭਾਰਤ ਤੇ ਰਾਜ ਕੀਤਾ। ਦਿੱਲੀ ਵਿਚ ਮੁਸਲਮਾਨਾਂ ਦੀ ਕੇਂਦਰੀ ਹਕੂਮਤ । ਸਥਾਪਿਤ ਹੋਣ ਦੇ ਬਾਵਜੂਦ ਵੀ ਦੇਸ਼ ਵਿਚ ਅਮਨ-ਚੈਨ ਦੀ ਸਥਾਪਨਾ ਨਾ ਹੋ ਸਕੀ। ਹਰੇਕ ਬਾਦਸ਼ਾਹ ਦੇ ਸਮੇਂ ਬਾਹਰ ਵੀ । ਹਮਲੇ ਹੋਏ ਅਤੇ ਦੇਸ਼ ਅੰਦਰ ਵੀ ਲੜਾਈਆਂ ਹੁੰਦੀਆਂ ਰਹੀਆਂ। ਸਿੱਟੇ ਵਜੋਂ ਸਾਹਿਤ ਸਿਰਜਨਾ ਨੂੰ ਕਾਫ਼ੀ ਠੇਸ ਪਹੁੰਚੀ। ਆਰਥਿਕ ਤੌਰ ਤੇ ਪੰਜਾਬ ਵਿਚ ਮੰਦਹਾਲੀ ਦੀ ਅਵਸਥਾ ਸੀ। ਰਾਜ-ਸੱਤਾ ਨਾਲ ਸੰਬੰਧਿਤ ਸਰਕਾਰ, ਸੂਬੇਦਾਰ ਅਤੇ । ਜਾਗੀਰਦਾਰ ਆਦਿ ਤਾਂ ਸੁਖ ਦਾ ਜੀਵਨ ਬਿਤਾਉਂਦੇ ਸਨ ਪਰ ਆਮ ਹਿੰਦੂ ਜਨਤਾ ਅਨੇਕ ਤਰ੍ਹਾਂ ਦੇ ਟੈਕਸਾਂ ਦੇ ਭਾਰ ਥੱਲੇ ਦੱਬੀ ਪਈ ਸੀ। ਪੰਜਾਬ ਵਿਚ ਖੇਤੀ ਬਾੜੀ ਹੀ ਚਲਦੀ ਸੀ, ਵਪਾਰ ਤੇ ਸਨਅਤ ਨੇ ਕੋਈ ਤਰੱਕੀ ਨਾ ਕੀਤੀ। ਧਾਰਮਿਕ ਤੌਰ ਤੇ ਹਿੰਦੂ ਧਰਮ ਅਨੇਕ ਸੰਪਰਦਾਵਾਂ ਵਿਚ ਵੰਡਿਆ ਪਿਆ ਸੀ। ਜੋਗੀਆਂ, ਨਾਥਾਂ ਤੋਂ ਛੁੱਟ ਵੈਰਾਗੀ, ਸੰਨਿਆਸੀ, ਵੈਸ਼ਨਵ ਅਤੇ ਸ਼ੈਵ ਮੱਤ ਦੀਆਂ ਸੰਪਰਦਾਵਾਂ ਪ੍ਰਚਲਿਤ ਸਨ। ਜਾਤ-ਪਾਤ, ਛੂਤ-ਛਾਤ ਅਤੇ ਉਚ-ਨੀਚ ਦਾ ਬੋਲਬਾਲਾ ਸੀ। ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ, ਜਪ-ਤਪ ਅਤੇ ਰਿੱਧੀਆਂ-ਸਿੱਧੀਆਂ ਕਰਨਾ, ਜਾਦੂ-ਟੂਣੇ ਅਤੇ ਕਰਾਮਾਤਾਂ ਆਦਿ ਪ੍ਰਚਲਿਤ ਸਨ।

## ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਦੀਆਂ ਸਾਹਿਤਕ ਧਰਾਵਾਂ

ਪੂਰਵ ਨਾਨਕ ਕਾਲ ( 800-1450 ਈ ) ਵਿਚ ਰਚੇ ਪੰਜਾਬੀ ਸਾਹਿਤ ਨੂੰ ਅਸੀਂ ਹੇਠ ਲਿਖੇ ਅਨੁਸਾਰ ਸ਼੍ਰੇਣੀ-ਬੱਧ ਕਰ ਸਕਦੇ ਹਾਂ :

1. ਲੋਕ ਸਾਹਿਤ
2. ਸਿੱਧਾਂ ਅਤੇ ਨਾਥਾਂ ਜੋਗੀਆਂ ਦਾ ਸਾਹਿਤ।
3. ਸੂਫ਼ੀ ਸਾਹਿਤ।
4. ਵਾਰ ਸਾਹਿਤ।
5. ਫੁਟਕਲ।

**(ੳ) ਪੰਜਾਬੀ ਲੋਕ ਸਾਹਿਤ:** ਸਾਹਿਤ ਇਤਿਹਾਸ ਦਾ ਆਰੰਭ-ਬਿੰਦੂ ਕੀ ਹੋਵੇ। ਕੀ ਵਿਸ਼ਿਸ਼ਟ ਅਤੇ ਲਿਖਤੀ ਸਾਹਿਤ ਹੀ ਸਹੀ ਅਰਥਾਂ ਵਿਚ ਇਸ ਦਾ ਆਰੰਭ-ਬਿੰਦੂ ਹੈ? ਅਜੇਹੇ ਸਵਾਲ ਹਮੇਸ਼ਾ ਸਾਹਿਤ ਇਤਿਹਾਸਕਾਰਾਂ ਦੇ ਸਨਮੁੱਖ ਰਹੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਵਿਸ਼ਿਸ਼ਟ ਸਾਹਿਤ ਨੂੰ ਬੇਸ਼ੱਕ ਕਿਸੇ ਨਾ ਕਿਸੇ ਕਾਲ-ਖੰਡ ਵਿਚ ਰੱਖਿਆ ਜਾ ਸਕਦਾ ਹੈ, ਪਰ ਮਨੁੱਖ ਦੇ ਕਲਾਤਮਕ ਵਿਕਾਸ ਦਾ ਇਹ ਬਹੁਤ ਨੇੜਲਾ ਪੜਾਅ ਹੈ। ਸਾਹਿਤ ਤਾਂ ਕਿਸੇ ਨਾ ਕਿਸੇ ਰੂਪ ਵਿਚ ਪਹਿਲਾਂ ਵੀ ਰਚਿਆ ਜਾ ਰਿਹਾ ਸੀ ਕਿਉਂਕਿ ਇਹ ਮਨੁੱਖੀ ਜਜ਼ਬਿਆਂ, ਉਦਗਾਰਾਂ ਅਤੇ ਵਰਤਾਰਿਆਂ ਦੀ ਉਪਜ ਹੈ। ਇਸ ਲਈ ਸਾਹਿਤ ਇਤਿਹਾਸ ਦਾ ਆਰੰਭ ਵਿਸ਼ਿਸ਼ਟ ਸਾਹਿਤ ਨਾਲ ਨਹੀਂ ਹੋ ਸਕਦਾ। ਇਸ ਸੁਆਲ ਦਾ ਇਕ ਜੁਆਬ ਉਹ ਇਹ ਵੀ ਦਿੰਦੇ ਹਨ ਕਿ ਵਿਸ਼ਿਸ਼ਟ ਸਾਹਿਤ ਹਮੇਸ਼ਾ ਹੀ ਲੋਕ ਸਾਹਿਤ ਉੱਪਰ ਆਸਰਿਤ ਹੁੰਦਾ ਹੈ, ਇਸ ਲਈ ਸਾਹਿਤ ਇਤਿਹਾਸ ਦਾ ਆਰੰਭ ਬਿੰਦੂ ਲੋਕ ਸਾਹਿਤ ਨੂੰ ਹੀ ਮੰਨਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਜੀ(1604 ਈ.) ਇਕ ਧਾਰਮਿਕ ਗ੍ਰੰਥ ਹੋਣ ਦੇ ਨਾਲ ਨਾਲ ਮੱਧਕਾਲੀਨ ਭਾਰਤ, ਵਿਸ਼ੇਸ਼ ਕਰਕੇ ਉੱਤਰੀ ਭਾਰਤ ਦੀ ਕਵਿਤਾ ਦਾ ਇਕ ਅਜੇਹਾ ਤਿਨਿਧ ਅਤੇ ਪ੍ਰਮਾਣਿਕ ਗ੍ਰੰਥ ਹੈ, ਜਿਸ ਵਿਚਲੀ ਕਾਵਿ ਰਚਨਾ ਅਬਦਲ ਅਤੇ ਸੁਰੱਖਿਅਤ ਰੂਪ ਵਿਚ ਸਾਡੇ ਤਕ ਪਹੁੰਚੀ ਹੈ। ਇਸ ਗ੍ਰੰਥ ਵਿਚ ਮੱਧਕਾਲੀਨ ਪੰਜਾਬ ਦੀਆਂ ਉਹ ਸਾਹਿੱਤਿਕ ਤੰਦਾਂ ਹਨ ਜੋ ਇਸ ਦੀ ਸੰਪਾਦਨਾ ਤੋਂ ਪਹਿਲਾਂ ਵੀ ਫੈਲੀਆਂ ਹਨ ਅਤੇ ਬਾਅਦ ਵਿਚ ਵੀ। ਇਸ ਲਈ ਪੰਜਾਬ ਦੇ ਸਾਹਿਤ ਸੰਬੰਧੀ ਕੋਈ ਵੀ ਚਿੰਤਨ ਇਸ ਨੂੰ ਅਣਡਿੱਠ ਕਰਕੇ ਨਹੀਂ ਕੀਤਾ ਜਾ ਸਕਦਾ। ਇਸੇ ਲਈ ਪੰਜਾਬੀ ਸਾਹਿਤ ਦੀ ਆਰੰਭ ਗਾਥਾ ਵੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੀ ਗਈ ਲੋਕ ਸਾਹਿੱਤਿਕ ਸਮਗਰੀ ਦੇ ਹਵਾਲੇ ਨਾਲ ਵੀ ਛੋਹਣੀ ਚਾਹਾਂਗੇ। ਅਸੀਂ ਜਾਣਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਹੁਤੀ ਬਾਣੀ ਲੋਕ ਸਾਹਿੱਤਿਕ ਆਧਾਰਾਂ ਅਥਵਾ ਰੀਤੀਆਂ ਉੱਪਰ ਰਚੀ ਗਈ ਹੈ, ਇਸ ਲਈ ਇਹ ਬੜਾ ਸੁਭਾਵਿਕ ਲਗਦਾ ਹੈ ਕਿ ਪਹਿਲਾਂ ਪੰਜਾਬੀ ਲੋਕ ਸਾਹਿਤ ਦੀ ਚਰਚਾ ਕਰੀਏ ਅਤੇ ਫਿਰ ਇਨ੍ਹਾਂ ਸਾਹਿਤਕ ਰੀਤੀਆਂ ਦੀ ਪਛਾਣ ਪੰਜਾਬੀ ਵਿਸ਼ਿਸ਼ਟ ਸਾਹਿਤ ਦੇ ਇਤਿਹਾਸ ਵਿਚੋਂ ਕਰੀਏ।

ਲੋਕ ਸਾਹਿਤ ਦੀਆ ਕੁਝ ਉੱਭਰਵੀਆਂ ਅਤੇ ਨਿੱਖੜਵੀਂਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਪਹਿਲੀ ਇਹ ਕਿ ਇਸ ਦਾ ਰਚਨਹਾਰ ਕੋਈ ਇਕ ਵਿਅਕਤੀ ਨਹੀਂ ਹੁੰਦਾ। ਸਗੋਂ ਇਹ ਸਮੁੱਚੇ ਭਾਈਚਾਰੇ ਵਿਚ ਬੜੇ ਸਹਿਜ ਰੂਪ ਵਿਚ ਪ੍ਰਵਾਹਿਤ ਹੋ ਕੇ ਮੌਖਿਕ ਪਰੰਪਰਾ ਰਾਹੀਂ ਪੀੜ੍ਹੀ-ਦਰ-

ਪੀੜ੍ਹੀ ਅੱਗੇ ਤੁਰਿਆ ਜਾਂਦਾ ਹੈ। ਸਮੂਹਿਕ ਰਚਨਾ ਹੋਣ ਕਰਕੇ ਇਹ ਸਮੂਹ ਦੀਆਂ ਅਕਾਂਖਿਆਵਾਂ, ਥੜ੍ਹਾ, ਤੋਟਾ, ਲਾਲਸਾਵਾਂ ਅਤੇ ਹੋਰ ਜੀਵਨ- ਮੂਲਾਂ ਦੀ ਅਭਿਵਿਅਕਤੀ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੀ ਗਈ ਲੋਕ ਸਾਹਿੱਤਿਕ ਸਮਗਰੀ ਵਿਚ ਪਹਿਲਾ ਵਰਗ ਲੋਕ ਕਾਵਿਧਾਰਾ ਰੂਪਾਂ ਦਾ ਹੈ। ਇਨ੍ਹਾਂ ਕਾਵਿਧਾਰਾ ਰੂਪਾਂ ਵਿਚ ਵਾਰਾਂ, ਘੋੜੀਆਂ, ਅਲਾਹੁਣੀਆਂ, ਬਾਰਾਮਾਂਹ, ਰੁਤੀ, ਸੱਦ, ਸਤਵਾਰਾ ਅਤੇ ਫੁਨਹੇ ਆਦਿ ਪ੍ਰਮੁੱਖ ਹਨ। ਲੋਕ ਕਾਵਿਧਾਰਾ ਵਿਚੋਂ 7 ਵਿਸ਼ਿਸ਼ਟ ਵਿਚ ਰੂਪਾਂਤਰਿਤ ਹੋਇਆ ਪਹਿਲਾ ਕਾਵਿਧਾਰਾ ਰੂਪ ਵਾਰ ਹੈ। ਪੰਜਾਬੀ ਸਾਹਿਤ ਵਿਚ ਵਾਰਾਂ ਦੀ ਪਰੰਪਰਾ ਨੂੰ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਨ੍ਹਾਂ ਦੀ ਰਚਨਾ ਅੱਜ ਵੀ ਹੋ ਰਹੀ ਹੈ। ਪੰਜਾਬ ਦੀ ਭੂਗੋਲਿਕ, ਰਾਜਨੀਤਿਕ ਅਤੇ ਇਤਿਹਾਸਿਕ ਸਥਿਤੀ ਇਨ੍ਹਾਂ ਦੇ ਉਪਜਣ ਲਈ ਬਹੁਤ ਅਨੁਕੂਲ ਰਹੀ ਹੈ। ਇੱਥੋਂ ਦੇ ਵਸਨੀਕਾਂ ਨੂੰ ਆਦਿ ਕਾਲ ਤੋਂ ਹੀ ਬਾਹਰਲੇ ਹਮਲਾਵਰਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ, ਜਿਸ ਕਰਕੇ ਪੰਜਾਬ ਜੰਗ ਦਾ ਮੈਦਾਨ ਬਣਿਆ ਰਿਹਾ ਹੈ। ਵੀਰ ਪੁਰਸ਼ ਜੰਗਾਂ ਦੇ ਨਾਇਕ ਹੁੰਦੇ। ਹਨ, ਇਸ ਲਈ ਵਾਰ ਕਿਸੇ ਯੁੱਧ ਕਥਾਨਕ ਅਤੇ ਉਤਸ਼ਾਹੀ ਕਾਰਨਾਮੇ ਨੂੰ ਕੇਂਦਰ ਵਿਚ ਰੱਖ ਕੇ ਉਹਦਾ ਜਸ ਗਾਇਨ ਕਰਦੀ ਹੈ। ਨਾਇਕ ਦਾ ਕੀਰਤੀ ਗਾਨ ਕਰਕੇ ਪਾਠਕ ਦਾ ਉਤਸ਼ਾਹ ਵਧਾਉਣਾ ਵਾਰ ਦਾ ਪਹਿਲਾ ਅਤੇ ਬੁਨਿਆਦੀ ਮੰਤਵ ਹੁੰਦਾ ਹੈ। ਵਾਰਾਂ ਰਚਣ ਅਤੇ ਗਾਉਣ ਦਾ ਕੰਮ ਡੂੰਮ, ਮਿਰਾਸੀ, ਭੰਡ ਜਾਂ ਢਾਡੀ ਕਰਿਆ ਕਰਦੇ ਸਨ ਜਿਸ ਦੇ ਇਵਜ਼ ਵਿਚ ਉਨ੍ਹਾਂ ਨੂੰ ਸਾਮੰਤਾਂ, ਜਾਗੀਰਦਾਰਾਂ ਅਤੇ ਰਜਵਾੜਿਆਂ ਵੱਲੋਂ ਨਕਦ ਇਨਾਮ, ਤੋਹਫ਼ਿਆਂ ਅਤੇ ਹੋਰ ਕਈਆਂ ਰੂਪਾਂ ਵਿਚ ਆਰਥਿਕ ਸਹਾਇਤਾ ਪ੍ਰਾਪਤ ਹੁੰਦੀ ਸੀ। ਇਸ ਲੋਕ ਕਾਵਿਧਾਰਾ ਦੀ ਪੈਰਵੀ ਵਿਚ ਗੁਰੂ ਸਾਹਿਬਾਨ ਨੇ ਬਾਈ ਵਾਰਾਂ ਰਚੀਆਂ, ਬੇਸ਼ੱਕ ਇਨ੍ਹਾਂ ਦੀ ਵਸਤੂ ਸਮਗਰੀ ਵਿਚ ਉਨ੍ਹਾਂ ਆਪਣੇ ਪ੍ਰਯੋਜਨ ਅਨੁਸਾਰ ਭਿੰਨਤਾ ਰੱਖੀ। ਇਹ ਵਾਰਾਂ ਹਨ : ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲਲਾ ਬਹਿਲੀਮਾ ਦੀ ਵਾਰ, ਰਾਇ ਮਹਮੇ ਹਸਨੇ ਦੀ ਵਾਰ, ਮੂਸੇ ਦੀ ਵਾਰ, ਮਲਕ ਮੁਰੀਦ ਤਥਾ ਚੰਦਹੜਾ ਸੋਹੀਆ ਦੀ ਵਾਰ, ਜੋਧੇ ਵੀਰੇ ਪੁਰਬਾਣੀ ਦੀ ਵਾਰ ਅਤੇ ਰਾਣਾ ਕੈਲਾਸ਼ ਤਥਾ ਮਾਲਦੇਵ ਦੀ ਵਾਰ। ਇਨ੍ਹਾਂ ਲੋਕ ਵਾਰਾਂ ਬਾਰੇ ਵਿਸਤਰਿਤ ਚਰਚਾ ਇਸ ਪੁਸਤਕ ਦੇ ਪੰਜਾਬੀ ਬੀਰ ਕਾਵਿਧਾਰਾ ਵਾਲੇ ਕਾਂਡ ਵਿਚ ਕੀਤੀ ਗਈ ਹੈ।

ਪੰਜਾਬੀ ਲੋਕ ਸਾਹਿਤ ਵਿਚ ਅਗਲਾ ਮਹੱਤਵਪੂਰਨ ਕਾਵਿਧਾਰਾ ਰੂਪ ਸੁਹਾਗ ਹਨ। ਪੰਜਾਬੀ ਲੋਕ ਜੀਵਨ ਵਿਚ ਵਿਆਹ ਵਿਚ ਸਸਕਾਰ ਨਾਲ ਸੰਬੰਧਿਤ ਅਨੇਕ ਲੋਕ ਗੀਤ ਮਿਲਦੇ ਹਨ। ਕੁੜੀ ਪੰਖ ਵਾਲੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਸੁਹਾਗ ਕਿਹਾ ਜਾਂਦਾ ਹੈ ਜਦਕਿ ਮੁੰਡੇ ਪੱਖ ਵਾਲੇ ਘਰ ਗਾਏ ਜਾਣ ਵਾਲੇ ਗੀਤ ਘੋੜੀਆਂ ਅਖਵਾਉਂਦੇ ਹਨ। ਘੋੜੀਆਂ ਸ਼ਗਨਾਂ ਦੇ ਉਹ ਗੀਤ ਹਨ ਜੋ ਮੁੰਡੇ ਦੇ ਘਰ ਵਿਆਹ ਵਾਲੇ ਦਿਨ ਤੋਂ ਇੱਕੀ, ਗਿਆਰਾਂ, ਨੌਂ ਜਾਂ ਸੱਤ ਦਿਨ ਪਹਿਲਾਂ ਰਾਤ ਦੇ ਸਮੇਂ ਗਾਏ ਜਾਂਦੇ ਹਨ। ਹਰ ਇਕ ਨ ਪੰਜ ਜਾਂ ਸੱਤ ਘੋੜੀਆਂ ਗਾਉਣੀਆਂ ਜ਼ਰੂਰੀ ਹਨ। ਲੋਕ ਕਾਵਿਧਾਰਾ ਰੂਪ ਘੋੜੀ ਦਾ ਇਕ ਬੰਦ ਇਸ ਤਰ੍ਹਾਂ ਹੈ:

ਨਿੱਕੀ ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਦਮਾਂ ਦੀ ਬੋਰੀ ਤੇਰਾ ਬਾਬਲ ਫੜੇ।
ਹਾਥੀਆਂ ਦੇ ਸੰਗਲ਼ ਤੇਰਾ ਬਾਪ ਫੜੇ।

ਪ੍ਰਾਣੀ ਦੇ ਮਰਨ ਉੱਪਰ ਅਤੇ ਦਾਹ ਸੰਸਕਾਰ ਕਰਦੇ ਸਮੇਂ ਮ੍ਰਿਤਕ ਦੇ ਗੁਣਾਂ ਨੂੰ ਯਾਦ ਕਰਕੇ ਉਸ ਦੀ ਉਸਤਤ ਵਿਚ ਕੀਤੇ ਗਏ ਕਾਵਿਧਾਰਾਮਈ ਵਿਰਲਾਪ ਨੂੰ ਅਲਾਹੁਣੀ ਦੀ ਕਿਹਾ ਜਾਂਦਾ ਹੈ। ਅਲਾਹੁਣੀਆਂ ਦਾ ਇਕ ਨਿੱਖੜਵਾਂ ਲੱਛਣ ਇਸ ਸਮੇਂ ਕੀਤਾ ਜਾਣ ਵਾਲਾ ਸਿਆਪਾ ਅਰਥਾਤ ਪਿੱਟਣ ਦੀ ਕਿਰਿਆ ਹੈ। ਅਲਾਹੁਣੀ ਦੀ ਲੈ ਨਾਲ ਕੀਤੀਆਂ ਜਾਣ ਵਾਲੀਆਂ ਸਰੀਰਕ ਕਿਰਿਆਵਾਂ ਨੂੰ ਸਿਆਪੇ ਦਾ ਨਾਂ ਦਿੱਤਾ ਗਿਆ ਹੈ। ਸਿਆਪੇ ਲਈ ਮੁੱਖ ਅਲਾਹੁਣੀਕਾਰ ਲਾਜ਼ਮੀ ਹੁੰਦਾ ਹੈ। ਬੱਚੇ, ਜੁਆਨ, ਇਸਤਰੀ-ਮਰਦ ਅਤੇ ਬੁੱਢੇ ਬਾਰੇ ਅਲਾਹੁਣੀਆਂ ਦੀ ਸੁਰ ਅਲੱਗ ਹੁੰਦੀ ਹੈ। ਬੱਚੇ ਸੰਬੰਧੀ ਅਲਾਹੁਣੀ ਵਿਚ ਬੱਚੇ ਦੀ ਕੋਮਲਤਾ, ਮਸੂਮੀਅਤ, ਅਪੂਰਨ ਅਤੇ ਅਤ੍ਰਿਪਤ ਜੀਵਨ ਆਦਿ ਦਾ ਜ਼ਿਕਰ ਹੁੰਦਾ ਹੈ ਜਦ ਕਿ ਜੁਆਨ ਇਸਤਰੀ ਮਰਦ ਸੰਬੰਧੀ ਅਲਾਹੁਣੀ ਵਿਚ ਜੀਵਨ ਦੀ ਬਰਬਾਦੀ, ਭਵਿੱਖ ਦੀਆਂ ਮੁਸ਼ਕਲਾ, ਅਧੂਰੇ ਰਹਿ ਗਏ ਕੰਮਾਂ ਨੂੰ ਚਿਤਾਰਿਆ ਜਾਂਦਾ ਹੈ। ਉਮਰ ਖਾ ਹੰਢਾ ਚੁੱਕੇ ਸੰਬੰਧੀ ਅਲਾਹੁਣੀ ਵਿਚ ਧੀਮੀ ਸੁਰ ਵਾਲੇ ਰੁਦਨ ਦੇ ਨਾਲ ਇਕ ਹਲਕੀ ਜਿਹੀ ਮੁਸਕਾਨ ਦਾ ਰੰਗ ਵੀ ਹੁੰਦਾ ਹੈ ਕਿਉਂਕਿ ਪੰਜਾਬੀ ਸਮਾਜ ਵਿਚ ਕਿਸੇ ਬੁੱਢੇ ਠੇਰੇ ਦਾ ਮਰਨਾ ਇਕ ਜਸ਼ਨ ਦਾ ਸਮਾਂ ਬਣਾ ਲਿਆ ਜਾਂਦਾ ਹੈ। "ਖਾ ਮੋਇਆ ਖੱਟ ਮੋਇਆ ਕਹਿ ਕੇ ਮਾਤਮੀ ਮਾਹੌਲ ਨੂੰ ਹਲਕਾ ਜਿਹਾ ਖ਼ੁਸ਼ਗਵਾਰ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ। ਅਲਾਹੁਣੀਆਂ ਦੇ ਕੁਝ ਬੰਦ ਇਸ ਤਰ੍ਹਾਂ ਹਨ :

ਉਧਰ ਨੂੰ ਜਾਹ ਨ ਬੱਚਾ, ਉਧਰ ਗਿਆ ਕੋਈ ਮੁੜਦਾ ਵੇ ਨਾ।
ਮੇਰਿਆ ਚੰਦ ਬਚਿਆ ਕਿ ਤੈਨੂੰ ਨਜ਼ਰਾਂ ਲਾਈਆਂ।
ਵੇ ਬਚਾ ਰਾਜੇ ਘਰ ਜੰਮਣ ਵਾਲਿਆ, ਤੂੰ ਕਿਹੜੀ ਗੱਲੇ ਰੁੱਸ ਕੇ,
ਜਾਨਾਂ ਵੇ ਬਚਾ।

ਬਾਰਾਂਮਾਹ ਵੀ ਲੋਕ ਵਾਰਾਂ ਵਾਂਗ ਨ ਕੇਵਲ ਬਹੁਤ ਪੁਰਾਣਾ ਕਾਵਿਧਾਰਾ-ਰੂਪ'ਹ, ਸਗੋਂ ਇਸ ਦੀ ਯਾਤਰਾ ਵੀਹਵੀਂ ਸਦੀ ਤਕ ਵੀ ਜਾਰੀ ਰਹਿੰਦੀ ਹੈ। ਬੁਨਿਆਦੀ ਤੌਰ ਤੇ ਇਹ ਵਿਛੋੜੇ ਜਾਂ ਬਿਰਹਾ ਨਾਲ ਸੰਬੰਧਿਤ ਕਾਵਿਧਾਰਾ-ਰੂਪ ਹੈ। ਪ੍ਰਕਿਰਤੀ ਨੂੰ ਪਿਛੋਕੜ ਵਿਚ ਰੱਖ ਕੇ ਬਦਲਦੀਆਂ ਰੁੱਤਾਂ ਦੇ ਅੰਤਰਗਤ ਬਿਰਹਾ ਕੁੜੀ ਗੋਰੀ ਦੇ ਨੂੰ ਚਿਤਰਨਾ ਬਾਰਾਮਾਂਹ ਦਾ ਮੁੱਖ ਪ੍ਰਯੋਜਨ ਹੁੰਦਾ ਹੈ। ਇਹ ਆਮ ਕਰਕੇ ਚੇਤਰ ਮਹੀਨੇ ਤੋਂ ਸ਼ੁਰੂ ਹੁੰਦਾ ਹੈ ਅਤੇ ਜਿਵੇਂ ਜਿਵੇਂ ਮਹੀਨੇ ਅਤੇ ਰਤਾ ਬਦਲਦੀਆਂ ਹਨ, ਤਿਵੇਂ ਤਿਵੇਂ ਭਾਵ ਬਦਲਦਾ ਜਾਂਦਾ ਹੈ। ਇਕ ਬਾਰਾਮਾਂਹ ਵਿਚੋਂ ਕੁਝ ਸਤਰਾਂ ਪੇਸ਼ ਹਨ :

ਚੜ੍ਹਿਆ ਮਹੀਨਾ ਜੇਠ ਕਿ ਪਲੇਠ ਕਿ ਲੁਆਂ ਡਾਢੀਆਂ।
ਮਾਹੀ ਗਿਆ ਪਰਦੇਸ ਨਾ ਖ਼ਬਰਾਂ ਸਾਡੀਆਂ।
ਚੜ੍ਹਿਆ ਮਹੀਨਾ ਹਾੜ ਕਿ ਤਪਣ ਪਹਾੜ ਕਿ ਬਲਨ ਅੰਗੀਠੀਆਂ।
ਮਾਹੀ ਗਿਆ ਪਰਦੇਸ ਮੈ ਬਿਰਹੋਂ ਝਲੂਠੀਆਂ।

ਪੰਜਾਬੀ ਲੋਕ ਕਾਵਿਧਾਰਾ ਦੇ ਹੋਰਨਾਂ ਰੂਪਾਂ ਵਿਚ ਸਤਵਾਰਾ/ਅਠਵਾਰਾ, ਰੁੱਤਾਂ, ਫੁਨਹੇ। ਅਤੇ ਸੱਦ ਅਜੇਹੇ ਕਾਵਿਧਾਰਾ-ਰੂਪ ਹਨ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਗਏ ਹਨ। ਹਫ਼ਤੇ ਦੇ ਸੱਤਾਂ ਦਿਨਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਕਾਵਿਧਾਰਾ-ਰਚਨਾ ਸਤਵਾਰਾ ਹੈ:

ਸ਼ੁਕਰ ਉੱਤੇ ਬਦਲੀ, ਸ਼ਨੀਵਾਰ ਛਾ ਜਾਏ।
ਭੱਟ ਕਹੇ ਸੁਣ ਭਾਵੀ ਬਰਸੇ ਬਾਝ ਨ ਜਾਏ।

ਫੁਨਹੇ ਦਾ ਸ਼ਾਬਦਿਕ ਅਰਥ ਹੈ ਮੁੜ ਮੁੜ ਕੇ ਭਾਵ ਬਾਰ-ਬਾਰ। ਇਸ ਕਾਵਿਧਾਰਾ-ਰੂਪ ਵਿਚ ਕੋਈ ਸ਼ਬਦ, ਸ਼ਬਦ-ਜੁੱਟ ਜਾਂ ਵਾਕੰਸ਼ ਘੜੀ ਮੁੜੀ ਵਰਤਿਆ ਜਾਣ ਕਰਕੇ ਫੁਨਹੇ ਕਿਹਾ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਲੈ ਅਤੇ ਸੰਗੀਤ ਪੈਦਾ ਕਰਨ ਲਈ ਕਈਆਂ ਸ਼ਬਦਾਂ ਅਤੇ ਸ਼ਬਦ-ਜੁੱਟਾਂ ਨੂੰ ਅਕਸਰ ਦੁਹਰਾਇਆ ਜਾਂਦਾ ਹੈ, ਜਿਵੇਂ :

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਬਰੂਟੀ

ਸਹੁਰਾ ਫੂਲ ਗੁਲਾਬ ਦਾ, ਸੱਸ ਚੰਬੇ ਦੀ ਬੂਟੀ। ਸੱਦ ਦਾ ਅਰਥ ਉਚੀ ਆਵਾਜ਼ ਵਿਚ ਕੀਤਾ ਗਿਆ ਸੰਬੋਧਨ ਹੈ ਜੋ ਕਾਲਾਂਤਰ ਵਿਚ ਇਕ ਗਾਇਨ ਸ਼ੈਲੀ ਅਤੇ ਲੋਕ ਧੁਨੀ ਦੇ ਰੂਪ ਵਿਚ ਵਿਕਸਿਤ ਹੋਈ। ਪੰਜਾਬੀ ਲੋਕ ਗੀਤਾਂ ਵਿਚ ਆਪਣੇ ਪ੍ਰੇਮੀ/ਪਤੀ ਨੂੰ ਉਹਦਾ ਨਾਂ ਲੈ ਕੇ ਜਾਂ ਹੋਰਨਾਂ ਸੰਬੋਧਨਾਂ ਰਾਹੀਂ ਯਾਦ ਕੀਤਾ ਗਿਆ ਹੈ। ਢੋਲ ਸਿਪਾਹੀਆਂ, ਚੀਰੇ ਵਾਲਿਆਂ, ਕੈਂਠੇ ਵਾਲਿਆ, ਹਾਕਮਾਂ, ਮਾਹੀਆ ਆਦਿ ਸੰਬੋਧਨ ਆਮ ਵਰਤੇ ਹੋਏ ਮਿਲ ਜਾਂਦੇ ਹਨ :

ਮੇਰਿਆ ਮਾਹੀਆ ਵੇ,
ਵਣ ਵਣ ਦੇ ਹੇਠ ਨਾ ਲੇਟ ਮੇਰਿਆ ਹਾਕਮਾ।
ਜੇ ਮੈਂ ਹੋਵਾਂ ਨਾਗਣੀ, ਮੇਰਿਆ ਮਾਹੀਆ ਵੇ,
ਕੁੰਡਲੀ ਤਾ ਪਾਵਾਂ ਤੇਰੀ ਸੇਜ ਨੂੰ।

ਪੰਜਾਬ ਦੀ ਭੂਗੋਲਿਕ ਸਥਿਤੀ ਅਜੇਹੀ ਹੈ ਕਿ ਇਥੇ ਹਰ ਰੁੱਤ ਆਉਂਦੀ ਹੈ। ਇਸ ਲਈ ਰੱਤਾਂ ਸੰਬੰਧੀ ਲੋਕ ਗੀਤ ਮਿਲਣੇ ਸੁਭਾਵਿਕ ਹਨ। ਸੰਸਕ੍ਰਿਤ ਸਾਹਿਤ ਵਿਚ । ਛੇ ਰੁੱਤਾਂ (ਬਸੰਤ, ਗਰਮੀ, ਬਰਖਾ, ਸਰਦ, ਹਿਮ, ਸ਼ਿਰ) ਦੀ ਚਰਚਾ ਹੈ ਅਤੇ ਇਨ੍ਹਾਂ ਰੁੱਤਾਂ ਤੇ ਆਧਾਰਿਤ

ਸਾਹਿਤ ਰਚਨਾ ਨੂੰ 'ਖੱਟ ਰਿਤੂ ਵਰਣਨ ਕਿਹਾ ਜਾਂਦਾ ਸੀ। ਪੰਜਾਬੀਆਂ ਨੇ ਛੇ ਰੁੱਤਾਂ ਨੂੰ ਘਟਾ ਕੇ ਚਾਰ ਵਿਚ ਲੈ ਆਉਂਦਾ ਅਤੇ ਅਜੇਹੇ ਵਰਣਨ ਨੂੰ ਰੁਤੀਂ ਕਿਹਾ ਜਾਣ ਲੱਗਾ। ਰੁਤੀਂ ਵਿਚ ਬਿਰਹਣ ਦੀ ਮਨੋਸਥਿਤੀ ਨੂੰ ਰੁੱਤਾਂ ਦੇ ਪਿਛੋਕੜ ਵਿਚ ਰੱਖ ਕੇ ਪੇਸ਼ ਕੀਤਾ ਜਾਂਦਾ ਸੀ। ਰੁਤਾ ਸੰਬੰਧੀ ਮਿਲਦੇ ਪੰਜਾਬੀ ਲੋਕ ਕਾਵਿਧਾਰਾ ਵਿਚੋਂ ਕੁਝ ਸਤਰਾਂ ਇਸ ਤਰ੍ਹਾਂ ਹਨ :

ਵਸਾਖੀ ਪੱਕੀ ਦਾਖ ਨੀ ਮਾਂ, ਫੁੱਲਾਂ ਤੇ ਲਾਲੀ ਆਈ।
ਨੀ ਮਾਂ ਭਰ ਜੋਬਨ ਦੀ ਧੁੱਪ, ਮੇਰੇ ਸਿਰ ਤੇ ਆਈ।
ਪੋਹ ਦਾ ਮਹੀਨਾ ਨੀ ਮਾਂ, ਕੋਈ ਪਾਲੇ ਪੈਣ ਡਾਢੇ।
ਲੋਹੀ ਕਿਹਦੀ ਬਾਲਾਂ ਨੀ ਮਾਂ, ਦੁਖ ਜਾਣੇ ਨਾ ਸਾਡੇ।

ਪੰਜਾਬੀ ਲੋਕ ਸਾਹਿਤ ਵਿਚ ਬਾਤਾਂ ਜਾਂ ਬੁਝਾਰਤਾਂ ਦੀ ਆਪਣੀ ਥਾਂ ਹੈ। ਮਨੁੱਖ ਸਾਹਮਣੇ ਸਭ ਤੋਂ ਪਹਿਲੀ ਅਤੇ ਵੱਡੀ ਬੁਝਾਰਤ ਰੱਬ ਅਤੇ ਫਿਰ ਉਹਦਾ ਆਪਣਾ ਜੀਵਨ ਸੀ। ਮਗਰੋਂ ਮਨੁੱਖ ਨੇ ਆਪਣੀ ਇਸ ਬੁਝਾਰਤ ਸੂਝ ਨੂੰ ਆਪਣੇ ਆਲ਼ੇ ਦੁਆਲੇ ਫੈਲਾਅ ਕੇ ਇਸ ਨੂੰ ਬੋਧਿਕ ਕੁਸ਼ਲਤਾ ਦਾ ਇਕ ਮਾਪਦੰਡ ਬਣਾ ਲਿਆ। ਬੁਝਾਰਤ ਦਰਅਸਲ ਇਕ ਉਹ ਅੜਾਉਣੀ ਹੈ ਜਿਸ ਨੂੰ ਸਿਆਣਪ ਨਾਲ ਖੋਲ੍ਹਿਆ ਜਾਂਦਾ ਹੈ। ਵਕਤ ਕੱਟੀ ਕਰਨ ਲਈ ਜਿਥੇ ਇਹ ਇਕ ਵਧੀਆ ਸ਼ੁਗ਼ਲ ਹੈ, ਉੱਥੇ ਬੁੱਧੀ ਨੂੰ ਤੀਖਣ ਕਰਨ ਦੀ ਇਕ ਵਿਧੀ ਵੀ ਹੈ। ਇਸ ਤੋਂ ਬਿਨਾਂ ਇਹ ਹੈਰਾਨੀ ਪੈਦਾ ਕਰਕੇ ਅਤੇ ਕਲਪਨਾ ਸ਼ਕਤੀ ਨੂੰ ਉਤੇਜਿਤ ਕਰਕੇ ਖੋਜ ਲਈ ਪ੍ਰੇਰਿਤ ਕਰਦੀਆਂ ਹਨ। ਪੁੱਛ ਗਿੱਛ ਦਾ ਚਾਅ ਉਤਪੰਨ ਕਰਕੇ ਸਾਰੇ ਚੌਗਿਰਦੇ ਨੂੰ ਨਿਰੀਖਣ ਪਰਖਣ ਉੱਤੇ ਮਜਬੂਰ ਕਰਦੀਆਂ ਕਿਧਰੇ ਕਿਧਰੇ ਹਲਕਾ ਜਿਹਾ ਵਿਅੰਗ ਅਤੇ ਹਾਸਾ ਵੀ ਹੁੰਦਾ ਹੈ। ਪੁਰਾਣੇ ਸਮੇਂ ਬੁਝਾਰਤਾਂ ਦਾ ਮਾਧਿਅਮ ਕੇਵਲ ਬੋਲ ਜਾਂ ਸ਼ਬਦ ਹੁੰਦੇ ਸਨ ਪਰ ਅਜੇ ਇੰਨਾ ਦੇ ਰੂਪ ਵਿਕਸਿਤ ਹੋ ਗਏ ਹਨ। ਹੇਠਾਂ ਅਸੀਂ ਪੰਜਾਬੀ ਬੁਝਾਰਤਾਂ ਵਿਚੋਂ ਕੁਝ ਉਹ ਬੁਝਾਰਤਾਂ ਦਰਜ ਕਰਦੇ ਹਾਂ ਜਿਨ੍ਹਾਂ ਵਿਚ ਫ਼ਾਰਸੀ ਦਾ ਕੋਈ ਸ਼ਬਦ ਨਹੀਂ ਅਤੇ ਇਹ ਤੱਥ ਵੀ ਪ੍ਰਾਚੀਨਤਾ ਦਾ ਸੂਚਕ ਹੈ :

ਚਾਰ ਥੰਮ ਚਲਦੇ ਜਾਣ
ਦੋ ਦੀਵੇ ਬਲਦੇ ਜਾਣ
ਦੋ ਪੱਖੇ ਝਲਦੇ ਜਾਣ
ਅਗੇ ਸੱਪ ਲੇਟਦਾ ਜਾਵੇ
ਜੱਗ ਤਮਾਸ਼ਾ ਦੇਖਦਾ ਜਾਵੇ (ਹਾਥੀ)
ਬੁੱਝ ਮੇਰਾ ਬੁਝਕਾ
ਤੈਨੂੰ ਬਾਂਦਰ ਲੜੇ ਕਾ ( ਭੂੰਡ/ਭ੍ਰਿੰਡ)
ਆਲਾ ਭਰਿਆ ਕੌਡੀਆਂ
ਵਿਚ ਤੋਤਕ ਨਚੇ (ਜ਼ਬਾਨ/ਜੀਭ)
ਨਿੱਕੀ ਜਿਹੀ ਕੁੜੀ ਉਹਦੀ ਝੋਲੀ ਵਿਚ ਵੰਡ
ਕਿਉਂ ਭਰਾਵਾਂ ਕਾਹਦੀ ਪਾਈਓਈ ਡੰਡ (ਮਿਰਚ)
ਕਾਲਾ ਕਾਂ ਜਿਹਾ, ਲਾਲ ਰੰਗ ਜਿਹਾ।
ਚਿੱਟਾ ਦੁੱਧ ਜਿਹਾ, ਸਾਵਾ ਤੋਤੇ ਜਿਹਾ।
ਜੇ ਤੂੰ ਮੇਰੀ ਬਾਤ ਨ ਬੁਝੇਂ, ਤੇਰਾ ਮੂੰਹ ਖੋਤੇ ਜਿਹਾ (ਤਰਬੂਜ਼/ਹਦਵਾਣਾ)
ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ (ਸੂਈ)

ਪੰਜਾਬੀ ਲੋਕ ਸਾਹਿਤ ਦਾ ਅਗਲਾ ਵਰਗ ਅਖਾਣਾਂ (ਅਖੌਤਾਂ, ਲੋਕ-ਉਕਤੀਆਂ ਜਾਂ ਕਹਾਵਤਾਂ) ਅਤੇ ਮੁਹਾਵਰਿਆਂ ਦਾ ਹੈ। ਸਾਨੂੰ ਤਾਂ ਲਗਦਾ ਹੈ ਕਿ ਅਖਾਣ, ਲੋਕ ਗੀਤਾਂ ਨਾਲੋਂ ਵੀ ਢੇਰ ਪੁਰਾਣੇ ਹਨ ਕਿਉਂਕਿ ਇਕ ਤਾਂ ਇਨ੍ਹਾਂ ਵਿਚ ਕਾਵਿ ਰਚਨਾ ਦਾ ਮੁੱਢਲਾ ਜਿਹਾ ਅਭਿਆਸ ਹੈ ਅਤੇ ਨਾਲ ਹੀ ਨਾਲ ਇਹ ਲੋਕ ਅਨੁਭਵ ਅਤੇ ਲੋਕ ਸਿਆਣਪ ਦਾ ਨਿਚੋੜ ਵੀ ਹਨ। ਇਸ ਲਈ ਜੇ ਅਖਾਣਾਂ ਨੂੰ ਪੰਜਾਬੀ ਦਾ ਆਦਿ ਸਾਹਿਤ ਵੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਅਖਾਣਾਂ ਵਿਚ ਪੰਜਾਬੀਆਂ ਦਾ ਜੀਵਨ ਦਰਸ਼ਨ ਅਤੇ ਜੀਵਨ ਜਾਚ ਦੇ ਗੁਰ ਛੁਪੇ ਹੋਏ ਹਨ। ਇਨ੍ਹਾਂ ਵਿਚ ਅਸੀਂ ਉਨ੍ਹਾਂ ਦੇ ਅਚਾਰ ਵਿਹਾਰ ਦੇ ਪ੍ਰਤੀਮਾਨਾਂ ਦੀ ਝਲਕ ਵੀ ਦੇਖ ਸਕਦੇ ਹਾਂ। ਅਖਾਣ ਬਹੁਤੀ ਵਾਰੀ

ਕਾਵਿਧਾਰਾਮਈ ਪ੍ਰਕਿਰਤੀ ਦੇ ਹੁੰਦੇ ਹਨ। ਉੱਪਰ ਅਸੀਂ ਅਖਾਣਾਂ ਨੂੰ ਆਦਿ ਸਾਹਿਤ ਦੀ ਸੰਗਿਆ ਦਿੱਤੀ ਹੈ, ਇਸੇ ਲਈ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਦਾ ਬਹੁਤਾ ਸੰਬੰਧ ਪੰਜਾਬੀਆਂ ਦੇ ਆਦਿ ਕਿਤੇ ਅਰਥਾਤ ਖੇਤੀਬਾੜੀ ਨਾਲ ਹੀ ਹੈ ਕਿਉਂਕਿ ਵਾਹੀ ਬੀਜੀ ਪੰਜਾਬੀਆਂ ਦਾ ਸ਼ੁਰੂ ਤੋਂ ਹੀ ਮਨਪਸੰਦ ਧੰਦਾ ਰਿਹਾ ਹੈ। ਇਸੇ ਲਈ ਖੇਤੀ ਇਨ੍ਹਾਂ ਦੇ ਸਮਾਜਕ-ਆਰਥਿਕ ਜੀਵਨ ਦਾ ਕੇਂਦਰ-ਬਿੰਦੂ ਰਹੀ ਹੈ। ਫ਼ਸਲ ਕਿਵੇਂ ਚੰਗੀ ਹੋਵੇ ਅਤੇ ਦਾਣਿਆਂ ਨਾਲ ਭੜੋਲੇ ਕਿਵੇਂ ਭਰਨ? ਇਸ ਰਹੱਸ ਨੂੰ ਬੜੇ ਲੰਮੇ ਤਜਰਬੇ ਅਤੇ ਅਨੁਭਵ ਵਿਚੋਂ ਗੁਜ਼ਾਰ ਕੇ ਅਖਾਣਾਂ ਵਿਚ ਪੇਸ਼ ਕੀਤਾ ਗਿਆ ਹੈ। ਕਿਧਰੇ ਕਿਧਰੇ ਖੇਤੀ ਤੋਂ ਬਿਨਾਂ ਆਮ ਜੀਵਨ ਦੀ ਸੁਚੱਜਤਾ ਵੱਲ ਵੀ ਇਹ ਅਖਾਣ ਸੰਕੇਤ ਕਰਦੇ ਹਨ, ਜਿਵੇਂ :

ਅਤਿ ਦਾ ਭਲਾ ਨ ਮੇਘਲਾ, ਅਤਿ ਦੀ ਭਲੀ ਨੂੰ ਧੁੱਪ
ਅਤਿ ਦਾ ਭਲਾ ਬੋਲਣਾ, ਅਤਿ ਦੀ ਭਲੀ ਨੂੰ ਚੁੱਪ

ਮੀਂਹ ਪਿਆ ਸਿਆਲ, ਕਦੇ ਨਾ ਹੋਸੀ ਕਾਲ

ਦੱਬ ਕੇ ਵਾਹ ਤੇ ਰੱਜ ਕੇ ਖਾਹ।

ਪੇਟ ਨ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ

ਜਾਤ ਦੀ ਕੋਹੜ ਕਿਰਲੀ ਸ਼ਤੀਰੀ ਨਾਲ ਜੱਫੇ

ਚਰਚਾ ਦੀਨ ਕਾਲ ਵਿਚ ਜੇ ਕਿਸੇ ਕਵੀ ਨੇ ਅਖਾਣਾਂ ਦੀ ਦ੍ਰਿਸ਼ਟਾਂਤ ਰੂਪ ਵਿਚ ਖੁੱਲ ਕੇ ਸੁਚੱਜੀ ਵਰਤੋਂ ਕੀਤੀ ਹੈ ਤਾਂ ਉਹ ਕਵੀ ਭਾਈ ਗੁਰਦਾਸ ਹੈ। ਉਹਦੀ ਵਾਰ ਵਿਚੋਂ ਇਕ ਪਉੜੀ ਇਸ ਤਰ੍ਹਾਂ ਚਲਦੀ ਹੈ :

ਗਿਦੜ ਦਾਖ ਨਾ ਅੱਪੜੇ, ਆਖੇ ਥੂਹ ਕਉੜੀ॥
ਨਚਣੁ ਨਚਿ ਨਾ ਜਾਣਈ, ਆਖੇ ਭੁਇ ਸਉੜੀ।
ਬੋਲੇ ਅਗੇ ਗਾਵੀਐ, ਭੈਰਉ ਸੁ ਗਉੜੀ।
ਹੰਸਾਂ ਨਾਲ ਟਟੀਹਰੀ, ਕਿਉਂ ਪਹੁੰਚੇ ਦਉੜੀ।
ਸਾਵਣ ਵਣ ਹਰੀਆਵਲੇ, ਅਕ ਜੰਮੇ ਅਉਤੀ।
ਬੇਮੁਖ ਸੁਖ ਨਾ ਦੇਖਈ, ਜਿਉ ਛੁਟੜਿ ਛਉੜੀ।

ਮੁਹਾਵਰਾ ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ ਕਥਨ ਦਾ ਵਿਸ਼ੇਸ਼ ਢੰਗ। ਲੋਕ ਸਬਦ ਘੜਦੇ ਹਨ, ਸ਼ਬਦਾਂ ਨੂੰ ਅਰਥ ਦਿੰਦੇ ਹਨ, ਅਰਥਾਂ ਵਿਚ ਵਿਸਥਾਰ ਪੈਦਾ ਕਰਦੇ ਹਨ ਅਰਥਾਂ ਵਿਚੋਂ ਕਈ ਨਵੇਂ ਭਾਵ ਪੈਦਾ ਕਰਦੇ ਹਨ। ਇਸੇ ਲਈ ਮੁਹਾਵਰੇ ਹਮੇਸ਼ਾ ਲੋਕ ਬੋਲੀ ਦੀ ਟਕਸਾਲ ਵਿਚੋਂ ਘੜੇ ਜਾਂਦੇ ਹਨ। ਮੁਹਾਵਰਿਆਂ ਵਿਚੋਂ ਭਾਵ ਕਢਣ ਦੀ ਕਿਰਿਆ ਸਰਲ ਨਹੀਂ ਹੁੰਦੀ ਕਿਉਂਕਿ ਇਸ ਦੇ ਅਰਥ ਗੱਭੇ ਅਤੇ ਸੰਕੇਤਕ ਹੁੰਦੇ ਹਨ। ਮੁਹਾਵਰੇ ਵਿਚ ਭਾਸ਼ਾ ਦੀ ਵਿਲੱਖਣ ਵਰਤੋਂ ਹੋਈ ਹੁੰਦੀ ਹੈ, ਇਸ ਲਈ ਅਜੇਹਾ ਪ੍ਰਯੋਗ ਇਨ੍ਹਾਂ ਵਿਚਲੇ ਸ਼ਬਦਾਂ ਦੇ ਸਾਧਾਰਨ ਅਰਥਾਂ ਨਾਲੋਂ ਵੱਖਰੇ ਅਰਥ ਪੈਦਾ ਕਰਨ ਵਾਲਾ ਹੁੰਦਾ ਹੈ। ਇਨ੍ਹਾਂ ਵਿਚਲੀਆਂ ਸ਼ਬਦ ਸ਼ਕਤੀਆਂ ਕਰਕੇ ਇਨ੍ਹਾਂ ਨੂੰ ਸਾਹਿੱਤਿਕ ਖੇਤਰ ਵਿਚ ਵਿਚਾਰਿਆ ਜਾਂਦਾ ਹੈ। ਇਨ੍ਹਾਂ ਮੁਹਾਵਰਿਆਂ ਵਿਚ ਇਕ ਖ਼ਾਸ ਤਰ੍ਹਾਂ ਦਾ ਰਸ ਅਤੇ ਸੁਆਦ ਤਾਂ ਹੁੰਦਾ ਹੀ ਹੈ, ਇਹ ਕਿਸੇ ਵੀ ਭਾਸ਼ਾ ਦੀ ਸੰਚਾਰਯੋਗਤਾ ਦੀ ਸਮਰੱਥਾ ਦੇ ਵੀ ਪ੍ਰਮਾਣ ਹੁੰਦੇ ਹਨ। ਪੰਜਾਬੀ ਮੁਹਾਵਰਿਆਂ ਦਾ ਘੇਰਾ ਵੀ ਪੰਜਾਬੀ ਜਨ ਜੀਵਨ ਜਿੰਨਾ ਹੀ ਵਿਸ਼ਾਲ ਹੈ। ਉਦਾਹਰਨ ਮਾਤਰ ਲਈ ਕੁਝ ਮੁਹਾਵਰੇ ਵੇਖੇ ਜਾ ਸਕਦੇ ਹਨ- ਹੱਡ ਹਰਾਮ ਹੋਣਾ, ਅੱਖਾਂ ਨੀਵੀਆਂ ਕਰਨੀਆਂ, ਤਿੱਤਰ ਹੋ ਜਾਣਾ, ਤੂਫ਼ਾਨ ਖੜ੍ਹਾ ਕਰਨਾ, ਅੱਖਾਂ ਵਿਖਾਉਣੀਆਂ ਅਤੇ ਲਹੂ ਚਿੱਟਾ ਹੋ ਜਾਣਾ ਆਦਿ।

**(ਅ) ਨਾਥ ਜੋਗੀਆਂ ਦਾ ਸਾਹਿਤ-** ਨਾਥ ਜੋਗੀਆ ਦਾ ਪੰਜਾਬੀ ਸਾਹਿਤ ਵਿੱਚ ਬਹੁਤ ਮਹੱਤਵ ਹੈ। ਡਾ:ਮੋਹਨ ਸਿੰਘ ਦੀਵਾਨਾ ਪੰਜਾਬੀ ਵਿਸ਼ਿਸ਼ਟ ਸਾਹਿਤ ਦਾ ਆਰੰਭ ਨਾਥ ਜੋਗੀਆ ਤੋਂ ਮੰਨਦਾ ਹੈ।ਇਸ ਧਾਰਨਾ ਦੇ ਕਈ ਕਾਰਨ ਸਨ। ਇਕ ਮਹੱਤਵਪੂਰਨ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ 10ਵੀ 11ਵੀ ਸਦੀ ਵਿੱਚ ਨਾਥ ਜੋਗੀਆ ਦੇ ਸਮੇਂ ਹੋਇਆ।ਇਹ ਉਹ ਸਮਾ ਸੀ ਜਦੋਂ ਪੰਜਾਬੀ ਭਾਸ਼ਾ

ਅਪਭਰੰਸ਼ ਭਾਸ਼ਾ ਵਿਚੋਂ ਆਪਣਾ ਰੂਪ ਨਿਖਾਰ ਰਹੀ ਸੀ।ਨਾਥ ਜੋਗੀਆ ਨੂੰ ਪੰਜਾਬੀ ਦੇ ਪਹਿਲੇ ਕਵੀ ਤਾਂ ਮੰਨਿਆ ਜਾਂਦਾ ਹੈ ਪਰ ਉਨ੍ਹਾਂ ਦੀ ਰਚਨਾ ਨੂੰ ਵਧੇਰੇ ਪ੍ਰਮਾਣਿਕਤਾ ਨਹੀਂ ਮਿਲਦੀ। ਇਸ ਦਾ ਇਹ ਕਾਰਨ ਕਿ ਨਾਥ ਜੋਗੀਆ ਦੀ ਰਚਨਾ ਵਿਚੋਂ ਸ਼ੁੱਧ ਪੰਜਾਬੀ ਭਾਸ਼ਾ ਦੀ ਵਰਤੋ ਹੋਈ ਨਹੀਂ ਮਿਲਦੀ ਸਗੋਂ ਇਸ ਰਚਨਾ ਵਿਚ ਪੰਜਾਬੀ ਭਾਸ਼ਾ ਕੇਵਲ ਅੰਸ਼ ਮਾਤਰ ਹੀ ਹੈ। ਨਾਥ ਜੋਗੀਆ ਤੋ ਬਾਅਦ ਸਾਨੂੰ ਬਾਬਾ ਫ਼ਰੀਦ ਜੀ ਦੀ ਬਾਣੀ ਮਿਲਦੀ ਹੈ ਜੋ ਸ਼ੁੱਧ ਪੰਜਾਬੀ ਵਿਚ ਹੈ। ਏਸੇ ਕਾਰਨ ਬਾਬਾ ਫ਼ਰੀਦ ਨੂੰ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਵੀ ਮੰਨਿਆ ਜਾਂਦਾ ਹੈ।ਨਾਥ ਜੋਗੀਆ ਦੀ ਰਚਨਾ ਉੱਪਰ ਉਸ ਸਮੇਂ ਦੀਆਂ ਵੱਖ-ਵੱਖ ਭਾਸ਼ਾਵਾਂ ਦਾ ਬਹੁਤ ਪ੍ਰਭਾਵ ਸੀ,ਇਸ ਦਾ ਇਕ ਕਾਰਨ ਇਹ ਹੈ ਕਿ ਨਾਥ ਜੋਗੀ ਇਕ ਥਾਂ ਤੇ ਟਿਕ ਕੇ ਨਹੀਂ ਰਹਿੰਦੇ ਸਨ।ਉਹ ਇਕ ਇਲਾਕੇ ਤੋਂ ਦੂਸਰੇ ਇਲਾਕੇ ਵਿੱਚ ਘੁੰਮ ਕੇ ਆਪਣੇ ਧਰਮ/ਮਤ ਦਾ ਪ੍ਰਚਾਰ ਕਰਦੇ ਸਨ।ਉਹ ਜਿਸ ਇਲਾਕੇ ਵਿਚ ਜਾਂਦੇ ਸਨ ਉੱਥੋਂ ਦੀ ਭਾਸ਼ਾ ਦਾ ਪ੍ਰਭਾਵ ਕਬੂਲਦੇ ਸਨ।ਉਨ੍ਹਾਂ ਦੀ ਭਾਸ਼ਾ ਵਿਚ ਹਿੰਦਵੀ ਅਤੇ ਸੰਦੂਕੜੀ ਭਾਸ਼ਾ ਦਾ ਬਹੁਤ ਪ੍ਰਭਾਵ ਹੈ।

'ਨਾਥ' ਸ਼ਬਦ ਦੇ ਅਰਥਾਂ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ।ਇਸ ਸ਼ਬਦ ਦਾ ਅਰਥ ਸੁਆਮੀ ਜਾ ਪਤੀ ਹੈ।ਨਾਥ ਜੋਗੀ ਆਪਣੇ ਪ੍ਰਭੂ ਨੂੰ ਪਤੀ ਪਰਮੇਸ਼ਰ ਸਮਝ ਕੇ ਆਪਣਾ ਸਭ ਕੁੱਝ ਪਰਮਾਤਮਾ ਦੀ ਪ੍ਰਾਪਤੀ ਕਰਨ ਲਈ ਤਿਆਗ ਕਰ ਦਿੰਦੇ ਸਨ।ਇਹ ਪਰੰਪਰਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸੀ। ਨਾਥ ਸ਼ਬਦ ਲਈ ਸਿੱਧ, ਜੋਗੀ, ਅਵਧੂ ਜਾ ਅਵਧੂਤ ਸਮਾਨ-ਆਰਥਕ ਸ਼ਬਦ ਵੀ ਵਰਤੇ ਜਾਂਦੇ ਹਨ।ਇਹ ਇਕ ਧਾਰਮਿਕ ਸੰਪਰਦਾਇ ਬਣ ਚੁੱਕੀ ਸੀ ਇਸ ਦਾ ਮੈਂਬਰ ਬਣਨ ਲਈ ਘਰ-ਬਾਰ ਦਾ ਤਿਆਗ ਕਰਨਾ ਅਤੇ ਕੰਨ ਪੜਵਾ ਕੇ ਮੁੰਦਰਾਂ ਪਾਉਣਾ ਜ਼ਰੂਰੀ ਸੀ। ਇਸ ਤੋ ਇਲਾਵਾ ਇਹ ਲੋਕ ਗੱਲਾ ਵਿਚ ਰੁਦਰਾਕਸ਼, ਉੱਨ ਦਾ ਜਨੇਊ ਆਦਿ ਦੀ ਵਰਤੋ ਕਰਦੇ ਸਨ।ਇਹ ਗੇਰੂ/ਭਗਵੇਂ ਰੰਗ ਦੇ ਕੱਪੜੇ ਪਾਉਂਦੇ ਸਨ। ਨਾਥ ਜੋਗੀਆ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਲਈ ਮਨ ਦੀ ਹਰ ਤਗਮੇ ਨੂੰ ਪੂਰਾ ਕਰਕੇ ਕੀਤੀ ਜਾ ਸਕਦੀ ਹੈ।ਇਹ ਲੋਕ ਭਿੰਨ-ਭਿੰਨ ਆਸਣਾਂ ਰਾਹੀਂ ਸਰੀਰ ਨੂੰ ਸਾਧ ਕੇ ਅਤੇ ਧਿਆਨ ਧਾਰਨ ਵਰਗੀਆਂ ਸਾਧਨਾਵਾਂ ਰਾਹੀਂ ਆਪਣੇ ਮਨ ਦੀ ਹਰ ਇੱਛਾ/ਤ੍ਰਿਸ਼ਨਾ ਦੀ ਪੂਰਤੀ ਕਰਦੇ ਸਨ।ਇਹ ਲੋਕ ਰੱਬ ਦੀ ਭਗਤੀ ਦੌਰਾਨ ਆਪਣੇ ਸਰੀਰ ਨੂੰ ਕਈ ਪ੍ਰਕਾਰ ਦੇ ਕਸ਼ਟ ਦਿੰਦੇ ਸਨ।ਨਾਥ ਜੋਗੀਆ ਦੇ ਸਾਹਿਤ ਵਿਚ ਹੇਠ ਲਿਖੇ ਪ੍ਰਮੁੱਖ ਨਾਥ ਕਵੀਆ ਦਾ ਯੋਗਦਾਨ ਹੈ:-

**1.ਮਛੰਦਰ ਨਾਥ:-** ਮਛੰਦਰ ਨਾਥ ਨਾਥ ਮਤ ਦੇ ਮੋਢੀ ਕਵੀਆ ਵਿੱਚ ਗਿਣਿਆ ਜਾਂਦਾ ਹੈ।ਗੋਰਖ ਨਾਥ ਏਸੇ ਦਾ ਹੀ ਸ਼ਿਸ਼ ਸੀ।ਮਛੰਦਰ ਨਾਥ ਜਲੰਧਰ ਨਾਥ ਦਾ ਸਮਕਾਲੀ ਭਗਤ ਗੁਰਭਾਈ ਸੀ।ਉਸ ਦੇ ਜਨਮ ਅਤੇ ਜੀਵਨ ਬਾਰੇ ਨਿਸ਼ਚਿਤ ਜਾਣਕਾਰੀ ਨਹੀਂ ਮਿਲਦੀ।ਵਿਦਵਾਨਾਂ ਅਨੁਸਾਰ ਇਸ ਦਾ ਕਾਰਜਕਾਲ 9ਵੀ-10ਵੀ ਸਦੀ ਵਿਚ ਮੰਨਿਆ ਗਿਆ ਹੈ।ਇਸ ਦੀਆ ਬਹੁਤੀਆਂ ਰਚਨਾਵਾਂ ਸੰਸਕ੍ਰਿਤ ਵਿਚ ਹਨ।ਇਸ ਦੀ ਰਚਨਾ ਵਿਚ ਪੰਜਾਬੀ ਭਾਸ਼ਾ ਦੇ ਬਹੁਤ ਘੱਟ ਸ਼ਬਦ ਮਿਲਦੇ ਹਨ।ਮਛੰਦਰ ਨਾਥ ਦੀ ਭਾਸ਼ਾ ਉੱਪਰ ਸੰਦੂਕੜੀ ਅਤੇ ਅਪਭਰੰਸ਼ ਭਾਸ਼ਾ ਦੀ ਸ਼ਬਦਾਵਲੀ ਦਾ ਬਹੁਤ ਪ੍ਰਭਾਵ ਹੈ।ਇਸ ਤੋ ਇਲਾਵਾ ਰਾਜਸਥਾਨੀ ਬੋਲੀ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ ਜਿਵੇਂ:-

ਜਲ ਨੂੰ ਚਾਹੈ ਮਾਛਲੀ ਧਣ ਕੁ ਚਾਹੈ ਮੋਰ।
ਸੇਵਕ ਚਾਹੇ ਰਾਮ ਨੂੰ ਜਿਉ ਚਿਤਵਤ ਚੰਨ ਚਕੋਰ।
ਯੋ ਸਵਾਰਥ ਕੋ ਜੀਵੜੋ ਸਵਾਰਥ ਛੋੜਿ ਨ ਜਾਯ।
ਜਬ ਗੋਬਿੰਦ ਕਿਰਪਾ ਕਰੀ ਮਾਰੋ, ਸਮਝਿਓ ਆਯ।
ਜੋਗੀ ਸਾਈ ਜਾਣੀ ਰੇ ਜਗ ਤੇ ਰਹੈ ਉਦਾਸ।
ਤਤ ਨਿਰੰਜਣ ਪਾਈਏ ਯੋ ਕਹੈ ਮਛੰਦਰ ਨਾਥ।

**2.ਜਲੰਧਰ ਨਾਥ:-** ਮਛੰਦਰ ਨਾਥ ਤੋਂ ਬਾਅਦ ਨਾਥ ਮਤ ਦਾ ਅਗਲਾ ਕਵੀ ਜਲੰਧਰ ਨਾਥ ਹੈ।ਆਪ ਮਛੰਦਰ ਨਾਥ ਦਾ ਸਮਕਾਲੀ ਅਤੇ ਗੁਰਭਾਈ ਸਨ।ਵਿਦਵਾਨਾਂ ਅਨੁਸਾਰ ਜਲੰਧਰ ਨਾਥ ਦਾ ਜਨਮ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ।ਇਸ ਦਾ ਜੀਵਨ ਕਾਲ ਵੀ 9ਵੀ - 10ਵੀ ਸਦੀ ਵਿਚ ਮੰਨਿਆ ਜਾਂਦਾ ਹੈ।ਆਪ ਦੀ ਬਾਣੀ ਵਿਚ ਪੰਜਾਬੀਪੁਣੇ ਦੀ ਵਧੇਰੇ ਝਲਕ ਮਿਲਦੀ ਹੈ।ਜਲੰਧਰ ਨਾਥ ਦੀ ਬਾਣੀ ਕਾਵਿ ਰੂਪ ਪਦਿਆਂ ਅਤੇ ਸ਼ਬਦੀਆਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਜਿਵੇਂ:-

ਸੁਨ ਮੰਡਲ ਮੈ ਮਨ ਕਾ ਬਾਸਾ।
ਜਹਾ ਪ੍ਰੇਮ ਜੋਤ ਪ੍ਰਕਾਸ਼ਾ।
ਆਪੇ ਪੂਛੈ ਆਪੇ ਕਹੈ।
ਸਤਿਗੁਰੂ ਮਿਲੈ ਤੇ ਪ੍ਰੇਮ ਪਦ ਲਹੈ।

ਏਕ ਅਚੰਭਾ ਐਸਾ ਹੂਣਾ।

**3.ਗੋਰਖ ਨਾਥ:-** ਗੋਰਖ ਨਾਥ ਦਾ ਨਾਥ ਕਵੀਆਂ ਵਿਚ ਬੜਾ ਹੀ ਜ਼ਿਕਰਯੋਗ ਸਥਾਨ ਹੈ।ਗੋਰਖ ਨਾਥ ਨੂੰ ਹੀ ਪੰਜਾਬੀ ਸਾਹਿਤ ਦਾ ਆਦਿ ਕਵੀ ਮੰਨਿਆ ਜਾਂਦਾ ਹੈ।ਉਸ ਦੀ ਰਚਨਾ ਵਿਚੋਂ ਪੰਜਾਬੀ ਰੰਗ / ਪੰਜਾਬੀ ਪੁਣਾ ਮਛੰਦਰ ਨਾਥ ਤੇ ਜਲੰਧਰ ਨਾਥ ਨਾਲੋਂ ਵਧੇਰੇ ਮਿਲਦਾ ਹੈ।ਨਾਥ ਕਵੀਆ ਵਿਚੋਂ ਗੋਰਖ ਨਾਥ ਅਜਿਹਾ ਕਵੀ ਹੈ ਜਿਸ ਦੀ ਕਾਵਿ ਰਚਨਾ ਬਾਕੀ ਸਾਰੇ ਨਾਥ ਕਵੀਆ ਨਾਲੋਂ ਗਿਣਤੀ ਅਤੇ ਗੁਣਾ ਕਰਕੇ ਜ਼ਿਆਦਾ ਹੈ।ਗੋਰਖ ਨਾਥ ਦੇ ਜਨਮ ਸਥਾਨ ਅਤੇ ਸਮੇਂ ਬਾਰੇ ਵਿਦਵਾਨ ਇੱਕ ਮਤ ਨਹੀਂ ਸਨ।ਵਿਦਵਾਨਾਂ ਦੇ ਵਿਚਾਰਾ ਨੂੰ ਪਰਖਣ ਤੋ ਬਾਅਦ ਕਿਹਾ ਜਾ ਸਕਦਾ ਹੈ ਕਿ ਓਨਾ ਦਾ ਜਨਮ 7ਵੀ ਸਦੀ ਤੋਂ ਲੈ ਕੇ 12ਵੀ ਸਦੀ ਤੱਕ ਦੇ ਲੰਮੇ ਸਮੇਂ ਦੌਰਾਨ ਹੋਇਆ। ਗੋਰਖ ਨਾਥ ਦੀ ਰਚਨਾ ਵਿਚ ਨਾਥ ਜੋਗੀਆ ਦੇ ਜੀਵਨ ਜਿਊਣ ਦੇ ਨਿਯਮਾਂ ਨੂੰ ਵਿਸ਼ੇ ਵਜੋਂ ਪੇਸ਼ ਕੀਤਾ ਗਿਆ ਹੈ, ਇਸ ਵਿੱਚ ਸਾਦਗੀ ਅਤੇ ਨਿਮਰਤਾ ਭਰਪੂਰ ਜੀਵਨ ਜਿਊਣ ਉੱਪਰ ਵਧੇਰੇ ਜ਼ੋਰ ਦਿੱਤਾ ਗਿਆ ਹੈ।ਗੋਰਖ ਨਾਥ ਇਸਤਰੀ ਨੂੰ ਬਾਘਨਿ ਦੇ ਰੂਪ ਵਿੱਚ ਦੇਖਦਾ ਹੈ।ਉਸ ਅਨੁਸਾਰ ਇੱਕ ਜੋਗੀ ਦੁਆਰਾ ਰੱਬ ਦੀ ਪ੍ਰਾਪਤੀ ਦੇ ਰਸਤੇ ਵਿਚ ਔਰਤ ਸਭ ਤੋ ਵੱਡੀ ਰੁਕਾਵਟ ਹੈ ਇਸ ਲਈ ਨਾਥ ਜੋਗੀ ਗ੍ਰਹਿਸਤ ਜੀਵਨ ਦਾ ਤਿਆਗ ਕਰਦੇ ਸਨ।ਇਸ ਸਬੰਧੀ ਗੋਰਖ ਨਾਥ ਦੀ ਬਾਣੀ ਹੇਠ ਲਿਖੇ ਅਨੁਸਾਰ ਵੇਖੀ ਜਾ ਸਕਦੀ ਹੈ:-

ਦਾਮਿ ਕਾਢਿ ਬਾਘਨਿ ਲੈ ਆਇਆ।
ਮਾਉ ਕਹੈ ਮੇਰਾ ਪੂਤ ਬਿਹਾਇਆ।
ਗੀਲੀ ਲਕੜੀ ਕਉ ਘੁਣ ਲਾਇਆ।
ਤਿਨ ਡਾਲ ਮੂਲ ਸਭ ਖਾਇਆ।

ਗੋਰਖ ਨਾਥ ਆਪਣੀ ਰਚਨਾ ਵਿੱਚ ਜੋਗੀਆ ਦੇ ਜੀਵਨ ਬਾਰੇ ਵੀ ਜਾਣਕਾਰੀ ਦਿੰਦਾ ਹੈ।ਉਸ ਅਨੁਸਾਰ ਜੋਗੀ ਕੀ ਪਰਿਭਾਸ਼ਾ ਤਿਆਗ, ਤਪ ਅਤੇ ਸਾਧਨਾ ਭਰੇ ਜੀਵਨ ਤੋ ਹੈ, ਜੋ ਦੁਨਿਆਵੀ ਲਾਲਸਾ ਰੱਖਦਾ ਹੈ ਉਹ ਮੂਰਖ ਹੈ ਜੋਗੀ ਨਹੀਂ। ਜਿਵੇਂ:-

ਜੋ ਘਰ ਤਿਆਗ ਕਹਾਵੈ ਜੋਗੀ।
ਘਰ ਵਾਸੀ ਕੋ ਕਹੈ ਜੋ ਭੋਗੀ।
ਅੰਤਰ ਭਾਵ ਨ ਪਰਖੈ ਜੋਈ।
ਗੋਰਖ ਆਖੈ ਮੂਰਖ ਸੋਈ।

**4.ਚਰਪਟ ਨਾਥ:-** ਚਰਪਟ ਨਾਥ ਦਾ ਵੀ ਨਾਥ ਮਤ ਵਿੱਚ ਵਿਸ਼ੇਸ਼ ਯੋਗਦਾਨ ਹੈ।ਗੋਰਖ ਨਾਥ ਤੋ ਬਾਅਦ ਚਰਪਟ ਨਾਥ ਨੇ ਨਾਥ ਵਿਚਾਰਧਾਰਾ ਸੰਬੰਧੀ ਰਚਨਾ ਕੀਤੀ ਅਤੇ ਨਾਥ ਮਤ ਦਾ ਪ੍ਰਚਾਰ ਕੀਤਾ।ਆਪ ਗੋਰਖ ਨਾਥ ਦੇ ਸਮਕਾਲੀ ਅਤੇ ਗੁਰਭਾਈ ਸਨ।ਚਰਪਟ ਨਾਥ ਦਾ ਗੁਰੂ ਵੀ ਗੋਰਖ ਨਾਥ ਸੀ।ਵਿਦਵਾਨਾਂ ਅਨੁਸਾਰ ਦੇ ਰਾਜੇ ਸਹਿਲ ਵਰਮਾ ਦਾ ਰਾਜਗੁਰੂ ਸੀ।ਇਸ ਨੇ ਬਹੁਤ ਘੱਟ ਬਾਣੀ ਲਿਖੀ।ਆਪ ਦੀ ਰਚਨਾ ਵਿਚੋਂ ਬਾਕੀ ਨਾਥ ਕਵੀਆ ਨਾਲੋਂ ਪੰਜਾਬੀ ਭਾਸ਼ਾ ਦੇ ਅੰਸ਼ ਵਧੇਰੇ ਮਿਲਦੇ ਹਨ।ਰਚਨਾਵਾਂ ਵਿਚ ਹਰ ਪ੍ਰਕਾਰ ਦੇ ਝੂਠੇ ਦਿਖਾਵੇ ਦਾ ਸਖ਼ਤ ਵਿਰੋਧ ਕੀਤਾ ਗਿਆ ਹੈ।ਉਨ੍ਹਾਂ ਨੇ ਮੋਹ-ਮਾਇਆ ਦੇ ਤਿਆਗ ਅਤੇ ਸਾਧੂਆ ਦੇ ਪਾਖੰਡਾਂ ਵਰਗੇ ਵਿਚਾਰਾ ਨੂੰ ਆਪਣੇ ਬਾਣੀ ਦਾ ਵਿਸ਼ਾ ਬਣਾਇਆ ਹੈ ਜਿਵੇਂ:-

ਸੰਧਿਆ ਦੇਖਿ ਸਿੰਗੀ ਨ ਬਜਾਉ।
ਦੁਆਰਾ ਧੂਆ ਨ ਪਾਉ।
ਭੇਖਿ ਕਾ ਜੋਗੀ ਮੈ ਨ ਕਹਾਉ।
ਆਤਮਾ ਕਾ ਜੋਗੀ ਚਰਪਟ ਨਾਉ।

**5. ਚੌਰੰਗੀ ਨਾਥ:-** ਵਿਦਵਾਨਾਂ ਅਨੁਸਾਰ ਚੌਰੰਗੀ ਨਾਥ ਦਾ ਦੂਸਰਾ ਨਾਮ ਪੂਰਨ ਭਗਤ ਹੈ।ਇਹ ਪੰਜਾਬ ਦੇ ਪ੍ਰਸਿੱਧ ਕਿੱਸੇ ਪੂਰਨ ਭਗਤ ਦਾ ਨਾਇਕ ਹੈ।ਇਸ ਦਾ ਜਨਮ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਹੋਇਆ।ਚੌਰੰਗੀ ਨਾਥ ਗੋਰਖ ਨਾਥ ਦਾ ਗੁਰਭਾਈ ਅਤੇ ਮਛੰਦਰ ਨਾਥ ਦਾ ਚੇਲਾ ਸੀ।ਉਸ ਦੀ ਮਤਰੇਈ ਮਾਂ ਲੂਣਾ ਨੇ ਝੂਠਾ ਦੋਸ਼ ਲਾਇਆ,ਜਿਸ ਦੇ ਸਿੱਟੇ ਵਜੋਂ ਚੌਰੰਗੀ ਨਾਥ ਦੇ ਹੱਥ-ਪੈਰ ਕੱਟ ਕੇ ਖੂਹ ਵਿੱਚ ਸੁਟਵਾ ਦਿੱਤੇ। ਮਛੰਦਰ ਨਾਥ ਨੇ ਇਸ ਨੂੰ ਖੂਹ ਵਿਚੋਂ ਬਾਹਰ ਕਢਵਾਇਆ ਅਤੇ ਇਕ ਨਵਾਂ ਜੀਵਨ ਦਿੱਤਾ। ਇਸ ਤੋ ਬਾਅਦ ਚੌਰੰਗੀ ਨਾਥ

ਨੇ ਆਪਣਾ ਸਾਰਾ ਜੀਵਨ ਨਾਥ ਮਤ ਦੇ ਪ੍ਰਚਾਰ ਲਈ ਅਰਪਣ ਕਰ ਦਿੱਤਾ।ਚੌਰੰਗੀ ਨਾਥ ਨੇ ਕਈ ਰਚਨਾਵਾਂ ਲਿਖੀਆਂ ਜਿਨ੍ਹਾਂ ਵਿੱਚ 'ਪ੍ਰਾਣ-ਸੰਗਲੀ' ਤੋ ਛੁੱਟ ਕੁੱਝ ਸਲੋਕ ਤੇ ਸ਼ਬਦ ਵੀ ਮਿਲਦੇ ਹਨ।ਉਸ ਦੀ ਰਚਨਾ ਵਿਚੋਂ ਪੰਜਾਬੀ ਭਾਸ਼ਾ ਦੀ ਵੀ ਝਲਕ ਮਿਲਦੀ ਹੈ।ਜਿਵੇਂ:-

ਮਾਲੀ ਲੋ ਮਲ ਮਾਲੀ ਲੈ ਸੀਚੈ ਸਹਜ ਕਿਆਰੀ।

ਉੱਨ ਮਨਿ ਕਲਾ ਏਕ ਪਹੂਪਨਿ ਆਵਾਗਵਨ ਨਿਵਾਰੀ।

**6.ਰਤਨ ਨਾਥ:-** ਰਤਨ ਨਾਥ ਦਾ ਜੀਵਨ ਕਾਲ 11ਵੀ 12ਵੀ ਵਿੱਚ ਮੰਨਿਆ ਜਾਂਦਾ ਹੈ।ਵਿਦਵਾਨਾਂ ਅਨੁਸਾਰ ਉਹ ਪੰਜਾਬ ਦੇ ਜ਼ਿਲ੍ਹੇ ਬਠਿੰਡੇ ਦਾ ਜੰਮਪਲ ਸੀ।ਰਤਨ ਨਾਥ 'ਹਾਜੀ ਰਤਨ' 'ਬਾਬਾ ਰਤਨ' ਜਾ 'ਪੀਰ ਰਤਨ' ਦੇ ਨਾਵਾਂ ਨਾਲ ਵੀ ਪ੍ਰਸਿੱਧ ਹੋਇਆ।ਇਸ ਨੂੰ ਕਾਬਲ ਦੇ ਬਾਦਸ਼ਾਹ ਨੇ ਜੋ ਇਸ ਦਾ ਚੇਲਾ ਸੀ ਸ਼ਿਵ ਮੰਦਰ ਬਣਾਉਣ ਲਈ ਜਲਾਲਾਬਾਦ ਤੇ ਕਾਬਲ ਵਿਚ ਥਾਂ ਦਿੱਤੀ।ਉਸ ਦੇ ਪੰਜਾਬੀ ਵਿੱਚ ਕੁੱਝ ਗੀਤ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚੋਂ ਪੰਜਾਬੀ ਭਾਸ਼ਾ ਦੀ ਝਲਕ ਮਿਲਦੀ ਹੈ ਜਿਵੇਂ- ਉਪਰੋਕਤ ਨਾਥ ਕਵੀਆਂ ਤੋਂ ਇਲਾਵਾ ਭਰਥਰੀ ਨਾਥ, ਗੋਪੀਚੰਦ ਅਤੇ ਸੈਨਾਵਤੀ ਆਦਿ ਨਾਥ ਕਵੀਆ ਨੇ ਨਾਥ ਪਰੰਪਰਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਭਰਥਰੀ ਨਾਥ ਦਾ ਜਨਮ 12ਵੀ-13 ਵੀ ਸਦੀ ਦਾ ਮੰਨਿਆ ਜਾਦਾਂ ਹੈ ਤੇ ਕਿਹਾ ਜਾਦਾਂ ਹੈ ਕਿ ਉਹ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਗੋਰਖ ਨਾਥ ਤੋਂ ਪ੍ਰਭਾਵਿਤ ਹੋ ਕੇ ਨਾਥ ਕਵੀ ਬਣ ਗਿਆ।ਇਸ ਤੋਂ ਇਲਾਵਾ ਗੋਪੀਚੰਦ ਅਤੇ ਸੈਨਾਵਤੀ ਨੇ ਵੀ ਗੋਰਖ ਨਾਥ ਨੂੰ ਗੁਰੂ ਧਾਰ ਕੇ ਨਾਥ ਮਤ ਦਾ ਪ੍ਰਚਾਰ ਕੀਤਾ।ਗੋਪੀਚੰਦ ਸੈਨਾਵਤੀ ਦਾ ਪੁੱਤਰ ਸੀ।ਇਸ ਦਾ ਕਾਲ 12ਵੀ ਸਦੀ ਦਾ ਮੰਨਿਆਂ ਜਾਦਾਂ ਹੈ।ਇਨ੍ਹਾਂ ਨਾਥ ਕਵੀਆ ਨੇ ਪਦੇ ਕਾਵਿਧਾਰਾ ਰੂਪ ਵਿੱਚ ਰਚਨਾ ਕੀਤੀ।।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪਸ਼ਟ ਹੋ ਜਾਦਾਂ ਹੋ ਜਾਦਾਂ ਹੈ ਕਿ ਨਾਥ ਕਵੀਆਂ ਦੁਆਰਾ ਰਚੀ ਗਈ ਬਾਣੀ ਹੀ ਪੰਜਾਬੀ ਕਵਿਤਾ ਦਾ ਮੁੱਢਲਾ ਰੂਪ ਹੈ।ਇਨ੍ਹਾਂ ਦੀ ਭਾਸ਼ਾ ਉੱਪਰ ਅਪਭਰੰਸ਼ ਭਾਸ਼ਾ ਤੇ ਸੰਦੂਕੜੀ ਭਾਸ਼ਾ ਦਾ ਕਾਫ਼ੀ ਪ੍ਰਭਾਵ ਹੈ।ਇਸ ਸਮੇਂ ਦੀ ਭਾਸ਼ਾ ਆਪਣਾ ਮੂੰਹ-ਮੁਹਾਂਦਰਾ ਸੁਆਰ ਕੇ ਆਪਣਾ ਰੂਪ ਅਕਤਿਆਰ ਕਰਦੀ ਹੈ।

**(ੲ) ਸੂਫ਼ੀ ਸਾਹਿਤ:** ਪੂਰਵ ਨਾਨਕ ਕਾਲ ਦਾ ਸੂਫ਼ੀ ਸਾਹਿਤ ਬਾਬਾ ਫ਼ਰੀਦ ਦੇ ਸਲੋਕਾਂ ਅਤੇ ਸ਼ਬਦਾਂ ਤਕ ਹੀ ਸੀਮਤ ਹੈ ਜੋ ਆਦਿ ਗ੍ਰੰਥ ਵਿਚ ਦਰਜ ਹਨ। ਬਾਬਾ ਫ਼ਰੀਦ ਪੰਜਾਬੀ ਸਾਹਿਤ ਦੇ ਸਭ ਤੋਂ ਪਹਿਲਾਂ ਲੋਕਪ੍ਰਿਆ ਸੂਫ਼ੀ ਕਵੀ ਹਨ। ਇਨ੍ਹਾਂ ਦਾ ਸਮਾਂ 1173 ਤੋਂ 1265 ਈਸਵੀ ਮੰਨਿਆ ਜਾਂਦਾ ਹੈ। ਸੂਫ਼ੀ ਮਤ ਇਸਲਾਮ ਦਾ ਇਕ ਅੰਗ ਹੈ। ਇਸਲਾਮੀ ਰਾਜ ਦੇ ਨਾਲ ਹੀ ਸੂਫ਼ੀਮਤ ਦੇ ਫ਼ਕੀਰਾਂ ਨੇ ਪੰਜਾਬ ਵਿਚ ਪਵੇਸ ਕੀਤਾ। 712 ਈਸਵੀ ਵਿਚ ਮੁਹੰਮਦ ਬਿਨ ਕਾਸਿਮ ਦੇ ਸਿੰਧ ਉੱਤੇ ਹਮਲੇ ਵੇਲੇ ਮੁਲਤਾਨ ਇਨ੍ਹਾਂ ਦਾ ਗੜ੍ਹ ਬਣ ਗਿਆ। ਬਾਬਾ ਫ਼ਰੀਦ ਨੂੰ ਵੀ ਮੁਲਤਾਨ ਨਾਲ ਹੀ ਸੰਬੰਧਿਤ ਕੀਤਾ ਜਾਂਦਾ ਹੈ। ਬਾਬਾ ਫ਼ਰੀਦ ਉਨ੍ਹਾਂ ਸੂਫ਼ੀ ਫ਼ਕੀਰਾਂ ਵਿਚੋਂ ਹਨ ਜੋ ਸੂਫ਼ੀ ਸਿਧਾਂਤਾਂ ਦੇ ਨਾਲ ਸ਼ਰ੍ਹਾ ਦੇ ਨਿਯਮਾਂ ਦਾ ਵੀ ਪਾਲਣ ਕਰਦੇ ਸਨ। ਬਾਬਾ ਫ਼ਰੀਦ ਅਨੁਸਾਰ ਰੱਬ ਇਕ ਹੈ। ਉਹ ਕਿਤੇ ਵੱਖਰੇ ਅਰਸ਼ ਉੱਤੇ ਨਹੀਂ ਵੱਸਦਾ ਸਗੋਂ ਮਨੁੱਖਾਂ ਦੇ ਦਿਲਾਂ ਵਿਚ ਵੱਸਦਾ ਹੈ –

"ਵੱਸੀ ਰੱਬ ਹਆਲੀਐ ਜੰਗਲੁ ਕਿਆ ਢੂਢਹਿ

ਸੂਫ਼ੀਆਂ ਵਿਚ ਗੁਰੂ ਧਾਰਨ ਕਰਨਾ ਅਤਿ ਜ਼ਰੂਰੀ ਹੈ। ਬਾਬਾ ਫ਼ਰੀਦ ਵੀ ਗੁਰੂ ਦੀ ਮਹੱਤਤਾ ਉੱਪਰ ਜ਼ੋਰ ਦਿੰਦੇ ਹਨ। ਸੂਫ਼ੀ ਦੇ ਜੀਵਨ ਵਿਚ ਪ੍ਰੇਮ, ਮਸਤੀ ਅਤੇ ਬਿਰਹਾ ਦਾ ਵਿਸ਼ੇਸ਼ ਸਥਾਨ ਹੈ। ਬਾਬਾ ਫ਼ਰੀਦ ਨੇ ਇਸ ਦੀ ਲੋੜ ਅਤੇ ਇਸ ਦੀ ਮਹੱਤਤਾ ਨੂੰ 'ਬਿਰਹਾ ਤੂੰ ਸੁਲਤਾਨ' ਕਹਿ ਕੇ ਪ੍ਰਗਟਾਇਆ ਹੈ।

ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ।

ਫ਼ਰੀਦਾ ਜਿਤੁ ਤਨੁ ਬਿਰਹਾ ਨ ਉਪਜੇ, ਸੁ ਤਨ ਜਾਨ ਮਸਾਣ।

ਫ਼ਰੀਦ ਦੀ ਵਿਚਾਰਧਾਰਾ ਵਿਚ ਸਤਿਸੰਗ, ਸਬਰ, ਸ਼ੁਕਰ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ, ਆਪਣੇ ਆਪ ਨੂੰ ਗੁਨਾਹਗਾਰ ਸਮਝ ਕੇ ਪਸ਼ਚਾਤਾਪ ਕਰਨਾ, ਆਪਣੇ ਕਰਮਾਂ ਦਾ ਹੰਕਾਰ ਨਾ ਕਰਨਾ, ਰੱਬੀ ਦਾਤ ਉੱਤੇ ਭਰੋਸਾ ਰੱਖਣਾ, ਨਿਤਾਰ ਦੇ ਭਾਵਾਂ ਦਾ ਪਾਲਣ, ਭੇਖਾਚਾਰ ਦੀ ਨਿਖੇਧੀ ਅਤੇ ਚੰਗੇ ਅਮਲਾਂ ਉੱਪਰ ਜ਼ੋਰ , ਧਾਰਮਿਕ ਪੱਖ-ਪਾਤ ਤੋਂ ਉੱਚਾ ਉੱਠ ਕੇ ਸਭ ਨੂੰ ਇਕ ਸਮਾਨ ਸਮਝਣਾ ਆਦਿ ਸ਼ਾਮਲ ਹਨ।

**(ਸ) ਵਾਰ ਸਾਹਿਤ:-** ਪੂਰਵ ਨਾਨਕ ਕਾਲ ਵਿਚ ਕਈ ਬੀਰ ਰਸੀ ਵਾਰਾਂ ਦੀ ਰਚਨਾ ਹੋਈ ਜਿਨ੍ਹਾਂ ਦੀਆਂ ਧੁਨੀਆਂ ਉੱਪਰ ਆਦਿ ਗ੍ਰੰਥ ਦੀਆਂ ਅਧਿਆਤਮਕ ਵਾਰਾਂ ਨੂੰ ਗਾਉਣ ਦੇ ਸੰਕੇਤ ਸਾਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਦਿੱਤੇ। ਇਨ੍ਹਾਂ ਵਾਰਾਂ ਦੇ ਨਾਮ ਇਸ ਪ੍ਰਕਾਰ ਹਨ :-

1. ਰਾਇ ਕਮਾਲ ਮੌਜ਼ ਦੀ ਵਾਰ
2. ਟੁੰਡੇ ਅਸਰਾਜੇ ਦੀ ਵਾਰ

3. ਸਿਕੰਦਰ ਇਬਰਾਹਮ ਦੀ ਵਾਰ 4. ਲੱਲਾ ਬਹਿਲੀਮਾ ਦੀ ਵਾਰ

5. ਹਸਨੇ ਮਹਿਮੇ ਦੀ ਵਾਰ 6. ਮੂਸੇ ਦੀ ਵਾਰ।

ਉਪਰੋਕਤ ਵਾਰਾਂ ਦੀਆਂ ਕਹਾਣੀਆਂ ਵਿਚ ਜੰਗਾਂ ਦਾ ਵਰਣਨ ਹੈ। ਇਨ੍ਹਾਂ ਜੰਗਾਂ ਦੇ ਕਾਰਣ ਈਰਖਾ, ਕਾਮ, ਪਿਆਰ, ਵਿਸ਼ਵਾਸਘਾਤ ਅਤੇ ਅਣਖ ਆਦਿ ਹੁੰਦੇ ਸਨ। ਹੇਠਾਂ ਦਰਜ ਇਹਨਾਂ ਦੇ ਸੰਖੇਪ ਜਾਣਕਾਰੀ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

(1) 'ਰਾਇ ਕਮਾਲ-ਮੌਜ ਦੀ ਵਾਰ ਵਿਚ ਕਮਾਲ ਅਤੇ ਉਸ ਦੇ ਭਤੀਜੇ ਮੌਜ ਦੀ ਲੜਾਈ ਦਰਜ ਹੈ। ਕਮਾਲ ਨੇ ਮੌਜ ਦੇ ਪਿਤਾ ਸਾਰੰਗ ਨੂੰ ਕੈਦ ਕਰ ਦਿੱਤਾ। ਜਦੋਂ ਉਸ ਨੂੰ ਕੈਦ ਤੋਂ ਛੁਟਕਾਰਾ ਮਿਲਿਆ ਤਾਂ ਸ਼ਰਾਬ ਪਿਲਾ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੌਜ ਨੇ ਆਪਣੇ ਪਿਤਾ ਉੱਪਰ ਹੋਏ ਜ਼ੁਲਮਾਂ ਦਾ ਬਦਲਾ ਲੈਣ ਲਈ ਕਮਾਲ ਨਾਲ ਯੁੱਧ ਕਰਕੇ ਉਸ ਨੂੰ ਮਾਰ ਮੁਕਾਇਆ। ਇਸ ਵਾਰ ਦੀ ਧੁਨੀ ਉੱਪਰ ਆਦਿ ਗ੍ਰੰਥ ਦੀ ਗਉੜੀ ਕੀ ਵਾਰ ਮ.5 ਨੂੰ ਗਾਉਣ ਦਾ ਆਦੇਸ਼ ਹੈ।

(2) ਟੁੰਡੇ ਅਸਰਾਜੇ ਦੀ ਵਾਰ' ਵਿਚ ਅਸਰਾਜ ਅਤੇ ਉਸ ਦੇ ਪਿਉ ਦੀ ਕਹਾਣੀ ਦਰਜ ਹੈ। ਆਪਣੀ ਮਤਰੇਈ ਮਾਂ ਦੇ ਪ੍ਰੇਮ ਨੂੰ ਠੁਕਰਾ ਦੇਣ ਕਾਰਨ ਅਸਰਾਜ ਵਿਰੁੱਧ ਉਸ ਦੀ ਮਾਂ ਝੂਠੀਆਂ ਸ਼ਿਕਾਇਤਾਂ ਲਗਾ ਕੇ ਉਸ ਨੂੰ ਮਰਵਾਉਣ ਦਾ ਹੁਕਮ ਦਿਵਾਉਂਦੀ ਹੈ। ਪਰ ਜੱਲਾਦ ਉਸ ਦੀ ਕੇਵਲ ਬਾਂਹ ਵੱਢ ਕੇ ਛੱਡ ਦਿੰਦੇ ਹਨ। ਉਹ ਕਿਸੇ ਸ਼ਹਿਰ ਚੱਲਿਆ ਜਾਂਦਾ ਹੈ। ਰੱਬ ਦੀ ਕਰਨੀ, ਉੱਥੋਂ ਦਾ ਰਾਜ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਇੰਨੇ ਨੂੰ ਉਸ ਦੇ ਪਿਉ ਦੀ ਰਾਜਧਾਨੀ ਵਿਚ ਕਾਲ ਪੈ ਜਾਂਦਾ ਨੇ ਤੇ ਉਹ ਆਪਣੇ ਪੁੱਤਰ ਕੋਲੋਂ ਸਹਾਇਤਾ ਮੰਗਦਾ ਹੈ। ਪਿਉ ਦੀਆਂ ਵਧੀਕੀਆਂ ਨੂੰ ਭੁੱਲਾ ਕੇ ਪੁੱਤਰ ਮਦਦ ਲਈ ਹਾਜ਼ਰ ਹੋ ਜਾਂਦਾ ਹੈ। ਪਿਤਾ ਉਸ ਨੂੰ ਰਾਜ ਸਿੰਘਾਸਣ ਤੇ ਬਿਠਾ ਕੇ ਇਕਾਂਤਵਾਸ ਲੈ ਲੈਂਦਾ ਹੈ। ਇਸ ਵਾਰ ਦੀ ਧੁਨੀ ਤੇ ਆਦਿ ਗ੍ਰੰਥ ਦੀ ਆਸ਼ਾ ਦੀ ਵਾਰ ਮ.1 ਨੂੰ ਗਾਉਣ ਦਾ ਆਦੇਸ਼ ਹੈ।

(3) 'ਸਿਕੰਦਰ ਬਿਰਾਹਮ ਦੀ ਵਾਰ' ਵਿਚ ਸਿਕੰਦਰ ਬਾਦਸ਼ਾਹ ਅਤੇ ਸਰਦਾਰ ਇਬਰਾਹੀਮ ਦੀ ਲੜਾਈ ਦੀ ਵਾਰਤਾ ਦਰਜ ਹੈ। ਇਸ ਅਨੁਸਾਰ ਬਾਦਸ਼ਾਹ ਕਿਸੇ ਬਾਹਮਣ ਇਸ ਨਾਲ ਸੰਭੋਗ ਕਰਨਾ ਚਾਹੁੰਦਾ ਹੈ ਪਰ ਇਬਰਾਹੀਮ ਇਸ ਗੱਲ ਦਾ ਬੁਰਾ ਮਨਾਉਂਦਾ ਹੋਇਆ ਬਾਦਸ਼ਾਹ ਨਾਲ ਯੁੱਧ ਛੇੜ ਕੇ ਉਸ ਇਸਤਰੀ ਨੂੰ ਸੁਤੰਤਰ ਕਰਾਉਣ ਵਿਚ ਸਫਲ ਹੋ ਜਾਂਦਾ ਹੈ। ਫਲਸਰੂਪ ਬਾਦਸ਼ਾਹ ਸਿਕੰਦਰ ਇਬਰਾਹੀਮ ਪਾਸੋਂ ਖਿਮਾ ਮੰਗ ਲੈਂਦਾ ਹੈ। ਇਸ ਵਾਰ ਦੀ ਧੁਨੀ ਉੱਪਰ ਆਦਿ ਗ੍ਰੰਥ ਦੀ ਗੁਜਰੀ ਦੀ ਵਾਰ ਮ.3 ਗਾਉਣ ਦਾ ਆਦੇਸ਼ ਹੈ।

(4) 'ਲਲਾ ਬਹਿਲੀਮਾ ਦੀ ਵਾਰ ਵਿਚ ਪਾਣੀ ਦਾ ਮਾਮਲਾ ਨਾ ਤਾਰਨ ਕਰਕੇ ਕਾਂਗੜੇ ਦੇ ਸਰਦਾਰਾਂ ਲਲਾ ਅਤੇ ਬਹਿਲੀਮਾ ਦੀ ਆਪਸੀ ਲੜਾਈ ਦਾ ਵਰਣਨ ਹੈ। ਇਸ ਦੀ ਧੁਨੀ ਉੱਪਰ ਆਦਿ ਗ੍ਰੰਥ ਦੀ ਵਡਹੰਸ ਦੀ ਵਾਰ ਮ: 4 ਨੂੰ ਗਾਉਣ ਦਾ ਆਦੇਸ਼ ਹੈ।

(5) ਹਸਨੇ ਮਹਿਮੇ ਦੀ ਵਾਰ ਵਿਚ ਈਰਖਾ ਕਾਰਣ ਦੋ ਰਾਜਪੂਤਾਂ - ਹਸਨਾ ਅਤੇ ਮਹਿਮਾ-ਵਿਚਕਾਰ ਲੜਾਈ। ਦਾ ਵਰਣਨ ਹੈ। ਮਹਿਮਾ ਹਸਨੇ ਨੂੰ ਕੈਦ ਕਰ ਲੈਂਦਾ ਹੈ . ਹਸਨਾ ਕਿਸੇ ਤਰਾਂ ਕੈਦ ਵਿਚੋਂ ਬਚ ਨਿਕਲਦਾ ਹੈ , ਫੌਜ਼ ਇਕੱਠੀ ਕਰਦਾ ਹੈ ਅਤੇ ਮਹਿਮੇ ਉੱਪਰ ਚੜ੍ਹਾਈ ਕਰ ਦਿੰਦਾ ਹੈ। ਪਰ ਆਪ ਲੜਾਈ ਵਿਚ ਮਾਰਿਆ ਜਾਂਦਾ ਹੈ। ਇਸ ਵਾਰ ਦੀ ਧੁਨੀ ਉੱਪਰ ਆਦਿ ਗ੍ਰੰਥ ਦੀ ਸਾਰੰਗ ਦੀ ਵਾਰ ਮ,4 ਨੂੰ ਗਾਉਣ ਦਾ ਆਦੇਸ਼ ਹੈ।

(6) "ਮੂਸੇ ਦੀ ਵਾਰ' ਵਿਚ ਮੂਸੇ ਅਤੇ ਉਸ ਦੀ ਮੰਗੇਤਰ ਨੂੰ ਵਿਆਹ ਕੇ ਲੈ ਜਾਣ ਵਾਲੇ ਰਾਜੇ ਵਿਚਕਾਰ ਹੋਈ ਲੜਾਈ ਦਾ ਵਰਣਨ ਹੈ। ਮੂਸਾ ਲੜਾਈ ਜਿੱਤ ਕੇ ਆਪਣੀ ਮੰਗੇਤਰ ਨੂੰ ਵਾਪਸ ਲੈ ਆਉਂਦਾ ਹੈ ਪਰ ਉਸ ਦੀ ਧਰਮ ਦੀ ਅਪੀਲ ਨੂੰ ਸੁਣ ਕੇ ਮੁੜ ਉਸੇ ਰਾਜੇ ਨਾਲ ਵੱਸਣ ਦੀ ਆਗਿਆ ਦੇ ਦਿੰਦਾ ਹੈ। ਇਸ ਵਾਰ ਦੀ ਧੁਨੀ ਉੱਪਰ ਆਦਿ ਗ੍ਰੰਥ ਦੀ ਕਾਨੇ ਦੀ ਵਾਰ ਮ.4 ਨੂੰ ਗਾਉਣ ਦਾ ਆਦੇਸ਼ ਹੈ।

ਉਪਰੋਕਤ ਵਾਰ ਸਾਹਿਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਹੋਂਦ ਨੇ ਪੰਜਾਬੀ ਨੂੰ ਇਕ ਅਜਿਹਾ ਕਾਵਿਧਾਰਾ ਰੂਪ ਪ੍ਰਦਾਨ ਕੀਤਾ, ਜਿਸ ਦੀ ਵਰਤੋਂ ਅਗਾਂਹ ਚੱਲ ਕੇ ਅਧਿਆਤਮਕ ਵਿਸ਼ਿਆਂ (ਜਿਵੇਂ ਗੁਰੂ ਗ੍ਰੰਥ ਦੀਆਂ ਸਮਸਤ ਵਾਰਾਂ ਤੋਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ) ਅਤੇ ਬੀਰ ਰਸੀ ਵਿਸ਼ਿਆਂ (ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਵਿਚ) ਨੂੰ ਪ੍ਰਗਟਾਉਣ ਲਈ ਕੀਤੀ ਗਈ। ਦੂਜੇ ਸ਼ਬਦਾਂ ਵਿਚ ਇਸ ਵਾਰ ਸਾਹਿਤ ਨੇ ਪੰਜਾਬੀ ਦੇ ਸਮੁੱਚੇ ਵਾਰ ਸਾਹਿਤ ਦੀ ਨੀਂਹ ਰੱਖੀ।

**(ਹ) ਫੁਟਕਲ ਸਾਹਿਤ:** ਫੁਟਕਲ ਸਾਹਿਤ ਦੇ ਅੰਤਰਗਤ ਮਸਊਦ, ਚਾਂਦ ਬਰਦਾਈ, ਅਮੀਰ ਖੁਸਰੋ ਅਤੇ ਕੁਝ ਭਗਤਾਂ ਦਾ ਸਾਹਿਤ ਸ਼ਾਮਲ ਹੈ। ਮਸਊਦ ਕਵੀ, ਮਹਿਮੂਦ ਗ਼ਜ਼ਨਵੀ ਦੇ ਪੁੱਤਰ ਮਸਊਦ ਦਾ, ਜੋ ਲਾਹੌਰ ਦਾ ਹਾਕਮ ਸੀ, ਦਰਬਾਰੀ ਕਵੀ ਸੀ ਜਿਸ ਨੇ 'ਮਸਊਦ ਦਾ ਦੀਵਾਨ ਨਾਮੀ ਪੁਸਤਕ ਲਿਖੀ। ਇਸ ਵਿਚ ਬਾਰਾਂ-ਮਾਂਹ, ਸੀਹਰਫ਼ੀਆਂ, ਸਤਵਾਰੇ , ਗ਼ਜ਼ਲਾਂ ਅਤੇ ਕਾਫ਼ੀਆਂ ਮਿਲਦੀਆਂ ਹਨ। ਚਾਂਦ ਬਰਦਾਈ ਦਾ ਸਮਾਂ 1126 ਤੋਂ 1190 ਈਸਵੀ ਮੰਨਿਆ ਜਾਂਦਾ ਹੈ। ਇਸ ਦੀ ਕਵਿਤਾ ਦੀ ਭਾਸ਼ਾ ਮੂਲ ਰੂਪ ਵਿਚ ਬ੍ਰਜ ਜਾਂ ਰਾਜਸਥਾਨੀ ਹਿੰਦੀ ਹੈ। ਇਸ ਲਈ ਇਸ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਥਾਂ ਨਹੀਂ ਦਿੱਤੀ ਜਾ ਸਕਦੀ। ਹਾਂ ਉਸ ਦੀ ਕਵਿਤਾ ਅਤੇ

ਉਸ ਵਿਚ ਵਰਤੀ ਭਾਸ਼ਾ, ਸਾਧ ਭਾਸ਼ਾ ਦੇ ਵਿਕਾਸ ਵਿਚ ਕਾਫ਼ੀ ਸਹਾਇਕ ਹਨ। ਡਾ. ਮੋਹਨ ਸਿੰਘ ਦੀਵਾਨਾ ਨੇ ਪੂਰਵ ਨਾਨਕ ਕਾਲ ਵਿਚ ਚਾਂਦ ਬਰਦਾਈ ਦੀ ਰਚਨਾ "ਪ੍ਰਿੰਥਵੀ ਰਾਜ ਰਾਸੋ ਉੱਪਰ ਲਾਹੌਰੀ ਭਾਸ਼ਾ ਦੇ ਪ੍ਰਭਾਵ ਨੂੰ ਮੰਨਿਆ ਹੈ। ਚਾਂਦ ਬਰਦਾਈ ਪ੍ਰਿੰਥਵੀ ਰਾਜ ਦਾ ਭੱਟ ਸੀ। ਮੁਹੰਮਦ ਗੋਰੀ ਦੇ ਹੱਥੋਂ ਲੜਾਈ ਵਿਚ ਮਾਰੇ ਜਾਣ ਤੇ ਪ੍ਰਿੰਥਵੀ ਰਾਜ ਦੀ ਕੀਰਤੀ ਵਿਚ ਚਾਂਦ ਬਰਦਾਈ ਨੇ ਬੀਰ ਰਸ ਪੂਰਨ ਮਹਾਂ ਕਾਵਿਧਾਰਾ "ਪ੍ਰਿੰਥਵੀ ਰਾਜ ਰਾਸੋ' ਦੀ ਰਚਨਾ ਕੀਤੀ। ਅਮੀਰ ਖ਼ੁਸਰੋ ਦਾ ਸਮਾਂ 1253 ਤੋਂ 1325 ਈਸਵੀ ਮੰਨਿਆ ਜਾਂਦਾ ਹੈ। ਇਸ ਦਾ ਅਸਲੀ ਨਾਮ ਯਮੀਨੁਦੀਨ ਮੁਹੰਮਦ ਹਸਨ ਸੀ। ਅਮੀਰ ਜਾਂ ਮੀਰ ਇਸ ਨੂੰ ਬਾਦਸ਼ਾਹਾਂ ਦੇ ਦਰਬਾਰਾਂ ਵਿਚ ਰਹਿਣ ਕਰਕੇ ਕਹਿੰਦੇ ਸਨ, ਖੁਸਰੋ ਇਸ ਦਾ ਉਪਨਾਮ ਸੀ। ਅਮੀਰ ਖੁਸਰੋ ਨੂੰ ਸੂਫ਼ੀ ਮਤ ਨਾਲ ਸੰਬੰਧਿਤ ਕਵੀ ਮੰਨਿਆ ਜਾਂਦਾ ਹੈ। ਇਹ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਲਾਹੌਰ ਦੀ ਬੋਲੀ ਤੋਂ ਉਹ ਭਲੀ-ਭਾਂਤ ਜਾਣੂ ਸੀ। ਇਸ ਲਈ ਉਸ ਦੀ ਰਚਨਾ ਲਾਹੌਰੀ ਅਤੇ ਫ਼ਾਰਸੀ ਦਾ ਮਿਸ਼ਰਤ ਰੂਪ ਹੈ। ਉਸ ਦੀ ਰਚਨਾ ਵਿਚਲੀ ਛੰਦਾਂ-ਬੰਦੀ ਦਾ ਆਧਾਰ ਵੀ ਫ਼ਾਰਸੀ ਦੀ ਛੰਦਾਂ-ਬੰਦੀ ਹੈ। ਫ਼ਾਰਸੀ ਦੇ ਕਈ ਛੰਦਾਂ ਨੂੰ ਉਸ ਨੇ ਪੰਜਾਬੀ ਰੂਪ ਪ੍ਰਦਾਨ ਕੀਤਾ। ਉਸ ਨੇ ਬੁਝਾਰਤਾਂ, ਰੇਖਤੇ ਅਤੇ ਵਾਰਾਂ ਦੀ ਰਚਨਾ ਕੀਤੀ।

## ਸਾਰ-ਅੰਸ਼:

ਸੋ ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਪਿਛੋਕੜ ਅਤੇ ਪੂਰਵ ਨਾਨਕ ਕਾਲ ਦੀਆਂ ਸਾਹਿਤ ਧਰਾਵਾਂ ਦਾ ਸੰਕਲਪ ਇਕ ਮਹੱਤਵਪੁਰਨ ਸੰਕਲਪ ਹੈ। ਪੰਜਾਬੀ ਭਾਸ਼ਾ ਦਾ ਪਿਛੋਕੜ 10ਵੀਂ ਸਦੀ ਤੋਂ ਪਹਿਲਾਂ ਸੰਸਕ੍ਰਿਤ ਦਾ ਰਿਣੀ ਹੈ ਜਿਸ ਦੇ ਅਨੇਕਾਂ ਸ਼ਬਦ ਅੱਜ ਤਤਸਮ ਤੇ ਤਦਭਵ ਰੂਪ ਵਿਚ ਪੰਜਾਬੀ ਸ਼ਬਦ-ਭੰਡਾਰ ਦਾ ਵਡਮੁੱਲਾ ਸਰਮਾਇਆ ਹਨ। ਦਰਅਸਲ ਭਾਰਤ ਦੀਆਂ ਭਾਸ਼ਾਵਾਂ ਵਿਚੋਂ ਰਾਜਸਥਾਨੀ, ਸਿੰਧੀ, ਗੁਜਰਾਤੀ, ਮਰਾਠੀ, ਉੜੀਆ, ਪੂਰਬੀ ਹਿੰਦੀ, ਪੱਛਮੀ ਹਿੰਦੀ, ਬਿਹਾਰੀ, ਬੰਗਾਲੀ ਆਸਾਮੀ ਤੇ ਪਹਾੜੀ ਆਦਿ ਸਾਰੀਆਂ ਹੀ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ ਤੇ ਇਨ੍ਹਾਂ ਦਾ ਵੱਖਰਾ ਸਰੂਪ 10, 11 ਵੀ ਈਸਵੀ ਦੇ ਨਜ਼ਦੀਕ ਹੋਂਦ ਵਿਚ ਆਉਂਦਾ ਹੈ। ਇਸ ਤੋਂ ਪਹਿਲਾਂ ਇਹ ਹਜ਼ਾਰਾਂ ਸਾਲਾ ਦਾ ਸਫ਼ਰ ਤਹਿ ਕਰਕੇ ਪ੍ਰਾਕ੍ਰਿਤਾ ਤੇ ਅਪਭਰੰਸ਼ਾਂ ਵਜੋਂ ਪਹਿਚਾਣੀਆਂ ਜਾਂਦੀਆਂ ਸਨ। ਸੰਸਕ੍ਰਿਤ ਜਿਥੇ ਉੱਚ-ਸ਼੍ਰੇਣੀਆਂ ਦੀ ਭਾਸ਼ਾ ਸੀ, ਉੱਥੇ ਅਪਭਰੰਸ਼ਾਂ ਲੋਕ-ਭਾਸ਼ਾ ਦੇ ਰੂਪ ਵਿਚ ਵਿਕਸਿਤ ਹੁੰਦੀਆਂ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ 1700 ਈ. ਤੋਂ ਪਹਿਲਾਂ ਪੰਜਾਬੀ ਭਾਸ਼ਾ ਜਿਥੇ ਰਾਜਨੀਤਿਕ, ਸਮਾਜਕ, ਸਭਿਆਚਾਰਕ, ਧਾਰਮਿਕ ਤਬਦੀਲੀਆਂ ਨੂੰ ਗ੍ਰਹਿਣ ਕਰ ਰਹੀ ਸੀ, ਉੱਥੇ ਹਰ ਨਵੇਂ ਸ਼ਬਦ ਨੂੰ ਅਸਲੀ ਜਾਂ ਬਦਲੇ ਰੂਪ ਵਿਚ ਗ੍ਰਹਿਣ ਕਰਕੇ ਇਸ ਦੀ ਅਮੀਰੀ ਵਿਚ ਵਾਧਾ ਕਰ ਰਹੀ ਸੀ। ਭਾਸ਼ਾ ਦੇ ਨਾਲ ਹੀ ਜੁੜਿਆ ਮਸਲਾ ਪੰਜਾਬੀ ਦੀ ਢੁਕਵੀਂ ਲਿਪੀ ਦਾ ਹੈ। ਹਰ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਕਿਸੇ ਢੁਕਵੀਂ ਲਿਪੀ ਦੀ ਜ਼ਰੂਰਤ ਹੁੰਦੀ ਹੈ ਅਤੇ ਪੰਜਾਬੀ ਲਈ ਢੁਕਵੀਂ ਲਿਪੀ ਗੁਰਮੁਖੀ ਨੂੰ ਮੰਨਿਆ ਜਾਂਦਾ ਹੈ। ਭਾਵੇਂ ਪੰਜਾਬੀ ਲਿਖਣ ਲਈ ਫ਼ਾਰਸੀ ਤੇ ਦੇਵਨਾਗਰੀ ਲਿਪੀ ਵੀ ਪ੍ਰਯੋਗ ਹੁੰਦੀ ਰਹੀ ਹੈ। ਮੁਸਲਮਾਨ ਕਵੀਆਂ ਖ਼ਾਸ ਤੌਰ ਤੇ ਲਹਿੰਦੀ (ਮੁਲਤਾਨੀ) ਵਿਚ ਰਚਨਾ ਵਾਲੇ ਸੂਫ਼ੀਆਂ, ਜੰਗਨਾਮਾ ਲੇਖਕਾਂ ਅਤੇ ਕਿੱਸਾਕਾਰਾਂ ਨੇ ਫ਼ਾਰਸੀ ਦੀ ਜਾਣੀ ਪਹਿਚਾਣੀ ਲਿਪੀ ਰਾਹੀਂ ਹੀ ਰਚਨਾ ਕੀਤੀ ਜਿਹੜੀ ਉਨ੍ਹਾਂ ਦੀ ਧਾਰਮਿਕ, ਸਮਾਜਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਦੀ ਪਹਿਲਾਂ ਤੋਂ ਹੀ ਤਰਜਮਾਨ ਸੀ। ਫ਼ਾਰਸੀ ਲਿਪੀ ਦੇ ਪ੍ਰਯੋਗ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਸੰਬੰਧ ਮੁਸਲਮਾਨ ਵਰਗ ਨਾਲ ਜੋੜ ਕੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ। ਸੋ ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸਕ ਪਿਛੋਕੜ ਅਤੇ ਪੂਰਵ ਨਾਨਕ ਕਾਲ ਦੀਆਂ ਸਾਹਿਤ ਧਰਾਵਾਂ ਦਾ ਸੰਕਲਪ ਨੂੰ ਉਪਰੋਕਤ ਵਿਚਾਰਾਂ ਰਾਹੀਂ ਸਮਝਿਆਂ ਜਾ ਸਕਦਾ ਹੈ।

## ਕੇਂਦਰੀ ਸ਼ਬਦ:

ਪੂਰਵ ਨਾਨਕ ਕਾਲ --- ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਸਮਾਂ

ਕਾਲ --- ਸਮਾਂ

ਸੰਦਰਭ --- ਹਵਾਲਾ

ਉਪਜੇ --- ਪੈਦਾ ਹੋਏ



## ਸਵੈ-ਮੁਲਾਂਕਣ:

1. ਪੁਰਵ ਨਾਨਕ ਕਾਲ ਦੀ ਕਵਿਧਾਰਾ ਕਿਹੜੀ ਹੈ:

ੳ. ਨਾਥ-ਜੋਗੀਆਂ ਦੀ ਕਾਵਿਧਾਰਾ　　ਅ. ਆਧੁਨਿਕ ਕਾਵਿਧਾਰਾ

ੲ. ਗੁਰਮਤਿ ਕਾਵਿਧਾਰਾ　　ਸ. ਉਤੱਰ-ਆਧੁਨਿਕ ਕਾਵਿਧਾਰਾ

2. ਮੱਧ ਕਾਲ ਦਾ ਸਮਾਂ ਕਿਹੜਾ ਮੰਨਿਆ ਜਾਦਾ ਹੈ?

ੳ. 1400-1700 ਈ. ਤੱਕ　　ਅ. 8-9 ਸਦੀ - 1850 ਈ. ਤੱਕ

ੲ. 1900-2000 ਈ. ਤੱਕ ਸ. 1850-1900 ਈ. ਤੱਕ

3. ਨਾਨਕ ਕਾਲ ਦਾ ਸਮਾਂ ਨਿਰਧਾਰਤ ਕਰੋ:

ੳ. 1469-1708 ਈ. ਅ. 1800-1850 ਈ.

ੲ. 1700-1800 ਈ. ਸ. ਇਹਨਾਂ ਵਿਚੋਂ ਕੋਈ ਨਹੀ

4. ਇਹਨਾਂ ਵਿਚੋਂ ਮੱਧਕਾਲੀ ਕਾਵਿਧਾਰਾ ਨਹੀਂ ਹੈ:

ੳ. ਸੂਫ਼ੀ ਅ. ਪ੍ਰਗੀਤਕ

ੲ. ਗੁਰਮਤਿ ਸ. ਬੀਰ

5. ਸਭ ਨਾਲੋ ਵੱਧ ਪ੍ਰਸਿਧ ਨਾਥ ਦਾ ਨਾਮ ਚੁਣੋ-

ੳ. ਜਲੰਧਰ ਨਾਥ ਅ. ਮਛੰਦਰ ਨਾਥ

ੲ. ਗੋਰਖ ਨਾਥ ਸ. ਚਰਪਟ ਨਾਥ

6.ਗੋਰਖ ਨਾਥ ਨਾਲ ਸੰਬੰਧਿਤ ਕਿਹੜਾ ਕਥਨ ਸਹੀ ਹੈ:

ੳ. ਗੋਰਖ ਨਾਥ ਦਾ ਸਮਾਂ 15ਵੀਂ-16 ਵੀਂ ਸਦੀ ਹੋਇਆ ਹੈ। ਅ. ਗੋਰਖ ਨਾਥ ਦਾ ਸਮਾਂ 16ਵੀਂ-17ਵੀਂ ਸਦੀ ਹੋਇਆ ਹੈ।

ੲ. ਗੋਰਖ ਨਾਥ ਦਾ ਸਮਾਂ 9ਵੀਂ- 10ਵੀਂ ਸਦੀ ਹੋਇਆ ਹੈ। ਸ. ਉਪਰੋਕਤ ਸਾਰੇ ਕਥਨ ਗਲਤ ਹਨ।

7. ਹੇਠ ਲਿਖਿਆ ਵਿਚੋਂ ਕਿਹੜਾ ਕਥਨ ਗਲਤ ਹੈ:

ੳ. ਨਾਥ-ਜੋਗੀ ਸਾਹਿਤ ਨਾਰੀ ਚੇਤਨਾ ਦੇ ਪੱਖ ਦੇ ਬਾਰੇ ਗੱਲ ਕਰਦਾ ਹੈ।

ਅ. ਨਾਥ-ਜੋਗੀ ਸਾਹਿਤ ਗ੍ਰਹਿਸਥ ਜੀਵਨ ਦੇ ਮਹੱਤਵ ਦੇ ਬਾਰੇ ਗੱਲ ਕਰਦਾ ਹੈ।

ੲ. ਨਾਥ-ਜੋਗੀ ਸਾਹਿਤ ਗ੍ਰਹਿਸਥ ਜੀਵਨ ਨੂੰ ਤਿਆਗਣ ਦੇ ਉੱਪਰ ਜ਼ੋਰ ਦਿੰਦਾ ਹੈ।

ਸ. (1) ਅਤੇ (2) ਦੋਨੋ ਕਥਨ ਗਲਤ ਹਨ।

8. ਦਾਮ ਕਾਢ ਬਾਘਣ ਲੈ ਆਇਆ। ਮਾਉਂ ਕਹੇ ਮੇਰਾ ਪੁਤ ਬਿਆਇਆ। ਗੀਲੀ ਲੱਕੜੀ ਕੋ ਘੁਨ ਲਾਇਆ। ਤਿਨ ਡਾਲ ਮੂਲ ਚੁਣ ਖਾਇਆ।

ਉਪਰੋਕਤ ਸਤਰਾਂ ਦਾ ਲੇਖਕ ਕੌਣ ਹੈ?

ੳ. ਮਛੰਦਰ ਨਾਥ ਅ. ਗੋਰਖ ਨਾਥ

ੲ. ਚੌਰੰਗੀ ਨਾਥ ਸ. ਚਰਪਟ ਨਾਥ

9. ਬਾਬਾ ਸ਼ੇਖ਼ ਫ਼ਰੀਦ ਜੀ ਬਾਣੀ ਨਾਲ ਸੰਬਧਿਤ ਕਿਹੜਾ ਜੁੱਟ ਸਹੀ ਹੈ:

ੳ. ਸ਼ਲੋਕ-112, ਸ਼ਬਦ-2(ਇਕ ਰਾਗ ਆਸਾ, ਇਕ ਰਾਗ ਸੂਹੀ)

ਅ. ਸ਼ਲੋਕ-130 ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)

ੲ. ਸ਼ਲੋਕ-118, ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)

ਸ. ਸ਼ਲੋਕ-112, ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)

10. ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

ਉਪਰੋਕਤ ਸ਼ਲੋਕ ਵਿਚ ਬਾਬਾ ਸ਼ੇਖ਼ ਫ਼ਰੀਦ ਜੀ ਕਿਹੜੇ ਵਿਚਾਰ ਉੱਪਰ ਜ਼ੋਰ ਦਿੰਦੇ ਹਨ:

ੳ. ਚੰਗੇ ਪਕਵਾਨ ਪਰਮਾਤਮਾ ਨਾਲ ਜਲਦੀ ਮਿਲਾਉਂਦੇ ਹਨ।

ਅ. ਪਰਸ਼ਾਦ ਹਮੇਸ਼ਾ ਵਧੀਆਂ ਹੋਣਾ ਚਾਹੀਦਾ ਹੈ।

ੲ. ਪਰਮਾਤਮਾ ਨੂੰ ਸ਼ੱਕਰ, ਖੰਡ, ਗੁੜ ਅਤੇ ਮੱਝ ਦਾ ਦੁੱਧ ਪਸੰਦ ਹੈ।

ਸ. ਉਪਰੋਕਤ ਵਿਚੋਂ ਕੋਈ ਵੀ ਨਹੀਂ ।

11. ਕਿਹੜਾ ਕਥਨ ਸਹੀ ਹੈ:

(1) ਪੁਰਾਤਨ ਵਾਰਾਂ ਵਿਚਲੀ ਲੜਾਈ ਵੱਡੇ ਪੱਧਰ ਦੀਆਂ ਹਨ।

(2) ਹਰ ਖੇਤਰ ਦੇ ਢਾਡੀ ਆਪਣੀ ਰੋਟੀ-ਰੋਜ਼ੀ ਲਈ ਕਿਸੇ ਨਾ ਕਿਸੇ ਸਰਦਾਰ ਨਾਲ ਜੁੜੇ ਹੋਏ ਸਨ ਪਰ ਲੜਾਈ ਦਾ ਵਰਣਨ ਕਰਨ ਸਮੇਂ ਕਿਸੇ ਹੱਦ ਤਕ ਨਿਰਪੱਖ ਰਹਿੰਦੇ ਸਨ।

(3) ਮੱਧ-ਕਾਲ ਤੋਂ ਬਹੁਤ ਪਹਿਲਾਂ ਵਾਰਾਂ ਵਿਚ ਆਈ ਭਾਸ਼ਾ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਦੀ ਨੁੱਕ ਉਸੇ ਬੱਝ ਚੁੱਕੀ ਸੀ।

(4) ਪੁਰਾਤਨ ਵਾਰਾਂ ਅਧਿਆਤਮਿਕ ਵਾਰਾਂ ਹਨ।

ੳ. (2), (3) ਪੂਰਨ ਸਹੀ ਅਤੇ (1), (4) ਪੂਰਨ ਗਲਤ ਹੈ।

ਅ. (1), (2), (3) ਅਤੇ (4) ਪੂਰਨ ਸਹੀ ਹੈ।

ੲ. (1), (2), (3) ਅਤੇ (4) ਪੂਰਨ ਗਲਤ ਹਨ।

ਸ. (1),(2) ਅਤੇ (4) ਪੂਰਨ ਸਹੀ ਹੈ ਅਤੇ (3) ਆਂਸ਼ਿਕ ਗਲਤ ਹੈ।

12. ਪੁਰਾਤਨ ਲੋਕ ਵਾਰਾਂ ਕਿੰਨੀਆ ਹਨ:

ੳ. 22 ਅ. 39

ੲ. 10 ਸ. 6

13. ਪੂਰਵ ਨਾਨਕ ਕਾਲ ਦੇ ਸੂਫ਼ੀ ਕਵੀ ਕਿਹੜਾ ਹੈ:

ੳ. ਭਗਤ ਨਾਮਦੇਵ ਅ. ਭਗਤ ਰਵਿਦਾਸ

ੲ. ਬਾਬਾ ਬੁੱਲ੍ਹੇ ਸ਼ਾਹ ਸ. ਬਾਬਾ ਸ਼ੇਖ਼ ਫ਼ਰੀਦ

. 14. ਬਾਬਾ ਫਰੀਰ ਦਾ ਜਨਮ ਕਦੋਂ ਹੋਇਆ:

ੳ. 1469 ਈ. ਅ. 1273 ਈ.

ੲ. 1173 ਈ. ਸ. 1569

15. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ:

ੳ. 1469 ਈ. ਅ. 1273 ਈ.

ੲ. 1173 ਈ. ਸ. 1569

## ਅਭਿਆਸ ਪ੍ਰਸ਼ਨ:

2. ਪੰਜਾਬੀ ਭਾਸ਼ਾ ਤੇ ਸਾਹਿਤ ਦੀ ਜਾਣਕਾਰੀ ਦਿਉ ?
3. ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਦੀਆਂ ਸਾਹਿਤਕ ਧਰਾਵਾਂ ਬਾਰੇ ਵਿਸਥਾਰਪੂਰਵਕ ਲਿਖੋ?
4. ਪੂਰਵ ਨਾਨਕ ਕਾਲ ਵਿਚ ਉਪਜੇ ਲੋਕ ਸਾਹਿਤ ਬਾਰੇ ਜਾਣਕਾਰੀ ਦਿਓ?
5. ਪੂਰਵ ਨਾਨਕ ਕਾਲ ਵਿਚ ਉਪਜੇ ਸੂਫ਼ੀ ਸਾਹਿਤ ਬਾਰੇ ਜਾਣਕਾਰੀ ਦਿਓ?
6. ਪੂਰਵ ਨਾਨਕ ਕਾਲ ਵਿਚ ਉਪਜੇ ਵਾਰ ਸਾਹਿਤ ਬਾਰੇ ਜਾਣਕਾਰੀ ਦਿਓ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਉੱਤਰਮਾਲਾ:

| | | | | |
|---|---|---|---|---|
| 1. ੳ | 2. ੳ | 3. ਸ | 4. ਅ | 5. ੲ |
| 6. ੲ | 7. ਸ | 8. ਅ | 9. ਸ | 10. ਸ |
| 11. ੳ | 12. ਸ | 13. ਸ | 14. ੲ | 15. ੳ |

**DPBI501**

# ਅਧਿਆਇ - 8: ਸੂਫ਼ੀ ਕਾਵਿਧਾਰਾ ਦਾ ਸੰਕਲਪ: ਨਿਕਾਸ ਅਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਸੂਫ਼ੀ ਕਾਵਧਿਾਰਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸੂਫ਼ੀ ਕਾਵਧਿਾਰਾ ਦੇ ਵਿਕਾਸ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪ੍ਰਮੁੱਖ ਸੂਫ਼ੀ ਕਵੀਆਂ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਪੰਜਾਬੀ ਸਾਹਿਤ ਵਿਚ ਸੂਫ਼ੀ ਕਾਵਿਧਾਰਾ ਇਕ ਮਹੱਤਵਪੂਰਨ ਕਾਵਿਧਾਰਾ ਹੈ। ਇਸ ਅਧਿਆਇ ਵਿਚ ਸੂਫ਼ੀ ਕਾਵਿਧਾਰਾ ਦੀ ਪਰਿਭਾਸ਼ਾ, ਲੱਛਣ, ਵਿਸ਼ੇਸ਼ਤਾਵਾਂ ਅਤੇ ਪ੍ਰਮੁੱਖ ਸੂਫ਼ੀ ਕਵੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਸੂਫ਼ੀ ਕਾਵਿਧਾਰਾ ਦੇ ਸੰਸਥਾਪਕ ਬਾਬਾ ਫ਼ਰੀਦ ਜੀ ਨੂੰ ਮੰਨਿਆ ਜਾਂਦਾ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਬਾਬਾ ਫ਼ਰੀਦ ਤੋਂ ਪਹਿਲਾਂ ਪੰਜਾਬੀ ਵਿਚ ਸੂਫ਼ੀਮਤ ਦਾ ਪ੍ਰਭਾਵ ਨਹੀਂ ਸੀ ਸਗੋਂ 712 ਈ ਵਿਚ ਜਦੋਂ ਮੁਹੰਮਦ ਬਿਨ ਕਾਸਿਮ ਨੇ ਸਿੰਧ ਨੂੰ ਫ਼ਤਿਹ ਕਰਕੇ ਆਪਣਾ ਰਾਜ ਕਾਇਮ ਕਰ ਲਿਆ ਸੀ ਤਾਂ ਇਸਲਾਮ ਨਾਲ ਭਾਰਤ ਦਾ ਸੰਪਰਕ ਬਹੁਤ ਵੱਧ ਗਿਆ ਸੀ। ਇਤਿਹਾਸਕਾਰਾਂ ਦੀ ਇਹ ਧਾਰਨਾ ਹੈ ਕਿ ਪੰਜਾਬ ਉੱਤੇ ਪਹਿਲਾ ਇਸਲਾਮੀ ਹਮਲਾ ਗੌਨੀ ਦੇ ਬਾਦਸ਼ਾਹ ਸੁਬਕੁਤਗੀਨ ਨੇ ਕੀਤਾ ਸੀ। ਫੇਰ ਮਹਿਮੂਦ ਗ਼ਜ਼ਨਵੀ ਨੇ 997 ਈ ਤੋਂ 1030 ਈ ਦੌਰਾਨ 17 ਲਗਭਗ ਹਮਲੇ ਕੀਤੇ ਸਨ। ਜਿਸ ਦਾ ਅਰਥ ਹੈ ਕਿ ਗਿਆਰ੍ਹਵੀਂ ਸਦੀ ਤੋਂ ਹੀ ਮੁਸਲਮਾਨੀ ਰਾਜ ਪੰਜਾਬ ਵਿਚ ਫੈਲਣਾ ਸ਼ੁਰੂ ਹੋ ਗਏ ਸਨ। ਇਸਲਾਮ ਤੇ ਯੁਫੀ ਦਸਵੇਂ ਹੀ ਪ੍ਰਚਾਰਕ ਸਨ। ਇਸਲਾਮੀ ਕਦਰਾਂ ਕੀਮਤਾਂ ਤੇ ਧਾਰਮਿਕ ਭਾਵਨਾਵਾਂ ਦੇ ਸੂਫ਼ੀਮਤ ਦਾ ਢੰਗ ਤੇ ਸਿਧਾਂਤ ਮੁਸਲਮਾਨ ਹਾਕਮਾਂ ਵਾਂਗ ਕਠੋਰ ਨਹੀਂ ਸੀ। ਪਰੰਤੂ ਮਕਸਦ ਸੂਫ਼ੀਮਤ ਦਾ ਵੀ ਇਸਲਾਮੀ ਧਰਮ ਦਾ ਪ੍ਰਚਾਰ ਕਰਨਾ ਹੀ ਸੀ। ਪੰਜਾਬੀ ਸੂਫ਼ੀ -ਕਾਵਿਧਾਰਾ ਦੇ ਪਿੜ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਉੱਨ੍ਹੀਵੀਂ ਸਦੀ ਤੀਕਰ ਬਹੁਤ ਸਾਰੇ ਕਵੀ ਹੋਏ ਹਨ ਜਿਵੇਂ ਸ਼ਾਹ ਹੁਸੈਨ, ਸ਼ਾਹ ਸਰਫ਼ ਬਟਾਲਵੀ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਵਜੀਦ, ਫ਼ਰਦ, ਫ਼ਕੀਰ, ਹਦਾਇਤੁੱਲਾ ਆਦਿ। ਇਨ੍ਹਾਂ ਵਿਚੋਂ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਪ੍ਰਮੁੱਖ ਸੂਫ਼ੀ ਕਵੀ ਹਨ ਜੋ ਕਿ ਬਾਬਾ ਫ਼ਰੀਦ ਜੀ ਵਾਂਗ ਆਪ ਆਪਣੇ ਕਾਲ ਦੀ ਪ੍ਰਤੀਨਿਧਤਾ ਕਰਦੇ ਹਨ।

## ਵਿਸ਼ਾ ਵਸਤੂ:

ਸੂਫ਼ੀ-ਮਤ ਦਾ ਜਨਮ ਹਜ਼ਰਤ ਮੁਹੰਮਦ ਸਾਹਿਬ ਤੋਂ ਹੀ ਸਮਝਣਾ ਚਾਹੀਦਾ ਹੈ, ਭਾਵੇਂ ਆਮ ਵਿਚਾਰ ਹੈ ਕਿ ਹਜ਼ਰਤ ਅਲੀ ਇਸ ਮਤ ਦੇ ਮੋਢੀ ਹਨ । ਸੂਫ਼ੀ-ਮਤ ਦਾ ਜਨਮ ਕੇਂਦਰ ਵੀ ਇਸਲਾਮ ਵਾਂਗ ਅਰਬ ਹੀ ਹੈ । ਡਾ. ਲਾਜਵੰਤੀ ਰਾਮ ਕ੍ਰਿਸ਼ਨਾ ਅਨੁਸਾਰ ਪੰਜਾਬ ਦਾ ਸੂਫ਼ੀ-ਮਤ ਵੀ ਉਸੇ ਵੱਡੀ ਸੂਫ਼ੀ ਲਹਿਰ ਦੀ ਸ਼ਾਖਾ ਹੈ, ਜੋ ਦੂਜੀ ਸਦੀ ਹਿਜਰੀ, ਅਰਥਾਤ ਨੌਵੀਂ ਸਦੀ ਈਸਵੀ ਵਿਚ ਅਰਬ ਵਿਚ ਪੈਦਾ ਹੋਈ । ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਸੂਫ਼ੀ ਸ਼ਬਦ 'ਸਫ਼' ਤੋਂ ਬਣਿਆ ਹੈ, ਜਿਸ ਦੇ ਅਰਥ ਕਤਾਰ ਹਨ । ਜੋ ਲੋਕ ਪਹਿਲੀ ਕਤਾਰ ਵਿਚ ਖਲੋ ਕੇ ਨਿਮਾਜ਼ ਪੜ੍ਹਦੇ ਸਨ ਅਤੇ ਇਸਲਾਮ ਦੇ ਅਕੀਦਿਆਂ ਤੇ ਪੱਕੇ ਸਨ, ਉਨ੍ਹਾਂ ਨੂੰ ਸੂਫ਼ੀ ਕਿਹਾ ਜਾਣ ਲੱਗ ਪਿਆ । ਇਹ ਲੋਕ ਦਰਵੇਸ਼ੀ ਜੀਵਨ ਬਤੀਤ ਕਰਦੇ ਸਨ ਅਤੇ ਕੁਰਾਨ ਦੇ ਅਧਿਆਤਮਕ ਅਰਥ ਕੱਢ ਕੇ ਉਸ ਉੱਤੇ ਪੂਰੀ ਤਰ੍ਹਾਂ ਅਮਲ ਕਰਨ ਦਾ ਯਤਨ ਕਰਦੇ ਸਨ । ਇਹ ਤਿਆਗ ਛੇਤੀ ਹੀ 'ਰਹੱਸ ਵਿਚ ਬਦਲ ਗਿਆ ਅਤੇ ਨੌਵੀਂ ਸਦੀ ਸ਼ੁਰੂ ਵਿਚ ਹੀ ਅਜਿਹੇ ਤਿਆਗੀ ਫ਼ਕੀਰਾਂ ਨੂੰ ਲੋਕ ਸੂਫ਼ੀ ਆਖਣ ਲੱਗੇ। ਸੂਫ਼ੀ ਨਾਂ ਉਨ੍ਹਾਂ ਨੂੰ ਇਸ ਲਈ ਦਿੱਤਾ ਗਿਆ, ਕਿਉਂ ਜੋ ਉਹ ਕਾਲੇ ਰੰਗ ਦੇ ਉੱਨ ਦੇ ਮੋਟੇ ਕੱਪੜੇ ਪਾਉਂਦੇ ਸਨ । ਸੂਫ਼ੀ ਦਾ ਮਤਲਬ ਉੱਨ ਦਾ ਮੋਟਾ ਕੱਪੜਾ ਹੈ । ਇਸ ਲਈ ਸੂਫ਼ੀ ਉਨ੍ਹਾਂ ਲੋਕਾਂ ਨੂੰ ਸੱਦਿਆ ਜਾਣ ਲਗਾ, ਜੋ ਸੂਫ਼ੀ ਪਾਉਂਦੇ ਅਤੇ ਦੁਨੀਆ ਨੂੰ ਛੱਡ ਕੇ ਤਿਆਗੀ ਬਣ ਜਾਂਦੇ ਸਨ ।

ਸੂਫ਼ੀ ਮੱਤ ਅਤੇ ਸੂਫ਼ੀ ਸਿਧਾਂਤ ਉਨ੍ਹਾਂ ਮੁਸਲਮਾਨਾਂ ਸੰਤ ਫ਼ਕੀਰਾਂ ਦੇ ਗਤੀ ਮਾਰਗ ਨਾਲ ਸੰਬੰਧ ਰੱਖਦੇ ਸੰਕਲਪ ਹਨ ਜਿਹੜੇ ਮੁਸਲਮਾਨੀ ਹਾਕਮਾਂ ਰਾਜਿਆਂ ਤੇ ਕਾਜ਼ੀਆਂ ਦੇ ਕਰਮਕਾਂਡ ਅਤੇ ਜਬਰ ਜ਼ੁਲਮ ਵਾਲੀ ਨੀਤੀ ਤੋਂ ਬਾਗ਼ੀ ਹੋ ਚੁੱਕੇ ਸਨ। ਇਸਲਾਮ ਧਰਮ ਕੁਦਰਤੀ ਤੌਰ ਤੇ ਮਾਰੂਥਲ ਦੇ ਖ਼ੁਸ਼ਕ ਇਲਾਕੇ ਵਿਚ ਪੈਦਾ ਹੋਇਆ ਤੇ ਪ੍ਰਵਾਨ ਚੜ੍ਹਿਆ ਹੈ। ਇਸ ਲਈ ਕੁਦਰਤ ਦੀ ਸੁੰਦਰਤਾ ਮਾਣਨ ਦੀ ਰੀਝ ਮੁਸਲਮਾਨਾਂ ਵਿਚ ਬਹੁਤ ਘੱਟ ਹੈ। ਧਾਰਮਿਕ ਕੱਟੜਤਾ ਅਤੇ ਆਪਣੇ ਧਰਮ ਲਈ ਸੰਕੀਰਨ ਸੋਚ ਵਰਗੇ ਪੱਖ ਮੁਸਲਮਾਨਾਂ ਵਿਚ ਵਧੇਰੇ ਮਾਤਰਾ ਵਿਚ ਰਹੇ ਹਨ। ਗੈਰ ਮੁਸਲਮਾਨਾਂ ਨੂੰ ਕਾਫਿਰ ਕਹਿਣਾ, ਉਨ੍ਹਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਹੋਣ ਲਈ ਮਜਬੂਰ ਕਰਨਾ ਜਾਂ ਫਿਰ ਉਨ੍ਹਾਂ ਦਾ ਕਤਲ ਕਰਨਾ ਇਸਲਾਮੀ ਸ਼ਰ੍ਹਾ ਅਨੁਸਾਰ ਚੰਗੇ ਕਰਮ ਮੰਨੇ ਗਏ ਹਨ। ਦੂਜੇ ਧਰਮਾਂ ਦੇ ਲੋਕਾਂ ਤੋਂ ਜਜੀਆ (ਟੈਕਸ) ਲੈਣਾ ਆਦਿ ਇਸ ਕਾਰਜ ਦੇ ਹੋਰ ਪਹਿਲੂ ਹਨ। ਕੁੱਲ ਮਿਲਾ ਕੇ ਕਿਹਾ ਜਾਵੇ ਤਾਂ ਇਸਲਾਮ ਅੰਦਰ ਮਾਨਵੀ ਮੁੱਲਾਂ ਨਾਲੋਂ ਮਜ਼ਬੀ ਮੁੱਲਾਂ ਵਧੇਰੇ ਮਹੱਤਵ ਰੱਖਦੇ ਹਨ। ਇਸ ਕਿਸਮ ਦੀ ਕੱਟੜ ਪ੍ਰਥਾ ਤੋ ਵਿਰੋਧ ਕਰਕੇ ਜਿਹੜੇ ਸੰਤ ਫ਼ਕੀਰਾਂ ਨੇ ਨਿਰੋਲ ਰੱਬੀ ਪਿਆਰ ਅਤੇ ਮਨੁੱਖਤਾ ਦੇ ਕਲਿਆਣ ਦਾ ਮਾਰਗ ਧਾਰਨ ਕੀਤਾ, ਉਨ੍ਹਾਂ ਮੁਸਲਮਾਨ ਸੰਤਾ, ਫ਼ਕੀਰਾਂ, ਦਰਵੇਸ਼ਾਂ ਨੂੰ ਸੂਫ਼ੀ ਕਿਹਾ ਜਾਣ ਲੱਗ ਪਿਆ।

ਸੂਫ਼ੀ ਮੱਤ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਵਿਚੋਂ ਡਾ ਲਾਜਵੰਤੀ ਰਾਮਾ ਕ੍ਰਿਸ਼ਨ ਦਾ ਨਾਂ ਵਧੇਰੇ ਚਰਚਿਤ ਰਿਹਾ ਹੈ। ਡਾ ਲਾਜਵੰਤੀ ਦਾ ਕਹਿਣਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਚਲਾਣੇ ਤੋਂ ਲਗਭਗ ਦੋ ਸੌ ਸਾਲ ਬਾਅਦ ਸੂਫ਼ੀ ਮੱਤ ਦਾ ਆਰੰਭ ਅਰਬ ਵਿਚ ਹੋਇਆ ਸੀ। ਪ੍ਰੋ ਈ ਜੀ ਬ੍ਰਾਊਨ ਨੇ ਆਪਣੀ ਪੁਸਤਕ ਈਰਾਨੀ ਸਾਹਿਤ ਦਾ ਇਤਿਹਾਸ ਵਿਚ ਸੂਫ਼ੀ ਮੱਤ ਦੇ ਨਿਕਾਸ ਬਾਰੇ ਹੇਠ ਲਿਖੀਆਂ ਚਾਰ ਧਾਰਾਵਾਂ ਦਾ ਸ਼ਿਕਾਰ ਕੀਤਾ ਹੈ।

ੳ) ਇਹ ਹਜ਼ਰਤ ਮੁਹੰਮਦ ਸਾਹਿਬ ਦੀ ਬਾਤਨੀ ਸਿੱਖਿਆ ਵਿਚੋਂ ਵਿਕਸਿਤ ਹੋਇਆ ਹੈ।

ਅ) ਇਹ ਆਪਣੇ ਉੱਤੇ ਜ਼ੋਰ ਨਾਲ ਠੋਸੇ ਗਏ ਸਾਮੀ ਧਰਮ ਦੇ ਵਿਰੁੱਧ ਈਰਾਨੀ ਜਾਂ ਆਰੀਆਈ ਭਾਵਨਾ ਦਾ ਪ੍ਰਤੀਕਰਮ ਸੀ।

ੲ) ਇਸ ਦਾ ਨਿਕਾਸ ਨਵ-ਅਫਲਾਤੂਨੀ ਵਿਚਾਰਾਂ ਵਿਚੋਂ ਹੋਇਆ ਹੈ।

ਸ) ਇਹ ਆਪਣੇ ਆਪ ਮੁਹਾਰੇ ਰੂਪ ਵਿਚ ਖ਼ੁਦ ਪੈਦਾ ਹੋਇਆ ਹੈ।

ਭਾਵੇਂ ਕੁਝ ਵੀ ਹੈ, ਸੂਫ਼ੀਮਤ ਇਸਲਾਮ ਦਾ ਹੀ ਰਹੱਸਵਾਦੀ ਰੂਪ ਹੈ। ਸੂਫ਼ੀ ਦਰਵੇਸ਼ ਕਿਉਂਕਿ ਮੂਲ ਰੂਪ ਵਿਚ ਮੁਸਲਮਾਨ ਹੀ ਸਨ ਤੇ ਉਨ੍ਹਾਂ ਨੇ ਵੱਖ ਵੱਖ ਸਭਿਆਚਾਰਕ ਮੁੱਲਾਂ ਨੂੰ ਤਾਂ ਅਚੇਤ ਜਾਂ ਸੁਚੇਤ ਤੌਰ ਤੇ ਅਪਣਾ ਲਿਆ ਸੀ, ਪਰੰਤੂ ਕਿਸੇ ਹੋਰ ਧਰਮ ਦੇ ਬੁਨਿਆਦੀ ਸੂਤਰਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਇਸ ਲਈ ਸੂਫ਼ੀ ਮੱਤ ਦਾ ਸੰਬੰਧ ਵੀ ਇਸਲਾਮ ਧਰਮ ਦੇ ਸੰਸਥਾਪਕ ਹਜ਼ਰਤ ਮੁਹੰਮਦ ਸਾਹਿਬ ਨਾਲ ਹੀ ਜੁੜ ਜਾਂਦਾ ਹੈ। ਕੁਰਾਨ ਸ਼ਰੀਫ਼ ਵਿਚ ਅਨੇਕਾਂ ਆਇਤਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਨੂੰ ਪ੍ਰਮੁੱਖ ਸੂਫ਼ੀ ਸਿਧਾਂਤਾਂ ਨਾਲ ਜੋੜਿਆ ਜਾ ਸਕਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦੀਆਂ ਹਦੀਸਾਂ ਵਿਚ ਵੀ ਅਜਿਹੇ ਵਿਚਾਰ ਅੰਕਿਤ ਹਨ ਜਿਹੜੇ ਸੂਫ਼ੀ ਸਿਧਾਂਤਾਂ ਦੀ ਜੜ੍ਹ ਮੰਨੇ ਜਾਂਦੇ ਹਨ। ਇਸਾਈ ਮੱਤ, ਬੁੱਧ ਮੱਤ, ਨਵ ਅਫਲਾਤਨ ਅਤੇ ਵੇਦਾਂਤ ਦਾ ਸੂਫ਼ੀ ਮੱਤ ਦੇ ਨਿਕਾਸ ਨਾਲ ਇੰਨਾ ਸੰਬੰਧ ਨਹੀਂ ਜਿਨ੍ਹਾਂ ਇਸ ਦੇ ਵਿਕਾਸ ਨਾਲ ਰਿਹਾ ਹੈ।

ਸੂਫ਼ੀਮਤ ਦੇ ਨਾਮਕਰਨ ਬਾਰੇ ਵੀ ਅਨੇਕਾਂ ਵਿਚਾਰ ਪ੍ਰਚੱਲਿਤ ਰਹੇ ਹਨ। ਪਹਿਲਾਂ ਕਿ ਸੂਫ਼ੀ ਨਿਮਾਜ਼ ਪੜ੍ਹਨ ਸਮੇਂ ਪਹਿਲੀ ਸਫ਼ ਜਾਂ ਕਤਾਰ ਵਿਚ ਖਲੋਂਦੇ ਸਨ। ਦੂਜਾ, ਸੂਫ਼ੀ ਕਾਲੀ ਸੂਫ਼ੀ ਦੇ ਕੱਪੜੇ ਪਹਿਨਦੇ ਰਹੇ ਹਨ। ਇਸ ਕਿਸਮ ਦੇ ਹੋਰ ਅਨੇਕਾਂ ਵਿਚਾਰ ਨਿਰਾਸ਼

ਕੀਤੇ ਜਾਂਦੇ ਹਨ। ਪਰੰਤੂ ਹਜ਼ਰਤ ਮੁਹੰਮਦ ਦੇ ਨਿਕਟਵਰਤੀ ਹੋਣ ਦਾ ਤੇ ਕਾਲੀ ਸੂਫ਼ੀ ਪਹਿਨਣ ਦਾ ਸੰਕੇਤ ਵਧੇਰੇ ਪ੍ਰਵਾਨ ਰਿਹਾ ਹੈ। ਮੁੱਢਲੇ ਸੂਫ਼ੀ ਰੱਬ ਨੂੰ ਮਸ਼ੂਕ ਮੰਨ ਕੇ ਉਸ ਨੂੰ ਪਿਆਰ ਕਰਨ ਦੀ ਥਾਂ ਉਸ ਨੂੰ ਜਵਾਰ ਕਹਾਰ ਸਮਝਦੇ ਉਸ ਅੱਗੇ ਝੁਕਦੇ ਸਨ।
ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਨੇ ਪੰਜਾਬ ਦੇ ਸੂਫ਼ੀਆਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਹੈ :-

**(ੳ) ਕੱਟੜ ਸੂਫ਼ੀ** - ਸੂਫ਼ੀ ਮਤ ਦਾ ਪੁਰਾਣਾ ਸਕੂਲ ਜੋ ਲੋਕਾਂ ਨੂੰ ਪ੍ਰਚਾਰ ਦੁਆਰਾ ਮੁਸਲਮਾਨ ਬਣਾਉਣ ਵਿਚ ਯਕੀਨ ਰੱਖਦਾ ਹੈ, ਕੁਰਾਨ ਨੂੰ ਸਭ ਤੋਂ ਪਵਿੱਤਰ ਪੁਸਤਕ ਸਮਝਦਾ ਹੈ ਤੇ ਹਜ਼ਰਤ ਮੁਹੰਮਦ ਨੂੰ ਸਭ ਤੋਂ ਵੱਡਾ ਪੈਗ਼ੰਬਰ । ਭਾਵੇਂ ਇਸ ਸਕੂਲ ਦੇ ਸੂਫ਼ੀ ਹੋਰ ਧਰਮਾਂ ਬਾਰੇ ਵੀ ਸਹਿਣਸ਼ੀਲਤਾ ਤੇ ਰਵਾਦਾਰੀ ਵਾਲੀ ਨੀਤੀ ਦੇ ਕਾਇਲ ਸਨ, ਪਰੰਤੂ ਫਿਰ ਵੀ ਇਨ੍ਹਾਂ ਦਾ ਵਿਸ਼ਵਾਸ ਸੀ ਕਿ ਇਸਲਾਮ ਹੀ ਸਭ ਤੋਂ ਉੱਤਮ ਧਰਮ ਹੈ। ਬਾਬਾ ਫ਼ਰੀਦ ਸ਼ਕਰਗੰਜ, ਦਾਤਾ ਗੰਜ ਬਖ਼ਸ਼ ਤੇ ਬੁ-ਅਲੀ ਕਲੰਦਰ ਆਦਿ ਇਸੇ ਸਕੂਲ ਦੇ ਸੂਫ਼ੀ ਹਨ ।

**(ਅ) ਦਾਰਸ਼ਨਿਕ ਮੱਤ ਦੇ ਸੂਫ਼ੀ** - ਇਸ ਮਤ ਦੇ ਸੂਫ਼ੀ, ਵਿਚਾਰਵਾਨ ਤੇ ਸਿਧਾਂਤਵਾਦੀ ਸਨ । ਉਨ੍ਹਾਂ ਨੇ ਸਾਰੇ ਮਤਾ ਦਾ ਦਾਰਸ਼ਨਿਕ ਨਿਚੋੜ ਕੱਢਿਆ ਅਤੇ ਆਪਣੇ ਅਸੂਲਾਂ ਨੂੰ ਉਨ੍ਹਾਂ ਅਨੁਸਾਰ ਢਾਲਿਆ । ਇਨ੍ਹਾਂ ਨੇ ਸਾਰੇ ਧਰਮਾਂ ਦੇ ਖੁਸ਼ਕ ਫਲਸਫ਼ਿਆਂ ਵਿਰੁਧ ਉਜ਼ਰ ਕੀਤਾ ਅਤੇ ਸਰਬ-ਸਾਂਝੇ ਸੂਫ਼ੀ ਮਤ ਦਾ ਪ੍ਰਚਾਰ ਕੀਤਾ । ਇਹ ਲੋਕ ਧਰਮ ਬਦਲੀ
ਵਿਰੁਧ ਸਨ ਅਤੇ ਹਰੇਕ ਕਿਸਮ ਦੀ ਏਕਤਾ ਚਾਹੁੰਦੇ ਸਨ । ਡਾ. ਲਾਜਵੰਤੀ ਨੇ ਇਨ੍ਹਾਂ ਵਿਚੋਂ ਬੁੱਲੇ ਸ਼ਾਹ ਨੂੰ ਗਿਣਿਆ ਹੈ। ਉਸ ਅਨੁਸਾਰ ਅਕਬਰ ਵੀ ਸੂਫ਼ੀਆਂ ਦੇ ਇਸ ਮਤ ਤੋਂ ਪ੍ਰਭਾਵਿਤ ਹੋਇਆ ।

**(ੲ) ਸੂਫ਼ੀਆਂ ਦਾ ਹਰਮਨ ਪਿਆਰਾ ਧੜਾ** - ਇਨ੍ਹਾਂ ਵਿਚ ਉਹ ਸੂਫ਼ੀ ਆ ਜਾਂਦੇ ਹਨ, ਜਿਹੜੇ ਬਿਲਕੁਲ ਅਨਪੜ੍ਹ ਜਾਂ ਬਹੁਤੇ ਵਿਦਵਾਨ ਨਹੀਂ ਸਨ । ਉਹ ਵੱਖ ਵੱਖ ਮਤਾ ਦੇ ਵਿਚਾਰਾਂ, ਆਸ਼ਿਆਂ ਤੇ ਸਿਧਾਂਤਾਂ ਨੂੰ ਗ੍ਰਹਿਣ ਕਰ ਕੇ ਆਮ ਲੋਕਾਂ ਵਿਚ ਪ੍ਰਚਾਰਦੇ ਸਨ। ਹਜ਼ਰਤ ਮੁਹੰਮਦ ਸਾਹਿਬ ਹੀ ਉਨ੍ਹਾਂ ਦੇ ਮੁਰਸ਼ਦ ਸੀ ਅਤੇ ਕੁਰਾਨ ਹੀ ਉਨ੍ਹਾਂ ਦੀ ਸਭ ਤੋਂ ਪਵਿੱਤਰ ਪੁਸਤਕ ਸੀ । ਪਰ ਉਹ ਹੋਰ ਪੈਗ਼ੰਬਰਾਂ ਤੇ ਆਗੂਆਂ ਨੂੰ ਵੀ ਆਪਣੇ ਪੀਰ ਸਮਝਦੇ ਸਨ । ਇਹ ਲੋਕ ਨੀਵੀਂ ਜਾਤ ਦੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਬੜੇ ਹਰਮਨ ਪਿਆਰੇ ਸਨ।
ਸੂਫ਼ੀ-ਮਤ ਦੇ ਕਈ ਸਿਲਸਿਲੇ ਜਾਂ ਸ਼ਾਖਾਵਾਂ ਪ੍ਰਚਲਿਤ ਹੋਈਆਂ ਜਿਨ੍ਹਾਂ ਦਾ ਉੱਲੇਖ ਸੂਫ਼ੀ ਦਰਵੇਸ਼ਾਂ ਵੱਲੋਂ ਲਿਖੀਆਂ ਗਈਆਂ ਪੁਸਤਕਾਂ ਵਿਚ ਮਿਲਦਾ ਹੈ, ਪਰ ਇਨ੍ਹਾਂ ਵਿਚੋਂ ਵਧੇਰੇ ਸਿੱਧ ਚਾਰ ਸੂਫ਼ੀ ਸੰਪਰਦਾਵਾਂ ਹੀ ਹਨ, ਜਿਨ੍ਹਾਂ ਦਾ ਵਧੇਰੇ ਪ੍ਰਚਾਰ ਭਾਰਤ ਵਿਚ ਹੋਇਆ । ਇਹ ਸ਼ਾਖਾਵਾਂ ਹਨ :-

1) ਚਿਸ਼ਤੀ ਸੰਪ੍ਰਦਾਇ
2) ਸੁਹਰਾਵਾਦੀ ਸੰਪ੍ਰਦਾਇ
3) ਕਾਦਰੀ ਸੰਪ੍ਰਦਾਇ
4) ਨਕਸ਼ਬੰਦੀ ਸੰਪ੍ਰਦਾਇ

## ਸੂਫ਼ੀ ਕਾਵਧਿਾਰਾ ਦਾ ਵਿਕਾਸ ਅਤੇ ਪ੍ਰਮੁੱਖ ਸੂਫ਼ੀ ਕਵੀ:

ਪੰਜਾਬੀ ਸੂਫ਼ੀ -ਕਾਵਿਧਾਰਾ ਦੇ ਪਿੜ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਉੱਨ੍ਹੀਵੀਂ ਸਦੀ ਤੀਕਰ ਬਹੁਤ ਸਾਰੇ ਕਵੀ ਹੋਏ ਹਨ ਜਿਵੇਂ ਸ਼ਾਹ ਹੁਸੈਨ, ਸ਼ਾਹ ਸਰਫ਼ ਬਟਾਲਵੀ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਵਜੀਦ, ਫ਼ਰਦ, ਫ਼ਕੀਰ, ਹਦਾਇਤੁੱਲਾ ਆਦਿ। ਪਰੰਤੂ ਇਨ੍ਹਾਂ ਵਿਚੋਂ ਕੇਵਲ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਹੀ ਪ੍ਰਮੁੱਖ ਸੂਫ਼ੀ ਕਵੀ ਮੰਨੇ ਜਾ ਸਕਦੇ ਹਨ ਜੋ ਕਿ ਬਾਬਾ ਫ਼ਰੀਦ ਜੀ ਵਾਂਗ ਆਪ ਆਪਣੇ ਕਾਲ ਦੀ ਪ੍ਰਤੀਨਿਧਤਾ ਕਰਦੇ ਹਨ। ਸ਼ਾਹ ਹੁਸੈਨ ਦੀ ਕਾਵਿਧਾਰਾ ਸਿਰਜਨਾ 'ਨਾਨਕ ਕਾਲ' ਦੇ ਪੰਜਾਬੀ ਸੂਫ਼ੀ ਕਾਵਿਧਾਰਾ ਦੀ ਪ੍ਰਤੀਨਿਧਤਾ ਕਰਦੀ ਹੋਈ, ਸਮੁੱਚੇ ਪੰਜਾਬੀ ਸੂਫ਼ੀ ਕਾਵਿਧਾਰਾ ਦਾ ਸਿਖਰ ਵੀ ਸਥਾਪਤ ਕਰਦੀ ਹੈ। ਇਸ ਲਈ ਇਨ੍ਹਾਂ ਤਿੰਨਾਂ ਸਾਧਕਾਂ ਦੀ ਰਚਨਾ ਦਾ ਅਧਿਐਨ ਅਤਿ ਜ਼ਰੂਰੀ ਹੈ।

**1. ਸ਼ੇਖ਼ ਫ਼ਰੀਦ (1173-1266):** ਭਾਰਤ ਵਿਚ ਇਸਲਾਮ ਦਾ ਸ਼ਹੀਦ 712 ਈ ਵਿਚ ਹੋਏ, ਮੁਹੰਮਦ-ਬਿਨ-ਕਾਸਮ ਦੇ ਹਮਲੇ ਨਾਲ ਹੋਇਆ ਸਮਝਿਆ ਜਾਂਦਾ ਹੈ। ਇਸ ਪ੍ਰਕਾਰ ਸੂਫ਼ੀ ਮੱਤ ਦਾ ਪ੍ਰਭਾਵ ਵੀ ਇਸੇ ਦੇ ਨਾਲ ਪੈਣਾ ਆਰੰਭ ਹੋ ਗਿਆ ਹੋਵੇਗਾ। ਪੰਜਾਬੀ ਜੀਵਨ ਨੂੰ ਪੂਰਨ ਭਾਂਤ ਪ੍ਰਭਾਵਿਤ ਕਰਨ ਵਾਲਾ ਪਹਿਲਾ ਸੂਫ਼ੀ ਸੰਤ, ਸ਼ੇਖ਼ ਅਲੀ ਮਖ਼ਦੂਮ ਹੁਸ਼ਵੀਰੀ ਨੂੰ ਮੰਨਿਆ ਜਾਂਦਾ ਹੈ। ਉਹ ਮਹਿਮੂਦ ਗ਼ਜ਼ਨਵੀ ਦੇ ਪੁੱਤਰ ਦੀ ਸੈਨਾ ਦੇ ਨਾਲ ਆ ਕੇ ਲਾਹੌਰ ਵਿਚ ਆਣ ਟਿਕਿਆ ਸੀ ਜਿੱਥੇ ਉਹ ਦਾਤਾ ਗੰਜ ਬਖਸ ਕਰਕੇ ਪ੍ਰਸਿੱਧ ਹੋਇਆ। ਭਾਵੇਂ ਉਹ ਵਿਦਵਾਨ ਸੂਫ਼ੀ ਸੀ ਪਰ ਉਸ ਦੀ ਰਚਨਾ ਕੇਵਲ ਫ਼ਾਰਸੀ ਵਿਚ ਹੀ ਪ੍ਰਾਪਤ ਹੁੰਦੀ ਹੈ, ਪੰਜਾਬੀ ਵਿਚ ਨਹੀਂ। ਇਸ ਲਈ ਪੂਰਵ ਨਾਨਕ ਕਾਲ (1500 ਈ ਤੱਕ) ਵਿਚ ਹੋਏ ਦੋ ਸੂਫ਼ੀਆਂ ਵਿਚੋਂ, ਕੇਵਲ ਦੂਜੇ ਸੂਫ਼ੀ ਚਿੰਤਕ, ਫ਼ਰੀਦ ਕਰ ਗੰਜ ਦੀ ਰਚਨਾ ਹੀ ਪੰਜਾਬੀ ਸੂਫ਼ੀ ਕਵਿਤਾ ਦਾ ਮੁੱਢ ਬੰਨ੍ਹਦੀ ਹੈ। ਦਾਤਾ ਗੰਜ ਬਖਸ ਅਤੇ ਫ਼ਰੀਦ, ਦੋਵੇਂ ਹੀ ਇਸਲਾਮ ਦੇ ਪ੍ਰਚਾਰਕ ਸਨ। ਪਿਛਲੇਰੇ ਸੂਫ਼ੀ ਚਿੰਤਕ ਇਸਲਾਮ ਤੋਂ ਇਉਂ ਦੂਰ ਰਹਿੰਦੇ ਹੁੰਦੇ ਚਲੇ ਗਏ ਜਿਸ ਪ੍ਰਕਾਰ ਆਰੰਭਲੇ ਪੜਾਅ ਦੇ ਇਸਲਾਮੀ ਦੇਸਾਂ ਦੇ ਸੂਫ਼ੀ , ਸੂਫ਼ੀ ਵਿਚਾਰਧਾਰਾ ਦੇ ਵਿਕਾਸ ਦੇ ਨਾਲ-ਨਾਲ ਇਸ ਤੋਂ ਨਿਖੇੜ ਪ੍ਰਾਪਤ ਕਰਦੇ ਗਏ ਸਨ। ਇਹ ਕਹਿਣਾ ਅਨੁਚਿਤ ਨਹੀਂ ਹੋਵੇਗਾ ਕਿ ਭਾਰਤ ਵਿਚ ਪ੍ਰਵੇਸ਼ ਪਿੱਛੋਂ ਵੀ, ਸੂਫ਼ੀ ਮੱਤ ਨੇ ਵਿਕਾਸ ਦੇ ਪਹਿਲੇ ਪੜਾਵਾਂ ਨੂੰ ਕੁਝ ਜੀਵਿਆ ਜਾਂ ਇਤਿਹਾਸ ਨੇ ਆਪਣੇ ਸੁਭਾਅ ਵਾਲਾ ਚੱਕਰ ਮੁੜ ਖਾਧਾ।

ਉਪਰੋਕਤ ਤੱਥ ਨੂੰ ਮੁੱਖ ਰੱਖਦਿਆਂ, ਇਹ ਗੱਲ ਸਹੀ ਹੋ ਜਾਂਦੀ ਹੈ ਕਿ ਫ਼ਕੀਰ ਕਰ ਗੰਜ, ਪਹਿਲੇ ਪੜਾਅ ਦੇ ਸੂਫ਼ੀ ਚਿੰਤਕਾਂ ਵਾਂਗ, ਸੂਫ਼ੀ ਚਿੰਤਕ ਹੋਣ ਨਾਲੋਂ ਸੱਚਾ ਮੁਸਲਮਾਨ ਵਧੇਰੇ ਲੱਗਦਾ ਹੈ (ਭਾਵੇਂ ਪੂਰਨ ਤੌਰ ਤੇ ਨਹੀਂ)। ਇਸ ਗੱਲ ਦਾ ਸਬੂਤ, ਲੱਖਾਂ ਉੱਤਰੀ ਭਾਰਤ ਦੇ ਲੋਕਾਂ ਦੇ ਇਸਲਾਮ ਨੂੰ ਧਾਰਨ ਕਰ ਲੈਣ ਤੋਂ ਪ੍ਰਾਪਤ ਹੋ ਜਾਂਦਾ ਹੈ। ਪੰਜਾਬ ਅੰਦਰ, ਪਹਿਲੇ ਪੜਾਅ ਦਾ ਸੂਫ਼ੀ ਚਿੰਤਕ ਹੋਣ ਕਰਕੇ ਸ਼ਰ੍ਹਾ ਸ਼ਰੀਅਤ ਦੇ ਵਿਚਾਰਾਂ ਦੀ ਚਾਣੀ ਅਤੇ ਰਈ ਬਦਾਵਲੀ ਦੀ ਵਰਤੋਂ ਇਸ ਦੀ ਰਚਨਾ ਵਿਚ ਪ੍ਰਤੱਖ ਹੈ।

ਫ਼ਰੀਦ ਜੀ ਦੇ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੇ 112 ਸਲੋਕਾਂ ਅਤੇ 4 ਸ਼ਬਦਾਂ ਨੂੰ ਹੀ ਸਹੀ ਅਤੇ ਅਸਲੀ ਰਚਨਾ ਮੰਨਦੇ ਹੋਏ ਅਸੀਂ ਇਸ ਨੂੰ ਆਪਣੀ ਚਰਚਾ ਦਾ ਆਧਾਰ ਬਣਾਵਾਂਗੇ।

**ਵਿਚਾਰ -** ਪੂਰਵ ਨਾਨਕ ਕਾਲ ਦੀ ਇਸ ਪੰਜਾਬੀ ਸੂਫ਼ੀ ਕਵਿਤਾ ਵਿਚ ਪ੍ਰਾਪਤ ਵਿਚਾਰਾਂ ਨੂੰ ਅਸੀਂ ਚਾਰ ਵਰਗਾਂ ਵਿਚ ਵੰਡ ਕੇ ਵਿਚਾਰ ਕਰ ਸਕਦੇ ਹਾਂ:-

**(1) ਦਾਰਸ਼ਨਿਕ ਵਿਚਾਰ:** ਫ਼ਰੀਦ ਅਨੁਸਾਰ ਬ੍ਰਹਮ ਇਕ ਹੈ ਜੋ ਸ੍ਰਿਸ਼ਟੀ ਕਾ ਕਰਤਾ ਅਤੇ ਪਰਵਰਦਿਗਾਰ ਵੀ ਹੈ। ਉਹ ਅਪਾਰ, ਅਗੰਮ, ਬੇਅੰਤ ਅਤੇ ਸੱਚ ਸਰੂਪ ਹੈ। ਉਹ ਸੰਸਾਰੀ ਜੀਵਾਂ ਦੇ ਗੁਨਾਹ ਬਖ਼ਸ਼ਣਹਾਰ ਅਤੇ ਬਲਿਹਾਰ ਦੇਣ ਦੀ ਸਮਰੱਥਾ ਰੱਖਦਾ ਹੈ। ਜਿੱਥੇ ਜੀਵ ਗੁਨਾਹਗਾਰ ਹਨ ਉੱਥੇ ਬ੍ਰਹਮ ਦੋਂਰਰਹਿਤ ਹੈ। ਗੁਨਾਹ ਕਰਨ ਵਾਲੇ ਜੀਵਾਂ ਨਾਲ ਉਹ ਰੋਸ (ਨਾਰਾਜ਼ਗੀ) ਦਾ ਪ੍ਰਗਟਾਵਾ ਵੀ ਕਰਦਾ ਹੈ ਅਤੇ ਉਨ੍ਹਾਂ ਨੂੰ ਦੁਰਕਾਰਦਾ ਅਥਵਾ ਅਨਾਦਰ ਦੇ ਸ਼ਬਦਾਂ ਰਾਹੀਂ ਝਿੜਕਾਂ ਵੀ ਦਿੰਦਾ ਹੈ। ਫ਼ਰੀਦ ਦਾ ਬ੍ਰਹਮ ਪ੍ਰਕਿਰਤੀ ਤੋਂ ਵੱਖਰਾ ਨਹੀਂ ਹੈ। ਉਹ ਤਾਂ ਸਗੋਂ ਪਦਾਰਥਾਂ ਅਤੇ ਜੀਵਾਂ ਦੇ ਹਿਰਦਿਆਂ ਦੇ ਅੰਦਰ ਵੱਸਦਾ ਹੈ

"ਵਸੀ ਰਬੁ ਹੀਆਲੀਐ ਜੰਗਲੁ ਕਿਆ ਢੂਢੇਹਿ

ਬਾਬਾ ਫ਼ਰੀਦ ਅਨੁਸਾਰ ਹਰ ਕੀਮਤ ਉੱਤੇ ਜੀਵ ਨੂੰ ਬ੍ਰਹਮ-ਪ੍ਰਾਪਤੀ ਲਈ ਜਤਨ ਕਰਨਾ ਚਾਹੀਦਾ ਹੈ ਕਿਉਂਕਿ ਮਨੁੱਖਾ-ਜਨਮ ਦਾ ਮਨੋਰਥ ਹੀ ਬ੍ਰਹਮ ਪ੍ਰਾਪਤੀ ਹੈ ਇਹੋ ਕਾਰਨ ਹੈ ਕਿ ਇਸ ਪਰਮ ਉਦੇਸ਼ ਦੀ ਪ੍ਰਾਪਤੀ ਤੋਂ ਸੱਖਣੀਆਂ ਰੂਹਾਂ ਜੀਵਨ- ਸਮਾਪਤੀ ਮਗਰੋਂ ਤੜਫਦੀਆਂ ਹਨ। ਦੂਜੇ ਪਾਸੇ ਜਿਨ੍ਹਾਂ ਜੀਊੜਿਆਂ ਨੂੰ ਬ੍ਰਹਮ ਨਾਲ ਦਿਲੋਂ ਪਿਆਰ ਹੈ ਅਥਵਾ ਜੋ ਉਸ ਦੀ ਪ੍ਰਾਪਤੀ ਦੇ ਇੱਛੁਕ ਹਨ, ਉਹ ਹੀ ਅਸਲ ਮਨੁੱਖ ਹਨ। ਬ੍ਰਹਮ ਪ੍ਰਾਪਤੀ ਲਈ, ਬ੍ਰਹਮ ਦੀ ਕਿਰਪਾਲਤਾ ਹੋਣੀ ਅਤਿ ਜ਼ਰੂਰੀ ਹੈ। ਉਹ ਸਾਧ-ਸੰਗਤ ਨਾਲ ਮੇਲ ਕੇ, ਜੀਵਾਂ ਨੂੰ ਆਪਣੇ ਲੜ ਲੱਗਣ ਦੇ ਯੋਗ ਬਣਾ ਦਿੰਦਾ ਹੈ

"ਆਪਿ ਲੀਏ ਲੜਿ ਲਾਇ ਦਰ ਦਰਵੇਸ਼

ਤਿਨੁ ਧੰਨੁ ਜਣਦੀ ਮਾਉ ਆਏ ਸਫਲ ਸੇ

ਫ਼ਰੀਦ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਦੂਜਾ ਤੱਤ ਜੀਵ ਅਥਵਾ ਜੀਵਾਤਮਾ ਹੈ। ਉਨ੍ਹਾਂ ਅਨੁਸਾਰ ਜੀਵ ਦੋ ਤੱਤਾਂ ਤਨ ਅਥਵਾ ਸਰੀਰ ਅਤੇ ਜਿੰਦ ਅਥਵਾ ਆਤਮਾ ਤੇ ਆਧਾਰਤ ਹੁੰਦਾ ਹੈ। ਤਨ ਦਾ ਅੰਤਿਮ ਟਿਕਾਣਾ ਖ਼ਾਕ (ਮਿੱਟੀ) ਅਥਵਾ ਕਬਰ ਹੁੰਦੀ ਹੈ ਤੇ (ਜਿੰਦ) ਨੂੰ ਮਰਣੁ ਵਰ (ਮੌਤ ਰੂਪੀ ਲਾੜਾ) ਪਰਣਾ ਕੇ ਕਿਸੇ ਦੂਰ ਥਾਂ ਲੈ ਜਾਂਦਾ ਹੈ ਜਿੱਥੋਂ ਉਹ ਦੁਨੀਆ ਸੁਹਾਵੇ ਬਾਗ ਅੰਦਰ ਪੰਥ ਪਰਾਹੁਣੀ ਬਣ ਕੇ ਆਈ ਹੁੰਦੀ ਹੈ। ਤਨ ਅਥਵਾ ਸਰੀਰ, ਅੰਨ ਅਤੇ ਪਾਣੀ ਦੇ ਆਸਰੇ ਤੁਰਨ ਵਾਲੇ ਸਾਢੇ ਤ੍ਰੈ ਮਣ ਦੀ ਦੇਹੁਰੀ ਹੈ। ਫ਼ਰੀਦ ਜੀ ਦੇ ਅਨੁਸਾਰ ਜੀਵ,

ਸੰਸਾਰ ਅੰਦਰ ਕੋਈ ਸੋਹਣੀ ਜਿਹੀ ਆਸ (ਵਤਿ ਆਸੂਣੀ ਬੰਨਿ) ਲੈ ਕੇ ਆਉਂਦਾ ਹੈ। ਉਹ ਆਸ ਹੈ ਇਸ ਮਨੁੱਖਾ ਜਨਮ ਦੇ ਅੰਦਰ ਪ੍ਰਭੂ ਨਾਲ ਮੇਲ ਪ੍ਰਾਪਤ ਕਰਨ ਦੀ (ਆਜੁ ਮਿਲਾਵਾ)।

ਫ਼ਰੀਦ ਜੀ ਦੇ ਅਨੁਸਾਰ ਜੀਵ ਦੀ ਸੰਸਾਰਿਕ-ਆਯੂ ਉਸ ਦੇ ਜਨਮ ਤੋਂ ਪਹਿਲਾਂ ਹੀ ਨਿਸ਼ਚਿਤ ਕਰ ਦਿੱਤੀ (ਸਾਹੇ ਲਏ ਲਿਖਾਏ) ਜਾਂਦੀ ਹੈ। ਇਸੇ ਲਈ ਉਹ ਇਸ ਅਵਧੀ ਦੇ ਦਿਨਾਂ ਨੂੰ ਗਿਣਤੀ-ਮਿਣਤੀ ਦੇ ਦਿਨ (ਜੋ ਦਿਹ ਲਧੇ ਗਾਣਵੇਂ ਆਖਦੇ ਹਨ। ਸਮੇਂ ਦੇ ਬੀਤਣ ਨਾਲ ਜਿੱਥੇ ਜੀਵ ਦੀ ਆਯੂ ਘਟਦੀ ਜਾਂਦੀ (ਉਮਰ ਹੱਥ ਪਵੰਨਿ) ਹੈ ਉੱਥੇ ਇਸ ਦੇ ਸਰੀਰ ਵਿਚ ਪਰਿਵਰਤਨ ਵੀ ਆਉਂਦਾ ਚਲਾ ਜਾਂਦਾ ਹੈ (ਦਾੜੀ ਹੋਈ ਭੂਰ, ਅਖੀ ਦੇਖਿ ਪਤੀਣੀਆਂ) ਤੇ ਇਹ ਨਿਰਬਲ ਹੋ ਕੇ ਖੀਣ ਹੁੰਦਾ ਜਾਂਦਾ ਹੈ (ਕੰਬਣ ਲੱਗੀ ਦੇਹ)। ਇੱਥੋਂ ਤੱਕ ਕਿ ਤਨ ਸੁੱਕ-ਸੁੱਕ ਕੇ ਪਿੰਜਰ ਹੀ ਰਹਿ ਜਾਂਦਾ ਹੈ। ਜੜ੍ਹ-ਪ੍ਰਕਿਰਤੀ ਵਿਚ ਜਗਤ ਦੀਆਂ ਹੋਰ ਹਰ ਪ੍ਰਕਾਰ ਵਸਤਾਂ ਨੂੰ ਬਾਗ (ਪੰਖ ਪਰਾਹੁਣੀ ਦੁਨੀਆ ਸੁਹਾਵਾ ਬਾਗ) ਦੇ ਚਿੰਨ੍ਹ ਦੁਆਰਾ ਵਰਣਨ ਕੀਤਾ ਹੈ। ਸਜੀਵ-ਪ੍ਰਕਿਰਤੀ ਨੂੰ ਆਪ ਨੇ ਸਿੱਧਾਂ ਹੀ ਅਸਥਿਰ ਕਹਿ ਕੇ, ਦੋਨਾਂ ਦਾ ਅੰਤਰ ਹੋਰ ਵੀ ਨਿਖੇੜ ਧਰਿਆ ਹੈ। (ਸੇਖ ਹੈਯਾਤੀ ਜਗ਼ ਕੇਤੇ ਬੈਸਿ ਗਇਆ) ਇਸ ਨਿਖੇੜ ਚੋਂ ਸਪਸ਼ਟ ਹੁੰਦਾ ਹੈ ਕਿ ਸਜੀਵ ਪ੍ਰਕਿਰਤੀ ਨਾਲੋਂ ਜਗਤ ਸਥਿਰ ਅੰਸ਼ੇ ਟਿਕਾਇਮਾਨ ਹੈ। ਪਰ ਅਗੇਰੇ ਚੱਲ ਕੇ ਆਪ ਜਗਤ ਅਥਵਾ ਜੜ੍ਹ-ਜਗਤ ਨੂੰ ਵੀ ਨਾਸ਼ਮਾਨ (ਚਲ ਚਲ ਗਈਆਂ ਪੰਖੀਆਂ ਸਰ ਭਰਿਆ ਭੀ ਚਲਸੀ) ਸਿੱਧ ਕੀਤਾ ਹੈ।

ਫ਼ਰੀਦ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਵਿਚ ਮਾਇਆ ਸੰਬੰਧੀ ਵੀ ਵਿਚਾਰ ਅਵੱਸ਼ ਪ੍ਰਗਟਾਏ ਗਏ ਹਨ। ਉਨ੍ਹਾਂ ਨੇ ਸ਼ੈਤਾਨ ਨੂੰ ਮਾਇਆ ਦਾ ਏਜੰਟ ਸਿੱਧ ਕੀਤਾ ਹੈ ਕਿਉਂਕਿ ਉਹੋ ਹੀ ਜੀਵਾਂ ਨੂੰ ਭਰਮਾ ਕੇ (ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਿਹਿ ਚਿਤ) ਮਾਇਆ ਦੀਆਂ ਲਹਿਰਾਂ ਦੀ ਲਪੇਟ ਵਿਚ ਅਤੇ ਇਸ ਦੇ ਫਾਹੀ ਵਾਲ (ਸਰਵਰ ਪੰਖੀ ਹੇਕੜੋ ਫਾਹੀ ਵਾਲ) ਸਿੱਧ ਹੁੰਦੇ ਪਦਾਰਥਾਂ ਦੇ ਢਹੇ ਚੜ੍ਹਾ ਦਿੰਦਾ ਹੈ। ਆਪ ਦਾ ਮੱਤ ਹੈ ਕਿ ਜੀਵਾਤਮਾ ਦੇ ਮੁਕਾਬਲੇ ਤੇ ਮਾਇਆ ਬਹੁਤ ਕਤੀਲੀ ਹੈ। ਸੱਚੇ ਪ੍ਰਭੂ ਦੀ ਬਖਸ ਰਹੀ ਹੈ ਜਿਸ ਨਾਲ ਇਹ ਬਚ ਸਕਦਾ ਹੈ।

**(2) ਰਾਜਨੀਤਕ ਵਿਚਾਰ:** ਫ਼ਰੀਦ ਜੀ ਦੀ ਰਚਨਾ ਵਿਚ, ਕੁਝ ਹੱਦ ਤੱਕ ਰਾਜਨੀਤਕ ਸੰਕੇਤ ਵੀ ਪ੍ਰਾਪਤ ਹੁੰਦੇ ਹਨ ਜੋ ਕਿ ਪ੍ਰਤੀਕਾਂ ਅਤੇ ਅਲੰਕਾਰਾਂ ਵਿਚੋਂ ਉਗਮਦੇ ਹਨ। ਇਨ੍ਹਾਂ ਵਿਚੋਂ ਭਰਵੇਂ ਚਿੰਨ੍ਹ, ਰਾਜੇ-ਰਾਣੀਆਂ ਦੇ ਛਤਰ ਧਾਰਨ ਕਰਨ ਅਤੇ ਆਪਣੀ ਉਸਤਤੀ (ਪਾਸਿ ਦਮਾਮੇ ਛਤੁ ਸਿਰਿ) ਦੇ ਛੰਦ ਗਵਾਉਣ ਆਦਿ ਸੰਬੰਧੀ ਹਨ। ਰਾਜਸੀ ਜਬਰ) ਦੁਹੁ ਦੀਵੀ ਬਲੰਦਿਆਂ) ਦਾ ਇਕ ਭਰਪੂਰ ਬਿੰਬ ਵੀ ਪ੍ਰਾਪਤ ਹੁੰਦਾ ਹੈ ਜਿਸ ਵਿਚੋਂ ਦਿਨ੍ਹਦਿਹਾੜੇ ਕਿਲ੍ਹਿਆਂ ਤੇ ਹਿਰਾਂ ਆਦਿ ਨੂੰ ਲੁੱਟ ਲੁਟਾ ਕੇ ਢਾਹ ਢੇਰੀ ਕਰ ਸੁੱਟਣ ਦੀ ਪ੍ਰਥਾ ਦੇ ਸੰਕੇਤ ਉੱਭਰਦੇ ਹਨ।

**(3) ਸਮਾਜਕ ਵਿਚਾਰ:** ਆਪ ਦੀ ਰਚਨਾ ਅੰਦਰੋਂ ਉੱਭਰਦੇ ਸਮਾਜਕ ਵਿਚਾਰਾਂ ਦੇ ਸੰਕੇਤਾਂ ਦਾ ਵੀ ਅਭਾਵ ਨਹੀਂ। ਆਰਥਕ ਪੱਧਰ ਉੱਤੇ ਉੱਸਰੇ ਦੋ ਵਰਗਾਂ, ਧਨੀਆਂ ਅਤੇ ਨਿਰਧਨਤਾ (ਇਕਨਾ ਆਟਾ ਅਗਲ਼) ਸੰਬੰਧੀ ਬੜਾ ਜ਼ੋਰਦਾਰ ਬਿਆਨ ਹੈ। ਸਮਾਜ ਦੇ ਸੰਕਟ-ਗ੍ਰਸਤ (ਦੁਖ ਸਬਾਇਐ ਜਗਿ) ਹੋਣ ਦੀ ਗਵਾਹੀ ਵੀ ਪ੍ਰਤੱਖ ਹੈ। ਵਿਆਹ-ਸ਼ਾਦੀ ਸਮੇਂ ਸਾਹਾ ਲਿਖਣ (ਧਨ ਵਰੀ ਸਾਹੇ ਲਏ ਲਿਖਾਇ) ਦੇ ਰਿਵਾਜ ਦੇ ਸੰਕੇਤ ਦੇ ਸ਼ੈਲ ਨਾਲ ਵਿਆਹ ਸਮੇਂ ਇਸਤਰੀ ਦੀ ਬੇਵੱਸੀ (ਸਾਹੇ ਲਿਖੇ ਸਹੁ ਨੰਢੜਾ) ਅਤੇ ਪਿੱਛੋਂ ਜਾ ਕੇ, ਵਿਵਾਹਿਤ ਸੰਬੰਧਾਂ ਦੇ ਟੁੱਟ ਜਾਣ (ਜੇ ਜਾਣਾ ਲੜ ਛਿਜਣ਼) ਦੇ ਰਿਵਾਜ ਸੰਬੰਧੀ ਗੁਆਹੀਆਂ ਵੀ ਸਪਸ਼ਟ ਹਨ। ਇਸ ਅਵਸਥਾ ਵਿਚ ਪੁੱਜਣ ਉੱਤੇ ਪਸ਼ਚਾਤਾਪ ਦੇ ਭਾਵ ਅਤੇ ਮੁੜ ਕੁਆਰੇ ਪੁਣੇ ਵਾਲੇ ਸੁਖੀ ਜੀਵਨ ਦੀ ਅਸਫਲ ਝਾਕ (ਜਾਂ ਕੁਆਰੀ ਕੁਆਰੀ ਨਾ ਥੀਐ) ਕਰਨ ਦੇ ਭਾਵ ਵੀ ਉਸ ਕਾਲ ਵਿਚ ਅਵਸ ਹੀ ਉੱਘੜਵੇਂ ਹੋਣਗੇ।

**(4) ਧਾਰਮਿਕ ਵਿਚਾਰ:** ਫ਼ਰੀਦ ਜੀ ਦੇ ਧਾਰਮਿਕ ਵਿਚਾਰਾਂ ਵਿਚ, ਸ਼ਰ੍ਹਾ ਸ਼ਰੀਅਤ ਦੀ ਪਾਬੰਦੀ ਦੀ ਸਿੱਖਿਆ ਬੜੀ ਉੱਭਰਵੀਂ ਹੈ। ਪੰਜੇ-ਵਕਤ ਨਿਮਾਜ਼ ਗੁਜ਼ਾਰਨ (ਬੇਨਿਵਾਜਾ ਕੁਤਿਆ਼ ਪੰਜੇ ਵਖਤ ਮਸੀਤਿ) ਨਿਮਾਜ਼ ਤੋਂ ਪਹਿਲਾਂ ਉਜੂ (ਉਠ ਫਰੀਦਾ ਉਜੂ ਸਾਜਿ) ਕਰਨ, ਜੀਵਨ ਭਰ ਨਾਮ-ਸਿਮਰਨ (ਤਿਨਾ ਮੁੱਖ ਡਰਾਵਣੇ਼ ਨਾਉ) ਕਰਨ ਅਤੇ ਪ੍ਰਭੂ ਨਾਲ ਜੁੜਨ (ਪਿਆਰੇ ਅਲਹ ਲਗੇ) ਦੀ ਪ੍ਰੇਰਣਾ ਬਿਲਕੁਲ ਸਪਸ਼ਟ ਹੈ।

**(5) ਆਚਾਰ ਨੀਤੀ ਸੰਬੰਧੀ ਵਿਚਾਰ:** ਆਚਾਰ ਨੀਤੀ ਸੰਬੰਧੀ ਵੀ ਫ਼ਰੀਦ ਜੀ ਦੇ ਵਿਚਾਰ ਬਿਲਕੁਲ ਸਪਸ਼ਟ ਹਨ। ਕ੍ਰੋਧ ਦੇ ਦਮਨ, ਹੰਕਾਰ ਦੇ ਤਿਆਗ, ਸਬਰ ਤੇ ਸਾਦਗੀ ਧਾਰਨ, ਬੁਰੇ ਲਾਲ ਵੀ ਭਲਾ ਕਰਨ, ਤ੍ਰਿਸ਼ਨਾ ਦਾ ਦਮਨ ਕਰਨ, ਸ਼ੁਭ ਕਰਮ ਦੀ ਲੋੜ, ਮੰਦੇ ਅਮਲਾਂ ਦੇ ਤਿਆਗ, ਕਿਸੇ ਦਾ ਦਿਲ ਨਾ ਦੁਖਾਉਣਾ ਅਤੇ ਭਲੀ ਸਭਾ ਵਾਲੀ ਸੰਗਤ ਗ੍ਰਹਿਣ ਕਰਨ ਆਦਿਕ ਦੀ ਥਾਂ ਪਰ ਥਾਂ ਚੇਤਾਵਨੀ ਕੀਤੀ ਗਈ ਹੈ।

## ਰੂਪਕ ਪੱਖ :

ਫ਼ਰੀਦ ਜੀ ਨੇ ਆਪਣੇ ਵਿਚਾਰ ਨੂੰ ਸਲੋਕ ਅਤੇ ਬਦ ਭਾਰਤੀ ਕਾਵਿਧਾਰਾ-ਪ੍ਰਣਾਲੀ ਦੇ ਦੋ ਰੂਪਾਂ ਵਿਚ ਕਾਵਿਧਾਰਾ -ਬਦ ਕੀਤਾ ਹੈ। ਇਹ ਗੱਲ ਸਪਸ਼ਟ ਹੈ ਕਿ ਉਨ੍ਹਾਂ ਨੇ ਕਵਿਤਾ ਦੇ ਰੂਪ ਨਾਲੋਂ ਆਪਣੇ ਵਿਚਾਰਾਂ ਨੂੰ ਵਧੇਰੇ ਮਹਾਨਤਾ ਦਿੱਤੀ ਹੈ ਜਿਸ ਲਈ ਆਪਣੇ ਵਿਚਾਰਾਂ ਦੇ ਪੂਰਨ ਪ੍ਰਗਟਾਵੇ ਲਈ ਛੰਦ-ਚਾਲ ਦੇ ਨਿਯਮ ਉਲੰਘਣ ਦੀ ਖੁੱਲ੍ਹ ਮਾਣੀ ਹੈ। ਭਾਵ ਇਹ ਹੈ ਕਿ ਉਹ ਛੰਦ-ਚਾਲ ਦੇ ਨਿਯਮਾਂ ਤੇ ਤੁਰਨ ਲਈ ਮਾਤਰਾਂ ਤੇ ਪੰਗਤੀਆਂ ਦੀ ਗਿਣਤੀ ਮਿਣਤੀ ਦੇ ਝੰਜਟ ਵਿਚ ਨਹੀਂ ਪੈਂਦੇ। ਲੋਕ ਕੇਵਲ ਦੋ ਪੰਗਤੀਆਂ ਦਾ ਕਾਵਿਧਾਰਾ ਰੂਪ ਹੁੰਦਾ ਹੈ ਜਿਸ ਨੂੰ ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਲਿਆਉਣ ਦੀ ਪਹਿਲ ਕੀਤੀ ਹੇ। ਇਸ ਕਾਵਿਧਾਰਾ-ਰੂਪ ਵਿਚ ਪੰਗਤੀਆਂ ਦੀ ਗਿਣਤੀ ਪੱਖੋਂ ਖੁੱਲ੍ਹ ਲੈਣ ਦਾ ਇਹ ਹਾਲ ਹੈ ਕਿ ਦੋ ਦੋ ਪੰਗਤੀਆਂ ਦੀ ਥਾਵੇਂ ਤਿੰਨ1, ਚਾਰ2, ਛੇ ਜਾਂ ਅੱਠ ਤੱਕ3, ਪੰਗਤੀਆਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਸਲੋਕਾਂ ਵਿਚ ਤਿੰਨ ਪ੍ਰਕਾਰ ਦੇ ਛੰਦ ਵਰਤੇ ਗਏ ਹਨ। ਵਧੇਰੇ ਕਰਕੇ ਦੋਹਰੇ ਦੀ ਚਾਲ (13+11 ਦੇ ਲਗਭਗ ਮਾਤ੍ਰਾਂ) ਨੂੰ ਅਪਣਾਇਆ ਹੈ। ਕਿਧਰੇ-ਕਿਧਰੇ ਦਵੱਯਾ (16+12 ਮਾਤਰਾ) ਦਾ ਪ੍ਰਯੋਗ ਵੀ ਮਿਲਦਾ ਹੈ। ਸਲੋਕਾਂ ਵਿਚ ਚੌਪਈ (8+7 ਮਾਤਰਾ) ਦੀ ਚਾਲ (ਫਰੀਦਾ ਥੀਹੁ ਪਵਾਹੀ ਦਭੁ) ਨੂੰ ਵੀ ਵਰਤਿਆ ਹੈ। ਲਗਭਗ ਹਰ ਪ੍ਰਕਾਰ ਦੀ ਚਾਲ ਵਿਚ ਹੀ ਫਰੀਦਾ ਸ਼ਬਦ, ਛੰਦ ਲਈ ਲੋੜੀਂਦੀਆਂ ਮਾਤਰਾ ਤੋਂ ਵਾਧੂ ਰਿਹਾ ਹੈ। ਸ਼ਬਦ ਕਾਵਿਧਾਰਾ-ਰੂਪ ਦੀ ਵਰਤੋਂ ਪਹਿਲਾਂ ਨਾਥ ਜੋਗੀ ਕਰ ਚੁੱਕੇ ਸਨ। ਆਪ ਨੇ ਚਾਰ ਸ਼ਬਦ ਕਾਨੀ ਬੰਦ ਕੀਤੇ ਹਨ ਜੋ ਸੰਗੀਤ ਬੱਧ ਹਨ। ਫ਼ਰੀਦ ਜੀ ਦੀ ਰਚਨਾ ਦੀ ਬੋਲੀ ਮੁੱਢਲੇ ਤੌਰ ਤੇ ਕੇਂਦਰੀ ਪੰਜਾਬੀ ਅਥਵਾ ਲਾਹੌਰੀ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨਾਲ, ਸਾਨੂੰ ਇਹ ਵੇਖ ਕੇ ਸਹਿਮਤ ਹੋਣਾ ਹੀ ਪੈਂਦਾ ਹੈ ਕਿ ਫ਼ਰੀਦ ਰਾਹੀਂ ਵਰਤੀ ਬੋਲੀ ਉੱਤੇ ਲਹਿੰਦੀ, ਵਿਸ਼ੇਸ਼-ਕਰ ਮੁਲਤਾਨੀ ਦਾ ਪ੍ਰਭਾਵ ਬਹੁਤ ਉੱਘੜਵਾਂ ਹੈ। ਹੇਠਾਂ ਦਰਜ ਸਲੋਕਾਂ ਵਿਚ ਜੇਕਰ ਪਹਿਲਾ ਸਲੋਕ ਠੇਠ ਕੇਂਦਰੀ ਪੰਜਾਬੀ ਵਿਚ ਅੰਕਿਤ ਹੈ ਤਾਂ ਦੂਜਾ ਸਲੋਕ ਮੁਲਤਾਨੀ ਦੇ ਪ੍ਰਭਾਵ ਦੀ ਉੱਘੜਵੀਂ ਉਦਾਹਰਨ ਹੈ

(ੳ) ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ।
ਫਰੀਦਾ ਲੋਕਾਂ ਆਪੋ ਆਪਣੀ ਮੈਂ ਆਪਣੀ ਪਈ।।

(ਅ) ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ।।
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।।

ਫ਼ਰੀਦ ਜੀ ਦੇ ਪ੍ਰਚਾਰ ਕਾਰਜ ਦਾ ਖੇਤਰ ਮੁਲਤਾਨ ਜ਼ਿਲ੍ਹੇ ਵਿਚ ਹੋਣ ਕਰਕੇ ਉਨ੍ਹਾਂ ਦਾ ਲਹਿੰਦੀ ਬੋਲੀ, ਵਿਸ਼ੇਸ਼-ਕਰ ਮੁਲਤਾਨੀ ਉਪਭਾਸ਼ਾ ਦੇ ਪ੍ਰਭਾਵ ਵਾਲੀ ਰਚਨਾ ਨੂੰ ਕਾਨੀ ਬੰਦ ਕਰਨਾ ਕੋਈ ਅਨੋਖੀ ਤੇ ਅਨੁਚਿਤ ਗੱਲ ਨਹੀਂ ਹੈ। ਫ਼ਾਰਸੀ ਸ਼ਬਦਾਵਲੀ ਨੂੰ ਆਪ ਨੇ ਵਧੇਰੇ ਕਰਕੇ ਤਦਭਵ ਰੂਪ ਵਿਚ ਵਰਤਣ ਦਾ ਯਤਨ ਕੀਤਾ ਹੈ, ਜਿਵੇਂ ਕਿ ਉਜ਼ੂ, ਸੇਖਾ, ਬੇਨਿਵਾਜਾ, ਕਾਗਦੈ, ਆਦਿਕ। ਆਪ ਦੇ ਸ਼ਬਦ ਤਾਂ ਆਸਾ ਅਤੇ ਸੂਹੀ, ਰਾਗਾਂ ਵਿਚ ਵੀ ਰਚੇ ਗਏ ਹਨ, ਪਰ ਸਲੋਕਾਂ ਵਿਚਲੇ ਵਿਚਾਰਾਂ ਦਾ ਸੁਖੈਨ ਪ੍ਰਗਟਾਵਾ, ਵੈਰਾਗ ਦਾ ਵੇਗ, ਬਿਆਨ ਦਾ ਆਪਮੁਹਾਰਾ ਪਣ ਅਤੇ ਰੂਪ ਦੀ ਸੁੰਦਰਤਾ, ਇਨ੍ਹਾਂ ਅੰਦਰ ਦੀ ਸਰੋਦੀ ਅੰਸ਼ ਭਰ ਦਿੰਦੀ ਹੈ, ਜਿਵੇਂ:

(ੳ) ਅਜੁ ਨ ਸੁੱਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।

(ਅ) ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ।।
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ।।

(ੲ) ਫਰੀਦਾ ਚਿੰਤ ਖਟੋਲਾ ਵਾਣ ਦੁਖੁ ਬਿਰਹਿ ਵਿਛਾਵਣ ਲੇਫ।।
ਇਹ ਹਮਾਰਾ ਜੀਵਣਾ ਤੂ ਸਾਹਿਬ ਸੱਚੇ ਵੇਖੁ।।

ਫ਼ਰੀਦ ਜੀ ਨੇ ਆਪਣੇ ਗੂੜ੍ਹ ਆਤਮਕ ਰਹੱਸਾਂ ਅਤੇ ਮਨੋਭਾਵਾਂ ਨੂੰ ਸਹੀ ਤੌਰ ਤੇ ਰੂਪਮਾਨ ਕਰਨ ਲਈ ਵੰਨ-ਸੁਵੰਨੇ ਅਲੰਕਾਰਾਂ ਦੀ ਸਹਾਇਤਾ ਲਈ ਹੈ। ਫਲਸਰੂਪ ਗੂੜ੍ਹ ਰਹੱਸਮਈ ਭਾਵ ਲੋਕਾਂ ਲਈ ਗ੍ਰਹਿਣ ਯੋਗ ਹੋ ਨਿੱਬੜੇ ਹਨ।

**2 ਸ਼ਾਹ ਹੁਸੈਨ (1538-1599)-** ਸ਼ਾਹ ਹੁਸੈਨ ਪੰਜਾਬੀ ਸੂਫ਼ੀ-ਕਾਵਿਧਾਰਾ ਦੇ ਮੁੱਖ ਉਸਰੱਈਆਂ ਵਿਚ, ਦੂਜੇ ਸਥਾਨ ਤੇ ਆਉਂਦਾ ਹੈ। ਉਹ ਲਾਹੌਰ ਦਾ ਜੰਮਪਲ ਸੀ। ਸ਼ਾਹ ਹੁਸੈਨ ਦੇ ਜੀਵਨ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾਂਦਾ ਹੈ। ਪਹਿਲਾ "ਸ਼ਰੀਅਤ" ਦਾ ਪੜਾਅ ਹੈ। ਦਸ ਵਰ੍ਹੇ ਦੀ ਆਯੂ ਤੱਕ ਦੇ ਇਸ ਪੜਾਅ ਵਿਚ ਉਸ ਨੇ ਲਾਹੌਰ ਵਿਚ ਵਿਦਵਾਨ ਸ਼ੇਖ਼ ਅਬੂ ਬਕਰ ਤੋਂ ਕੁਰਾਨ ਦੀ ਪੜ੍ਹਾਈ ਕੀਤੀ। ਦੂਜਾ ਪੜਾਅ "ਤਰੀਕਤ" ਦਾ ਹੈ, ਜੋ ਅਗਲੇ ਲਗਭਗ ਬਾਰਾਂ ਵਰ੍ਹਿਆਂ ਤੇ ਆਧਾਰਤ ਹੈ। ਇਸ ਕਾਲ ਵਿਚ ਉਹ "ਦਾਤਾ" ਗੰਜ ਬਖਸ ਦੇ ਦਰਬਾਰ ਵਿਚ ਸ਼ਰੀਅਤ ਦਾ ਪਾਬੰਦ ਰਹਿ ਕੇ ਸ਼ਹਦ (ਤਪ) ਕਮਾਉਂਦਾ ਰਿਹਾ ਤੇ ਰਾਵੀ ਦੇ ਪਾਣੀ ਵਿਚ ਖਲੋ ਕੇ ਅਤੇ ਜੰਗਲਾਂ ਵਿਚ ਘੁੰਮ

ਕੇ ਕੁਰਾਨ ਦਾ ਵਿਰਦ (ਜਾਪ) ਵੀ ਕਰਦਾ ਰਿਹਾ। ਵਿਕਾਸ ਦੇ ਤੀਜੇ ਪੜਾਅ, "ਮਾਰਫ਼ਤ" ਵਿਚ ਉਸ ਨੇ ਉਦੋਂ ਮਾਅਰਕੇ ਕੀਤਾ ਜਦੋਂ ਉਹ ਪੀਰ "ਸਾਅਦੁੱਲਾ" ਦਾ ਮੁਰੀਦ ਬਣਿਆ। ਹੁਣ ਉਹ ਸ਼ਰ੍ਹਾ ਸ਼ਰੀਅਤ ਦੇ ਸਾਰੇ ਬੰਧਨ ਉਲੰਘ ਕੇ ਸੁਤੰਤਰ ਹੋ ਗਿਆ ਸੀ। ਉਹ ਅੰਦਰੋਂ ਪੂਰਨ ਤੌਰ "ਤੇ ਰੱਬੀ ਭਗਤ ਸੀ। ਉਸ ਦੀ ਰਚਨਾ ਇਸ ਤੱਥ ਦੀ ਸਹੀ ਤੌਰ "ਤੇ ਸਾਖੀ ਭਰਦੀ ਹੈ।

ਸ਼ਾਹ ਹੁਸੈਨ ਜਿਸ ਕਾਲ ("ਨਾਨਕ ਕਾਲ") ਦੀ ਉਪਜ ਸੀ, ਉਸ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ "ਸੁਨਹਿਰੀ ਕਾਲ" (ਸਵਰਨ੍ਯੁਗ) ਆਖਿਆ ਜਾਂਦਾ ਹੈ। ਭਾਰਤ ਦੇ ਇਤਿਹਾਸ ਪੱਖੋ, ਇਹ ਅਕਬਰ ਦੇ ਜੀਵਨ ਕਾਲ ਦਾ ਸਮਾਂ ਹੈ ਤੇ ਉੱਥੇ ਵੀ ਇਸੇ ਕਾਲ ਨੂੰ "ਸੁਨਹਿਰੀ ਯੁੱਗ" ਹੋਣ ਦਾ ਮਾਣ ਦਿੱਤਾ ਗਿਆ ਹੈ। ਸ਼ਾਹ ਸਰਫ਼ ਬਟਾਲਵੀ ਅਤੇ ਸੁਲਤਾਨ ਬਾਹੂ ਆਦਿਕ ਪੰਜਾਬੀ ਸੂਫ਼ੀ ਕਵੀਆਂ ਵਿਚੋਂ ਸ਼ਾਹ ਹੁਸੈਨ ਨੂੰ ਹੀ ਇਸ ਕਾਲ ਦੀ ਪੰਜਾਬੀ ਸੂਫ਼ੀ ਰਚਨਾ ਦਾ ਪ੍ਰਤੀਨਿਧ ਮੰਨਿਆ ਜਾਂਦਾ ਹੈ। ਸ਼ਾਹ ਹੁਸੈਨ ਦੀ ਰਚਨਾ ਦੇ ਘੇਰੇ ਅੰਦਰ 162 ਕਾਫ਼ੀਆਂ ਪ੍ਰਾਪਤ ਹੁੰਦੀਆਂ ਹਨ। ਜਿਨ੍ਹਾਂ ਨੂੰ ਡਾ ਮੋਹਨ ਸਿੰਘ ਦੀਵਾਨਾ ਨੇ ਸੰਕਲਿਤ ਤੇ ਸੰਪਾਦਿਤ ਕੀਤਾ ਹੈ।

ਮੁੱਢਲੇ ਤੌਰ ਤੇ ਫ਼ਰੀਦ ਅਤੇ ਸ਼ਾਹ ਹੁਸੈਨ ਦੀਆਂ ਵਿਚਾਰਧਾਰਾਵਾਂ ਵਿਚ ਕੋਈ ਅੰਤਰ ਨਹੀਂ। ਜੇਕਰ ਥੋੜ੍ਹਾ ਬਹੁਤ ਅੰਤਰ ਇਨ੍ਹਾਂ ਦੀਆਂ ਰਚਨਾਵਾਂ ਵਿਚੋਂ ਲੱਭਦਾ ਹੈ ਤਾਂ ਉਹ ਸ਼ਾਹ ਹੁਸੈਨ ਦੇ ਸੂਫ਼ੀ ਮੱਤ ਦੇ ਵਿਕਾਸ ਮਾਰਗ ਉੱਤੇ ਦੂਜੇ ਸਥਾਨ ਤੇ ਹੋਣ ਕਰਕੇ ਅਤੇ ਉਸ ਦੇ ਨਿੱਜੀ ਆਤਮਿਕ ਅਨੁਭਵ ਅਥਵਾ ਪ੍ਰਾਪਤੀ ਕਰ ਕੇ ਹੀ ਹੈ। ਸ਼ਾਹ ਹੁਸੈਨ ਕੋਈ ਦਰੋਣਾਚਾਰੀਆ ਨਹੀਂ ਸਗੋਂ ਨਿਰੋਲ ਤੌਰ ਤੇ ਇਕ ਸਾਧਕ ਸੀ ਜਿਸ ਕਰਕੇ ਉਸ ਦੀ ਕਾਵਿ ਰਚਨਾ ਅੰਦਰ ਕੇਵਲ ਉਸ ਦੇ ਅਨੁਭਵਾਂ ਨੂੰ ਹੀ ਰਕਨ੍ਾ ਕੀਤਾ ਮਿਲਦਾ ਹੈ। ਦੂਜੇ ਪੜਾਅ ਦਾ ਪੰਜਾਬੀ ਸੂਫ਼ੀ ਕਵੀ ਹੋਣ ਕਰਕੇ ਉਸ ਦੀ ਰਚਨਾ ਵਿਚ ਹਿੰਦੂ ਭਗਤਾਂ ਦੇ ਕੁਝ ਹੋਰ ਤੱਤਾਂ ਦਾ ਪ੍ਰਵੇਸ਼ ਵੀ ਹੋ ਗਿਆ ਸੀ, ਜਿਸ ਕਾਰਨ ਅਦਵੈਤਵਾਦ ਵੀ ਫ਼ਰੀਦ ਦੇ ਅਦਵੈਤਵਾਦ ਵਾਂਗ ਕਾਫ਼ੀ ਨਿੱਖਰ ਕੇ ਉੱਭਰ ਆਇਆ ਸੀ।

ਇਹ ਗੱਲ ਉੱਪਰ ਵੀ ਸਪਸ਼ਟ ਕਰ ਦਿੱਤੀ ਗਈ ਹੈ ਕਿ ਫ਼ਰੀਦ ਅਤੇ ਸ਼ਾਹ ਹੁਸੈਨ ਦੇ ਦਾਰਸ਼ਨਿਕ ਵਿਚਾਰਾਂ ਵਿਚ ਮੁੱਢਲੇ ਤੌਰ ਤੇ ਕੋਈ ਅੰਤਰ ਨਹੀਂ ਹੈ। ਸ਼ਾਹ ਹੁਸੈਨ ਨੇ ਬ੍ਰਹਮ ਦੀ ਸਰਬ ਸ਼ਕਤੀ ਮਾਨਤਾ ਅਤੇ ਸਰਬ ਵਿਆਪਕਤਾ ਹੋਰ ਉਘਾੜੀ ਹੈ। ਉਹ ਬ੍ਰਹਮ ਦੇ ਇਸ ਤੱਤ ਨੂੰ ਦਿਖਾਉਣ ਲਈ "ਤਾਣੇ ਪੇਟੇ" ਵਿਚਲੇ ਇੱਕੋ ਸੂਤਰ ਦੇ ਅਨੇਕਾਂ ਪ੍ਰਤੀਕ ਵਰਤਦਾ ਹੈ। ਉਹ ਬ੍ਰਹਮ ਨੂੰ "ਜਾਹਰ" ਅਤੇ "ਬਾਤਨ" (ਬਾਹਰ ਅਤੇ ਅੰਦਰ) ਅਥਵਾ ਹਰ ਰੂਪ ਅਤੇ ਹਰ ਥਾਂ ਵਿਚ ਰਮਿਆ ਵੇਖਦਾ ਹੈ। ਉਹ ਕੇਵਲ "ਬਾਗ਼-ਬਗ਼ੀਚੇ" ਅਤੇ "ਬੁਲਬੁਲ" ਵਿਚ ਹੀ ਉਸ ਦੀ ਵਿਆਪਕਤਾ ਨੂੰ ਸਹੀ ਨਹੀਂ ਕਰਦਾ ਸਗੋਂ ਉਸ ਦਾ ਨਿੱਖਰਿਆ ਅਤੇ ਨਿੱਸਰਿਆ ਹੋਇਆ ਅਦਵੈਤਵਾਦੀ ਅਨੁਭਵ, ਪ੍ਰਕਿਰਤੀ ਅਤੇ ਜੀਵਾਂ ਅੰਦਰਲੇ ਕਿਸੇ ਪ੍ਰਕਾਰ ਦੇ ਹੱਦਾਂ ਬੰਨ੍ਹਿਆਂ ਅਤੇ ਵਿਤਕਰਿਆਂ ਨੂੰ ਵਾਸਤਵਿਕ ਨਹੀਂ ਮੰਨਦਾ। ਹੁਸੈਨ ਦੇ ਅਦਵੈਤਵਾਦ ਦੇ ਨਿਖਾਰ ਦੇ ਸਿੱਟੇ ਵਜੋਂ ਹੀ ਉਹ ਬ੍ਰਹਮ ਨੂੰ ਸ਼ਰੱਈ ਨਾਵਾਂ ਨਾਲ ਸੰਬੋਧਨ ਤੇ ਸੰਬੋਧਨ ਕਰਨ ਵਾਲਾ ਪੰਜਾਬੀ ਸੂਫ਼ੀ ਕਵੀ ਹੈ। ਉਸ ਨੇ ਆਪਣੇ ਬ੍ਰਹਮ ਨੂੰ ਰਾਮ, ਹਰਿ, ਕੰਮ, ਸ਼ਾਮ, ਸਾਂਵਲਾ ਆਦਿ ਦੇ ਰੂਪ ਅੰਦਰ ਵੀ ਪ੍ਰਤੱਖ ਵੇਖਿਆ ਹੈ। ਇਹੋ ਕਾਰਨ ਹੈ ਕਿ ਸ਼ਾਹ ਹੁਸੈਨ ਇਕ ਸੂਫ਼ੀ ਸੰਤ ਨਹੀਂ ਸਗੋਂ ਇਕ ਹਿੰਦੂ ਭਗਤ ਦਿਸਣ ਲੱਗਦਾ ਹੈ। ਉਹਦਾ ਸਾਹਿਬ ਤਾਂ "ਏਕ ਅਨੇਕ" ਕਹਾਉਂਦਾ ਹੈ ਤੇ "ਬਹੁਰੰਗੀ" ਹਸਤੀ ਹੈ ਜੋ "ਗੁਣਵੰਤਾ" ਹੈ ਤੇ ਜਿਸ ਦਾ ਰੂਪ ਵੀ "ਚੰਗੇਰਾ" ਹੈ। ਇਸੇ ਤੱਥ ਨੂੰ ਮੁੱਖ ਰੱਖਦਿਆਂ ਸ਼ਾਹ ਹੁਸੈਨ ਨੇ ਬ੍ਰਹਮ ਨੂੰ ਭੈ ਨਾਸ਼ਕ ਵੀ ਸਿੱਧ ਕੀਤਾ ਹੈ :

ਜਿਨ੍ਹਾਂ ਮੇਰਾ ਸ਼ਹੁ ਰੀਝਾਇਆ ਤਿਨਾਂ ਨਹੀਂ ਭਉ ਜਮ ਦਾ।

ਸ਼ਾਹ ਹੁਸੈਨ ਨੇ "ਜੀਵ" ਦੇ "ਤਨ" (ਸਰੀਰ) ਅਤੇ "ਮਨ" (ਰੂਹ) ਨੂੰ ਦੋ ਵੱਖੋ ਵੱਖਰੇ ਅੰਗ ਸਿੱਧ ਕੀਤਾ ਹੈ :

(ੳ) ਮਨ ਅਉਰ ਹੈ ਤਨ ਅਉਰ ਹੈ।

(ਅ) ਹੱਡਾਂ ਦਾ ਕਲਬੂਤ ਬਣਾਇਆ, ਵਿਚ ਰੱਖਿਆ ਭੌਰ ਰੱਬਾਣਾ ਹੀ।

ਜਦੋਂ ਇਹ ਦੋਵੇਂ ਤੱਤ ਨਿੱਖੜ ਜਾਂਦੇ ਹਨ ਤਾਂ ਹੁਸੈਨ ਅਨੁਸਾਰ ਇਨ੍ਹਾਂ ਦਾ ਪੁਨਰ ਮਿਲਣ ਅਥਵਾ ਜੀਵਾਤਮਾ ਨੂੰ ਮਨੁੱਖ ਜਨਮ ਦਾ ਇਹ ਅਵਸਰ ""ਤਰਵਰ ਤੁੱਟੇ ਪਾਤ" ਵਾਂਗ ਮੁੜ ਪ੍ਰਾਪਤ ਹੋਣਾ ਅਸੰਭਵ ਹੈ। ਸ਼ਾਹ ਹੁਸੈਨ ਨੇ ਜੀਵ ਦੇ ਸਰੀਰ ਦੇ ਦਸ ਦੁਆਰਾਂ ਦਾ ਜ਼ਿਕਾਰ ਕੀਤਾ ਹੈ, ਜਿਨ੍ਹਾਂ ਵਿਚ ਨੌਂ ਦੁਆਰ ਸਦਾ ਖੁੱਲ੍ਹੇ ਰਹਿੰਦੇ ਹਨ ਅਤੇ ਦਸਵਾਂ ਵਿਸ਼ੇਸ਼ ਦੁਆਰ ਬੰਦ ਹੀ ਰਹਿੰਦਾ ਹੈ। ਸ਼ਾਹ ਹੁਸੈਨ ਨੇ "ਜੀਵ" ਦੀ ਜੀਵਨ ਅਵਧੀ ਅਥਵਾ ਜੀਵਾਤਮਾ ਦੇ ਜਗਤ ਅੰਦਰ ਠਹਿਰਨ ਦੇ ਅਲਪ ਜਿਹੇ ਕਾਲ ਨੂੰ ਲੜਕੀ ਤੇ ਪੇਕੇ ਘਰ ਦੇ ਜੀਵਨ ਗੋਇਲ ਵਾਸ, ਢਲਦੇ ਪਰਛਾਵੇਂ ਆਦਿਕ ਨਾਲ ਤੁਲਨਾਇਆ ਹੈ। ਭਾਵੇਂ ਸੱਭੇ ਜੀਵ ਆਪਣੇ ਜਨਮ ਤੋਂ ਅਥਵਾ ਆਪਣੇ ਮੂਲ ਤੱਤ ਕਰਕੇ ਇਕ ਬਿਰਖ ਦੀਆਂ ਡਾਲੀਆਂ ਵਾਂਗ ਸਮਾਨਤਾ ਤੇ ਏਕਤਾ ਦੇ ਧਾਰਨੀ ਹੁੰਦੇ ਹਨ, ਪਰ ਆਪੋ ਆਪਣੀ ਜੀਵਨ ਅਵਧੀ ਵਿਚ ਕੀਤੇ ਕਰਮਾਂ ਸਦਕਾ ਇਹ ਇਕ ਦੂਜੇ ਨਾਲ ਭਿੰਨਤਾ ਅਥਵਾ ਨਿਖੇੜ ਪ੍ਰਾਪਤ ਕਰ ਜਾਂਦੇ ਹਨ। ਇਨ੍ਹਾਂ ਕਰਮਾਂ ਦੇ ਆਧਾਰ ਤੇ ਹੀ ਮਨੁੱਖਾਂ (ਕਿਆ ਸੂਫ਼ੀ ਕਿਆ ਭੰਗੀ) ਦਾ ਨਿਆਉਂ ਨਿਬੱੜਦਾ ਹੈ। ਜੀਵ ਦੇ ਹਰ ਕਰਮ ਨੂੰ "ਐਬ ਸਵਾਬ" ਦੇ ਰੂਪ ਵਿਚ, ਇਸ ਦੇ ਮੋਢੇ ਉੱਤੇ ਰਹਿਣ ਵਾਲੇ "ਦੋਇ ਜਣੇ" ਲਿਖਦੇ ਰਹਿੰਦੇ ਹਨ। ਸ਼ਾਹ ਹੁਸੈਨ ਅਨੁਸਾਰ ਜੀਵ ਦਾ ਸਰੀਰ "ਭਸਮ" ਅਥਵਾ ਖ਼ਾਕ ਤੋਂ ਬਣਿਆ ਹੈ ਅਤੇ ਅੰਤ ਨੂੰ ਇਸੇ ਵਿਚ ਹੀ ਸਮਾ ਜਾਣਾ ਹੈ।

ਮੌਤ ਨੂੰ ਜੀਵਨ ਦਾ ਮੂਲ ਅਤੇ ਜੀਵਨ ਦਾ "ਲਾਹਾ" ਦਰਸਾ ਕੇ, ਸ਼ਾਹ ਹੁਸੈਨ ਜੀਵ ਨੂੰ ਸੁਝਾਅ ਦਿੰਦਾ ਹੈ ਕਿ ਉਹ ਮੌਤ ਦੇ ਡਰ ਨੂੰ ਲਾਹ ਸੁੱਟੇ (ਦਿਲਗੀਰੀ ਕਿਉਂ ਕਰੀਏ) ਸਗੋਂ ਇਸ ਨੂੰ ਰੱਬੀ ਦਾਤ ਸਮਝ ਕੇ ਸਹਿਨ ਅਥਵਾ ਸਵੀਕਾਰ ਕਰੇ। ਉਸ ਦਾ ਮੱਤ ਹੈ ਕਿ "ਸ਼ਹੁ" ਨੂੰ ਰੀਝਾਉਣ ਵਾਲਿਆਂ ਨੂੰ ਤਾਂ ਜਮ (ਮੌਤ) ਦਾ ਭਉ ਰਹਿੰਦਾ ਹੀ ਨਹੀਂ। ਜੀਵ ਦੀ ਜੀਵਨ ਅਵਧੀ ਦੇ ਅੰਤ ਤੇ ਜੀਵਾਤਮਾ ਰੂਪੀ "ਭੌਰ" ਉਡਾਰੀ ਮਾਰ ਕੇ "ਪਰਦੇਸੀ" ਹੋ ਜਾਂਦਾ ਹੈ। ਅਤੇ ਉਹ "ਅਗੰਮ" ਅਥਵਾ ਅਗਲੇ ਅਣਡਿੱਠੇ ਤੇ ਅਪਹੁੰਚ ਰਾਹ ("ਉਡਿਆ ਭੌਰ  ਅੱਗੇ ਰਾਹ ਅਗੰਮ ਦਾ") ਉੱਤੇ ਜਾ ਪੈਂਦਾ ਹੈ।

ਸ਼ਾਹ ਹੁਸੈਨ ਨੇ "ਜਗਤ" ਨੂੰ ਬ੍ਰਹਮ ਰੂਪੀ ਨਾਇਕ ਦੀ ਇਕ ਖੇਡ ਅਥਵਾ ਬਾਜ਼ੀ (ਇਕ ਬਾਜ਼ੀ ਪਾਈ ਸਾਈਆਂ) ਦਰਸਾਇਆ ਹੈ। ਇਸ ਲਈ ਥੋੜ੍ਹ ਚਿੰਤਾ ਨੂੰ ਪ੍ਰਗਟ ਕਰਨ ਲਈ ਉਸ ਨੇ ਜਗਤ ਦੀ ਹੋਂਦ ਨੂੰ "ਪਵਨ ਉੱਪਰ ਮੋਤੀ", "ਤੋਰੀਏ", ਅਤੇ "ਸਾਵਨ" ਦੀ "ਚਾਰ ਦਿਨਾਂ ਬਹਾਰ" ਦੇ ਸਮਾਨ ਆਖਿਆ ਹੈ। ਆਪਣੀ ਸੁੰਦਰ ਦਿੱਖ ਅਤੇ ਅਸਥਿਰਤਾ ਕਾਰਨ ਇਸ ਨੂੰ ਸ਼ੀਸ਼ੇ ਦਾ ਮੰਦਰ ਵੀ ਕਿਹਾ ਜਾਂਦਾ ਹੈ। ਇਸ ਜਗਤ ਦੇ ਮਾਇਕ ਰੂਪ ਨੂੰ ਸ਼ਾਹ ਹੁਸੈਨ ਨੇ ਵੀ ਨਾਸ਼ਵਾਨ ਸਿੱਧ ਕਰਦਿਆਂ ਫ਼ਾਨੀ ਅਤੇ ਇਹ ਜੱਗ ਝੂਠਾ ਕਹਿ ਕੇ ਨਿੰਦਿਆ ਹੈ। ਕਿਉਂਕਿ ਉਸ ਅਨੁਸਾਰ, ਇੱਥੋਂ ਦਾ ਸਭ "ਬਿਉਹਾਰ ਝੂਠਾ" ਹੈ। ਇਸ ਜਗਤ ਦੀਆਂ ਲਾਲਸਾਵਾਂ ਅਥਵਾ ਤ੍ਰਿਸ਼ਨਾਵਾਂ ਨੂੰ ਅਮੋੜ ਤੋਂ ਅਲੰਘ ਨਦੀਆਂ (ਵਿਹੜੇ ਦੇ ਵਿਚ ਨਦੀਆਂ ਵਗਣ ਬੇੜੇ ਲੱਖ ਹਾਜ਼ਰ) ਦੱਸਿਆ ਹੈ ਕਿਉਂਕਿ ਕਿਤਨੀ ਹੀ ਦੁਨੀਆ, ਉਸ ਨੇ ਇਨ੍ਹਾਂ ਵਿਚ ਡੁੱਬਦੀ ਵੀ ਵੇਖੀ ਹੈ। ਵਿਕਾਸਵਾਦੀ ਪੱਖ ਨੂੰ ਦ੍ਰਿੜ੍ਹ ਕਰਨ ਲਈ ਹਜ਼ਾਰ ਹੁਸੈਨ ਨੇ ਜਗਤ ਨੂੰ "ਚਲਦੀ ਵਹੀਰ" ਵੀ ਕਿਹਾ ਹੈ।

ਸ਼ਾਹ ਹੁਸੈਨ ਦੇ ਦਾਰਸ਼ਨਿਕ ਵਿਚਾਰਾਂ ਵਿਚੋਂ "ਜਗਤ" ਦੇ ਮਾਇਕ ਪੱਖ ਉੱਤੇ ਵੀ ਚਾਨਣ ਪੈਂਦਾ ਹੈ। ਜਗਤ ਦੀ ਅਸਥਿਰਤਾ ਅਤੇ ਨਾਸ਼ਮਾਨਤਾ ਵਾਸਤਵ ਵਿਚ ਉਸ ਨੇ ਇਸ ਦੇ ਮਾਇਕ ਪ੍ਰਭਾਵ ਕਾਰਨ ਹੀ ਪ੍ਰਗਟਾਈ ਹੈ। ਜੀਵ ਦੀ ਸਰੀਰਕ ਅਵਸਥਾ, ਜੋਬਨ ਨੂੰ ਵੀ ਉਹ ਜਲਿ ਬਲਿ ਕੇ "ਖੇਹ" ਹੋ ਜਾਣ ਵਾਲੀ ਦੱਸਦਾ ਹੈ। ਜੀਵ ਦੇ ਸਾਕ ਸਬੰਧੀ ਅਥਵਾ "ਮਾਤ, ਪਿਤਾ, ਭਾਈ ਸੁਤ ਬਨਿਤਾ" ਆਦਿ ਵੀ ਉਸ ਨੇ ਇਸੇ ਘੇਰੇ ਵਿਚ ਰੱਖੇ ਹਨ। ਕਿਉਂਕਿ ਇਨ੍ਹਾਂ ਵਿਚੋਂ ਵੀ ਕੋਈ, ਜੀਵ ਦੇ ਨਾਲ ਨਹੀਂ ਜਾਂਦਾ। ਧਨ ਸੰਪਤੀ, "ਸੁਇਨਾਰੂਪਾ", "ਮਾਲ ਖਾਨਾ," "ਘੋੜੇ, ਹਸਤੀ, ਮੰਦਰ ਆਦਿ ਸਭ ਚਾਰ ਦਿਨਾਂ ਦੇ ਮਹਿਮਾਨ ਹਨ ਜੋ ਅੰਤ ਵਿਚ, ਜੀਵ ਨੂੰ ਛੱਲ ਜਾਂਦੇ ਹਨ। "ਜੀਵ" ਦੇ ਦੁਨਿਆਵੀ ਕੰਮ ਵੀ ਮਾਇਆ ਦਾ ਰੂਪ ਹੋਣ ਕਰਕੇ "ਕੂੜੇ" ਹਨ, ਜਿਨ੍ਹਾਂ ਦੇ ਕਰਨ ਵਿਚ, ਇਹ ਸਾਰਾ ਜੀਵਨ ("ਸਾਰੀ ਉਮਰ ਵੰਞਾਈਆਂ ਈਵੇਂ ਕਰ ਕਰ ਕੂੜੇ ਕੰਮ") ਅਜਾਂਈ ਨਸ਼ਟ ਕਰ ਲੈਂਦਾ ਹੈ। ਜਗ ਵਿਚਲੀਆਂ ਉੱਚ ਪਦਵੀਆਂ, ਵਡਿਆਈਆਂ, ਉਪਾਧੀਆਂ ਆਦਿ ਵੀ ਪਦਾਰਥਕ ਖ਼ੁਸ਼ੀਆਂ ਦੇ ਸਰੋਤ ਹੋਣ ਕਰਕੇ (ਮੀਰ, ਮਲਕ, ਪਾਤਸ਼ਾਹ, ਸ਼ਹਿਜਾਦੇ.....) ਮਾਇਆ ਹੀ ਹਨ। ਤਦੇ ਹੀ ਇਨ੍ਹਾਂ ਨੂੰ ਛੱਡ ਛਡਾ ਕੇ, ਜੀਵ "ਨੰਗੀ ਪੈਰੀਂ ਜਾਂਦੇ" ਵੇਖੇ ਜਾਂਦੇ ਹਨ। ਮਾਇਆ ਦੀਆਂ ਝੂਠੀਆਂ ਖੁਸ਼ੀਆਂ ਵਿਚ ਖਚਿਤ ਰਹਿਣ ਵਾਲੇ ਜੀਵਾਂ ਨੂੰ, ਅੰਤ ਵਿਚ ਨਿਰਾਦਰੀ ("ਮੂੰਹ ਤੇ ਪਉਸੀਆਂ ਖ਼ਾਕ ਦਾ ਧੂੜਾ") ਹੀ ਪੱਲੇ ਪੈਂਦੀ ਹੈ।

ਸ਼ਾਹ ਹੁਸੈਨ ਦੇ ਧਾਰਮਕ-ਵਿਚਾਰਾਂ ਦੇ ਵਰਗ ਵਿਚ ਅਸੀਂ ਉਸ ਦੀਆਂ ਪੰਗਤੀਆਂ ਨੂੰ ਰੱਖ ਸਕਦੇ ਹਾਂ, ਜਿਨ੍ਹਾਂ ਵਿਚ ਉਸ ਨੇ ਧਾਰਮਿਕ ਖੇਤਰ ਅੰਦਰ ਵਰਤ ਚੁੱਕੇ ਭੇਖਾ-ਚਾਰ ਅਤੇ ਦਿਖਾਵੇ ਦਾ ਖੰਡਨ ਕੀਤਾ ਹੈ। ਉਹਦਾ ਕਥਨ ਹੈ ਕਿ ਅੰਤ੍ਰੀਵਧਰਮ ਦੀ ਘਾਟ ਕਾਰਨ ਲੋਕ ਦਿਲਾਂ ਅੰਦਰ ਸਹਿਣਸ਼ੀਲਤਾ ਦੀ ਘਾਟ ਵਾਪਰ ਗਈ ਸੀ। "ਝੂਠ" ਜੀਵਾਂ ਦੇ ਹੱਡਾਂ ਵਿਚ ਇੰਨਾ ਰਚ ਚੁੱਕਾ ਸੀ ਕਿ ਕੋਈ ਵੀ, "ਸੱਚ" ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ ਹੁੰਦਾ। "ਸੱਚ" ਅਤੇ ਹਿਰਦੇ ਦੀ ਚਿਣਗ ਅਥਵਾ "ਪ੍ਰੇਮ" ਹੀ ਤਾਂ ਜੀਵਾਤਮਾ ਨੂੰ ਪ੍ਰੀਤਮ ਤੱਕ ਅਪੜਾ ਸਕਦੇ ਹਨ :

> ਮੀਆਂ ਗੱਲ ਸੁਣੀ ਨਾ ਜਾਂਦੀ ਸੱਚੀ,
>
> ਸੱਚੀ ਗੱਲ ਸੁਣੀਵੇ ਕਿਉਂ ਕਰ, ਕੱਚੀ ਹੱਡਾਂ ਵਿਚ ਰੱਚੀ।
>
> ਸੱਚੀ ਗੱਲ ਸੁਣੀ ਤਿਨਹਾਂ ਚਿਣਗ ਜਿਨ੍ਹਾਂ ਤਨ ਮਚੀ।
>
> ਪੜਦਾ ਪਾੜ ਡਿਠੋ ਨੇ ਪ੍ਰੀਤਮ, ਦੂਤ ਮੂਏ ਸਭ ਪੱਚੀ।

ਸ਼ਾਹ ਹੁਸੈਨ ਦਾ ਨਿਰਨਾ ਹੈ ਕਿ ਸੱਚੀ ਪ੍ਰੀਤ ਦੇ ਦਰਦ ਤੋਂ ਕੋਰੇ ਹਿਰਦਿਆਂ ਵਾਲੇ ਸਾਧੂ, ਧਰਮ ਦੇ ਭੇਖ ਰਚ ਕੇ ਅਥਵਾ ਬਿਭੂਤੀ ਮਲ, ਸਮਾਧੀਆਂ ਲਾ ਕੇ ਉਜਾੜਾਂ ਵਿਚ ਤਪੱਸਵੀ ਬਣ ਕੇ ਨੰਗੇ ("ਇਕ ਲਾਇ ਬਿਭੂਤ....ਛਾਤੀ ਤੇਂਹ ਦੀ") ਕਿਉਂ ਨਾ ਫਿਰਦੇ ਰਹਿਣ, ਇਨ੍ਹਾਂ ਤੋਂ ਲਾਭ ਕਦਾਚਿਤ ਨਹੀਂ ਹੋ ਸਕਦਾ। ਸ਼ਹੁ ਨੂੰ ਰੀਝਾਉਣ ਲਈ ਤਾਂ ਨਿਮਰਤਾ ਸਹਿਤ ਆਪਾ ਮਾਰਨ ਦੀ ਲੋੜ ਹੁੰਦੀ ਹੈ ਨਾ ਕਿ ਭੇਖਾ-ਚਾਰ ਦੇ "ਪਸਾਰੇ" ਲਾਭਦਾਇਕ ਸਿੱਧ ("ਆਪਣੇ ਸ਼ਹੁ ਨੂੰ ਹਾਜਤਿ ਨਹੀਂ ਪਸਾਰੇ ਦੀ") ਮਾਇਆ ਦੇ ਪ੍ਰਭਾਵ ਤੋਂ "ਫਾਰਗ" ("ਜੇ ਫਾਰਗ ਥੀਵੇ ... ਮਰਾਤਬ ਪਾਵੇ") ਹੋਣਾ ਹੀ ਹਰ ਇਕ ਧਰਮ ਕਰਮ ਦਾ ਪਰਮ ਉਦੇਸ਼ ਹੁੰਦਾ ਹੈ, ਜਿਸ ਨਾਲ ਉੱਚਤਾ ਵਾਲਾ, "ਖ਼ਾਸ" ਮਰਤਬਾ ਪ੍ਰਾਪਤ ਹੋ ਸਕਦਾ ਹੈ।

ਸ਼ਾਹ ਹੁਸੈਨ ਦੀ ਰਚਨਾ ਇਸ਼ਕ ਪ੍ਰੇਮ ਵਿਚ ਭਿੱਜੀ ਹੋਈ ਹੈ। ਵਾਸਤਵ ਵਿਚ ਉਹ ਇਸ਼ਕ ਨੂੰ ਪ੍ਰਭੂ ਪ੍ਰਾਪਤੀ ਲਈ, ਸਭ ਤੋਂ ਉੱਤਮ ਸਾਧਨ ਮੰਨਦਾ ਹੈ। ਡਾ ਲਾਜਵੰਤੀ ਨੇ ਉਸ ਨੂੰ ਬਿਰਹਾ ਦਾ ਕਵੀ ਵੀ ਆਖਿਆ ਹੈ। ਅਸਲੋਂ "ਬਿਰਹਾ" ਪ੍ਰੀਤ ਦਾ ਹੀ ਪ੍ਰਗਟ ਰੂਪ ਹੁੰਦਾ ਹੈ ਤਦੇ ਹੀ ਤਾਂ ਫ਼ਰੀਦ ਨੇ "ਬਿਰਹਾ ਤੂੰ ਸੁਲਤਾਨ" ਕਹਿ ਕੇ ਬਿਰਹਾਹੀਣ ਹਿਰਦੇ ਨੂੰ ਲੋਥ ਸਮਾਨ ਜਤ ਲਾਇਆ ਹੈ। ਵਿਚਾਰਵਾਨਾਂ ਦਾ ਕਥਨ ਹੈ ਕਿ ਜੇ ਫ਼ਰੀਦ ਦੀ ਬਾਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਮੌਤ ਅਤੇ ਦੋਜਖ ਦਾ ਡਰ ਹੈ ਤਾਂ ਸ਼ਾਹ ਹੁਸੈਨ ਦੀ ਰਚਨਾ ਦੀ ਉੱਘੀ ਵਿਸ਼ੇਸ਼ਤਾ "ਪਿਆਰ" ਹੈ। ਪ੍ਰੀਤ ਤੋਂ ਸੱਖਣਾ ਜੀਵਨ ਉਸ ਨੂੰ "ਵੱਡੀ ਰਾਤ" ਸਮਾਨ ਹੋ ਜਾਂਦਾ ਹੈ ਤੇ "ਮਾਸ ਝਰਦਾ" ਹੱਡੀਆਂ ਕੜਕਦੀਆਂ ਜਾਪਦੀਆਂ ਹਨ। ਉਸ ਨੇ ਪੰਜਾਬੀ ਸੂਫ਼ੀ ਕਾਵਿਧਾਰਾ ਵਿਚ, ਪਹਿਲੀ ਵੇਰ ਇਸ਼ਕ ਮਿਜ਼ਾਜ ਤੇ ਇਸ਼ਕ ਹਕੀਕੀ ਦਾ ਸੰਕਲਪ ਦਿੱਤਾ ਹੈ ਤੇ ਇਸ ਦੀ ਪ੍ਰਾਪਤੀ ਦੀ ਤਾੜਨਾ ਕੀਤੀ ਹੈ :

ਨਹੁੰ ਹਕੀਕੀ ਘਿੰਨ ਮਨਾਹੀ, ਦੋਵੇਂ ਗੱਲਾਂ ਸੁੱਟ ਨਾ ਬਹੁ ਵੋ।

ਸਾਧਨ ਪੱਖੋਂ ਸ਼ਾਹ ਹੁਸੈਨ ਨੇ "ਨਿਰਮਾਤਾ" ਨੂੰ ਆਵੱਸ਼ਕ ਦਰਸਾਇਆ ਹੈ। ਅਸਲ ਵਿਚ ਇਸ਼ਕ ਅਤੇ ਨਿਮਰਤਾ ਹੀ ਦੋ ਅਜਿਹੇ ਸਾਧਨ ਹਨ, ਜਿਨ੍ਹਾਂ ਨਾਲ "ਸ਼ਨਾਅ" ਅਤੇ "ਬਕਾ" ਦੀਆਂ ਉੱਚ ਅਵਸਥਾਵਾਂ ਤੱਕ ਅੱਪੜਿਆ ਜਾ ਸਕਦਾ ਹੈ। ਇਨ੍ਹਾਂ ਦੀ ਪ੍ਰਾਪਤੀ ਲਈ ਆਪੇ ਦਾ ਤਿਆਗ ਜਾਂ ਆਪਾ ਮਾਰਨਾ ਅਤਿ ਜ਼ਰੂਰੀ ਹੈ।

(ੳ) ਮੇਰੇ ਸਾਹਿਬਾਂ ਮੈਂ ਤੇਰੀ ਹੋ ਮੁੱਕੀ ਆਂ।

(ਅ) ਬਾਗ ਤੇਰਾ ਬਗੀਚਾ ਮੈਂ ਬੁਲਬੁਲ ਬਾਗ ਤਿਹਾਰੇ ਦੀ।

(ੲ) ਕਹੈ ਹੁਸੈਨ ਫ਼ਕੀਰ ਸਾਂਈ ਦਾ ਦਰ ਤੇਰੇ ਦੀ ਮੈਂ ਕੁੱਤੀ ਆਂ।

ਜਦੋਂ "ਇਸ਼ਕ" ਅਤੇ ਨਿਰਮਾਤਾ ਨਾਲ "ਫਨਾਅ" ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤਾਂ ਸੂਫ਼ੀ-ਸਾਧਕ ਨੂੰ ਸ਼ਰ੍ਹਾ ਸ਼ਰੀਅਤ ਵਾਧੂ ਖਿਲਾਰਾ ਜਾਪਣ ਲੱਗਦੀ ਹੈ, ਕਿਉਂਕਿ ਇਹ ਤਾਂ ਕਰਮ ਕਾਂਡੀ ਖਿਲਾਰਾ ਹੁੰਦਾ ਹੈ ਤਦੇ ਹੀ ਇਸ ਦੇ ਤਿਆਗ ਦਾ ਸੁਝਾਅ ਦਿੱਤਾ ਗਿਆ ਹੈ :

ਜਿਨ੍ਹਾਂ ਨੂੰ ਇਸ਼ਕ ਤਿਨ੍ਹਾਂ ਕੱਤਣ ਕੇਹਾ, ਅਲਬੇਲੀ ਕਿਉਂ ਕੱਤੇ?

ਸਾਧਨਾਤਮਕ ਪੱਖ ਦੇ ਅੰਤਰਗਤ, ਸ਼ਾਹ ਹੁਸੈਨ ਨੇ ਸਾਧ ਸੰਗਤ ਅਥਵਾ ਸਤਸੰਗ ਦੀ ਮਹਾਨਤਾ ਨੂੰ ਵੀ, ਪੰਜਾਬੀ ਸੂਫ਼ੀ ਕਾਵਿਧਾਰਾ ਅੰਦਰ ਪਹਿਲੀ ਵੇਰ ਉਜਾਗਰ ਕੀਤਾ ਹੈ :

ਸਾਧ ਸੰਗਤ ਦੇ ਉਹਲੇ ਰਹਿੰਦੇ ਬੁੱਧ ਤਿਨ੍ਹਾਂ ਦੀ ਸੂਰੀ।

"ਫਨਾਹ" ਰਾਹੀਂ "ਬਕ" ਦੀ ਸਥਿਤੀ ਤੱਕ ਅੱਪੜ ਕੇ ਸੂਫ਼ੀ ਸਾਧਕ (ਸਾਧਕ) "ਤੱਦਰੂਪਤਾ" ਦਾ ਅਨੁਭਵ ਕਰਦਾ ਹੈ। ਇਹੋ ਸੂਫ਼ੀ ਸਾਧਨਾਂ ਦਾ ਸਿਖਰ ਹੈ ਤੇ ਅਦਵੈਤਵਾਦ ਦਾ ਵੀ ਸਿਖਰ ਅਖਵਾਉਂਦਾ ਹੈ, ਕਿਉਂਕਿ ਸਾਧਕ "ਅਨਲਹਕ" ਦਾ ਐਲਾਨ ਕਰ ਦਿੰਦਾ ਹੈ। ਸ਼ਾਹ ਹੁਸੈਨ ਵੀ ਤਦ ਰੂਪਾ ਦੇ ਅਨੁਭਵ ਤੇ ਚੁੱਪ ਨਹੀਂ ਰਹਿ ਸਕਦਾ ਤੇ ਉਹ ਪੁਕਾਰ ਉੱਠਦਾ ਹੈ :

ਮਾਹੀ ਮਾਹੀ ਕੂਕਦੀ ਨੀ ਮੈਂ ਆਪੇ ਰਾਂਝਣ ਹੋਈ।

ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੋ, ਹੀਰ ਨਾ ਆਖੋਂ ਕੋਈ।

ਸ਼ਾਹ ਹੁਸੈਨ ਦੇ ਸਮਾਜਕ ਵਿਚਾਰ ਦੋ ਪ੍ਰਕਾਰ ਦੇ ਹਨ। ਪਹਿਲੀ ਪ੍ਰਕਾਰ ਦੇ ਉਹ ਵਿਚਾਰ ਹਨ, ਜਿਨ੍ਹਾਂ ਵਿਚ ਉਸ ਨੇ ਆਪਣੀ ਸਮਕਾਲੀ ਸਮਾਜ ਦੀ ਆਲੋਚਨਾ ਕਰਦਿਆਂ, ਸੁਧਾਰ ਲਈ ਆਵਾਸ ਚੁੱਕੀ ਹੈ। ਹਰ ਪਾਸੇ ਪਸਰ ਚੁੱਕੇ ਕਪਟ ਦੇ ਕਾਰਨ (ਜਹਾਂ ਦੇਖੋ ਤਹਾਂ ਕਪਟ ਹੈ) ਸਮਾਜਾਂ ਨੂੰ "ਦਗੇਬਾਸ਼" ਅਤੇ ਬੇਚੈਨੀ ਦਾ ਸਥਾਨ ਦਰਸਾਇਆ ਹੈ। ਬੇਲੋੜੀ "ਬਖੀਲੀ" (ਕੰਜੂਸੀ) ਨੇ ਵੀ ਲੋਕ ਜੀਵਨ ਨੂੰ ਨਰਕ ਬਣਾ ਦਿੱਤਾ ਸੀ :

ਕਹੇ ਹੁਸੈਨ ਫ਼ਕੀਰ ਸਾਂਈ ਦਾ,

ਲੋਕ ਬਖੀਲੀ ਪਚਿ ਪਚਿ ਲੁੱਝਦਾ।

ਆਰਥਿਕਤਾ ਦੇ ਆਧਾਰ ਤੇ ਪਸਰ ਚੁੱਕੀ ਅਸਮਾਨਤਾ ਅਥਵਾ ਕਾਣੀ ਵੰਡ ਤੋਂ ਵੀ (ਇਕਨਾਂ ਖੰਨੀ ਨੂੰ ਤਰਸਾਵੇ...) ਪਰਦਾ ਚੁੱਕਿਆ ਗਿਆ ਹੈ। ਸਮਾਜ ਖੁਦਗਰਜੀ ਦੇ ਪੁੜਾਂ ਵਿਚ ਇਉਂ ਪਿਸ ਰਿਹਾ ਸੀ ਕਿ ਕੋਈ ਕੰਮ ਵੀ ਸਵਾਰਥ (ਦੁਨੀਆ ਤਾਲਬ ਮਤਲਬ਼...ਗਬਰ ਪੀਰਾਂ) ਤੋਂ ਬਿਨਾਂ ਨਹੀਂ ਸੀ ਕੀਤਾ ਜਾਂਦਾ। ਸਮਾਜਕ ਵਿਚਾਰਾਂ ਦੇ ਦੂਜੇ ਵਰਗ ਵਿਚ, ਸ਼ਾਹ ਹੁਸੈਨ ਨੇ, ਸਮਾਜ ਕਲਿਆਣ ਹਿਤ ਅਨੇਕਾਂ ਸੁਝਾਅ, ਆਚਾਰ ਨੀਤੀ ਦੇ ਰੂਪ ਵਿਚ ਪੇਸ਼ ਕੀਤੇ ਹਨ। ਸਮਾਜ ਵਿਚ ਸਤਿਕਾਰ ਪ੍ਰਾਪਤ ਕਰਨ ਲਈ ਸੁਆਰਥ (..ਜਿਨ ਮਤਲਬ ਛੱਡਿਆ..), ਕਪਟ ਤੋਂ ਮੁਕਤ ਹੋਣ ਲਈ ਹਿਰਦੇ ਦੇ ਚੈਨ ਲਈ ਕਪਟੀ ਸਮਾਜ ਤੋਂ ਕਿਨਾਰਾਕਸ਼ੀ ਕਰਨ ਦਾ ਸੁਝਾਅ (ਦਗਾਬਾਸ਼ ਸੰਸਾਰ਼... ਗੋਸ਼ਾ ਪਕੜ)

ਦਿੱਤਾ ਹੈ। ਮਾਨਸਿਕ ਸ਼ਾਂਤੀ ਲਈ "ਬ੍ਰਹਮ ਅਤੇ ਤ੍ਰਿਸ਼ਨਾ" ਵਿਚਾਲੇ ਭਟਕਣ ਦੀ ਬਜਾਇ, ਇਕ ਸੁਚੱਜੀ ਚੋਣ (ਮਨ ਚਾਹੇ ਮਹਿਬੂਬ...ਕੈਸੇ ਬਣੇ ਹੁਸੈਨ) ਦਾ ਸੁਝਾਅ ਵੀ ਬੜੇ ਕਲਾ ਪੂਰਤੀ ਢੰਗ ਨਾਲ ਦਿੱਤਾ ਸੀ। ਇਸ ਤੋਂ ਬਿਨਾਂ "ਸੱਚ" ਨੂੰ ਗ੍ਰਹਿਣ ਕਰਨਾ, ਨਿਰਮਾਤਾ ਤੇ ਸਾਦਗੀ ਧਾਰਨ ਕਰਕੇ ਆਪਾ ਤੇ ਹੰਕਾਰ ਤਿਆਗਣ ਦੀ ਤਾੜਨਾ ਵੀ ਥਾਂ ਪਰ ਥਾਂ ਕੀਤੀ ਗਈ ਹੈ।

ਡਾ ਮੋਹਨ ਸਿੰਘ ਦੀਵਾਨਾ ਨੇ, ਕਲਾਤਮਕ ਗੁਣਾਂ ਕਰਕੇ, ਸ਼ਾਹ ਹੁਸੈਨ ਦੀ ਰਚਨਾ ਨੂੰ ਬੁੱਲ੍ਹੇ ਸ਼ਾਹ ਦੀ ਕਾਵਿਧਾਰਾ ਸਿਰਜਨਾ ਨਾਲੋਂ ਚੰਗੇਰੀ ਦੱਸਿਆ ਹੈ। ਅਸਲ ਵਿਚ ਇਹ ਕਥਨ, ਸ਼ਾਹ ਹੁਸੈਨ ਦੇ ਸੁਹਜਮਈ ਲਿਖਣ ਢੰਗ ਅਥਵਾ ਦਰਦ ਵਿਛੋੜੇ ਦੀ ਹੂਕ ਦੇ ਕਾਰਨ ਹੀ ਸੱਚ ਹੁੰਦਾ ਲੱਗਦਾ ਹੈ। ਸੂਫ਼ੀ ਵਿਚਾਰਧਾਰਾ ਦੇ ਵਿਕਾਸ ਅਥਵਾ ਅਦਵੈਤਵਾਦੀ ਦ੍ਰਿਸ਼ਟੀ ਦੀ ਪਰਪੱਕਤਾ ਦੇ ਪੱਖੋਂ ਬੁੱਲ੍ਹੇ ਸ਼ਾਹ ਸੱਚ ਮੁਚ ਹੀ ਸ਼ਾਹ ਹੁਸੈਨ ਤੋਂ ਬਹੁਤ ਅਗੇਰੇ ਹੈ। ਸ਼ਾਹ ਹੁਸੈਨ ਦੀ ਸਾਰੀ ਕਾਵਿਧਾਰਾ ਸਿਰਜਨਾ "ਕਾਫ਼ੀ" ਨਾਮੀ ਕਾਵਿਧਾਰਾ ਰੂਪ ਵਿਚ ਕਾਨੀ ਬੰਦ ਕੀਤੀ ਮਿਲਦੀ ਹੈ, ਜਿਸ ਵਿਚ ਤੋਲ ਅਥਵਾ ਛੰਦ ਚਾਲ ਦੀ ਬਹੁਤ ਵੰਨ ਸੁਵੰਨਤਾ ਹੈ। ਭਾਵਾਂ ਦੀ ਮੌਲਿਕਤਾ, ਤੀਬਰਤਾ ਅਤੇ ਸੁੱਚਮ ਨੇ ਜਿੱਥੇ ਸ਼ਾਹ ਹੁਸੈਨ ਦੇ ਬਿਆਨ ਨੂੰ ਸੁਚੱਜਾ ਵਹਾਅ ਅਤੇ ਵੇਗ ਦਿੱਤਾ ਹੈ, ਉੱਥੇ ਇਸ ਵਿਚ ਇਕ ਵਿਸ਼ੇਸ਼ ਖਿੱਚ ਅਤੇ ਪ੍ਰਭਾਵ ਦੀ ਤੀਖਣਤਾ ਵੀ ਬਖਸੀ ਹੈ।

ਰੋ ਰੋ ਨੈਣ ਭਰੇਨੀ ਹਾਂ ਝੋਲੀ, ਜਿਉਂ ਸਾਵਨਦੜੇ ਮੀਂਹੁ।
ਗਲ ਵਿਚ ਪੱਲੂ ਮੈਂਡਾ ਦਸਤ ਪੈਰਾਂ ਤੇ, ਕਦੀ ਤਾਂ ਅਸਾਡਾ ਥੀਉਂ।

ਸ਼ਾਹ ਹੁਸੈਨ ਦੀ ਬੋਲੀ, ਮੁੱਢਲੇ ਤੌਰ ਤੇ ਠੇਠ, ਕੇਂਦਰੀ ਅਥਵਾ ਟਕਸਾਲੀ ਪੰਜਾਬੀ ਹੈ। ਮਿਠਾਸ, ਸਰਲਤਾ, ਸਾਦਗੀ, ਸੰਜਮ, ਸੰਕੋਚ, ਠੇਠਤਾ ਤੇ ਢੁਕਵਾਂ ਪਣ ਇਸ ਬੋਲੀ ਦੇ ਵਿਸ਼ੇਸ਼ ਗੁਣ ਹਨ। ਲਹਿੰਦੀ ਪੰਜਾਬੀ ਦੀ ਸ਼ਬਦਾਵਲੀ ਦਾ ਸਮਿਰਣ ਉਸ ਦੇ ਬਿਆਨ ਉੱਤੇ, ਸੋਨੇ ਤੇ ਸੁਹਾਗਾ ਵਾਲਾ ਅਸਰ ਕਰਦਾ ਹੈ। ਸ਼ਬਦ ਚੋਣ ਅਤੇ ਸ਼ਬਦ ਜੜਤ, ਦੋਵਾਂ ਪੱਖਾਂ ਤੋਂ ਉਹਦਾ ਕਲਾ ਕੌਸ਼ਲ ਸਲਾਹੁਤਾ ਦਾ ਪਾਤਰ ਹੈ :

(ੳ) ਬਾਗ ਤੇਰਾ ਬਗੀਚਾ ਤੇਰਾ ਮੈਂ ਬੁਲਬੁਲ ਬਾਗ ਤਿਹਾਰੇ ਦੀ।
ਆਪਣੇ ਸ਼ਹੁ ਨੂੰ ਆਪ ਰੀਝਾਵਾਂ ਹਾਜਤ ਨਹੀਂ ਪਸਾਰੇ ਦੀ।
(ਅ) ਏਕੇ ਦੀ ਸਿਰ ਖਾਰੀ ਚਾਈਆਂ ਦਰ ਦਰ ਦੇਨੀਆਂ ਹੋਕਾ ਵੇ ਲੋਕਾ।
ਕਹੈ ਹੁਸੈਨ ਫ਼ਕੀਰ ਸਾਂਈ ਦਾ, ਲੱਧਾ ਈ ਇਸ਼ਕ ਝਰੋਖਾ ਵੇ ਲੋਕਾ।

ਬਿੰਬਾਂ, ਅਲੰਕਾਰਾਂ ਅਤੇ ਚਿੰਨ੍ਹਾਂ ਦੇ ਪ੍ਰਯੋਗ ਵਿਚ, ਸ਼ਾਹ ਹੁਸੈਨ ਦੀ ਪੰਜਾਬੀ ਕਾਵਿਧਾਰਾ ਜਗਤ ਤੇ ਭਾਰਤੀ ਅਧਿਆਤਮਕ ਵਿਚਾਰਧਾਰਾ ਵਿਚ ਨਿਵੇਕਲੀ ਤੇ ਵਿਸ਼ੇਸ਼ ਥਾਂ ਹੈ। ਆਪਣੇ ਡੂੰਘੇ ਅਤੇ ਗੂੜ੍ਹੇ ਰਹੱਸਮਈ ਅਨੁਭਵਾਂ ਨੂੰ ਮੂਰਤੀਮਾਨ ਕਰਨ ਲਈ ਰੂਪਕ, ਦ੍ਰਿਸ਼ਟਾਂਤ ਅਥਵਾ ਉਪਮਾ ਆਦਿਕ ਅਲੰਕਾਰਾਂ ਦਾ ਪ੍ਰਯੋਗ ਤਾਂ ਉਸ ਨੇ ਕੀਤਾ ਹੀ ਹੈ ਪਰ ਇਨ੍ਹਾਂ ਬਿੰਬਾਂ, ਅਲੰਕਾਰਾਂ ਦੀ ਸਿਰਜਣਾ ਕਰਨ ਸਮੇਂ ਚੁਣੇ ਗਏ ਚਿੰਨ੍ਹ, ਨਿਰੋਲ ਪੰਜਾਬੀ ਪੇਂਡੂ ਜੀਵਨ ਵਿਚੋਂ ਲਏ ਗਏ ਹਨ, ਜੋ ਪਾਠਕ ਦਾ ਧਿਆਨ ਵਿਸ਼ੇਸ਼ ਤੌਰ ਤੇ ਖਿੱਚਦੇ ਹਨ। ਚਰਖਾ, ਨਲੀਆਂ, ਤਾਣਾ, ਸਿਪਾਹੀ, ਮਲੀਦਾ, ਟੁੱਕਰ ਬੇਹਾ, ਮੁਕਲਾਵਾ, ਨਦੀਆਂ ਤਾਰੂ, ਬਰੇਤਾ, ਬਾਗੋ ਦੀ ਮੂਲ੍ਹੀ, ਗੰਧੂਲੀ ਦੇ ਫੁੱਲ, ਹਰਟ ਗੇੜਨਾ, ਹੀਰੇ ਹਰਨ ਦਾ ਬੰਨੇ ਤੇ ਚਰਨਾ, ਉੱਚੇ ਪਿੱਪਲੀ ਪੀਂਘਾਂ ਪਾਉਣਾ, ਮੁਰਗ਼ੀਆਂ ਤੇ ਮੋਰ ਬੋਲਣ, ਝੁੰਮਰ ਪਾਉਣ, ਲੁੱਡੀ ਖੇਡਣ, ਘੁੰਗਟ ਕੱਢਣ ਆਦਿ ਦੇ ਥਾਂ ਪਰ ਥਾਂ ਆਏ ਬਿਆਨ, ਸ਼ਾਹ ਹੁਸੈਨ ਦੀ ਕਾਵਿਧਾਰਾ ਸਿਰਜਨਾਂ ਨੂੰ ਇਕ ਵਿਸ਼ੇਸ਼ ਪਿੱਠ-ਭੂਮੀ ਅਤੇ ਨਿਵੇਕਲਾ ਵਾਤਾਵਰਨ ਬਖ਼ਸ਼ਦੇ ਹਨ।

**3 ਬੁੱਲ੍ਹੇ ਸ਼ਾਹ (1680-1758)-** ਬੁੱਲ੍ਹੇ ਸ਼ਾਹ "ਪਿਛਲੇਰੇ ਨਾਨਕ ਕਾਲ" ਦਾ ਕਵੀ ਹੈ। ਉਹ ਆਪਣੇ ਕਾਲ ਦਾ ਹੀ ਪ੍ਰਤੀਨਿਧ ਸੂਫ਼ੀ ਕਵੀ ਨਹੀਂ ਮੰਨਿਆ ਜਾਂਦਾ, ਸਗੋਂ ਸਮੁੱਚੇ ਤੌਰ ਤੇ ਪੰਜਾਬੀ ਸੂਫ਼ੀ ਕਾਵਿਧਾਰਾ ਅਥਵਾ ਪੰਜਾਬੀ ਸੂਫ਼ੀਆਂ ਦੀ ਵਿਚਾਰਧਾਰਾ ਦਾ ਸਿਖਰ ਵੀ ਉਸੇ ਦੀ ਰਚਨਾ ਅੰਦਰ ਪ੍ਰਾਪਤ ਹੁੰਦਾ ਹੈ। ਭਾਵੇਂ ਇਸੇ ਕਾਲ ਦੇ ਕੁਝ ਕਿੱਸਾਕਾਰਾਂ ਨੂੰ ਵੀ ਸੂਫ਼ੀ ਕਾਵਿਧਾਰਾ ਦੇ ਸਾਹਿਤਕਾਰਾਂ ਵਿਚ ਗਿਣਿਆਂ ਜਾਣ ਲੱਗ ਪਿਆ ਹੈ, ਪਰ ਅਸਲੋਂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਵਜੀਦ, ਫ਼ਰਦ ਫ਼ਕੀਰ ਆਦਿ ਸੂਫ਼ੀ ਸਾਧਕਾਂ ਨੂੰ ਇਸ ਪੰਗਤੀ ਵਿਚ ਖੜ੍ਹੇ ਹੋਣ ਦਾ ਹੱਕ ਹਾਸਲ ਹੈ। ਬੁੱਲ੍ਹੇ ਸ਼ਾਹ ਦਾ ਜਨਮ "ਉਚ-ਗੀਲਾਨੀਆਂ" ਨਾਮੀ ਪਿੰਡ (ਰਿਆਸਤ ਬਹਾਵਲਪੁਰ) ਵਿਚ ਹੋਇਆ ਸੀ ਪਰ ਫੇਰ (ਇਸ ਦੇ ਬਚਪਨ ਵਿਚ ਹੀ) ਇਨ੍ਹਾਂ ਦੇ ਮਾਪੇ, ਕਿਸੇ ਕਾਰਨ "ਕਸੂਰ" ਦੇ ਲਾਗੇ ਪਿੰਡ "ਪੰਡੋਕੇ" ਵਿਚ ਆਣ ਵਸੇ ਸਨ। ਇਸੇ ਲਈ ਬੁੱਲ੍ਹੇ ਸ਼ਾਹ "ਕਸੂਰ" ਦਾ ਸ਼ਿਕਾਰ ਕਰਦਾ ਹੈ। ਇਨ੍ਹਾਂ ਦਾ ਅਸਲੀ ਨਾਂ "ਅਬਦੁੱਲਾ" ਸੀ ਤੇ ਦਰਵੇਸ਼ੀ ਆਪ ਨੂੰ ਵਿਰਸੇ ਵਿਚ ਹੀ ਪ੍ਰਾਪਤ ਹੋਈ। ਇਹੋ ਕਾਰਨ ਹੈ ਕਿ ਬੁੱਲ੍ਹੇ ਸ਼ਾਹ "ਸ਼ਰੀਅਤ" ਅਤੇ "ਤਰੀਕਤ" ਦੇ ਅਧਿਆਤਮਕ ਪੜਾਵਾਂ ਨੂੰ ਛੇਤੀ ਹੀ ਟੱਪ ਗਿਆ ਤੇ ਉਸ ਦੇ ਜੀਵਨ ਦਾ ਵਧੇਰੇ ਭਾਗ "ਮਾਰਫ਼ਤ" ਅਤੇ "ਹਕੀਕਤ" ਦੇ ਪੜਾਵਾਂ ਅੰਦਰ ਵਿਚਰਦਿਆਂ ਹੀ ਬਤੀਤ ਹੋਇਆ।

ਬੁੱਲ੍ਹੇ ਸ਼ਾਹ ਦੀ ਅਧਿਆਤਮਕ ਪ੍ਰਾਪਤੀ ਅਤੇ ਉਸ ਦੇ ਜੀਵਨ ਤੇ ਸਾਹਿਤ ਦੀ ਉੱਚਤਾ ਨੂੰ ਮੁੱਖ ਰੱਖਦਿਆਂ, ਡਾ ਲਾਜਵੰਤੀ ਨੇ ਉਸ ਨੂੰ ਪੰਜਾਬੀ ਸੂਫ਼ੀ-ਕਵੀਆਂ ਵਿਚੋਂ ਸਭ ਤੋਂ ਵੱਡਾ ਮੰਨਿਆ ਹੈ ਤੇ "ਸ਼ਮਸ ਤਬਰੇਜ਼" ਅਤੇ "ਜਲਾਲੁਦੀਨ ਰੂਮੀ" ਜਿਹੇ ਜਗਤ ਪ੍ਰਸਿੱਧ ਸੂਫ਼ੀ

ਸੰਤਾਂ ਨਾਲ ਮੇਲਿਆਂ ਹੈ। ਉਸ ਦੁਆਰਾ ਪੰਜਾਬੀ ਵਿਚ 156 ਕਾਫ਼ੀਆਂ, ਇਕ ਅਠਵਾਰਾ, 48 ਦੋਹੜੇ, ਇਕ ਬਾਰਾਂਮਾਹ, 40 ਗੰਢਾ ਅਤੇ ਤਿੰਨ ਸੀ ਹਰਫੀਆਂ ਦੀ ਰਚਨਾ ਹੋਈ ਮੰਨੀ ਜਾਂਦੀ ਹੈ। ਬੁੱਲ੍ਹੇ ਸ਼ਾਹ ਦੇ ਵਿਚਾਰਾਂ ਅਤੇ ਸਾਧਨਾਂ ਉੱਤੇ ਪਏ, ਭਾਰਤੀ ਪ੍ਰਭਾਵ ਬਾਰੇ ਡਾ ਮੋਹਨ ਸਿੰਘ ਅਤੇ ਡਾ ਲਾਜਵੰਤੀ ਰਾਮਕ੍ਰਿਸਨਾ, ਦੋਵੇਂ ਸਹਿਮਤ ਹਨ ਕਿ ਉਨ੍ਹਾਂ ਅਨੁਸਾਰ ਬੁੱਲ੍ਹੇ ਨੇ ਹੇਠ ਲਿਖੇ ਛੇ ਹਿੰਦੂ ਪ੍ਰਭਾਵ ਗ੍ਰਹਿਣ ਕੀਤੇ।

1 ਵੈਸ਼ਨਵ ਭਗਤਾਂ ਦੁਆਰਾ, ਭਗਵਾਨ ਕ੍ਰਿਸ਼ਨ ਦੇ ਜੱਸ ਗਾਉਣ ਵਾਂਗ ਹਜ਼ਰਤ ਮੁਹੰਮਦ ਦੀ ਉਸਤਤ ਗਾਉਣੀ।

2 ਰੱਬ ਅਤੇ ਮੁਰਸ਼ਦ (ਗੁਰੂ) ਵਿਚ ਅਭੇਦਤਾ ਮੰਨਣੀ।

3 ਕਾਂਤਾ ਭਗਤੀ।

4 ਤ੍ਰਿਕੁਟੀ ਉੱਤੇ ਧਿਆਨ ਟਿਕਾਉਣ ਆਦਿ ਦੀ ਸਾਧਨਾ ਤੇ ਸਵਾਸ ਰੋਕਣਾ।

5 ਅਦਵੈਤਵਾਦ।

6 ਜੀਵ ਦੇ ਆਵਾਗਵਨ ਵਿਚ ਵਿਸ਼ਵਾਸ।

ਬੁੱਲ੍ਹੇ ਦੀ ਦਾਰਸ਼ਨਿਕ ਵਿਚਾਰਧਾਰਾ ਵੀ ਮੁਲਕ ਸੂਫ਼ੀਧਾਰਾ ਦੇ ਅਨੁਕੂਲ ਹੀ ਹੈ। ਸ਼ਾਹ ਹੁਸੈਨ ਵਾਂਗ, ਉਹ ਵੀ ਦਰੋਣਾਚਾਰੀਆ ਨਾ ਹੋ ਕੇ, ਨਿਰੋਲ ਰਹੱਸ ਦੇ ਮੰਡਲਾਂ ਦਾ ਪ੍ਰਧਾਨ ਅਥਵਾ ਸਾਧਕ ਸੀ। ਉਸ ਦੀਆਂ ਰਚਨਾਵਾਂ ਦਾ ਘੇਰਾ, ਦੂਜੇ ਦੋ ਮੁੱਖ-ਸੂਫ਼ੀ ਕਵੀਆਂ ਨਾਲ ਵਿਸ਼ਾਲ ਹੋਣ ਕਰਕੇ ਉਸ ਦੇ ਵਿਚਾਰਾਂ ਵਿਚ ਵੰਨ ਸੁਵੰਨਤਾ ਅਤੇ ਵਿਸ਼ਾਲਤਾ ਆਉਣੀ ਸੁਤੇ ਸਿਧ ਹੀ ਹੈ। ਬੁੱਲ੍ਹੇ ਸ਼ਾਹ "ਬ੍ਰਹਮ" ਨੂੰ ਸ੍ਰਿਸ਼ਟੀ ਦਾ ਮੂਲ ਕਰਤਾ, ਪ੍ਰਿੰਤਪਾਲਕ ਅਤੇ ਨਿਵਾਸ ਕਰਤਾ ਮੰਨਦਾ ਹੈ। ਉਸ ਦਾ "ਬ੍ਰਹਮ" ਸਾਰੀ ਸ੍ਰਿਸ਼ਟੀ ਅਥਵਾ ਜੀਵਾਂ ਦੇ ਅੰਦਰ ਅਤੇ ਬਾਹਰ ("ਜਾਹਰ ਤੇ ਬਾਤਨ") ਕੇਵਲ ਵੱਸਦਾ ਹੀ ਨਹੀਂ, ਸਗੋਂ ਸਾਰੀ ਸ੍ਰਿਸ਼ਟੀ ਉਸੇ ਦਾ ਹੀ ਸਰੂਪ ਹੈ।

(ੳ) ਬਿਨ ਸ਼ਹੁ ਥੀ ਦੂਜਾ ਕੱਖ ਨਹੀਂ

(ਅ) ਪਿਆਰਾ ਪਹਿਨ ਪੋਸ਼ਾਕਾਂ ਆਇਆ

ਨੈਂ ਚੰਦਨ ਦੇ ਸ਼ੋਰ ਕਿਨਾਰੇ,<br>
ਘੁੰਮਣ ਘੇਰ ਵਿਚ ਠਾਠਾਂ ਮਾਰੇ,<br>
ਡੁੱਬ ਡੁੱਬ ਮੋਏ ਤਾਰੂ ਭਾਰੇ।

ਸਾਧਨਾਤਮਕ ਪੱਖ ਤੋਂ, ਬੁੱਲ੍ਹੇ ਨੇ ਵੀ "ਇਸ਼ਕ" ਦੀ ਮਹਾਨਤਾ ਬਹੁਤ ਉਘਾੜੀ ਹੈ। ਇਸ਼ਕ ਦੁਆਰਾ ਮਨ ਦੀ ਸ਼ੁਧੀ ਤਾਂ ਹੁੰਦੀ ਹੈ ਪਰ ਹਿਰਦੇ ਅੰਦਰ ਹਿੰਮਤ ਅਤੇ ਦਲੇਰੀ ਦਾ ਵਾਸ ਵੀ ਹੁੰਦਾ ਹੈ ਜਿਸ ਲਈ "ਚੁੱਪ ਆਸ਼ਕ ਤੋਂ ਹੋਠਾਂ ਹੁੰਦੀ ਹੈ" ਦੇ ਤੱਥ ਦੀ ਮਾਨਤਾ ਉਸ ਨੇ ਅਮੋੜ ਅਤੇ ਅਤਿਅੰਤ ਜੋਸ਼ ("ਜਿਸ ਤਨ ਵਿਚ ਇਸ਼ਕ ਦਾ ਜੋਸ਼ ਹੋਇਆ...") ਦੀ ਉਤਪਤੀ ਹੁੰਦੀ ਦੱਸੀ ਹੈ ਜਿਸ ਦੇ ਕਾਰਨ ਆਸ਼ਕ ਕਦੇ ਚੁੱਪ ਨਹੀਂ (ਉਹ ਕਿਉਂ ਕਰ ਰਹੇ ਖ਼ਾਮੋਸ਼ ਹੋਇਆ) ਰਹਿ ਸਕਦਾ। ਉਸ ਵਿਚ ਮੂੰਹ ਫੱਟ ਹੋਣ ਦਾ ਤੱਤ ਪ੍ਰਵੇਸ਼ ਕਰ ਜਾਂਦਾ ਹੈ। ਬੁੱਲ੍ਹੇ ਨੇ "ਇਸ਼ਕ" ਨੂੰ ਗਿਆਨ ਦਾਤਾ ਵੀ ਮੰਨਿਆ ਹੈ। ਤਦੇ ਹੀ ਇਸ਼ਕ ਦਾ "ਸਬਕ" ਪੜ੍ਹਦੇ ਸਾਰ ਸੂਫ਼ੀ-ਸਾਧਕ ਸ਼ਰਾ੍ਰੈਰੀਅਤ ਦੇ ਪਾਖੰਡਾਂ ਤੋਂ ਬਾਗ਼ੀ ਹੋ ਖਲੋਂਦਾ ਹੈ ਤੇ ਉਸ ਨੂੰ "ਮਸਜਿਦ" ਅਤੇ "ਠਾਕਰ-ਦੁਆਰੇ" ਰੱਬੀ ਹੋਂਦ ਤੋਂ ਸੱਖਣੇ ਦਿਸਣ ਲੱਗਦੇ ਹਨ। ਬੁੱਲ੍ਹੇ ਸ਼ਾਹ ਨੇ "ਹੱਕ" (ਰੱਬ) ਦੇ ਪ੍ਰੇਮ ਅਥਵਾ ਹਕੀਕੀ-ਇਸਕ ਤੀਕਰ ਅੱਪੜਨ ਲਈ, ਇਸਕ-ਮਜਾਜੀ ਦੀ ਆਵੱਸ਼ਕਤਾ ਅਤੇ ਮਹਾਨਤਾ ਵੀ ਭਲੀ ਪ੍ਰਕਾਰ ਉਘਾੜੀ ਹੈ :

ਬੁੱਲ੍ਹਿਆ ਸਭ ਮਿਜਾਜੀ ਪੌੜੀਆਂ,<br>
ਤੂੰ ਹਾਲ ਹਕੀਕਤ ਵੇਖ।

ਮੁਰਸ਼ਦ ਦੀ ਟੇਕ ਦੀ ਲੋੜ, ਬੱਲ੍ਹੇ ਸ਼ਾਹ ਦੀ ਰਚਨਾ ਵਿਚੋਂ ਕੁਝ ਵਧੇਰੇ ਹੀ ਉੱਘੜਦੀ ਹੈ। ਅਸਲ ਵਿਚ ਉਸ ਨੂੰ ਰੱਬ ਅਤੇ ਮੁਰਸ਼ਦ (ਗੁਰੂ) ਵਿਚੋਂ ਕੋਈ ਭਿੰਨ-ਭੇਦ ਨਹੀਂ ਲੱਭਦਾ। ਉਹ ਮੁਰਸ਼ਦ ਨੂੰ "ਜਗਤ" ਅੰਦਰ "ਬ੍ਰਹਮ" ਦਾ ਸਥੂਲ ਰੂਪ ਮੰਨ ਕੇ, ਉਸ ਦੀ ਉਪਾਸਨਾ ਤੇ ਭਗਤੀ ਕਰਦਾ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਬੁੱਲ੍ਹੇ ਦੀ ਪ੍ਰਭੂ ਭਗਤੀ ਉਸ ਦੀ ਮੁਰਸ਼ਦ ਭਗਤੀ ਤੋਂ ਕੋਈ ਵੱਖਰੀ ਨਹੀਂ। ਉਸ ਨੇ ਮੁਰਸ਼ਦ-ਭਗਤੀ ਨੂੰ ਅਤੇ ਪ੍ਰਭੂ ਭਗਤੀ ਨੂੰ ਇਕਸੁਰ ਕਰਕੇ, ਪ੍ਰਭੂ ਪ੍ਰਾਪਤੀ ਲਈ ਸੌਖਾ ਢੰਗ ਲੱਭਿਆ ਹੈ। ਆਪਣੇ ਮੁਰਸ਼ਦ, ਸ਼ਾਹ ਇਨਾਇਤ ਕਾਦਰੀ ਦੇ

ਨਾਰਾਜ਼ ਹੋ ਜਾਣ ਨੂੰ ਉਹ ਪ੍ਰਭੂ ਦੀ ਨਾਰਾਜ਼ਗੀ ਮੰਨ ਕੇ, ਬਿਹਬਲ ਹੋ ਲੁੱਛਦਾ ਤੇ ਗਾਉਂਦਾ ਰਿਹਾ। ਆਪਣੇ ਪ੍ਰਭੂ ਅੱਗੇ ਪਾਉਣ ਵਾਲੇ ਤਰਲੇ ਮਿੰਨਤਾਂ ਉਹ ਆਪਣੇ ਮੁਰਸ਼ਦ ਅੱਗੇ ਪਾਉਂਦਾ ਰਿਹਾ :-

(ੳ) ਬਹੁੜ॥ ਵੇ ਤਬੀਬਾ ਮੈਂਡੀ ਜਿੰਦ ਗਈ ਆਂ।
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।

(ਅ) ਬੱਸ ਕਰ ਜੀ ਹੁਣ ਬੱਸ ਕਰ ਜੀ।
ਕਾਈ ਗਲ ਅਸਾਂ ਨਾਲ ਹੱਸ ਕਰ ਜੀ।

(ੲ) ਸ਼ਾਹ ਇਨਾਇਤ ਕੁੰਡੀਆਂ ਪਾਈਆਂ, ਲੁੱਕ ਛਿਪ ਖਿੱਚਦਾ ਡੋਰ
ਮੇਰੀ ਬੁੱਕਲ ਦੇ ਵਿਚ ਚੋਰ।

ਵਾਸਤਵ ਵਿਚ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਪ੍ਰਤੀ ਪ੍ਰੇਮ ਉਸ ਦਾ ਇਸਕ-ਮਿਜਾਜੀ ਹੋ ਨਿੱਬੜਿਆ, ਜਿਸ ਨੇ ਉਸ ਨੂੰ ਇਸਕ-ਹਕੀਕੀ ਦੀ ਪੌੜੀ ਉੱਤੇ ਪੁੱਜਣ ਦੀ ਸਮਰੱਥਾ ਤੇ ਸ਼ਕਤੀ ਦਿੱਤੀ –

ਅੰਦਰ ਸਾਡੇ ਮੁਰਸ਼ਦ ਵੱਸਦਾ, ਨੇਹੁੰ ਲੱਗਾ ਤਾਂ ਜਾਤਾ।

ਬੁੱਲ੍ਹੇ ਸ਼ਾਹ ਦੀ ਰਚਨਾ ਵਿਚ ਸਾਖ-ਭਗਤੀ ਦਾ ਤੱਤ ਉਹਦੀ ਮੁਰਸ਼ਦ-ਭਗਤੀ ਦੇ ਕਾਰਨ ਹੀ ਸਮਿਲਤ ਹੋਇਆ ਜਾਪਦਾ ਹੈ। ਇਹੋ ਕਾਰਨ ਹੈ ਜਾ "ਘੁੰਗਟ ਚੁੱਕ ਓ ਸੱਜਣਾਂ", "ਜਾਨੀ ਬਾਝ ਦੀਵਾਨੀ ਹੋਈ", "ਆਪੇ ਹੈਂ ਤੂੰ ਸਾਜਨ ਸੱਈਆਂ", "ਘੁੰਗਟ ਉਹਲੇ ਨਾ ਲੁੱਕ ਸੁਹਣਿਆਂ।" "ਜੇਕਰ ਯਾਰ ਕਰੇ ਦਿਲਜੋਈ" ਆਦਿ ਗੱਲਾਂ ਆਖਣ ਲੱਗਾ, ਉਹ ਰਤਾ ਜਿੰਨੀ ਵੀ ਝਿਜਕ ਤੇ ਸੰਕੋਚ ਨਹੀਂ ਕਰਦਾ।

ਬੁੱਲ੍ਹੇ ਸ਼ਾਹ ਦਾ ਅੰਦਾਜ਼ ਸ਼ਾਹ ਹੁਸੈਨ ਦੇ ਅੰਦਾਜ ਨਾਲੋਂ ਨਿਸ਼ਚੇ ਹੀ ਅਗੇਰੇ ਦਿਸ ਆਉਂਦਾ ਹੈ। ਉਹਦਾ ਅੰਦਾਜ਼ ਸਤਵਾਦੀ ਅਨੁਭਵ ਹੀ ਹੈ, ਜਿਸ ਕਾਰਨ ਉਸ ਨੂੰ ਸਾਰੇ ਜਗਤ ਅੰਦਰ (ਬਿਨ ਸ਼ਾਹ ਥੀਂ ਦੂਜਾ ਕੱਖ ਨਹੀਂ) ਬ੍ਰਹਮ ਦੀ ਜਾਤ ਤੋਂ ਬਿਨਾਂ ਹੋਰ ਕੁਝ ਲੱਭਦਾ ਹੀ ਨਹੀਂ ਹੈ। ਸ੍ਰਿਸ਼ਟੀ ਦੇ ਕਣ ਕਣ ਵਿਚ ਉਸੇ ਦੀ ਜੋਤ ਸਹੀ ਹੁੰਦੀ ਹੈ (ਸਾਂਈ ਬਿਨ ਜਾਂ ਕੋਈ) ਤੇ "ਤਾਣੇ-ਪੇਟੇ" ਦੇ ਸੂਤ ਵਾਂਗ ਜਾਂ ਜਗਤ ਦੇ ਸਮੂਹ ਆਕਾਰਾਂ ਅੰਦਰ ਮਿੱਟੀ ਦੇ ਤੱਤ ਦੇ ਵਿਆਪਕ ਹੋਣ ਵਾਂਗੂ, ਧੁਰ ਅੰਦਰ ਤੀਕਰ ਉਹੀ ਦਿਸ ਆਉਂਦਾ ਹੈ। ਦੁਨੀਆ ਵਿਚਲੇ "ਰਾਮ ਦਾਸ ਤੇ ਫ਼ਤਿਹ ਮੁਹੰਮਦ" ਦੇ ਵਿਤਕਰੇ ਤੇ ਵੰਡੀਆਂ ਉਸ ਨੂੰ ਨਿਰਮੂਲ ਦਿਸਦੀਆਂ ਹਨ। ਮਜਨੂੰ-ਲੈਲਾ, ਬੇਰੀ ਮੈਲੀ, (ਸ਼ਤਰੂ ਤੇ ਮਿੱਤਰ) ਗੁਰੂ-ਚੇਲੇ, ਤੁਰਕ ਹਿੰਦੂ, ਆਦਿਕ ਦੇ ਭਿੰਨ ਭੇਦ ਉਸ ਦੀਆਂ ਨਜ਼ਰਾਂ ਵਿਚੋਂ ਉੱਕਾ ਹੀ ਉੱਡ ਜਾਂਦੇ ਹਨ। "ਇਸ਼ਕ" ਦੇ ਸਬਕ ਪੜ੍ਹਨ ਦਾ ਪ੍ਰਭਾਵ ਹੀ ਹੈ ਕਿ ਉਹ "ਮੋਮਨ" ਦੀ ਥਾਂ "ਕਾਫ਼ਰ" ਹੋਣ ਵਿਚ ਵੀ ਖ਼ੁਸ਼ੀ ਦਾ ਅਨੁਭਵ ਕਰਦਾ ਹੈ। ਉਸ ਦੇ "ਘਰ" ਹਿਰਦੇ ਵਿਚਲੇ "ਨੋ" ਸ਼ਹੁ, (ਲਾੜੇ ਬ੍ਰਹਮ) ਨੇ ਮੌਕੇ ਦੀ ਥਾਂ ਯਾਤਰਾ ਦੀ ਲੋੜ ਵੀ ਮੇਟ ਕੇ ਧਰ ਦਿੱਤੀ। ਉਹ "ਫ਼ਨਾਹ" ("ਨੀ ਸਈਓ ਮੈ ਗਈ ਗਵਾਤੀ") ਦੇ ਪੜਾਅ ਨੂੰ ਪਾਰ ਕਰਕੇ "ਬਕਾ" ਦੀ ਸਦੀਵੀ ਅਵਸਥਾ ਤੱਕ ਵੀ, ਅਦਾਜ!ਤਵਾਦੀ ਅਨੁਭਵ ਦੀ ਸ਼ਕਤੀ ਕਾਰਨ ਹੀ ਅੱਪੜ ਦਾ ਹੈ :

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਇਸੇ ਅਨੁਭਵ ਸਦਕਾ ਹੀ ਬੁੱਲ੍ਹੇ ਨੂੰ "ਬ੍ਰਹਮ" ਨਿਰੋਲ "ਨੂਰ" (ਜੋਤ) ਦਾ ਰੂਪ ਪ੍ਰਤੱਖ ਹੋ ਉੱਘੜਿਆ, ਜਿਸ ਨੂੰ ਕਿ ("ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ...") ਮਸਜਿਦਾਂ ਤੇ ਠਾਕੁਰ ਦੁਆਰਿਆਂ ਦੀਆਂ ਫ਼ਰਜ਼ੀ ਤੇ ਬਨਾਵਟੀ ਹੱਦਬੰਦੀਆਂ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ।

ਬੁੱਲ੍ਹੇ ਫਰਕੀ ਜਿਤਨਾ ਸ਼ਰ੍ਹਾ ਸ਼ਰੀਅਤ ਦਾ ਖੰਡਨ, ਕਿਸੇ ਹੋਰ ਪੰਜਾਬੀ ਸੂਫ਼ੀ ਕਵੀ ਨੇ ਸ਼ਾਇਦ ਹੀ ਕੀਤਾ ਹੋਵੇ। ਨਮਾਜ਼, ਰੋਸੇ ਤੇ ਕਲਮੇ ਆਦਿ ਦੇ ਬਾਹਰਮੁਖੀ ਸਾਧਨ ਸ਼ੋਕਟ ਕਰ ਦਿਖਾਉਣ ਵਿਚ ਵੀ ਉਸ ਦੇ ਅਦਵੈਤਵਾਦੀ ਅਨੁਭਵ ਦਾ ਹੀ ਹੱਥ ਹੈ। ਮੁਸੱਲਾ ਫੂਕ ਸੁੱਟਣਾ, ਲੋਟਾ ਤੋੜ ਦੇਣ, ਤਸਬੀ ਕਾਸਾ ਸੋਟਾ ਆਦਿ ਤੋਂ ਪਰਹੇਜ਼ ਕਰਨ "ਹਲਾਲ" ਦੇ ਤਿਆਗ ਨੂੰ ਛੱਡ ਕੇ "ਮੁਰਦਾਰ" ਨੂੰ ਅੰਗੀਕਾਰ ਕਰਨ ਤੱਕ ਦੀ ਖੁੱਲ੍ਹ ਲੈਣ ਦਾ ਹੀਆ ਵੀ ਉਹਦੀ ਅਦਾਜ!ਤਵਾਦੀ ਵਿਸ਼ਾਲਤਾ ਨੇ ਹੀ ਦੇ ਦਿੱਤਾ ਸੀ। ਇਹ ਹਿੰਦੂ ਭਗਤੀ ਮੱਤ ਦੀ ਨੇੜਤਾ ਸੀ ਜਾਂ ਬੁੱਲ੍ਹੇ ਦੀ ਅਦਵੈਤ ਭਾਵਨਾ ਦਾ ਸਿੱਟਾ ਕਿ "ਬਿੰਦਰਾਬਨ" ਵਿਚ ਗਊਆਂ ਚਾਰਨ ਵਾਲੇ, ਮੁਰਲੀ ਵਜਾਉਣ ਵਾਲੇ ਅਤੇ "ਲੰਕਾ ਚੜ੍ਹ ਕੇ ਨਾਦ" ਵਜਾਉਣ

ਵਾਲੇ ਇਸ਼ਟ, ਉਸ ਲਈ ਕੋਈ ਓਪਰੇ, ਦੂਜੇ ਅਥਵਾ ਬਿਗਾਨੇ ਨਹੀਂ ਸਨ ਰਹੇ। ਉਸ ਨੂੰ ਤਾਂ "ਮਦ" ਤੇ ਪਿਆਰ, ਮਜਨੂੰ ਤੇ ਲੇਲੀ, ਗੁਰੂ ਤੇ ਚੇਲੀ, ਵੈਰੀ ਤੇ ਮਿੱਤਰ ਆਦਿਕ ਸਭ ਵਿਚ ਇੱਕੋ ਹੀ ਪਰਮਜੋਤੀ ਦਾ ਪਸਾਰਾ ਸਹੀ ਹੁੰਦਾ ਹੈ।

ਬੁੱਲ੍ਹੇ ਸ਼ਾਹ ਦੀ ਕਾਵਿਧਾਰਾ-ਰਚਨਾ ਵਿਚ ਸਮਕਾਲੀ ਸਮਾਜਕ ਤੇ ਰਾਜਨੀਤਕ ਜੀਵਨ ਦੇ ਪ੍ਰਭਾਵ ਵੀ ਭਲੀ ਪ੍ਰਕਾਰ ਪ੍ਰਤੀਬਿੰਬਤ ਹੁੰਦੇ ਹਨ। ਉਹ ਪੰਜਾਬ ਅੰਦਰ ਵਰਤ ਰਹੇ ਘੱਲੂਘਾਰੇ ਨੂੰ "ਹੈਰ ਅਜਾਬ" ਦਾ ਬੂਹਾ ਖੁੱਲ੍ਹ ਜਾਣ ਨਾਲ ਮੇਲਦਾ ਹੈ। ਰਾਜਸੀ ਜੁੱਗ ਗਰਦੀ ਸੰਕੇਤ ਸਪਸ਼ਟ ਤੌਰ ਤੇ ਉੱਘੜ ਖਲੋਂਦੇ ਹਨ, ਜਦੋਂ "ਭੂਰਿਆਂ ਵਾਲੇ ਰਾਜ ਕੀਤੇ, ਮੁਗ਼ਲਾਂ ਜ਼ਹਿਰ ਪਿਆਲੇ ਪੀਤੇ" ਦੀ ਪੰਗਤੀ ਪਾਠਕ ਦੀ ਨਜ਼ਰ ਵਿਚੋਂ ਲੰਘਦੀ ਹੈ। ਆਰਥਕ ਸੰਕਟ ਦੇ ਪੁੜਾਂ ਵਿਚ ਪਿਸ ਰਹੇ, ਪੰਜਾਬ ਦੇ ਮੱਧ ਵਰਗੀ ਲੋਕਾਂ ਲਈ ਕਿੱਡੀ ਤੜਪ ਅਤੇ ਹੂਕ ਭਰੀ ਹਮਦਰਦੀ ਸਿਮ ਆਉਂਦੀ ਹੈ, ਉਸਦੇ ਹਿਰਦੇ ਵਿਚੋਂ :

ਕੀਤੀ ਮਿਹਨਤ ਮਿਲਦੀ ਨਾਹੀ, ਹੁਣ ਕੀ ਕਰੇ ਲੋਕਾਈ।
ਜਿੰਦ ਕੁੜਿਕੀ ਦੇ ਮੂੰਹ ਆਈ।

ਭਾਈਚਾਰਕ ਪੱਧਰ ਉੱਤੇ ਵਾਪਰ ਚੁੱਕਾ ਆਚਰਨ ਅਥਵਾ ਭਾਵਨਾਤਮਕ ਸੰਕਟ ਵੀ ਉਸਦੇ ਹਿਰਦੇ ਦੀਆਂ ਡੂੰਘਾਣਾਂ ਤੱਕ ਨੂੰ ਟੁੰਬ ਜਾਂਦਾ ਹੈ। ਤਾਂਹੀਓਂ ਉਹ "ਆਪਣੀਆਂ ਵਿਚ ਉਲਫ਼ਤ ਨਾਹੀ ਕਿਆ ਚਾਚੇ ਕਿਆ ਤਾਏ" ਅਤੇ "ਪਿਉ ਪੁੱਤਰਾਂ ਇਤਫ਼ਾਕ ਨਾ ਕਾਈ ਧੀਆਂ ਨਾਲ ਨਾ ਮਾਏਂ" ਆਦਿ ਦੇ ਤੱਥ ਵਿਸ਼ਲੇਸ਼ਣ ਤੋਂ "ਉਲਟੇ ਹੋਰ ਜ਼ਮਾਨੇ" ਦੇ ਆ ਪੁੱਜਣ ਅਥਵਾ "ਚੌਧਵ॥ ਸਦੀ" ਦੇ ਮੁੱਖ ਪਸਾਰਨ ਦਾ ਐਲਾਨ ਕਰ ਦਿੰਦਾ ਹੈ।

ਬੁੱਲ੍ਹੇ ਸ਼ਾਹ ਦੀ ਬਹੁਤੀ ਰਚਨਾ "ਕਾਫ਼ੀ" ਨਾਮੀ ਕਾਵਿਧਾਰਾ ਰੂਪ ਵਿਚ ਹੈ ਜੋ ਕਿ ਪੰਜਾਬੀ ਸੂਫ਼ੀਆਂ ਵਿਚ ਬਹੁਤ ਹਰਮਨ ਪਿਆਰਾ ਸੀ। ਇਸ ਨੂੰ ਉਸ ਨੇ ਵੰਨ-ਸੁਵੰਨੇ ਤੋਲਾ ਵਿਚ ਨਿਭਾਇਆ ਹੈ। ਕਈ ਛੋਟੇ ਤੋਲ ਵਾਲੀਆਂ ਕਾਫ਼ੀਆਂ ਹਨ ਤੇ ਕਈ ਲੰਮੇ ਤੋਲਾ ਤੇ ਆਧਾਰਤ ਹਨ। ਸਿਹਰਫ਼ੀਆਂ ਵਿਚ ਬੈਂਤ ਛੰਦ ਦਾ ਪ੍ਰਯੋਗ ਕੀਤਾ ਹੈ। ਸਤਵਾਰੇ ਤੇ ਗੰਢਾਂ ਆਦਿਕ ਵਿਚ ਵੀ ਉਸ ਨੇ ਲੋਕਾਂ ਛੰਦ ਦਾ ਹੀ ਪ੍ਰਯੋਗ ਕੀਤਾ ਹੈ।

ਸਮੁੱਚੇ ਤੌਰ ਤੇ ਬੁੱਲ੍ਹੇ ਸ਼ਾਹ ਦੀ ਕਾਵਿਧਾਰਾ ਸਿਰਜਣਾ ਦੀ ਬੋਲੀ ਠੇਠ ਅਤੇ ਕੇਂਦਰੀ ਪੰਜਾਬੀ ਹੈ, ਜੋ ਕਿ ਸਾਂਝੀ ਲੋਕ ਭਾਸ਼ਾ ਦੇ ਬਹੁਤ ਨੇੜੇ ਹੈ। ਸਮਕਾਲੀ ਝੁਕਾਅ ਅਨੁਸਾਰ, ਫ਼ਾਰਸੀ ਦੇ ਸ਼ਬਦਾਂ ਨੂੰ ਵਧੇਰੇ ਤਤਸਮ ਰੂਪ ਵਿਚ ਹੀ ਅਪਣਾਇਆ ਗਿਆ ਮਿਲਦਾ ਹੈ। ਲਹਿੰਦੀ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਜਿੱਥੇ ਸਮੁੱਚੇ ਤੌਰ ਤੇ ਉਹਦੀ ਰਚਨਾ ਅੰਦਰ ਰਸ ਭਰਨ ਵਿਚ ਸਹਾਈ ਹੁੰਦਾ ਹੈ, ਉੱਥੇ ਤਤਸਮ ਫ਼ਾਰਸੀ ਸ਼ਬਦ ਦੇ ਸਰਵੇਖਣ ਨੂੰ ਵੀ ਮੰਨਣ ਅਤੇ ਸਹਿਣਯੋਗ ਬਣਾਉਂਦੀ ਹੈ। ਆਪਣੇ ਗੂੜ੍ਹ ਅਤੇ ਅਲੌਕਿਕ ਰਹੱਸਵਾਦੀ ਅਨੁਭਵ ਨੂੰ ਸਮਝਣ ਯੋਗ ਬਣਾਉਣ ਲਈ, ਉਸ ਨੇ ਘਰੋਗੀ ਅਤੇ ਰੋਜ਼ਾਨਾ ਜੀਵਨ ਨਾਲ ਸਬੰਧਿਤ ਚਿੰਨ੍ਹਾਂ ਚਰਖਾ, ਕਪਾਹ, ਕਸੁੰਭੜਾ, ਦਾਜ, ਪੇਕਾ ਘਰ, ਸਹੁਰਾ ਘਰ, ਘੋੜੇ, ਵੱਛਾ, ਹਾਰ ਹਮੇਲਾਂ, ਘੁੰਡ, ਬੱਕਰੀ, ਕਸਾਈ, ਤੁਲਾ ਆਦਿ ਦਾ ਪ੍ਰਯੋਗ ਕੀਤਾ ਹੈ। ਲੋੜ ਅਨੁਸਾਰ ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਆਦਿ ਅਲੰਕਾਰ ਵਧੇਰੇ ਵਰਤੇ ਹਨ, ਜਿਵੇਂ "ਆਸ਼ਕ, ਬੱਕਰੀ, ਮਾਸੂਕ, ਕਸਾਈ" (ਰੂਪਕ) ਜਾਂ "ਇਸ਼ਕ ਚੁਆਤੀ ਲਈ ਛਾਤੀ" (ਰੂਪਕ) ਆਦਿਕ। ਬੁੱਲ੍ਹੇ ਸ਼ਾਹ ਦੀ ਕਾਵਿਧਾਰਾ ਸਿਰਜਨਾ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਹਾਸਰਸ ਤੇ ਕਰੁਣਾ ਰਸ ਦਾ ਵੀ ਅਭਾਵ ਨਹੀਂ। ਬਿਰਹਾ ਦੇ ਪ੍ਰਗਟਾਅ ਸਮੇਂ ਕਰੁਣਾ ਰਸੀ ਝਲਕਾਂ ਪੈਣੋਂ ਨਹੀਂ ਰਹਿੰਦੀਆਂ।

**4 ਸੁਲਤਾਨ ਬਾਹੂ-** ਸੁਲਤਾਨ ਬਾਹੂ ਦਾ ਜਨਮ 1631 ਈ ਵਿਚ ਪਿੰਡ ਆਮਾਣ, ਜ਼ਿਲ੍ਹਾ ਝੰਗ (ਪਾਕਿਸਤਾਨ) ਵਿਚ ਹੋਇਆ ਸੀ। ਉਸ ਦੇ ਵੱਡੇ ਵਡੇਰੇ ਹਸਨ ਹੁਸੈਨ ਦੀ ਸ਼ਹਾਦਤ ਤੋਂ ਮਗਰੋਂ ਅਰਬ ਵਿਚੋਂ ਪੰਜਾਬ ਆ ਗਏ ਸਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਾਹ ਹੁਸੈਨ ਨੇ ਸੁਲਤਾਨ ਬਾਹੂ ਦੇ ਪਿਤਾ ਸੁਲਤਾਨ ਬਾਫੀਦ ਨੂੰ ਇਕ ਪਿੰਡ ਜਾਗੀਰ ਵਜੋਂ ਦਿੱਤਾ ਸੀ। ਜਿਸ ਦਾ ਨਾਂ ਦਹਿਰਜਾਨਾ ਸੀ। ਸੁਲਤਾਨ ਬਾਹੂ ਦੀ ਮਾਤਾ ਦਾ ਨਾਂ ਬੀਬੀ ਰਾਸਤੀ ਸੀ ਅਤੇ ਸੁਲਤਾਨ ਬਾਹੂ ਨੇ ਆਪਣੀ ਮੁੱਢਲੀ ਵਿੱਦਿਆ ਆਪਣੀ ਮਾਤਾ ਪਾਸੋਂ ਹੀ ਪ੍ਰਾਪਤ ਕੀਤੀ ਸੀ। ਇਸ ਉਪਰੰਤ ਉਸ ਨੇ ਹਜ਼ਰਤ ਹਬੀਬੁਲ ਕਾਦਰੀ ਨੂੰ ਆਪਣਾ ਮੁਰਸ਼ਦ ਬਣਾ ਲਿਆ ਸੀ। ਤਾਰੀਖ਼ ਸੁਲਤਾਨ ਬਾਹੂ ਦੇ ਲੇਖਕ ਅਨੁਸਾਰ ਬਾਹੂ ਅਰਬੀ ਤੇ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਉਸ ਨੇ ਅਰਬੀ ਫ਼ਾਰਸੀ ਵਿਚ 140 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਹੈ।

ਸੁਲਤਾਨ ਬਾਹੂ ਬਹੁਤ ਵੱਡਾ ਫ਼ਕੀਰ ਹੋਇਆ ਹੈ। ਉਹ ਵਡੇਰੀਆਂ ਕਰਾਮਾਤਾਂ ਦਾ ਮਾਲਕ ਮੰਨਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਅਦ ਵਿਚ ਸੁਲਤਾਨ ਬਾਹੂ ਦਿੱਲੀ ਦੇ ਪ੍ਰਸਿੱਧ ਸੂਫ਼ੀ ਸੱਯਦ ਅਬਦਲ ਰਹਿਮਾਨ ਦਾ ਮੁਰੀਦ ਬਣ ਗਿਆ ਸੀ। ਪੰਜਾਬੀ ਸੂਫ਼ੀ ਵਿਚਾਰਧਾਰਾ ਤੇ ਕਾਵਿਧਾਰਾ ਦੇ ਦੀਪ ਨੂੰ ਪ੍ਰਚਲਿਤ ਰੱਖਣ ਵਾਲਾ ਕਵੀ ਸੁਲਤਾਨ ਬਾਹੂ ਪੰਜਾਬੀ ਸੂਫ਼ੀ ਸਾਹਿਤ ਵਿਚ ਵਿਲੱਖਣ ਸਥਾਨ ਰੱਖਦਾ ਹੈ। ਡਾ ਹਰਜਿੰਦਰ ਸਿੰਘ ਢਿੱਲੋਂ ਅਨੁਸਾਰ ਦੂਜੇ ਸੂਫ਼ੀ ਸਾਧਕਾਂ ਵਾਂਗ ਉਸ ਦਾ ਵੀ ਇਕ ਖ਼ੁਦਾ ਵਿਚ ਅਟੁੱਟ ਵਿਸ਼ਵਾਸ ਰਿਹਾ ਹੈ। ਪਰੰਤੂ ਸੁਲਤਾਨ ਬਾਹੂ ਅੱਲ੍ਹਾ ਦੀ ਹੋਂਦ ਆਪਣੀ ਆਤਮਾ ਵਿਚ ਅਨੁਭਵ ਕਰਦਾ ਹੈ। ਉਹ ਇਸਲਾਮੀ ਧਰਮ ਗ੍ਰੰਥ ਕੁਰਾਨ ਵਿਚ ਅਥਾਹ ਸ਼ਰਧਾ ਰੱਖਦਾ ਹੈ। ਕੁਰਾਨ ਵਿਚਲੇ ਕਲਮੇ ਨੂੰ ਆਤਮ ਪਵਿੱਤਰਤਾ ਵਾਸਤੇ ਅਵੱਸ਼ਕ ਸਮਝਦਾ ਹੈ। ਕਲਮਾਂ ਮਨੁੱਖ ਦੇ ਜੀਵਨ ਦੇ ਅਨੇਕਾਂ

ਪੜ੍ਹਾਵਾਂ ਨਾਲ ਸੰਬੰਧ ਰੱਖਦਾ ਹੈ। ਇੱਥੋਂ ਤੱਕ ਕਿ ਮੌਤ ਸਮੇਂ ਵੀ ਇਹ ਉਸ ਨੂੰ ਸਹਾਈ ਹੁੰਦਾ ਹੈ। ਬਾਹੂ ਅਨੁਸਾਰ ਕਲਮੇ ਦੁਆਰਾ ਹੀ ਜੀਵਾਤਮਾ ਪਵਿੱਤਰਤਾ ਗ੍ਰਹਿਣ ਕਰਦੀ ਹੈ। ਸੁਲਤਾਨ ਬਾਹੂ ਇਸ ਦੇ ਮਹੱਤਵ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ ਇਸ ਦੇ ਉਚਾਰਨ ਵਾਸਤੇ ਦਿਲ ਅਤੇ ਜੁਬਾਨ ਦੋਹਾਂ ਦੇ ਸੁਮੇਲ ਨੂੰ ਅਵੱਸ਼ਕ ਮੰਨਦਾ ਹੈ। ਇਕ ਸੂਫ਼ੀ ਲਈ ਸ਼ਰੀਅਤ ਦਾ ਵਿਰੋਧ ਪ੍ਰਵਾਨਿਤ ਨਹੀਂ ਕਿਉਂਕਿ ਇਹ ਸੂਫ਼ੀ ਮਾਰਗ ਦਾ ਮੁੱਢਲਾ ਪੜਾਅ ਹੈ, ਸ਼ਰੀਅਤ ਤੋਂ ਬਿਨਾਂ ਤਰੀਕਤ ਅਸੰਭਵ ਹੈ।

ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਤਿੰਨੇ ਹੀ ਕਾਦਰੀ ਫ਼ਿਰਕੇ ਦੇ ਸੂਫ਼ੀ ਮੰਨੇ ਗਏ ਹਨ। ਸੁਲਤਾਨ ਬਾਹੂ ਸ਼ਰੀਅਤ ਦਾ ਵਿਰੋਧੀ ਨਹੀਂ ਹੈ। ਭਾਵ ਉਹ ਨੱਚਦਾ ਗਾਉਂਦਾ ਤੇ ਬਾਕੀ ਗੱਲਾਂ ਵਿਚ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਨਾਲ ਹੀ ਮੇਲ ਖਾਂਦਾ ਹੈ। ਬਾਹੂ ਦਾ ਜੀਵਨ ਬੜਾ ਠਾਠ ਭਰਿਆ ਸੀ। ਉਸ ਦੇ ਸਿਰ ਉੱਪਰ ਸੁਨਹਿਰੀ ਛਤਰ ਝੱਲਦਾ ਸੀ ਤੇ ਅੱਗੇ ਪਿੱਛੇ ਚਾਂਦੀ ਦੀਆਂ ਪੇਟੀਆਂ ਵਾਲੇ ਚੇਲੇ ਚਾਟੜੇ ਕਤਾਰਾਂ ਵਿਚ ਤੁਰਦੇ ਸਨ। ਹਜ਼ਰਤ ਮੁਹੰਮਦ ਵਾਂਗ ਸੁਲਤਾਨ ਬਾਹੂ ਨੇ ਵੀ ਚਾਰ ਸ਼ਾਦੀਆਂ ਕੀਤੀਆਂ ਸਨ।

ਸੁਲਤਾਨ ਬਾਹੂ ਦੀ ਕਵਿਤਾ ਵਿਚ ਬੁੱਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਵਾਲਾ ਰੰਗ ਨਹੀਂ ਹੈ। ਪਰ ਗਿਆਨ ਵਧੇਰੇ ਹੈ। ਉਸ ਦੀ ਰਚਨਾ ਪੰਜਾਬੀ ਵਿਚ ਬਹੁਤ ਥੋੜ੍ਹੀ ਮਿਲਦੀ ਹੈ। ਕੁਝ ਦੋਹੜੇ ਮਿਲਦੇ ਹਨ। ਬਾਹੂ ਦੇ ਦੋਹੜੇ ਸੀਹਰਫ਼ੀ ਦੇ ਰੂਪ ਵਿਚ ਮਿਲਦੇ ਹ। ਮੀਆਂ ਸ਼ੈਲ ਦੀਨ ਲਾਹੌਰੀ ਨੇ ਬਾਹੂ ਦਾ ਪੰਜਾਬੀ ਕਲਾਮ ਇਕੱਠਾ ਕਰਕੇ ਛਾਪਿਆ ਹੈ। ਉਸ ਦਾ ਨਾਂ ॥ਅਬਿਯਾਤੇ ਸੁਲਤਾਨ ਬਾਹੂ ਰੱਖਿਆ ਹੈ। ਸੁਲਤਾਨ ਬਾਹੂ ਦੀ ਕਾਵਿ ਰਚਨਾ ਪ੍ਰਭੂ ਪ੍ਰੇਮ, ਮਨੁੱਖ ਦਾ ਜੀਵੰਦਿਆਂ ਮਰਨਾ, ਸਹੀ ਨੀਅਤ, ਰੱਬੀ ਰਾਹ, ਸ਼ਾਹ ਰਾਗ ਦੇ ਨੇੜੇ, ਰੱਬ ਦਾ ਵਸਲ ਆਦਿ, ਵਿਸ਼ਿਆਂ ਉੱਤੇ ਆਧਾਰਿਤ ਹੈ। ਬਾਹੂ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ,

ਜੀਵੰਦਿਆਂ ਮਰ ਰਹਿਣਾ ਹੋਵੇ ਤਾਂ ਵਾਂਗ ਫ਼ਕੀਰਾਂ ਰਹੀਏ ਹੂ
ਜੇ ਕੋਈ ਸੁੱਟੇ ਕੂੜਾ ਤਾਂ ਵਾਂਗ ਅਰੂੜੀ ਸਹੀਏ ਹੂ

ਜੇ ਰੱਬ ਮਿਲਦਾ ਤੀਰਥ ਨਾਤਿਆਂ, ਮਿਲਦਾ ਡੱਡੂਆਂ ਮੱਛੀਆਂ ਹੂ
ਬਾਹੂ ਰੱਬ ਉਨ੍ਹਾਂ ਨੂੰ ਮਿਲਦਾ, ਨੀਅਤਾਂ ਜਿਨ੍ਹਾਂ ਦੀਆਂ ਅੱਛੀਆਂ ਹੂ

ਨਾ ਮੈਂ ਹਿੰਦੂ ਨਾ ਮੈਂ ਮੁਸਲਮਾਨ, ਨਾ ਮੈਂ ਮੁੱਲਾਂ ਕਾਫ਼ੀ ਹੂ
ਨਾ ਦਿਲ ਦੋਜਖ, ਮੰਗੇ ਮੇਰਾ, ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ
ਬਾਝ ਵਸਲ ਰੱਬ ਦੇ ਬਾਹੂ, ਹੋਰ ਛੂਠੀ ਸਭ ਬਾਫੀ ਹੂ

ਬਾਹੂ ਦੀ ਸ਼ੈਲੀ ਵਿਚ ਸੰਖੇਪਤਾ ਹੈ। ਉਸ ਦੀ ਕਵਿਤਾ ਦਾ ਰੰਗ ਨਿਵੇਕਲਾ ਹੈ। ਉਹ ਸੱਚੇ ਮਾਰਗ ਦਾ ਇਸ਼ਾਰਾ ਕਰਦਾ ਹੈ। ਪਰ ਕਿਸੇ ਕਰਮਕਾਂਡ ਦਾ ਬੁੱਲ੍ਹੇ ਸ਼ਾਹ ਵਾਂਗ ਵਿਰੋਧ ਨਹੀਂ ਕਰਦਾ। ਪ੍ਰੀਤਮ ਦੀ ਤਾਂਘ, ਉਸ ਦਾ ਪ੍ਰੇਮ, ਉਸ ਦੀ ਸ਼ਾਇਰੀ ਵਿਚ ਬਰਾਬਰ ਝਲਕਦਾ ਹੈ। ਸੁਲਤਾਨ ਬਾਹੂ ਨੇ ਆਪਣੇ ਅਲਪ ਸੰਖਿਆ ਕਾਵਿਧਾਰਾ ਰਾਹੀਂ ਹੀ ਪੰਜਾਬੀ ਦੇ ਚੋਟੀ ਦੇ ਸੂਫ਼ੀ ਕਵੀਆਂ ਵਿਚ ਸ਼ਮੂਲੀਅਤ ਕੀਤੀ ਹੈ। ਸੁਲਤਾਨ ਬਾਹੂ ਦੇ ਦੋਹੜੇ ਦਰਦ ਫ਼ਿਰਾਕ ਦੀ ਲੈਅ ਵਿਚ ਗਾਏ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਸੁਲਤਾਨ ਬਾਹੂ ਦੇ ਬਰਾਬਰ ਜੇ ਕੋਈ ਪੰਜਾਬੀ ਸਾਹਿਤ ਵਿਚ ਦੋਹੜੇ ਰਚ ਸਕਿਆ ਹੈ ਤਾਂ ਉਹ ਹਾਸ਼ਮ ਸ਼ਾਹ ਹੀ ਹੈ, ਪਰ ਸੁਲਤਾਨ ਬਾਹੂ ਵਰਗਾ ਰੰਗ ਸ਼ਾਇਦ ਹਾਸ਼ਮ ਵੀ ਨਹੀਂ ਦੇ ਸਕਿਆ। ਇਸ ਪੱਖ ਤੋਂ ਬਾਹੂ ਲਾਜਵਾਬ ਹੈ।

**5 ਅਲੀ ਹੈਦਰ (1690-1751 ਈ:)** ਇਹ ਕਾਜ਼ੀਆਂ ਜ਼ਿਲ੍ਹਾ ਮੁਲਤਾਨ ਦੇ ਰਹਿਣ ਵਾਲੇ ਸਨ ਅਤੇ ਦਿੱਲੀ ਦੇ ਖ਼ਵਾਜਾ ਫਖਰਦੀਨ ਦੇ ਮੁਰੀਦ ਸਨ । ਪੰਜਾਬੀ ਵਿਚ ਆਪ ਦੀਆਂ ਪੰਜ ਸੀ-ਹਰਫ਼ੀਆਂ ਅਤੇ ਰਦੀਫ਼ਾਂ ਵਿਚ ਇਕ ਦੀਵਾਨ ਮਿਲਦਾ ਹੈ । ਇਸ ਤੋਂ ਕਰ

ਫ਼ਾਰਸੀ ਅਰਬੀ ਵਿਚ ਵੀ ਆਪ ਨੇ ਪੁਸਤਕਾਂ ਲਿਖੀਆਂ ਹਨ । ਇਨ੍ਹਾਂ ਸੀ-ਹਰਫ਼ੀਆਂ ਵਿਚ ਕਿਤੇ ਕਿਤੇ ਹੂਕ ਤੇ ਵਲਵਲਾ ਤੀਖਣ ਹੈ ਅਤੇ 'ਵਲੇ ਆਦਿ ਸ਼ਬਦਾਂ ਦੀ ਵਰਤੋਂ ਚੰਗਾ ਸਰੋਦੀ ਰੰਗ ਬੰਨ੍ਹਦੀ ਹੈ । ਮੁਸਲਮਾਨਾਂ ਦੀ ਅਧੋਗਤੀ ਦੇ ਸਮੇਂ ਉੱਤੇ, ਇਹ ਕਵੀ ਸ਼ੋਕ ਨਹੀਂ ਮਨਾਉਂਦਾ ਅਤੇ ਉਨ੍ਹਾਂ ਨੂੰ ਝਾੜਾਂ ਪਾਉਂਦਾ ਹੈ-

ਬੇ ਬਿਖ ਜ਼ਹਿਰ ਨਹੀਂ, ਜੋ ਖਾ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ ।
ਕਿਹਾ ਹਯਾ ਇਹਨਾਂ ਰਾਜਿਆਂ ਨੂੰ, ਕੁੱਝ ਲਜ ਨਾਹੀਂ ਤੁਰਾਨੀਆਂ ਨੂੰ ।

ਭੈੜੇ ਭਰ ਭਰ ਦੇਵਨ ਖਜ਼ਾਨੇ, ਫਾਰਸੀਆਂ ਖੁਰਾਸਾਨੀਆਂ ਨੂੰ ।
ਛੁਣੀਆਂ ਪਾਣੀ ਨੱਕ ਡੋਬਣ, ਜੋ ਲੁਹਿਣ ਨ ਵੰਡਿਆਂ ਪਾਣੀਆਂ ਨੂੰ ।
ਹੈਦਰ ਆਖ ਏਹਨਾਂ ਹੀਜੜਿਆਂ ਨੂੰ, ਹੈਫ਼ ਇਨ੍ਹਾਂ ਮਰਦਾਨਿਆਂ ਨੂੰ ।

ਹੇਠਲੇ ਬੰਦ ਵਿਚ ਸ਼ਬਦ-ਅਲੰਕਾਰ ਤੇ ਧੁਨੀ-ਯੋਗ ਵਰਣਨ-ਯੋਗ ਹੈ ॥

ਮੀਮ ਮਾਰ ਵੇ ਢੋਲੀ ਢੋਲ ਵੇਖਾਂ, ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ।
ਕਰ ਧੋ ਧੋ ਧਾਣਾ, ਇਸ਼ਕ ਅਵੱਲੜਾ, ਧੂੰ ਧੂੰ ਕੀਤੰਸ ਬਾਲ ਵਲੇ।
ਮੈਂ ਤਾਂ ਸੋਹਣੀਆਂ ਖੇਡਾਂ ਖੇਡੀਆਂ, ਵੱਤ ਖੇਡਾਂ ਇਸ਼ਕ ਧਮਾਲ ਵਲੇ।
ਮੈਂ ਯਾਰ ਦੇ ਵੇਹੜੇ ਝਾਤ ਪਏਸਾਂ, ਟੱਪ ਟੱਪ ਉਚੀ ਛਾਲ ਵਲੇ ।
ਮੈਂ ਵਤ ਭੰਗੀਆਂ ਨਾਗ ਇਆਣੇ, ਹਾਲ ਵੇ ਲੇਕਾ ਹਾਲ ਵਲੇ ।
ਮੈਂ ਵਲ ਵਲ ਆਵਾਂ ਕਲਾਵੇ ਕਰਦੀ, ਤੂੰ ਲਗ ਸੀਨੇ ਦੇ ਨਾਲ ਵਲੇ।
ਵੇਖੋ ਛਣ ਛਣ ਚੂੜਾ, ਛਣ ਛਣ ਨੇਵਰ, ਤੀਲ ਅਤੇ ਤੋਂ ਤਾਲ ਵਲੇ।
ਮੈਂ ਝੂਮਨੀ ਆਖਾਂ, ਦੋਹੜੇ ਆਖਾਂ, ਹੈਦਰ ਵਾਲੇ ਖ਼ਿਆਲ ਵਲੇ।

ਸੁੰਦਰ ਕਵਿਤਾ ਦੀ ਇਕ ਹੋਰ ਵੰਨਗੀ -

ਨਾਲ ਸ਼ਰਮ ਹਯਾ ਦੀ ਲਾਜ ਰੱਖੇ, ਨਾਲੇ ਨੈਣਾਂ ਨਾਲ ਨੈਣ ਜੋੜਨੀਂ ਏਂ ।
ਦਿਲ ਚਾਹੁੰਦਾ ਈ ਗਲ ਲਗਣੇ ਨੂੰ, ਨਾਲੇ ਘੁੰਡ ਕਢੇ, ਮੁੱਖ ਮੋੜਨੀ ਏ ।

ਭਾਵੇਂ ਅਲੀ ਹੈਦਰ ਦੀ ਕਵਿਤਾ ਵਿਚ ਕੁਝ ਖੂਬੀਆਂ ਵੀ ਹਨ, ਪਰੰਤੂ ਇਹ ਕਵਿਤਾ ਕਦੇ ਵੀ ਬੁੱਲੇ, ਹੁਸੈਨ ਤੇ ਫ਼ਰੀਦ ਦੇ ਪਾਏ ਤੇ ਨਹੀਂ ਪਹੁੰਚ ਸਕਦੀ । ਪ੍ਰੋ: ਸੇਖੋਂ ਦੇ ਸ਼ਬਦਾਂ ਵਿਚ ਅਲੀ ਹੈਦਰ ਦੀਆਂ ਸੀ-ਹਰਫ਼ੀਆਂ ਨੂੰ ਵੇਖ ਕੇ ਇਹੀ ਅਨੁਮਾਨ ਲਗਦਾ ਹੈ ਕਿ ਪੰਜਾਬੀ ਬੋਲੀ ਹਾਲੀ ਆਪਣੀ ਜਾਂਗਲੀ ਅਵਸਥਾ ਵਿਚੋਂ ਨਿਕਲ ਰਹੀ ਸੀ । ਇਨ੍ਹਾਂ ਦੀ ਮਹਾਨਤਾ ਕੇਵਲ ਇਤਿਹਾਸਕ ਤੌਰ `ਤੇ ਹੀ ਹੈ । ਛੰਦ ਤੇ ਬਹਿਰ ਤਾਂ ਇਸ ਕਵਿਤਾ ਦੇ ਬਹੁਤ ਹੀ ਢਿੱਲੇ ਤੇ ਕਿਤੇ ਕਿਤੇ ਕੋਹਜੇ ਹਨ । ਅੰਡ ਔਡ ਇਲਾਕਿਆਂ ਦੀਆਂ ਸੁੰਦਰ ਯੁਵਤੀਆਂ ਦਾ ਬਿਆਨ ਬੜੇ ਰੋਮਾਂਟਿਕ ਤੇ ਰੋਚਕ ਢੰਗ ਨਾਲ ਕੀਤਾ ਗਿਆ ਹੈ । ਇਸ ਵਿਚ ਇਸ਼ਕ-ਹਕੀਕੀ ਤੇ ਇਸ਼ਕ- ਮਜਾਜ਼ੀ ਦੋਵੇਂ ਰੰਗ ਮਿਲ ਗਏ ਹਨ :-

ਆਪਣੀਆਂ ਸੀ-ਹਰਫ਼ੀਆਂ ਵਿਚ ਹੀਰ ਦੀ ਪ੍ਰੇਮ-ਕਥਾ ਦੇ ਚਿੰਨ੍ਹਾਂ ਨੂੰ ਸੂਫ਼ੀ ਰੰਗ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੈ । ਉਦਾਹਰਨ :-

ਇਹ ਤਾਲ ਤੇ ਛੰਨ ਛੰਨ ਛਕਣ ਪਾਉਂਦੇ ਜ਼ਾਲਮ ਆਨੀ ਦੇ ਨੀਂ ।
ਇਹ ਘੂਕ ਤੇ ਘੁੰਗਰੂ ਲਾਟੂ ਵਾਂਗਰੂ ਫੇਰਿਆਂ ਤੇ ਕਰਵਾਨੀ ਦੇ ਨੀਂ ।
'ਨ ਵਲੀ ਸਾਈਂ ਥੀਓ ਪਰੋਂ ਵੇ ਨਾਜ਼ ਪਰੀ ਮੁਲਤਾਨੀ ਦੇ ਨੀਂ ।
'ਕੌਣ ਬਲਾ ਕਿਸ ਦੇਸ ਦਾ ਤੂੰ ਇਹ ਕਹੀਏ ਹਿੰਦੁਸਤਾਨੀ ਦੇ ਨੀਂ ।
'ਕੀਮਤ ਬਜ਼ੁਲਮ ਦਸ਼ਤ ਜਨੈਦ ਇਸ ਸ਼ੋਖ ਸੁਖਨ ਮੁਗਲਾਨੀ ਦੇ ਨੀਂ ।
"ਅਜਾਬ ਅਨਾਹਿਲਾ ਮਿਨ ਤਹਵਾ ਨੇਕ ਸੁਖਨ ਅਰਬਾਨੀ ਦੇ ਨੀਂ ।
ਵੱਡਾ ਹੋਵੇਂ ਮੈਨੂੰ ਹੱਥ ਨਾ ਲਾਈਂ ਇਹ ਮਾਨ ਸੁਖਨ ਜੱਟੀ ਚੂਚਕਾਨੀ ਦੇ ਨੀਂ ।
ਛੱਡ ਕੇ ਨੀਂਗਰ ਬਾਂਹ ਮੈਂਡੀ ਵਲ ਦਾਦ ਆਦਲ ਪਠਾਣੀ ਦੇ ਨੀਂ ।
ਛੰਨ ਛੰਨ ਛੁੜਾ ਤੇ ਘੁਮ ਘੁਮ, ਚਾਟੀ ਇਹ ਘੁਮਕਾਰ ਮਧਾਣੀ ਦੇ ਨੀਂ ।
ਅਲੀ ਹੈਦਰ ਜੇ ਮੱਖਣ ਆਵੇ, ਤਾਂ ਮਤਲਬ ਏਸ ਨਿਮਾਣੀ ਦੇ ਨੀਂ ।

**6 ਫ਼ਰਦ ਫ਼ਕੀਰ (1720-1780) - ਆਪ** ਵੀ ਇਸੇ ਸਮੇਂ ਦੇ ਸੂਫ਼ੀ ਫ਼ਕੀਰ ਹੋਏ ਹਨ। ਆਪ ਬਾਰੇ ਬਹੁਤ ਹਾਲ ਮਲੂਮ ਨਹੀਂ । ਪਰ ਆਪ ਦੀਆਂ ਰਚਨਾਵਾਂ ਤੋਂ ਏਨਾ ਜ਼ਰੂਰ ਪਤਾ ਚਲਦਾ ਹੈ ਕਿ ਆਪ ਗੁਜਰਾਤ ਜ਼ਿਲ੍ਹੇ ਦੇ ਜੰਮ-ਪਲ ਸਨ ਤੇ 1163 ਹਿ: ਵਿਚ ਕਸਬ ਨਾਮਾ ਲਿਖਿਆ :-

ਯਾਰਾਂ ਸੈ ਤਰੈਸਠ ਬਰਸ, ਸੰਨ ਨਬੀ ਦੇ ਆਇਆ ।
ਇਹ ਰਸਾਲਾ ਕਾਮਲ ਹੋਇਆ, ਹੁਕਮ ਧੁਰਾਂ ਦਾ ਹੋਇਆ ।

ਆਪ ਸੂਫ਼ੀ ਸਨ, ਇਸੇ ਲਈ ਆਪ ਦੀ ਰਚਨਾ ਵਿਚ ਭੇਖੀ ਸੂਫ਼ੀਆਂ ਨੂੰ ਨਿੰਦਿਆ ਗਿਆ ਹੈ :-

ਬਾਹਰ ਬਾਣਾ ਸੂਫ਼ੀਆਂ, ਅੰਦਰ ਦਗ਼ਾ ਕਮਾਏ।

ਡਾ. ਲਾਜਵੰਤੀ ਦਾ ਵਿਚਾਰ ਹੈ ਕਿ ਮੁਲਕ ਵਿਚ ਗੜਬੜ ਹੋਣ ਦੇ ਕਾਰਨ ਇਸ ਕਾਲ ਦੇ ਸੂਫ਼ੀ ਬੜੇ ਕੱਟੜ ਜਿਹੇ ਹੋ ਗਏ ਸਨ। ਫ਼ਰਦ ਦੀ ਰਚਨਾ ਵਿਚੋਂ ਇਹੀ ਜਾਪਦਾ ਹੈ ਕਿ ਕੋਈ ਸੁਘੜ ਮਨੁੱਖ ਸੀ, ਕਿਉਂ ਜੋ ਉਹਦੀ ਕਵਿਤਾ ਵਿਚੋਂ ਬਾਰਾਂਮਾਹ, ਸੀਹਰਫ਼ੀ, ਕਸਬ ਨਾਮ ਬਾਫ਼ਿੰਦਗਾ ਤੇ ਰੌਸ਼ਨ ਦਿਲ ਆਦਿ ਵਰਣਨ-ਯੋਗ ਹਨ । ਹੇਠਾਂ ਆਪ ਦੀ ਰਚਨਾ ਦੇ ਕੁਝ ਨਮੂਨੇ ਦਿੱਤੇ ਜਾਂਦੇ ਹਨ :-

ਜ਼ਿਕਰ ਖੁਦਾਏ ਦਾ ਨਾ ਕਰ, ਜ਼ਾਹਿਰ ਖਲਕ ਖੁਦਾਇ ।
ਅੰਦਰ ਕਰ ਤੂੰ ਬੰਦਗੀ, ਬਹਿਰ ਪਰਦਾ ਪਾਏ।
ਮੂਲ ਨ ਵੇਖੀ ਇਲਮ ਨੂੰ, ਨ ਕਰ ਕਿਸੇ ਸਵਾਲ ।
ਫਰਦਾ ਲੇਖਾ ਲੈਸੀਆ, ਰੰਬ ਕਾਦਰ ਜੁਲ ਜਲਾਲ ।
ਜੀਮ ਜੁਆਨੀ ਚਾਰ ਦਿਨ, ਮੌਤ ਹੋਵੇਂ ਮਗਰੂਰ ।
ਪੀਰ ਪੈਗ਼ੰਬਰ ਔਲੀਆ, ਸਭ ਮੌਤ ਲੰਘਾਏ ਪੂਰ। ਸਤ
ਕੁੰਠ ਉਨ੍ਹਾਂ ਦਾ ਜੀਵਣਾ, ਔਠੇ ਪਹਿਰ ਜੰਜਾਲ।
ਫਰਦਾ ਲੇਖਾ ਲੈਸੀਆ ਰੱਬ, ਕਾਦਰ ਜ਼ੁਲ ਜਲਾਲ ।

ਉਪਰੋਕਤ ਰਚਨਾ ਵਿਚੋਂ ਮੁੜ ਫ਼ਰੀਦ ਵਾਲੀ ਸੁਘੜਤਾ ਦੇ ਝਲਕਾਰੇ ਪੈਂਦੇ ਹਨ ਤੇ ਇਕ ਪਕੇਰਾ, ਵੈਰਾਗਮਈ ਤੇ ਅਨੁਭਵੀ ਪੁਰਸ਼ ਜੀਵਨ ਦੀ ਪੜਚੋਲ ਕਰਦਾ ਨਜ਼ਰੀਂ ਪੈਂਦਾ ਹੈ। ਬਾਰਾਂਮਾਹ ਵਿਚ ਬਹਿਰ ਵੀ ਬਦਲ ਗਏ ਹਨ ਅਤੇ ਰਸ ਤੇ ਰਵਾਨੀ ਬੜੀ ਤਿੱਖੀ ਹੋ ਕੇ ਚਮਕੀ ਤੇ ਨਿੱਖਰੀ ਹੈ -

ਚੜ੍ਹਿਆ ਮਾਹ ਵਿਸਾਖ ਸੁਹਾਵਨਾਂ, ਅਸਾਂ ਨਿਤ ਤੇਰਾ ਗਮ ਖਾਵਨਾਂ ।
ਮੈਂ ਸਾਵੀਂ ਪੀਲੀ ਹੋ ਰਹੀ, ਮੇਰੀ ਦੇਹੀ ਜ਼ਰਦ ਵਿਸਾਰ ਦੀ।
ਨਿੱਤ ਤਿੱਤਰ ਮੋਰ ਉਡਾਂਵਦੀ, ਮੈਂ ਰੋ ਰੋ ਔਸੀਆਂ ਪਾਂਵਦੀ ।
ਕੋਈ ਭੇਜ ਸੁਨੇਹਾ ਸੁਖ ਦਾ, ਕੋਈ ਲਿਆਵੇ ਤੇਰੇ ਮੁੱਖ ਦਾ ।
ਬਿਨ ਪਾਣੀ ਮਛਲੀ ਮਰ ਚਲੀ, ਕਦੀ ਖਬਰ ਤੂੰ ਲੈ ਬੀਮਾਰ ਦੀ ।
ਨਿੱਤ ਫ਼ਰਦ ਫ਼ਕੀਰ ਪੁਕਾਰਦਾ, ਸਾਨੂੰ ਤਲਬ ਤੇਰੇ ਦੀਦਾਰ ਦੀ ।

ਆਪ ਨੇ ਆਪਣੇ ਸਮੇਂ ਦੀ ਹਾਕਮ ਸ਼੍ਰੇਣੀ ਦੇ ਜ਼ੁਲਮਾਂ ਦਾ ਨਕਸ਼ਾ ਆਪਣੀ ਕਵਿਤਾ ਵਿਚ ਖਿੱਚਿਆ ਹੈ ਕਿ ਕਿਵੇਂ ਉਹ ਲੋਕਾਂ ਪਾਸੋਂ ਜਬਰਨ ਬਿਗਾਰ ਲੈ ਕੇ ਉਨ੍ਹਾਂ ਦਾ ਖ਼ੂਨ ਪੀਂਦੇ ਸਨ । ਇਹ ਪਹਿਲਾ ਸੂਫ਼ੀ ਕਵੀ ਸੀ, ਜਿਸ ਨੇ ਹਾਕਮਾਂ ਦੀ ਨਿਸ਼ੰਗ ਹੋ ਕੇ ਆਲੋਚਨਾ ਕੀਤੀ।

ਹਾਕਮ ਹੋ ਕੇ ਬਹਿਣ ਗਲੀਚੇ, ਬਹੁਤਾ ਜ਼ੁਲਮ ਕਮਾਂਦੇ ।
ਮਿਹਨਤੀਆਂ ਨੂੰ ਕੰਮੀ ਆਖਣ, ਖ਼ੂਨ ਉਨ੍ਹਾਂ ਦਾ ਖਾਂਦੇ।
ਫੜ ਵਗਾਰੀ ਲੈ ਲੈ ਜਾਵਣ, ਖ਼ੌਫ ਖ਼ੁਦਾ ਦਾ ਨਾਹੀਂ ।
ਫ਼ਰਦ ਫਕੀਰਾ ਦਰਦਮੰਦਾਂ ਦੀਆਂ, ਇਕ ਇਕ ਪੈਸੁਣ ਆਹੀਂ।
ਕਾਸਬੀਆਂ ਨੂੰ ਮੇਹਰ ਮੁਕੱਦਮ, ਜਬਰਨ ਚੋਟੀ ਖਾਂਦੇ ।
ਭਾਰ ਗ਼ਰੀਬਾਂ ਦਾ ਸਿਰ ਲੈ ਕੇ, ਆਪੇ ਦੋਜਕ ਜਾਂਦੇ ।

ਬਹਿਰਾਂ ਦਾ ਬਦਲ, ਸੰਕੋਚ ਤੇ ਸੁਘੜਤਾ, ਦਲੇਰੀ ਤੇ ਆਮ ਕਾਮਿਆਂ ਨਾਲ ਹਮਦਰਦੀ, ਨਿਰਸੰਦੇਹ ਆਪ ਨੂੰ ਇਸ ਕਾਲ ਦੇ ਕਵੀਆਂ ਵਿਚੋਂ ਉਚੇਰਾ ਮਾਣ ਬਖ਼ਸ਼ਦੇ ਹਨ ।

**7. ਮੀਰਾਂ ਸ਼ਾਹ ਜਲੰਧਰੀ :** ਆਪ ਸੂਫ਼ੀ ਕਾਵਿਧਾਰਾ ਦੇ ਆਖਰੀ ਪੜਾਅ ਦੇ ਸੂਫ਼ੀ ਕਾਵਿਧਾਰਾ ਹਨ। ਜਲੰਧਰ ਸ਼ਹਿਰ ਵਿੱਚ ਰਹਿਣ ਕਰਕੇ ਆਪ ਦੇ ਨਾਂ ਪਿੱਛੇ ਜਲੰਧਰੀ ਸ਼ਬਦਲੱਗ ਗਿਆ। ਪੀਰ ਮਸਤਾਨ ਸ਼ਾਹ ਕਾਬਲੀ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ ਆਪ ਚਿਸ਼ਤੀ ਸੰਪਰਦਾਇ ਨਾਲ ਸਬੰਧ ਰੱਖਦੇ ਸਨ। ਸੂਫ਼ੀ ਕਾਵਿਧਾਰਾ ਦੇ ਖੇਤਰ ਵਿੱਚ ਆਪਣੇ ਕੁਲੀਅਤ ਮੀਰਾ ਸ਼ਾਹ ਨਾਮ ਦੀ ਰਚਨਾ ਲਿਖੀ। ਜਿਸ ਵਿਚ ਇਸ਼ਕ ਹਕੀਕੀ ਨੂੰ ਵਿਸ਼ੇ ਵਜੋਂ ਪੇਸ਼ ਕੀਤਾ ਗਿਆ। ਆਪ ਅਨੁਸਾਰ ਮਨੁੱਖ ਦੇ ਧਰਮ ਦੇ ਪ੍ਰਚਾਰ ਤੋਂ ਉੱਪਰ ਉੱਠ ਕੇ ਪ੍ਰਮਾਤਮਾ ਨਾਲ ਸੱਚਾ ਇਸ਼ਕ ਕਰਨਾ ਚਾਹੀਦਾ ਹੈ। ਅਜਿਹੇ ਕਾਰਜ ਲਈ ਕਠੋਰ ਸਾਧਨਾ ਦੀ ਲੋੜ ਹੈ। ਜੀਵ-ਆਤਮਾ ਤੇ ਪ੍ਰਮਾਤਮਾ ਦੇ ਵਿਛੋੜੇ ਵਿੱਚ ਬਿਰਹੋਂ ਚੱਲਦੀ ਹੈ। ਇਸ਼ਕ-ਹਕੀਕੀ ਦੇ ਰਸਤੇ ਉੱਪਰ ਚੱਲਣ ਲਈ ਕਈ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ

"ਇਸ ਇਸ਼ਕ ਦੇ ਕਠਨ ਪੁਆੜੇ ਬੁੱਢ ਬੁਢੇਰੇ ਸੂਲੀ ਚਾੜੇ
ਇਕ ਸੁਖਾਲਾ ਲੋਕਾਂ ਭਾਣੇ ਜਿਸ ਤਨ ਵਰਤੇ ਸੋਈ ਜਾਏ

ਮੀਰਾਂ ਸ਼ਾਹ ਜਲੰਧਰੀ ਆਪਣੀ ਗੱਲ ਸਮਝਾਉਣ ਲਈ ਹੀਰ-ਰਾਂਝੇ ਨੂੰ ਪ੍ਰਤੀਕ ਕਰਦਾ ਹੈ। ਸੂਫ਼ੀ ਕਾਵਿਧਾਰਾ ਤੋਂ ਇਲਾਵਾ ਆਪ ਨੇ ਕਿੱਸਾ ਕਾਵਿਧਾਰਾ ਵਿੱਚ ਯੋਗਦਾਨ ਪਾਇਆ। ਆਪ ਨੇ ਆਪਣੀਆਂ ਰਚਨਾਵਾਂ ਵਿੱਚ ਰੱਬ ਦੇ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

**8 ਖ਼ੁਆਜਾ ਗੁਲਾਮ ਫ਼ਰੀਦ:-** ਪੰਜਾਬੀ ਸੂਫ਼ੀ ਕਾਵਿਧਾਰਾ ਵਿੱਚ ਆਖ਼ਰੀ ਕਵੀ ਖ਼ੁਆਜਾ ਗੁਲਾਮ ਫ਼ਰੀਦ ਸਨ ਆਪ ਦਾ ਜਨਮ ੧੮੪੫ ਈ: ਵਿੱਚ ਬਹਾਵਲਪੁਰ ਰਿਆਸਤ ਦੇ ਕਸਬੇ ਚਾਚੜਾ ਵਿਖੇ ਹੋਇਆ। ਅਰਬੀ ਫ਼ਾਰਸੀ ਤੋਂ ਇਲਾਵਾ ਉਰਦੂ ਹਿੰਦੀ ਸਿੰਧੀ ਅਤੇ ਪੰਜਾਬੀ ਭਾਸ਼ਾ ਦਾ ਆਪ ਨੂੰ ਵਿਸ਼ਾਲ ਗਿਆਨ ਪ੍ਰਾਪਤ ਸੀ। ਸੂਫ਼ੀ ਕਾਵਿਧਾਰਾ ਦੇ ਖੇਤਰ ਵਿੱਚ ਆਪ ਨੇ ਦੋਹੜਿਆ ਅਤੇ ਕਾਫ਼ੀਆਂ ਦੀ ਰਚਨਾ ਕੀਤੀ। ਕੁੱਲੀਅਤ ਖ਼ੁਆਜਾ ਫ਼ਰੀਦ ਪੁਸਤਕ ਵਿੱਚ ਆਪ ਦੀਆਂ ੨੧ ਕਾਫ਼ੀਆ ਸ਼ਾਮਿਲ ਹਨ। ਆਪ ਆਪਣੀਆਂ ਰਚਨਾਵਾਂ ਵਿੱਚ ਬੜੇ ਹੀ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਚਾਰ ਪੇਸ਼ ਕਰਦੇ ਹਨ। ਰਚਨਾਵਾਂ ਦੀ ਪ੍ਰਸਿੱਧ ਭਾਸ਼ਾ ਪੰਜਾਬੀ ਭਾਸ਼ਾ ਹੈ। ਜਿਸ ਉੱਪਰ ਲਹਿੰਦੀ ਪੰਜਾਬੀ ਉਪ ਭਾਸ਼ਾ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਕਾਵਿਧਾਰਾ ਨੂੰ ਆਪਣੀ ਨਿੱਜੀ ਜ਼ਿੰਦਗੀ ਵਿੱਚ ਵਿਛੋੜੇ ਦੀ ਪੀੜ ਝੱਲੀ ਹੋਈ ਸੀ। ਜਿਸ ਕਾਰਨ ਉਹ ਆਪਣੀਆਂ ਰਚਨਾਵਾਂ ਵਿੱਚ ਵੀ ਬਿਰਹਾ ਦੀ ਪੀੜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਪ੍ਰਮਾਤਮਾ ਨੂੰ ਸਰਵ ਸ਼ਕਤੀਮਾਨ ਸਮਝਦਾ ਹੈ। ਸ੍ਰਿਸ਼ਟੀ ਦੇ ਕਣ-ਕਣ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਜਿਵੇਂ :-

ਮੈਂਡਾ ਇਸ਼ਕ ਵੀ ਤੂੰ, ਮੈਂਡਾ ਯਾਰ ਵੀ ਤੂੰ
ਮੈਂਡਾ ਦੀਨ ਵੀ ਤੂੰ, ਮੈਂਡਾ ਈਮਾਨ ਵੀ ਤੂੰ
ਮੈਂਡਾ ਜਿਸਮ ਵੀਂ ਤੂੰ, ਮੈਂਡੀ ਰੂਹ ਵੀ ਤੂੰ
ਮੈਂਡਾ ਕਲੱਬ ਵੀ ਤੂੰ, ਜਿੰਦ ਜਾਨ ਵੀ ਤੂੰ
ਜੇ ਯਾਰ ਫ਼ਕੀਰ ਕਬੂਲ ਕਰੇ
ਸਰਕਾਰ ਵੀ ਤੂੰ, ਸੁਲਤਾਨ ਵੀ ਤੂੰ

**ਸਾਰ-ਅੰਸ਼:**

ਸੋ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ। ਕਿ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸੂਫ਼ੀ ਕਾਵਿਧਾਰਾ ਦਾ ਵਿਸ਼ੇਸ਼ ਸਥਾਨ ਯੋਗਦਾਨ ਦਾ ਮਹੱਤਵ ਹੈ। ਸਮੁੱਚੇ ਸੂਫ਼ੀ ਕਾਵਿਧਾਰਾ ਨੂੰ ਸਮਝਣ ਲਈ ਉਪਰੋਕਤ ਤਿੰਨ ਖੰਡਾਂ ਵਿੱਚ ਵੰਡਿਆ ਜਾਂਦਾ ਹੈ। ਪੰਜਾਬੀ ਸੂਫ਼ੀ ਕਾਵਿਧਾਰਾ ਬਾਬਾ ਫ਼ਰੀਦ ਤੋਂ ਸ਼ੁਰੂ ਹੋ ਕੇ ਗੁਲਾਮ ਫ਼ਰੀਦ ਤੇ ਖ਼ਤਮ ਹੋ ਜਾਂਦੀ ਹੈ। ਇਸਲਾਮੀ ਕਦਰਾਂ ਕੀਮਤਾਂ ਤੇ ਧਾਰਮਿਕ ਭਾਵਨਾਵਾਂ ਦੇ ਸੂਫ਼ੀਮਤ ਦਾ ਢੰਗ ਤੇ ਸਿਧਾਂਤ ਮੁਸਲਮਾਨ ਹਾਕਮਾਂ ਵਾਂਗ ਕਠੋਰ ਨਹੀਂ ਸੀ। ਪਰੰਤੂ ਮਕਸਦ ਸੂਫ਼ੀਮਤ ਦਾ ਵੀ ਇਸਲਾਮੀ ਧਰਮ ਦਾ ਪ੍ਰਚਾਰ ਕਰਨਾ ਹੀ ਸੀ। ਪੰਜਾਬੀ ਸੂਫ਼ੀ -ਕਾਵਿਧਾਰਾ ਦੇ ਪਿੜ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਉੱਨ੍ਹੀਵੀਂ ਸਦੀ ਤੀਕਰ ਬਹੁਤ ਸਾਰੇ ਕਵੀ ਹੋਏ ਹਨ ਜਿਵੇਂ ਸ਼ਾਹ ਹੁਸੈਨ, ਸ਼ਾਹ ਸਰਫ਼ ਬਟਾਲਵੀ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਵਜੀਦ, ਫ਼ਰਦ, ਫ਼ਕੀਰ, ਹਦਾਇਤੁੱਲਾ ਆਦਿ। ਇਨ੍ਹਾਂ ਵਿਚੋਂ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਪ੍ਰਮੁੱਖ ਸੂਫ਼ੀ ਕਵੀ ਹਨ ਜੋ ਕਿ ਬਾਬਾ ਫ਼ਰੀਦ ਜੀ ਵਾਂਗ ਆਪ ਆਪਣੇ ਕਾਲ ਦੀ ਪ੍ਰਤੀਨਿਧਤਾ ਕਰਦੇ ਹਨ। ਸੂਫ਼ੀ ਕਾਵਿਧਾਰਾ ਦੀ ਪਰਿਭਾਸ਼ਾ, ਲੱਛਣ, ਵਿਸ਼ੇਸ਼ਤਾਵਾਂ ਅਤੇ ਪੰਜਾਬੀ ਸੂਫ਼ੀ-ਕਾਵਿਧਾਰਾ ਵਿਚ ਸੂਫ਼ੀ ਕਵੀਆਂ ਦੁਆਰਾ ਪਾਏ ਯੋਗਦਾਨ ਨੂੰ ਉਪਰੋਕਤ ਵਿਚਾਰਾ ਰਾਹੀਂ ਸਮਝਿਆ ਜਾ ਸਕਦਾ ਹੈ।

**ਕੇਂਦਰੀ ਸ਼ਬਦ:**

ਮੁਰਸ਼ਦ---ਗੁਰੂ

ਸੂਫ਼ੀਮਤ---ਸੂਫ਼ੀ ਸੰਬੰਧੀ ਵਿਚਾਰ

ਮਕਸਦ-- ਉਦੇਸ਼:

ਬਿਰਹੋ---ਵਿਛੋੜਾ



**ਸਵੈ-ਮੁਲਾਂਕਣ:**

1.ਸੂਫ਼ੀ ਸਾਹਿਤ ਕਿਸ ਕਵੀ ਨਾਲ ਸਿਖਰ 'ਤੇ ਪਹੁੰਚਦਾ ਹੈ?

ੳ. ਬਾਬਾ ਫਰੀਦ     ਅ. ਸ਼ਾਹ ਹੁਸੈਨ

ੲ. ਗੁਲਾਮ ਫਰੀਦ     ਸ. ਬੁਲ੍ਹੇ ਸ਼ਾਹ

2. ਕਿਹੜਾ ਸੂਫ਼ੀ ਕਵੀ ਸ਼ਰਈ ਨਿਯਮਾਂ ਦਾ ਖੁੱਲ੍ਹ ਕੇ ਵਿਰੋਧ ਕਰਦਾ ਹੈ?

ੳ. ਸ਼ੇਖ਼ ਫ਼ਰੀਦ     ਅ. ਵਜੀਦ

ੲ. ਬੁਲ੍ਹੇ ਸ਼ਾਹ     ਸ. ਸ਼ਾਹ ਹੁਸੈਨ

3. ਸ਼ਾਹ ਹੁਸੈਨ ਦੀਆਂ ਕੁਲ ਕਿੰਨੀਆ ਕਾਫੀਆ ਹਨ:

ੳ. 163     ਅ. 156

ੲ. 160     ਸ. 158

4. ਬੁੱਲੇ ਸ਼ਾਹ ਦੀਆਂ ਕੁਲ ਕਾਫੀਆਂ ਹਨ:

ੳ. 158     ਅ. 156

ੲ. 165     ਸ. 163

5. ਬੁੱਲੇ ਸ਼ਾਹ ਦੇ ਮੁਰਸ਼ਦ ਦਾ ਨਾਂ ਹੈ:

ੳ. ਸ਼ਾਹ ਇਨਾਇਤ     ਅ. ਸ਼ਾਹ ਹੁਸੈਨ

ੲ. ਬਾਬਾ ਮਖਦੂਮ     ਸ. ਬਾਬਾ ਫਰੀਦ

6. ਬਾਬਾ ਸ਼ੇਖ਼ ਫ਼ਰੀਦ ਜੀ ਬਾਣੀ ਨਾਲ ਸੰਬਧਿਤ ਕਿਹੜਾ ਜੁੱਟ ਸਹੀ ਹੈ:

ੳ. ਸ਼ਲੋਕ-112, ਸ਼ਬਦ-2(ਇਕ ਰਾਗ ਆਸਾ, ਇਕ ਰਾਗ ਸੂਹੀ)     ਅ. ਸ਼ਲੋਕ-130 ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)

ੲ. ਸ਼ਲੋਕ-118, ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)     ਸ. ਸ਼ਲੋਕ-112, ਸ਼ਬਦ-4(ਦੋ ਰਾਗ ਆਸਾ ਅਤੇ ਦੋ ਰਾਗ ਸੂਹੀ)

7. ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

ਉਪਰੋਕਤ ਸ਼ਲੋਕ ਵਿਚ ਬਾਬਾ ਸ਼ੇਖ਼ ਫ਼ਰੀਦ ਜੀ ਕਿਹੜੇ ਵਿਚਾਰ ਉੱਪਰ ਜ਼ੋਰ ਦਿੰਦੇ ਹਨ:

ੳ. ਚੰਗੇ ਪਕਵਾਨ ਪਰਮਾਤਮਾ ਨਾਲ ਜਲਦੀ ਮਿਲਾਉਂਦੇ ਹਨ।     ਅ. ਪਰਸ਼ਾਦ ਹਮੇਸ਼ਾ ਵਧੀਆਂ ਹੋਣਾ ਚਾਹੀਦਾ ਹੈ।

ੲ. ਪਰਮਾਤਮਾ ਨੂੰ ਸ਼ੱਕਰ, ਖੰਡ, ਗੁੜ ਅਤੇ ਮੱਝ ਦਾ ਦੁੱਧ ਪਸੰਦ ਹੈ।     ਸ. ਉਪਰੋਕਤ ਵਿਚੋਂ ਕੋਈ ਵੀ ਨਹੀਂ ।

8. ਪੂਰਵ ਨਾਨਕ ਕਾਲ ਦੇ ਸੂਫ਼ੀ ਕਵੀ ਕਿਹੜਾ ਹੈ:

ੳ. ਭਗਤ ਨਾਮਦੇਵ     ਅ. ਭਗਤ ਰਵਿਦਾਸ

ੲ. ਬਾਬਾ ਬੁੱਲ੍ਹੇ ਸ਼ਾਹ     ਸ. ਬਾਬਾ ਸ਼ੇਖ਼ ਫ਼ਰੀਦ

9. ਕਿਹੜਾ ਕ੍ਰਮ ਸਹੀ ਹੈ:

ੳ. ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਅਲੀ ਹੈਦਰ     ਅ. ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਦਮੋਦਰ

ੲ. ਸ਼ਾਹ ਹੁਸੈਨ, ਪੀਲੂ, ਬੁੱਲ੍ਹੈ ਸ਼ਾਹ, ਅਲੀ ਹੈਦਰ     ਸ. ਸ਼ਾਹ ਹੁਸੈਨ, ਸੁਲਤਾਨ ਬਾਹੂ, ਵਜੀਦ, ਪੀਲੂ

10. ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ । ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ । ਰਾਂਝਾ ਮੈਂ ਵਿੱਚ ਮੈਂ ਰਾਂਝੇ ਵਿੱਚ, ਹੋਰ ਖ਼ਿਆਲ ਨਾ ਕੋਈ ।

ਉਪਰੋਕਤ ਸਤਰਾਂ ਦਾ ਕਵੀ ਕੌਣ ਹੈ:

ੳ. ਬਾਬਾ ਬੁੱਲ੍ਹੇ ਸ਼ਾਹ     ਅ. ਸ਼ਾਹ ਹੁਸੈਨ

ੲ. ਬਾਬਾ ਸ਼ੇਖ਼ ਫ਼ਰੀਦ ਸ. ਵਜੀਦ

11. ਸੁਲਤਾਨ ਬਾਹੂ ਦੀ ਰਚਨਾ ਦੇ ਅਖੀਰ ਵਿਚ ਆਮ ਤੌਰ ਤੇ ਕਿਹੜਾ ਸ਼ਬਦ ਪ੍ਰਚਲਿਤ ਰਹਿੰਦਾ ਹੈ:

ੳ. ਬਾਹੂ ਅ. ਹੂ

ੲ. ਸੁਲਤਾਨ ਸ. ਉਪਰੋਕਤ ਕੋਈ ਵੀ ਨਹੀਂ

12. ਸ਼ਾਹ ਹੁਸੈਨ ਨੇ ਕਿੰਨੀਆਂ ਕਾਫ਼ੀਆਂ ਦੀ ਰਚਨਾ ਕੀਤੀ ਹੈ?

ੳ. 163 ਕਾਫ਼ੀਆਂ ਅ. 153 ਕਾਫ਼ੀਆਂ

ੲ. 173 ਕਾਫ਼ੀਆਂ ਸ. 183 ਕਾਫ਼ੀਆਂ

13 ਆਦਿ ਗ੍ਰੰਥ ਵਿਚ ਦਰਜ ਬਾਣੀਆਂ ਵਿਚੋਂ ਸਭ ਤੋਂ ਪੁਰਾਣੀ ਬਾਣੀ ਕਿਹੜੀ ਹੈ:

ੳ. ਗੁਰੂ ਸਾਹਿਬਾਨ ਦੀ ਬਾਣੀ ਅ. ਭੱਟਾਂ ਦੀ ਬਾਣੀ

ੲ. ਭਗਤਾਂ ਦੀ ਬਾਣੀ ਸ. ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ

14.ਸੂਫ਼ੀ ਸਾਹਿਤ ਕਿਸ ਕਵੀ ਨਾਲ ਸਿਖਰ 'ਤੇ ਪਹੁੰਚਦਾ ਹੈ?

ੳ. ਬਾਬਾ ਫਰੀਦ ਅ. ਸ਼ਾਹ ਹੁਸੈਨ

ੲ. ਗੁਲਾਮ ਫਰੀਦ ਸ. ਬੁਲ੍ਹੇ ਸ਼ਾਹ

15. ਕਿਹੜਾ ਸੂਫ਼ੀ ਕਵੀ ਸ਼ਰਈ ਨਿਯਮਾਂ ਦਾ ਖੁੱਲ੍ਹ ਕੇ ਵਿਰੋਧ ਕਰਦਾ ਹੈ?

ੳ. ਸ਼ੇਖ਼ ਫ਼ਰੀਦ ਅ. ਵਜੀਦ

ੲ. ਬੁਲ੍ਹੇ ਸ਼ਾਹ ਸ. ਸ਼ਾਹ ਹੁਸੈਨ

## ਅਭਿਆਸ ਪ੍ਰਸ਼ਨ:

1. ਸੂਫ਼ੀ ਕਾਵਧਿਾਰਾ ਦਾ ਸੰਕਲਪ ਬਾਰੇ ਜਾਣਕਾਰੀ ਦਿਓ?
2. ਸੂਫ਼ੀ ਕਾਵਧਿਾਰਾ ਦਾ ਵਿਕਾਸ ਅਤੇ ਪ੍ਰਮੁੱਖ ਸੂਫ਼ੀ ਕਵੀਆਂ ਬਾਰੇ ਜਾਣਕਾਰੀ ਦਿਓ?
3. ਬਾਬਾ ਫ਼ਰੀਦ ਦਾ ਸੂਫ਼ੀ ਕਾਵਿਧਾਰਾ ਦੇ ਵਿਕਾਸ ਵਿਚ ਕੀ ਯੋਗਦਾਨ ਹੈ?
4. ਬੁੱਲੇ ਸ਼ਾਹ ਦਾ ਸੂਫ਼ੀ ਕਾਵਿਧਾਰਾ ਦੇ ਵਿਕਾਸ ਵਿਚ ਕੀ ਯੋਗਦਾਨ ਹੈ?
5. ਸੂਫ਼ੀ ਕਾਵਿਧਾਰਾ ਫ਼ਰੀਦ ਤੋਂ ਫ਼ਰੀਦ ਤੱਕ ਦਾ ਸਫ਼ਰ ਤਹਿ ਕਰਦੀ ਹੈ। ਸਪਸ਼ਟ ਕਰੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਮਹੱਤਵਪੂਰਨ ਲਿੰਕ:

https://www.youtube.com/watch?v=gjUzXyph9fM

## ਉੱਤਰਮਾਲਾ:

| | | | | |
|---|---|---|---|---|
| 1. ਸ | 2. ੲ | 3. ੳ | 4. ਅ | 5. ੳ |
| 6. ਸ | 7. ਸ | 8. ਸ | 9. ੳ | 10. ੳ |
| 11. ਅ | 12. ੲ | 13. ਸ | 14. ਸ | 15. ੲ |

**DPBI501**

# ਅਧਿਆਇ - 9: ਗੁਰਮਤਿ ਕਾਵਿਧਾਰਾ : ਸਿਧਾਂਤ, ਲੱਛਣ, ਪ੍ਰਵਿਰਤੀ ਅਤੇ ਕਵੀ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਗੁਰਮਤਿ ਕਾਵਿਧਾਰਾ ਦੇ ਸੰਕਲਪ ਨੂੰ ਸਮਝਣ ਦੇ ਸਮਰੱਥ ਹੋਣਗੇ।
- ਗੁਰਮਤਿ ਕਾਵਿਧਾਰਾ ਦੇ ਲੱਛਣ/ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਗੁਰਮਤਿ ਕਾਵਿਧਾਰਾ ਦੀ ਪ੍ਰਵਿਰਤੀ ਨੂੰ ਸਮਝਣ ਦੇ ਸਮਰੱਥ ਹੋਣਗੇ।
- ਗੁਰਮਤਿ ਕਾਵਿਧਾਰਾ ਦੇ ਵਿਕਾਸ ਵਿਚ ਕਵੀਆਂ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਮੱਧਕਾਲੀ ਕਾਵਿਧਾਰਾਵਾਂ ਵਿਚੋਂ ਇਤਿਹਾਸਕ ਦ੍ਰਿਸ਼ਟੀ ਤੋਂ ਦੂਜੀ ਵੱਡੀ ਕਾਵਿਧਾਰਾ ਗੁਰਮਤਿ ਕਾਵਿਧਾਰਾ ਮੰਨੀ ਜਾਂਦੀ ਹੈ। ਗੁਰਮਤਿ ਕਾਵਿਧਾਰਾ ਧਾਰਾ, ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਪੇਸ਼ ਕਰਦੀ ਅਜਿਹੀ ਅਨੋਖੀ ਕਾਵਿਧਾਰਾ ਹੈ, ਜਿਸ ਦਾ ਇਕ ਸਿਰਾ ਅਧਿਆਤਮਵਾਦ ਦੇ ਖੇਤਰ ਵਿਚ ਵਿਚਰਦਾ ਰੂਹਾਨੀ ਵਿਕਾਸ ਪੜਾਵਾਂ ਵੱਲ ਸੰਕੇਤ ਕਰਦਾ ਹੈ ਤੇ ਦੂਸਰਾ ਸਿਰਾ ਲੌਕਿਕ ਜੀਵਨ ਦੇ ਅੰਤਰ ਦਵੰਦਾਂ ਵੱਲ ਸੰਕੇਤ ਕਰਦਾ, ਮਨੁੱਖ ਨੂੰ ਮਨੁੱਖੀ ਗੁਣਾਂ ਨਾਲ ਸੰਪੰਨ ਹੋਣ ਦੀ ਪ੍ਰੇਰਨਾ ਦਿੰਦਾ ਹੈ। ਇਸ ਕਾਵਿਧਾਰਾ ਦੇ ਸੰਸਥਾਪਕ ਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰ ਨਾਨਕ ਦੇਵ ਜੀ ਹਨ, ਉਨ੍ਹਾਂ ਤੋਂ ਬਿਨਾਂ ਪਹਿਲੇ ਪੰਜ ਗੁਰੂ ਸਾਹਿਬਾਨ, ਨੋਵੇਂ ਗੁਰੂ, ਭਗਤ ਕਵੀ, ਗੁਰੂ ਘਰ ਦੇ ਸ਼ਰਧਾਲੂ ਸੱਤਾ ਬਲਵੰਡ ਬਾਬਾ ਸੁੰਦਰ ਜੀ ਵਰਗੇ ਸੰਤ ਕਵੀਆਂ ਨੂੰ ਵੀ ਇਸ ਕਾਵਿਧਾਰਾ ਅੰਦਰ ਵਿਚਾਰਿਆ ਜਾਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਮਨੀ ਸਿੰਘ ਦੀ ਭਗਤ ਰਤਨਾਵਲੀ ਵੀ ਇਸੇ ਲੜੀ ਦੀ ਰਚਨਾ ਮੰਨੀ ਗਈ ਹੈ।

## ਵਿਸ਼ਾ ਵਸਤੂ:

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ 1601 ਈ਼ ਨੂੰ ਸ਼ੁਰੂ ਕੀਤਾ ਸੀ, ਜਿਹੜਾ ਕਿ 1604 ਈ਼ ਵਿਚ ਸੰਪੂਰਨ ਹੋਇਆ ਸੀ। ਭਾਈ ਗੁਰਦਾਸ ਜੀ ਇਸ ਦੇ ਲਿਖਾਰੀ ਸਨ ਤੇ ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗ੍ਰੰਥੀ ਹੋਏ ਹਨ।ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ਗੁਰੂਆਂ, ਭਗਤਾਂ ਤੇ ਗੁਰੂ ਘਰ ਦੇ ਸੇਵਕਾਂ ਦੀ ਬਾਣੀ ਦਰਜ ਹੈ।

ਗੁਰੂ ਕਵੀ : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ। ਦਮਦਮਾ ਸਾਹਿਬ ਵਾਲੀ ਬੀੜ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 57 ਸਲੋਕ ਸ਼ਾਮਲ ਕੀਤੇ ਮਿਲਦੇ ਹਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਵਿਚ ਇੱਕ ਸਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਕਿਉਂਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਨੇ ਲਿਖਵਾਈ ਸੀ।

ਭਗਤ ਕਵੀ : ਇਸ ਗ੍ਰੰਥ ਵਿਚ 15 ਭਗਤਾਂ ਦੀ ਬਾਣੀ ਸ਼ਾਮਲ ਹੈ। ਜਿਨ੍ਹਾਂ ਵਿਚੋਂ ਭਗਤ ਕਬੀਰ, ਫ਼ਰੀਦ, ਨਾਮਦੇਵ, ਰਵੀਦਾਸ, ਤਰਲੋਚਨ, ਪੀਪਾ, ਧੰਨਾ ਆਦਿ ਸ਼ਾਮਲ ਹਨ।ਗੁਰੂ ਘਰ ਦੇ ਨਿਕਟਵਰਤੀ : ਸੱਤਾ ਬਲਵੰਡ ਅਤੇ ਮਰਦਾਨਾ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਲਿਖਾਰੀ ਹਨ। ਬਾਣੀ ਤਰਤੀਬ ਵਿਚ ਪਹਿਲਾਂ ਮੂਲ ਮੰਤਰ ਹੈ। ਫੇਰ ਜਪੁਜੀ ਸਾਹਿਬ, ਸੋਦਰ, ਸੋ ਪੁਰਖ, ਸੋਹਿਲਾ ਹੈ। ਰਾਗਾਂ ਦੀ ਕੁੱਲ ਗਿਣਤੀ 31 ਹੈ। ਕੁੱਲ ਪੰਨੇ 1430 ਹਨ। ਲੋਕ ਵਾਰਾਂ ਤੇ ਸਵੱਯੇ ਇਸ ਵਿਚ ਸ਼ਾਮਲ ਹਨ। ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ ਨੂੰ ਸਿਜਦਾ ਕਰਨਾ ਬਣਦਾ ਹੈ। ਹਰ ਇਕ ਰਚਨਾ ਪੂਰਨ ਵਿਉਂਤ ਨਾਲ ਸ਼ਾਮਲ ਕੀਤੀ ਗਈ ਹੈ।

ਗੁਰਮਤਿ ਕਾਵਿਧਾਰਾ ਉਪਦੇਸ਼ਾਤਮਿਕ ਲਹਿਜ਼ੇ ਦੀ ਰਚਨਾ ਹੈ। ਜਿਸ ਵਿਚ ਦਿਸਦੇ ਲੋਕ ਵਿਚ ਰਹਿੰਦਿਆਂ ਪ੍ਰਲੋਕ ਦੀ ਪ੍ਰਾਪਤੀ ਅਤੇ ਉਸ ਵਿਚ ਮਾਣ ਸਤਿਕਾਰ ਪ੍ਰਾਪਤ ਕਰਨ ਦੀ ਵਿਧੀ ਸਮਝਾਈ ਗਈ ਹੈ। ਉਂਝ ਮਾਨਵੀ ਜੀਵਨ ਦਾ ਸ਼ਾਇਦ ਹੀ ਕੋਈ ਪੱਖ ਹੋਵੇ, ਜਿਸ ਬਾਰੇ ਗੁਰੂ ਕਵੀਆਂ ਨੇ ਚਰਚਾ ਨਾ ਕੀਤਾ ਹੋਵੇ। ਛੋਟੇ ਵੱਡੇ ਧਰਮਾਂ ਨਾਲ ਸੰਵਾਦ ਰਚਾਉਣ, ਮਨੁੱਖੀ ਧਰਮ ਦੀ ਵਿਆਖਿਆ ਕਰਨ, ਕਿਸਾਨ, ਵਪਾਰੀ, ਧਾਰਮਿਕ ਕਰਮਕਾਂਡ ਵਰਗੇ ਪੱਖ ਗੁਰਮਤਿ ਕਾਵਿਧਾਰਾ ਅੰਦਰ ਲੋਕਧਾਰਨੀ ਲਹਿਜ਼ੇ ਵਿਚ ਪੇਸ਼ ਹੋਏ ਮਿਲਦੇ ਹਨ। ਉਂਝ ਗੁਰਮਤਿ ਕਾਵਿਧਾਰਾ ਦੇ ਮੋਟੇ ਗੁਣ ਲੱਛਣ ਹੇਠ ਲਿਖੇ ਅਨੁਸਾਰ ਮੰਨੇ ਗਏ ਹਨ। ਇਨ੍ਹਾਂ ਪੱਖਾਂ ਬਾਰੇ ਗੁਰਮਤਿ ਦੇ ਵਿਲੱਖਣ ਸੰਕੇਤ ਮਿਲਦੇ ਹਨ :

ੳ) ਪ੍ਰਮਾਤਮਾ ਦਾ ਸਰੂਪ ਨਿਰਧਾਰਤ ਕਰਨਾ
ਅ) ਮਨੁੱਖੀ ਜੀਵਨ ਦਾ ਮਹੱਤਵ ਸਪਸ਼ਟ ਕਰਨਾ
ੲ) ਆਤਮਾ ਦਾ ਸਰੂਪ ਅਤੇ ਪਰਮਾਤਮਾ ਨਾਲ ਸੰਬੰਧ ਸਥਾਪਤ ਕਰਨਾ
ਸ) ਸ੍ਰਿਸ਼ਟੀ ਸਿਰਜਣਾ ਬਾਰੇ ਵਿਚਾਰ
ਹ) ਗੁਰੂ ਸਤਿਗੁਰੂ ਦੇ ਮਹੰਤਵ ਬਾਰੇ ਵਿਚਾਰ
ਕ) ਧਰਮ ਅਤੇ ਭਗਤੀ ਬਾਰੇ
ਖ) ਆਵਾਗਵਣ ਬਾਰੇ
ਗ) ਸ਼ਾਂਤੀ ਪ੍ਰਾਪਤੀ ਬਾਰੇ
ਘ) ਸਿਮਰਨ ਬਾਰੇ
ਙ) ਭੇਖਾਂ ਬਾਰੇ
ਚ) ਜਾਤ ਪਾਤ ਤੇ ਸਮਾਜਕ ਦਰਜਾਬੰਦੀ ਬਾਰੇ
ਛ) ਇਸਤਰੀ ਬਾਰੇ
ਜ) ਮਨ ਤੇ ਇੰਦਰੀਆ ਬਾਰੇ

ਇਨ੍ਹਾਂ ਵਿਚੋਂ ਈਸ਼ਵਰ ਦਾ ਸਰੂਪ ਨਿਰਧਾਰਨ ਕਰਨ ਦਾ ਮਸਲਾ ਸਮੁੱਚੇ ਭਾਰਤੀ ਦਰਸ਼ਨ ਦੀ ਕੇਂਦਰੀ ਸਮੱਸਿਆ ਰਹੀ ਹੈ। ਵੇਦਾਂਤ, ਉਪਨਿਸ਼ਦ ਅਤੇ ਪੁਰਾਣ ਬ੍ਰਹਮ ਨੂੰ ਸੱਤ ਸਰੂਪ, ਸਵੈ ਪ੍ਰਕਾਸ਼ਮਾਨ, ਕਾਲ ਅਤੇ ਜਨਮ ਮਰਨ ਤੋਂ ਰਹਿਤ, ਸਰਬ ਸ਼ਕਤੀਮਾਨ, ਸਰਬ ਵਿਆਪਕ, ਦਿਆਲੂ, ਕਿਰਪਾਲੂ ਅਤੇ ਸ੍ਰਿਸ਼ਟੀ ਦਾ ਸਿਰਜਣਹਾਰ ਤਾਂ ਮੰਨਦੇ ਰਹੇ ਹਨ, ਪਰੰਤੂ ਹਿੰਦੂ ਮੱਤ ਦੀਆਂ ਇਹ ਧਾਰਨਾਵਾਂ ਸਪਸ਼ਟ ਰੂਪ ਵਿਚ ਜਨ-ਸਾਧਾਰਨ ਦੀ ਸਮਝ ਦਾ ਹਿੱਸਾ ਨਹੀਂ ਸੀ ਬਣ ਸਕੀਆਂ। ਪੁਰਾਤਨ ਫ਼ਲਸਫ਼ੇ ਦਾ ਈਸ਼ਵਰਵਾਦ, ਬਹੁ ਦੇਵ ਵਾਦ ਦੇ ਭੰਵਰ ਜਾਲ ਵਿਚ ਉਲਝਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪਰੰਪਰਾਵਾਦੀ ਧਾਰਨਾਵਾਂ ਦਾ ਮੁੱਲਕਣ ਕਰਦੇ ਹੋਏ ਮੂਲਮੰਤਰ ਵਜੋਂ ਬ੍ਰਹਮ ਦਾ ਸਰੂਪ ਇਉਂ ਨਿਸ਼ਚਿਤ ਕੀਤਾ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਜਿਸ ਦਾ ਅਰਥ ਹੈ ਕਿ ਈਸ਼ਵਰ ਇਕ ਹੈ, ਉਸ ਦਾ ਕੋਈ ਬਦਲ ਨਹੀਂ ਹੈ, ਉਸ ਦਾ ਨਾਮ ਸੱਚਾ ਹੈ, ਉਹ ਸਰਬ-ਸ਼ਕਤੀਮਾਨ ਤੇ ਸਿਰਜਨਹਾਰ ਹੈ, ਉਹ ਡਰ ਤੋਂ ਰਹਿਤ ਹੈ ਤੇ ਵੈਰ ਤੋਂ ਪਰ੍ਹੇ ਹੈ, ਉਹ ਕਾਲ ਦੀ ਪਕੜ ਤੋਂ ਮੁਕਤ ਹੈ ਤੇ ਜੂਨਾਂ ਭਾਵ ਜਨਮ-ਮਰਨ ਦੇ ਸਿਲਸਿਲੇ ਤੋਂ ਮੁਕਤ ਹੈ, ਉਹ ਸਵੈ ਪ੍ਰਕਾਸ਼ਮਾਨ ਹੈ ਤੇ ਉਸ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ।

ਗੁਰਮਤਿ ਅਨੁਸਾਰ ਪ੍ਰਮਾਤਮਾ ਦੀ ਸਿਰਜਨਾ ਦਾ ਸਭ ਤੋਂ ਵੱਡਾ ਅਦਭੁਤ ਤੇ ਮਹੱਤਵਪੂਰਨ ਕ੍ਰਿਸ਼ਮਾ ਮਨੁੱਖ ਦੀ ਸਿਰਜਨਾ ਹੈ। ਮਨੁੱਖ ਸ੍ਰਿਸ਼ਟੀ ਦੇ ਸਾਰੇ ਜੀਵ ਜੰਤੂਆਂ ਨਾਲੋਂ ਸ੍ਰੇਸ਼ਟ ਹੈ। ਜੇ ਮਨੁੱਖ ਮਨ ਤੇ ਇੰਦਰੀਆਂ ਨੂੰ ਬੁੱਧੀ ਦੇ ਅਧੀਨ ਕਰ ਲਵੇ ਤਾਂ ਉਸ ਦਾ ਰੁਤਬਾ ਦੇਵਤਿਆਂ ਨਾਲੋਂ ਵਡੇਰਾ ਹੈ ਪਰ ਜਦੋਂ ਇਹ ਮਨੁੱਖ ਮਾਇਆ ਦੇ ਵੱਸ ਪੈ ਕੇ ਮਨ ਦੇ ਮਗਰ ਲੱਗ ਤੁਰਦਾ ਹੈ ਤਾਂ ਅਜਿਹਾ ਮਨੁੱਖ ਹੈਵਾਨ ਨਾਲੋਂ ਵੀ ਭੈੜਾ ਹੈ। ਗੁਰਮੁਖ ਗੁਰੂ ਦੇ ਆਸ਼ੇ ਅਨੁਸਾਰ ਚੱਲਣ ਵਾਲਾ ਮਨੁੱਖ ਵਧੇਰੇ ਆਪੇ ਹੈ।

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਮਨੁੱਖਾ ਦੇਹੀ ਦੀ ਵਡਿਆਈ ਕਰਦੇ ਹੋਏ ਗੁਰੂ ਸਾਹਿਬਾਂ ਨੇ ਕਿਹਾ ਹੈ :

ਇਸ ਦੇਹੀ ਕਉ ਸਿਮਰਹਿ ਦੇਵ॥

ਪੁਰਾਤਨ ਫ਼ਲਸਫ਼ੇ ਵਾਂਗ ਗੁਰਮਤਿ ਵਿਚਾਰਧਾਰਾ ਵੀ ਆਤਮਾ ਨੂੰ ਪ੍ਰਮਾਤਮਾ ਦਾ ਅੰਸ ਮੰਨਦੀ ਹੈ, ਸਗੋਂ ਆਤਮਾ ਵਿਚ ਪ੍ਰਮਾਤਮਾ ਅਤੇ ਪ੍ਰਮਾਤਮਾ ਵਿਚ ਆਤਮਾ ਦਾ ਨਿਵਾਸ ਹੈ।

ਆਤਮ ਮਹਿ ਰਾਮੁ, ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥

ਆਤਮਾ ਅਤੇ ਪ੍ਰਮਾਤਮਾ ਦੇ ਇੱਕ-ਮਿੱਕ ਹੋਣ ਵਿਚ ਹਉਮੈ, ਝੂਠ, ਕਰੋਧ ਤੇ ਕਾਮ ਵਰਗੇ ਪੱਖਾਂ ਦੀ ਝੂਠੀ ਕੰਧ ਬਣੀ ਹੋਈ ਹੈ, ਇਹ ਕੰਧ ਪ੍ਰਮਾਤਮਾ ਦੀ ਰਜ਼ਾ ਵਿਚ ਰਹਿਣ ਨਾਲ ਦੂਰ ਹੋ ਸਕਦੀ ਹੈ। ਸੰਵਾਦ ਚਲਦਾ ਰਿਹਾ ਹੈ। ਜੇ ਇਹ ਮੰਨ ਵੀ ਲਿਆ ਜਾਵੇ ਕਿ ਸ੍ਰਿਸ਼ਟੀ ਦੀ ਸਿਰਜਨਾ ਈਸ਼ਵਰ ਨੇ ਕੀਤੀ ਹੈ ਤਾਂ ਵੀ ਇਹ ਸਵਾਲ ਖੜ੍ਹਾ ਰਹਿੰਦਾ ਹੈ ਕਿ ਈਸ਼ਵਰ ਨੇ ਸ੍ਰਿਸ਼ਟੀ ਕਦੋਂ ਤੇ ਕਿਵੇਂ ਸਿਰਜੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਸਮੇਂ ਦੀ ਵੀ ਕਲਪਨਾ ਕੀਤੀ ਹੈ, ਜਦੋਂ ਸ੍ਰਿਸ਼ਟੀ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ ਜਿਵੇਂ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਆਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥
ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸ਼ਟਿ ਉਪਾਇ ਕਾਇਆ ਗੜ ਰਾਜੇ ॥
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥

ਗੁਰਮਤਿ ਕਾਵਿਧਾਰਾ ਸ੍ਰਿਸ਼ਟੀ ਦੀ ਸਿਰਜਨਾ ਬਾਰੇ ਇਕ ਸਪਸ਼ਟ ਐਲਾਨਨਾਮਾ ਕਰ ਦਿੰਦੀ ਹੈ ਕਿ ਇਸ ਦੀ ਸਿਰਜਨਾ ਦਾ ਸਮਾਂ ਤਾਂ ਕੇਵਲ ਸਿਰਜਣਹਾਰ ਹੀ ਜਾਣਦਾ ਹੈ। ਜਿਵੇਂ :

ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।

ਉਸ ਦੇ ਇੱਕੋ ਹੁਕਮ ਨਾਲ ਸ੍ਰਿਸ਼ਟੀ ਹੋਂਦ ਵਿਚ ਆ ਗਈ ਹੈ,

ਕੀਤਾ ਪਸਾਉ ਏਕੋ ਕਵਾਉ।।

ਗੁਰਮਤਿ ਕਾਵਿਧਾਰਾ ਗੁਰੂ ਦੇ ਮਹੱਤਵ ਉੱਤੇ ਵਿਸ਼ੇਸ਼ ਬਲ ਦਿੰਦੀ ਹੈ, ਗੁਰੂ ਨੂੰ ਗੋਬਿੰਦ ਤੋਂ ਵੀ ਪਹਿਲ ਦਿੱਤੀ ਗਈ ਹੈ, ਜਿਸ ਦੀ ਕਿਰਪਾ ਨਾਲ ਗੋਬਿੰਦ (ਈਸ਼ਵਰ) ਪ੍ਰਾਪਤ ਹੋ ਸਕਿਆ ਹੈ। ਮਨੁੱਖੀ ਜੀਵਨ ਦਾ ਪਰਮ ਲਕਸ਼ ਉਸ ਪ੍ਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਇਹ ਪ੍ਰਾਪਤੀ ਕਰਮ ਮਾਰਗ, ਗਿਆਨ ਮਾਰਗ, ਯੋਗ ਮਾਰਗ ਅਤੇ ਭਗਤੀ ਮਾਰਗ ਰਾਹੀਂ ਹੋਣੀ ਸੰਭਵ ਹੈ। ਇਨ੍ਹਾਂ ਮਾਰਗਾਂ ਲਈ ਗੁਰੂ ਹੀ ਸਹਿਯੋਗੀ ਹੁੰਦਾ ਹੈ। ਗੁਰੂ ਸਾਹਿਬਾਨ ਤਾਂ ਇੱਥੋਂ ਤੱਕ ਆਖ ਦਿੰਦੇ ਹਨ :

ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ।।
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।। ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।।

ਗੁਰਮਤਿ ਕਾਵਿਧਾਰਾ ਅਨੁਸਾਰ ਧਰਮ ਦਯਾ ਤੋਂ ਪੈਦਾ ਹੁੰਦਾ ਹੈ। ਜਿਸ ਮਨੁੱਖ ਨੇ ਆਪਣਾ ਮਨ ਜਿੱਤ ਲਿਆ ਹੈ, ਉਸ ਨੇ ਸਮੁੱਚਾ ਬ੍ਰਹਿਮੰਡ ਜਿੱਤ ਲਿਆ, ਧਰਮ ਕੋਈ ਨਿੱਜੀ ਵਸਤੂ ਨਹੀਂ ਸਗੋਂ ਸਮੂਹਕ ਕਰਮ ਹੈ, ਜਿਵੇਂ :

ਤੇਰੇ ਭਾਣੇ ਸਰਬੱਤ ਦਾ ਭਲਾ ॥

ਗੁਰਮਤਿ ਕਾਵਿਧਾਰਾ ਅੰਦਰ ਆਵਾਗਵਨ, ਜਨਮ-ਮਰਨ ਤੋਂ ਛੁਟਕਾਰਾ ਪਾਉਣ ਦੀ ਵਿਧੀ ਵੀ ਨਾਮ ਸਿਮਰਨ ਨਾਲ ਜੋੜੀ ਗਈ ਹੈ।

ਆਪਿ ਜਪਹੁ ਅਵਰਾ ਨਾਮੁ ਜਪਾਵਹੁ।।

ਗੁਰੂ ਦੀ ਕਿਰਪਾ ਨਾਲ ਮਨੁੱਖ ਇਸ ਭੰਵਰ ਜਾਲ ਤੋਂ ਮੁਕਤ ਹੋ ਜਾਂਦਾ ਹੈ। ਇਹ ਕਾਰਜ ਵੀ ਪਰਮ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਸਿਮਰਨ ਦਾ ਕਾਰਜ ਕੋਈ ਮਕੈਨਿਕੀ ਕਾਰਜ ਨਹੀਂ, ਸਗੋਂ ਇਸ ਨੂੰ ਜੀਵਨ ਦਾ ਸੁਭਾਵਿਕ ਅਮਲ ਬਣਾਉਣ ਦੀ ਨਸੀਹਤ ਕੀਤੀ ਗਈ ਹੈ

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

ਜਾਤ ਪਾਤ ਦਾ ਵਿਰੋਧ ਕਰਨ ਵਾਲੀ ਇਹ ਕਾਵਿਧਾਰਾ ਉਸ ਸਮੁੱਚੇ ਮੱਧਕਾਲੀ ਚਿੰਤਨ ਸਾਹਮਣੇ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ ਜਗਤ ਜਣਨੀ ਨੂੰ ਮੰਦਾ ਕਿਉਂ ਆਖਿਆ ਜਾਂਦਾ ਹੈ। ਕੋਈ ਧਰਮ ਉੱਚਾ ਨਹੀਂ, ਕੋਈ ਨੀਵਾਂ ਨਹੀਂ, ਕੋਈ ਪੁਰਸ਼ ਮਾੜਾ, ਕੋਈ ਚੰਗਾ ਨਹੀਂ। ਲੋੜ ਪ੍ਰਮਾਤਮਾ ਦੀ ਪੁਰੇ ਵਿਚ ਰਹਿਣ ਦੀ ਹੈ, ਜਿਹੜਾ ਅਜਿਹਾ ਨਹੀਂ ਕਰਦਾ ਉਹ ਲੋਕ ਅਤੇ ਪਰਲੋਕ ਦੋਵਾਂ ਵਿਚ ਨਰਕ ਦਾ ਭਾਗੀਦਾਰ ਬਣਦਾ ਹੈ।

ਵਸਤੂਪਰਕ ਦੀ ਇਸ ਵਿਸ਼ਾਲਤਾ ਦੀ ਧਾਰਨੀ ਗੁਰਮਤਿ ਕਾਵਿਧਾਰਾ ਕਲਾ ਪੱਖ ਤੋਂ ਵੀ ਸ੍ਰੇਸ਼ਟ ਰਚਨਾ ਹੋਣ ਦਾ ਮਾਣ ਰੱਖਦੀ ਹੈ। ਸ਼ਬਦ, ਸਲੋਕ, ਵਾਰਾਂ, ਚੌਬੋਲੇ, ਡੱਖਣੇ, ਫਨਹੇ, ਦੋਪਦੇ, ਚੌਪਦੇ, ਅਸ਼ਟਪਦੀ, ਪੌੜੀ, ਅਲਾਹੁਣੀ, ਗਾਥਾ ਵਰਗੇ ਛੰਦ ਰੂਪ ਅਤੇ ਕਾਵਿਧਾਰਾ-ਰੂਪਾਂ ਨਾਲ ਸੰਪੰਨ ਕੀਤੀ ਇਹ ਕਾਵਿਧਾਰਾ ਜਿਸ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਕੁਲ 31 ਰਾਗਾਂ ਵਿਚ ਰਚੀ ਗਈ ਹੈ। ਲੋਕ-ਕਾਵਿਧਾਰਾ ਰੂਪਾਂ ਦਾ ਸ਼ਾਇਦ ਹੀ ਕੋਈ ਅਜਿਹਾ ਰੂਪ ਹੋਵੇ, ਜਿਸ ਬਾਰੇ ਗੁਰੂ ਸਾਹਿਬਾਨ ਨੇ ਚੁੱਪੀ ਸਾਧੀ ਹੋਵੇ। ਵੱਡੇ ਛੋਟੇ ਹਰ ਤਰ੍ਹਾਂ ਦੇ ਕਾਵਿਧਾਰਾ-ਰੂਪ ਇਸ ਵਿਚ ਸ਼ਾਮਲ ਹੋਏ ਮਿਲਦੇ ਹਨ। ਭਾਸ਼ਾਈ ਦ੍ਰਿਸ਼ਟੀ ਤੋਂ ਇਸ ਕਾਵਿਧਾਰਾ ਦੀ ਇਹ ਖ਼ੂਬਸੂਰਤੀ ਹੈ ਕਿ ਇਸ ਕਾਵਿਧਾਰਾ ਅੰਦਰ ਭਾਸ਼ਾਈ ਵੰਨ ਸੁਵੰਨਤਾ ਦੇ ਨਮੂਨੇ ਕਿਸੇ ਵੀ ਹੋਰ ਕਾਵਿਧਾਰਾ ਨਾਲੋਂ ਵਧੇਰੇ ਮਾਤਰਾ ਵਿਚ ਪ੍ਰਾਪਤ ਹੁੰਦੇ ਹਨ। ਭਾਰਤੀ ਕਾਵਿਧਾਰਾ-ਸ਼ਾਸਤਰ ਦੁਆਰਾ ਦਰਸਾਏ ਗਏ ਸਾਰੇ ਹੀ ਰਸ ਵਿਚ ਵੰਨਗੀ ਦੀ ਕਾਵਿ ਰਚਨਾ ਵਿਚੋਂ ਪ੍ਰਾਪਤ ਹੁੰਦੇ ਹਨ।

ਗੁਰਮਤਿ ਕਾਵਿਧਾਰਾ ਅੰਦਰ ਵੰਨ-ਸੁਵੰਨੇ ਕਾਵਿਧਾਰਾ-ਰੂਪਾਂ ਜਾਂ ਛੰਦ ਰੂਪਾਂ ਦੀ ਪੇਸ਼ਕਾਰੀ ਹੀ ਨਹੀਂ ਹੋਈ ਮਿਲਦੀ ਸਗੋਂ ਇੱਕੋ ਕਾਵਿਧਾਰਾ-ਰੂਪ ਦੇ ਵੰਨ-ਸੁਵੰਨੇ ਪਾਠ ਵੀ ਦੇਖਣ ਨੂੰ ਮਿਲਦੇ ਹਨ। ਮਿਸਾਲ ਦੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ॥ਸਲੋਕ ਕਾਵਿਧਾਰਾ-ਰੂਪ ਦੇ ਅਨੇਕ ਨਮੂਨੇ ਪਾਏ ਜਾਂਦੇ ਹਨ। ਭਗਤ ਕਬੀਰ ਅਤੇ ਫ਼ਰੀਦ ਜੀ ਤੋਂ ਇਲਾਵਾ ਗੁਰੂ ਸਾਹਿਬਾਨਾਂ ਦੇ ਸਲੋਕਾਂ ਦੀ ਭਾਸ਼ਾਈ ਵੰਨ ਸੁਵੰਨਤਾ ਹੈਰਾਨ ਕਰ ਦੇਣ ਵਾਲੀ ਹੈ। ਇਸ ਤੋਂ ਇਲਾਵਾ ਦਾਰਸ਼ਨਿਕ ਰੰਗਤ, ਬੋਧਿਕ ਰੰਗਤ, ਰੂਹਾਨੀ ਰਹੱਸਵਾਦੀ ਰੰਗਤ ਇਸ ਰਚਨਾ ਦੇ ਹੋਰ ਅਨੇਕਾਂ ਕਾਵਿਧਾਰਾ ਪਹਿਲੂ ਗਿਣਾਏ ਜਾ ਸਕਦੇ ਹਨ।

ਸੋ ਗੁਰਮਤਿ ਕਾਵਿਧਾਰਾ ਮੱਧਕਾਲੀ ਕਾਵਿਧਾਰਾ ਧਾਰਾਵਾਂ ਵਿਚ ਆਪਣਾ ਵਿਲੱਖਣ ਸਥਾਨ ਰੱਖਦੀ ਹੈ। ਇਸ ਦਾ ਇਕ ਸਿਰਾ ਅਧਿਆਤਮਵਾਦ ਨਾਲ ਜੁੜਿਆ ਹੋਇਆ ਹੈ ਤੇ ਦੂਸਰਾ ਸਿਰਾ ਅਲੌਕਿਕ ਜੀਵਨ ਦੇ ਰਹੱਸਾਂ ਨੂੰ ਪ੍ਰਗਟ ਕਰਦਾ ਹੈ। ਕਲਾ ਪੱਖ ਤੋਂ ਵੀ ਗੁਰਮਤਿ ਕਾਵਿਧਾਰਾ ਅਦੁੱਤੀ ਕਲਾਕ੍ਰਿਤੀਆਂ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਸ ਕਾਵਿਧਾਰਾ ਦੇ ਅਨੇਕਾਂ ਗੁਣ ਲੱਛਣ ਆਧੁਨਿਕ ਕਾਵਿਧਾਰਾ-ਰੂਪਾਂ ਵਿਚ ਪ੍ਰਗਟ ਹੋਏ ਮਿਲਦੇ ਹਨ।

## ਗੁਰਮਤਿ ਕਾਵਿਧਾਰਾ ਦੇ ਪ੍ਰਮੁੱਖ ਕਵੀ

### (ੳ) ਗੁਰੂ ਕਵੀ

**1.ਗੁਰੂ ਨਾਨਕ ਦੇਵ (1469-1539)-** ਗੁਰੂ ਨਾਨਕ ਦੇਵ ਜੀ ਦਾ ਜਨਮ ਪਿੰਡ ਤਲਵੰਡੀ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਸੰਨ 1469 ਈ: ਨੂੰ ਹੋਇਆ। ਆਪ ਨੇ ਉਸ ਸਮੇਂ ਦੇ ਸਾਨਾਂ ਅਨੁਸਾਰ ਸਕੂਲੀ ਵੱਦਿਆ ਪ੍ਰਾਪਤ ਕੀਤੀ, ਵਪਾਰ ਕੀਤਾ, ਮੱਝਾਂ ਚਾਰੀਆਂ, ਨਵਾਬ ਦੌਲਤ ਖਾਨ ਦੀ ਸੁਲਤਾਨਪੁਰ ਵਿਖੇ ਨੌਕਰੀ ਕੀਤੀ, ਸਾਧਾਂ, ਸੰਤਾਂ, ਜੋਗੀਆਂ ਨਾਲ ਵਿਚਾਰਚਰਚਾ ਕੀਤੀ, ਹਿੰਦੁਸਤਾਨ ਤੇ ਹਿੰਦੁਸਤਾਨ ਤੋਂ ਬਾਹਰ ਲੰਕਾ, ਅਰਬ, ਅਫਗਾਨਿਸਤਾਨ ਆਦਿ ਦੀ ਯਾਤਰਾ ਕੀਤੀ, ਕਰਤਾਰਪੁਰ (ਪਾਕਿਸਤਾਨ) ਵਿਖੇ ਖੇਤੀ ਕੀਤੀ, ਡੇਰਾ ਬਣਾਇਆ ਤੇ ਇਥੇ ਹੀ ਜੋਤੀ ਜੋਤ ਸਮਾ ਗਏ।

ਆਪ ਸਿੱਖ ਧਰਮ, ਲਹਿਰ ਤੇ ਗੁਰਮਤਿ ਕਾਵਿਧਾਰਾ ਦੇ ਸੰਸਥਾਪਕ ਤੇ ਮੋਢੀ ਹੋਏ ਆਪ ਦੀ ਪ੍ਰਤੀਭਾ ਸਰਬਪੱਖੀ ਸੀ ਜਿਥੇ ਆਪ ਪ੍ਰਭੂ ਮਿਲਾਪ ਤੇ ਮੁਕਤੀ ਦੀ ਲੋਚਾਮਨੁਖਤਾ ਲਈ ਕਰਦੇ ਸਨ ਉਥੇ ਉਸ ਨੂੰ ਸਖਿਆਰ ਦਾਿ ਆਚਰਣ ਦੇ ਕੇ ਇਸ ਦਾ ਲੋਕ ਪਰਲੋਕ ਦੇ ਨਾਲ ਸੰਵਾਰਨਾ ਲੋਚਦੇ ਸਨ; ਜਿੱਥੇ ਆਪ ਧਰਮ ਨੂੰ ਪ੍ਰਭੂ-ਪ੍ਰੇਮ ਦਾ ਮਾਰਗ ਬਨਾਉਣਾ ਲੋਚਦੇ ਸਨ ਉਥੇ ਜੀਵਨ ਨੂੰ ਨਿਰਭੈ, ਨਿਰਵੈਰ, ਬੰਧਨ, ਮੁਕਤ, ਸਵਾਧੀਨ ਤੇ ਹਰ ਤਰ੍ਹਾਂ ਸਮਰੱਥ ਵੀ ਬਣਾਉਣਾ ਲੋਚਦੇ ਸਨ; ਜਿਥੇ ਆਪ ਨੈਤਿਕਤਾ ਤੇ ਸਦਾਚਾਰ ਲੋਚਦੇ ਸਨ ਉਥੇ ਸਫਲ ਗੁਰਮਤਿ ਵੀ ਚਾਹੁੰਦੇ ਸਨ ਜੋ ਆਰਥਕ, ਰਾਜਸੀ ਖੁਸ਼ਹਾਲ ਵਾਲਾ ਹੋ। ਸਾਰੇ ਜੀਵਨ ਦੇ ਵਿਕਾਸ ਲਈ ਆਪ ਦਾ ਸਾਨ ਪ੍ਰਭੂ ਦੀ ਪ੍ਰੇਮਾ ਭਗਤੀ ਤੇ ਨੈਤਿਕ ਜੀਵਨ ਸੀ।

ਮਨੁੱਖੀ ਜੀਵਨ ਲਈ ਆਪ ਦੇ ਉਦੇਸ਼: ਦਾ ਪਤਾ ਆਪ ਦੀ ਰਚਨਾ ਦੇ ਕੁੱਝ ਪੱਖ ਦੇਖਣ ਤੋਂ ਲੱਗ ਸਕਦਾ ਹੈ। ਉਧਾਰ-ਸੁਧਾਰ ਦੀ ਤਦ ਹੀ ਲੋੜ ਹੈ ਜੋ ਪਹਿਲਾਂ ਪਤ-ਗਿਰਾਵਟ ਹੋਵੇ। ਆਪ ਨੇ ਦੇਖਿਆ ਕਿ ਸਾਰਾ ਖਜ਼ਾਨਾ ਹੀ ਪਤਨ ਵਿਚ ਹੈ, ਜੋਗੀ ਜਤੀ, ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ ਸਭ ਨਾਮਹੀਣ ਹੋਣ ਕਰਕੇ ਗਿਰਾਵਟ ਵਿਚ ਹਨ:

ਕਾਲੁ ਨਾਹੀ ਜੋਗ ਨਾਹੀ ਨਾਹੀ ਸਤ ਕਾ ਢਬੁ।।
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।।
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।।
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।।
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ।।

ਆਪ ਨੇ ਦੇਖਿਆ ਕਿ ਮਨੁੱਖ ਪਰਮਾਤਮਾ ਨੂੰ ਭੁਲਾ ਚੁੱਕਾ ਹੈ ਜਿਸ ਕਰਕੇ ਰਾਜਾ ਪਰਜਾ ਦੋਵੇਂ ਜ਼ੋਰ ਜ਼ੁਲਮ ਤੇ ਕੂੜ ਵਿਚ ਲੱਗੇ ਹੋਏ ਹਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜ ਅਮਾਵਸੁ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।

ਆਪ ਨੇ ਦੇਖਿਆ ਕਿ ਰਾਜੇ ਸ਼ੀਹ ਹਨ ਅਤੇ ਮੁਕਦਮ ਕੁੱਤੇ ਹਨ, ਪਰਜਾ ਅੰਧੀ ਹੈ ਕਿਉਂਕਿ ਆਪਣੇ ਹੱਕਾਂ ਤੇ ਸੱਚ ਤੋਂ ਗਿਆਨ ਵਿਹੂਣੀ ਹੈ, ਹਰ ਤਰ੍ਹਾਂ ਦੀ ਸਭਿਆਚਾਰਕ, ਧਾਰਮਿਕ ਗਿਰਾਵਟ ਹੈ:

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।।
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ।।
ਜਿਨ ਜੀਵੰਦਿਆ ਪਤਿ ਨਹੀਂ ਮੁਇਆ ਮੰਦੀ ਸੋਇ।।
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ।।
ਰੰਨਾ ਹੋਈਆ ਬੋਧੀਆਂ ਪੁਰਸ ਹੋਏ ਸਈਆਦ।।
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ।।
ਸਰਮੁ ਗਇਆ ਘਰਿ ਆਪਣੈ ਪਤਿ ਉਠ ਚਲੀ ਨਾਲਿ।।
ਨਾਨਕ ਸਚਾ ਏਕੁ ਹੈ ਅਉਰੁ ਨਾ ਸਚਾ ਭਾਲਿ।।

ਆਪ ਨੇ ਬਾਬਰਵਾਣੀ ਵੀ ਦੇਖੀ ਅਤੇ ਆਪਣੇ ਦੇਸ਼ ਦੀ ਜਨਤਾ ਦੀ ਬੇਬਸੀ, ਬੇਪਤੀ ਤੇ ਖ਼ੂਨ ਦੇ ਸੋਹਲੇ ਗਾਏ। ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ ਤੀਕ ਕਹਿ ਦਿੱਤਾ, ਪਰ ਫਿਰ ਦੱਸਿਆ ਕਿ ਦੋਸ਼ ਰੱਬ ਦਾ ਨਹੀਂ ਹੈ ਬੰਦਿਆਂ ਦੀ ਗਿਰਾਵਟ ਦਾ ਹੈ ਜਿਸ ਨੂੰ ਕਰਤਾ ਆਪ ਖੁਆਇ ਖੁਸ ਲਏ ਚੰਗਿਆਈ ਜਦੋਂ ਗਿਰਾਵਟ ਹੁੰਦੀ ਹੈ, ਲੋਕਾਂ ਵਿਚ ਚੰਗਿਆਈ, ਭਗਤੀ, ਇਖਲਾਕ ਨਹੀਂ ਰਹਿੰਦਾ।

**ਰਚਨਾ** : ਆਪ ਨੂੰ ਜੋ ਸ਼ਬਦ, ਬਾਣੀ, ਧੁਰ ਕੀ ਬਾਣੀ ਆਵੇਸ਼ ਦੁਆਰਾ ਸਿਧੀ ਪਾਰਬ੍ਰਹਮ ਪਰਮੇਸ਼ਵਰ ਤੋਂ ਆਈ, ਉਹ ਆਪ ਨੇ ਸਾਂਭੀ। ਉਹ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਆਪ ਦੀ ਰਚਨਾ 16 ਰਾਗਾਂ ਵਿਚ ਹੈ ਤੇ ਪਦੇ, ਅਸ਼ਟਪਦੀਆਂ, ਬਾਣੀਆਂ (ਲੰਮੇਰੀਆਂ) ਛੰਤਾਂ, ਵਾਰਾਂ, (ਸਲੋਕ ਤੇ ਪਉੜੀਆਂ) ਆਦਿ ਕਾਵਿ ਰੂਪਾਂ ਵਿਚ ਹੈ। ਆਪ ਦੀ ਸੰਪੂਰਣ ਬਾਣੀ ਸਿਰੀ, ਮਾਝ, ਗਉੜੀ, ਆਸਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪਰਭਾਤੀ, ਰਾਗਾਂ ਵਿਚ ਹੈ, ਜਪੁ ਕਿਸੇ ਰਾਗ ਵਿਚ ਨਹੀਂ ਹੈ। ਸਲੋਕ ਵੀ ਰਾਗ ਮੁਕਤਿ ਹਨ।

ਇਹ ਰਚਨਾ ਤਿੰਨ ਕਾਲਾਂ ਵਿਚ ਹੋਈ ਬਹੁਤ ਸਲੋਕ ਤੇ ਪਦੇ 1469 ਤੋਂ 1497 ਤੀਕ ਰਚੇ ਗਏ, ਬਹੁਤੀਆਂ ਅਸ਼ਟਪਦੀਆਂ ਤੇ ਪੰਡਿਤ, ਜੋਗੀ, ਕਾਜ਼ੀ ਮੁਲਾਂ ਨੂੰ ਸੰਬੋਧਿਤ ਪਦੇ 1497 ਤੋਂ 1521 ਦੇ ਉਦਾਸੀਆਂ ਦੇ ਸਮੇਂ ਰਚੇ ਗਏ। ਲੰਮੇਰੀਆਂ ਬਾਣੀਆਂ ਤੇ ਛੰਤ ਸਕੇ ਬਾਰਹਮਾਹ ਤੁਖਾਰੀ ਦੇ 1521 ਤੋਂ 1539 ਤੀਕ ਦੇ ਸਮੇਂ ਵਿਚ ਰਚੇ ਗਏ।

**ਵਿਚਾਰਧਾਰਾ** : ਮੂਲ ਮੰਤਰ ਜਿਸ ਦਾ ਪਾਠ ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਹੈ ਤੇ ਕਈ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ ਤੇ ਸਾਰਾ ਗੁਰੂ ਗ੍ਰੰਥ ਜਿਸ ਦੀ ਵਿਆਖਿਆ ਮੰਨਿਆ ਜਾਂਦਾ ਹੈ, ਆਪ ਦੀ ਬੁਨਿਆਦੀ ਰਚਨਾ ਹੈ। ਇਸ ਵਿਚ ਸਿੱਖ ਧਰਮ ਦੇ ਬੁਨਿਆਦੀ ਸਿਧਾਂਤ ਹਨ। ਜਪੁ ਬਾਣੀ ਆਪ ਦੀ ਪ੍ਰਮੁੱਖ ਸ਼ਾਹਕਾਰ ਰਚਨਾ ਹੈ। ਜਿਸ ਦਾ ਕੂੜ ਅਤੇ ਹੁਕਮ ਤੇ ਹਉਮੈ ਨੰ ਪੂਰੀ ਤਰ੍ਹਾਂ ਸਮਝਣਾ ਹੈ ਅਤੇ ਇਸ ਤਰ੍ਹਾਂ ਸੁਰਤ, ਮਤਿ, ਮਨ, ਬੁਧ ਤੇ ਸੁਧ ਨੂੰ ਗੁਰੂ ਭਗਤੀ ਤੋਂ ਮਿਲੀ ਨਾਮਭਗਤੀ ਨਾਲ ਸੁਆਰਨਾ ਹੈ ਤੇ ਸਚਿਆਰ ਬਣ ਕੇ ਨਦਰੀ ਨਦਰਿ ਨਿਹਾਲ ਹੋਣਾ ਹੈ, ਲੋਕ-ਪਰਲੋਕ ਸੰਵਾਰਨਾ ਹੈ, ਪਟੀ (ਰਾਗ ਆਸਾ), ਥਿਤੀ (ਰਾਗ ਬਿਲਾਵਲ), ਓਅੰਕਾਰ (ਰਾਮਕਲੀ), ਸਿਧ ਗੋਸਟਿ (ਰਾਮਕਲੀ) ਤੇ ਬਾਰਹਮਾਹ (ਤੁਖਾਰੀ) ਆਪ ਦੀਆਂ ਹੋਰ ਪ੍ਰਮੁੱਖ ਬਾਣੀਆਂ ਹਨ ਜਿਨ੍ਹਾਂ ਵਿਚ ਕ੍ਰਮਵਾਰ ਪੜ੍ਹਾਈ ਪੰਡਿਤਾਈ ਦਾ ਉਦੇਸ਼: ਬ੍ਰਹਿਮੰਡ ਵਿਕਾਸ, ਪੰਡਿਤਾਈ ਦੇ ਲੱਛਣ, ਗ੍ਰਹਿਮਤ ਵਿਚ ਉਦਾਸ ਰਹਿਣ ਦਾ ਜੋਗ ਆਦਿ ਵਿਸ਼ੇ ਦਰਸਾਏ ਹਨ। ਪਦਿਆਂ ਵਿਚ ਪ੍ਰਭੂਪ੍ਰੇਮ ਦੀ ਤੀਬਰਤਾ ਹੈ, ਭੇਖ, ਪਾਖੰਡ ਦੀ ਨਿੰਦਾ ਹੈ, ਗਿਰਾਵਟ ਦੀ ਆਲੋਚਨਾ ਹੈ। ਅਸ਼ਟਪਦੀਆਂ ਵਿਚ ਨਾਮਸਾਧਨਾਂ ਤੇ ਮਾਰਗ ਦੇ ਸਿਧਾਂਤ ਮੁੜ ਮੁੜ ਦੁਹਰਾਏ ਹਨ। ਛੰਤਾਂ ਵਚ ਬਿਰਹਾ ਦੇ ਦੁੱਖ ਤੇ ਮਿਲਾਪ

ਦੇ ਅਨੰਦ ਦਾ ਬਿਆਨ ਹੈ। ਵਾਰਾਂ ਵਿਚ ਮਨੁੱਖ ਦੇ ਧਰਮ ਦੇ ਵਿਕਾਸ ਦੇ ਪੜਾਉ ਦੱਸੇ ਹਨ, ਵਾਰਾਂ ਦੇ ਸਲੋਕਾਂ ਵਿਚ ਸਮਾਜਕ, ਧਾਰਮਕ, ਰਾਜਸੀ ਅਧੋਗਤੀ ਦੀ ਆਲੋਚਨਾ ਹੈ।

ਬ੍ਰਹਮ, ਜੀਵ, ਜਗਤ, ਗੁਰੂ, ਮਨ, ਨੈਤਿਕਤਾ, ਸਮਾਜ ਬਾਰੇ ਸੂਖਮ ਤੇ ਸਥੂਲ ਸਾਰਾ ਭਾਰਤੀ ਚਿੰਤਨ ਆਪ ਦੀ ਰਚਨਾ ਵਿਚ ਵਿਦਮਾਨ ਹੈ। ਬ੍ਰਾਹਮਣਵਾਦ, ਬੋਧ, ਜੈਨ, ਜੋਗ, ਇਸਲਾਮ ਤੇ ਭਗਤੀ ਲਹਿਰ ਦੇ ਮੁੱਖ ਵਿਚਾਰ ਆਪ ਦੀ ਰਚਨਾ ਵਿਚ ਆਪ ਦੀ ਆਲੋਚਨਾ ਤੇ ਪ੍ਰੋੜਤਾ ਸਾਹਿਤ ਦਰਜ ਹਨ।

**ਸ਼ੈਲੀ :** ਗੁਰੂ ਗ੍ਰੰਥ ਵਿਚ ਗੁਰੂ ਕਵੀ ਦੀ ਨਿਖੜਵੀਂ ਸ਼ੈਲੀ ਹੈ ਪਰ ਗੁਰੂ ਨਾਨਕ ਦੀ ਸ਼ੈਲੀ ਸਭ ਤੋਂ ਵੱਖਰੀ ਹੈ, ਜਿਸ ਵਿਚ ਹਰ ਸਮੇਂ ਵਿਚਾਰਾਂ ਦੀ ਭਰਪੂਰਤਾ, ਵਿਚਾਰਾਂ ਦੀ ਡੂੰਘੀ ਰਮਤ, ਅਦਾਇਗੀ, ਦਾ ਨਾਟਕੀਪਨ, ਪਾਖੰਡ, ਉਪਰ ਗੁੱਝਾ ਹਾਸਾ, ਬੇਬਸੀ ਨਾਲ ਤਰਸ ਭਰੀ ਹਮਦਰਦੀ, ਤੀਖਣ, ਬੁੱਧੀਮਾਨਤਾ, ਰਵਾਨੀ, ਵੇਗ ਤੇ ਗਤੀ ਦਾ ਹੜ੍ਹ, ਜੋਸ਼ ਤੇ ਕਾਹਲ, ਬੇਲਿਹਾਜੀ ਤੇ ਕਰੜਾ ਨਿਆਂ, ਸੋਚਣੀ ਦੀ ਵੈਲਤਾ ਤੇ ਨਿਧੜਕਤਾ ਸਭ ਮਿਲੇ ਹੁੰਦੇ ਹਨ। ਇਤਨੀ ਬਲਵਾਨ ਤੇ ਬਲਧਾਰੀ ਕਵਿਤਾ ਪੰਜਾਬੀ ਸਾਹਿਤ ਦੇ ਸਾਰੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਹੈ। ਹਰ ਪੰਗਤੀ ਪਿਛੋਂ ਆਪ ਦੀ ਸਾਰੀ ਸ਼ਖਸੀਅਤ ਧੜਕਦੀ ਹੈ।

ਇਸ ਰਚਨਾ ਦੀ ਕਲਾਕੋਸ਼ਲਤਾ ਤੀਬਰ ਅਨੁਭਵ ਹੈ। ਪਰ ਇਸ ਕਲਾ ਦਾ ਸਾਰਾ ਸੰਜਮ ਤੇ ਸ਼ਬਤ ਰਾਗਾਂ ਨੇ ਨਿਰਧਾਰਿਤ ਕੀਤਾ ਹੈ। ਆਪ ਦੀ ਸਾਰੀ ਰਚਨਾ ਰਾਗਾਂ ਵਿਚ ਹੈ, ਹਰ ਰਾਗ ਦਾ ਆਪਣਾ ਮੰਡਲ, ਮੌਸਮ, ਗਾਇਨ ਸਮਾਂ ਤੇ ਰਸ ਨਿਸ਼ਚਿਤ ਹੈ, ਇਸ ਲਈ ਕਿਸੇ ਰਾਗ ਵਿਚ ਰਚਨਾ ਕਰਨ ਲਈ ਸ਼ਬਦਾਵਲੀ, ਬਿੰਬਾਵਲੀ, ਵਿਚਾਰ ਪੱਧਰ ਤੇ ਵਿਚਾਰਧਾਰਾ, ਧੁਨੀ ਤੇ ਰਸ ਉਸ ਰਾਗ ਦੀਆਂ ਲੋੜਾਂ ਅਨੁਸਾਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਆਪ ਦੀ ਕਲਾ ਬੜੀ ਕੋਮਲ, ਸੋਹਜ ਤੇ ਸੁਆਦ ਭਰਪੂਰ ਹੋ ਗਈ ਹੈ।

ਗੁਰੂ ਨਾਨਕ ਦੀ ਰਚਨਾ ਵਿਚ ਭਾਰਤੀ ਚਿੰਤਨ (ਦਰਸ਼ਨ), ਧਰਮ, ਸਮਾਜ, ਸਭਿਆਚਾਰ, ਨੈਤਿਕਤਾ ਬਾਰੇ ਸਭ ਕੁਝ ਹੈ; ਸੁਧਾਰ ਤੇ ਪੁਨਰ ਨਿਰਮਾਣ ਦੀ ਪ੍ਰਬਲ ਰੁਚੀ ਹੈ; ਸ਼ਾਇਰ ਹੋਣ ਦਾ ਗੋਰਵ ਵੀ ਹੈ ਤੇ ਇਹ ਸਭ ਕੁਝ ਪੂਰੇ ਬਲ ਤੇ ਰੰਗ ਸਾਹਿਤ ਕਵਿਤਾ ਵਿਚ ਬੰਨ੍ਹਿਆ ਹੈ। ਪਰ ਅਸਲੋਂ ਆਪ ਸ਼ਹੁਪ੍ਰਭੂ ਦੀ ਦਿਵਾਨੇ ਤੇ ਬਉਰਾਨੇ ਹਨ, ਭਗਤ ਹਨ, ਨਾਮ ਦੇ ਭੁੱਖੇ ਹਨ, ਨਾਮ ਦੇ ਪਿਆਸੇ ਹਨ, ਨਾਮ ਲਈ ਜੀਂਦੇ ਹਨ। ਆਪਨੇ ਆਪਣਾ ਭੇਦ ਦੱਸਿਆ ਹੈ :

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।
ਕੋਈ ਆਖੈ ਆਦਮੀ ਨਾਨਕੁ ਵੇਚਾਰਾ।।
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।।
ਹਉ ਹਰਿ ਬਿਨੁ ਅਵਰੁ ਨਾ ਜਾਨਾ।।

**2. ਗੁਰੂ ਅੰਗਦ ਦੇਵ ਜੀ (1504-1552 ਈ.):-** ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰ ਗੱਦੀ ਉਤੇ ਬੈਠਣ ਵਾਲੇ ਆਪ ਦੂਜੇ ਗੁਰੂ ਸਨ। ਗੁਰੂ ਅੰਗਦ ਦੇਵ ਜੀ ਦਾ ਜਨਮ ਪਿੰਡ ਮੱਤੇ ਦੀ ਸਰਾਂ (ਜ਼ਿਲਾ ਫਰੀਦਕੋਟ) ਵਿਚ ਫੇਰੂ ਮੱਲ ਖੱਤਰੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਹੋਇਆ। ਗੁਰਿਆਈ ਪ੍ਰਾਪਤ ਕਰਨ ਤੋਂ ਪਹਿਲਾਂ ਇਨ੍ਹਾਂ ਦਾ ਮੂਲ ਨਾਮ ਲਹਿਣਾ ਸੀ ਅਤੇ ਇਹ ਦੇਵੀ ਦੇ ਉਪਾਸ਼ਕ ਸਨ। ਗੁਰੂ ਅੰਗਦ ਦੇਵ ਜੀ ਦੇ ਕੁੱਲ 63 ਸ਼ਲੋਕ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਬਾਕੀ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਆਉਂਦੇ ਹਨ ਅਤੇ ਕੁਝ 'ਸਲੋਟ ਵਾਰਾਂ ਤੋਂ ਵਧੀਕ" ਵਾਲੇ ਪ੍ਰਕਰਣ ਵਿਚ। ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀ ਮੂਲ ਸੁਰ ਨਿਰਮਾਣਤਾ, ਗੁਰੂ ਮਹਿਮਾ ਅਤੇ ਗੁਰੂ ਭਗਤੀ, ਸ਼ਰਧਾ ਅਤੇ ਪ੍ਰੇਮ ਹੈ। ਕੁਝ ਬਾਣੀ ਸਤਰਾਂ ਉਦਾਹਰਣ ਵਜੋਂ ਇਥੇ ਦਿੱਤੀਆਂ ਜਾਂਦੀਆਂ ਹਨ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

ਨਾਲਿ ਇਆਣੇ ਦੋਸਤੀ ਕਦੇ ਨਾ ਆਵੈ ਰਾਸਿ॥
ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।।

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।।
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।।

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।।
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ।।

ਇਕ ਰਵਾਇਤ ਪ੍ਰਚਲਿਤ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜੇ ਮੋਖੇ ਕੋਲੋਂ ਭਾਈ ਬਾਲੇ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਸੁਣ ਕੇ, ਉਨ੍ਹਾਂ ਦੇ ਆਧਾਰ ਤੇ ਇਕ ਜਨਮਸਾਖੀ ਤਿਆਰ ਕਰਵਾਈ ਜੋ ਭਾਈ ਬਾਲੇ ਵਾਲੀ ਜਨਮਸਾਖੀ ਕਰਕੇ ਪ੍ਰਸਿੱਧ ਹੈ। ਆਪ ਨੇ ਗੁਰਮੁਖੀ ਲਿਪੀ ਨੂੰ ਇਕ ਵਿਗਿਆਨਕ ਤਰਤੀਬ ਦੇ ਕੇ ਇਸ ਨੂੰ ਗੁਰਬਾਣੀ ਲਿਖਣ ਲਈ ਵਰਤੋਂ ਵਿਚ ਲਿਆਂਦਾ ਅਤੇ ਇਸਦੀ ਪੜ੍ਹਾਈ ਲਿਖਾਈ ਲਈ ਉਚੇਚੇ ਯਤਨ ਕੀਤੇ।

**3. ਗੁਰੂ ਅਮਰਦਾਸ (1479-1574 ਈ.):-** ਗੁਰੂ ਅਮਰਦਾਸ ਜੀ ਤੀਜੇ ਸਿੱਖ ਗੁਰੂ ਸਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਬਾਸਰਕੇ ਵਿਚ ਪਿਤਾ ਤੇਜਭਾਨ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਹੋਇਆ। ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲੋਂ ਆਪ ਵੈਸ਼ਨੋ ਮੌਤ ਦੇ ਅਨੁਯਾਈ ਸਨ। ਆਪਣੀ ਬਾਣੀ ਰਚਣ ਤੋਂ ਇਲਾਵਾ ਇਨ੍ਹਾਂ ਦੇ ਦੋ ਹੋਰ ਬੜੇ ਮਹੱਤਵਪੂਰਨ ਕੰਮ ਹਨ। ਸਿੱਖ ਲਹਿਰ ਦੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਇਸਦਾ ਸੰਚਾਲਨ ਸੁਚਾਰੂ ਢੰਗ ਨਾਲ ਕਰਨ ਲਈ ਆਪ ਨੇ ਸਾਰੇ ਸਿੱਖ ਜਗਤ ਨੂੰ ਬਾਈ ਖੇਤਰਾਂ ਵਿਚ ਵੰਡ ਦਿੱਤਾ ਅਤੇ ਉਨਾਂ ਦੀ ਨਿਗਰਾਨੀ ਜਾਂ ਸੇਵਾ ਸੰਭਾਲ ਲਈ ਆਪਣੇ ਭਰੋਸੇ ਦੇ ਬੰਦਿਆਂ ਨੂੰ ਨਿਯੁਕਤ ਕੀਤਾ। ਸਿੱਖ ਇਤਿਹਾਸ ਵਿਚ ਇਹ ਕਰਮ ਬਾਈ ਮੰਜੀਆਂ ਦੇ ਨਾਂ ਨਾਲ ਪ੍ਰਸਿੱਧ ਹੈ। ਦੂਜਾ ਮਹੱਤਵਯੋਗ ਕੰਮ ਪੂਰਬਕਾਲੀ ਅਤੇ ਆਪਣੀ ਬਾਣੀ ਨੂੰ ਰਲਿਆਂ ਤੋਂ ਨਿਖੇੜਨ ਲਈ ਇਸ ਦਾ ਸੰਕਲਨ ਕਰਨਾ ਹੈ। ਬਾਣੀ ਪਰੰਪਰਾ ਵਿਚ ਕੱਚੀ ਬਾਣੀ ਦਾ ਵਿਚਾਰ ਗੁਰੂ ਅਮਰਦਾਸ ਜੀ ਦੇ ਵੇਲੇ ਹੀ ਉੱਠਿਆ। ਇਸ ਕੰਮ ਦਾ ਨਿਗਰਾਨ ਉਨ੍ਹਾਂ ਆਪਣੇ ਪੋਤਰੇ ਸਹੰਸਰ ਰਾਮ ਨੂੰ ਬਣਾਇਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਤਿਆਰੀ ਵੇਲੇ ਇਸ ਸੰਕਲਿਤ ਬਾਣੀ ਤੋਂ ਸਹਾਇਤਾ ਲਈ। ਗੁਰੂ ਅਮਰਦਾਸ ਜੀ ਨੇ ਸਮਾਜਕ ਕੁਰੀਤੀਆਂ ਦੇ ਸੁਧਾਰ ਵੱਲ ਉਚੇਚਾ ਧਿਆਨ ਦਿੱਤਾ। ਜਾਤ-ਪਾਤ ਦਾ ਖੰਡਨ ਤਾਂ ਗੁਰੂ ਨਾਨਕ ਦੇਵ ਜੀ ਨੇ ਵੀ ਕੀਤਾ ਸੀ, ਪਰ ਗੁਰੂ ਅਮਰਦਾਸ ਜੀ ਨੇ ਇਸ ਭਾਵ ਨੂੰ ਦਿਤ ਕਰਨ ਲਈ ਪੰਗਤ ਵਿਚ ਬੈਠ ਕੇ ਲਗਰ ਛਕਣ ਦੀ ਪਰੰਪਰਾ ਤੋਰੀ। ਰਵਾਇਤ ਹੈ ਕਿ ਜਦ ਗੋਇੰਦਵਾਲ ਵਿਖੇ ਅਕਬਰ ਬਾਦਸ਼ਾਹ ਗੁਰੂ-ਦਰਸ਼ਨ ਲਈ ਆਇਆ ਤਾਂ ਉਸਨੂੰ ਵੀ ਉਦੋਂ ਦਰਸ਼ਨ ਨਸੀਬ ਹੋਇਆ। ਜਦੋਂ ਉਸਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

ਗੁਰੂ ਅਮਰਦਾਸ ਜੀ ਦੀ ਰਚੀ ਹੋਈ ਬਾਣੀ 18 ਰਾਗਾਂ ਵਿਚ ਮਿਲਦੀ ਹੈ। ਜਿਸ ਵਿੱਚੋਂ ਪ੍ਰਮੁੱਖ ਰਚਨਾਵਾਂ ਹਨ - ਆਨੰਦ, ਪੱਟੀ, ਅਲਾਹੁਣੀਆਂ, ਵਾਰ ਸਤ ਅਤੇ ਚਾਰ ਵਾਰਾਂ। ਇਸ ਤੋਂ ਬਿਨਾਂ ਚੌਪਦੇ, ਅਸ਼ਟਪਦੀਆਂ, ਸੋਹਲੇ ਅਤੇ ਛੰਤ ਵੀ ਹਨ। ਆਨੰਦ ਸਾਹਿਬ ਆਪ ਦੀ ਸੇਸ਼ਟ ਅਤੇ ਪ੍ਰਤੀਨਿਧ ਰਚਨਾ ਹੈ। ਸਿੱਖ ਧਰਮ ਦੇ ਸਾਰੇ ਧਾਰਮਿਕ ਕਾਰਜਾਂ ਦੇ ਅਨੁਸ਼ਠਾਨਾਂ ਵਿਚ ਇਸ ਬਾਣੀ ਦਾ ਕੀਰਤਨ ਜਾਂ ਪਾਠ ਕੀਤਾ ਜਾਂਦਾ ਹੈ। ਭਾਵੇਂ ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਦਾ ਮੂਲ ਆਧਾਰ ਗੁਰੂ ਨਾਨਕ ਦੀ ਅਧਿਆਤਮਿਕ ਵਿਚਾਰਧਾਰਾ ਹੈ ਜੋ ਆਪ ਨੂੰ ਵਿਰਸੇ ਵਿਚ ਪ੍ਰਾਪਤ ਹੋਈ, ਪਰ ਇਨ੍ਹਾਂ ਦੀ ਬਾਣੀ ਵਿਚ ਗੁਰੂ/ਸਤਿਗੁਰੂ ਅਤੇ ਸੇਵਾ ਦੀਆਂ ਥੀਮਿਕ ਇਕਾਈਆਂ ਨੂੰ ਪ੍ਰਮੁੱਖਤਾ ਹਾਸਲ ਹੈ। ਇਸਦਾ ਸ਼ਾਇਦ ਇਕ ਕਾਰਣ ਇਹ ਸੀ ਕਿ ਉਨ੍ਹਾਂ ਦਾ ਆਪਣਾ ਸਾਰਾ ਜੀਵਨ ਹੀ ਸੇਵਾਮਈ ਸੀ ਅਤੇ ਅਧਿਆਤਮਕ ਵਿਕਾਸ ਉਤੇ ਚੱਲਣ ਲਈ ਉਹ ਇਸਦੇ ਮਹੱਤਵ ਤੋਂ ਨਿੱਜੀ ਪੱਧਰ ਤੇ ਭਲੀ ਭਾਂਤ ਜਾਣੂ ਸਨ। ਸਾਧਨਾ ਮਾਰਗ ਵਿਚ ਸੇਵਾ ਦਾ ਮਹੱਤਵ ਇਸ ਲਈ ਬਹੁਤ ਵਧੇਰੇ ਹੈ ਕਿਉਂਕਿ ਇਹ ਹੰਕਾਰ ਦਾ ਨਾਸ ਕਰਦਾ ਹੈ। ਗੁਰੂ ਅਮਰਦਾਸ ਜੀ ਵੇਲੇ ਇਸਤ੍ਰੀਆਂ ਦਾ ਆਪਣੇ ਪਤੀ ਦੀ ਮੌਤ ਉਪਰ ਉਸ ਨਾਲ ਹੀ ਸੜਨ ਮਰਨ ਦਾ ਰਿਵਾਜ ਸੀ ਜਿਸ ਨੂੰ ਸਤੀ ਦੀ ਰਸਮ ਕਿਹਾ ਜਾਂਦਾ ਸੀ। ਗੁਰੂ ਨਾਨਕ ਦਾ ਦਰ ਘਰ ਇਸਤ੍ਰੀ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੈ, ਇਸ ਲਈ ਗੁਰੂ ਅਮਰਦਾਸ ਜੀ ਨੇ ਇਸਤਰੀ ਕਲਿਆਣ ਹਿਤ ਇਸ ਰਸਮ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਸਤੀ ਨੂੰ ਮੁੜ ਪਰਿਭਾਸ਼ਤ ਕਰਦਿਆਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਚਿਤਾ ਉਤੇ ਸੜ ਮਰੇ, ਸਗੋਂ ਅਸਲੀ ਸਤੀ ਉਹ ਹੈ ਜੋ ਉਸਦੀ ਯਾਦ ਵਿਚ ਸੰਤੋਖ ਧਾਰਣ ਕਰੇ ਅਤੇ ਆਪਣੇ ਪਰਿਵਾਰ ਦੇ ਉਥਾਨ ਵਿਚ ਉਸਦੀ ਸਹਾਇਤਾ ਕਰੇ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਾਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟਿ ਮਰੰਨਿ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲਨਿ॥

ਇਹੁ ਤਨੁ ਸਭੋ ਰਤੁ ਹੈ ਰਤ ਬਿਨੁ ਤਨੁ ਨ ਹੋਇ॥
ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ॥

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਗੁਰੂ ਅਮਰਦਾਸ ਜੀ ਦੀ ਬਾਣੀ ਗੁਰਮਤਿ ਕਾਵਿਧਾਰਾ ਪਰੰਪਰਾ ਦੇ ਸਥਾਪਿਤ ਹੋ ਚੁੱਕੇ ਕਾਵਿਧਾਰਾ ਮਾਡਲਾਂ ਉਪਰ ਹੀ ਆਧਾਰਿਤ ਹੈ।

**4. ਗੁਰੂ ਰਾਮਦਾਸ (1534-1581 ਈ.) :-** ਗੁਰੂ ਰਾਮਦਾਸ ਜੀ ਸਿੱਖ ਗੁਰੂ-ਪਰੰਪਰਾ ਵਿਚ ਚੌਥੇ ਗੱਦੀਦਾਰ ਹਨ। ਇਨ੍ਹਾਂ ਦਾ ਜਨਮ ਸੋਢੀ ਹਰਿਦਾਸ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਲਾਹੌਰ ਵਿਚ ਚੂਨਾ ਮੰਡੀ ਇਲਾਕੇ ਵਿਚ ਹੋਇਆ। ਇਨ੍ਹਾਂ ਦਾ ਪਹਿਲਾ ਨਾਂ ਭਾਈ ਜੇਠਾ ਸੀ। ਆਪ ਦੀ ਅਦੁੱਤੀ ਸੇਵਾ, ਨਿਮਰਤਾ ਅਤੇ ਧਾਰਮਿਕ ਸਾਧਨਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਇਨ੍ਹਾਂ ਨਾਲ ਕਰ ਦਿੱਤੀ। ਗੁਰੂ ਰਾਮਦਾਸ ਜੀ ਦੇ ਜੀਵਨ ਕਾਲ ਦੀ ਸਭ ਤੋਂ ਪ੍ਰਮੁੱਖ ਘਟਨਾ ਅੰਮ੍ਰਿਤਸਰ ਸ਼ਹਿਰ ਵਸਾਉਣਾ ਹੈ। ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਆਪ ਨੇ ਕੁਝ ਪਿੰਡਾਂ ਦੀ ਜ਼ਮੀਨ ਖਰੀਦ ਕੇ 1574 ਈ. ਵਿਚ ਇਕ ਬਸਤੀ ਕਾਇਮ ਕੀਤੀ ਜਿਸਨੂੰ ਗੁਰੂ ਕਾ ਚੱਕ ਕਿਹਾ ਜਾਣ ਲੱਗਿਆ। ਇਥੇ ਹੀ ਇਕ ਸਰੋਵਰ ਬਣਵਾਇਆ। ਗੁਰੂ ਕਾ ਚੱਕ ਤੋਂ ਇਹ ਬਸਤੀ ਰਾਮਦਾਸਪੁਰ ਅਤੇ ਫਿਰ ਅੰਮ੍ਰਿਤਸਰ ਕਹਾਉਣ ਲਗੀ। ਹਰਿਮੰਦਰ ਸਾਹਿਬ, ਸਰੋਵਰ ਅਤੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਕਰਨ ਕਰਕੇ ਇਹ ਸ਼ਹਿਰ ਸਿੱਖ ਜਗਤ ਵਿਚ ਇਕ ਮਹਾਨ ਤੀਰਥ ਵਜੋਂ ਪ੍ਰਸਿੱਧ ਹੋਇਆ। ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਾਪਤ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਰਚੀ। ਇਸ ਬਾਣੀ ਵਿਚ ਚੌਪਦੇ, ਅਸਟਪਦੀਆਂ, ਛੰਤ, ਸੋਹਲੇ, ਸਲੋਕ, ਪਹਰੇ, ਵਣਜਾਰੇ ਅਤੇ ਕਰਹਲੇ ਤੋਂ ਬਿਨਾਂ ਅੱਠ ਵਾਰਾਂ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਆਂ ਵਾਰਾਂ ਵਿਚੋਂ ਅੱਠ ਕੇਵਲ ਗੁਰੂ ਰਾਮਦਾਸ ਜੀ ਦੀਆਂ ਹੀ ਹਨ।

ਗੁਰੂ ਰਾਮਦਾਸ ਜੀ ਦੇ ਅਧਿਆਤਮਕ ਵਿਚਾਰਾਂ ਦਾ ਮੂਲ ਧੁਰਾ ਗੁਰੂ ਨਾਨਕ ਦਰਸ਼ਨ ਹੀ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਇਕ ਅਤੇ ਕੇਵਲ ਇਕ ਹੋਣ ਦੀ ਗੱਲ ਕੀਤੀ ਹੈ ਤਾਂ ਗੁਰੂ ਰਾਮਦਾਸ ਜੀ ਵੀ ਇਸ ਤਰ੍ਹਾਂ ਫੁਰਮਾਉਂਦੇ ਹਨ :

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ।।੫।।
ਤੂੰ ਜੁਗ ਜੁਗ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥

ਗੁਰੂ ਰਾਮਦਾਸ ਜੀ ਨੇ ਸਮਾਜ ਦੇ ਵਿਕਾਸ ਵਿਚ ਸੇਵਾ ਦੀ ਅਹਿਮੀਅਤ ਨੂੰ ਕਈ ਥਾਈਂ ਉਜਾਗਰ ਕੀਤਾ ਹੈ। ਗੁਰੂ ਅਮਰਦਾਸ ਜੀ ਆਪ ਕਿਉਂਕਿ ਸੇਵਾ ਦੇ ਪੁੰਜ ਸਨ, ਇਸ ਲਈ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਵਿਚਲੇ ਇਸ ਗੁਣ ਨੂੰ ਵੇਖ ਕੇ ਨ ਕੇਵਲ ਉਨ੍ਹਾਂ ਨੂੰ ਆਪਣਾ ਜਵਾਈ ਸਵੀਕਾਰ ਕੀਤਾ ਸਗੋਂ ਆਪਣਾ ਉੱਤਰਾਧਿਕਾਰੀ ਵੀ ਥਾਪਿਆ। ਸੇਵਾ ਦੇ ਅਧਿਆਤਮਕ ਅਤੇ ਸਮਾਜਕ ਦੋ ਅਜੇਹੇ ਪੱਖ ਹਨ ਜੋ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਕ ਕਲਿਆਣ ਦੇ ਜ਼ਾਮਨ ਹਨ। ਸੇਵਾ ਸਾਧਕ ਨੂੰ ਆਵਾਗਉਣ ਤੋਂ ਵੀ ਛੁਟਕਾਰਾ ਦਿਵਾਉਂਦੀ ਹੈ :

ਵਿਚਿ ਹਉਮੈ ਸੇਵਾ ਥਾਇ ਨ ਪਾਏ।।
ਜਨਮਿ ਮਰੈ ਫਿਰਿ ਆਵੈ ਜਾਏ।।
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ।।

ਗੁਰੂ ਰਾਮਦਾਸ ਜੀ ਦੀ ਬਾਣੀ ਦਾ ਆਧਾਰ ਵੀ ਬੇਸ਼ੱਕ ਗੁਰਮਤਿ ਕਾਵਿਧਾਰਾ ਪਰੰਪਰਾ ਦੀਆਂ ਕਾਵਿਧਾਰਾ-ਰੂੜੀਆਂ ਹੀ ਹਨ, ਪਰ ਕਿਧਰੇ ਕਿਧਰੇ ਮਾਤਰਾ ਜਾਂ ਗੁਣਾਂ ਕਰਕੇ ਫਰਕ ਵੀ ਹੈ। ਤੀਹਾਂ ਰਾਗਾਂ ਵਿਚ ਰਚੀ ਗਈ ਉਨ੍ਹਾਂ ਦੀ ਬਾਣੀ ਵਿਚ ਰਾਗਬੱਧਤਾ ਤਾਂ ਹੈ ਹੀ, ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਉਨ੍ਹਾਂ ਬਾਕੀ ਗੁਰੂ ਸਾਹਿਬਾਨ ਨਾਲੋਂ ਜ਼ਿਆਦਾ ਕੀਤਾ ਹੈ। ਪਹਰੇ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ ਆਦਿ ਦੀ ਵਰਤੋਂ ਕਰਕੇ ਲੋਕ ਦਾ ਪਰਲੋਕ ਨਾਲ ਨਾਤਾ ਜੋੜਿਆ ਹੈ। ਗੁਰੂ ਰਾਮਦਾਸ ਜੀ ਨੇ ਕਈ ਥਾਵਾਂ ਤੇ ਸ਼ਬਦਾਂ ਦੇ ਦੁਹਰਾਉ ਨਾਲ ਅਜੇਹੀ ਲੈਅ ਪੈਦਾ ਕੀਤੀ ਹੈ ਕਿ ਸਾਰਾ ਪਦ ਹੀ ਇਕ ਲੈਆਤਮਕ ਇਕਾਈ ਬਣ ਨਿਬੜਦਾ ਹੈ। ਕਿਧਰੇ ਕਿਧਰੇ ਇਕ ਹੀ ਧੁਨੀ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਦੀ ਜੜਤ ਅਜੇਹੇ ਢੰਗ ਨਾਲ ਕੀਤੀ ਹਈ ਹੈ ਕਿ ਉਥੇ ਅਨੁਪਾਸ ਅਲੰਕਾਰ ਦੀ ਸਿਰਜਣਾ ਹੋਣ ਦੇ ਨਾਲ ਉਹ ਸਤਰ ਮੁਜੱਸਮ ਸੰਗੀਤ ਹੀ ਬਣ ਗਈ ਹੈ, ਜਿਵੇਂ:

ਤੂ ਸਚਾ ਸਾਹਿਬੁ ਸਚੁ ਹੈ ਸਚ ਸਚਾ ਗੋਸਾਈ।।

**5. ਗੁਰੂ ਅਰਜਨ ਦੇਵ (1563-1606)** :- ਗੁਰੂ ਅਰਜਨ, ਗੁਰੂ ਨਾਨਕ ਦੇ ਆਤਮਿਕ ਤਖਤ ਤੇ ਬੈਠਾ ਗੁਰੂ ਨਾਨਕ ਦਾ ਉਹ ਰੂਪ ਹੈ ਜੋ ਕੋਮਲਤਾ, ਦਇਆ, ਸੰਤੋਖ, ਸਬਰ, ਸ਼ੁਕਰ, ਭਾਣੇ ਦੀ ਸਾਖਿਅਤ ਮੂਰਤ ਹਨ ਅਤੇ ਜੋ ਮਨੁਖਤਾ ਲਈ ਸਦਾ ਸੁਖ, ਉਤਸ਼ਾਹ, ਪਿਆਰ, ਹਮਦਰਦੀ ਦਾ ਸੁਨੇਹਾ ਦਿੰਦਾ ਹੈ ਤੇ ਜਿਸ ਨੂੰ ਕਿਸੇ ਨਾਲ ਤਾਤ (ਈਰਖਾ) ਨਹੀਂ, ਕਿਸੇ ਨਾਲ ਬੇਗਾਨਗੀ ਨਹੀਂ ਹੈ। ਜਿਸ ਦਾ ਆਪਣੇ ਬਾਰੇ ਪੂਰਨ ਸਚ ਇਹ ਹੈ :

**ਬਿਸਰਿ ਗਈ ਸਭਿ ਤਾਤ ਪਰਾਈ।।**

ਗੁਰੂ ਅਰਜਨ ਦੇਵ ਜੀ ਦਾ ਜਨਮ ਸੰਨ 1563 ਵਿਚ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਦੀ ਪ੍ਰਤੀਭਾ ਦਾ ਵਿਕਾਸ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰ ਢਢੋਲਿ ਦੁਆਰਾ ਹੋਇਆ। ਆਪ ਦੀ ਪ੍ਰਤੀਭਾ ਦਾ ਵਿਕਾਸ ਗੁਰੂਬਾਣੀ ਦੇ ਡੂੰਘੇ ਚਿੰਤਨ ਪਿਉ

ਦਾਦੇ ਦਾ ਖੋਲ ਡਿਠਾ ਖਜ਼ਾਨਾ ਕਰਕੇ ਹੋਇਆ। ਆਪ ਦੀ ਸਖਸ਼ੀਅਤ, ਕੋਮਲਤਾ ਤੇ ਨਾਗਰਤਾ, ਸਭਿਅਤਾ ਤੇ ਸਭਿਆਚਾਰ ਦਾ ਆਦਰੈਕ ਨਮੂਨਾ ਸੀ-ਇਹ ਆਪ ਦੀ ਵੈਾਲ ਰਚਨਾ ਦੇ ਅਖਰ ਅਖਰ ਵਿਚੋਂ ਪ੍ਰਤਖ ਹੈ।

**ਰਚਨਾ :** ਗੁਰੂ ਗ੍ਰੰਥ ਸਾਹਿਬ ਜੀ ਵਿਚ 36 ਮਹਾਂਪੁਰਖਾਂ, ਗੁਰੂਆਂ, ਭੱਟਾਂ ਦੀ ਰਚਨਾ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ ਜੀਦਾ 5/8 ਹਿੱਸਾ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ, ਭਾਵ ਅਠਾਂ ਵਿਚੋਂ ਪੰਜ ਭਾਗ ਆਪ ਦੀ ਰਚਨਾ ਹੈ, ਤੇ ਬਾਕੀ ਤਿੰਨ ਹਿੱਸੇ ਬਾਕੀ 35 ਭਗਤਾਂ, ਗੁਰੂਆਂ ਦੇ ਹਨ। ਆਪ ਦੀ ਰਚਨਾ ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੌਂਡ, ਰਾਮਕਲੀ, ਨਟ, ਨਾਰਾਇਣ, ਮਾਲੀ ਗਾਉੜਾ, ਮਾਰੂ ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਂਤੀ, ਰਾਗਾਂ ਵਿਚ ਹੈ। ਆਪ ਨੇ ਪਦੇ, ਅਸ਼ਟਪਦੀ, ਛੰਤ, ਸਲੋਕ, ਪਉੜੀਆਂ ਤੋਂ ਛੁਟ ਪਹਰੇ, ਬਾਰਹਮਾਹ, ਦਿਨਰੈਨ, ਬਾਵਨ ਅਖਰੀ, ਥਿਤੀ, ਬਿਰਹੜੇ, ਗੁਣਵੰਤੀ, ਰੁਤੀ, ਅੰਜੁਲੀ, ਸੋਹਲੇ, ਗਾਥਾ, ਫੁਲਹੇ, ਚਉਬੋਲੇ, ਸਵੱਈਏ, ਮੁੰਦਾਵਣੀ ਦੇ ਕਾਵਿਧਾਰਾ-ਰੂਪ ਵਰਤੇ ਹਨ। ਪਰ ਆਪ ਦੀ ਸ਼ਾਹਕਾਰੀ ਰਚਨਾ 'ਸੁਖਮਨੀ' ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਉਤਕ੍ਰਿਸ਼ਟ ਰਚਨਾ 'ਜਪੁ' ਹੈ। ਸੁਖਮਨੀ ਦੀਆਂ 24 ਅਸ਼ਟਪਦੀਆਂ ਹਨ, ਹਰ ਅਸ਼ਟਪਦੀ ਵਿਚ 8 ਪਉੜੀਆਂ ਹਨ ਤੇ ਹਰ ਪਾਉੜੀ ਵਿਚ 10 ਸਤਰਾਂ ਹਨ, ਹਰ ਅਸ਼ਟਪਦੀ ਦੇ ਆਰੰਭ ਵਿਚ ਸਲੋਕ ਹੈ ਜੋ ਦੋ ਸਤਰਾਂ ਦਾ ਹੈ।

**ਵਿਚਾਰਧਾਰਾ :** ਜੋ ਵਿਚਾਰਧਾਰਾ ਗੁਰੂ ਨਾਨਕ ਦੇਵ ਜੀ ਦੀ ਹੈ, ਉਹੋ ਗੁਰੂ ਅਰਜਨ ਦੇਵ ਜੀ ਦੀ ਹੈ। ਦਾਰਸ਼ਨਿਕ ਤੌਰ ਤੇ ਆਪ ਦੇ ਵਿਸ਼ੇ ਬ੍ਰਹਮ, ਜੀਵਾਤਮਾ, ਮਾਇਆ ਜਾਂ ਜਗਤ-ਰਚਨਾ ਹਨ, ਧਾਰਮਿਕ ਤੌਰ ਤੇ ਆਪ ਦਾ ਬਲ ਨਾਮ ਸਿਮਰਨ ਤੇ ਗੁਰੂ ਸੇਵਾ ਤੇ ਹੈ। ਆਪ ਨੇ ਮਨੁੱਖੀ ਮਨ ਦੀ ਹਰ ਨੁਕਰ ਨੂੰ ਜਾਣਿਆ-ਸਮਝਿਆ ਹੈ ਅਤੇ ਮਨੁੱਖੀ ਸਮਾਜ ਦੇ ਹਰ ਪੱਖ ਬਾਰੇ ਵਿਚਾਰ ਅੰਕਤ ਕੀਤੇ ਹਨ। ਸੁਖਮਨੀ ਵਿਚ ਵੀ ਇਹ ਸਭ ਕੁੱਝ ਵਿਦਮਾਨ ਹੈ। ਸੁੱਖ ਦਾ ਆਧਾਰ ਬ੍ਰਹਮ ਹੈ ਜੋ ''ਸਰਗੁਨ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ।। ਆਪਨ ਦੀਆਂ ਨਾਕਾ ਆਪੇ ਹੀ ਵਿਰਿ ਜਾਪਿ'' ਹੈ, ਜੋ ''ਅਗਮ ਅਗਾਧਿ ਪਾਰਬ੍ਰਹਮ ਸੋਇ'' ਹੈ ਪਰ ਸਾਧ ਦੇ ਰੂਪ ਵਿਚ ਪ੍ਰਤੱਖ ਵੀ ਹੈ ਜੋ ''ਕਰਣ ਕਾਰਣ ਪ੍ਰਭੂ ਏਕ ਹੈ ਦੂਸਰ ਨਾਹੀ ਕੋਇ।। ਨਾਨਕ ਤਿਸੁ ਬਲਿਹਾਰਣੇ ਜਲਿ ਬਲਿ ਮਹੀਅਲਿ ਸੋਇ'' ਹੈ। ਉਸ ਦੇ ਹੁਕਮ ਵਿਚ ਸਾਰੀ ਰਚਨਾ ਹੁੰਦੀ ਹੈ :

ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ।।
ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ।।

ਉਸ ਦੇ ਭਾਣੇ ਵਿਚ ਸਭ ਕੁਝ ਵਰਤਦਾ ਹੈ:

ਪ੍ਰਭ ਭਾਵੈ ਮਾਨਵ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ।।
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ, ਪ੍ਰਭ ਭਾਵੈ ਤਾ ਹਰਿ ਗੁਣ ਭਾਖੈ।।

ਐਸੇ ਪਰਮਾਤਮਾ ਦੀ ਰਚਨਾ ਵੀ ਬੇਅੰਤ ਹੈ- 'ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ'। ਇਸ ਰਚਨਾ ਵਿਚ ਹਨ :

ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ।।
ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥
ਕਈ ਕੋਟਿ ਪਵਣ ਪਾਣੀ ਬੈਸੰਤਰ।। ਕਈ ਕੋਟਿ ਦੇਸ ਭੂ ਮੰਡਲ।।

ਮਨੁੱਖ ਇਸ ਰਚਨਾ ਦਾ ਸ਼ਰੋਮਣੀ ਹੈ। ਮਨੁੱਖ ਨੂੰ ਗੁਰੂ ਰਸਤਾ ਦਿਖਾਉਣ ਵਾਲਾ ਹੈ ਕਿਉਂਕਿ ਉਸ ਨੇ ''ਸਤਿ ਪੁਰਖੁ ਜਿਨਿ ਜਾਨਿਆ'' ਹੈ। ਸਤਿਗੁਰੂ ਸਿਖ ਲਈ ਕੀ ਕਰਦਾ ਹੈ :

ਸਤਿਗੁਰੁ ਸਿਖ ਕੀ ਕਰੈ ਪ੍ਰਤੀਪਾਲ।। ਸੇਵਕ ਕਉ ਗੁਰੁ ਸਦਾ ਦਇਆਲ।।
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।। ਗੁਰ ਬਚਨੀ ਹਰਿ ਨਾਮ ਉਚਰੈ।।

ਸਤਿਗੁਰੂ ਨਾਮ ਦਾ ਸਿਮਰਨ ਦਿੰਦਾ ਹੈ ਜੋ ਮਨੁੱਖ ਨੂੰ ਪੂਰਣਤਾ ਤੀਕ ਲੈ ਜਾਂਦਾ ਹੈ :

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ।। ਪ੍ਰਭ ਕੇ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ।।
ਪ੍ਰਭ ਕੇ ਸਿਮਰਨਿ ਜਪ ਤਪ ਪੂਜਾ।। ਪ੍ਰਭ ਕੇ ਸਿਮਰਨਿ ਬਿਨਸੈ ਦੂਜਾ।।
ਪ੍ਰਭ ਕੇ ਸਿਮਰਨਿ ਤੀਰਥ ਇਸਨਾਨੀ। ਪ੍ਰਭ ਕੈ ਸਿਮਰਨਿ ਦਰਗਹ ਮਾਨੀ।।

ਨਾਮ ਦਾ ਸਿਮਰਨ ਇਤਨੇ ਫਲ ਦਿੰਦਾ ਹੈ :

ਖੇਮ ਸਾਂਤਿ ਰਿਧਿ ਨਵ ਨਿਧਿ।। ਬੁਧਿ ਗਿਆਨੁ ਸਰਬ ਤਹ ਸਿਧਿ।।
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ।। ਗਿਆਨੁ ਸ੍ਰੇਸ਼ਟ ਉਤਮ ਇਸਨਾਨੁ।।
ਚਾਰ ਪਦਾਰਥ ਕਮਲ ਪ੍ਰਗਾਸ।। ਸਭ ਕੇ ਮਧਿ ਸਗਲ ਤੇ ਉਦਾਸ।।
ਸੁੰਦਰੁ ਚਤੁਰੁ ਤਤ ਕਾ ਬੇਤਾ।। ਸਮਦਰਸੀ ਏਕ ਦ੍ਰਿਸਟੇਤਾ।।
ਇਹ ਫਲ ਤਿਸੁ ਜਨ ਕੈ ਮੁਖਿ ਭਨੇ।। ਗੁਰ ਨਾਨਕ ਨਾਮ ਬਚਨ ਮਨਿ ਸੁਨੇ।।

ਆਪ ਦੀ ਭਾਵਨਾ ਇੱਕੋ ਹੈ ਤੇ ਉਹ ਇਕ ਇਹ ਹੈ ਕਿ ਮਨੁੱਖ ਭਾਵੇਂ ਪਾਪੀ ਹੈ, ਬੇਬਸ ਹੈ; ਉਸ ਤੇ ਪਰਮਾਤਮਾ ਦੀ ਐਸੀ ਕਿਰਪਾ ਹੋਵੇ ਕਿ ਉਹ ਪਵਿੱਤਰ ਪਾਵਨ ਵੀ ਹੋ ਜਾਵੇ ਤੇ ਸਾਰੀਆਂ ਬਖਸ਼ਿਸ਼ਾਂ, ਧਰਮ, ਅਰਥ, ਕਾਮ, ਮੋਖ, ਉਸ ਨੂੰ ਪ੍ਰਭੂ ਕਿਰਪਾ ਵਜੋਂ ਪ੍ਰਾਪਤ ਹੋ ਜਾਣ। ਗੁਰੂ ਅਰਜਨ ਦੇਵ ਜੀ ਦੀ ਲੋਚਾ ਇਹੋ ਹੈ ਕਿ ਮਨੁੱਖ ਦੀ ਝੋਲੀ ਸਾਰੀਆਂ ਬਖ਼ੀਸ਼ਾਂ ਪੈ ਜਾਣ ਤੇ ਉਹ ਖੁਸ਼ਹਾਲ ਹੋਵੇ, ਉਸ ਦਾ ਹਲਤ ਤੇ ਪਲਤ ਸਉਰ ਜਾਵੇ।

ਆਪ ਦੀ ਇਕ ਲੋਚਾ ਹੋਰ ਹੈ ਤੇ ਉਹ ਹੈ ਮਨੁੱਖੀ ਜੀਵਨ ਵਿਚ ਹਰ ਤਰ੍ਹਾਂ ਦੀ ਰੜਕ ਹਟ ਜਾਵੇ, ਕੋਈ ਈਰਖਾ, ਸਾੜਾ ਦਵੈਖ ਨਾ ਹੋਵੇ ਅਤੇ ਹਰ ਪਾਸੇ ਗਿਆਨ, ਪ੍ਰੇਮ, ਸ਼ਾਂਤੀ, ਸਖ ਦਾ ਰਾਜ ਹੋਵੇ।

ਆਪ ਨੇ ਆਪਣੀ ਇਸ ਲੋਚਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਬਿਸਰਿ ਗਈ ਸਭ ਤਾਤਿ ਪਰਾਈ।। ਜਬ ਤੇ ਸਾਧਸੰਗਤਿ ਮੋਹਿ ਪਾਈ।।
ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਹਮ ਕਉ ਬਨਿ ਆਈ।।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ।।
ਸਭ ਮਹਿ ਰਵਿ ਰਹਿਆ ਪ੍ਰਭੂ ਏਕੈ ਪੇਖਿ ਪੇਖਿ ਨਾਨਕ ਬਿਗਸਾਈ।।

**ਸ਼ੈਲੀ :** ਗੁਰੂ ਅਰਜਨ ਜੀ ਦਾ ਕਾਵਿਧਾਰਾ ਸਿਧਾਂਤ ਇਹ ਹੈ ਕਿ "ਜਿਉ ਮੰਦਰ ਕਉ ਥਾਮੈ ਥੰਮਨ ਤਿਉ ਗੁਰ ਕਾ ਸਬਦੁ ਮਲਹਿ ਅਸਥੰਮਨੁ" - ਸ਼ਬਦ ਮਨੁੱਖੀ ਮਨ ਨੂੰ ਬਲ ਦੇਣ ਵਾਲਾ ਹੈ ਜੋ "ਸੁਨਿ ਕਰਿ ਬਚਨ ਕਰਨ ਆਘਹਨੇ।। ਮਨਿ ਸੰਤੋਖੁ ਆਤਮ ਪਤੀਆਨੇ" ਕਰਦਾ ਹੈ। ਆਪ ਦੀ ਸ਼ੈਲੀ ਦੇ ਵਿਸ਼ੇਸ਼ ਗੁਣ ਸਾਊਪੁਣਾ ਹੈ, ਆਪ ਨੇ ਸਾਊ ਵਿਚਾਰ, ਸਾਊ ਬੋਲੀ, ਸ਼ੈਲੀ ਤੇ ਬਿੰਬਾਵਲੀ ਵਿਚ ਚਿਤਰੇ ਹਨ। ਆਪ ਦੀ ਸ਼ੈਲੀ ਵਿਚ ਸਦਾ ਸੁਖਾਵਾਪਨ ਹੈ, ਉਦਾਸੀ ਦੂਰ ਹੁੰਦੀ ਹੈ, ਮਨ ਨੂੰ ਉਤਸ਼ਾਹ, ਖੇੜਾ, ਸਾਵਾਪਨ ਮਿਲਦਾ ਹੈ। ਆਪ ਦੇ ਵੇਰਵੇ ਸਰਬਾਂਗੀ ਹਨ; ਬਰੀਕ ਵਿਸਥਾਰ ਤੇ ਵਿਆਖਿਆ ਸਹਿਤ ਬਾਰੇ ਵਿਚਾਰ ਦ੍ਰਿੜ੍ਹ ਕਰਾਉਂਦੇ ਹਨ। ਆਪ ਦਾ ਹਰ ਬਚਨ ਧੁਰ ਅੰਦਰੋਂ ਵਲਵਲੇ ਸਹਿਤ ਨਿਕਲਦਾ ਹੈ ਅਤੇ ਧੁਰ ਅੰਦਰ ਤੀਕ ਚਲਾ ਜਾਂਦਾ ਹੈ। ਆਪ ਬ੍ਰਹਮ ਗਿਆਨੀ ਸਨ ਅਤੇ ਬ੍ਰਹਮ ਗਿਆਨੀ ਦੇ ਸਾਰੇ ਲੱਛਣ ਆਪ ਦੀ ਸ਼ੈਲੀ, ਸ਼ਬਦਾਵਲੀ, ਬੋਲੀ, ਬਿੰਬਾਵਲੀ ਵਿਚ ਹਨ।

ਬ੍ਰਹਮ ਗਿਆਨੀ ਸਦਾ ਨਿਰਲੇਪ।। ਜੈਸੇ ਜਲ ਮਹਿ ਕਮਲ ਅਲੇਪ।।
ਬ੍ਰਹਮ ਗਿਆਨੀ ਸਦਾ ਨਿਰਦੋਖ।। ਜੈਸੇ ਸੂਰੁ ਸਰਬ ਕਉ ਸੋਖ।।
ਬ੍ਰਹਮ ਗਿਆਨੀ ਕੈ ਦ੍ਰਿਸ਼ਟੀ ਸਮਾਨਿ।। ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।।
ਬ੍ਰਹਮ ਗਿਆਨੁ ਕੈ ਧੀਰਜੁ ਏਕੁ।। ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।।
ਬ੍ਰਹਮ ਗਿਆਨੀ ਦਾ ਇਹੈ ਗੁਨਾਉ।। ਨਾਨਕ ਜਿਉ ਪਾਵਕ ਕਾ ਸਹਜ ਸਭਾਉ।।

ਆਪ ਦੀ ਰਚਨਾ ਦੇ ਹਰ ਪੱਖ ਨੂੰ ਦ੍ਰਿੜ੍ਹ ਕਰਾਉਣ ਲਈ ਗੁਜਰੀ ਰਾਗ ਵਿਚੋਂ ਇਹ ਪਦਾ ਇਥੇ ਨਮੂਨੇ ਵਜੋਂ ਪੇਸ਼ ਹੈ।

ਰਾਜਨ ਮਹਿ ਤੂ ਰਾਜਾ ਕਹਿਅਹਿ ਭੂਮਨ ਮਹਿ ਭੂਮਾ।।
ਠਾਕਰੁ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ।।
ਪਿਤਾ ਮੇਰੋ ਬਡੋ ਧਨੀ ਅਗਮਾ।। ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ।।
ਸੁਖੀਅਨ ਮਹਿ ਸੁਖੀਆ ਤੂੰ ਕਹਿਅਹਿ ਦਾਤਨ ਸਿਰਿ ਦਾਤਾ।।
ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।।
ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ।।

**6. ਗੁਰੂ ਤੇਗ਼ ਬਹਾਦਰ (1621-1675 ਈ.):-** ਗੁਰੂ ਤੇਗ਼ ਬਹਾਦਰ ਜੀ ਸਿਖ ਧਰਮ-ਅੰਦੋਲਨ ਵਿਚ ਨੌਵੇਂ ਗੁਰੂ ਹਨ। ਆਪ ਦਾ ਜਨਮ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਹੋਇਆ। ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਤਿੰਨ ਗੁਰੂ ਸਾਹਿਬਾਨ ਨੇ ਬਾਣੀ ਨਹੀਂ ਰਚੀ, ਪਰ ਨੌਵੇਂ ਗੁਰੂ ਜੀ ਦੇ ਸ਼ਬਦਾਂ ਅਤੇ ਸਲੋਕਾਂ ਨਾਲ ਗੁਰਮਤਿ ਕਾਵਿਧਾਰਾ ਵਿਚ ਫਿਰ ਤੇਜ਼ੀ ਆਈ। ਬੇਸ਼ਕ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਪਹਿਲਾਂ ਹੋ ਚੁੱਕੀ ਸੀ ਪਰ ਸਿੱਖ ਧਾਰਮਿਕ ਰਵਾਇਤ ਅਨੁਸਾਰ ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਤਿਆਰ ਹੋਈ ਬੀੜ ਵਿਚ ਦਰਜ ਕੀਤੀ ਗਈ। ਗੁਰੂ ਤੇਗ਼ ਬਹਾਦਰ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਦਰਾਂ ਰਾਗਾਂ ਵਿਚ 59 ਸ਼ਬਦ ਅਤੇ 56 ਸਲੋਕ ਦਰਜ ਹਨ। ਸਮੁੱਚੇ ਰੂਪ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਪਹਿਲਾਂ ਨਿਸਚਿਤ ਹੋ ਚਕੇ ਸੰਕਲਪਾਂ ਅਤੇ ਵਿਚਾਰਾਂ ਦਾ ਹੀ ਵਿਸਤਾਰ ਕਰਦੀ ਹੈ, ਪਰ ਦੋ ਥੀਮਿਕ ਇਕਾਈਆਂ । ਉਪਰ ਇਸ ਵਿਚ ਵਧੇਰੇ ਬਲ ਦਿੱਤਾ ਗਿਆ ਹੈ। ਪਹਿਲੀ ਹੈ ਵੈਰਾਗ ਭਾਵਨਾ ਅਤੇ ਦੂਜੀ ਹੈ ਭਗਤੀ ਭਾਵਨਾ। ਆਮ ਵਿਚਾਰ ਇਹ ਹੈ ਕਿ ਗੁਰੂ ਜੀ ਨੇ ਸਾਰੀ ਕਾਵਿ ਰਚਨਾ ਪਰ ਵਿਸ਼ੇਸ਼ ਕਰਕੇ 57 ਸਲੋਕ ਉਨ੍ਹਾਂ ਨੇ

ਔਰੰਗਜ਼ੇਬ ਦੇ ਬੰਦੀਖਾਨੇ ਵਿਚ ਰਹਿੰਦਿਆਂ ਉਚਾਰੇ ਸਨ, ਇਸ ਲਈ ਇਨ੍ਹਾਂ ਵਿਚ ਸੰਸਾਰ ਦੀ ਅਸਥਿਰਤਾ, ਨਾਸ਼ਮਾਨਤਾ ਅਤੇ ਵੈਰਾਗ ਵਧੇਰੇ ਹੈ। ਨਾਸ਼ਮਾਨ ਜਗਤ ਦੇ ਪ੍ਰਸੰਗ ਵਿਚ ਮਨੁੱਖ ਦੀ ਮਿਟ ਜਾਣ ਦੀ ਹੋਣੀ ਦੇ ਤ੍ਰਾਸਦ ਪੱਖ ਨੂੰ ਵਿਸ਼ੇਸ਼ ਰੂਪ ਵਿਚ ਉਘਾੜਿਆ ਗਿਆ ਹੈ। ਨਾਸ਼ਮਾਨ ਜਗਤ ਵਿਚ ਪਾਣੀ ਨੂੰ ਅਮਰਤਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਉਸਦਾ ਅਧਿਆਤਮਕ ਅਤੇ ਨੈਤਿਕ ਜੀਵਨ ਉੱਚਾ ਤੇ ਸੁੱਚਾ ਹੋਵੇ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਸੰਸਾਰਕ ਪੰਚ ਵਿਚ ਗੁਸਤ ਰਹਿਣ ਦਾ ਸਭ ਤੋਂ ਵੱਡਾ ਕਾਰਣ ਮਨ ਦੀ ਚੰਚਲਤਾ ਹੈ। ਮਨ ਪੰਜ ਵਿਕਾਰਾਂ ਦਾ ਮੂਲ ਹੈ। ਇਸੇ ਲਈ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਸਭ ਤੋਂ ਵੱਧ ਸੰਬੋਧਨ ਮਨ ਪ੍ਰਤੀ ਹੀ ਹਨ, ਜਿਵੇਂ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗ ਨ ਕੋਇ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।
ਇਨ ਮੈਂ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨ।।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਪਣੀਆਂ ਕਲਾਤਮਕ ਵਿਸ਼ੇਸ਼ਤਾਈਆਂ ਸਦਕਾਂ ਪਾਠਕਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਖਿੱਚਦੀ ਹੈ। ਵਿਚਾਰਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕਰਨ ਲਈ ਗੁਰੂ ਜੀ ਨੇ ਬਿੰਬ, ਪ੍ਰਤੀਕ, ਅਲੰਕਾਰ ਅਤੇ ਸੰਕੇਤ ਵਰਤੇ ਹਨ ਕਿ ਪਾਠਕ ਪੜ੍ਹਦਿਆਂ ਸਾਰ ਹੀ ਰਚਨਾ ਵਿਚਲਾ ਭਾਵ ਸਮਝ ਲੈਂਦਾ ਹੈ। ਉਦਾਹਰਣ ਲਈ ਸੰਸਾਰ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਨ ਲਈ ਬਾਦਰ ਕੀ ਛਾਈ, ਬਾਲੂ ਕੀ ਭੀਤ, ਬੁਲਬੁਲੇ ਦੇ ਉਪਜਣ ਬਿਨਸਣ ਦੀ ਕ੍ਰਿਆ ਆਦਿ ਅਲੰਕਾਰਾਂ ਦੁਆਰਾ ਸੁੱਸਜਿਤ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਚੀਜ਼ਾਂ ਦੀ ਛਿਨਭੰਗਰਤਾ ਤੋਂ ਹਰ ਕੋਈ ਜਾਣੂ ਹੈ। ਅਰਥਹੀਣ ਅਤੇ ਨਿਸਫਲ ਕਾਰਜ ਨੂੰ ਹਾਥੀ ਦੇ ਨਹਾਉਣ ਨਾਲ ਤੁਲਨਾਇਆ ਗਿਆ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

ਗੁਰੂ ਤੇਗ਼ ਬਹਾਦਰ ਜੀ ਦੀ ਕਾਵਿਧਾਰਾ ਭਾਸ਼ਾ ਪੰਜਾਬੀ ਨਾਲੋਂ ਬਜ ਭਾਸ਼ਾ ਦੇ ਵਧੇਰੇ ਨੇੜੇ ਹੈ। ਇਹ ਸ਼ਾਇਦ ਗੁਰੂ ਜੀ ਦੇ ਦੇਸ਼ ਰਟਨ ਅਤੇ ਸਿਖ ਅਨੁਯਾਨੀਆਂ ਦਾ ਘੇਰਾ ਪੰਜਾਬ ਤੋਂ ਬਾਹਰ ਫੈਲਣ ਕਰਕੇ ਹੈ, ਪਰ ਇਹ ਏਹੋ ਜੇਹੀ ਵੀ ਗੂੜ੍ਹੀ ਨਹੀਂ ਕਿ ਪੰਜਾਬੀ ਪਾਠਕ ਨੂੰ ਸਮਝ ਨ ਪਵੇ, ਸਗੋਂ ਇਹ ਬਹੁਤ ਹੱਦ ਤਕ ਪ੍ਰਚਲਿਤ ਗੁਰਬਾਣੀ।
ਦੀ ਕਾਵਿਧਾਰਾ ਭਾਸ਼ਾ ਦੇ ਅਨੁਕੂਲ ਹੀ ਹੈ।

## (ਅ) 15 ਭਗਤ ਕਵੀ:

ਗੁਰੂ ਕਵੀਆਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੇ ਵੱਖ-ਵੱਖ ਇਲਾਕਿਆ ਨਾਲ ਸੰਬੰਧਿਤ 15 ਸੰਤਾਂ-ਭਗਤਾਂ ਦੀ ਬਾਣੀ ਦਰਜ਼ ਹੈ।ਇਹ ਭਗਤ ਕਵੀ ਗੁਰਮਤਿ ਦੇ ਨਾਲ ਨਾਲ ਭਗਤੀ ਕਾਵਿਧਾਰਾ ਵਿਚ ਵੀ ਮਹੱਤਵ ਰੱਖਦੇ ਹਨ। ਇਹਨਾ ਭਗਤ ਕਵੀਆ ਅਤੇ ਇਹਨਾ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਬਾਰੇ ਹੇਠ ਲਿਖੇ ਅਨੁਸਾਰ ਜਾਣਕਾਰੀ ਦਿੱਤੀ ਗਈ ਹੈ:-

| ਲੜੀ ਨੰ: | ਸੰਤ/ ਭਗਤ ਦਾ ਨਾਮ | ਕੁੱਲ ਬਾਣੀ ਦਰਜ਼ |
|---|---|---|
| 1 | ਭਗਤ ਕਬੀਰ ਜੀ | 532 ਸ਼ਬਦ |
| 2 | ਬਾਬਾ ਸ਼ੇਖ ਫਰੀਦ ਜੀ | 112 ਸਲੋਕ ਅਤੇ 4 ਸ਼ਬਦ |
| 3 | ਭਗਤ ਨਾਮਦੇਵ ਜੀ | 61 ਪਦੇ |
| 4 | ਭਗਤ ਰਵਿਦਾਸ ਜੀ | 40 ਸ਼ਬਦ |
| 5 | ਭਗਤ ਤ੍ਰਿਲੋਚਨ ਜੀ | 04 ਸ਼ਬਦ |
| 6 | ਭਗਤ ਧੰਨਾ ਜੀ | 03 ਸ਼ਬਦ |

| | | |
|---|---|---|
| 7 | ਭਗਤ ਬੇਣੀ ਜੀ | 03 ਸ਼ਬਦ |
| 8 | ਭਗਤ ਭੀਖਣ ਜੀ | 2 ਸ਼ਬਦ |
| 9 | ਭਗਤ ਜੈਦੇਵ ਜੀ | 2 ਸ਼ਬਦ |
| 10 | ਭਗਤ ਸੂਰਦਾਸ ਜੀ | 1 ਸ਼ਬਦ |
| 11 | ਭਗਤ ਪਰਮਾਨੰਦ ਜੀ | 1 ਸ਼ਬਦ |
| 12 | ਭਗਤ ਸਧਨਾ ਜੀ | 1 ਸ਼ਬਦ |
| 13 | ਭਗਤ ਸੈਣ ਜੀ | 1 ਸ਼ਬਦ |
| 14 | ਭਗਤ ਪੀਪਾ ਜੀ | 1 ਸ਼ਬਦ |
| 15 | ਭਗਤ ਰਾਮਾ ਨੰਦ ਜੀ | 1 ਸ਼ਬਦ |

## (ੲ) 11 ਭਟ ਕਵੀ

ਸੰਸਕ੍ਰਿਤ ਦੇ ਸ਼ਬਦ 'ਭ੍ਰਿਤ' ਦਾ ਪੰਜਾਬੀ ਰੂਪਾਂਤਰਣ 'ਭਟ' ਹੈ। ਇਹ 'ਭ੍ਰਿਤ' ਧਾਤੂ ਤੋਂ ਬਣਿਆ ਮੰਨਿਆ ਜਾਂਦਾ ਹੈ। ਇਹ ਸ਼ਬਦ ਆਮ ਕਰਕੇ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਜਿਹੜੇ ਪੈਸੇ ਲੈ ਕੇ ਆਪਣੇ ਮਾਲਕ ਦੀ ਤਰਫ਼ੋਂ ਲੜਦੇ ਸਨ ਅਤੇ ਮਾਲਕ ਪ੍ਰਤੀ ਵਫ਼ਾਦਾਰੀ ਦਾ ਪ੍ਰਗਟਾਵਾ ਕਰਦੇ ਹੋਏ ਜ਼ਿੰਦਗੀ ਅਤੇ ਮੌਤ ਨੂੰ ਇੱਕੋ ਜਿਹਾ ਪ੍ਰਵਾਨ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਇਸ ਸ਼ਬਦ ਦੀ ਵਰਤੋਂ ਉਨ੍ਹਾਂ ਲੋਕਾਂ ਲਈ ਵੀ ਕੀਤੀ ਜਾਂਦੀ ਸੀ ਜੋ ਮਹਾਂਬਲੀ ਜੋਧਿਆਂ ਅਤੇ ਸੂਰਮਿਆਂ ਦੇ ਗੁਣ ਗਾਇਨ ਕਰਦੇ ਸਨ। ਮਹਾਨ ਕੋਸ਼' ਨੇ ਵੀ 'ਭਟ' ਸ਼ਬਦ ਨੂੰ ਇਸੇ ਪ੍ਰਥਾਇ ਮੰਨਦੇ ਹੋਏ ਇਸ ਦੇ ਅਰਥ ਉਨਾਂ ਲੋਕਾਂ ਤੋਂ ਕੀਤੇ ਹਨ ਜਿਹੜੇ ਮਹਾਪੁਰਖਾਂ ਦਾ ਜਸ ਗਾਇਨ ਕਰਦੇ ਸਨ ਜਾਂ ਬੰਸਾਵਲੀਨਾਮਾ ਉਚਾਰ ਕੇ ਕਿਸੇ ਮਨੁੱਖ ਜਾਂ ਪਰਿਵਾਰ ਨੂੰ ਚਾਰ ਚੰਨ ਲਾਉਂਦੇ ਸਨ। ਇਸ ਦੇ ਨਾਲ ਹੀ ਭਟ ਦੇ ਅਰਥ ਜੋਧੇ ਅਤੇ ਬੀਰ ਸਿਪਾਹੀ ਦੇ ਰੂਪ ਵਿੱਚ ਵੀ ਕੀਤੇ ਮਿਲਦੇ ਹਨ। ਅਸਲ ਵਿੱਚ ਇਸ ਜਾਤੀ ਦਾ ਸਦੀਆਂ ਪੁਰਾਣਾ ਇਤਿਹਾਸ ਮੌਜੂਦ ਹੈ ਜਿਹੜਾ ਭਟਾਕਸੁਰੀ ਲਿਪੀ ਵਿੱਚ ਹੈ। ਨੌਵੀਂ ਸਦੀ ਈਸਾ ਤੋਂ ਇਨ੍ਹਾਂ ਦੀ ਚੜ੍ਹਤ ਦੇ ਦਿਨ ਸ਼ੁਰੂ ਹੁੰਦੇ ਹਨ। ਰਾਜਸਥਾਨ ਦੇ ਇਲਾਕੇ ਵਿੱਚ ਇਨ੍ਹਾਂ ਦੀਆਂ ਅਦਭੁਤ ਕਥਾਵਾਂ ਪ੍ਰਚਲਤ ਹਨ ਜੋ ਇਨ੍ਹਾਂ ਦੀ ਬੀਰਤਾ ਦੇ ਗੁਣ-ਗਾਨ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਸਮਾਜ ਉਸਰੱਈਏ ਦੇ ਰੂਪ ਵਿੱਚ ਸਾਹਮਣੇ ਵੀ ਲਿਆਉਂਦੀਆਂ ਹਨ। ਪ੍ਰਿਥਵੀ ਚੰਦ ਰਾਜੇ ਨੂੰ ਕਿਵੇਂ ਮੁਹੰਮਦ ਗੋਰੀ ਦੀ ਕੈਦ ਵਿਚੋਂ ਬਾਹਰ ਕਢਵਾਇਆ ਅਤੇ ਫਿਰ ਉਸ ਦੇ ਹੱਥੋਂ ਮੁਹੰਮਦ ਗੌਰੀ ਦੀ ਹੱਤਿਆ ਕਰਾ ਕੇ ਆਪਣੇ ਆਪ ਨੂੰ ਕੁਰਬਾਨ ਕਰਨ ਵਾਲਾ ਚਾਂਦ ਵੀ ਭਟ ਕਬੀਲੇ ਨਾਲ ਹੀ ਸਬੰਧਤ ਸੀ। ਚਾਂਦ ਭਟ ਦਾ ਇਹ ਕਿੱਸਾ ਰਾਜਸਥਾਨ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਅੰਕਿਤ ਹੈ।

ਸਪਸ਼ਟ ਹੈ ਕਿ ਭਟਾਂ ਦੇ ਦੋ ਹੀ ਮੁੱਖ ਕੰਮ ਸਨ - ਕੀਰਤੀ ਅਤੇ ਬੀਰਤਾ ਦਾ ਪ੍ਰਗਟਾਵਾ। ਜਦੋਂ ਪੰਜਾਬ ਦੀ ਧਰਤੀ ਤੇ ਗੁਰੂ ਨਾਨਕ ਪਾਤਸ਼ਾਹ ਨੇ '੧' ਦਾ ਨਾਦ ਗੁੰਜਾ ਕੇ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜਦਿਆਂ, ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਇਆ, ਉਸਨੂੰ ਭੂਤ ਅਤੇ ਭਵਿੱਖ ਦੇ ਚੱਕਰ ਤੋਂ ਕੱਢ ਕੇ ਉਸ ਦਾ ਵਰਤਮਾਨ ਪ੍ਰਸੰਗ ਸਿਰਜਿਆ, ਤਾਂ ਇਸ ਮਤ ਦੀ ਸਾਰੀ ਲੋਕਾਈ ਨੂੰ ਗੁਰੂ ਨਾਨਕ ਸਾਹਿਬ ਵਿੱਚ ਆਪਣੀ ਬੰਦ-ਖ਼ਲਾਸੀ ਦੀ ਪੈਗੰਬਰੀ ਰੂਹ ਦੇ ਝਲਕਾਰੇ ਨਜ਼ਰ ਆਉਣ ਲੱਗੇ। ਹੁਣ ਗੁਰੂ ਨਾਨਕ ਉਨ੍ਹਾਂ ਦਾ ਸੱਚਾ ਪਾਤਸ਼ਾਹ ਸੀ। ਗੁਰੂ ਨਾਨਕ ਪਾਤਸ਼ਾਹ ਦੇ ਫੈਲੇ ਇਸ ਪ੍ਰਤਾਪ ਦੀ ਮਹਿਮਾ ਜਦੋਂ ਭੱਟਾਂ ਦੇ ਕੰਨੀ ਪਈ ਤਾਂ ਇਹ ਵੀ ਗੁਰੂ । ਦਰਬਾਰ ਵਿੱਚ ਪੁੱਜੇ। ਗੁਰੂ ਸਾਹਿਬਾਨ ਵਰਗੀ ਰੱਬੀ ਰੂਹਾਂ ਦੇ ਦਰਸ਼ਨ ਕਰਕੇ ਇਨ੍ਹਾਂ ਦੀ ਅੱਖਾਂ ਮੰਦ ਗਈਆਂ, ਇਹ ਧੰਨ-ਧੰਨ ਕਰ ਉੱਠੇ ਅਤੇ ਫਿਰ ਕੀਰਤ ਤੇ ਬੀਰਤਾ ਦੇ ਪ੍ਰਗਟਾਵੇ ਦੀਆਂ ਅਨੇਕ ਉਦਾਹਰਣਾਂ ਹਨ। ਭਟਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿੱਚ ਸ਼ਬਦ ਰਚਨਾ ਵੀ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਜੀਵਿੱਚ ਮੌਜੂਦ ਹੈ ਅਤੇ ਨਾਲ ਹੀ ਜੰਗਾਂ-ਯੁੱਧਾਂ ਵਿੱਚ ਸ਼ਹਾਦਤਾਂ ਵੀ ਦਿੱਤੀਆਂ। ਇਹਨਾ ਭਟ ਕਵੀਆ ਅਤੇ ਇਹਨਾ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਬਾਰੇ ਹੇਠ ਲਿਖੇ ਅਨੁਸਾਰ ਜਾਣਕਾਰੀ ਦਿੱਤੀ ਗਈ ਹੈ:-

| **ਲੜੀ ਨੰ:** | **ਭਟ ਦਾ ਨਾਮ** | **ਕੁੱਲ ਬਾਣੀ ਦਰਜ਼** |
|---|---|---|
| 1. | ਭਟ ਕਲਸਹਾਰ ਜੀ | 54 ਸ਼ਬਦ |
| 2. | ਭਟ ਨਲ੍ਯ ਜੀ | 16 ਸ਼ਬਦ |
| 3. | ਭਟ ਮਥੁਰਾ ਜੀ | 14 ਸ਼ਬਦ |

| | | |
|---|---|---|
| 4. | ਭਟ ਗਯੰਦ ਜੀ | 13 ਸ਼ਬਦ |
| 5. | ਭਟ ਕੀਰਤ ਜੀ | 08 ਸ਼ਬਦ |
| 6. | ਭਟ ਜਾਲਪ ਜੀ | 05 ਸ਼ਬਦ |
| 7. | ਭਟ ਬਲ੍ਯ ਜੀ | 05 ਸ਼ਬਦ |
| 8. | ਭਟ ਸਲ੍ਯ ਜੀ | 03 ਸ਼ਬਦ |
| 9. | ਭਟ ਭਿਖਾ ਜੀ | 02 ਸ਼ਬਦ |
| 10. | ਭਟ ਹਰਿਬੰਸ ਜੀ | 02 ਸ਼ਬਦ |
| 11. | ਭਟ ਭਲ੍ਯ ਜੀ | 01 ਸ਼ਬਦ |

## (ਸ) 4 ਗੁਰ-ਸਿੱਖਾਂ ਦੀ ਬਾਣੀ

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ, ਭਗਤਾਂ ਅਤੇ ਭਟਾਂ ਤੋਂ ਇਲਾਵਾ ਚਾਰ ਹੋਰ ਮਹਾਪੁਰਖਾਂ ਦੀ ਬਾਣੀ ਅੰਕਿਤ ਹੈ। ਇਹ ਉਹ ਮਹਾਨ ਹਸਤੀਆਂ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖੀ ਦੇ ਵੱਧਦੇ ਪਾਸਾਰ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ। ਇਨ੍ਹਾਂ ਵਿਚੋਂ ਤਿੰਨ - ਭਾਈ ਮਰਦਾਨਾ ਜੀ, ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਗੁਰੂ-ਘਰ ਦੇ ਢਾਡੀ (ਰਬਾਬੀ) ਸਨ ਜਿਹੜੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਸ਼ਬਦ ਦਾ ਗਾਇਨ ਕਰਦੇ ਸਨ। ਚੌਥੇ ਮਹਾਪੁਰਖ ਬਾਬਾ ਸੁੰਦਰ ਜੀ, ਗੁਰੂ-ਘਰ ਨਾਲ ਸਬੰਧਤ ਸਨ। ਆਪ ਬਾਬਾ ਮੋਹਰੀ ਜੀ (ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ) ਦੇ ਪੋਤਰੇ, ਭਾਈ ਅਨੰਦ ਜੀ ਦੇ ਪੁੱਤਰ ਸਨ ਅਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਸਨ। ਇਹਨਾ ਗੁਰ-ਸਿੱਖ ਕਵੀਆ ਅਤੇ ਇਹਨਾ ਦੀ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਬਾਰੇ ਹੇਠ ਲਿਖੇ ਅਨੁਸਾਰ ਜਾਣਕਾਰੀ ਦਿੱਤੀ ਗਈ ਹੈ:-

| ਲੜੀ ਨੰ: | ਗੁਰ-ਸਿੱਖ ਦਾ ਨਾਮ | ਕੁੱਲ ਬਾਣੀ ਦਰਜ਼ |
|---|---|---|
| 1. | ਭਾਈ ਮਰਦਾਨਾ ਜੀ | 03 ਸਲੋਕ |
| 2. | ਰਾਇ ਬਲਵੰਡ ਜੀ | 01 ਵਾਰ |
| 3. | ਭਾਈ ਸਤਾ ਜੀ | 01 ਵਾਰ |
| 4. | ਬਾਬਾ ਸੁੰਦਰ ਜੀ | 01 ਸੱਦ |

## (ਹ) ਗੁਰਮਤਿ ਕਾਵਿਧਾਰਾ ਦੇ ਹੋਰ ਪ੍ਰਮੁੱਖ ਕਵੀ

**ਗੁਰੂ ਗੋਬਿੰਦ ਸਿੰਘ (1666-1708 ਈ.) :-** ਗੁਰਮਤਿ ਕਾਵਿਧਾਰਾ ਵਿਚ ਗੁਰੂ ਗੋਬਿੰਦ ਸਿੰਘ ਜੀ ਅਖੀਰਲੇ ਗੁਰੂ ਕਵੀ ਹਨ। ਇਨ੍ਹਾਂ ਦਾ ਜਨਮ ਗੁਰੂ ਤੇਗ਼ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ ਬਿਹਾਰ ਪ੍ਰਾਂਤ ਦੇ ਇਕ ਨਗਰ ਪਟਨਾ ਸਾਹਿਬ ਵਿਖੇ ਹੋਇਆ। ਗੁਰੂ ਜੀ ਦਾ ਸਾਰਾ ਜੀਵਨ ਕਾਲ ਭਰਪੂਰ ਸੰਘਰਸ਼ ਦੀ ਅਨੂਠੀ ਗਾਥਾ ਹੈ। ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ। ਧਰਮ ਰੱਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤਾ ਸਮਾਂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਫੌਜਾਂ ਨਾਲ ਟੱਕਰ ਲੈਂਦਿਆਂ ਬੀਤਿਆ। ਇਨ੍ਹਾਂ ਦੇ ਚਾਰ ਸਾਹਿਬਜ਼ਾਦੇ ਵੀ ਧਰਮ ਖਾਤਰ ਜੂਝਦੇ ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਦੁਆਰਾ 13 ਅਪਰੈਲ 1699 ਨੂੰ ਸਾਜੇ ਗਏ ਖਾਲਸੇ ਦੇ ਰੂਪ ਵਿਚ ਇਕ ਅਜੇਹੀ ਲਹਿਰ ਉੱਭਰੀ ਜਿਸ ਨੇ ਪੰਜਾਬ ਹੀ ਨਹੀਂ, ਹਿੰਦੁਸਤਾਨ ਦੇ ਇਤਿਹਾਸ ਉਪਰ ਗੂੜਾ ਪ੍ਰਭਾਵ ਪਾਇਆ। ਗੁਰੂ ਗੋਬਿੰਦ ਸਿੰਘ ਜੀ ਸੰਤ ਸਿਪਾਹੀ ਹੋਣ ਦੇ ਨਾਲ ਨਾਲ ਇਕ ਬਹੁ ਪੁਕਾਰੀ ਅਤੇ ਵਡ ਅਕਾਰੀ ਕਵੀ ਵੀ ਸਨ। ਗੁਰੂ ਜੀ ਦੀ ਸਮੁੱਚੀ ਬਾਣੀ 'ਦਸਮ ਗ੍ਰੰਥ' ਵਿਚ ਸੰਕਲਿਤ ਹੈ ਜਿਸ ਵਿਚੋਂ ਜਾਪੁ ਸਾਹਿਬ, ਅਕਾਲ ਉਸਤਿਤ, ਬਚਿਤ੍ਰ ਨਾਟਕ, ਚੰਡੀ ਦੀ ਵਾਰ ਅਤੇ ਜ਼ਫ਼ਰਨਾਮਾ ਵਧੇਰੇ ਪ੍ਰਸਿੱਧ ਬਾਣੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਆਪ ਕਵੀ ਤਾਂ ਸਨ ਹੀ, ਉਹ ਕਵੀਆਂ ਅਤੇ ਲੇਖਕਾਂ ਦੇ ਵੱਡੇ ਕਦਰਦਾਨ ਵੀ ਸਨ। ਇਨਾਂ ਦੇ ਦਰਬਾਰ ਵਿਚ 52 ਕਵੀ ਰਹਿੰਦੇ ਸਨ ਜਿਹੜੇ ਮੌਲਿਕ ਕਾਵਿ ਰਚਨਾ ਕਰਨ ਦੇ ਨਾਲ ਪੁਰਾਤਨ ਗ੍ਰੰਥਾਂ ਦਾ ਭਾਖਾ ਵਿਚ ਅਨੁਵਾਦ ਵੀ ਕਰਦੇ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਸਮੇਂ ਆਨੰਦਪੁਰ ਸਾਹਿਤ ਰਚਨਾ ਇਕ ਪ੍ਰਮੁੱਖ ਕੇਂਦਰ ਬਣ ਕੇ ਉਭਰਿਆ। ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤੀ ਰਚਨਾ ਬ੍ਰਜ ਭਾਸ਼ਾ ਵਿਚ ਹੈ, ਜਦਕਿ ਜ਼ਫਰਨਾਮਾ ਫਾਰਸੀ ਵਿਚ ਹੈ। ਪੰਜਾਬੀ ਵਿਚ ਇਨ੍ਹਾਂ ਦੇ ਕੇਵਲ ਦੋ ਸ਼ਬਦ ਅਤੇ ਇਕ ਵਾਰ

ਚੰਡੀ ਦੀ ਵਾਰ' ਜਾਂ ਵਾਰ ਸ੍ਰੀ ਭਗਉਤੀ ਜੀ ਕੀ ਮਿਲਦੀ ਹੈ। ਚੰਡੀ ਦੀ ਵਾਰ' ਬਾਰੇ ਵਧੇਰੇ ਚਰਚਾ ਇਸ ਪੁਸਤਕ ਦੇ ਪੰਜਾਬੀ ਬੀਰ ਕਾਵਿਧਾਰਾ ਵਾਲੇ ਪਕਰਣ ਵਿਚ ਕੀਤੀ ਗਈ ਹੈ, ਅਸੀਂ ਇਥੇ ਸਿਰਫ ਉਨ੍ਹਾਂ ਦੇ ਦੋ ਸ਼ਬਦਾਂ ਬਾਰੇ ਹੀ ਗੱਲ ਕਰਾਂਗੇ। ਗੁਰੂ ਗੋਬਿੰਦ ਸਿੰਘ ਜੀ ਮੂਲ ਰੂਪ ਵਿਚ ਗੁਰਮਤਿ ਕਾਵਿਧਾਰਾ ਪਰੰਪਰਾ ਦੇ ਕਵੀ ਸਨ ਇਸ ਲਈ ਉਨ੍ਹਾਂ ਦੀ ਸਮੁੱਚੀ ਕਾਵਿ ਰਚਨਾ ਦਾ ਕੇਂਦਰ 'ਅਧਿਆਤਮ ਹੈ। ਉਹਨਾ ਦਾ ਹੇਠਾਂ ਦਿੱਤਾ ਹਇਆ ਸ਼ਬਦ ਉਸ ਵੇਲੇ ਦੀ ਰਚਨਾ ਹੈ ਜਦ ਗੁਰ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਬੇਸਰੋ ਸਾਮਾਨੀ ਦੀ ਹਾਲਤ ਵਿਚ ਪਰ ਚੜ੍ਹਦੀ ਕਲਾ ਵਿਚ ਵਿਚਰ ਰਹੇ ਸਨ। ਇਸ ਸ਼ਬਦ ਵਿਚ ਅਧਿਆਤਮਕ ਸੁਖ ਦੇ ਟਾਕਰੇ ਵਿਚ ਦੁਨਿਆਵੀ ਸੁਖ ਸਹੂਲਤਾਂ ਦੀ ਤੁੱਛਤਾ ਦਰਸਾ ਕੇ, ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਨੂੰ ਹੀ ਉੱਤਮ ਕਰਮ ਕਿਹਾ ਗਿਆ ਹੈ:

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣੁ ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਣਾ॥

**2. ਭਾਈ ਗੁਰਦਾਸ (1543-1637) :-** ਭਾਈ ਗੁਰਦਾਸ, ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਆਪ ਨੂੰ ਗੁਰੂ ਨਾਨਕ ਦੇ ਘਰ ਦੀ ਸੇਵਾ ਗੁਰੂ ਰਾਮਦਾਸ ਜੀ ਨੇ ਬਖਸ਼ੀ। ਆਪ ਨੂੰ ਗੁਰੂ ਗ੍ਰੰਥ ਦੀ ਬੀੜ ਦੀ ਲਿਖਾਈ ਕਰਨ ਦਾ ਅਵਸਰ ਗੁਰੂ ਅਰਜਨ ਦੇਵ ਜੀ ਨੇ ਬਖਸ਼ਿਆ। ਇਸ ਤਰ੍ਹਾਂ ਆਪ ਦੀ ਪ੍ਰਤਿਭਾ ਉਘੜੀ, ਬਲਵਾਨ ਹੋਈ ਤੇ ਵਿਗਸੀ। ਆਪ ਪ੍ਰਮਾਣ ਹਨ ਕਿ ਸਿੱਖ ਕਿਸ ਉਚਾਈ ਤੀਕ ਪੁੱਜ ਸਕਦਾ ਹੈ ਭਾਵੇਂ ਆਪ ਦੀ ਰਚਨਾ ਗੁਰੂ ਗ੍ਰੰਥ ਵਿਚ ਨਹੀਂ ਚੜ੍ਹਾਈ ਜਾ ਸਕੀ, ਪਰ ਆਪ ਦੀ ਬਾਣੀ ਨੂੰ ਗੁਰੂ ਗ੍ਰੰਥ ਦੀ ਕੁੰਜੀ ਹੋਣ ਦਾ ਮਾਣ ਦਿੱਤਾ ਗਿਆ ਹੈ। ਆਪ ਆਗਰਾ ਅਤੇ ਕਾਬਲ ਵਿਚ ਗੁਰਮਤਿ ਦਾ ਪ੍ਰਚਾਰ ਕਈ ਸਾਲ ਉਥੇ ਰਹਿ ਕੇ ਕਰਦੇ ਰਹੇ। ਪ੍ਰਚਾਰ ਦੇ ਕਾਰਜ ਨੇ ਆਪਦੀ ਪ੍ਰਤੀਭਾ ਨੂੰ ਹੋਰ ਵੀ ਉਭਾਰਿਆ ਤੇ ਤੀਖਣ ਕੀਤਾ। ਗੁਰੂ ਘਰ ਦਾ ਵਿਰੋਧ ਬਾਬਾ ਪ੍ਰਿਥਵੀ ਚੰਦ ਕਰ ਰਹੇ ਸਨ। ਭਾਈ ਗੁਰਦਾਸ ਜੀ ਨੇ ਉਸ ਵਿਰੋਧ ਨੂੰ ਠਲ੍ਹ ਪਾਉਣ ਦਾ ਉਪਰਾਲਾ ਕੀਤਾ। ਆਪ ਦੀਆਂ ਰਚੀਆਂ ਵਾਰਾਂ ਦਾ ਆਸਾ ਹੀ ਵਿਰੋਧ ਦੇ ਟਾਕਰੇ ਤੇ ਗੁਰਮਤਿ ਦੀ ਵਡਿਆਈ ਨੂੰ ਉਜਾਗਰ ਕਰਨਾ ਹੈ।

ਭਾਈ ਗੁਰਦਾਸ ਦੀ ਸਾਰੀ ਰਚਨਾ ਤਿੰਨ ਕਾਵਿਧਾਰਾ-ਰੂਪਾਂ ਵਿਚ ਹੈ। ਆਪ ਦੀ ਬ੍ਰਜ ਬੋਲੀ ਦੀ ਰਚਨਾ ਕਬਿੱਤਾਂ ਤੇ ਸਵੱਈਆਂ ਵਿਚ ਹੈ। ਇਹ ਸਮਾਂ 1574 ਤੋਂ 1581 ਦਾ ਸੀ। ਆਪ ਨੇ ਕਬਿੰਤਾਂ ਤੇ ਸਵਈਆਂ ਦੀ ਗਿਣਤੀ ਭਾਈ ਵੀਰ ਸਿੰਘ ਜੀ ਨੇ 675 ਦ੍ਰਿੜ੍ਹ ਕੀਤੀ ਹੈ। ਬਾਹਲੇ ਕਬਿੱਤ ਹੀ ਹਨ, ਕਬਿਤ 569 ਦ੍ਰਿੜ੍ਹ ਕੀਤੇ ਹਨ ਬਾਕੀ ਸਵਈਏ ਹਨ। ਪੰਜਾਬੀ ਬੋਲੀ ਵਿਚ ਆਪ ਦੀ ਰਚਨਾ 39 ਵਾਰਾਂ ਹਨ ਜੋ ਗੁਰੂਘਰ ਤੇ ਹੋ ਰਹੇ ਵਾਰਾਂ ਨੂੰ ਰੋਕਣ ਲਈ ਰਚੀਆਂ ਗਈਆਂ। ਇਹ ਵਾਰਾਂ 1582 ਤੋਂ 1600 ਈ ਦੇ ਸਮੇਂ ਵਿਚ ਰਚੀਆਂ ਗਈਆਂ। 1601 ਤੋਂ 1604 ਈ ਦੇ ਸਮੇਂ ਵਿਚ ਆਪ ਨੇ ਗੁਰੂ ਅਰਜਨ ਸਾਹਿਬ ਦੀ ਸੰਪਾਦਨਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ। ਸ਼ਾਇਦ ਹੀ ਆਪ ਨੇ ਇਸ ਸਮੇਂ ਮਗਰੋਂ ਕੋਈ ਹੋਰ ਰਚਨਾ ਕੀਤੀ ਹੋਵੇ। ਆਪ ਦੀਆਂ ਵਾਰਾਂ ਸਰਬਪ੍ਰਿਅ ਹਨ। ਵਾਰਾਂ ਵਿਚੋਂ ਪਹਿਲੀ ਤੇ ਗਿਆਰਵੀਂ ਵਾਰ ਦੀ ਵਿਸ਼ੇਸ਼ਤਾ ਵਿਲੱਖਣ ਹੈ।

**ਵਿਚਾਰਧਾਰਾ** : ਭਾਈ ਗੁਰਦਾਸ ਜੀ ਦਾ ਪ੍ਰਮੁੱਖ ਵਿਸ਼ਾ ਗੁਰੂ ਨਾਨਕ ਘਰ ਦੀ ਅਤੇ ਗੁਰਮਤਿ ਦੀ ਵਡਿਆਈ ਸਥਾਪਨ ਕਰਨਾ ਹੈ। ਇਸੇ ਵਿਸ਼ੇ ਦੀ ਮਹਾਨਤਾ ਨੂੰ ਹੋਰ ਦ੍ਰਿੜ੍ਹ ਕਰਨ ਲਈ ਆਪ ਨੇ ਗੁਰਮੁਖ ਦੇ ਆਦਰਸ਼ਕ ਜੀਵਨ, ਰਹਿਣੀ ਤੇ ਸਦਾਚਾਰ ਨੂੰ ਚਿਤਰਦੇ ਹਨ। ਇਸੇ ਵਿਸ਼ੇ ਨੂੰ ਹੋਰ ਦ੍ਰਿੜ੍ਹ ਕਰਨ ਲਈ ਆਪ ਨੇ ਮਨਮੁਖਾਂ ਦੇ ਜੀਵਨ, ਰਹਿਣੀ ਤੇ ਦੁਰਾਚਾਰ ਨੂੰ ਟਾਕਰੇ ਵਜੋਂ ਦ੍ਰਿੜ੍ਹ ਕਰਾਇਆ ਹੈ। ਆਪ ਗੁਰਬਾਣੀ ਦੀ ਅਨੁਸਾਰਤਾ ਵਿਚ ਰਚਨਾ ਕਰ ਰਹੇ ਸਨ। ਇਸ ਲਈ ਗੁਰਬਾਣੀ ਦੇ ਦਾਰਸ਼ਨਿਕ, ਧਾਰਮਿਕ ਤੇ ਸਮਾਜਕ ਸਿਧਾਂਤਾਂ ਵੱਲ ਆਪ ਤੇ ਸੰਕੇਤ ਕੀਤੇ ਹਨ। ਬ੍ਰਹਮ, ਪਰਮਾਤਮਾ, ਮਾਇਆ, ਸ੍ਰਿਸ਼ਟੀ-ਰਚਨਾ, ਸਤਿਗੁਰੂ, ਨਾਮ, ਗੁਰਮੁਖ, ਮਨਮੁਖ ਅਤੇ ਸਮਾਜਕ ਗਿਰਾਵਟ ਦੇ ਕਾਰਨ ਆਦਿ ਆਪ ਦੇ ਹੋਰ ਵਿਸ਼ੇ ਹਨ।

ਵਾਰਾਂ ਵਿਚੋਂ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਤੇ ਦਿਗਵਿਜੈ ਬ੍ਰਿਤਾਤ ਦੀ ਹੈ। ਜਨਮ ਸਾਖੀ ਤੋਂ ਬਿਨਾਂ ਇਸ ਵਿਚ ਭਾਈ ਸਾਹਿਬ ਦੇ ਮਹਾਨਕੋਸ਼ਿਕ ਬਿਆਨ ਦਾ ਪ੍ਰਮਾਣ ਵੀ ਮਿਲਦਾ ਹੈ। ਮਨੁੱਖ ਦਹ ਉਤਪਤੀ ਤੇ ਵਿਕਾਸ, ਚਾਰ ਜੁਗਾਂ ਦੀ ਥਾਪਨਾ, ਵਿਸ਼ਨੂੰ ਦੇ ਅਵਤਾਰਾਂ ਦਾ ਇਤਿਹਾਸ, ਚਾਰ ਵੇਦ ਤੇ ਛੇ ਸ਼ਾਸਤ੍ਰ ਦਾ ਸੰਬੰਧ ਤੇ ਸਾਰ ਭਾਰਤ ਵਿਚ ਇਸਲਾਮ ਦਾ ਪ੍ਰਵੇਸ਼ ਤੇ ਵਿਕਾਸ, ਆਦਿ ਦਾ ਵੇਰਵਾ ਇਸ ਵਾਰ ਵਿਚ ਹੈ। ਪਰ ਮੂਲ ਰੂਪ ਵਿਚ ਨਾਨਕ ਘਰ ਤੇ ਸਤਿਗੁਰੂ ਦੀ ਵਡਿਆਈ ਨੂੰ ਥਾਪਣਾ ਤੇ ਉਜਾਗਰ ਕਰਨਾ ਇਸ ਵਾਰ ਦਾ ਵਿਾ ਹੈ। ਸਤਿਗੁਰੂ ਨਾਨਕ ਦੇ ਅਵਤਾਰ ਤੇ ਸਿਧਤਾਂ ਬਾਰੇ ਇਉਂ ਦੱਸਿਆ ਹੈ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ।।

ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।।
ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।।
ਰਾਣਾ ਰੰਕ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।।
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।।
ਕਲਿ ਤਾਰਣਿ ਗੁਰੁ ਨਾਨਕੁ ਆਇਆ।।

ਸਤਿਗੁਰ ਨਾਨਕ ਦਾ ਸਿਧਾਂਤ ਪਾਰਬ੍ਰਹਮ ਦੀ ਏਕਤਾ, ਚਾਰ ਵਰਨਾਂ ਦੀ ਏਕਤਾ, ਰਾਣਾ ਰੰਕ ਦੀ ਬਰਾਬਰੀ ਨਿਮਰਤਾ ਤੇ ਪ੍ਰੇਮ ਦਾ ਹੈ।

**(ਸ) ਸ਼ੈਲੀ** : ਭਾਈ ਗੁਰਦਾਸ ਨੂੰ ਪੰਜਾਬੀ, ਬ੍ਰਜ, ਸੰਸਕ੍ਰਿਤ, ਫਾਰਸੀ ਤੇ ਪੂਰਾ ਅਧਿਕਾਰ ਸੀ। ਭਾਰਤੀ ਬਿੰਬਾਵਲੀ ਡੂੰਘਾਈ ਦਾ ਪਤਾ ਸੀ, ਮੌਲਿਕ ਬਿੰਬ ਤੇ ਚਿੱਤਰ ਘੜਨ ਦੀ ਸਮਰੱਥਾ ਸੀ ਤੇ ਕਲਪਨਾ ਸ਼ਕਤੀ, ਵਿਸ਼ਵਾਸ ਭਰਪੂਰ ਵਲਵਲਾ, ਗਿਆਨ, ਧਿਆਨ ਤੇ ਤਤ ਬੁਧਿ ਪ੍ਰਾਪਤ ਸਨ। ਇਨ੍ਹਾਂ ਗੁਣਾਂ ਕਰਕੇ ਆਪ ਦੀ ਸ਼ੈਲੀ ਬੜੀ ਸਮਰੱਥ, ਬਲਵਾਨ, ਸ਼ੋਰਦਾਰ, ਤੀਖਣ, ਤੇਜ਼ ਹੋ ਗਈ। ਸਿਧਾਂਤ ਦੀ ਸਪੱਸ਼ਟਤਾ, ਬਿੰਬਚਿੱਤਰ ਘੜਨ ਦੀ ਸਮਰੱਥਾ ਅਤੇ ਬੋਲੀਆਂ ਦਾ ਅਧਿਕਾਰ ਆਪ ਦੀ ਰਚਨਾ ਨੂੰ ਸ਼ਕਤੀਵਾਨ ਤੇ ਸੋਂਦਰਯ ਭਰਪੂਰ ਬਣਾਉਂਦੇ ਹਨ। ਪਮਾਣ ਵਜੋਂ ਇਕ ਕਥਿਤ ਸਿੱਖ ਸਿਧਾਂਤ ਅਨੁਸਾਰ ਗ੍ਰਹਿਸਤ ਦੀ ਮਹਾਨਤਾ ਬਾਰੇ ਦਰਜ ਕਰਦੇ ਹਾਂ :

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੋ,
ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ।।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,
ਧਾਤੁ ਮੈਂ ਕਨਿਕ ਅਤਿ ਉਤਮ ਕੈ ਮਾਨਿ ਹੈ।।
ਪੰਛੀਅਨ ਮੈ ਹੰਸੁ ਮ੍ਰਿਗਰਾਜਨ ਮੈਂ ਸਾਰਦੂਲ,
ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰੁ ਧਯਾਨਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।।

## ਸਾਰ-ਅੰਸ਼:

ਸੋ ਗੁਰਮਤਿ ਕਾਵਿਧਾਰਾ ਮੱਧਕਾਲੀ ਦੀ ਵੱਡੀ ਕਾਵਿਧਾਰਾ ਮੰਨੀ ਜਾਂਦੀ ਹੈ। ਗੁਰਮਤਿ ਕਾਵਿਧਾਰਾ ਧਾਰਾ, ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਪੇਸ਼ ਕਰਦੀ ਅਜਿਹੀ ਅਨੋਖੀ ਕਾਵਿਧਾਰਾ ਹੈ, ਜਿਸ ਦਾ ਇਕ ਸਿਰਾ ਅਧਿਆਤਮਵਾਦ ਦੇ ਖੇਤਰ ਵਿਚ ਵਿਚਰਦਾ ਰੂਹਾਨੀ ਵਿਕਾਸ ਪੜਾਵਾਂ ਵੱਲ ਸੰਕੇਤ ਕਰਦਾ ਹੈ ਤੇ ਦੂਸਰਾ ਸਿਰਾ ਲੌਕਿਕ ਜੀਵਨ ਦੇ ਅੰਤਰ ਦਵੰਦਾਂ ਵੱਲ ਸੰਕੇਤ ਕਰਦਾ, ਮਨੁੱਖ ਨੂੰ ਮਨੁੱਖੀ ਗੁਣਾਂ ਨਾਲ ਸੰਪੰਨ ਹੋਣ ਦੀ ਪ੍ਰੇਰਨਾ ਦਿੰਦਾ ਹੈ। ਇਸ ਕਾਵਿਧਾਰਾ ਦੇ ਸੰਸਥਾਪਕ ਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰ ਨਾਨਕ ਦੇਵ ਜੀ ਹਨ, ਉਨ੍ਹਾਂ ਤੋਂ ਬਿਨਾਂ ਪਹਿਲੇ ਪੰਜ ਗੁਰੂ ਸਾਹਿਬਾਨ, ਨੋਵੇਂ ਗੁਰੂ, ਭਗਤ ਕਵੀ, ਗੁਰੂ ਘਰ ਦੇ ਸ਼ਰਧਾਲੂ ਸੱਤਾ ਬਲਵੰਡ ਬਾਬਾ ਸੁੰਦਰ ਜੀ ਵਰਗੇ ਸੰਤ ਕਵੀਆਂ ਨੂੰ ਵੀ ਇਸ ਕਾਵਿਧਾਰਾ ਅੰਦਰ ਵਿਚਾਰਿਆ ਜਾਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਮਨੀ ਸਿੰਘ ਦੀ ਭਗਤ ਰਤਨਾਵਲੀ ਵੀ ਇਸੇ ਲੜੀ ਦੀ ਰਚਨਾ ਮੰਨੀ ਗਈ ਹੈ। ਗੁਰਮਤਿ ਕਾਵਿਧਾਰਾ ਦੇ ਸੰਲਕਪ, ਵਿਸ਼ੇਸ਼ਤਾਵਾਂ ਅਤੇ ਸਮੂਹ ਗੁਰਮਤਿ ਕਵੀਆਂ ਦੇ ਯੋਗਦਾਨ ਨੂੰ ਉਪਰੋਕਤ ਵਿਚਾਰਾ ਦੇ ਅਧਾਰ 'ਤੇ ਸਮਝਿਆਂ ਜਾ ਸਕਦਾ ਹੈ।

## ਕੇਂਦਰੀ ਸ਼ਬਦ:

ਗੁਰਮਤਿ---ਇਕ ਵਿਚਾਰਧਾਰਾ ਦਾ ਨਾਮ
ਗੁਰਿਆਈ---ਗੁਰਗੱਦੀ
ਸੰਕਲਨ---ਸੰਪਾਦਨਾ
ਗੁਰਮੁੱਖ---ਗੁਰੂ ਦੁਆਰਾ ਦੱਸੇ ਰਸਤੇ ਅਨੁਸਾਰ ਜੀਵਨ ਜਿਊਣ ਵਾਲਾ ਵਿਅਕਤੀ
ਮਨਮੁੱਖ----ਆਪਣੇ ਮਨ ਪਿੱਛੇ ਲੱਗਣ ਵਾਲਾ ਵਿਅਕਤੀ
ਰਹਿਤਨਾਮਾ---ਰਹਿਣ ਢੰਗ



## ਸਵੈ-ਮੁਲਾਂਕਣ:

1. ਗੁਰਮਤਿ ਕਾਵਿਧਾਰਾ ਦੇ ਮੋਢੀ ਕੋਣ ਸਨ।

ੳ. ਗੁਰੂ ਨਾਨਕ ਦੇਵ　　　　ਅ. ਗੁਰੂ ਅਰਜਨ ਦੇਵ

ੲ. ਗੁਰੂ ਗੋਬਿੰਦ ਸਿੰਘ　　　ਸ. ਭਗਤ ਨਾਮਦੇਵ

2. ਕਿਸ ਕਾਲ ਨੂੰ ਸੁਨਿਹਰੀ ਕਾਲ ਕਿਹਾ ਜਾਦਾ ਹੈ।

ੳ. ਮੱਧਕਾਲ　　　ਅ. ਆਧੁਨਿਕ ਕਾਲ

ੲ. ਉੱਤਰ ਆਧਨਿਕ ਕਾਲ　　　ਸ. ਸੰਕ੍ਰਾਂਤੀ ਕਾਲ

3. ਕਿਸ ਗੁਰੂ ਸਾਹਿਬਾਨ ਨੇ ਚੰਡੀ ਦੀ ਵਾਰ ਦੀ ਰਚਨਾ ਕੀਤੀ।

ੳ. ਗੁਰੂ ਨਾਨਕ ਦੇਵ　　　ਅ. ਗੁਰੂ ਅਰਜਨ ਦੇਵ

ੲ. ਗੁਰੂ ਗੋਬਿੰਦ ਸਿੰਘ　　　ਸ. ਗੁਰੂ ਹਰਗੋਬਿੰਦ ਜੀ

4. ਗੁਰਬਾਣੀ ਦੀ ਕੁੰਜੀ ਦਾ ਦਰਜ਼ਾ ਕਿਸ ਕਵੀ ਨੂੰ ਪ੍ਰਾਪਤ ਹੈ।

ੳ. ਬਾਬਾ ਫ਼ਰੀਦ ਜੀ　　　ਅ. ਸੱਤਾ ਤੇ ਬਲਵੰਡ

ੲ. ਭਾਈ ਗੁਰਦਾਸ ਜੀ　　　ਸ. ਧੰਨਾ ਭਗਤ

5. ਗੁਰਮਤਿ ਕਾਵਿਧਾਰਾ ਵਿੱਚ ਸਭ ਤੋਂ ਵਧੇਰੇ ਵਾਰਾਂ ਲਿਖਣ ਵਾਲੇ ਕਵੀ ਦਾ ਨਾਂ ਦੱਸੋ।

ੳ. ਬਾਬਾ ਫ਼ਰੀਦ ਜੀ　　　ਅ. ਭਗਤ ਕਬੀਰ

ੲ. ਭਾਈ ਗੁਰਦਾਸ ਜੀ　　　ਸ. ਭਗਤ ਨਾਮਦੇਵ

6. ਗੁਰੂ ਗ੍ਰੰਥ ਸਾਹਿਬ ਜੀਵਿੱਚ ਕਿੰਨੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ।

ੳ. ਦਸ　　　ਅ. ਨੌ

ੲ. ਛੇ　　　ਸ. ਸਤ

7. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

ੳ. 1479　　　ਅ. 1469

ੲ. 1569　　　ਸ. 1579

8.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਧ ਬਾਣੀ ਦੇ ਕਰਤਾ ਕੌਣ ਹਨ:

ੳ. ਗੁਰੂ ਨਾਨਕ ਦੇਵ ਜੀ　　　ਅ. ਗੁਰੂ ਅਮਰਦਾਸ ਜੀ

ੲ. ਗੁਰੂ ਅਰਜਨ ਦੇਵ ਜੀ　　　ਸ. ਗੁਰੂ ਰਾਮਦਾਸ ਜੀ

9. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ, ਕਿਉਂਕਿ:

ੳ. ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਦਰਜ ਹੈ।　　　ਅ. ਇਨ੍ਹਾਂ ਤੋਂ ਬਿਨ੍ਹਾਂ ਬਾਣੀ ਸਮਝ ਨਹੀਂ ਆ ਸਕਦੀ।

ੲ. ਇਹ ਗੁਰਬਾਣੀ ਦਾ ਅਤਿ ਮਹੱਤਵਪੂਰਨ ਅੰਗ ਹਨ।　　　ਸ. ਇਨ੍ਹਾਂ ਵਿਚ ਬਾਣੀ ਦੇ ਮੂਲ ਸਿਧਾਂਤਾ ਦੀ ਸਰਲ ਵਿਆਖਿਆ ਹੈ।

10. ਗੁਰੂ ਗ੍ਰੰਥ ਸਾਹਿਬ ਵਿਚ ਵਾਰਾਂ ਦੀ ਗਿਣਤੀ ਹੈ:

ੳ. ਇੱਕਤੀ　　　ਅ. ਬਾਈ

ੲ. ਇੱਕੀ　　　ਸ. ਇੱਕਵੰਜਾ

11. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ:

ੳ. 6 ਭਗਤਾਂ ਦੀ ।　　　ਅ. 16 ਭਗਤਾਂ ਦੀ ।

ੲ. 15 ਭਗਤਾਂ ਦੀ ।　　　ਸ. 11 ਭਗਤਾਂ ਦੀ ।

12. ਕਿਹੜੀ ਮੱਧਕਾਲੀ ਕਾਵਿਧਾਰਾ ਸਭ ਤੋਂ ਵੱਧ ਮੱਧਕਾਲੀ ਰਾਜਸੀ ਪਹਿਲੂਆਂ ਨਾਲ ਜਾਣ-ਪਹਿਚਾਣ ਕਰਵਾਉਂਦੀ :

ੳ. ਸੂਫ਼ੀ ਕਾਵਿਧਾਰਾ ਧਾਰਾ　　　ਅ. ਗੁਰਮਤਿ ਕਾਵਿਧਾਰਾ ਧਾਰਾ

ੲ. ਕਿੱਸਾ ਕਾਵਿਧਾਰਾ ਧਾਰਾ　　　ਸ. ਉਪਰੋਕਤ ਕੋਈ ਵੀ ਨਹੀਂ

13. ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਉਪਰੋਕਤ ਕਾਵਿਧਾਰਾ ਸਤਰਾਂ ਦਾ ਲੇਖਕ ਕੌਣ ਹੈ:

ੳ. ਗੁਰੂ ਨਾਨਕ ਦੇਵ ਜੀ　　　ਅ. ਗੁਰੂ ਅੰਗਦ ਦੇਵ ਜੀ

ੲ. ਗੁਰੂ ਅਮਰਦਾਸ ਜੀ　　　ਸ. ਗੁਰੂ ਅਰਜਨ ਦੇਵ ਜੀ

14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਾਰਾਂ ਵਿਚੋਂ ਕਿੰਨੀਆਂ ਵਾਰਾਂ ਨੂੰ ਲੋਕ ਧੁਨੀ ਦੀਆਂ ਵਾਰਾਂ 'ਤੇ ਗਾਉਣ ਦਾ ਆਦੇਸ਼ ਹੈ?

ੳ. 22　　　ਅ. 9

ੲ. 6　　　ਸ. 3

15. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ:

ੳ. ਅਲਾਹੁਣੀਆਂ                    ਅ. ਬਾਰਾਮਾਹ

ੲ. ਸੁਖਮਨੀ ਸਾਹਿਬ                  ਸ. ਜਪੁਜੀ

## ਅਭਿਆਸ ਪ੍ਰਸ਼ਨ:

1. ਗੁਰਮਤਿ ਕਾਵਿਧਾਰਾ ਦੇ ਸੰਕਲਪ ਬਾਰੇ ਲਿਖੋ?
2. ਗੁਰਮਤਿ ਕਾਵਿਧਾਰਾ ਦੇ ਲੱਛਣ/ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਓ?
3. ਗੁਰਮਤਿ ਕਾਵਿਧਾਰਾ ਦੀ ਪ੍ਰਵਿਰਤੀਆਂ ਬਾਰੇ ਜਾਣਕਾਰੀ ਦਿਓ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਗੁਰੂ-ਕਵੀਆਂ ਬਾਰੇ ਜਾਣਕਾਰੀ ਦਿਓ?
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਭਗਤ-ਕਵੀਆਂ ਬਾਰੇ ਜਾਣਕਾਰੀ ਦਿਓ?
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਭਟ-ਕਵੀਆਂ ਬਾਰੇ ਜਾਣਕਾਰੀ ਦਿਓ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.

2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.

3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.

4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਮਹੱਤਵਪੂਰਨ ਲਿੰਕ:

https://www.youtube.com/watch?v=VmLI1J2S6qg

## ਉੱਤਰਮਾਲਾ:

| | | | | |
|---|---|---|---|---|
| 1. ੳ | 2. ੳ | 3. ੲ | 4. ੲ | 5. ੲ |
| 6. ੲ | 7. ਅ | 8. ੲ | 9. ਸ | 10. ਅ |
| 11.ੲ | 12. ਅ | 13. ੳ | 14. ਅ | 15. ੲ |

**DPBI501**

# ਅਧਿਆਇ - 10: ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਗੁਰਮਤਿ ਕਾਵਿਧਾਰਾ ਦੇ ਸੰਕਲਪ ਨੂੰ ਸਮਝਣ ਦੇ ਸਮਰੱਥ ਹੋਣਗੇ।
- ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਹਰ ਧਰਮ ਵਿਚ ਉਸਦੇ ਧਾਰਮਿਕ ਗ੍ਰੰਥ ਦਾ ਬਹੁਤ ਮਹੱਤਵ ਹੁੰਦਾ ਹੈ।ਸਿੱਖ ਧਰਮ ਦੇ ਧਾਰਮਿਕ ਗ੍ਰੰਥ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਹੈ। ਇਸ ਨੂੰ ਆਦਿ ਗ੍ਰੰਥ ਵੀ ਕਿਹਾ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 5ਵੇ ਗੁਰੂ ਸਹਿਬਾਨ ਗੁਰੂ ਅਰਜਨ ਦੇਵ ਜੀ ਨੇ 1601 ਵਿੱਚ ਸ਼ੁਰੂ ਕੀਤਾ।ਇਹ ਕਾਰਜ 1604 ਵਿਚ ਪੂਰਾ ਹੋਇਆ।ਇੰਦਰ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ । ਭਾਈ ਗੁਰਦਾਸ ਇੰਦਰ ਪਹਿਲੇ ਲਿਖਾਰੀ ਸਨ। ਇਸ ਵਿਚ ਸਿੱਖ ਧਰਮ ਦੇ ਮੂਲ ਸਿਧਾਂਤ ਤੇ ਜੀਵਨ ਜਾਂਚ ਨੂੰ ਇਸੇ ਕੀਤਾ ਗਿਆ ਹੈ। ਇਸ ਵਿਚ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੇ ਭੱਟਾਂ, ਭਗਤਾਂ, ਗੁਰੂਆਂ, ਗੁਰੂ-ਸਿੱਖਾਂ ਸ਼ਰਧਾਲੂਆਂ ਦੀ ਬਾਣੀ ਦਰਜ ਹੈ । ਗੁਰਮਤਿ ਕਾਵਿਧਾਰਾ ਦੇ ਸਾਰੇ ਕਵੀ ਆਪਣੀਆਂ ਰਚਨਾਵਾਂ ਰਾਹੀ ਸਰਬ ਸਾਂਝੀ ਭਾਈਵਾਲਤਾ ਦਾ ਸੰਦੇਸ਼ ਦਿੰਦੇ ਹਨ।ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਬਾਣੀ ਦੀ ਵਿਚਾਰਧਾਰਾ ਨੂੰ ਗੁਰਮਤ ਵਿਚਾਰਧਾਰਾ ਦਾ ਨਾਮ ਦਿੱਤਾ ਗਿਆ ਹੈ।ਇਸ ਗ੍ਰੰਥ ਵਿਚ ਧਾਰਮਿਕ, ਸਮਾਜਿਕ, ਅਤੇ ਸਾਹਿਤਕ ਵਿਚਾਰਧਾਰਾ ਦਾ ਬਹੁਤ ਮਹੱਤਵ ਹੈ। ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।

## ਵਿਸ਼ਾ ਵਸਤੂ:

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਇਸ ਦੇ ਸੰਪਾਦਨ ਹੋਣ ਦੀ ਗੱਲ ਆਉਂਦੀ ਹੈ। ਇਹ ਮਹਾਨ ਗ੍ਰੰਥ ਪੰਜਾਬੀ ਸਾਹਿਤ ਦਾ ਪਹਿਲਾ ਸੰਪਾਦਿਤ ਗ੍ਰੰਥ ਹੈ। 1604 ਈ: ਵਿਚ ਗੁਰੂ ਅਰਜਨ ਦੇਵੇ ਜੀ ਨੇ ਇਸ ਦੀ ਸੰਪਾਦਨਾ ਕੀਤੀ। ਉਹਦਾ ਨੇ ਪਹਿਲੇ 4 ਗੁਰੂ ਸਹਿਬਾਨਾ ਅਤੇ ਆਪਣੀ ਬਾਣੀ ਨੂੰ ਇਸ ਵਿੱਚ ਦਰਜ ਕੀਤਾ। ਸਿੱਖ ਗੁਰੂਆਂ ਤੋਂ ਇਲਾਵਾ ਭਾਰਤ ਦੇ ਵੱਖ- ਵੱਖ ਇਲਾਕਿਆਂ ਦੇ ਸੰਤਾ, ਭਗਤਾ, ਭੱਟਾਂ ਦੀ ਬਾਣੀ ਵੀ ਦਰਜ ਹੈ। ਇਸ ਗ੍ਰੰਥ ਨੂੰ ਆਦਿ ਗ੍ਰੰਥ ਦੇ ਨਾਮ ਨਾਲ ਜਾਣਿਆ ਜਾਂਦਾ ਸੀ।ਬਾਅਦ ਵਿਚ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਦਰਜ ਕੀਤੀ ਨਾਲ ਹੀ ਉਹਨਾ ਨੇ ਦੇਹ ਧਾਰੀ ਗੁਰੂ ਦੀ ਪ੍ਰਥਾ ਨੂੰ ਸਮਾਪਤ ਕਰਦੇ ਹੋਏ ਸ਼ਬਦ ਗੁਰੂ ਦਾ ਸੰਕਲਪ ਪੇਸ਼ ਕੀਤਾ ਜਿਸ ਵਿਚ ਇਸ ਮਹਾਨ ਗ੍ਰੰਥ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੇ ਸਿੱਖਾਂ ਨੂੰ ਸੰਬੋਧਨ ਕਰਦੇ ਹੋਏ ਇਹ ਸ਼ਬਦ ਕਹੇ:-

ਸਭ ਸਿਖਨੁ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ

ਜਿਵੇਂ ਦੱਸਿਆ ਜਾ ਚੁੱਕਾ ਹੈ, ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਦੀ ਸੰਪਾਦਨਾ ਦਾ ਕੰਮ ਸਿਰੇ ਚਾੜ੍ਹਿਆ ਪਰ ਇਸ ਤੋਂ ਇਹ ਸਿੱਟਾ ਕੱਢਣਾ ਗ਼ਲਤ ਹੋਵੇਗਾ ਕਿ ਐਸਾ ਗ੍ਰੰਥ ਸੰਪਾਦਨ ਕਰਨ ਦਾ ਸੰਕਲਪ ਵੀ ਉਨ੍ਹਾਂ ਦਾ ਹੀ ਸੀ। ਜਿਸ ਬਾਣੀ ਨੂੰ ਗੁਰੂ ਨਾਨਕ ਦੇਵ ॥ਖਸਮ ਕੀ ਬਾਣੀ ਕਹਿੰਦੇ ਸਨ, ਉਸ ਦੇ ਸੰਕਲਨ ਬਾਰੇ ਵੀ ਉਹ ਚੇਤੰਨ ਸਨ। ਉਨ੍ਹਾਂ ਆਪ ਆਪਣੀ ਸਾਰੀ ਬਾਣੀ ਸੰਕਲਪ ਕੀਤੀ। ਆਪ ਨੇ ਆਪਣੀ ਸਾਰੀ ਬਾਣੀ ਆਪਣੇ ਪਹਿਲੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ-ਗੱਦੀ ਦੇਣ ਸਮੇਂ ਨਾਲ ਦਿੱਤੀ। ਗੁਰੂ ਅੰਗਦ ਦੇਵ ਜੀ ਨੇ ਉਸ ਬਾਣੀ ਵਿਚ ਆਪਣੀ ਬਾਣੀ ਵਧਾਈ ਤੇ ਉਸ ਨੂੰ ਕੋਈ ਤਰਤੀਬ ਦਿੱਤੀ। ਗੁਰੂ ਅਮਰਦਾਸ, ਤੀਜੇ ਗੁਰੂ ਸਾਹਿਬ ਨੇ ਤਾਂ ਇਸ ਬਾਣੀ ਨੂੰ ਰਚੀ ਬਾਣੀ ਤੋਂ ਪੂਰੀ ਤਰ੍ਹਾਂ ਨਿਖੇੜ ਕੇ ਰੱਖਣ ਦਾ ਉਪਰਾਲਾ ਕੀਤਾ। ਆਪ ਨੇ ਸਾਰੀ ਬਾਣੀ ਦਾ ਗ੍ਰੰਥ ਤਿਆਰ ਕਰਾ ਦਿੱਤਾ, ਦੋ ਜਾਂ ਤਿੰਨ ਪੋਥੀਆਂ ਵਿਚ ਗੁਰੂ ਰਾਮਦਾਸ ਜੀ ਆਪ ਜਪੁ ਦੀਆਂ ਨਕਲਾਂ (ਉਤਾਰੇ) ਕਰਦੇ ਦੱਸੇ ਗਏ ਹਨ। ਗੁਰੂ ਅਰਜਨ ਨੇ ਪਿਉ ਦਾਦੇ ਦਾ ਸਾਰਾ ਖ਼ਜ਼ਾਨਾ (ਬਾਣੀ ਦਾ ਸੰਗ੍ਰਹਿ) ਖੋਲ੍ਹ ਕੇ ਦੇਖਿਆ।

ਹਮ ਧਨਵੰਤ ਭਾਗਠ ਸਚ ਨਾਇ।।
ਹਰਿ ਗੁਣ ਗਾਵਹ ਸਹਜਿ ਸੁਭਾਇ।।
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।।
ਤਾ ਮੇਰੇ ਮਨਿ ਭਇਆ ਨਿਧਾਨਾ।।
ਰਤਨ ਲਾਲ ਜਾ ਕਾ ਕਛੂ ਨ ਮੋਲੁ।।
ਭਰੇ ਭੰਡਾਰ ਅਖੂਟ ਅਤੋਲ।।
ਖਾਵਹਿ ਖਰਚਹਿ ਰਲਿ ਮਿਲਿ ਭਾਈ।। ਤੋਟਿ ਨਾ ਆਵੈ ਵਧਦੋ ਜਾਈ।।
ਕਹੁ ਨਾਨਕ ਜਿਸੁ ਮਸਤਿਕਿ ਲੇਖਿ ਲਿਖਾਇ।। ਸੁ ਏਤੁ ਖਜਾਨੈ ਲਇਆ ਰਲਾਇ।।

ਇਹ ਖ਼ਜ਼ਾਨਾ ਬਹੁਤ ਵਿਸਤ੍ਰਿਤ ਹੋ ਚੁੱਕਾ ਸੀ। ਗੁਰੂ ਅਰਜਨ ਸਾਹਿਬ ਨੇ ਆਪ ਬਹੁਤ ਭਾਰੀ ਵਾਧਾ ਇਸ ਵਿਚ ਕੀਤਾ। ਸੋ ਆਪ ਨੇ ਇਸ ਖ਼ਜ਼ਾਨੇ ਨੂੰ ਨਵੀਂ ਸਿਕੇਬੰਦ ਵਿਉਂਤ, ਤਰਤੀਬ ਵਿਚ ਲਿਆਂਦਾ। ਐਸਾ ਕਰਨ ਲਈ ਆਪ ਨੇ ਵੇਦਾਂ ਆਦਿ ਦੀ ਤਰਤੀਬ ਦੇਖੀ (ਬਹੁਤ ਸਾਸਤ੍ਰ ਬਹੁਤ ਸਿਮ੍ਰਿਤੀ ਪੇਖੇ ਸਰਬ ਢਢੋਲਿਗੁਰੂ ਅਰਜਨ) ਆਪ ਨੇ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਦੀ ਤਰਤੀਬ ਦੇਖੀ ਜੋ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਵਿਚ ਸਹੰਸਰਰਾਮ ਨੇ ਤਿਆਰ ਕੀਤੀਆਂ ਸਨ।

## ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ:

ਗੁਰੂ ਅਰਜੁਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਕਈ ਬੁਨਿਆਦੀ ਨਿਰਣੇ ਕੀਤੇ। ਪਹਿਲਾਂ ਤੇ ਇਹ ਸੀ ਕਿ ਸਾਰੀ ਬਾਣੀ ਗੁਰਮੁਖੀ ਅਖਰਾਂ ਵਿੱਚ ਕਰ ਦਿੱਤੀ ਜਾਵੇ। (ਸੂਰਜ ਪ੍ਰਕਾਸ਼ ਨੇ ਜ਼ਿਕਰ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਗਿਆ ਕੀਤੀ ਕਿ ਸਾਰੀ ਬਾਣੀ ਗੁਰਮੁਖੀ ਲਿਪੀ ਵਿਚ ਕੀਤੀ ਜਾਵੇ)। ਸਿੱਧ ਹੈ ਕਿ ਪਹਿਲੇ ਗੁਰੂ ਸਾਹਿਬਾਨ ਨੇ ਹੋਰ ਲਿਪੀਆਂ ਵਰਤੀਆਂ ਹੋਈਆਂ ਸਨ। ਦੂਜਾ ਮੁਖ ਨਿਰਣਾ ਆਪ ਨੇ ਇਹ ਕੀਤਾ ਕਿ ਸਾਰੀ ਬਾਣੀ ਰਾਗਾਂ ਅਨੁਸਾਰ ਤਰਤੀਬੀ ਜਾਵੇ। ਤੀਜਾ ਨਿਰਣਾ ਇਹ ਕੀਤਾ ਕਿ ਹੋਰ ਰਾਗ ਵਿਚ ਬਾਣੀ ਕਾਵਿ ਰੂਪਾਂ ਅਨੁਸਾਰ ਰੱਖੀ ਜਾਵੇ, ਚੌਥਾ, ਹਰ ਕਾਵਿ ਰੂਪ ਦੀ ਬਾਣੀ ਮਹਲਿਆਂ ਤੇ ਭਗਤਾਂ ਦੀ ਤਰਤੀਬ ਵਿਚ ਰੱਖੀ ਜਾਵੇ। ਸੋ ਗੁਰੂ ਗ੍ਰੰਥ

ਸਾਹਿਬ ਜੀ ਵਿਚ ਦਰਜ ਹੋਣ ਵਾਲੀ ਸਮਸਤ ਬਾਣੀ ਤੇਤੀ ਭਾਗਾਂ ਵਚ ਆਈ ਹੋਈ ਹੈ। ਪਹਿਲਾਂ ਤੇ ਅੰਤਲਾ ਭਾਗ ਰਾਗ ਮੁਕਤ ਹਨ, ਵਿਚਾਲੇ ਸਾਰੀ ਬਾਣੀ ਨਿਮਨ ਇਕੱਤੀ ਰਾਗਾਂ ਵਿਚ ਹੈ।

| | | | | | |
|---|---|---|---|---|---|
| 1. | ਸਿਰੀ ਰਾਗੁ | 2. | ਰਾਗੁ ਮਾਝ | 3. | ਰਾਗੁ ਗਉੜੀ |
| 4. | ਰਾਗੁ ਆਸਾ | 5. | ਰਾਗੁ ਗੁਜਰੀ | 6. | ਰਾਗੁ ਦੇਵਗੰਧਾਰੀ |
| 7. | ਰਾਗੁ ਬਿਹਾਗੜਾ | 8. | ਰਾਗੁ ਵਡਹੰਸੁ | 9. | ਰਾਗੁ ਸੋਰਠਿ |
| 10. | ਰਾਗੁ ਧਨਾਸਰੀ | 11. | ਰਾਗੁ ਜੈਤਸਰੀ | 12. | ਰਾਗੁ ਟੋਡੀ |
| 13. | ਰਗੁ ਬੈਰਾੜੀ | 14. | ਰਾਗੁ ਤਿਲੰਗ | 15. | ਰਾਗੁ ਸੂਹੀ |
| 16. | ਰਾਗੁ ਬਿਲਾਵਲੁ | 17. | ਰਾਗੁ ਗੋਡ | 18. | ਰਾਗੁ ਰਾਮਕਲੀ |
| 19. | ਰਾਗੁ ਨਟ ਨਾਰਾਇਣ | 20. | ਰਾਗੁ ਮਾਲੀ ਗਉੜਾ | 21. | ਰਾਗੁ ਮਾਰੂ |
| 22. | ਰਾਗੁ ਤੁਖਾਰੀ | 23. | ਰਾਗੁ ਕੇਦਾਰਾ | 24. | ਰਾਗੁ ਭੈਰਉ |
| 25. | ਰਾਗੁ ਬਸੰਤੁ | 26. | ਰਾਗੁ ਸਾਰੰਗ | 27. | ਰਾਗੁ ਮਲਾਰ |
| 28. | ਰਾਗੁ ਕਾਨੜਾ | 29. | ਰਾਗੁ ਕਲਿਆਨ | 30. | ਰਾਗੁ ਪ੍ਰਭਾਤੀ |
| 31. | ਰਾਗੁ ਜੈਜਾਵੰਤੀ | | | | |

ਪਹਿਲਾ ਭਾਗ ਨਿਤਨੇਮ ਦੀਆਂ ਬਾਣੀਆਂ ਦਾ ਹੈ। ਜਪੁ, ਸੋਦਰੁ, ਸੋ ਪੁਰਖ ਤੇ ਸੋਹਿਲਾ, ਅੰਤਲੇ ਭਾਗ ਵਿਚ ਅੰਤਕੇ ਵਜੋਂ ਫੁਟਕਲ ਬਾਣੀਆਂ ਜਿਵੇਂ ਸਹਸਕ੍ਰਿਤੀ, ਸਲੋਕ, ਸਵਈਏ, ਸਲੋਕ ਵਾਰਾਂ ਤੇ ਵਧੀਕ ਆਦਿ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਕੁਲ ਪੰਨੇ 1430 ਹਨ ਅਤੇ ਪੰਨਾ 14 ਤੋਂ 1352 ਤੀਕ ਸਾਰੀ ਬਾਣੀ ਇਕੱਤੀ ਰਾਗਾਂ ਵਿਚ ਤਰਤੀਬ ਹੋਈ ਹੈ।

ਹਰ ਭਾਗ ਵਿਚ ਬਾਣੀ ਇਨ੍ਹਾਂ ਕਾਵਿ ਰੂਪਾਂ ਵਿਚ ਇਸੇ ਤਰਤੀਬ ਵਿਚ ਵੰਡੀ ਹੋਈ ਹੈ।

**ਪ੍ਰਮਾਣਿਕ ਕਾਵਿ ਰੂਪ**

| | | | | | |
|---|---|---|---|---|---|
| 1. | ਦੁਪਦੇ | 2. | ਤਿਪਦੇ | 3. | ਚਉਪਦੇ |
| 4. | ਪੰਜ ਪਦੇ | 5. | ਛੇ ਪਦੇ | 6. | ਸਤਪਦੇ, ਆਦਿ |
| 7. | ਅਸ਼ਟਪਦੀਆਂ | 8. | ਨੌ ਪਦੀਆਂ | 9. | ਦਸਪਦੀਆਂ, ਆਦਿ |
| 10. | ਸੋਲਹੇ (ਰਾਗ ਮਾਰੂ ਵਿਚ) | 11. | ਛੰਤ | 12. | ਵਾਰਾਂ (ਸਲੋਕ,ਪਉੜੀਆਂ) |
| 13. | ਸਲੋਕ | 14. | ਸ਼ਬਦ | | |

**ਵਿਸ਼ੇਸ਼ ਕਾਵਿ ਰੂਪ ਜਿਸ ਬਾਣੀ ਵਿੱਚ ਵਰਤੇ ਗਏ ਉਹ ਬਾਣੀ ਅਸ਼ਟਪਦੀਆਂ ਤੇ ਛੰਦਾਂ ਦੇ ਵਿਚਾਲੇ ਹੈ। ਇਹ ਹਰ ਰਾਗ ਵਿਚ ਨਹੀਂ ਵਰਤੇ ਗਏ। ਇਹ ਕਾਵਿ ਰੂਪ ਇਸ ਤਰ੍ਹਾਂ ਵਿਦਮਾਨ ਹਨ :**

| | | | |
|---|---|---|---|
| 1. | ਪਹਰੇ ਮ 4 (ਸਿਰੀ ਰਾਗ) | 2. | ਵਣਜਾਰਾ (ਸਿਰੀ ਰਾਗ) |
| 3. | ਛਿੰਝ ਮ 5 (ਸਿਰੀ ਰਾਗ) | 4. | ਕਰਹਲੇ ਮ 4 (ਗਉੜੀ) |
| 5. | ਸੋਦਰ ਮ 1 (ਆਸਾ) | 6. | ਸੋ ਪੁਰਖ ਮ 4 (ਆਸਾ) |
| 7. | ਸਿਰਹੜੇ ਮ 5 (ਆਸਾ) | 8. | ਘੋੜੀਆਂ ਮ 4 (ਵਡਹੰਸ) |
| 9. | ਅਲਾਹੁਣੀਆਂ ਮ 1 (ਵਡਹੰਸ) | 10. | ਕੁਚਜੀ ਮ 1 (ਸੂਹੀ) |
| 11. | ਸੁਚਜੀ ਮ 1 (ਸੂਹੀ) | 12. | ਗੁਣਵੰਤੀ ਮ 5 (ਸੂਹੀ) |

**ਕੁਝ ਸਿਰਲੇਖਾਂ ਵਾਲੀਆਂ ਬਾਣੀਆਂ ਇਸ ਤਰ੍ਹਾਂ ਵਿਦਮਾਨ ਹਨ:**

**ਜਪੁ**

**ਸੋਹਿਲਾ**

| | | | |
|---|---|---|---|
| 1. | ਬਾਰਹਮਾਹ ਮ 5 (ਮਾਝ) | 2. | ਦਿਨ ਰੈਣ ਮ 5 (ਮਾਝ) |
| 3. | ਬਾਵਨ ਅੱਖਰੀ ਮ 5 (ਗਉੜੀ) | 4. | ਸੁਖਮਨੀ ਮ 5 (ਗਉੜੀ) |
| 5. | ਥਿਤੀ ਮ 5 (ਗਉੜੀ) | 6. | ਪੱਟੀ ਮ 1 (ਆਸਾ) |
| 7. | ਪੱਟੀ ਮ 3 (ਆਸਾ) | 8. | ਵਾਰ ਸਤੁ ਮ 3 (ਬਿਲਾਵਲ) |
| 9. | ਅਨੰਦੁ ਮ 3 (ਰਾਮਕਲੀ) | 10. | ਸਦੁ ਸੁੰਦਰ ਜੀ) (ਰਾਮਕਲੀ) |
| 11. | ਓਅੰਕਾਰ ਮ਼ 1 (ਰਾਮਕਲੀ) | 12. | ਸਿੱਧ ਗੋਸਟਿ ਮ 1 (ਰਾਮਕਲੀ) |
| 13. | ਬਾਰਹਮਾਹ ਮ 1 (ਤੁਖਾਰੀ) | 14. | ਗਾਥਾ ਮ 5 |
| 15. | ਫੁਨਹੇ ਮ 5 | 16. | ਚਉਬੋਲੋ ਮ 5 |
| 17. | ਸਵੱਯੇ | 18. | ਮੁੰਦਾਵਣੀ |
| 19. | ਰਾਗ ਮਾਲਾ | | |

ਇਸੇ ਤਰਤੀਬ ਦਾ ਅਗਲਾ ਪੱਖ ਇਹ ਹੈ ਕਿ ਹਰ ਕਾਵਿ ਰੂਪ ਵਿਚ ਬਾਣੀ ਗੁਰੂ ਵਿਅਕਤੀ ਜਾਂ ਮਹੱਲਾ ਅਨੁਸਾਰ ਤਰਤੀਬੀ ਹੈ। ਸਭ ਤੋਂ ਪਹਿਲਾਂ ਹਰ ਕਾਵਿ ਰੂਪ ਵਿਚ ਗੁਰੂ ਨਾਨਕ (ਮਹਲਾ 1) ਦੀ ਬਾਣੀ ਆਵੇਗੀ, ਫਿਰ ਮਹਲੇ ਤੀਜੇ ਦੀ, ਚੌਥੇ ਦੀ, ਪੰਜਵੇਂ ਦੀ, ਨੌਵੇਂ ਦੀ, ਇਸੇ ਤਰ੍ਹਾਂ ਭਗਤ ਬਾਣੀ ਦੀ ਵੀ ਕੁਝ ਤਰਤੀਬ ਹੈ। ਹਰ ਰਾਗ ਵਿਚ ਪਹਿਲਾਂ ਕਬੀਰ ਜੀ ਦੀ ਬਾਣੀ ਹੈ, ਫਿਰ ਨਾਮਦੇਵ ਜੀ ਦੀ, ਫਿਰ ਰਵਿਦਾਸ ਜੀ ਦੀ, ਮਗਰੋਂ ਹੋਰ ਭਗਤਾਂ ਦੀ ਅਤੇ ਅੰਤ ਤੇ ਫਰੀਦ ਜੀ ਦੀ।

ਸੰਪਾਦਨਾ ਦੇ ਪੱਖੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਇਕ ਮਹਾਨ ਪ੍ਰਾਪਤੀ ਹੈ। ਇਤਨੀ ਵਿਸਤ੍ਰਿਤ ਤੇ ਵਿਸ਼ਾਲ ਕਾਵਿਧਾਰਾ ਸਾਮਗ੍ਰੀ ਨੂੰ ਰਾਗਾਂ ਵਿਚ ਤਰਤੀਬਣਾ ਹੀ ਕਾਫੀ ਪ੍ਰਾਪਤੀ ਹੈ, ਕਾਵਿ ਰੂਪਾਂ  ਵਿਚ ਤਰਤੀਬਣਾ ਹੋਰ ਵੀ ਪ੍ਰਾਪਤੀ ਹੈ। ਪਰ ਗੱਲ ਇਤਨੀ ਹੀ ਨਹੀਂ ਹੈ। ਹਰ ਰਾਗ ਵਿਚ ਤਰਤੀਬੀ ਗਈ ਸਾਰੀ ਰਚਨਾ ਉਸ ਰਾਗ ਦੀ ਪ੍ਰਤੀਭਾ ਅਨੁਸਾਰ ਹੈ। ਹਰ ਕਾਵਿ ਰੂਪ ਵਿਚ ਵੀ ਵਿਚਾਰ ਦੀ ਕੋਈ ਸੰਗਲੀ ਹੈ। ਵਾਰਾਂ ਵਿਚ ਪਉੜੀਆਂ ਨਾਲ ਸਲੋਕਾਂ ਦੇ ਲਗਾਉਣ ਲਈ ਅਗੰਮੀ ਸੂਝ ਦੀ ਲੋੜ ਸੀ। ਭਗਤ ਬਾਨੀ ਵਿਚ ਸੰਪਾਦਨ ਨੇ ਸੋਧ-ਸੁਧਾਈ ਵੀ ਕੀਤੀ ਹੈ, ਕਈ ਥਾਈਂ ਰਚਨਾ ਪੂਰੀ ਨਹੀਂ ਮਿਲੀ, ਪੰਗਤੀਆਂ ਪਾ ਕੇ ਦਿ ਪੂਰਾ ਕੀਤਾ ਹੈਪਰ ਸੂਚਨਾ ਦੇ ਦਿੱਤੀ ਹੈ ਨਾਲਿ ਰਲਾਏ ਲਿਖਿਆ ਮਹਲਾ ਪ ਸੰਸਾਰ ਦਾ ਕੋਈ ਹੋਰ ਧਾਰਮਿਕ ਗ੍ਰੰਥ ਇਸ ਸੰਪਾਦਕੀ ਤਰਤੀਬ ਵਾਲਾ ਨਹੀਂ ਹੈ। ਗੁਰੂ ਅਰਜਨ ਸਾਹਿਬ ਨੂੰ ਕੁਝ ਸੁੱਧਬੁੱਧ ਇਸ ਤਰਤੀਬ ਦੀ ਬਾਬਾ ਮੋਹਨ ਵਾਲੀਆਂ ਪੋਥੀਆਂ ਤੋਂ ਲੱਗ ਸਕਦੀ ਸੀ, ਪਰ ਬਹੁਤ ਥੋੜੀ। ਇਹ ਸੰਪਾਦਕੀ ਤਰਤੀਬ ਆਪ ਦੀ ਹੀ ਕਾਢ ਮੰਨਣੀ ਉਚਿੱਤ ਹੈ।

## <u>ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਦੀਆਂ ਮੂਲ ਪ੍ਰੇਰਣਾਵਾਂ:</u>

ਪ੍ਰੇਰਣਾਵਾਂ ਦਾ ਭਾਵ ਲੋੜਾਂ ਵੀ ਹੈ ਅਤੇ ਉਦੇਸ਼ ਵੀ ਹੈ। ਗੁਰੂ ਨਾਨਕ ਦੇਵ ਦਾ ਨਿਰਣਾ ਸਪੱਸ਼ਟ ਸੀ ਕਿ ਉਹ ਸਿੱਖ ਲਹਿਰ ਨੂੰ ਸੰਗਠਤ ਰੂਪ ਵਿਚ ਤੋਰਨਾ ਚਾਹੁੰਦੇ ਸਨ, ਇਸ ਦਾ ਵਿਧਾਨ ਨਿਸ਼ਚਿਤ ਕਰਨਾ ਚਾਹੁੰਦੇ ਸਨ, ਇਸ ਦੇ ਨੇਤ੍ਰਤਵ ਦਾ ਪੂਰਾ ਪ੍ਰਬੰਧ ਕਰਨਾ ਚਾਹੁੰਦੇ ਸਨ, ਇਸ ਦਾ ਧਰਮ ਪੁਸਤਕ ਨੂੰ ਸਾਕਾਰ ਕਰਨਾ ਚਾਹੁੰਦੇ ਸਨ। ਜਥੇਬੰਦੀ ਲਈ ਲੋੜੀਂਦੇ ਤੀਰਥ, ਕੇਂਦਰ, ਸੰਸਥਾਵਾਂ ਸਥਾਪਤ ਕਰਨਾ ਚਾਹੁੰਦੇ ਸਨ। ਆਪ ਨੇ ਥਾਂਥਾਂ ਸੰਗਤਾਂ ਕਾਇਮ ਕੀਤੀਆਂ, ਡੇਰੇ ਤੇ ਧਰਮੈਾਲਾ ਥਾਪੀਆਂ, ਮੰਜੀਆਂ ਕਾਇਮ ਕੀਤੀਆਂ। ਆਪਣਾ ਉਤਰਾਧਿਕਾਰੀ ਥਾਪਿਆ ਤੇ ਅੱਗੋਂ ਇਹ ਪ੍ਰਬੰਧ ਜਾਰੀ ਰਿਹਾ। ਗੁਰੂ ਗ੍ਰੰਥ ਸਾਰੀ ਯੋਜਨਾ ਲਈ ਕੇਂਦਰੀ ਮਹੱਤਤਾ ਵਾਲੀ ਪੁਸਤਕ ਸੀ ਤੇ ਹੈ। ਇਹ ਸਿਧਾਂਤ ਆਰੰਭ ਤੋਂ ਹੀ ਪ੍ਰਵਾਨ ਸੀ ਕਿ ਬਾਣੀ ਗੁਰੂ ਹੈ। ਇਸੇ ਲਈ ਗ੍ਰੰਥ ਗੁਰੂ ਬਣਿਆ, ਇਹ ਰੌਸ਼ਨੀ ਦਾ ਸੋਮਾ ਤੇ ਪ੍ਰਕਾਸ਼, ਸੰਗਤ ਜਾਂ ਪੰਥ ਲਈ ਪ੍ਰੇਰਨਾ, ਅਗਵਾਨੀ, ਵਿਧਾਨ ਤੇ ਸਾਕਾਰ ਗੁਰੂਵਿਅਕਤੀ ਹੈ। ਇਹ ਪੰਥ ਦਾ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਸਜੀਵ ਸ਼ਖਸੀਅਤ ਹੈ।

ਗੁਰੂ ਗ੍ਰੰਥ ਮੂਰਤੀ ਨਹੀਂ ਹੈ, ਇਹ ਪੂਜਾ ਜਾਂ ਉਪਾਸਨਾ ਲਈ ਵੀ ਵਸਤੂ ਵਸੀਲਾ ਨਹੀਂ ਹੈ। ਇਹ ਪਾਠ, ਦਰਸ਼ਨ, ਦੀਦਾਰ ਲਈ ਹੈ। ਪੜ੍ਹਨਾ ਹੈ, ਸਰੂਪ ਨੂੰ ਲਿਖਣਾ ਹੈ, ਇਸ ਦੀ ਆਤਮਾ ਨੂੰ ਪਛਾਨਣਾ ਹੈ। ਇਸ ਦਾ ਪ੍ਰਯੋਜਨ ਭਾਰਤੀ ਧਰਮ ਗ੍ਰੰਥਾਂ ਨੂੰ ਸੁਰਜੀਤ ਰੱਖਣਾ ਹੈ, ਜੋ ਕੁਝ ਉਨ੍ਹਾਂ ਵਿਚ ਮਨੁੱਖ ਦੀ ਖੇਮਕੁਸਤ ਲਈ ਸਥਾਨਕ ਹੈ, ਉਸ ਨੂੰ ਪ੍ਰਗਟ ਕਰਨਾ ਹੈ, ਉਸ ਦੀ ਵਿਆਖਿਆ ਕਰਨਾ ਹੈ ਅਤੇ ਉਸ ਨੂੰ ਸਥਾਪਤ

ਕਰਨਾ ਹੈ, ਪੁਰਾਤਨ ਦਾ ਮੁਲਾਂਕਣ ਕਰਨਾ ਹੈ, ਜੋ ਕੁਝ ਸਮੇਂ ਦੀ ਤਾਲ ਤੇ ਚਾਲ ਤੋਂ ਪਛੜ ਗਿਆ ਹੈ, ਉਸ ਦੀ ਤਾਰਕਿਕ ਆਲੋਚਨਾ ਕਰਨਾ ਹੈ ਅਤੇ ਉਸ ਨੂੰ ਤਿਆਗਣਾ ਹ। ਇਹੋ ਉਦੇਸ਼ ਹੈ ਜਿਸ ਕਰਕੇ ਗੁਰੂ ਨਾਨਕ ਤੇ ਗੁਰੂ ਅੰਗਦ ਨੇ ਇਉਂ ਕਿਹਾ ਹੈ :

ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ।।
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ।।
ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ।।
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ।।
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤਿ ਕਰਮਿ ਧਿਆਈ।।
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ।।
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ।।

ਹਰ ਧਰਮ ਗ੍ਰੰਥ ਦੀ ਕੁਝ ਸਦੀਆਂ ਮਗਰੋਂ ਨਵੀਂ ਵਿਆਖਿਆ ਨਵੇਂ ਹਾਲਾਤ ਤੇ ਨਵੇਂ ਮੁਹਾਵਰੇ ਅਨੁਸਾਰ ਕਰਨੀ ਉਚਿੱਤ ਹੈ। ਕੇਵਲ ਇੰਨਾ ਨਹੀਂ, ਅਜਿਹੀ ਸਾਮਗ੍ਰੀ ਨੂੰ ਨਵੀਂ ਤਰਤੀਬ ਦੇਣ ਦੀ ਲੋੜ ਹੁੰਦੀ ਹੈ, ਨਵੇਂ ਵਿਚਾਰ ਤੇ ਸਿਧਾਂਤ ਉਹਨਾਂ ਵਿਚ ਦਾਖਲ ਕਰਨ ਦੀ ਆਵਸ਼ਕਤਾ ਹੁੰਦੀ ਹੈ, ਪੁਰਾਣੇ ਸਿਧਾਂਤ ਤੇ ਵਿਚਾਰਾਂ ਨੂੰ ਨਵਾਂ ਪ੍ਰਬੰਧ, ਸੰਗਠਣ ਦੇਣ ਦੀ ਲੋੜ ਹੁੰਦੀ ਹੈ। ॥ਮੂਲ ਮੰਤਰ ਇਸ ਕਥਨ ਦਾ ਪ੍ਰਮੁੱਖ ਪ੍ਰਮਾਣ ਹੈ ਪ੍ਰਾਚੀਨ ਸਿਧਾਂਤਾਂ ਨੂੰ ਲਵੀਂ ਤਰਤੀਬ ਤੇ ਨਵੇਂ ਸੰਗਠਨ ਵਿਚ ਲਿਆ ਕੇ ਬੰਨ੍ਹਣ ਨਾਲ ਬਿਲਕੁਲ ਨਵੀਨ ਸਿਧਾਂਤ ਪ੍ਰਕਾਸ਼ਮਾਨ ਹੋ ਜਾਂਦਾ ਹੈ ਜੋ ਜੀਵਨ ਨੂੰ ਹੋਰ ਸੇਧ ਦੇ ਦਿੰਦਾ ਹੈ। ਇਹ ਮੂਲ ਮੰਤਰ ਨੇ ਕੀਤਾ। ਇਸੇ ਲਈ ਇਹੋ ਗੁਰੂ ਗ੍ਰੰਥ ਨੇ ਕੀਤਾ।

ਇਕ ਪੂਰੀ ਖੋਜ ਸਦੀਆਂ ਤੋਂ ਚਲ ਰਹੀ ਲਹਿਰ ਜਾਂ ਅੰਦੋਲਨ ਦਾ ਪੂਰਾ ਸਰਵੇਖਣ ਕਰਕੇ ਉਸ ਨੂੰ ਸਿਖਰੀ ਉਦੇਸ਼: ਤੇ ਸਾਰਥਕ ਸੇਧ ਦੇਣਾ ਇਸ ਗ੍ਰੰਥ ਦਾ ਪ੍ਰਤੱਖ ਕਰਤੱਵ ਹੈ। ਭਗਤੀ ਲਹਿਰ ਦੱਖਣ ਵਿਚੋਂ ਉਠੀ। ਉੱਤਰੀ ਭਾਰਤ ਵਿਚ ਆਈ। ਪਰ ਇਸ ਸਾਰੀ ਲਹਿਰ ਨੂੰ ਜਥੇਬੰਦ ਰੂਪ ਦੇਣਾ, ਇਸ ਨੂੰ ਨਿਰਗੁਣੀ ਸ਼ੁੱਧਤਾ ਪ੍ਰਦਾਨ ਕਰਨਾ, ਇਸ ਨੂੰ ਨਿਰੋਈਆਂ ਸੇਧਾਂ-ਸਿਧਾਂਤ ਦੇਣਾ ਗੁਰੂ ਗ੍ਰੰਥ ਦਾ ਕਰਤੱਵ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਗ੍ਰੰਥ ਦੇ ਨਿਮਨ ਦਰਜ ਭਗਤਾਂ ਦੀ ਬਾਣੀ ਸੰਗਠਤ ਕੀਤੀ। ਮੰਤਵ ਲਹਿਰ ਨੂੰ ਸ਼ੁਧਤਾ ਦੇਣਾ ਸੀ।

| ਨੰ: | ਨਾਮ ਭਗਤ | ਵਾਸੀ | ਜੀਵਨ ਤਰੀਕਾਂ | ਕਿੱਤਾ, ਜਾਤ ਆਦਿ |
|---|---|---|---|---|
| 1. | ਫਰੀਦ ਜੀ | ਪੰਜਾਬ | 11731265 ਈ | ਮੁਸਲਮਾਨ |
| 2. | ਕਬੀਰ ਜੀ | ਉਤਰ ਪ੍ਰਦੇਸ਼ | 1398 ਈ | ਜੁਲਾਹਾ |
| 3. | ਰਵਿਦਾਸ | ਬਾਰਾਨਸੀ | ਕਬੀਰ ਜੀ ਦਾ ਸਮਕਾਲੀ | ਚਮਾਰ |
| 4. | ਪਰਮਾਨੰਦ | ਬੰਬੀ | ਕਬੀਰ ਜੀ ਦਾ ਸਮਕਾਲੀ | ਚਮਾਰ |
| 5. | ਨਾਮਦੇਵ | ਮਹਾਂਰਾਸ਼ਟਰ | 1270 ਈ | ਛੀਂਬਾ |
| 6. | ਤ੍ਰਿਲੋਚਨ | ਮਹਾਂਰਾਸ਼ਟਰ | 1260 ਈ | ਬ੍ਰਾਹਮਣ |
| 7. | ਧੰਨਾ | ਰਾਜਪੁਤਾਨਾ | 1415 ਈ | ਜੱਟ |
| 8. | ਬੇਣੀ | | | |
| 9. | ਸੈਣ | ਉੱਤਰ ਪ੍ਰਦੇਸ਼ | 14ਵੀਂ ਸਦੀ | ਨਾਈ |
| 10. | ਭੀਖਣ | | ਦਿਹਾਂਤ 1573 ਈ | |
| 11. | ਜੈ ਦੇਵ | ਬੰਗਾਲ | 1170 ਈ | ਬ੍ਰਾਹਮਣ |
| 12. | ਪੀਪਾ | ਬੰਗਾਲ, ਬਿਹਾਰ | 1425 ਈ (ਜਨਮ) | |
| 13. | ਰਾਮਾ ਨੰਦ | ਉਤਰ ਪ੍ਰਦੇਸ਼ | | |
| 14. | ਸਧਨਾ | ਸਿੰਘ | 13ਵੀਂ ਸਦੀ | ਮਿਰਾਸੀ |

| | | | | |
|---|---|---|---|---|
| 15. | ਸੂਰਦਾਸ | ਅਵਧ | | ਡੂਮ |
| 16. | ਮਰਦਾਨਾ | ਪੰਜਾਬ | ਗੁਰੂ ਨਾਨਕ ਸਾਹਿਬ ਦਾ ਭੱਲਾ ਖੱਤਰੀ ਸਾਥੀ | |
| 17. | ਸਤਾ ਤੇ ਬਲਵੰਤ | | ਗੁਰੂ ਅਰਜਨ ਸਾਹਿਬ ਦੇ ਬ੍ਰਾਹਮਣ ਭੱਟਸਮਕਾਲੀ | |
| 18. | ਸੁੰਦਰ | | | ਬ੍ਰਾਹਮਣ |
| 19. | ਭੱਟ | ਪੰਜਾਬ | | ਕਸਾਈ |

ਗੁਰੂ ਗ੍ਰੰਥ ਅਧਿਆਤਮਿਕ, ਦਾਰਸ਼ਨਿਕ, ਧਾਰਮਿਕ, ਸਭਿਆਚਾਰਕ, ਨੈਤਿਕ, ਸਮਾਜਿਕ ਆਦਿ ਹੈ। ਇਹਨਾਂ ਪੱਖਾਂ ਦਾ ਉਦੇਸ਼: ਭਾਰਤੀ ਜੀਵਨ ਦਾ ਪੁਨਰ ਨਿਰਮਾਣ ਸੀ। ਹੁਣ ਵੀ ਇਸ ਵਿਚ ਜੀਵਨ ਦੇ ਨਿਰਮਾਣ ਦੀ ਉਹੋ ਸਮਰੱਥਾ ਹੈ ਕਿਉਂਕਿ ਜੋ ਕੁਝ ਰਸਮਾਂ, ਰੀਤਾਂ, ਕਰਮਕਾਂਡ ਨਿਰਾਰਥਕ ਹੋ ਸਕਦਾ ਹੈ, ਉਹ ਇਸ ਦਾ ਵਿਧਾਨ ਨਹੀਂ ਹੈ। ਇਸ ਦੀ ਪ੍ਰੇਰਨਾ ਅਧਿਆਤਮਿਕ, ਦਾਰਸ਼ਨਿਕ, ਧਾਰਮਿਕ, ਸਭਿਆਚਾਰਕ ਹੈ ਤੇ ਉਹ ਨਿਰਾਰਥਕ ਨਹੀਂ ਹੁੰਦੀ।

## ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਵਵਾਦੀ ਅਧਿਆਤਮਕ ਕਾਵਿਧਾਰਾ-ਦ੍ਰਿਸ਼ਟੀ

ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਕੁਝ ਕਿਹਾ ਗਿਆ ਹੈ ਉਸ ਦੀ ਸੂਝ ਮਹਾਨ ਆਤਮਾਵਾਂ ਨੂੰ ਜਾਤੀ ਅਨੁਭਵ, ਤਜਰਬੇ ਦਰਸ਼ਨ ਦੁਆਰਾ ਸਾਖਿਅਤ ਹੋਈ। ਇਸ ਲਈ ਇਹ ਸ਼ਬਦ ਹੈ। ਪਰ ਇਹ ਸਭ ਕੁਝ ਉਹਨਾਂ ਨੂੰ ਪ੍ਰਾਪਤ ਮਨੁੱਖ ਦੀ ਭਲਾਈ ਤੇ ਉਥਾਨ ਲਈ ਹੋਇਆ, ਇਸ ਲਈ ਇਹ ਰਚਨਾ ਮਾਨਵਵਾਦੀ ਹੈ ਜੋ ਮਨੁੱਖ ਨੂੰ ਖੇਮ, ਸ਼ਾਂਤ, ਰਿਧ, ਨਵਨਿਧਿ, ਬੁਧਿ, ਗਿਆਨ, ਸਿਧਿ, ਬਿਦਿਆ, ਜੋਗ, ਧਿਆਨ, ਗਿਆਨ ਸ੍ਰੇਸ਼ਟ, ਇਸ਼ਨਾਨ, ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ), ਪ੍ਰਗਾਸ ਆਦਿ ਦੇਣਾ ਲੋਚਦੀ ਹੈ ਤੇ ਉਸ ਲਈ ॥ਸੁਖਮਨੀ ਬਣਨਾ ਚਾਹੁੰਦੀ ਹੈ :

ਖੇਮ ਸਾਂਤਿ ਰਿਧਿ ਨਵ ਨਿਧਿ।। ਬੁਧਿ ਗਿਆਨੁ ਸਰਬ ਤਿਹ ਸਿਧਿ।।
ਬਿਦਿਆ ਤਪੁ ਜੋਗੁ ਪ੍ਰਭੁ ਗਿਆਨ।। ਗਿਆਨੁ ਸ੍ਰੇਸ਼ਟ ਉਤਮ ਇਸਨਾਨ।।
ਚਾਰਿ ਪਦਾਰਥ ਕਮਲ ਪ੍ਰਗਾਸ।। ਸਭ ਕੈ ਮਧਿ ਸਗਲ ਤੇ ਉਦਾਸ।।
ਸੁੰਦਰ ਚਤੁਰੁ ਤਤ ਕਾ ਬੇਤਾ।। ਸਮਦਰਸੀ ਏਕ ਦ੍ਰਿਸਟੇਤਾ।।
ਇਹ ਫਲ ਤਿਸੁ ਜਨ ਕੈ ਮੁਖਿ ਭਨੇ।। ਗੁਰ ਨਾਨਕ ਨਾਮ ਬਚਨ ਮਨਿ ਸੁਨੇ।।

ਇਹ ਰਚਨਾ ਸੁਕਾ ਸਿਧਾਂਤ ਨਹੀਂ, ਕਵਿਤਾ ਵੀ ਹੈ ਜਿਸ ਵਿਚ ਸੋਹਜ ਸੁਆਦ ਹੈ, ਵਲਵਲਾ ਹੈ, ਨਾਦ, ਬੇਦ, ਗੀਅਰਸ, ਰਸਕਸ, ਸੁਧਿ, ਬੁਧਿ, ਅਕਲ, ਅਖਰ (ਬੋਲੀ) ਦੀ ਡੂੰਘੀ ਸੂਝ ਆਦਿ ਹਨ। ਇਹ ਅਧਿਆਤਮਵਾਦ, ਮਾਨਵਵਾਦ ਤੇ ਕਵਿਤਾ ਮਨੁੱਖੀ ਹਿਰਦੇ ਦੀ ਟਕਸਾਲ ਵਿਚੋਂ ਹੀ ਇਕਜਾਨ ਹੋ ਕੇ ਨਿਕਲਦੇ ਹਨ, ਉਸ ਟਕਸਾਲ ਵਿਚੋਂ ਜੋ ਜਪੁ ਨਾਲ ਬਣਾਈ ਗਈ ਹੈ :

ਜਤੁ ਪਹਾਰਾ ਧੀਰਜੁ ਸੁਨਿਆਰ।।ਅਹਰਣਿ ਮਤਿ ਵੇਦੁ ਹਥੀਆਰੁ।।
ਭਉ ਖਲਾ ਅਗਨਿ ਤਪ ਤਾਉ।। ਭਾਂਡਾ ਭਉ ਅੰਮ੍ਰਿਤ ਤਿਤੁ ਢਾਲਿ।।
ਘੜੀਐ ਸਬਦੁ ਸਹੀ ਟਕਸਾਲ।। ਜਿਨ ਕਉ ਨਦਰਿ ਕਰਮੁ ਤਿਨ ਕਾਰ।।
ਨਾਨਕ ਨਦਰੀ ਨਦਰਿ ਨਿਹਾਲ।।

ਇਸ ਰਚਨਾ ਵਿਚ ਸਦਬ੍ਰਹਮ, ਜੀਵ, ਜਗਤ, ਨਾਮ, ਗੁਰੂ, ਮਨੁੱਖੀ ਸਦਾਚਾਰ, ਸਮਾਜ, ਅਧਿਆਤਮਵਾਦ, ਮਾਨਵਵਾਦ ਬਾਰੇ ਕਿਹਾ ਗਿਆ ਹੈ।

**ਬ੍ਰਹਮ**

ਅਧਿਆਤਮਕਤਾ ਨੇ ਬ੍ਰਹਮ ਨੂੰ ਪਛਾਣਿਆ ਅਤੇ ਮਾਨਵਵਾਦ ਵਿਚ ਰੰਗ ਕੇ ਕਵਿਤਾ ਦੁਆਰਾ ਇਵੇਂ ਪੇਸ਼ ਕੀਤਾ ਹੈ :

**ਪਰਮ ਸੱਤਾ**

(1) ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਹੈ।

(2) ਸੁਅਸਤਿ ਆਥਿ ਬਾਣੀ ਬਰਮਾਉ।। ਸਤਿ ਸੁਹਾਣੁ ਸਦਾ ਮਨਿ ਚਾਉ।। ਉਹ ਸਤ, ਚਿਤ, ਅਨੰਦ ਹੈ, ਸੁੰਦਰ ਹੈ, ਮਨ ਵਿਚ ਚਾਉ ਪੈਦਾ ਕਰਨ ਵਾਲਾ ਉਸ ਦਾ ਸਰੂਪ ਹੈ, ਉਸ ਤੋਂ ਰਚਨਾ ਹੋਈ ਹੈ, ਨਾਦ ਹੋਇਆ ਹੈ, ਉਹ ਨਮਸਕਾਰ ਯੋਗ ਹੈ।

ਬ੍ਰਹਮ ਨਿਰੰਕਾਰ, ਸਾਕਾਰ ਹੋ ਕੇ ਮਨੁੱਖ ਵਾਂਗ ਵਰਤਦਾ ਹੈ, ਰਸ ਕਸ ਮਾਣਦਾ ਹੈ, ਤੇ ਸੋਹਜਵਾਦੀ ਹੁੰਦਾ ਹੈ। ਗੁਰੂ ਨਾਨਕ ਸਾਹਿਬ ਬ੍ਰਹਮ ਨੂੰ ਇਸ ਤਰ੍ਹਾਂ ਚਿਤਵਦੇ ਹਨ :

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰਾ।।

ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ।।

ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ।।

ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ।।

ਗੁਰੂ ਅਮਰਦਾਸ ਉਸ ਪਰਮ ਸੱਤਾ ਨੂੰ ਇਸ ਜਗ ਵਾੜੀ ਦੇ ਮਾਲੀ ਦੇ ਰੂਪ ਵਿਚ ਚਿਤਵਦੇ ਹਨ ਜੋ ਸਦਾ ਮਾਨਵ ਦੀ ਸੰਭਾਲ ਕਰਦਾ ਹੈ ਤੇ ਸਾਰੀ ਰਚਨਾ ਨੂੰ ਸੁਗੰਧਿਤ ਕਰਦਾ ਹੈ।

ਇਹ ਜਗੁ ਵਾੜੀ ਮੇਰਾ ਪ੍ਰਭੁ ਮਾਲੀ।।

ਸਦਾ ਸਮਾਲੇ ਕੋ ਨਾਹੀ ਖਾਲੀ।।

ਜੇਹੀ ਵਾਸਨਾ ਪਾਏ ਤੇਹੀ ਵਰਤੇ।।

ਵਾਸੂ ਵਾਸੁ ਜਣਾਵਣਿਆ।।

ਇਨ੍ਹਾਂ ਪੰਗਤੀਆਂ ਵਿਚ ਅਧਿਆਤਮਕਤਾ ਵੀ ਹੈ, ਮਾਨਵਤਾ ਵੀ ਹੈ ਅਤੇ ਕਵਿਤਾ ਵੀ ਹੈ। ਅਨੁਭਵ ਹੈ, ਮਨੁੱਖੀ ਹੋਣੀ ਦਾ ਵਿਚਾਰ ਹੈ, ਮਨੁੱਖ ਦੀ ਸੋਹਜਾਤਮਕਤਾ ਦਾ ਚਮਤਕਾਰ ਹੈ।

**ਨਾਮ :**

ਨਾਮ ਨੂੰ ਇਨ੍ਹਾਂ ਹੀ ਤਿੰਨਾਂ ਰੂਪਾਂ ਵਿਚ ਚਿਤਵਿਆ ਹੈ :

(1) ਜੇਤਾ ਕੀਤਾ ਤੇਤਾ ਨਾਉ।। ਵਿਣੁ ਨਾਵੈ ਨਾਹੀ ਕੋ ਥਾਉ।।

(2) ਨਾਮ ਕੇ ਧਾਰੇ ਸਗਲੇ ਜੰਤ।। ਨਾਮ ਕੇ ਧਾਰੇ ਖੰਡ ਬ੍ਰਹਮੰਡ।।

ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ।। ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।।

ਨਾਮ ਕੇ ਧਾਰੇ ਆਗਾਸ ਪਾਤਾਲ।। ਨਾਮ ਕੇ ਧਾਰੇ ਸਗਲ ਆਕਾਰ।।

(3) ਇਸ ਕਾਇਆ ਅੰਦਰ ਬਹੁਤੁ ਪਸਾਰਾ।।

ਨਾਮ ਨਿਰੰਜਨੁ ਅਤਿ ਅਗਮ ਅਪਾਰਾ।।

ਨਾਮ ਦਾ ਅਨੁਭਵ ਅਧਿਆਤਮਕਤਾ ਹੈ, ਨਾਮ ਦੀ ਸਰਬ ਵਿਆਪਕਤਾ ਦਾ ਅਨੁਭਵ ਅਧਿਆਤਮਕ ਹੈ, ਨਾਮ ਦੀ ਧਾਰਨਹਾਰ ਸ਼ਕਤੀ ਦਾ ਅਨੁਭਵ ਅਧਿਆਤਮਕ ਹੈ, ਪਰ ਨਾਮ ਕਾਇਆ ਵਿਚ ਹੈ, ਨਾਮ ਆਗਾਸਪਾਤਾਲ ਦਾ ਸਹਾਈ ਹੈ, ਨਾਮ ਸਹਾਈ ਹੈ ਇਹ ਉਸ ਦਾ ਮਾਨਵਵਾਦੀ ਪੱਖ ਹੈ। ਨਾਮ ਜਦੋਂ ਕਵਿਤਾ ਬਣਦਾ ਹੈ, ਤਦ ਉਹ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ:

ਐਸੋ ਸਹਾਈ ਹਰਿ ਕੋ ਨਾਮ।। ਸਾਧ ਸੰਗਤਿ ਭਜੁ ਪੂਰਨ ਕਾਮ।।

ਬੂਡਤ ਕਉ ਜੈਸੇ ਬੇੜੀ ਮਿਲਤ।। ਬੂਝਤ ਦੀਪਕ ਮਿਲਤ ਤਿਲਤ।।

ਜਲਤ ਅਗਨੀ ਮਿਲਤ ਨੀਰ।। ਜੈਸੇ ਬਾਰਿਕ ਮੁਖਹਿ ਖੀਰ।।

ਜੈਸੇ ਰਣ ਮਹਿ ਸਖਾ ਭ੍ਰਾਤ।। ਜੈਸੇ ਭੂਖੇ ਭੋਜਨ ਮਾਤ।।

ਜੈਸੇ ਕਿਰਖਹਿ ਬਰਮ ਮੇਘ।। ਜੈਸੇ ਪਾਲਨ ਸਰਨਿ ਸੇਂਘ।।

ਗਰੁੜ ਮੁਖਿ ਨਹੀਂ ਸਰਪ ਤ੍ਰਾਸ।। ਸੂਆ ਪਿੰਜਰਿ ਨਹੀਂ ਖਾਇ ਬਿਲਾਸੁ।।

ਜੈਸੇ ਆਂਡੋ ਹਿਰਦੇ ਮਾਹਿ।। ਜੈਸੇ ਦਾਨੋ ਚਕੀ ਦਰਾਹਿ।।

ਨਾਮ ਮਨੁੱਖ ਦਾ ਰਾਖਾ ਹੈ ਤੇ ਉਸ ਤਰ੍ਹਾਂ ਪਹੁੰਚਦਾ ਹੈ ਜਿਵੇਂ ਡੁਬਦੇ ਨੂੰ ਬੇੜੀ ਮਿਲਦੀ ਹੈ, ਬੁਝਦੇ ਦੀਵੇ ਨੂੰ ਤੇਲ ਮਿਲਦਾ ਹੈ, ਲੱਗੀ ਅਗਨੀ ਤੇ ਪਾਣੀ ਪੈ ਜਾਂਦਾ ਹੈ ਆਦਿ। ਨਾਮ ਮਨੁੱਖ ਲਈ ਹੈ।

**ਗੁਰੂ :**

ਗੁਰੂ ਪ੍ਰਭੂ ਆਪ ਹੈ, ਗੁਰੂ ਉਸ ਦਾ ਹੀ ਰੂਪ ਹੈ, ਉਸੇ ਦੀ ਰੋਸ਼ਨੀ ਹੈ। ਗੁਰੂ ਨਾਦ ਹੈ, ਵੇਦ ਹੈ, ਹਰਿਆ ਸਮਾਈ ਹੈ, ਗੁਰੂ ਪਉੜੀ ਹੈ, ਬੇੜੀ ਹੈ, ਤੁਲਹਾ ਹੈ, ਬੋਹਿਥ ਹੈ, ਤੀਰਥ ਹੈ।

ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ।।
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ।।

ਪਰ ਇਹੋ ਗੁਰੂ ਮਨੁੱਖ ਲਈ ਕੀ ਕੁਝ ਕਰਦਾ ਹੈ:

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ।।
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ।।
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ।।
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ।।
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ।।
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ।।
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ।।
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ।।
ਗੁਰਦੇਵ ਸਤਿਗੁਰੁ ਪਾਰਬ੍ਰਹਮ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ।।

ਗੁਰੂ ਦਾ ਅਨੁਭਵ ਅਧਿਆਤਮਕ ਹੈ, ਗੁਰੂ ਦਾ ਕਰਤੱਵ ਮਾਨਵਵਾਦ ਹੈ, ਗੁਰੂ ਦਾ ਪ੍ਰਸਾਦਿ ਕ੍ਰਿਪਾ ਹੈ। ਗੁਰੂ ਦਾ ਸ਼ਬਦ ਮਨੁੱਖ ਨੂੰ ਉਭਾਰਦਾ ਹੈ, ਸਮਰਥ ਬਣਾਉਂਦਾ ਹੈ:

ਸਫਲ ਦਰਸਨੁ ਪੇਖਤ ਪੁਨੀਤ।। ਪਰਸਤ ਚਰਨ ਗਤਿ ਨਿਰਮਲ ਰੀਤਿ।।
ਭੇਟਤ ਸੰਗਿ ਰਾਮ ਗੁਨ ਰਵੇ।। ਪਾਰਬ੍ਰਹਮ ਕੀ ਦਰਗਾਹ ਗਵੇ।।
ਸੁਨਿ ਕਰ ਬਚਨ ਕਰਨ ਆਘਾਨੇ।। ਮਨਿ ਸੰਤੋਖ ਆਤਮ ਪਤੀਆਨੇ।।
ਪੂਰਾ ਗੁਰੁ ਅਖਓ ਜਾ ਕਾ ਮੰਤ੍ਰ।। ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ।।

**ਜੀਵਆਤਮਾ :**

ਜੀਵਆਤਮਾ ਦਾ ਦਰਸ਼ਨ ਅਧਿਆਤਮਕਤਾ ਦੁਆਰਾ ਹੀ ਸੰਭਵ ਹੈ, ਪਰ ਇਹ ਕਾਵਿਧਾਰਾ ਦੁਆਰਾ ਹੀ ਹੋਇਆ ਅਤੇ ਮਾਨਵਵਾਦ ਲਈ ਹੈ, ਮਨੁੱਖ ਦੇ ਉੱਥਾਨ ਲਈ ਹੈ। ਆਤਮਾ ਕੀ ਹੈ?

ਅਚਰਜ ਕਥਾ ਮਹਾ ਅਨੂਪ।। ਪ੍ਰਾਤਮਾ ਪਾਰਬ੍ਰਹਮ ਕਾ ਰੂਪੁ।।
ਨਾ ਇਹੁ ਬੂਢਾ ਨਾ ਇਹੁ ਬਾਲਾ।। ਨਾ ਇਸੁ ਦੂਖੁ ਨਹੀਂ ਜਮ ਜਾਲਾ।।
ਨਾ ਇਹੁ ਬਿਨਸੈ ਨਾ ਇਹੁ ਜਾਇ।। ਆਦਿ ਜੁਗਾਦੀ ਰਹਿਆ ਸਮਾਇ।।
ਨਾ ਇਸੁ ਉਸਨ ਨਾ ਇਸੁ ਸੀਤੁ।। ਨਾ ਇਸੁ ਦੁਸਮਨੁ ਨਾ ਇਸੁ ਮੀਤ।।

ਇਸ ਮਨੁੱਖ ਦਾ ਸਚ ਐਸੀ ਆਤਮਾ ਹੈ, ਉਹ ਕਿਵੇਂ ਬੁਢਾ ਹੋ ਸਕਦਾ ਹੈ, ਕਵੇਂ ਦੁਖੀ ਹੋ ਸਕਦਾ ਹੈ, ਕਿਵੇਂ ਨਾਸ਼ ਹੋ ਸਕਦਾ ਹੈ? ਨਹੀਂ ਹੁੰਦਾ। ਕੇਵਲ ਉਸ ਨੂੰ ਆਪਣੀ ਅਸਲੀਅਤ ਦੀ ਪਛਾਣ ਲੋੜੀਂਦੀ ਹੈ।

**ਜਗਤ :**

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਬ੍ਰਹਮ ਪ੍ਰਭੂ ਦੀ ਰਚਨਾ ਮੰਨਿਆ ਤੇ ਇਸ ਦੇ ਮਚ ਵਿਚੋਂ ਰਸ, ਵਿਸਮਾਦ ਮਾਣਿਆ:

ਵਿਸਮਾਦੁ ਨਾਦ ਵਿਸਮਾਦੁ ਵੇਦ।। ਵਿਸਮਾਦੁ ਜੀਅ ਵਿਸਮਾਦੁ ਭੇਦ।।
ਵਿਸਮਾਦੁ ਰੂਪ ਵਿਸਮਾਦੁ ਰੰਗ।। ਵਿਸਮਾਦੁ ਨਾਗੇ ਫਿਰਹਿ ਜੰਤ।।
ਵਿਸਮਾਦੁ ਪਉਣ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ

**ਮਨੁੱਖ ਤੇ ਸਦਾਚਾਰ:**

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਮਨ ਤੇ ਮਾਨਵੀ ਮੂਲਾਂ ਨੂੰ ਬੜੇ ਕਾਵਿਮਈ ਢੰਗ ਨਾਲ ਸੂਖਮ ਵੀ ਦਰਸਾਇਆ ਹੈ ਤੇ ਸਾਕਾਰ ਵੀ ਕੀਤਾ ਹੈ। ਮਨੁੱਖ ਦੀ ਸਾਰੀ ਬਿਰਤੀ ਦਰਸਾਈ ਹੈ :

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।।
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।।
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।।

## ਗੁਰੂ ਗ੍ਰੰਥ ਸਾਹਿਬ ਜੀ ਦਾ ਕਲਾ ਪੱਖ

ਗੁਰੂ ਗ੍ਰੰਥ ਸਾਹਿਬ ਜੀ ਵਿਚ ਹਰ ਰਚਨਾ ਕਿਸੇ ਰਾਗ ਵਿਚ ਅੰਕਤ ਹੈ ਅਤੇ ਉਹ ਰਚਨਾ ਉਸ ਰਾਗ ਦੀ ਪ੍ਰਕ੍ਰਿਤੀ ਅਨੁਸਾਰ ਰਾਗ ਤੇ ਕਾਵਿਧਾਰਾ ਦਾ ਸਫਲ ਸੰਜੋਗ ਹੈ। ਭਾਰਤੀ ਪਧਤੀ ਅਨੁਸਾਰ ਹਰ ਰਾਗ ਦਾ ਨਿਸ਼ਚਿਤ ਗਾਇਨ ਮੌਸਮ ਹੈ, ਨਿਸ਼ਚਿਤ ਗਾਇਨ ਸਮਾਂ ਹੈ, ਨਿਸ਼ਚਿਤ ਰਸ ਹੈ। ਹੋਰ ਵੀ ਕਈ ਗੱਲਾਂ ਹਨ, ਹਰ ਰਾਗ ਕਿਸੇ ਵਿਸ਼ੇਸ਼ ਸਥਾਨ, ਧਰਮ, ਫਿਰਕੇ, ਸਭਿਆਚਾਰ ਨਾਲ ਵੀ ਸੰਬੰਧਿਤ ਹੈ। ਇਸ ਲਈ ਜਦੋਂ ਕਿਸੇ ਰਾਗ ਵਿਚ ਕਾਵਿ ਰਚਨਾ ਹੁੰਦੀ ਹੈ ਤਦ ਉਸ ਕਵਿਤਾ ਦੀ ਸ਼ਬਦਾਵਲੀ, ਬਿੰਬਾਵਲੀ, ਵਿਚਾਰਧਾਰਾ, ਵਾਯੂਮੰਡਲ, ਸਭਿਆਚਾਰ ਉਸ ਰਾਗ ਦੀ ਪ੍ਰਕ੍ਰਿਤੀ ਦੇ ਅਨੁਕੂਲ ਉਸਾਰਨੇ ਹੁੰਦੇ ਹਨ। ਇਸ ਲਈ ਬੜੀ ਕੋਮਲਤਾ, ਵਲਵਲੇ, ਕਲਪਨਾ, ਬੁਧੀ, ਗਿਆਨ ਸਰੋਦ, ਬੋਲੀ ਦੀ ਬਰੀਕ ਸੂਝ, ਇਤਿਹਾਸ-ਮਿਥਿਹਾਸ ਦੀ ਜਾਣਕਾਰੀ, ਰਸਕਸ ਦੇ ਉਸਾਰਨ ਦੀ ਵਿਧੀ ਆਦਿ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਕਾਵਿਧਾਰਾਕਲਾ ਦਾ ਹਰ ਅੰਗ ਰਾਗ ਦੀ ਪ੍ਰਕ੍ਰਿਤੀ ਅਨੁਸਾਰ ਹੁੰਦਾ ਹੈ। ਉਦਾਹਰਣ ਦੇਖਦੇ ਹਾਂ :

**ਰਾਗ ਬਸੰਤ**

ਨਿਮਨਦਰਜ ਪਦੇ ਵਿਚ ਸ਼ਬਦਾਵਲੀ, ਅਲੰਕਾਰ, ਚਿੰਨ੍ਹ, ਪ੍ਰਤੀਕ, ਰੂਪਕ, ਉਪਮਾਵਾਂ, ਰਸ ਆਦਿ ਬਸੰਤ ਰੁੱਤ ਦੇ ਅਨੁਕੂਲ ਹਨ :

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।।
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ।।
ਭੋਲਿਆ ਹਉਮੈ ਸੁਰਤਿ ਵਿਸਾਰਿ।।
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣ ਲੈ ਸਾਰਿ।।
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।।
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।।
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ।।
ਪਤਿ ਦਾ ਧਨੁ ਪੂਰਾ ਹੋਆ ਲਾਗਾ ਸਹਿਜ ਧਿਆਨੁ।।
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ।।
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ।।

**ਰਾਗ ਮਲਾਰ**

ਮਲਾਰ ਵਰਖਾ ਦਾ ਰਾਗ ਹੈ। ਇਸ ਰਾਗ ਵਿਚ ਗੁਰੂ ਬੱਦਲ ਹੋ ਜਾਂਦਾ ਹੈ, ਬਾਣੀ ਮੀਂਹ ਬਣ ਜਾਂਦੀ ਹੈ, ਮਨੁੱਖੀ ਹਿਰਦਾ ਧਰਤੀ ਹੈ ਜਿਥੇ ਨਾਮ ਦੀ ਖੇਤੀ ਉਗਦੀ ਹੈ:

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ॥
ਸੁਣਿ ਘਨ ਘੋਰ ਸੀਤਲੁ ਮਨੁ ਮੇਰਾ ਲਾਲ ਰਤੀ ਗੁਣ ਗਾਵੈ॥

ਬਰਸੁ ਘਨਾ ਮੇਰਾ ਮਨੁ ਭੀਨਾ॥

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰ ਮੋਹੀ ਮਨੁ ਹਰਿ ਰਸਿ ਲੀਨਾ॥

ਬਾਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ॥

ਅਪਣੀ ਕਿਰਪਾ ਕਰਿ ਕੈ ਵਸਸੀ ਵਣ ਤ੍ਰਿਣੁ ਹਰਿਆ ਹੋਇ॥

ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ॥

ਰਾਗ ਦੀ ਪ੍ਰਕ੍ਰਿਤੀ ਤੇ ਕਾਵਿਧਾਰਾ ਦੇ ਅੰਗਾਂ ਦਾ ਪੂਰਨ ਸੰਯੋਗ ਹੀ ਗੁਰੂ ਗ੍ਰੰਥ ਦੀ ਕਾਵਿਧਾਰਾਕਲਾ ਹੈ। ਇਸ ਸੰਜੋਗ ਵਿਚ ਕਈ ਹੋਰ ਬਰੀਕ ਵੇਰਵਿਆਂ ਦਾ ਵੀ ਧਿਆਨ ਰੱਖਣਾ ਉਚਿੱਤ ਹੈ। ਆਰਤੀ ਦੇ ਸ਼ਬਦ ਪਦੇ ਗੁਰੂ ਨਾਨਕ, ਰਵਿਦਾਸ, ਸੈਣ, ਪੀਪਾ, ਧੰਨਾ ਜੀ ਨੇ ਧਨਾਸਰੀ ਰਾਗ ਵਿਚ ਰਚੇ ਹਨ। ਸੋ ॥ਆਰਤੀ ਕਾਵਿ ਰੂਪ ਅਤੇ ਰਾਗ ਧਨਾਸਰੀ ਦੀ ਸਾਂਝ ਹੈ, ਰਾਗ ਵਡਹੰਸ ਵਿਚ ਹੀ ਘੋੜੀਆਂ ਤੇ ਅਲਾਹੁਣੀਆਂ ਸਮਾਉਂਦੀਆਂ ਹਨ, ਹੋਰ ਕਿਸੇ ਰਾਗ ਵਿਚ ਨਹੀਂ, ਰਾਗ ਮਾਰੂ ਵਿਚ ਜੁਧ ਦਾ ਵਾਯੂ ਮੰਡਲ ਉਭਾਰਿਆ ਜਾ ਸਕਦਾ ਹੈ। ਰਾਗ ਤਿਲੰਗ ਵਿਚ ਹੀ ਕਬੀਰ, ਨਾਮਦੇਵ, ਗੁਰੂ ਨਾਨਕ ਤੇ ਗੁਰੂ ਅਰਜਨ ਨੇ ਮੁਸਲਮਾਨਾਂ ਨੂੰ ਸੰਬੋਧਨ ਕੀਤਾ ਹੈ। ਰਾਗ ਰਾਮਕਲੀ ਵਿਚ ਹੀ ਨਾਥ ਜੋਗੀਆਂ ਨੂੰ ਸੰਬੋਧਿਤ ਪਦੇ ਤੇ ਬਾਣੀਆਂ ਹਨ। ਰਾਗ ਸੂਹੀ ਵਿਚ ਗ੍ਰਹਿਸਤ ਜੀਵਨ ਦੇ ਰੂਪ ਨੂੰ ਚਿਤਰਿਆ ਹੈ। ਜਿਥੇ ਏਕ ਜੋਤਿ ਦੋਇ ਮੂਰਤੀ ਹੁੰਦੇ ਹਨ। ਉਥੇ ਹੀ ਸਤੀਆਂ ਦੀ ਨਿਖੇਧੀ ਕੀਤੀ ਹੈ। ਰਾਗ ਮਾਝ ਵਿਚ ਹੀ ਪੰਜਾਬ ਦੇ ਪੇਂਡੂ ਜੀਵਨ ਨੂੰ ਸਾਕਾਰ ਕੀਤਾ ਹੈ।

ਰਾਗ ਤੇ ਕਾਵਿਧਾਰਾ ਸੰਜੋਗ ਹੀ ਗੁਰੂ ਗ੍ਰੰਥ ਦੀ ਕਾਵਿਧਾਰਾਕਲਾ ਦਾ ਧੁਰਾ ਹੈ। ਜਿਵੇਂ ਕੁਦਰਤੀ ਹੈ, ਇਸ ਦੀ ਬੋਲੀ, ਸ਼ਬਦਾਵਲੀ, ਬਿੰਬਾਵਲੀ ਆਪਣੇ ਸਮਾਜ, ਇਤਿਹਾਸ, ਮਿਥਿਹਾਸ ਆਦਿ ਪ੍ਰਾਚੀਨ ਸਾਹਿਤ ਵਿਚੋਂ ਹੀ ਆ ਰਹੇ ਹਨ। ਲੋਕਕਾਵਿ ਤੇ ਸ਼ਾਸਤ੍ਰੀਕਾਵਿ, ਪਿੰਗਲ ਤੇ ਆਧਾਰਤ ਕਈ ਕਾਵਿ ਰੂਪ ਤੇ ਛੰਦ ਵਰਤੇ ਹਨ, ਜਿਵੇਂ ਘੋੜੀ ਸਿਰਹੜਾ, ਡਖਣਾ, ਲਾਵ, ਆਰਤੀ, ਅਲਾਹਣੀ, ਦਿਨਰਾਤ, ਸਤਵਾਰ, ਰਿਤੀ, ਰੁਤ, ਬਾਰਹ ਮਾਹ, ਸਲੋਕ, ਦੁਪਦੇ, ਤਿਪਦੇ, ਸਵਯ, ਕਬਿਤ, ਆਦਿ ਬਿੰਬਾਵਲੀ ਦਾ ਸਰੂਪ ਠੋਸ ਹਕੀਕਤ ਹੈ। ਪਤੀਪਤਨੀ, ਧਰਤਆਕਾਸ਼, ਪਾਉਣਬਾਣੀ, ਬਾਰਕਮਾਤਾ, ਸਹੁਰਾਪੇਕਾ, ਸੁਹਾਗਣ ਦੁਹਾਗਣ, ਪੂਸ਼ਪੰਛੀ ਆਦਿ ਵਿਚੋਂ ਬਿੰਬ ਉਸਾਰੇ ਹਨ। ਕਾਵਿ ਰੂਪ ਅਨੁਸਾਰ ਬੋਲੀ ਹੈ, ਅਨੇਕ ਬੋਲੀਆਂ ਤੇ ਬੋਲੜੀਆਂ ਦਾ ਪ੍ਰਯੋਗ ਹੋਇਆ ਹੈ। ਲੋਕ ਕਥਾਵਾਂ ਤੇ ਮਿਥਿਹਾਸ ਦੀ ਰਜਵੀਂ ਵਰਤੋਂ ਹੈਰਾਮਸੀਤਾ, ਰਾਧਾਕ੍ਰਿਸ਼ਨ, ਪਾਂਡਵ, ਜਨਮੇਜਾ, ਚੰਦਰਭਾਨ, ਬ੍ਰਹਮਾ, ਵਿਸ਼ਨੂੰ, ਸ਼ਿਵ, ਅਜਾਮਲ, ਬਾਲਮੀਕ, ਗਨਿਕਾ, ਰਾਜ, ਸੁਰ, ਗਣ, ਗੰਧਰਬ, ਜੱਖ, ਕਿਨਰ, ਪਿਸਾਚ, ਕਾਲਨੇਮ, ਕੇਸੀ, ਚਾਡੂਰ, ਇੰਦਰ, ਧਰਮਰਾਜ, ਚ੍ਰਿਤ ਗੁਪਤ, ਸੋਹਣੀਆਂ, ਰਾਗਣੀਆਂ ਰਤਨ ਆਦਿ ਆਮ ਵਰਤੋਂ ਹੋਏ ਹਨ। ਬੋਲੀ ਦੀ ਵਰਤੋਂ ਐਸੇ ਸਹਜ ਤੇ ਸੰਜਸ ਦੀ ਹੈ ਕਿ ਗੁਰੂ ਗ੍ਰੰਥ ਵਿਚੋਂ ਸੈਕੜੇ ਹੀ ਮੁਹਾਵਰੇ ਅਖਾਣ ਲੱਭੇ ਜਾ ਸਕਦੇ ਹਨ ਜੋ ਗੁਰੂ ਗ੍ਰੰਥ ਦੇ ਕਵੀਆਂ ਦੀ ਹੀ ਦੇਣ ਹਨ। ਅਤੇ ਸਮਾਜ ਵਿਚ ਪ੍ਰਵਾਨ ਹੋ ਕੇ ਜੀਵਨ ਵਿਚ ਰਚ ਗਏ ਹਨ। ਅਨੇਕ ਸ਼ਬਦਚਿਤ੍ਰ, ਬੋਲ ਚਿਤ੍ਰ ਆਦਿ ਇਥੋਂ ਲੱਭੇ ਜਾ ਸਕਦੇ ਹਨ।

ਹਰ ਕਵੀ ਦੀ ਆਪਣੀ ਨਿਖੜਵੀਂ ਸ਼ੈਲੀ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਸੋਦਰੁ ਸ਼ੈਲੀ ਦੇ ਪੱਖੋਂ ਅਰੰਭੀ ਸੰਗੀਤ ਦੀ ਪਵਿਤ੍ਰਤਾ ਦਾ ਮੰਡਲ ਉਸਾਰਦੀ ਹੈ, ਸੰਗੀਤ ਵੀ ਵੱਡੀ ਚੀਜ ਤਦ ਬਣਦਾ ਹੈ ਜੇ ਸੰਗੀਤਕਾਰ ਮਹਾਨ ਹੋਣ, ਇਥੇ ਸੰਗੀਤਕਾਰਾਂ ਦਾ ਪ੍ਰਦਰਸ਼ਨ ਕੈਸਾ ਹੈ, ਦੈਵੀ ਪਵਿਤ੍ਰਤਾ ਦਾ ਜਲੂਸ ਹੈ। ਅਨੇਕ ਸਿਧਾਂਤਾਂ ਤੇ ਸਾਧਨਮਾਰਗਾਂ ਵਾਲੇ ਇਕੋ ਹੀ ਉਸਤਤਿ ਤੇ ਉਸ ਦੇ ਹੁਕਮ ਪਾਲਣਾ ਵਿਚ ਲੀਨ ਹਨ। ਅਸਲ ਸੰਗੀਤ ਹੁਕਮ ਪਾਲਣਾ ਦਾ ਹੈ। ਸਾਧਨਾ ਮਾਰਗ ਭਾਵੇਂ ਕੋਈ ਹੈ, ਇਹ ਸਦਾ ਉਸ ਇਕ ਨਾਲ ਇਕ ਸੁਰ ਹਨ। ਅੰਤ ਤੇ ਸਭ ਦਾ ਅਲਾਪ ਇਕੋ ਹੈ: ਸੋ ਪਾਤਿਸਾਹੁ ਸਾਹਾ ਪਾਤਿਸਹਿਬੁ ਨਾਨਕ ਰਹਣ ਰਜਾਈ।।

ਗੁਰੂ ਗ੍ਰੰਥ ਵਿਚ ਕਾਵਿਧਾਰਾ ਕਲਾ ਦੇ ਪੱਖ ਤੋਂ ਅਨੇਕ ਉਤਕ੍ਰਿਸ਼ਟ ਨਮੂਨੇ ਦੇਖੇ ਜਾ ਸਕਦੇ ਹਨ ਪਰ ਫਿਰ ਵੀ ਇਹ ਠੀਕ ਹੈ ਕਿ ਇਹ ਕਵੀ ਕਲਾਕਾਰ ਨਹੀਂ ਸਨ, ਇਨ੍ਹਾਂ ਦੀ ਕਲਾ ਸੁੱਤੇ ਸਿਧ ਸ਼ਾਸਨ ਵਜੋਂ ਪੈਦਾ ਹੋਈ ਹੈ, ਇਹ ਸਿਖੀ ਸਿਖਾਈ ਨਹੀਂ ਗਈ, ਇਹ ਕਿਸੇ ਮੈਕ ਅਭਿਆਸ ਦਾ ਫਲ ਨਹੀਂ, ਇਹ ਪਿੰਗਲ ਦੇ ਨੇਮਾਂ ਦਾ ਪਾਲਨ ਨਹੀਂ, ਇਹ ਕੇਵਲ ਰਸੀ ਹੋਈ ਸਹਜਮਈ ਸ਼ਖਸੀਅਤ ਤੇ ਰਹਿਣੀ ਦਾ ਪ੍ਰਗਟਾਵਾ ਹੈ। ਇਹ ਅਕਲ ਕਲਾ ਹੈ, ਇਹ ਤਕਨੀਕੀ ਕਲਾ ਨਹੀਂ ਹੈ। ਇਹ ਸਹਜ ਕਲਾ ਹੈ, ਆਪਣੇ ਆਪ ਪ੍ਰਕਾਸ਼ਮਾਨ ਹੋਈ ਹੈ।

ਸਹਜ ਕੀ ਹੈ? ਸਹਜ ਉਲਟ ਹੈ ਸਹਸਾ ਦਾ, ਇਕ ਅਰਥ ਜਾਂ ਭਾਵਨਾ ਇਹ ਹੈ। ਗੁਰੂ ਅਮਰਦਾਸ ਜੀ ਨੇ ਸਹਜ ਤੇ ਸਹਸਾ ਦਾ ਵਿਰੋਧ ਪ੍ਰਗਟ ਕੀਤਾ ਹੈ :

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ।।

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ।।

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।।

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।।

ਕਹੈ ਨਾਨਕ ਗੁਰਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ।।

ਸਹਜ ਕੇਵਲ ਬਾਹਰਲੀ ਮਰਯਾਦਾ ਦੀ ਪਾਲਣਾ ਦੀ ਗੱਲ ਨਹੀਂ ਹੈ ਜਿਸ ਨੂੰ ਆਮ ਕਰਕੇ ਸਭਿਆਚਾਰ ਕਿਹਾ ਜਾਂਦਾ ਹੈ। ਸਹਜ ਹੈ ਹਿਰਦੇ ਦਾ ਨਿਰਮਲ ਹੋਣਾ। ਇਹ ਦੈ ਗੁਰੂ ਕਿਰਪਾ ਨਾਲ ਗੁਰੂ ਸ਼ਬਦ ਦੀ ਕਮਾਈ ਨਾਲ ਪੈਦਾ ਹੁੰਦੀ ਹੈ। ਸਹਿਜ ਰਹਿਣੀ ਹੈ, ਵਿਸ਼ੇਸ਼ ਕਰਕੇ ਅੰਦਰ ਦੀ ਪਵਿੱਤਰ ਰਹਿਣੀ। ਗੁਰੂ ਗ੍ਰੰਥ ਦੀ ਕਲਾ ਸਹਜਰੂਪ ਦੀ ਹੈ। ਜਿਨ੍ਹਾਂ ਦੇ ਹਿਰਦੇ ਪਵਿਤ੍ਰ ਸਨ, ਉਨ੍ਹਾਂ ਦਾ ਹਰ ਬੋਲ ਲਿਖਤੀ ਜਾਂ ਅਣਲਿਖਿਆ, ਪਵਿਤ੍ਰ ਹੁੰਦਾ ਹੈ, ਸਚਾ ਹੁੰਦਾ ਹੈ। ਸਚ ਨੂੰ ਜਿਵੇਂ ਵੀ ਪ੍ਰਗਟ ਕੀਤਾ ਜਾਏ, ਉਹ ਕਲਾਮਈ ਹੈ। ਸਚ ਦੇ ਬਚਨ ਵਿਚ ਸਚ ਦਾ ਬਲ ਹੈ, ਵਲਵਲਾ ਹੈ, ਸ਼ਕਤੀ ਹੈ। ਇਹੋ ਹੈ ਕਲਾ ਤੇ ਸ਼ਕਤੀ। ਕਲਾ ਪਾਠਕ ਨੂੰ ਹਲੂਣਦੀ ਹੈ; ਉਸ ਦੀ ਹਾਲਤ ਤੇ ਅਵਸਥਾ ਨੂੰ ਦਬਲਦੀ ਹੈ। ਗੁਰੂ ਗ੍ਰੰਥ ਦੇ ਹਰ ਬਚਨ ਵਿਚ ਇਹ ਸ਼ਕਤੀ ਹੈ ਕਿਉਂਕਿ ਹਰ ਬਚਨ ਸਚ ਹੈ ਤੇ ਉਹ ਸਚ ਹੈ ਕਿਉਂਕਿ ਕਵੀ ਨੇ ਉਸ ਨੂੰ ਜੀਵਿਆ ਹੈ, ਜੀਉ ਕੇ ਉਸ ਦੇ ਸਚ ਨੂੰ ਪ੍ਰਤਾਇਆ ਹੈ। ਨਾਮ ਸਿਮਰਨ ਬਾਰੇ ਪ੍ਰਚਾਰ ਸਚ ਦਾ ਪ੍ਰਸਾਰ ਹੈ, ਨਿਰਾ ਵਿਗਿਆਪਨ ਨਹੀਂ ਹੈ। ਇਸ ਲਈ ਇਸ ਪ੍ਰਚਾਰ ਵਿਚ ਕਲਾ ਵਾਲੀ ਸ਼ਕਤੀ ਹੈ। ਗੁਰੂ ਅਰਜਨ ਨੇ ਨਾਮ ਦੇ ਇਸ ਬਲ ਦਾ ਪ੍ਰਗਟਾਵਾ ਕਰਕੇ ਦੇਖਿਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।। ਕਲਿ ਕਲੇਸ ਤਨ ਮਾਹਿ ਮਿਟਾਵਉ।।

ਸਿਮਰਉ ਜਾਸੁ ਬਿਸੁੰਭਰ ਏਕੈ।। ਨਾਮੁ ਜਪਤ ਅਗਲਤ ਅਨੇਕੈ।।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ।।

ਕਿਨਕਾ ਏਕ ਜਿਸੁ ਜੀਅ ਬਸਾਵੈ।। ਤਾਕੀ ਮਹਿਮਾ ਗਨੀ ਨਾ ਆਵੈ।।

ਕਾਂਖੀ ਏਕੈ ਦਰਸ ਤੁਹਾਰੋ।। ਨਾਨਕ ਉਨ ਸੰਗਿ ਮੋਹ ਉਧਾਰੋ।।

ਗੁਰੂ ਗ੍ਰੰਥ ਦੀ ਕਲਾ, ਸੋਹਜ ਸੁਆਦ; ਸਰੋਦ ਆਦਿ ਸ਼ਖਸੀਅਤ ਦਾ ਚਮਤਕਾਰ ਹੈ, ਪਿੰਗਲਾਂ, ਛੰਦਾ, ਬਿੰਬਾਂ ਦੀ ਚੰਚਲਤਾ ਤੇ ਹਿਸਾਬਦਾਨੀ ਨਹੀਂ ਹੈ। ਇਹ ਸਭ ਕੁਝ ਸਚ ਤੇ ਸ਼ਖਸੀਅਤ ਨਾਲ ਆਪਣੇ ਆਪ ਉਸ ਕਵਿਤਾ ਵਿਚ ਆਇਆ ਹੈ।

### (ਹ) ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਜਕ ਅਤੇ ਸਭਿਆਚਾਰਕ ਮਹੱਤਤਾ:

ਸਮਾਜ ਦਾ ਭਾਵ ਮਨੁੱਖਾਂ ਦਾ ਬਰਾਬਰੀ ਦੇ ਪੱਧਰਾਂ ਤੇ ਸਹਵਾਸ ਹੈ। ਨਾਬਰਾਬਰੀਆਂ ਵਾਲਾ ਸੰਗ੍ਰਹਿ ਸਮਾਜ ਨਹੀਂ ਹੁੰਦਾ, ਪਰਸਪਰ ਟਕਰਾਉ ਵਾਲਾ ਮਜਬੂਰੀ ਅੰਦਰ ਹੋਇਆ ਇਕੱਠ ਹੁੰਦਾ ਹੈ। ਸਮਾਜ ਇਕਜਾਨ ਹੋਈ ਅਵਸਥਾ ਹੈ ਜਿਥੇ ਇਕ ਦੂਜੇ ਵੱਲ ਸਦਭਾਵਨਾ ਹੈ, ਔਾਦੀ ਹ, ਖੁੱਲਡੁੱਲ੍ਹ ਹੈ, ਨਿਰ-ਵੈਰਤਾ ਹੈ, ਮਾਣ ਹੈ, ਸਤਿਕਾਰ ਹੈ, ਦਇਆ ਹੈ, ਨਾਗਰਿਕਤਾ ਹੈ। ਭਗਤ ਰਵਿਦਾਸ ਨੇ ਆਦਰਸ਼ਕ ਨਾਗਰਿਕਤਾ ਜਾਂ ਮਸਾਜ ਦਾ ਨਮੂਨਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਿਤਰਿਆ ਹੈ ਅਤੇ ਉਸ ਸਭ ਤੋਂ ਵੱਧ ਯੋਗ ਸਨ ਇਸ ਬਾਰੇ ਕਥਨ ਕਰਨ ਲਈ:

ਬੇਗਮਪੁਰਾ ਸਹਰ ਕੋ ਨਾਉ।। ਦੂਖੁ ਅੰਦੋਹੁ ਨਹੀਂ ਤਿਹਿ ਠਾਉ।।

ਨਾਂ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜਵਾਲੁ।।

ਅਬ ਮੋਹਿ ਖੂਬ ਵਤਨ ਗਹ ਪਾਈ।। ਊਹਾਂ ਖੈਰਿ ਸਦਾ ਮੇਰੇ ਭਾਈ।।

ਕਾਇਮੁ ਦਾਇਮੁ ਸਦਾ ਪਾਤਿਸਾਹੀ।। ਦੋਮ ਨ ਸੇਮ ਏਕ ਸੋ ਆਹੀ।।

ਆਬਾਦਨੁ ਸਦਾ ਮਸਹੂਰ।। ਊਹਾਂ ਗਨੀ ਬਸਹਿ ਮਾਮੂਰ।।

ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਰਹਮ ਮਹਲ ਨ ਕੋ ਅਟਕਾਵੈ।।

ਕਹਿ ਰਵਿਦਾਸ ਖਲਾਸ ਚਮਾਰਾ।। ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਗੁਰੂ ਗ੍ਰੰਥ ਸਾਹਿਬ ਜੀ ਨੇ ਐਸਾ ਸਮਾਜ ਬਣਾਉਣ ਦਾ ਉਪਰਾਲਾ ਕੀਤਾ ਹੈ ਜਿਥੇ ਕਿਸੇ ਨੂੰ ਵੱਖਰੀ ਚਿੰਤਾ ਨਹੀਂ ਹੈ ਜੋ ਹੋਰਾਂ ਤੋਂ ਵੱਖਰੀ ਹੋਵੇ, ਜੋ ਹੈ ਸਭ ਲਈ ਹੈ ਤੇ ਸਭ ਲਈ ਨਿਚਿੰਤਤਾ ਦਾ ਜੀਵਨ ਹੈ, ਜਿਥੇ ਦੁਖ, ਤੌਖਲਾ ਨਹੀਂ ਹੈ, ਜਿਥੇ ਪ੍ਰਾਧੀਨਤਾ ਤੇ ਭੈ ਨਹੀਂ ਹੈ, ਜਿਥੇ ਦਰਜੇ ਦੇ ਘਟਣ ਦਾ ਤ੍ਰਾਸ ਨਹੀਂ ਹੈ ਜਿਥੇ ਸੰਪਤੀ ਦੇ ਖੋਹੇ ਜਾਣ ਜਾਂ ਲੁਟੇ ਜਾਣ ਦਾ ਡਰ ਨਹੀਂ ਹੈ, ਜਿਥੇ ਸਦਾ ਅਮਨ ਸ਼ਾਂਤੀ ਹੈ, ਜਿਥੇ ਕੋਈ ਦੂਜੇ

ਜਾਂ ਤੀਜੇ ਦਰਜੇ ਦਾ ਸ਼ਹਿਰੀ ਨਹੀਂ ਹੈ, ਸਾਰੇ ਅਵਲ ਦਰਜੇ ਦੇ ਨਾਗਰਿਕ ਹਨ, ਪ੍ਰਥਮ ਸ਼੍ਰੇਣੀ ਦੇ ਹਨ, ਜਿਥੇ ਰਜੇਵਾਂ ਹੈ, ਭੁੱਖ ਤੇ ਫਾਕੇ ਨਹੀਂ ਹਨ, ਜਿਥੇ ਤੁਰਨ-ਫਿਰਨ ਦੀ ਖੁਲ੍ਹ ਹੈ, ਪਾਬੰਦੀਆਂ ਹੀਂ ਹਨ, ਜਿਥੇ ਹਰ ਇਕ ਦਾ ਸਤਿਕਾਰ ਹੈ ਤੇ ਸਾਰੇ ਸ਼ਹਿਰੀਆਂ ਵਿਚ ਮਿਤ੍ਰਤਾ ਦੀ ਭਾਵਨਾ ਹੈ। ਇਹ ਆਦਰਸ਼ਕ ਸਮਾਜ ਹੈ ਜਿਸ ਦੀ ਕਲਪਨਾ ਗੁਰੂ ਗ੍ਰੰਥ ਵਿਚ ਹੋਈ ਹੈ।

ਸਵਾਧੀਨਤਾ, ਬਰਾਬਰੀ, ਖੁਸ਼ਹਾਲੀ, ਨਾਗਰਿਕਤਾ ਦਾ ਗੋਰਵ ਤੇ ਜੀਨ ਦੀ ਪਵ੍ਰਿਤਤਾ ਸੱਚਾ ਸਮਾਜ ਬਣਾਉਣ ਵਾਲੇ ਬੁਨਿਆਦੀ ਤੱਤ ਹਨ। ਇਹੋ ਹੀ ਸਭਿਆਚਾਰਕ ਤੱਤ ਵੀ ਹਨ। ਸ਼੍ਰੇਸ਼ਨ ਨਾਗਰਿਕਤਾ ਹੀ ਸਭਿਆਚਾਰ ਹੈ। ਸਭਿਆਚਾਰ ਦੇ ਦੋ ਭਾਵ ਹੋ ਸਕਦੇ ਹਨ:

ਸਭਿਆਚਾਰ ਪੱਧਰ ਜਾਂ ਰਹਿਣੀ ਅਤੇ ਸਭਿਆਚਾਰ ਪੱਧਰ ਤੇ ਪਹੁੰਚਣ ਲਈ ਸਿਖਲਾਈ ਜਾਂ ਸਾਧਨਾ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਗਰਿਕਤਾ ਅਤੇ ਸਭਿਆਚਾਰਕ ਦੋਹਾਂ ਦਾ ਆਧਾਰ ਭਗਤੀ ਹੈ, ਨਾਮ ਦਾ ਸਿਮਰਨ ਹੈ:

ਬਿਸਰਿ ਗਈ ਸਭ ਤਾਤਿ ਪਰਾਈ।।
ਜਬ ਤੇ ਸਾਧ ਸੰਗਤਿ ਮੋਹਿ ਪਾਈ।।
ਨਾ ਕੋ ਬੈਰੀ ਨਾ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹੁ ਸੁਮਤਿ ਸਾਧੂ ਤੇ ਪਾਈ।।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ।।

ਵਰਣਆਸ਼ਰਮ ਤੇ ਜਾਤਪਾਤ ਦੀ ਬਰਾਬਰੀ ਦੀ ਮਨੁੱਖੀ ਸਮਾਜ ਵਿਚ ਬਰਾਬਰੀ ਪੈਦਾ ਕਰਦੀ ਹੈ। ਭਗਤ ਬਾਣੀ ਵਿਚ ਇਸ ਬਰਾਬਰੀ ਤੇ ਬਲ ਦਿੱਤਾ ਗਿਆ ਹੈ। ਕਬੀਰ ਦੇ ਕਥਨ ਕਟਾਖ ਵਾਲੇ ਹੀ ਹਨ, ਵਿਅੰਗਮਈ ਵੀ ਹਨ, ਗੁੱਝੀ ਹਾਸਾ ਵੀ ਛੇੜਦੇ ਹਨ। ਸੂਤਰ ਦੀਆਂ ਦੋ ਤੰਦਾਂ ਨਾਲ ਕੋਈ ਬ੍ਰਾਹਮਣ ਕਿਵੇਂ ਹੋ ਜਾਂਦਾ ਹੈ ਤੇ ਦੋ ਤੰਦਾਂ ਨਾ ਹੋਣ ਨਾਲ ਕੋਈ ਸ਼ੂਦਰ ਕਿਵੇਂ ਹੋ ਜਾਂਦਾ ਹੈ। ਫਿਰ ਜੇ ਸੂਤਰ ਨਾਲ ਹੀ ਕੋਈ ਉਚਾ ਹੁੰਦਾ ਹੈ ਤਦ ਬ੍ਰਾਹਮਣ ਦੇ ਗਲ ਤੇ ਤਿੰਨ ਤੰਦਾਂ ਹਨ, ਮੇਰੇ ਘਰ (ਕਬੀਰ ਦੇ ਘਰ) ਤਾਣਾ ਹੈ, ਫਿਰ ਤੇ ਵੱਡਾ ਬ੍ਰਾਹਮਣ ਕਬੀਰ ਹੋਇਆ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ।। ਬ੍ਰਹਮ ਬਿੰਦੁ ਤੇ ਸਭ ਉਤਪਾਤੀ।।
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।। ਬਾਮਨ ਕਹਿ ਕਹਿ ਜਨਮੁ ਮਤ ਖੋਏ।।
ਜੋ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।। ਤਉ ਆਨ ਬਾਟ ਕਾਹੇ ਨਹੀਂ ਆਇਆ।।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।। ਹਮ ਕਤ ਲੋਹੂ ਤੁਮ ਕਤ ਦੁਧ।।

ਹੋਰ ਭਗਤਾਂ ਨੇ ਵੀ ਸ਼ੂਦਰਭਾਵ ਤੋਂ ਗਿਲਾਨੀ ਪ੍ਰਗਟ ਕੀਤੀ ਹੈ ਪਰ ਉਹ ਕਬੀਰ ਗਾਂਗ ਫਕੜ ਨਹੀਂ ਹਨ। ਗੁਰੂ ਨਾਨਕ ਦੇਵ ਕਬੀਰ ਤੋਂ ਵੱਧ ਜੋਰ ਨਾਲ ਕਹਿੰਦੇ ਹਨ ਕਿ ਵਰਣ ਆਸ਼ਰਮ ਤੇ ਜਾਤਪਾਤ ਅਸਮਾਜਕ ਹਨ। ਸਾਰੇ ਵਰਣਐਰਮਾਂ ਦਾ ਧਰਮ ਇਕ ਹੈ ਅਤੇ ਲਾਹਨਤ ਹੈ ਜਾਤਪਾਤ ਦਾ ਖਿਆਲ :

(ੳ)ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।
ਖਤ੍ਰੀ ਸਬਦੰ ਸੁਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ।।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।।
(ਅ)ਫਕੜ ਜਾਤੀ ਫਕੜੁ ਨਾਉ।। ਸਭਨਾ ਜੀਆ ਇਕਾ ਛਾਉ।।
ਆਪਹੁ ਜੇ ਕੋ ਭਲਾ ਕਹਾਏ।। ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ।।

ਜਿਨਸੀ ਬਰਾਬਰੀ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਕਾਇਮ ਕੀਤਾ। ਭੰਡੀ ਹੋਈ ਇਸਤਰੀ ਦਾ ਸਥਾਨ ਸਪੱਸ਼ਟ ਕੀਤਾ। ਇਸ ਤਰ੍ਹਾਂ ਮਨੁੱਖੀ ਸਮਾਜ ਨੂੰ ਆਦਰਸ਼ਕ ਰੂਪ ਦੇਣ ਦਾ ਯਤਨ ਕੀਤਾ। ਇਸਤਰੀ ਕਿਵੇਂ ਭੰਡਣ ਯੋਗ ਹੈ ਜਾਂ ਨਿੰਦਣ ਯੋਗ ਹੈ ਜਦੋਂ ਕਿ ਉਹ ਸਮਾਜ ਦਾ ਆਧਾਰ ਹੈ। ਜੇ ਇਸਰਤੀ ਭਗਤ ਹੋਵੇ ਤਦ ਉਹ ਪੁਰਸ਼ ਤੋਂ ਵੀ ਸਪੱਸ਼ਟ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ।।
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ।।

ਸਮਾਜ ਵਿਚ ਨਾ ਬਰਾਬਰੀ ਦਾ ਇਕ ਹੋਰ ਆਧਾਰ ਧਰਮ ਦੀ ਹਉਮੈ ਹੈ, ਮੁਸਲਮਾਨ ਨੂੰ ਆਪਣੇ ਧਰਮ ਦੀ ਹਉਮੈ ਸੀ ਤੇ ਹੈ, ਹਿੰਦੂ ਨੂੰ ਆਪਣੇ ਧਰਮ ਦੀ ਹਉਮੈ ਹੈ, ਹੋਰਾਂ ਨੂੰ ਵੀ ਆਪਣੇ ਆਪਣੇ ਧਰਮ ਦਾ ਹੰਕਾਰ ਹੈ ਕਿ ਸਾਡਾ ਧਰਮ ਵੱਡਾ ਹੈ। ਜੇ ਧਰਮ ਨਾਲ ਰਾਜ ਵੀ ਮਿਲ ਜਾਵੇ, ਇਹ ਹਉਮੈ ਹੋਰ ਵੱਧਦੀ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਮੁਸਲਮਾਣਾਂ ਨੂੰ ਆਪਣੀ ਹਉਮੈ ਸੀ, ਰਾਜ ਦੀ ਵੀ ਤੇ ਧਰਮ ਦੀ ਵੀ। ਪਰ ਜਿੱਥੇ ਧਰਮ ਕਰਕੇ ਨਾ ਬਰਾਬਰੀ ਹੈ, ਉਥੇ ਸਮਾਜ ਸੁਖੀ ਨਹੀਂ ਹੋ ਸਕਦਾ। ਉਹ ਸਮਾਜ ਹੀ ਨਹੀਂ ਹੈ। ਸਮਾਜ ਵਿਚ ਭੁੱਖ ਪੇਦਾ ਕਰਨ ਵਾਲੀਆਂ ਚੀਜਾਂ ਅਸਮਾਜਕ ਤੇ ਸਭਿਆਚਾਰਕ ਰੁਚੀਆਂ ਤੇ ਰਹਿਣੀ ਆਦਿ ਹਨ। ਗੁਰੂ ਸਾਬਿਾਨ ਨੇ ਕਰਮਕਾਂਡ, ਦੁਖਾਵੀਆਂ ਰਸਮਾਂ ਜਿਵੇਂ ਸਤੀ, ਵਿਧਵਾ ਵਿਵਾਹ ਦੀ ਮਨਾਹੀ, ਸ਼ਰਾਬ ਤੇ ਨੈਸ਼ਿਆਂ ਦੀ ਵਰਤੋਂ, ਆਦਿ ਬਾਰੇ ਵੀ ਸੁਧਾਰ ਕੀਤਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਜਕ ਤੇ ਸਭਿਆਚਾਰਕ ਮਹੱਤਤਾ ਦਰਸਾਉਣ ਦਾ ਇਕ ਪੱਖ ਇਹ ਹੈ ਕਿ ਸਮਕਾਲੀ ਇਤਿਹਾਸਕ ਸਥਿਤੀ ਦਾ ਸਮਾਜ ਤੇ ਸਭਿਆਚਾਰ ਦਰਸਾਇਆ ਜਾਵੇ। ਗੁਰੂ ਗ੍ਰੰਥ ਵਿਚ ਬਾਹਰਵੀਂ ਤੋਂ ਸਤਾਹਰਵੀਂ ਸਦੀ ਤੀਕ ਦੇ ਸਮਾਜ ਵਿਚ ਕਿੱਤਿਆਂ, ਪੇਸ਼ਿਆਂ ਦਾ ਬਿਆਨ ਹੈ, ਖਾਦਪੀਣ, ਪਹਿਨਪਹਿਰਾਵੇ ਦਾ ਬਿਆਨ ਹੈ, ਸੁੰਦਰਤਾ ਤੇ ਸ਼ਿੰਗਾਰ ਦੇ ਤਰੀਕਿਆਂ ਦਾ ਬਿਆਨ ਹੈ, ਆਦਿ, ਆਦਿ। (ਦੇਖੋ ਡਾ. ਤਾਰਨ ਸਿੰਘ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਸਾਹਿਤਕ ਇਤਿਹਾਸ) ਰਾਗ, ਕਾਵਿਧਾਰਾ, ਪੜ੍ਹਾਈ, ਵਿਦਵਤਾ, ਨਾਚ, ਗਿਆਨ, ਸੁੰਦਰਤਾ ਦੇ ਉਚੇ, ਨਿਰੋਏ, ਗੰਭੀਰ, ਆਦਰਸ਼ ਗੁਰੂ ਗ੍ਰੰਥ ਨੇ ਸਥਾਪਨ ਕੀਤੇ ਤਾਂ ਜੋ ਨਵ ਨਰੋਇਆ ਸਮਾਜ ਦੇ ਉੱਚਾ ਸਭਿਆਚਾਰ ਪੈਦਾ ਹੋਵੇ।

## ਸਾਰ-ਅੰਸ਼:

ਸੋ ਗੁਰਮਤਿ ਕਾਵਿਧਾਰਾ ਮੱਧਕਾਲੀ ਦੀ ਵੱਡੀ ਕਾਵਿਧਾਰਾ ਮੰਨੀ ਜਾਂਦੀ ਹੈ। ਸਿੱਖ ਧਰਮ ਦੇ ਧਾਰਮਿਕ ਗ੍ਰੰਥ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਹੈ। ਇਸ ਨੂੰ ਆਦਿ ਗ੍ਰੰਥ ਵੀ ਕਿਹਾ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 5ਵੇ ਗੁਰੂ ਸਹਿਬਾਨ ਗੁਰੂ ਅਰਜਨ ਦੇਵ ਜੀ ਨੇ 1601 ਵਿੱਚ ਸ਼ੁਰੂ ਕੀਤਾ।ਇਹ ਕਾਰਜ 1604 ਵਿਚ ਪੂਰਾ ਹੋਇਆ।ਇੰਦਰ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ । ਭਾਈ ਗੁਰਦਾਸ ਇੰਦਰ ਪਹਿਲੇ ਲਿਖਾਰੀ ਸਨ। ਇਸ ਵਿਚ ਸਿੱਖ ਧਰਮ ਦੇ ਮੂਲ ਸਿਧਾਂਤ ਤੇ ਜੀਵਨ ਜਾਂਚ ਨੂੰ ਇਸੇ ਕੀਤਾ ਗਿਆ ਹੈ।ਇਸ ਵਿਚ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੇ ਭੱਟਾਂ, ਭਗਤਾਂ, ਗੁਰੂਆਂ, ਗੁਰੂ-ਸਿੱਖਾਂ ਸ਼ਰਧਾਲੂਆਂ ਦੀ ਬਾਣੀ ਦਰਜ ਹੈ । ਗੁਰਮਤਿ ਕਾਵਿਧਾਰਾ ਦੇ ਸਾਰੇ ਕਵੀ ਆਪਣੀਆਂ ਰਚਨਾਵਾਂ ਰਾਹੀ ਸਰਬ ਸਾਂਝੀ ਭਾਈਵਾਲਤਾ ਦਾ ਸੰਦੇਸ਼ ਦਿੰਦੇ ਹਨ।ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਬਾਣੀ ਦੀ ਵਿਚਾਰਧਾਰਾ ਨੂੰ ਗੁਰਮਤ ਵਿਚਾਰਧਾਰਾ ਦਾ ਨਾਮ ਦਿੱਤਾ ਗਿਆ ਹੈ।ਇਸ ਗ੍ਰੰਥ ਵਿਚ ਧਾਰਮਿਕ, ਸਮਾਜਿਕ, ਅਤੇ ਸਾਹਿਤਕ ਵਿਚਾਰਧਾਰਾ ਦਾ ਬਹੁਤ ਮਹੱਤਵ ਹੈ। ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ। ਗੁਰਮਤਿ ਕਾਵਿਧਾਰਾ ਦੇ ਸੰਲਕਪ, ਕਲਾ ਪੱਖ ਅਤੇ ਸਹਿਤਕ ਵਿਸ਼ੇਸ਼ਤਾਵਾ ਨੂੰ ਉਪਰੋਕਤ ਵਿਚਾਰਾ ਦੇ ਅਧਾਰ 'ਤੇ ਸਮਝਿਆਂ ਜਾ ਸਕਦਾ ਹੈ।

## ਕੇਂਦਰੀ ਸ਼ਬਦ:

ਗੁਰਮਤਿ---ਇਕ ਵਿਚਾਰਧਾਰਾ ਦਾ ਨਾਮ
ਗੁਰਿਆਈ---ਗੁਰਗੱਦੀ
ਸੰਕਲਨ---ਸੰਪਾਦਨਾ
ਪ੍ਰਤੀਕ---ਸਹਿਤਕ ਜੁਗਤ

## ਸਵੈ-ਮੁਲਾਂਕਣ:

1. ਗੁਰਮਤਿ ਕਾਵਿਧਾਰਾ ਦੇ ਮੋਢੀ ਕੋਣ ਸਨ।

ੳ. ਗੁਰੂ ਨਾਨਕ ਦੇਵ ਅ. ਗੁਰੂ ਅਰਜਨ ਦੇਵ

ੲ.ਗੁਰੂ ਗੋਬਿੰਦ ਸਿੰਘ ਸ. ਭਗਤ ਨਾਮਦੇਵ

2. ਗੁਰਬਾਣੀ ਦੀ ਕੁੰਜੀ ਦਾ ਦਰਜ਼ਾ ਕਿਸ ਕਵੀ ਨੂੰ ਪ੍ਰਾਪਤ ਹੈ।

ੳ. ਬਾਬਾ ਫ਼ਰੀਦ ਜੀ ਅ. ਸੱਤਾ ਤੇ ਬਲਵੰਡ

ੲ. ਭਾਈ ਗੁਰਦਾਸ ਜੀ ਸ. ਧੰਨਾ ਭਗਤ

3. ਗੁਰਮਤਿ ਕਾਵਿਧਾਰਾ ਵਿੱਚ ਸਭ ਤੋਂ ਵਧੇਰੇ ਵਾਰਾਂ ਲਿਖਣ ਵਾਲੇ ਕਵੀ ਦਾ ਨਾਂ ਦੱਸੋ।

ੳ. ਬਾਬਾ ਫ਼ਰੀਦ ਜੀ ਅ. ਭਗਤ ਕਬੀਰ

ੲ. ਭਾਈ ਗੁਰਦਾਸ ਜੀ ਸ. ਭਗਤ ਨਾਮਦੇਵ

4. ਗੁਰੂ ਗ੍ਰੰਥ ਸਾਹਿਬ ਜੀਵਿੱਚ ਕਿੰਨੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ।

ੳ. ਦਸ ਅ. ਨੌ

ੲ. ਛੇ ਸ. ਸਤ

5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਿੱਚ ਕਿੰਨੇ ਰਾਗ ਮੌਜੂਦ ਹਨ?

ੳ. 30 ਅ. 29

ੲ. 31 ਸ. 28

6. ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾਂ ਨਾਲ ਸੰਬੰਧਿਤ ਕਿਹੜਾ ਕਥਨ ਸਹੀ ਹੈ:

(1) ਕੱਚੀ ਬਾਣੀ ਨੂੰ ਸੱਚੀ ਬਾਣੀ ਤੋਂ ਨਿਖੇੜਨਾ ਅਤੇ ਕੁੱਝ ਹੋਰ ਸੰਤਾਂ, ਭਗਤਾਂ ਅਤੇ ਸੂਫ਼ੀ ਫਕੀਰਾਂ ਦੀ ਵੀ ਬਾਣੀ ਨੂੰ ਇਕੱਤਰ ਕਰਨ ਦੀ ਇਹ ਇੱਕ ਸਫਲ ਕੋਸ਼ਿਸ਼ ਸੀ।

(2) ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਗੁਰੂ ਅਰਜਨ ਦੇਵ ਜੀ ਨੇ ਕੀਤੀ।

(3) ਗ੍ਰੰਥ ਸਾਹਿਬ ਜੀ ਦੀ 974 ਸਫਿਆਂ ਵਾਲੀ ਪੋਥੀ ਦੀ ਸੰਪਾਦਨਾ 1604 ਈ `ਚ ਹੋ ਗਈ ਸੀ।

(4) ਆਦਿ ਗ੍ਰੰਥ ਸਾਹਿਬ ਵਿਚ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ।

ੳ. (4), (2), (3) ਪੂਰਨ ਸਹੀ ਅਤੇ (1) ਪੂਰਨ ਗਲਤ ਹੈ। ਅ. (1), (2) ਪੂਰਨ ਸਹੀ ਅਤੇ (3), (4) ਪੂਰਨ ਗਲਤ ਹੈ।

ੲ. (1), (2), (3) ਪੂਰਨ ਸਹੀ ਅਤੇ (4) ਪੂਰਨ ਗਲਤ ਹੈ। ਸ. (1), (2), (3) ਅਤੇ (4) ਸਾਰੇ ਕਥਨ ਸਾਰੇ ਹਨ।

7. ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।

ਉਪਰੋਕਤ ਸਤਰਾਂ ਦਾ ਲੇਖਕ ਕੌਣ ਹੈ:

ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅੰਗਦ ਦੇਵ ਜੀ

ੲ. ਗੁਰੂ ਅਰਜਨ ਦੇਵ ਜੀ ਸ. ਗੁਰੂ ਅਮਰਦਾਸ ਜੀ

8. ਗੁਰੂ ਅਮਰਦਾਸ ਜੀ ਦੀ ਬਾਣੀ ਕਿੰਨੇ ਰਾਗਾਂ ਵਿ ਹੈ?

ੳ. 17 ਰਾਗਾਂ ਵਿਚ ਅ. 19 ਰਾਗਾਂ ਵਿਚ

ੲ. 30 ਰਾਗਾਂ ਵਿਚ ਸ. 31 ਰਾਗਾਂ ਵਿਚ

9. ਗੁਰੂ ਗ੍ਰੰਥ ਸਾਹਿਬ ਜੀਦਾ ਆਰੰਭ ਕਿਸ ਬਾਣੀ ਦੇ ਨਾਲ ਹੁੰਦਾ ਹੈ।

ੳ. ਜਪੁਜੀ ਸਾਹਿਬ ਅ. ਚੰਡੀ ਦੀ ਵਾਰ

ੲ. ਜਾਪ ਸਾਹਿਬ ਸ. ਆਨੰਦ ਸਾਹਿਬ

10. ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਵੱਲੋਂ ਰਚਿਤ ਵਾਰਾਂ ਦੀ ਗਿਣਤੀ ਕਿੰਨੀ ਹੈ:

ੳ. 22 ਅ. 21

ੲ. 23 ਸ. 39

11. ਕਿਸ ਕਾਲ ਨੂੰ ਸੁਨਿਹਰੀ ਕਾਲ ਕਿਹਾ ਜਾਦਾ ਹੈ।

ੳ. ਮੱਧਕਾਲ ਅ. ਆਧੁਨਿਕ ਕਾਲ

ੲ. ਉੱਤਰ ਆਧਨਿਕ ਕਾਲ ਸ. ਸੰਕ੍ਰਾਂਤੀ ਕਾਲ

12. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ, ਕਿਉਂਕਿ:

ੳ. ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਦਰਜ ਹੈ। ਅ. ਇਨ੍ਹਾਂ ਤੋਂ ਬਿਨ੍ਹਾਂ ਬਾਣੀ ਸਮਝ ਨਹੀਂ ਆ ਸਕਦੀ।

ੲ. ਇਹ ਗੁਰਬਾਣੀ ਦਾ ਅਤਿ ਮਹੱਤਵਪੂਰਨ ਅੰਗ ਹਨ। ਸ. ਇਨ੍ਹਾਂ ਵਿਚ ਬਾਣੀ ਦੇ ਮੂਲ ਸਿਧਾਂਤਾ ਦੀ ਸਰਲ ਵਿਆਖਿਆ ਹੈ।

13. ਗੁਰੁ ਗ੍ਰੰਥ ਸਾਹਿਬ ਵਿਚ ਵਾਰਾਂ ਦੀ ਗਿਣਤੀ ਹੈ:

ੳ. ਇੱਕਤੀ ਅ. ਬਾਈ

ੲ. ਇੱਕੀ ਸ. ਇੱਕਵੰਜਾ

14. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ:

ੳ. 6 ਭਗਤਾਂ ਦੀ। ਅ. 16 ਭਗਤਾਂ ਦੀ।

ੲ. 15 ਭਗਤਾਂ ਦੀ। ਸ. 11 ਭਗਤਾਂ ਦੀ।

15. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਾਰਾਂ ਵਿਚੋਂ ਕਿੰਨੀਆਂ ਵਾਰਾਂ ਨੂੰ ਲੋਕ ਧੁਨੀ ਦੀਆਂ ਵਾਰਾਂ 'ਤੇ ਗਾਉਣ ਦਾ ਆਦੇਸ਼ ਹੈ?

ੳ. 22 ਅ. 9

ੲ. 6 ਸ. 3

## ਅਭਿਆਸ ਪ੍ਰਸ਼ਨ:

1. ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਬਾਰੇ ਲਿਖੋ?
2. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਓ?
3. ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਬਾਰੇ ਜਾਣਕਾਰੀ ਦਿਓ?
4. ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾਈ ਮਹੱਤਤਾ ਬਾਰੇ ਲਿਖੋ?
5. ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਤੀਬ ਬਾਰੇ ਜਾਣਕਾਰੀ ਦਿਓ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.

2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.

3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.

4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੲ | 4. ੲ | 5. ੲ |
| 6. ਅ | 7. ੳ | 8. ੳ | 9. ੳ | 10. ੳ |
| 11. ੳ | 12. ਸ | 13. ਅ | 14. ੲ | 15. ਅ |

**DPBI501**

# ਅਧਿਆਇ - 11: ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦਾ ਇਤਿਹਾਸਕ ਅਤੇ ਸਿਧਾਂਤਕ ਪਿਛੋਕੜ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਕਿੱਸਾ ਕਾਵਿਧਾਰਾ ਦੇ ਇਤਿਹਾਸਕ ਪਿਛੋਕੜ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਕਿੱਸਾ ਕਾਵਿਧਾਰਾ ਦੇ ਸਿਧਾਂਤਕ ਪਿਛੋਕੜ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਕਿੱਸਾ ਕਾਵਿਧਾਰਾ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਦਮੋਦਰ ਤੋਂ ਲੈ ਕੇ 1850 ਈਸਵੀ ਤੱਕ ਦੇ ਪ੍ਰਸਿੱਧ ਕਿੱਸਾਕਾਰਾਂ ਦੀ ਸੂਚੀ ਬਹੁਤ ਲੰਮੀ ਹੈ। ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸਕ ਅਧਿਐਨ ਲਈ ਆਮ ਤੌਰ ਤੇ ਦਮੋਦਰ ਦੀ ਹੀਰ ਤੋਂ ਆਰੰਭ ਕੀਤਾ ਜਾਂਦਾ ਹੈ। ਉਸ ਤੋਂ ਪਿੱਛੋਂ ਪੀਲੂ ਦਾ ਮਿਰਜ਼ਾ ਸਾਹਿਬਾ ਹੈ। ਫੇਰ ਹਾਫ਼ਿਜ਼ ਬਰਖ਼ੁਰਦਾਰ ਦੇ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਯੂਸਫ਼ ਜੁਲੈਖਾ ਆਦਿ ਕਿੱਸੇ ਹਨ। ਮੁਕਬਲ, ਗੁਰਦਾਸ, ਅਹਿਮਦ, ਮੀਆਂ ਚਰਾਗ ਐਵਾਣ, ਸਦੀਕ ਲਾਲੀ, ਨਿਆਮਤ ਖਾਂ, ਸੱਯਦ ਹਾਮਦ ਸ਼ਾਹ ਅੱਬਾਸੀ, ਮੌਲਵੀ ਨੂਰ ਮੁਹੰਮਦ ਮੌਲਵੀ, ਅਬਦੁਲ ਹਕੀਮ ਬਹਾਬਲ ਪੁਰੀ, ਸੱਯਦ ਵਾਰਿਸ ਸ਼ਾਹ, ਮੁਨਸ਼ੀ ਸੁੰਦਰ ਦਾਸ ਆਰਾਮ, ਬਿਰਬਲ, ਆਡਤ ਆਦਿਕ ਕਿੱਸਾਕਾਰਾਂ ਤੋਂ ਛੁੱਟ ਸਿੱਖ ਰਾਜ ਕਾਲ ਦੇ ਕਿੱਸਾਕਾਰਾਂ ਵਿਚ ਅਰਥਾਤ 1800-1850 ਈ ਵਿਚਲੇ ਸਮੇਂ ਵਿਚ ਹਾਸ਼ਮ, ਅਹਿਮਦ ਯਾਰ, ਅਮਾਮ ਬਖਸ, ਕਾਦਰਯਾਰ ਆਦਿ ਦੀਆਂ ਕਿੱਸਾ ਰਚਨਾਵਾਂ ਆ ਜਾਂਦੀਆਂ ਹਨ। ਇਹ ਕਾਲ (1850 ਈ ਤੱਕ) ਦੇ ਪੰਜਾਬੀ ਕਿੱਸਾ ਸਾਹਿਤ ਦਾ ਸਿਧਾਂਤਕ ਪਿਛੋਕੜ ਸਮਝਣ ਲਈ ਇਸ ਪਾਠ ਦੇ ਤਿੰਨ ਭਾਗ ਕੀਤੇ ਗਏ ਹਨ। ਪਹਿਲੇ ਵਿਚ ਪ੍ਰੇਮ ਦਾ ਸੰਕਲਪ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ, ਦੂਜੇ ਵਿਚ ਹੋਣੀ ਤੇ ਦੁਖਾਂਤ ਬਾਰੇ ਗੱਲ ਕੀਤੀ ਗਈ ਹੈ ਤੇ ਤੀਜੇ ਵਿਚ ਪੰਜਾਬੀ ਕਿੱਸਾ ਸਾਹਿਤ ਵਿਚ ਯੁੱਗ ਦੇ ਯਥਾਰਥ ਬਾਰੇ, ਜਾਣ-ਪਛਾਣ ਪ੍ਰਾਪਤ ਕਰਨ ਤੇ ਇਨ੍ਹਾਂ ਵਿਚਲਾ ਸਮਾਜਕ ਚਿੱਤਰ ਦੇ ਉਲੀਕਣ ਦਾ ਉਪਰਾਲਾ ਕੀਤਾ ਗਿਆ ਹੈ। ਇਸ਼ਕ ਦੇ ਵਿਆਪਕ ਅਰਥ ਹਨ : ਹਮਸਾਏ ਮਾਂ ਪਿਉ ਜਾਏ ਨਾਲ ਪੁਰਖਲੂਸ ਤੇ ਮਿਹਰਬਾਨੀ ਭਰਿਆ ਵਰਤਾਰਾ। ਜਿੱਥੇ ਇਕ ਆਦਰਸ਼ ਪ੍ਰਾਪਤੀ ਲਈ ਮਨੁੱਖ ਦਾ ਉਪਰਾਲਾ ਮਾਤਰ ਹੈ ਉੱਥੇ ਮਾਤਰ ਭੂਮੀ ਲਈ ਵੀਰ ਗਤੀ ਨੂੰ ਪ੍ਰਾਪਤ ਹੋ ਜਾਂਦਾ ਦੂਜੀ ਭਾਂਤ ਦਾ ਇਸ਼ਕ ਹੈ। ਜਿਆਰਡਾਨੋ ਬ੍ਰੂਨੋ ਦਾ ਕਥਨ ਹੈ ਕਿ ਪਿਆਰ ਤਾਂ ਉਹ ਕੇਂਦਰ ਬਿੰਦੂ ਹੈ ਜਿਸ ਉਤੇ ਸਭ ਮਾਨਵੀ ਰਸਮਾਂ ਇਕੱਤਰ ਵੀ ਹੁੰਦੀਆਂ ਹਨ ਤੇ ਉਸ ਵਿਚੋਂ ਨਿਕਲ ਕੇ ਸਾਰੇ ਸੰਸਾਰ ਵਿਚ ਪਸਰਦੀਆਂ ਵੀ ਹਨ। ਇਸ਼ਕ ਦੀਆਂ ਡੂੰਘਾਈਆਂ ਤੇ ਉਚਾਈਆਂ ਦੀ

ਥਾਹ ਪਾਉਣ ਲਈ ਭਾਵੇਂ ਸ਼ੁਰੂ ਮਜਾਜ਼ੀ ਪੱਧਰ ਤੋਂ ਹੀ ਕਰਨਾ ਪੈਂਦਾ ਹੈ ਪਰ ਐਡਵਰਡ ਕਾਰਪੈਂਟਰ ਦੇ ਲਫ਼ਜ਼ਾਂ ਵਿਚ ਲੋਕਾਂ ਦੀ ਸਿੱਖਰ ਵਿਆਹ ਹੈ ਜਿੱਥੇ ਨਾਇਕ (ਪ੍ਰੇਮੀ-ਪ੍ਰੇਮਿਕਾ) ਕੁਦਰਤੀ ਜੀਵਨ (ਨੈਚੁਰਲ ਲਾਈਫ਼) ਜਿਊਣ ਲਈ ਆਜ਼ਾਦ ਹੋ ਕੇ ਵਿਚਰ ਸਕਦੇ ਹਨ। ਕਾਰਪੈਂਟਰ ਦਾ ਹੀ ਕਥਨ ਹੈ ਕਿ ਅਸਲੀ ਆਬਾਦ ਉੱਥੇ ਹੀ ਸੰਭਵ ਹੈ ਜਿੱਥੇ ਸਮਾਜ ਆਜ਼ਾਦ ਹੈ ਤੇ ਆਜ਼ਾਦੀ ਉਸ ਵੇਲੇ ਸੰਭਵ ਹੈ ਜਿਸ ਵੇਲੇ ਪਿਆਰ ਇਕ ਸਚਾਈ ਜਾਂ ਯਥਾਰਥ ਹੈ। ਹੈਵੇਲੋਕ ਐਲਿਸ ਨੇ ਇਸ ਨੂੰ ਇਕ ਸ਼ਾਨਦਾਰ ਤੇ ਸੁੰਦਰ ਕਾਮ ਪੂਰਨ ਕਲਾ ਕਿਹਾ ਹੈ ਜੋ ਮਰਦਾਂ ਜਾਂ ਤੀਵੀਆਂ ਦੀ ਵਿਅਕਤਿਤਵ (ਇੰਡੀਵਿਜੁਐਲੇਟੀ) ਨੂੰ ਸਮਾਪਤ ਕਰ ਦਿੰਦੀ ਹੈ। ਉਪਰੋਕਤ ਸਭ ਕਿਸਮ ਦੇ ਇਸ਼ਕ ਵਿਚੋਂ ਪੰਜਾਬੀ ਕਿੱਸਾ ਕਾਵਿਧਾਰਾ ਨੇ ਔਰਤ ਤੇ ਮਰਦ ਦੇ ਪ੍ਰੇਮ ਪ੍ਰਸੰਗ ਅਨੁਕੂਲ ਰਿਸ਼ਤੇ ਨੂੰ ਕਿਵੇਂ ਚਿਤਰਿਆ ਹੈ। ਇਹ ਅਗਲੇ ਅਧਿਐਨ ਦਾ ਵਿਸ਼ਾ ਹੈ।

### ਵਿਸ਼ਾ ਵਸਤੂ:

ਪੰਜਾਬੀ ਕਿੱਸਾ ਸਾਹਿਤ ਪ੍ਰੀਤ ਦਾ ਸਾਹਿਤ ਹੈ, ਪ੍ਰੇਮ ਤੇ ਇਸ਼ਕ ਦਾ ਸਾਹਿਤ ਹੈ, ਬਿਰਹਾ ਤੇ ਵੇਦਨਾ ਦਾ ਸਾਹਿਤ ਹੈ। ਪ੍ਰੇਮ ਇਕ ਯਥਾਰਥ ਦੇ ਰੂਪ ਵਿਚ ਅੰਕਿਤ ਹੋਇਆ ਮਿਲਦਾ ਹੈ ਤੇ ਇਕ ਆਦਰਸ਼ ਦੇ ਰੂਪ ਵਿਚ ਵੀ। ਬ੍ਰਿਹਾਵੇਦਨਾ ਪ੍ਰੇਮ ਵਿਚਲਾ ਸਾਧਾਰਨ ਸੱਚ ਹੈ ਜਿਵੇਂ ਵਸਲ ਦਾ ਅਨੰਦ ਇਸ ਦੀ ਇਕ ਹੋਰ ਹਕੀਕਤ ਹੈ। ਜੇ ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਇਸ ਦੀ ਇਕ ਦਸ਼ਾ ਹੈ ਤਾਂ ਸਾਚ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿੰਨ ਹੀ ਪ੍ਰਭੂ ਪਾਯੋ ਇਸ ਦੀ ਅਸੀਮ ਸਮਰੱਥਾ ਦੀ ਹੈ। ਇਸ ਇਕ ਸਮਰੱਥਾ ਸਦਕਾ ਪ੍ਰੇਮ ਕਰਨ ਵਾਲੇ ਪ੍ਰੇਮ ਭਗਤਿ ਕਰਿ ਸਹਿਜ ਸਮਾਇ ਦੀ ਉਤਕ੍ਰਿਸ਼ਟ ਮੰਜ਼ਲ ਉਤੇ ਪਹੁੰਚਣ ਦੀ ਸਾਰੀ ਸੰਭਾਵਨਾ ਰਖਦੇ ਹਨ। ਧਰਮ, ਜੋ ਜਗਤ ਦੀ ਪ੍ਰੀਤ ਨੂੰ ਝੂਠਾ ਮੰਨਦਾ ਹੋਇਆ ਆਖਦਾ ਹੈ, ਜਗਤ ਮੈਂ ਝੂਠੀ ਦੇਖੀ ਪ੍ਰੀਤ, ਕਾਲ ਦੇ ਕਿੱਸਾ ਸਾਹਿਤ ਦਾ ਪ੍ਰੇਰਨਾ ਸਰੋਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਿੱਸਿਆਂ ਵਿਚ ਇਸ ਝੂਠੀ ਪ੍ਰੀਤਿ ਦੇ ਗੁਣਾਂ ਦਾ ਗਾਇਨ ਮਿਲਦਾ ਹੈ, ਭਾਵੇਂ ਇਹ ਇਕ ਦੂਜਾ ਪੱਖ ਹੈ ਕਿ ਕਈ ਕਿੱਸਾਕਾਰ ਲੌਕਿਕ ਪੱਧਰ ਦੀ ਪ੍ਰੀਤ ਦਸਦੇ ਹੋਏ ਇਸ ਨੂੰ ਅਲੌਕਿਕ ਜਾਂ ਅਧਿਆਤਮਕ ਪੱਧਰ ਤੱਕ ਲੈ ਕੇ ਗਏ ਹਨ ਪਰ ਕਿੱਸਾ ਸਾਹਿਤ ਅਧਿਆਤਕ ਕਾਵਿਧਾਰਾ ਨਹੀਂ। ਇਸ ਦਾ ਲੌਕਿਕ ਜਾਂ ਸੰਸਾਰਕ ਹੋਣਾ ਹੀ ਇਸ ਦੇ ਨਿਖੜਵੇਂ ਅਸਤਿਤਵ ਦਾ ਆਧਾਰੀ ਤੱਤ ਹੈ।

## ਕਿੱਸਾ-ਕਾਵਿਧਾਰਾ (1850 ਈ ਤੱਕ) ਵਿਚ ਪ੍ਰੇਮ ਦਾ ਸੰਕਲਪ

### ਇਸ਼ਕ ਐਲੀ ਤੇ ਅਬਦੀ

ਹੀਰ ਦਮੋਦਰ ਵਿਚ ਰਾਂਝਾ ਹੀਰ ਦਾ ਕਾਮਲ ਮੁਰਸ਼ਦ ਹੈ ਜਿਸ ਨੂੰ ਪ੍ਰਾਪਤ ਕਰ ਲੈਣ ਮਗਰੋਂ ਹੀਰ ਦੀਆਂ ਸਾਰੀਆਂ ਲੋੜਾਂ ਖ਼ਤਮ ਹੋ ਜਾਂਦੀਆਂ ਹਨ। ਉਸ ਦਾ ਰਾਂਝੇ ਨਾਲ ਨੇਹੁੰ ਚਿਰਾਂ ਤੋਂ ਆ ਰਿਹਾ ਹੈ। ਉਹ ਦੁੱਧ ਪੀਂਦੀ ਬੱਚੀ ਸੀ ਹਾਲੀ ਜਦੋਂ ਰਾਂਝੇ ਦੀ ਹੋ ਗਈ ਸੀ। ਉਸਦਾ ਇਸ਼ਕ ਤਾਂ ਉਸ ਤੋਂ ਪਹਿਲਾਂ ਦਾ ਹੈ ਜਦੋਂ ਹਾਲੀ ਉਸ ਦਾ ਜਨਮ ਵੀ ਨਹੀਂ ਸੀ ਹੋਇਆ। ਇਸ ਨੂੰ ਹੀਰ ਨੇ ਅਕਥ ਕਹਾਣੀ ਕਿਹਾ ਹੈ। ਉਸ ਵੇਲੇ ਨਾ ਲੋਹ ਕਲਮ ਸੀ ਨਾ ਅਰਸ਼ ਨਾ ਕੁਰੈਸ਼ ਸਨ ਤੇ ਨਾ ਹੀ ਪਾਣੀ, ਚੰਦ, ਸੂਰਜ ਸਨ, ਰਾਂਝੇ ਦੀ ਹੀਰ ਦੀ ਜੋਤੀ ਜੋਤ ਸਮਾਣੀ ਦੀ ਦਸ਼ਾ ਸੀ। ਦੂਜੇ ਪਾਸੇ ਰਾਂਝੇ ਦੀ ਰਗ ਰਗ ਦੇ ਵਿਚ ਹੀਰ ਸਮਾਈ, ਹੋਰ ਨਾ ਕੋਈ ਐਨਾ, ਵਾਲੀ ਦਸ਼ਾ ਸੀ। ਇਉਂ ਦਮੋਦਰ ਨੇ ਹੀਰ ਤੇ ਰਾਂਝੇ ਦੇ ਪਰਸਪਰ ਪ੍ਰੇਮ ਨੂੰ ਅਬਦੀ ਤੇ ਐਲੀ ਜਾਂ ਅਮਰ ਤੇ ਸਦਜੀਵਿਤ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਉਤਕ੍ਰਿਸ਼ਟ ਪੱਧਰ ਦੇ ਪ੍ਰੇਮ ਨੂੰ ਸਹਜ ਪ੍ਰੇਮ ਕਹਿ ਸਕਦੇ ਹਾਂ ਅਰਥਾਤ ਦਮੋਦਰ ਨੇ ਨਾਇਕ ਨਾਇਕਾ ਦੇ ਪ੍ਰੇਮ ਨੂੰ ਅਧਿਆਤਮਕ ਅਵਸਥਾ ਦਾ ਪ੍ਰੇਮ ਮੰਨਿਆ ਹੈ। ਉਸ ਨੇ ਲੌਕਿਕ ਪ੍ਰੇਮ ਨੂੰ ਅਲੌਕਿਕ ਬਣਾਉਣ ਲੱਗਿਆ ਧਰਤੀ ਤੇ ਆਸਮਾਨ ਮੇਲ ਦੇਣ ਦੀ ਕੋਸ਼ਿਸ਼ ਕੀਤੀ ਹੈ। ਯਥਾਰਥ ਦਾ ਅਜਿਹਾ ਆਦਰਸ਼ ਕਰਨ ਜਾਂ ਲੌਕਿਕ ਦਾ ਅਲੌਕਿਕੀਕਰਣ ਕਿੱਸਿਆਂ ਵਿਚ ਆਮ ਪ੍ਰਾਪਤ ਹੈ।

### ਇਸ਼ਕ ਤੇ ਮੌਤ

ਹਾਫ਼ਿਜ਼ ਬਰਖ਼ੁਰਦਾਰ ਇਸ਼ਕ ਦੇ ਪਾਂਧੀਆਂ ਦੀ ਸੂਰਬੀਰਤਾ ਦੀ ਗੱਲ ਕਰਦਾ ਹੈ ਅਰਥਾਤ ਉਸ ਅਨੁਸਾਰ ਆਸ਼ਕ ਮੌਤ ਤੋਂ ਨਹੀਂ ਡਰਦੇ ਜਾਂ ਆਸ਼ਕਾਂ ਨੂੰ ਮੌਤ ਨਹੀਂ ਮੋਹਣਾ। ਉਸ ਤੋਂ ਪਹਿਲਾਂ ਪੀਲੂ ਨੇ ਇਸ਼ਕ ਨੂੰ ਜ਼ਿੰਦਗੀ ਦੇ ਕੰਮ ਕਾਰ ਵਿਚ ਰੁਕਾਵਟ ਪਾਉਣ ਵਾਲਾ ਕਿਹਾ ਹ। ਸਾਹਿਬਾਂ ਕਾਜ਼ੀ ਨੂੰ ਆਖਦੀ ਹੈ ਕਿ ਤੂੰ ਮੈਨੂੰ ਛਮਕਾਂ ਨਾ ਮਾਰ, ਮੈਨੂੰ ਤੱਤੀ ਨੂੰ ਹਰ ਕਿਉਂ ਤਾਅ ਰਿਹਾ ਹੈ। ਮੇਰੇ ਮੱਥੇ ਤੇ ਜਦੋਂ ਇਸ਼ਕ ਦੀ ਰੇਖਾ ਲਿਖੀ ਗਈ, ਮੇਰੀਆਂ ਸਭ ਪੜ੍ਹਾਈਆਂ ਲਿਖਾਈਆਂ ਠੱਪ ਹੋ ਗਈਆਂ ਹਨ। ਮੁਕਬਲ ਨੇ ਇਸ਼ਕ ਦੁਆਰਾ ਸੱਚ ਨੂੰ ਪ੍ਰਾਪਤ ਕਰ ਸਕਣ ਦੀ ਸੰਭਾਵਨਾ ਦਰਸਾਦਿਆ ਕਿਹਾ ਹੈ ਕਿ ਅਸੀਂ ਇਸ਼ਕ ਲਈ ਇਸ ਵਾਸਤੇ ਕੁਰਬਾਨ ਹੋ ਜਾਂਦੇ ਹਾਂ ਕਿਉਂਕਿ ਇਹ ਹੱਦ ਜਾਂ ਸੱਚ ਨੂੰ ਮਿਲਾ ਦਿੰਦਾ ਹੈ :

ਇਸ਼ਕ ਹੱਕ ਨੂੰ ਜਾ ਮਿਲਾਵਦਾ ਹੈ, ਇਸ ਇਸ਼ਕ ਦੇ ਵਾਰਨੇ ਜਾਈਏ ਜੀ,

ਇਸ਼ਕ ਵਿੱਚ ਮਰਿਆਂ ਅਮਰ ਹੋ ਜਾਈਦਾ ਹੈ, ਕੁੱਠੇ ਇਸ਼ਕ ਦੇ ਨੂੰ ਨਹੀਂ ਮੌਤ ਮੂਲੋਂ ਏਸੇ ਲਈ ਤੇਗ ਇਸ਼ਕ ਦੀ ਮੂੰਹੋਂ ਮੂੰਹ ਖਾਵੀਏ ਜੀ। ਉਸ ਅਨੁਸਾਰ ਇਸ਼ਕ ਔਲੀਆਂ ਤੇ ਵਲੀਆਂ ਪੀਰਾਂ ਦੀ ਰਾਸ ਹੈ ਜਿਸ ਦਾ ਮੈ ਫਰ ਵਿਚ ਆਉਂਦਾ ਹੈ। ਇਸ਼ਕ ਦੀ ਅਮੀਰੀ ਸਾਹਮਣੇ ਸਾਰੇ ਸੰਸਾਰ ਦੀ ਅਮੀਰੀ ਹੇਚ ਹੈ ਕਿਉਂਕਿ ਆਸ਼ਕ ਆਖਦਾ ਹੈ ਕਿ ਹੋਰ ਦੋ ਜਹਾਨ (ਮੇਰ) ਮਹਿਬੂਬ ਦੇ ਯਕ ਤਾਰਿ ਮੂਇ ਤਾਰਿ ਮਏ ਯਾਰਿ ਮਾਂ ਦੇ ਬਰਾਬਰ ਕੀਮਤ ਰੱਖਦੇ ਹਨ।

ਜਿੱਥੇ ਇਸ਼ਕ ਹੈ, ਉੱਥੇ ਵਸਲ ਦੀਆਂ ਸੁਖਾਵੀਂਆਂ ਘੜੀਆਂ ਦੇ ਨਾਲ ਹਿਜਰ ਤਦੇ ਤੀਰ ਵੀ ਨਾਇਕ ਨਾਇਕਾ ਨੂੰ ਘਾਇਲ ਕਰਨ ਵਾਲੇ ਹੋ ਸਕਦੇ ਹਨ। ਹੀਰ ਅਹਿਮਦ ਗੁੱਜਰ ਵਿਚ ਰਾਂਝਾ ਬਿਰਹਾ ਦੇ ਤੀਰਾਂ ਨਾਲ ਵਿੰਨ੍ਹਿਆ ਹੋਇਆ ਹੈ। ਉਸ ਦਾ ਰੰਗ ਪੀਲਾ ਜ਼ਰਦ ਤੇ ਜਿਸਮ ਸੁੱਕ ਕੇ ਕਾਨਾ ਹੈ। ਉਸ ਦੇ ਜਿਗਰ ਉਤੇ ਇਸ਼ਕ ਦੇ ਸੇਕ ਨੇ ਦਾਗ਼ ਪਾ ਦਿੱਤਾ ਹੈ। ਇਸ਼ਕ ਇਉਂ ਉਸ ਦੇ ਮਨ ਦੇ ਸਾਰੇ ਸੁੱਖ ਲੈ ਉੱਡਿਆ ਹੈ :

ਤਨ ਆਦਮੀ ਦੇ ਸੁਖ ਦੇਏ ਨਾਹੀਂ,
ਜਿਹਨੂੰ ਚੰਮੜੇ ਇਸ਼ਕ ਦਾ ਨਾਗ ਹੀਰੇ।

ਉਪਰੋਕਤ ਅਨੁਭਵ ਰਾਂਝੇ ਦਾ ਹੈ ਜੋ ਹੀਰ ਦੇ ਇਸ਼ਕ ਵਿੱਚ ਅਲਮਸਤ ਹੈ। ਅਹਿਮਦ ਗੁੱਜਰ ਆਜੜੀ ਸੀ ਅਰਥਾਤ ਉਸ ਨੇ ਉਹੋ ਕਿੱਤਾ (ਪੂਜ਼ ਚਾਰਨ ਦਾ) ਧਾਰਨ ਕੀਤਾ ਹੋਇਆ ਸੀ ਜੋ ਕਿੱਤਾ ਰਾਂਝੇ ਦਾ ਸੀ, ਏਸੇ ਲਈ ਉਹ ਰਾਂਝੇ ਦੇ ਧੁਰ ਅੰਦਰ ਝਾਤੀ ਪਾ ਸਕਣ ਦੀ ਸਮਰੱਥਾ ਰੱਖਦਾ ਸੀ। ਰਾਂਝੇ ਦੀ ਬਿਰਹਾ ਵੇਦਨਾ ਨੂੰ ਉਸ ਨੇ ਨੇੜੇ ਹੋ ਕੇ ਮਹਿਸੂਸ ਕੀਤਾ ਲਗਦਾ ਹੈ। ਉਸ ਦਾ ਹੀਰ ਦੀ ਯਾਦ ਵਿਚ ਤੜਪਣਾ ਤੇ ਲੁੱਛਣਾ, ਤਾਰੇ ਗਿਣਨਾ ਤੇ ਵੇਦਨਾਂ ਗ੍ਰਸਤ ਹੋ ਜਾਣਾ ਅਹਿਮਦ ਗੁੱਜਰ ਦੀ ਜ਼ਬਾਨੀ ਸੁਣੋ:

ਦਿਨੇ ਸਾਮੱਣੇ ਪਿੰਡ ਦਾ ਰਾਹ ਤਕਦਾ
ਰਾਤੀਂ ਗਿਣੇ ਤਾਰੇ ਹੀਰ, ਹੀਰ ਕਹਿੰਦਾ।
ਤੇਰੇ ਵਾਸਤੇ ਦੁੱਖ ਕਬੂਲ ਕੀਤੇ,
ਮਹੀਵਾਂਲ ਸਦਾਇਆ ਜਾਂ ਚਾਰ ਘਰ ਦਾ ।

## ਇਸ਼ਕ ਤੇ ਤਿਆਗ

ਵਾਰਿਸ ਨੇ ਇਸ਼ਕ ਗੁਰ ਤੇ ਜਗਤ ਸਭ ਚੇਲੜਾ ਈ ਕਿਹਾ ਹੈ । ਉਸ ਅਨੁਸਾਰ ਇਸ਼ਕ ਦੀ ਤਾਬ ਹਰ ਕੋਈ ਨਹੀਂ ਝੱਲ ਸਕਦਾ ਅਰਥਾਤ ਇਸ਼ਕ ਦੇ ਮੈਦਾਨ ਅੰਦਰ ਕੋਈ ਸੂਰਬੀਰ ਹੀ ਟਿਕ ਸਕਦਾ ਹੈ। ਇਸ਼ਕ ਦੀ ਰੀਤ ਜਾਂ ਪ੍ਰੇਮ ਦੀ ਮਰਿਆਦਾ ਦੀ ਗੱਲ ਕਰਦਾ ਹੋਇਆ ਵਾਰਿਸ ਇਸ ਵਿਚਲੀ ਸ਼ਾਮੋਜ਼ੀ ਦੇ ਭੇਤ ੯ ਪ੍ਰਗਟ ਨਾ ਕਰਨ ਦੀ ਹੁੱਚੀ ਦੀ ਗੱਲ ਕਰਦਾ ਹੈ। ਇਸ਼ਕ ਸੁੱਚਾ ਅਮਲ ਹੈ, ਮੂੰਹੋਂ ਬੋਲ ਕੇ ਮੂੰਹ ਦਾ ਸੁਆਦ ਵਿਗਾੜਨ ਵਾਲੀ ਗੱਲ ਹੈ ਜਿਵੇਂ ਮਨਸੂਰ ਨੇ ਮੂੰਹੋਂ ਕਿਹਾ ਤਾਂ ਤੁਰੰਤ ਸੂਲੀ ਉੱਤੇ ਚੜ੍ਹਾ ਦਿੱਤਾ ਗਿਆ । ਏਸੇ ਤਰ੍ਹਾਂ ਯੂਸਫ਼ ਦਾ ਭੇਦ ਖੋਲ੍ਹਿਆ ਤਾਂ ਉਸ ੯ ਖੂਹ ਵਿੱਚ ਸੁੱਟ ਦਿੱਤਾ ਗਿਆ । ਸਿਰ ਹਥੇਲੀ ਉਤੇ ਰੱਖ ਕੇ ਤੁਰਨ ਵਾਲਿਆਂ ਦਾ ਮਾਰਗ ਜ਼ੌਕ ਤੇ ਮਿਹਰ ਹੈ, ਸਬਰ ਤੇ ਸੰਤੋਖ ਦਾ ਪੰਧ ਹੈ ਅਰਥਾਤ ਇਹ ਉਹ ਪੰਧ ਹੈ ਜਿਸ ਉਤੇ ਤੁਰਨ ਵਾਲੇ ਪਾਂਧੀ ਇਹ ਮੰਨ ਕੇ ਤੁਰਦੇ ਹਨ ਕਿ ਇਸ਼ਕ ਕਾਰਨ ਸਾਰਾ ਗ਼ੈਹੂਰ ਹੈ। ਇਸ਼ਕ ਮੁਕਤੀਦਾਤਾ ਹੈ।ਜਿੱਥੇ ਇਸ਼ਕ ਹੈ, ਲੱਖਾਂ ਸ਼ੁਹਦ ਤੇ ਇਬਾਦਤ ਤਾਂ ਨਿਰਮੂਲ ਹੋ ਜਾਂਦੀਆਂ ਹਨ। ਵਾਰਿਸ ਦਾ ਕਥਨ ਹੈ :

ਭਾਵੇਂ ਸ਼ੁਹਦ ਇਬਾਦਤਾਂ ਲੱਖ ਹੋਵਣ ,
ਇਸ਼ਕ ਬਾਝ ਨ ਜਾਤ ਨਾ ਮੂਲ ਮੀਆਂ।

## ਮਜਾਜ਼ੀ ਤੇ ਹਕੀਕੀ ਤੱਕ

ਕਿੱਸਿਆਂ ਵਿਚ ਇਸ਼ਕ ਮਜਾਜ਼ੀ ਦਾ ਚਿਤਰਣ ਵਧੇਰੇ ਕੀਤਾ ਗਿਆ ਹੈ। ਹਰ ਕਿੱਸਾਕਾਰ ਨੇ ਮਜਾਜ਼ੀ ਪੱਧਰ ਦੇ ਇਸ਼ਕ ਦੀਆਂ ਗੱਲਾਂ ਕੀਤੀਆਂ ਹਨ ਤੇ ਨਾਲ ਨਾਲ ਇਸ ਦੇ ਰਾਹ ਵਿੱਚ ਆਉਣ ਵਾਲੀਆਂ ਔਕੜਾਂ ਦੱਸ ਕੇ ਇਸ ਨੂੰ ਇਸ਼ਕ ਹਕੀਕੀ ਜਿੰਨਾ ਹੀ ਔਖਾ ਵੀ ਕਿਹਾ ਹੈ। ਮਿਸਾਲ ਵਜੋਂ ਹਾਸ਼ਮ ਨੇ ਹਕੀਕੀ ਜਾਂ ਰੱਬ ਦੇ ਇਸ਼ਕ ਨੂੰ ਸੁਖਾਲੀ ਬਾਜ਼ੀ ਕਿਹਾ ਹੈ ਕਿਉਂਕਿ ਇਸ ਵਿਚ ਸਾਧਕ ਨੇ ਗੋਸ਼੍ ਹੋ ਕੇ ਸਬਰ ਨਾਲ ਮਾਲਾ ਫੇਰਨੀ ਹੁੰਦੀ ਹੈ ਜਿਸ ਨਾਲ ਉਹ ਨਮਾਜ਼ ਵੀ ਅਖਵਾਉਣ ਲੱਗ ਪੈਂਦਾ ਹੈ ਤੇ ਉਸ ਨੂੰ ਸੰਸਾਰ ਦੇ ਸਾਰੇ ਸੁੱਖ ਵੀ ਪ੍ਰਾਪਤ ਹੋ ਜਾਂਦੇ ਹਨ। ਲੋਕ

ਉਸ ਦੀ ਜੋਗਾ ਕਰਦੇ ਹਨ ਤੇ ਉਸ ਨੂੰ ਵੇਖ ਵੇਖ ਖੁਸ਼ ਹੁੰਦੇ ਹਨ ਪਰ ਹਾਸ਼ਮ ਅਨੁਸਾਰ ਇਸ਼ਕ ਮਜਾਜ਼ੀ ਅਜਿਹਾ ਕਾਫਿਰ ਹੈ ਕਿ ਇਹ ਆਸ਼ਕ ਨੂੰ ਗਲੀਆਂ ਦੀ ਖ਼ਾਕ ਵਿੱਚ ਰੋਲ ਦਿੰਦਾ ਹੈ। (ਵੇਖੋ ਸੱਸੀ ਹਾਸ਼ਮ)

ਕਿੱਸਾ-ਕਾਵਿਧਾਰਾ ਨੇ ਮਜਾਜ਼ੀ ਦੇ ਫੁੱਲ ਵਿਚੋਂ ਹਕੀਕੀ ਦਾ ਮੇਵਾ ਪੈਦਾ ਕਰਨ ਦੀ ਚੇਸ਼ਟਾ ਕੀਤੀ ਹੈ। ਉਦਾਹਰਨ ਵਜੋਂ ਵਾਰਸ ਨੇ ਹੀਰ ਤੇ ਰਾਂਝੇ ਦੇ ਇਸ਼ਕ ਨੂੰ ਮਜਾਜ਼ੀ ਰੂਪ ਤੋਂ ਆਰੰਭ ਕੀਤਾ ਹੈ ਤੇ ਹਕੀਕੀ ਪੱਧਰ ਤੱਕ ਲੈ ਜਾਣ ਦਾ ਯਤਨ ਕੀਤਾ ਹੈ। ਉਸ ਨੇ ਇਸ਼ਕ ਨੂੰ ਜੱਗ ਦਾ ਮੂਲ ਕਿਹਾ ਹੈ। ਰੱਬ ਆਸ਼ਕ ਹੈ ਤੇ ਰਸੂਲ ਉਸ ਦਾ ਮਾਸ਼ੂਕ ਹੈ। ਉਸ ਨੇ ਮਾਲਕ ਨੂੰ ਪੀਰੀ ਫ਼ਕੀਰੀ ਦਾ ਰੁਤਬਾ ਦਿੱਤਾ ਹੈ। ਸੰਤ ਸਿੰਘ ਸੇਖੋਂ ਨੇ ਹੀਰ ਵਾਰਿਸ ਵਿਚੋਂ ਇਸ਼ਕ ਦਾ ਆਦਰਸ਼ ਖੋਜਦਿਆਂ ਗੱਲ ਕੀਤੀ ਹੈ ਕਿ ਸੰਸਾਰ ਦੀ ਸਾਰੀ ਵਿਚਾਰਧਾਰਾ ਵਿਚ ਇਸ਼ਕ ਨੂੰ ਇਕ ਅਧਿਆਤਮਕ ਮਹੱਤਵ ਦਿੱਤਾ ਗਿਆ ਹੈ। ਇਸ ਦੀਆਂ ਪਉੜੀਆਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚ ਸਿਖਰਲੀ ਪਾਉਤੀ ਅਧਿਆਤਮਕ ਜਾਂ ਰੱਬੀ ਇਸ਼ਕ ਦੀ ਹੈ। ਅਸਲ ਵਿਚ ਹਰ ਆਸ਼ਕ ਆਪਣੇ ਇਸ਼ਕ ਨੂੰ ਹੌਲੀ-ਹੌਲੀ ਅਧਿਆਤਮਕ ਪੱਧਰ ਤੱਕ ਲੈ ਜਾਣਾ ਚਾਹੁੰਦਾ ਹੈ। ਉਸ ਨੂੰ ਆਪਣਾ ਮਾਸ਼ੂਕ ਕੇਵਲ ਜਿਸਮ ਨਹੀਂ ਬਲਕਿ ਆਦਰਸ਼ ਦਾ ਰੂਪ ਵੀ ਦਿਸਦਾ ਹੈ ਤੇ ਆਦਰਸ਼ ਦੀ ਪ੍ਰਾਪਤੀ ਦਾ ਇੱਕ ਮਾਧਿਅਮ ਵੀ। ਇਸੇ ਨੂੰ ਵਾਰਿਸ ਦੀ ਬੋਲੀ ਵਿਚ ਆਖਿਆ ਜਾ ਸਕਦਾ ਹੈ ਕਿ ਜੀਉ ਆਸ਼ਕਾਂ ਦਾ ਅਰਸ਼ ਰੱਬ ਦਾ ਹੈ, ਕਾਜ਼ੀ ਅਰਸ਼ ਖ਼ੁਦਾ ਦਾ ਢਾਹ ਨਹੀਂ।

## ਅਕਲ ਤੇ ਇਸ਼ਕ

ਪ੍ਰੇਮ ਦੇ ਵਿਸ਼ਾਲ ਸਾਮਰਾਜ ਵਿਚ ਕਈ ਵੇਰ ਅਕਲ ਨੂੰ ਕੋਈ ਦਖ਼ਲ ਹਾਸਿਲ ਨਹੀਂ। ਪਿਆਰ ਦੇ ਰਾਜ ਵਿਚ ਬੁੱਧੀ ਦਾ ਪ੍ਰਵੇਸ਼ ਵਿਵਰਜਿਤ ਹੈ। ਹਾਸ਼ਮ ਆਖਦਾ ਹੈ ਕਿ ਜਿੱਥੇ ਇਸ਼ਕ ਦੀ ਅੱਗ ਲੱਗ ਜਾਂਦੀ ਹੈ ਉੱਥੇ ਜ਼ੋਰ ਦਾ ਨਾਸ਼ ਹੋ ਜਾਂਦਾ ਹੈ। ਆਸ਼ਕ ਤਾਂ ਇਸ਼ਕ ਮਦਰਸੇ ਵਿੱਚ ਦਾਖਲ ਹੀ ਤਾਂ ਹੋ ਸਕਦਾ ਹੈ ਜੋ ਅਕਲ ਦਾ ਲੜ ਛੱਡ ਦੇਵੇ। ਅਕਲ ਵਰਜਦੀ ਹੈ ਪਰ ਇਸ਼ਕ ਅਮੋੜ ਹੈ। ਅਕਲ ਜਿਊਣਾ ਸਿਖਾਉਂਦੀ ਹੈ ਪਰ ਇਸ਼ਕ ਪਲ ਪਲ ਮਰਨਾ ਦੱਸਦਾ ਹੈ। ਅਕਲ ਬਿਖੜੇ ਪੈਂਡਿਆਂ ਵਿਚ ਪੈਣ ਤੋਂ ਰੋਕਦੀ ਹੈ ਪਰ ਆਸ਼ਕ ਰੁਕਦਾ ਹੈ ਤਾਂ ਉਸ ਦੇ ਇਸ਼ਕ ਨੂੰ ਲਾਜ ਲੱਗਦੀ ਹੈ ਕਿਉਂਕਿ ਮੁੜਨਾ ਆਸ਼ਕਾਂ ਨਹੀਂ ਰਵਾ ਬੇਲੀ। ਉਸ ਦਾ ਲੂੰ ਲੂੰ ਪਿਆਰੇ ਦੇ ਹਵਾਲੇ ਹੋਇਆ ਹੁੰਦਾ ਹੈ, ਉਸ ਨੂੰ ਹੋਸ਼ ਕਿੱਥੇ। ਅਜਿਹੀ ਅਵਸਥਾ ਵਿਚ ਵਿਚਰ ਰਹੀ ਇੱਕ ਸੱਸੀ ਨਾਂ ਦੀ ਨਾਇਕ ਦੀ ਕੈਫੀਅਤ ਕੁਝ ਇਸ ਪ੍ਰਕਾਰ ਹੈ ਕਿ ॥ਹਾਸ਼ਮ ਫੇਰ ਪਿਛਾਂਹ ਨਾ ਮੁੜਦੀ, ਲੂੰ ਲੂੰ ਰੋਤ ਪੁਕਾਰੇਂ, ਉਸ ਦਾ ਲੂੰ ਲੂੰ ਆਪਣੇ ਪਿਆਰੇ ਪੁੰਨੂ ਨੂੰ ਪੁਕਾਰ ਰਿਹਾ ਹੈ। ਬਾਵਰੀ ਹੋਈ ਸੱਸੀ ਨੂੰ ਅਕਲ ਕਿਵੇਂ ਸਹਾਰਾ ਦੇ ਸਕਦੀ ਹੈ?

## ਪਿਆਰ ਦੀ ਪਹਿਲੀ ਤੱਕਣੀ

ਇਸ਼ਕ ਦੇ ਅਮਲ ਲਈ ਦੋ ਧਿਰਾਂ ਹਨ ਆਸ਼ਕ (ਪ੍ਰੇਮੀ) ਤੇ ਮਾਸ਼ੂਕ 'ਪ੍ਰੇਮਿਕਾ) ਦੋਹਾਂ ਵਿਚ ਪ੍ਰੇਮ ਦੀ ਅਗਨੀ ਸਮਾਨ ਭਖਦੀ ਹੈ। ਦੋਵੇਂ ਇਕ ਦੂਜੇ ਨੂੰ ਵੇਖਦੇ ਹਨ ਤੇ ਇਕ ਦੂਜੇ ਦੇ ਹੋ ਜਾਂਦੇ ਹਨ। ਪੰਜਾਬੀ ਕਿੱਸਾ ਸਾਹਿਤ ਵਿਚ ਅਜਿਹਾ ਪਹਿਲੀ ਤੱਕਣੀ ਨਾਲ ਹੋ ਗਿਆ ਪਿਆਰ ਚਿਤਰਿਆ ਗਿਆ ਹ। ਨਾਇਕ ਨੇ ਨਾਇਕਾਂ ਨੂੰ ਵੇਖਿਆ ਜਾਂ ਨਾਇਕਾ ਨੇ ਨਾਇਕ ਦੇ ਦਰਸ਼ਨ ਪਾਏ ਤੇ ਇਹ ਦਰਸ਼ਨ ਸਦੀਵੀ ਕਾਲ ਲਈ ਇਕ ਦੂਜੇ ਲਈ ਅਭੁੱਲ ਬਣ ਗਏ। ਛਮਕਾਂ ਫੜੀ ਇਕ ਪਰੀ (ਹੀਰ ਵਾਰਿਸ) ਗੈਬ ਢਾਹੁੰਦੀ ਆ ਰਹੀ ਹੈ ਤੇ ਆਦਮੀ (ਰਾਂਝੇ) ਉਤੇ ਕਹਿਰਵਾਨ ਹੋ ਗਈ ਜਾਪਦੀ ਹੈ ਪਰ ਰਾਂਝਾ ਵਾਹ ਸੱਜਣ ਆਖ ਕੇ ਨਾ ਕੇਵਲ ਉਸ ਦੇ ਕਹਿਰ ਤੋਂ ਹੀ ਉਸ ਨੂੰ ਮੁਕਤ ਕਰ ਦਿੰਦਾ ਹੈ ਬਲਕਿ ਉਸ ਦੇ ਪਿਆਰ ਨੂੰ ਵੀ ਜਿੱਤ ਲੈਂਦਾ ਹੈ ਤੇ ਮਿਹਰਬਾਨ ਹੋਈ ਹੀਰ ਕੋਲ ਆਪਣਾ ਸਭ ਕੁਝ ਹਾਰ ਜਾਂਦਾ ਹੈ। ਉਸ ਦੀ ਕੱਛ ਵਿਚ ਵੰਝਲੀ ਹੈ, ਕੰਨਾਂ ਵਿਚ ਵਾਲੇ ਹਨ ਤੇ ਮੁਖੜੇ ਉਤੇ ਪ੍ਰੇਸ਼ਨਾ ਜੁਲਫ ਹੈ। ਇਸ ਸਭ ਕਾਸੇ ਨੇ ਜੱਟ ਦੇ ਇਸ ਮਾਸੂਮ ਰੂਪ ਨੇ, ਹੀਰ ਨੂੰ ਇਕ ਅਜਿਹੀ ਚਾਟ ਲਾ ਦਿੱਤੀ ਕਿ ਉਹ ਉਸ ਤੋਂ ਘੱਲੀ ਜਾ ਰਹੀ ਹੈ, ਵਾਰੀ ਜਾ ਰਹੀ ਹੈ, ਕੁਰਬਾਨ ਹੋ ਰਹੀ ਹੈ। ਸੋ, ਪਹਿਲੀ ਨਜ਼ਰੇ ਹੋਇਆ ਨਿਰੇ ਇਉਂ ਸਦੀਵੀ ਹੋ ਗਿਆ ਹੈ। ਇਸ਼ਕ ਉਨ੍ਹਾਂ ਦੇ ਆਪੇ ਦਾ ਅਨਿੱਖੜ ਅੰਗ ਬਣ ਗਿਆ। ਉਨ੍ਹਾਂ ਦਾ ਰਗ ਰਗ ਵੀਣਾ ਦੀਆਂ ਤਾਰਾਂ ਵਾਂਗ ਇਸ਼ਕ ਦੀ ਧੜਕਣ ਜਾਂ ਕੰਬਣੀ ਨਾਲ ਧੜਕਣ ਲੱਗ ਪਈ।

## ਹੋਣੀ ਦਾ ਰੂਪ

ਹੋਣੀ ਜਾਂ ਭਾਗਵਾਦ ਬਾਰੇ ਸੰਸਾਰ ਭਰ ਦੇ ਚਿੰਤਕਾਂ ਨੇ ਵਿਚਾਰ ਪ੍ਰਸਤੁਤ ਕੀਤੇ ਹਨ। ਜੋਲੀਅਨ ਹਕਸਲੇ ਨੇ ਆਪਣੀ ਰਚਨਾ ਰਿਲੀਜਨ ਵਿਦਾਊਟ ਰੈਵਿਲੇਸ਼ਨ ਵਿੱਚ ਕਿਹਾ ਹੈ ਕਿ ਧਰਮ ਦਾ ਵਿਚਾਰ ਹੋਣੀ ਦਾ ਹੀ ਇਕ ਸਾਧਨ ਹੈ। ਪਰ ਵੀਹਵੀਂ ਸਦੀ ਦੇ ਮਨੁੱਖ ਨੂੰ ਹੋਣੀ ਨਾਲ ਸੁਲਝਣ ਲਈ ਕਿਸੇ ਹੋਰ ਸਾਧਨ ਦੀ ਲੋੜ ਪਵੇਗੀ, ਕਿਸੇ ਹੋਰ ਪ੍ਰਕਾਰ ਦੇ ਧਰਮ ਦੀ ਜਿਸ ਨੂੰ ਮਨੁੱਖ ਦੀਆ ਵਿਗਿਆਨ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਦਾ ਵੀ ਸਹਿਯੋਗ ਪ੍ਰਾਪਤ ਹੋਵੇ। ਇਉਂ ਉਹ ਕਿਸੇ ਬਣੀ ਬਣਾਈ ਹੋਣੀ ਨੂੰ ਸਵੀਕਾਰ ਕਰਨ ਦੀ ਥਾਂ ਆਪਣੀ ਹੋਣੀ

ਸਿਰਜਣ ਦੇ ਸਮਰੱਥ ਹੋ ਜਾਵੇਗਾ। ਪਰੰਪਰਾਗਤ ਹੋਣੀ ਲਈ ਫੇਰ ਉਸ ਦਾ ਦ੍ਰਿਸ਼ਟੀਕੋਣ ਲੈਨਿਨ ਵਾਲਾ ਹੋ ਜਾਵੇਗਾ ਜਦੋਂ ਉਸ ਨੇ ਕਿਹਾ ਸੀ, To Hell With Fate । ਆਂਦਰੇ ਮੈਲਰੋ ਨੇ ਵੀ ਮਨੁੱਖੀ ਹੋਣੀ ਬਾਰੇ ਕਿਹਾ ਹੈ ਕਿ ਇਹ ਬਹੁਤ ਭੇਤ ਵਾਲੀ ਗੱਲ ਨਹੀਂ ਕਿ ਸਾਨੂੰ ਪਤਿਤ ਕਰ ਦਿੱਤਾ ਗਿਆ (ਭੁੰਜੇ ਸੁੱਟ ਦਿੱਤਾ ਗਿਆ), ਐਵੇਂ ਭਾਗਾਂ ਅਤੇ ਪਦਾਰਥ ਦੇ ਵਿਚਕਾਰ ਅਸੀਂ ਸੁੱਟ ਦਿੱਤੇ ਗਏ, ਭੇਤ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਆਪਣੀ ਕੈਦ ਚੋਂ ਨਿਕਲ ਅਰਥਾਤ ਆਪਣੇ ਆਪ ਚੋਂ ਬਾਹਰ ਹੋ ਕੇ ਅਜਿਹੇ ਬਿੰਬਾਂ ਦੀ ਸਿਰਜਣਾ ਕਰੀਏ ਜਿਨ੍ਹਾਂ ਨਾਲ ਸਾਨੂੰ ਆਪਣੀ ਨਿਰਾਰਥਕਤਾ ਦਾ ਆਭਾਸ ਨਾ ਹੋਵੇ।

## ਹੋਣੀ ਤੇ ਤਰਕਸ਼ੀਲਤਾ

ਪੰਜਾਬੀ ਕਿੱਸਾ ਸਹਿਤ ਵੀਹਵੀਂ ਸਦੀ ਦੇ ਵਿਗਿਆਨਕ ਜਾਂ ਹੋਣੀ ਬਾਰੇ ਤਰਕਸ਼ੀਲ ਦ੍ਰਿਸ਼ਟੀਕੋਣ ਤੋਂ ਸੱਖਣਾ ਹੈ। ਇਸੇ ਸੱਖਣੇ ਪਨ ਵਿਚੋਂ ਹੋਣੀ ਦੇ ਦੁਖਾਂਤ ਜਨਮ ਲੈਂਦੇ ਹਨ।

## ਦੁਖਾਂਤ ਤੇ ਹੋਣੀ

ਡਾ ਅਤਰ ਸਿੰਘ ਨੇ ਪੰਜਾਬੀ ਕਿੱਸਿਆਂ ਵਿਚਲੇ ਦੁਖਾਂਤ ਤੇ ਹੋਣੀ ਬਾਰੇ ਚਰਚਾ ਆਰੰਭ ਕਰਦਿਆਂ ਅੰਮ੍ਰਿਤਾ ਪ੍ਰੀਤਮ ਦੇ ਪ੍ਰਸਿੱਧ ਵਾਕ, ‖ਕਾਨੀ ਸਮੇਂ ਦੀ ਸਦਾ ਹੀ ਰਹੀ ਲਿਖਦੀ, ਖ਼ੂਨੀ ਪੱਤਰੇ ਪਿਆਰ ਦੀ ਬੀੜ ਵਾਲ, ਦੇ ਪ੍ਰਸੰਗਾ ਅਨੁਸਾਰ ਕਿਹਾ ਹੈ ਕਿ ਅੰਮ੍ਰਿਤਾ ਪ੍ਰੀਤਮ ਦੀ ਇਸ ਕਵਿਤਾ ਵਿਚ ਪਿਆਰ ਦੇ ਦੁਖਾਂਤ ਦਾ ਅਨੁਭਵ ਉਤਨਾ ਹੀ ਡੂੰਘਾ ਤੇ ਵਾਸਤਵਿਕ ਹੈ ਜਿਤਨਾ ਉਸ ਦੇ ਕਵੀ ਮਿੱਤਰਾਂ ਦੇ ਰਚੇ ਹੋਏ ਅਨੇਕਾਂ ਪੰਜਾਬੀ ਕਿੱਸਿਆਂ ਵਿਚ। ਆਪ ਅਨੁਸਾਰ ਭਾਵੇਂ ਹੀਰ-ਰਾਂਝਾ ਹੋਵੇ ਭਾਵੇਂ ਮਿਰਜ਼ਾ, ਸੋਹਣੀ ਮਹੀਂਵਾਲ ਹੋਵੇ ਜਾਂ ਸੱਸੀ ਪੁੰਨੂ, ਇਕ ਗੱਲ ਸਭਨਾਂ ਵਿਚ ਨੁਮਾਇਆਂ ਹੈ ਕਿ ਇਹ ਪ੍ਰੇਮ ਜੋੜੇ ਘਾਲਾਂ ਘਾਲਦੇ ਹਨ ਪਰ ਅਸਫਲ ਰਹਿੰਦੇ ਹਨ। ਉਹ ਕਿਸੇ ਨਿਸ਼ਚਿਤ ਹੋਣੀ ਦੇ ਹੱਥਾਂ ਦੀਆਂ ਕਠਪੁਤਲੀਆਂ ਹਨ ਜਿਸ ਦੀਆਂ ਉਂਗਲਾਂ ਉਤੇ ਇਨ੍ਹਾਂ ਨੂੰ, ਜਿਵੇਂ ਉਹ ਚਾਹਵੇ, ਨੱਚਣਾ ਹੀ ਪੈਣਾ ਹੈ। ਇਹ ਹੋਣੀ ਜਾਂ ਭਾਵੀ ਜਦੋਂ ਜੀਉ ਚਾਹੇ ਜਾਂ ਜਿਵੇਂ ਜੀਉ ਕਰੇ ਇਨ੍ਹਾਂ ਦੇ ਅਰਮਾਨਾਂ ਨਾਲ ਖੇਡਦੀ ਰਹੇ ਤੇ ਜਦੋਂ ਇਸ ਦਾ ਮਨ ਭਰ ਜਾਵੇ ਇਨ੍ਹਾਂ ਨੂੰ ਵਗਾਹ ਮਾਰੇ ਜਾਂ ਭੰਂਨ ਤੋੜ ਛੱਡੇ। ਉਸ ਦੇ ਹੁਕਮ ਬਿਨਾਂ ਕੁਝ ਨਹੀਂ ਹੁੰਦਾ। ਇਸ ਲਈ ਉਸ ਦੀ ਰਜ਼ਾ ਵਿਚ ਰਹਿਣਾ, ਭਾਣਾ ਮੰਨਣਾ, ਸਬਰ ਤੇ ਰਤਾ ਦਾ ਜੀਵਨ ਬਤੀਤ ਕਰਨ ਦੇ ਉਪਦੇਸ਼ ਕਿੱਸਾ ਕਾਵਿਧਾਰਾ ਦੇ ਸੁਭਾਵਿਕ ਸੰਦੇਸ਼ ਹਨ। ਇਹੋ ਸੰਦੇਸ਼ ਇਸ ਕਾਲ ਦੇ ਸੂਫ਼ੀ ਕਾਵਿਧਾਰਾ ਦੇ ਵੀ ਹਨ।

## 2. ਪੰਜਾਬੀ ਕਿੱਸਾ ਕਾਵਿਧਾਰਾ (1850 ਈ ਤੱਕ) ਵਿਚ ਹੋਣੀ ਤੇ ਦੁਖਾਂਤ

## ਮੁਕਤੀ ਤੇ ਮੂਲ ਪਾਪ

ਇਸ ਕਾਲ ਦੇ ਪੰਜਾਬੀ ਕਿੱਸਾ ਕਾਵਿਧਾਰਾ ਦੇ ਸਿਰਜਕ ਮੁਸਲਮਾਨ ਵੀ ਸਨ ਤੇ ਹਿੰਦੂ ਵੀ। ਇਸਲਾਮ ਤੇ ਹਿੰਦੂ ਮੱਤ ਵਿਚਕਾਰਲਾ ਵਿਰੋਧ ਤਾਂ ਭਾਵੇਂ ਇਨ੍ਹਾਂ ਦੋ ਜਾਂ ਤਿੰਨ ਤਰ੍ਹਾਂ ਦੇ ਧਰਮਾਂ ਤੇ ਸਭਿਆਚਾਰਕ ਪਿਛੋਕੜ ਵਾਲੇ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਨਹੀਂ ਮਿਲਦਾ ਪਰ ਫੇਰ ਵੀ ਹੋਣੀ ਤੇ ਦੁਖਾਂਤ ਦੇ ਪੱਖੋਂ ਪ੍ਰਸਤੁਤੀ ਕਰਨ ਵਿਚ ਜ਼ਰੂਰ ਭਿੰਨਤਾ ਆ ਗਈ ਹੈ। ਮਿਸਾਲ ਦੇ ਤੌਰ ਤੇ ਹਿੰਦੂ ਕਿੱਸਾਕਾਰ ਦਮੋਦਰ ਹੀਰ ਤੇ ਰਾਂਝੇ ਦਾ ਮਿਲਾਪ ਕਰਵਾ ਕੇ ਕਿਸੇ ਨੂੰ ਸੁਖਾਂਤ ਬਣਾਉਂਦਾ ਹੈ ਪਰ ਵਾਰਿਸ ਇਸ ਨੂੰ ਦੁਖਾਂਤ ਵਜੋਂ ਪ੍ਰਸਤੁਤ ਕਰਦਾ ਹੈ। ਇਸਲਾਮ ਵਿਚ ਰੱਬ ਦਾ ਜਬਾਰ ਤੇ ਕਹਾਰ ਰੂਪ ਕਿੱਸਾ ਸਾਹਿਤ ਵਿਚ ਵੀ ਵਿਦਮਾਨ ਹੈ। ਪਰ ਹਿੰਦੂ ਕਿੱਸਾਕਾਰਾਂ ਦੁਆਰਾ ਅੰਕਿਤ ਰੱਬ ਦਿਆਲੂ ਹੈ। ਹਿੰਦੂ ਚਿੰਤਨ ਵਿਚ ਦੇ ਤੇ ਕਾਲ ਦੀ ਸੀਮਾ ਦਾ ਹੋਣੀ ਦਾ ਪ੍ਰਸੰਗ ਹੈ ਕਿਉਂਕਿ ਇਹ ਕੋਈ ਦੇ ਦੇ ਵੱਸ ਵਿਚ ਹੈ ਤੇ ਕਾਲ ਦੇ ਵੱਸ ਵਿਚ ਵੀ ਪਰ ਜੀਵਾਤਮਾ ਅਨਾਦਿ ਤੇ ਅਨੰਤ ਹੈ ਅਰਥਾਤ ਅਜਰ ਤੇ ਅਮਰ ਹੈ ਜੋ ਆਵਾਗਮਨ ਦੇ ਚੱਕਰਾਂ ਵਿਚ ਫਸੀ ਰਹਿੰਦੀ ਹੈ ਪਰ ਭਗਤੀ ਭਾਵਨਾ, ਤਪੱਸਿਆ, ਧਿਆਨ, ਸਿਮਰਨ ਨਾਲ ਮੁਕਤ ਵੀ ਹੋ ਸਕਦੀ ਹੈ। ਪਰ ਇਸਲਾਮ ਅਨੁਸਾਰ ਤੇ ਇਸ ਧਰਮ ਦੇ ਪਿਛੋਕੜ ਨਾਲ ਸੰਬੰਧਿਤ ਪੰਜਾਬੀ ਕਿੱਸਾਕਾਰਾਂ ਅਨੁਸਾਰ ਮਨੁੱਖ ਮੂਲ ਤੌਰ ਤੇ ਪਾਪੀ ਹੈ ਤੇ ਇਸ ਸੰਸਾਰ ਵਿਚ ਉਹ ਸਦਾ ਭੁਗਤਣ ਆਇਆ ਹੈ ਜਿਸ ਵਾਸਤੇ ਮੌਜੂਦਾ ਜਾਂ ਤਤਕਾਲੀਨ ਯਥਾਰਥ ਦਾ ਵਧੇਰੇ ਮਹੱਤਵ ਹੈ।

## ਦੁਖਾਂਤ

ਡਾ ਅਤਰ ਸਿੰਘ ਨੂੰ ਪੰਜਾਬੀ ਕਿੱਸਾ-ਕਾਵਿਧਾਰਾ ਵਿਚ ਯੂਨਾਨੀ ਦੁਖਾਂਤ ਜਾਂ ਪੱਛਮੀ ਕਿੱਸਾਕਾਰਾਂ ਦੇ ਦੁਖਾਂਤ ਦੀ ਪੱਧਰ ਦਾ ਦੁਖਾਂਤ ਨਹੀਂ ਲੱਭਦਾ। ਇਸ ਦਾ ਕਾਰਨ ਉਸ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਕਿੱਸਾਕਾਰ ਜੀਵਨ ਦੇ ਅਜਿਹੇ ਵਿਰਾਟ ਦਰਸ਼ਨ ਤੋਂ ਅਭਿੱਜ ਸਨ ਜੋ ਮਨੁੱਖਾਂ ਨੂੰ ਵਾਪਰਦੀਆਂ ਘਟਨਾਵਾਂ ਤੇ ਸਥਿਤੀਆਂ ਦੀਆਂ ਉਲਝਣਾਂ ਨੂੰ ਵੀ ਧਿਆਉਣ ਦੇ ਸਮਰੱਥ ਨਾ ਹੋਵੇ ਅਤੇ ਇਨ੍ਹਾਂ ਬਹੁਭਾਂਤੀ ਘਟਨਾਵਾਂ ਤੇ ਸਥਿਤੀਆਂ ਨੂੰ ਕਿਸੇ ਇਕਾਗਰ ਕਾਰੀ ਨੇਮ ਨਾਲ ਬੱਝਿਆ ਵਿਖਾਉਣ ਦਾ ਬਲ ਵੀ ਰੱਖਦਾ ਹੋਵੇ ਪੰਜਾਬੀ ਕਿੱਸਾਕਾਰ ਦੁਖਾਂਤ ਦੇ ਪਿੱਛੇ ਕੋਈ ਅਧਿਆਤਮਕ ਅਰਥ ਲੱਭਣ ਦੀ ਚੇਸ਼ਟਾ ਕਰਦੇ ਹਨ ਤੇ ਇਸ ਚੇਸ਼ਟਾ ਦਾ ਆਧਾਰ ਧਰਮ ਹੈ ਜੋ ਹਰ ਦੁਖਾਂਤ ਨੂੰ ਸੁਤੰਤਰ ਸੋਚਣੀ ਨਾਲ ਸਮਝਣ ਦੀ ਥਾਂ ਧਰਮ ਦਾ ਸਹਾਰਾ ਵਧੇਰੇ ਲੈਂਦਾ ਹੈ। ਇਉਂ ਦੁਖਾਂਤ ਜਾਂ ਹੋਣੀ ਇਸ ਹੱਦ ਤੱਕ ਸ਼ਕਤੀਸ਼ਾਲੀ ਦਿਸਦੀ ਹੈ ਕਿ ਹੋਣ ਤੇ

ਰੱਬ ਸਮਾਨ ਅਰਥਾਂ ਦੇ ਧਾਰਨੀ ਹੋ ਗਏ ਹਨ ਜਿੱਥੇ ਵਿਅਕਤੀ ਵਿਚਾਰਾਂ ਤੇ ਸ਼ਕਤੀਹੀਣ ਹੈ। ਨਾਇਕ ਨਾਇਕਾ ਯਤਨਸ਼ੀਲ ਵਿਅਕਤੀ ਵੀ ਦਿਸਦੇ ਹਨ ਜੋ ਮੰਤਵ ਸਿੱਧੀ ਲਈ ਸੰਘਰਸ਼ਮਈ ਜੀਵਨ ਵਿਚ ਵਿਚਰਦੇ ਤਾਂ ਹਨ ਪਰ ਉਨ੍ਹਾਂ ਦਾ ਇਹ ਵਿਚਰਨ ਰੱਬ ਦੀ ਰਜ਼ਾ ਵਿਚ ਸਿਰ ਝੁਕਾ ਦੇਣ ਉਤੇ ਸਮਾਪਤ ਹੋ ਜਾਂਦਾ ਹੈ। ਉਹ ਅਖੀਰ ਉਤੇ ਅਕਾਲ ਪੁਰਖ ਦੀ ਸਰਬ-ਸਕਤੀਮਾਨਤਾ ਸਿੱਧ ਕਰਨ ਵਾਲੇ ਸੁਭਾਵਿਕ ਪਾਤਰ ਬਣ ਜਾਂਦੇ ਹਨ। ਸੱਸੀ ਸਾਹਿਤ ਵਿਚ ਸੱਸੀ (ਨਾਇਕ) ਜਨਮ ਹੀ ਇਸ ਕਰਕੇ ਲੈਂਦੀ ਹ ਕਿ ਉਸ ਨੇ ਕਿਸੇ ਪੂਰਵ-ਨਿਸ਼ਚਿਤ ਹੋਣੀ ਨੂੰ ਭੋਗਣਾ ਹੈ ਤੇ ਏਸੇ ਤਰ੍ਹਾਂ ਹੀਰ ਸਾਹਿਤ ਵਿਚ ਰਾਂਝਾ (ਨਾਇਕ) ਪੈਦਾ ਹੀ ਇਸ ਲਈ ਹੁੰਦਾ ਹੈ ਕਿ ਉਸ ਨੇ ਹੀਰ ਨੂੰ ਪ੍ਰਾਪਤ ਕਰਨ ਦੀ ਪੂਰਵ ਨਿਸ਼ਚਿਤ ਹੋਣੀ ਨੂੰ ਭੋਗਣਾ ਹੈ ।

## ਦੁਖਾਂਤ ਤੇ ਹੋਣੀ ਕਿਉਂ?

ਡਾ: ਰਤਨ ਸਿੰਘ ਜੱਗੀ ਨੇ ਆਪਣੇ ਇਕ ਲੇਖ ਕਿੱਸਾਕਾਰੀ ਵਿਚ ਕਰਾਮਾਤ ਤੇ ਹੋਣੀ ਨੂੰ ਇਸ ਕਾਲ ਦੀ ਕਿੱਸਾ ਸਾਹਿਤ ਦਾ ਇਕ ਜ਼ਰੂਰੀ ਅੰਗ ਸਵੀਕਾਰ ਕੀਤਾ ਹੈ। ਉਹ ਇਸ ਦੇ ਹੇਠ ਲਿਖੇ ਕਾਰਨ ਮੰਨਦੇ ਹਨ :

1. ਰੋਮਾਂਸ ਦੇ ਸ਼ਾਮਲ ਹੋ ਜਾਣ ਕਰਕੇ ਕਿੱਸਿਆਂ ਵਿਚ ਕਰਾਮਾਤਾਂ ਦਾ ਪ੍ਰਦਰਸ਼ਨ ਵੀ ਬਹੁਤ ਮਾਤਰਾ ਵਿਚ ਹੋਇਆ ਹੈ।
2. ਉਸ ਵੇਲੇ ਲੋਕ ਤਰਕਸ਼ੀਲ ਘੱਟ ਤੇ ਵਹਿਮੀ, ਧਰਮ ਤੋਂ ਡਰਨ ਵਾਲੇ ਤੇ ਦੈਵੀ ਸ਼ਕਤੀਆਂ ਦੇ ਪ੍ਰਤੀ ਨਿਸ਼ਠਾਵਾਨ ਅਧਿਕ ਹੁੰਦੇ ਸਨ।
3. ਸਰੋਤਿਆਂ ਅਤੇ ਪਾਠਕਾਂ ਦੀਆਂ (ਇਨ੍ਹਾਂ) ਰੁਚੀਆਂ ਦੀ ਤ੍ਰਿਪਤੀ ਕਿੱਸਾਕਾਰ ਨੂੰ ਕਰਨੀ ਪੈਂਦੀ ਸੀ।
4. ਕਿਸੇ ਸਮਾਜਕ ਜਾਂ ਵਿਅਕਤੀਗਤ ਘਟਨਾ, ਪਰਿਸਥਿਤੀ, ਕੰਮ ਆਦਿ ਦੇ ਮੂਲ ਕਾਰਨ ਲੱਭਣ ਦੀ ਅਸਮਰਥਾ।
5. ਕੁਦਰਤੀ ਸ਼ਕਤੀਆਂ ਦੇ ਸਾਹਮਣੇ ਮਨੁੱਖ ਦੀ ਬੇਬਸੀ।
6. ਧੀਰਜ ਧਾਰਨ ਕਰਨ ਲਈ (ਹੋਣੀ ਦੀ ਕਲਪਨਾ ਕੀਤੀ ਗਈ)।

ਹੋਣੀ ਜਾਂ ਭਾਵੀ ਦੇ ਡੂੰਘੇ ਲੰਬੇ ਸੰਸਕਾਰਾਂ ਤੋਂ ਕੋਈ ਵਿਰਲਾ ਕਿੱਸਾਕਾਰ ਹੀ ਮੁਕਤ ਹੋ ਸਕਿਆ ਹੈ। ਭਾਈ ਵਰਤ ਕੇ ਹੀ ਰਹਿੰਦੀ ਹੈ, ਹੋਣੀ ਹੋ ਕੇ ਹੀ ਰਹਿੰਦੀ ਹੈ ਅਰਥਾਤ ਲੇਖ ਮਿਟਾਏ ਨਹੀਂ ਜਾ ਸਕਦੇ। ਹਾਸ਼ਮ ਅਨੁਸਾਰ :

ਤਖਤੋਂ ਚਾ ਸੁੱਟੇ ਸੁਲਤਾਨਾਂ,
ਹਾਸ਼ਮ ਜਾ ਨਾ ਬੋਲਣ ਵਾਲੀ ਜੋ ਚਾਹੇ ਸੋ ਕਰਦਾ, ਸੱਸੀ ਪੁੰਨੂ : ਹਾਸ਼ਮ

ਉਪਰੋਕਤ ਵਿਸ਼ਵਾਸ ਵਿਅਕਤੀ ਵਿਸ਼ੇਸ਼ ਦਾ ਤਾਂ ਉਥਾਨ ਕਰ ਸਕਦਾ ਹੈ ਪਰ ਸਮਾਜ ਜਾਂ ਭਾਈਚਾਰੇ ਨੂੰ ਉੱਦਮੀ ਹੋਣ ਤੋਂ ਰੋਕਦਾ ਹੈ। ਪੰਜਾਬੀ ਕਿੱਸਾ-ਕਾਵਿਧਾਰਾ ਦਾ ਦੁਖਾਂਤਕ ਇਸ ਤੱਥ ਦਾ ਸੂਚਕ ਵੀ ਹੈ ਤੇ ਪ੍ਰਮਾਣ ਵੀ ਕਿ ਮਨੁੱਖੀ ਹੋਣੀ ਦਾ ਯਥਾਰਥ ਹੀ ਦੁੱਖ ਪੂਰਨ ਹੈ ਜਿਵੇਂ ਕਿ ਉਸ ਸਮੇਂ ਦੇ ਸਮਾਜ ਦਾ ਇਹ ਅਟੱਲ ਵਿਸ਼ਵਾਸ ਸੀ ਕਿ ਕੁਝ ਭਾਗਾਂ ਜਾਂ ਹੋਣੀ ਦਾ ਖੇਲ ਹੈ। ਇਸ ਹੋਣੀ ਦੇ ਦੋ ਰੂਪ ਕਿੱਸਾ ਸਾਹਿਤ ਵਿਚ ਮਿਲਦੇ ਹਨ, ਇਕ, ਅਦਿੱਖ ਸ਼ਕਤੀ ਦੇ ਰੂਪ ਵਿਚ ਇਸ ਦਾ ਵਰਤਾਰਾ; ਦੂਜੇ ਇਕ ਪਾਤਰ ਦੇ ਰੂਪ ਵਿਚ ਇਸ ਦੀ ਕਰਿਆ ਜਾਂ ਗਤੀ ਵਿਧੀ। ਕਾਮਲ ਇਸ਼ਕ ਸੱਸੀ ਨੂੰ ਹੋਣੀ, ਮਸਤ ਬੇਹੋਜ਼ ਥਲਾਂ ਵਿਚ ਮਰਸੀ, ਹਾਸ਼ਮ ਦੇਖ ਨਸੀਬ ਸੱਸੀ ਦਾ ਕੀ ਕੁਝ ਹੋਰ ਕਰੇਂਦਾ ਆਦਿ ਤੁਕਾਂ ਵਿਚ ਹੋਣੀ ਦਾ ਪਹਿਲਾ ਰੂਪ ਵਿਦਮਾਨ ਹੈ ਪਰ ਹੋਣੀ ਮਾਰ ਮਾਰ ਕਰ ਸਿਆਲਕੋਟ ਵਿਚ ਆਈ ਤੁਕ ਵਿਚ ਹੋਣੀ ਦੂਜੇ ਰੂਪ ਵਿਚ ਆਈ ਹੈ।

## ਮੌਤ ਤੇ ਹੋਣੀ ਅਟੱਲ

ਇਨ੍ਹਾਂ ਕਿੱਸਿਆਂ ਵਿਚਲੇ ਦੁਖਾਂਤ ਵਿਚ ਇਕ ਗੱਲ ਸਾਂਝੀ ਹੈ ਅਰਥਾਤ ਸਾਰੇ ਕਿੱਸਿਆਂ ਦੇ ਨਾਇਕ ਨਾਇਕਾ ਮੌਤ ਸਹੇੜਦੇ ਹਨ ਤੇ ਇਸ ਤੋਂ ਡਰਦੇ ਨਹੀਂ। ਉਹ ਇਸ਼ਕ ਦੇ ਰਾਹ ਤੋਂ ਉੱਕਾ ਨਹੀਂ ਮੁੜਦੇ ਤੇ ਜਾਨ ਹਥੇਲੀ ਉੱਤੇ ਰੱਖ ਕੇ ਜਦ ਤੱਕ ਸਾਸ ਤੱਕ ਆਸ ਦਾ ਜੀਵਨ ਗੁਜ਼ਾਰਦੇ ਮਰਨੋਂ ਮੂਲ ਨਹੀਂ ਡਰਦੇ। ਪਲ ਪਲ ਮੌਤ ਵੱਲ ਵਧਦੇ ਉਨ੍ਹਾਂ ਦੇ ਕਦਮ ਇਸ ਮਨੋਰਥ ਸਿੱਧੀ ਦਾ ਪ੍ਰਮਾਣ ਹਨ ਕਿ ਹੋਣੀ ਹੋ ਕੇ ਰਹੇਗੀ ਤੇ ਕਰਾਮਾਤ ਟਾਰੀ ਨਹੀਂ ਟਰੇਗਹ। ਮਿਸਾਲ ਦੇ ਤੌਰ ਤੇ ਸੱਸੀ, ਹੀਰ, ਸੋਹਣੀ ਤੇ ਸਾਹਿਬਾਂ ਦੇ ਕਿਰਦਾਰ ਪ੍ਰਸਤੁਤ ਕੀਤੇ ਜਾ ਸਕਦੇ ਹਨ ਜਾਂ ਪੁੰਨੂ, ਰਾਂਝੇ, ਮਹੀਂਵਾਲ, ਮਿਰਜ਼ੇ ਆਦਿ ਨਾਇਕਾ ਦੀ ਸੂਚੀ ਦਿੱਤੀ ਜਾ ਸਕਦੀ ਹੈ। ਧਰਮ ਵੀ ਹੋਣੀ ਵਿੱਚ ਵਿਸ਼ਵਾਸ ਰੱਖਦਾ ਹੈ। ਹੋਣੀ ਜਾਨ ਸਭਿਨ ਕੇ ਸਾਥ, ਵਿਚ ਹੋਣੀ ਹੋਣਹਾਰ ਘਟਨਾ ਹੈ ਜਿਸ ਬਾਰੇ ਕਿਹਾ ਗਿਆ ਹੈ ਕਿ ਹੋਨਹਾਰ ਹੋਤ ਸਦ ਆਇਆ। ਪਰਾਲਬਧ ਜਾਂ ਕਿਸਮਤ ਇਹ ਹੋਣੀ ਹੈ ਜਿਸ ਨੂੰ ਭਾਵੀ ਜਾਂ (ਭਵਿਨ) ਆਖਦੇ ਹਨ। ਕਿੱਸਾ-ਕਾਵਿਧਾਰਾ ਦੀ ਹੋਣੀ ਉਪਰੋਕਤ ਸਾਰੇ ਅਰਥਾਂ ਦੀ ਧਾਰਨੀ ਹੈ ਅਰਥਾਤ ਇਹ ਕਿਤੇ ਕਿਸਮਤ ਜਾਂ ਭਾਗਾਂ ਦੇ ਅਰਥਚਾਰੇ ਦੀ ਚੀਜ਼ ਹੈ ਤੇ ਕਿਧਰੇ ਸਰਬ ਸਮਰੱਥ ਸ਼ਕਤੀ ਹੈ ਜਿਸ ਦੇ ਹੱਥਾਂ ਵਿਚ ਨਾਇਕ ਨਾਇਕ ਖਿਡਾਉਣੇ ਮਾਤਰ ਹਨ।

## ਹੋਣੀ ਤੇ ਸਜ਼ਾ

ਕਈ ਕਿੱਸੇ ਅਜਿਹੇ ਵੀ ਹਨ ਜਿਨ੍ਹਾਂ ਉਤੇ ਦੁਖਾਂਤ ਦਾ ਰੱਤੀ ਭਰ ਵੀ ਲੇਸ ਨਹੀਂ ਜਿਵੇਂ ਰੂਪ ਬਸੰਤ, ਪੂਰਨ ਭਗਤ, ਰੂਪ ਰਾਣੀ ਸਕੁੰਤਲਾ ਜਾਂ ਨਲ ਦਮਯੰਤੀ ਆਦਿ। ਪਰ ਕਈ ਕਿੱਸੇ ਘੋਰ ਦੁਖਾਂਤ ਨਾਲ ਪਰਿਪੂਰ ਹਨ ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂ ਆਦਿਕ। ਇਸ ਦੁਖਾਂਤ ਦੀ ਕੁਟਤਾ ਦੇ ਨਿਕਟਵਰਤੀ ਅਨੁਭਵ ਸਦਕਾ ਇਹ ਕਿੱਸਾਕਾਰ ਇਹ ਆਖਣ ਲਈ ਆਤੁਰ ਹੈ (ਪੀਲੂ) ਅਸਾਂ ਨਾਲੋਂ ਉਹ ਭਲੇ ਸਨ ਜੋ ਜੰਮਦਿਆਂ ਹੀ ਮਰ ਗਏ। ਉਨ੍ਹਾਂ ਨੇ ਨਾ ਚਿੱਕੜ ਵਿਚ ਪੈਰ ਪਾਇਆ ਤੇ ਨਾ ਹੀ ਲਿਬੜੇ। ਡਾ ਅਤਰ ਸਿੰਘ ਅਨੁਸਾਰ ਮੁਸਲਮਾਨ ਪੰਜਾਬੀ ਕਿੱਸਾਕਾਰ ਮਨੁੱਖ ਦੀ ਹੋਂਦ ਦਾ ਧਿਆਨ ਦੁਖਾਂਤ ਦੇ ਰੂਪ ਵਿਚ ਕਰਦੇ ਹਨ...ਇਉਂ ਜਾਪਦਾ ਹੈ ਕਿ ਮਨੁੱਖ ਹੋਣੀ ਕਰਕੇ ਹੀ ਸਰਾਪਿਆ ਹੋਇਆ ਹੈ। ਜਦੋਂ ਤੇ ਜਿੱਥੋਂ ਕਦੀ ਵੀ ਉਹ ਆਪਣੀ ਹੋਂਦ ਦੇ ਆਖੇ ਲੱਗ ਕੇ ਆਤਮ ਪੂਰਤੀ ਦੇ ਰਾਹ ਤੇ ਟੁਰਦਾ ਹੈ ਕੋਈ ਅਦਿੱਖ ਭਾਵੀ ਉਸ ਦਾ ਰਾਹ ਆ ਘੇਰਦੀ ਹੈ....ਮਨੁੱਖ ਦੀ ਹੋਂਦ ਦਾ ਇਹ ਸੰਕਲਪ ਅਸਲ ਵਿਚ ਸੇਮ ਟਿਕ ਦਰਸ਼ਨ ਤੇ ਸਭਿਆਚਾਰ ਦੀ ਉਪਜ ਦੇ ਕਾਰਨਾਂ ਨਾਲ ਜੁੜਿਆ ਹੋਇਆ ਹ। ਇਸਲਾਮ ਵਿਚ ਮਨੌਤ ਹੈ ਕਿ ਆਦਮੀ ਇਸ ਸੰਸਾਰ ਵਿਚ ਗੁਨਾਹਾਂ ਦੀ ਸਦਾ ਭੁਗਤਣ ਆਇਆ ਹੈ। ਇਸ ਮਨੌਤ ਪਿੱਛੇ ਇਸਲਾਮ ਦਾ ਰੱਬ ਬਾਰੇ ਸੰਕਲਪ ਕਿ ਉਹ ਜੱਬਾਰ (ਜਬਰ ਕਰਨ ਵਾਲਾ) ਤੇ ਕੁਰਾਹ (ਕਹਿਰ ਕਰਨ ਵਾਲਾ) ਕੰਮ ਕਰਦਾ ਸਪਸ਼ਟ ਦਿਸਦਾ ਹੈ।

ਲੇਖਾਂ ਜਾਂ ਹੋਣੀ ਦੇ ਸਾਹਮਣੇ ਕਿਸੇ ਦੀ ਪੇਸ਼ ਨਹੀਂ ਚਲਦੀ, ਪੰਜਾਬੀ ਕਿੱਸਾ ਸਾਹਿਤ ਦੀ ਇਹ ਮਨੌਤ ਰਹੀ ਹੈ ਜਿਵੇਂ ਕਿ ਹੇਠਾਂ ਅੰਕਿਤ ਪੰਗਤੀਆਂ ਤੋਂ ਸਿੱਧ ਹੈ :

| | | |
|---|---|---|
| (ੳ) | ਕਿਸਮਤ ਮੂਲ ਨਾ ਅਟਕਣ ਦੇਵੇ, ਮਗਰ ਮੁਹਾਸਲ ਲਾਈ। | ਹੀਰ ਦਮੋਦਰ |
| (ਅ) | ਹੋਣੀ ਮਿਰਜ਼ੇ ਤੇ ਕੁੱਦ ਪਈ, ਰਲੀ ਸਿਆਲਾਂ ਨਾਲ। | |
| | ਛੁੱਟੀ ਕਾਨੀ ਗੈਬ ਦੀ, ਲੈ ਗਈ ਮਿਰਜ਼ੇ ਨੂੰ ਨਾਲ। | ਮਿਰਜ਼ਾ ਸਾਹਿਬਾ : ਪੀਲੂ |
| (ੲ) | ਫੈਲ ਸ਼ਾਹ ਮੀਆਂ ਏਵੇਂ ਲੇਖ ਆਹੇ, ਮੋੜੇ ਕੌਣ ਖ਼ੁਦਾ ਦੇ ਭਾਣਿਆਂ ਨੂੰ। | ਸੋਹਣੀ ਮਹੀਂਵਾਲ: ਫੈਲ ਸ਼ਾਹ |

ਕਿਸਮਤ ਜਾਂ ਹੋਣੀ ਦੇ ਅਧੀਨ ਹਰ ਪਾਤਰ ਜਾਂ ਕੁਪਾਤਰ ਆਪਣੇ ਆਪਣੇ ਕੰਮ ਲੱਗਾ ਹੋਇਆ ਹੈ। ਹੋਣੀ ਹੀ ਸਿਆਲਾਂ ਦੇ ਰੂਪ ਵਿਚ ਮਿਰਜ਼ੇ ਦਾ ਕਾਲ ਬਣ ਕੇ ਆਉਂਦੀ ਹੈ। ਹੋਣੀ ਹੀ ਸੱਸੀ ਨੂੰ ਕਦੇ ਨੈਂ ਵਿਚ ਰੁੜ੍ਹਾਂਦੀ ਹੈ, ਕਦੀ ਪੁੰਨੂ ਉਤੇ ਮੋਹਿਤ ਕਰਵਾ ਕੇ ਉਸ ਨਾਲੋਂ ਫੇਰ, ਵਿਛੋੜਦੀ ਹੈ ਤੇ ਅੰਤ ਉਤੇ ਉਸ ਨੂੰ ਮਾਰੂਥਲਾਂ ਵਿਚ ਭੰਨ ਦੇਣ ਦਾ ਕਾਰਨ ਬਣਦੀ ਹੈ। ਇੰਜ ਹੋਣੀ ਅਮੋੜ, ਅਮਿੱਟ ਤੇ ਅਟੱਲ ਹੈ। ਉਹ ਕਿਤੇ ਦਹਿਸਿਰ ਨੂੰ ਮਾਰਦੀ ਦਿਸਦੀ ਹੈ ਤੇ ਕਿਤੇ ਲੰਕਾਂ ਨੂੰ ਤਬਾਹ ਕਰਦੀ ਨੈਰ ਆਉਂਦੀ ਹੈ। ਦੁਰਯੋਧਨ ਤੇ ਯੁਧਿਸ਼ਟਰ ਹੋਣੀ ਦੇ ਵਸ ਵਿਚ ਹਨ।

## 3. ਪੰਜਾਬੀ ਕਿਸਾ ਕਾਵਿਧਾਰਾ (1850 ਈ ਤੱਕ) ਵਿਚ ਸਮਾਜਕ ਚਿੱਤਰ

### ਵਿਅਕਤੀ ਤੇ ਸਮਾਜ

ਅਰਸਤੂ ਨੇ ਕਿਹਾ ਸੀ ਕਿ ਜਿਹੜਾ ਆਦਮੀ ਸਮਾਜ ਵਿਚ ਨਹੀਂ ਰਹਿ ਸਕਦਾ ਜਾਂ ਜਿਸ ਨੂੰ ਸਮਾਜ ਵਿਚ ਰਹਿਣ ਦੀ ਲੋੜ ਨਹੀਂ ਮਹਿਸੂਸ ਹੁੰਦੀ, ਕਿਉਂਕਿ ਉਹ ਆਪਣੇ ਆਪ ਨੂੰ ਆਤਮ ਨਿਰਭਰ ਸਮਝਦਾ ਹੈਜ਼ਾ ਤਾਂ ਪੂਜ਼ ਹੈ ਜਾਂ ਦੇਵਤਾ, ਉਹ ਰਾਜ ਦਾ ਅੰਗ ਨਹੀਂ ਹੈ, ਆਦਮੀ ਇਕ ਸਮਾਜਕ ਪ੍ਰਾਣੀ ਹੈ, ਇਹ ਉਸ ਦਾ ਸੁਭਾਅ ਹੈ, ਪਰ ਜੇ ਕੋਈ ਵਿਅਕਤੀ ਸੁਭਾਵਿਕ ਹੀ ਅਸਮਾਜਿਕ ਜਾਂ ਅਨਮੋਲ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਉਹ ਇੰਨਾ ਨੀਵਾਂ ਹੈ ਕਿ ਸਾਡੇ ਧਿਆਨ ਦਾ ਪਾਤਰ ਹੀ ਨਹੀਂ ਹੋ ਸਕਦਾ ਹੈ ਤੇ ਜਾਂ ਇੰਨਾ ਉੱਚਾ ਹੈ ਕਿ ਸਾਧਾਰਨ ਮਾਨਵੀ ਪਕੜ ਵਿਚ ਨਹੀਂ ਆ ਸਕਦਾ। ਸਮਾਜ ਤਾਂ ਮਨੁੱਖਾਂ ਦੀ ਹਰ ਪ੍ਰਕਾਰ ਦੀ ਕਰਿਆ ਵਿਚ ਸਾਂਝਦਾਰੀ ਜਾਂ ਭਾਈਵਾਲ ਹੈ ਜਿਸ ਨੂੰ ਐਡਮੰਡ ਬਰਕ ਨੇ ਇਕ ਠੇਕੇਦਾਰੀ ਵੀ ਕਿਹਾ ਹੈ। ਐਮਰਸਨ ਸਮਾਜ ਇਕ ਜਾਇੰਟ ਸਟਾਕ ਕੰਪਨੀ ਹੈ ਜਿਸ ਦੇ ਹਿੱਸੇਦਾਰਾਂ ਨੇ ਹਰ ਹਿੱਸੇਦਾਰ ਨੂੰ ਚੰਗੇਰੀ ਰੋਟੀ ਦੇਣ ਦਾ ਵਚਨ ਦਿੱਤਾ ਹੋਇਆ ਹ। ਜੇ ਇਉਂ ਨਾ ਹੋਵੇ ਤਾਂ ਸਮਾਜ ਦੀ ਸਾਰੀ ਪ੍ਰਗਤੀ ਹੀ ਰੁਕ ਜਾਵੇ, (ਐਮਰਸਨ : ਸੈਲਫ ਰੀਲਾਇੰਸ) ਇਬਸਨ ਨੇ ਸੱਚ (ਟਰੁਥ) ਤੇ ਸਵਤੰਤ੍ਰਤਾ (ਫ੍ਰੀਡਮ) ਨੂੰ ਸਮਾਜ ਦੇ ਥੰਮ ਕਿਹਾ ਹੈ। ਸਮਾਜ ਦੀ ਹੋਂਦ ਜਾਂ ਇਸ ਦੇ ਅਸਤਿਤਵ ਦਾ ਕਾਰਨ ਹੀ ਇਹ ਹੈ ਕਿ ਇਹ ਆਪਣੇ ਸਦੱਸਾਂ ਦੇ ਹਿੱਤ ਲਈ ਹੈ ਨਾ ਕਿ ਇਸ ਦੇ ਵਿਪ੍ਰਤੀ ਕਿ ਇਸ ਦੇ ਸਦੱਸ ਇਸ ਦੇ ਹਿੱਤ ਲਈ ਹਨ। ਵਰਡੈਵਰਥ ਅਨੁਸਾਰ ਮਹਾਨ ਸਮਾਜ ਉਹ ਹੈ ਜਿੱਥੇ ਮਾਨਵੀ ਜੀਵਨ ਉੱਨਾ ਹੀ ਸ਼ਾਨਦਾਰ ਹੈ ਜਿੰਨੀ ਮੌਤ।

## ਸਮਾਜਕ ਮਨੁੱਖ

ਮਨੁੱਖ ਦੁਆਲੇ ਅਨੇਕ ਸਮਾਜਕ ਘੇਰੇ ਹਨ। ਉਹ ਇਨ੍ਹਾਂ ਘੇਰਿਆਂ ਦੇ ਪ੍ਰਸੰਗ ਵਿਚਰਦਾ ਹੋਇਆ ਇਨ੍ਹਾਂ ਦੇ ਪ੍ਰਭਾਵ ਗ੍ਰਹਿਣ ਵੀ ਕਰਦਾ ਹੈ ਤੇ ਇਨ੍ਹਾਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਡਾ ਰੋਸ਼ਨ ਲਾਲ ਆਹੂਜਾ ਨੇ ਆਪਣੇ ਇਕ ਲੇਖ ਧੀਦੋਂ ਹੀਰ ਦਾ ਸਮਾਜ ਵਿਚ ਇਸ ਪ੍ਰਭਾਵ ਦੀਆਂ ਅਨੇ ਤਹਿਆਂ ਨੂੰ ਜਾਣਨ ਤੇ ਜਣਾਉਣ ਦਾ ਯਤਨ ਕੀਤਾ ਹੈ। ਆਪ ਅਨੁਸਾਰ, ਜਿਸ ਤਰ੍ਹਾਂ ਕੁਦਰਤ ਨੇ ਸਾਨੂੰ ਚਾਰ ਚੁਫੇਰਿਉਂ ਘੇਰ ਰੱਖਿਆ ਹੈ ਇਸੇ ਤਰ੍ਹਾਂ ਸਮਾਜ ਨੇ ਵੀ ਮਨੁੱਖ ਨੂੰ ਹਰ ਪਾਸੇ ਤੋਂ ਘੇਰ ਰੱਖਿਆ ਹ। ਮਨੁੱਖ ਦੇ ਗੁਗਿਰਦੇ ਕਈ ਘੇਰੇ ਹਨ ਜਿਨ੍ਹਾਂ ਦੇ ਪ੍ਰਭਾਵ ਥੱਲੇ ਉਹ ਜੀਉਂਦਾ ਹੈ ਤੇ ਸਮਾਜਕ ਪ੍ਰਜ਼ ਅਖਵਾਉਂਦਾ ਹੈ। ਸਮਾਜ ਦਾ ਘੇਰਾ ਇੰਨਾ ਵੱਡਾ ਹੈ ਕਿ ਇਸ ਵਿਚ ਹੋਰ ਅਨੇਕ ਛੋਟੇ ਘੇਰੇ ਆ ਜਾਂਦੇ ਹਨ, ਜਿਵੇਂ ਮਿਸਾਲ ਦੇ ਤੌਰ ਤੇ ਮਨੁੱਖ ਦੇ ਪਰਿਵਾਰ ਦੇ ਹਰ ਮੈਂਬਰ ਨਾਲ ਉਸਦਾ ਸੰਬੰਧ ਹੈਉਹ ਕਿਸੇ ਦਾ ਪੁੱਤਰ ਹੈ, ਕਿਸੇ ਦਾ ਪੋਤਰਾ? ਕਿਸੇ ਦਾ ਭਰਾ ਤੇ ਕਿਸੇ ਦਾ ਭਤੀਜਾ, ਕਿਸੇ ਦਾ ਚਾਚਾ ਤੇ ਕਿਸੇ ਦਾ ਮਾਮਾ ਇਤਿਆਦਿ।ਘੇਰਿਆਂ ਦਾ ਇਹ ਚੱਕਰ ਉਸ ਦੇ ਵਿਅਕਤਿਤਵ ਦਾ ਨਿਰਮਾਣ ਵੀ ਕਰਦਾ ਹੈ ਤੇ ਉਸ ਤੋਂ ਪ੍ਰਭਾਵ ਗ੍ਰਹਿਣ ਕਰਕੇ ਇਹ ਚੱਕਰ ਆਪ ਵੀ ਪੁਜ਼ਟ ਹੁੰਦਾ ਰਹਿੰਦਾ ਹੈ। ਪਰਿਵਾਰ ਤੋਂ ਬਾਹਰ ਉਸ ਦੇ ਹਾਈਆਂ, ਹਮਜਾਤੀਆਂ, ਮਿਤ੍ਰਾਂ ਆਦਿ ਦੇ ਹੋਰ ਅਨੇਕ ਘੇਰੇ ਹਨ। ਫੇਰ ਕਿੱਤੇ, ਸ਼ਾਸਨ ਰਾਜਨੀਤੀ, ਰਾਸਟਰੀ, ਅੰਤਰ – ਰਾਸਟਰੀ ਭਾਵਨਾ ਆਦਿ ਹੋਰ ਘੇਰੇ ਆ ਜਾਂਦੇ ਹਨ। ਸੋ ਸਮਾਜ ਦੇ ਚਿਤ੍ਰਣ ਬਾਰੇ ਜਾਣਨ ਲੱਗਿਆਂ ਸਾਨੂੰ ਪੰਜਾਬੀ ਕਿੱਸਾ ਕਾਵਿਧਾਰਾ ਦੀਆਂ ਅਨੇਕ ਤੰਦਾਂ ਨੂੰ ਫੜਨਾ ਪਵੇਗਾ ਤਾਂ ਹੀ ਉਸ ਵੇਲੇ ਦੇ ਸਮਾਜ ਦੇ ਦਰਸ਼ਨ ਹੋ ਸਕਣ ਦੀ ਕੋਈ ਸੰਭਾਵਨਾ ਹੋ ਸਕਦੀ ਹੈ।

ਮੱਧ ਯੁਗ ਇੰਨਾ ਗੁੰਝਲਦਾਰ ਜਾਂ ਪੇਚੀਦਾ ਨਹੀਂ ਸੀ ਜਿੰਨਾ ਅੱਜ ਦਾ ਪੰਜਾਬੀ ਸਮਾਜ ਹੈ। ਇਹਦਾ ਸਰਬਪੱਖੀ-ਵਿਕਾਸ ਵੀ ਅੱਜ ਜਿੰਨਾ ਨਹੀਂ ਸੀ ਹੋਇਆ। ਦੂਜੇ, ਪੰਜਾਬੀ ਕਿੱਸਾ ਸਾਹਿਤ ਦਾ ਇਹ ਯੁਗ 1860 ਈਸਵੀ ਤਕ, ਗ੍ਰਾਮੀਣ ਸਮਾਜ ਦੀ ਪ੍ਰਧਾਨਤਾ ਵਾਲਾ ਸੀ। ਇਹੀ ਕਾਰਨ ਹੈ ਕਿ ਕਿੱਸਾ ਸਾਹਿਤ ਵਿਚ ਰਾਸ਼ਟ੍ਰੀ ਜਾਂ ਅੰਤਰਰਾਜ਼ਟ੍ਰੀ ਭਾਵਨਾਵਾਂ ਆਦਿ ਦੀ ਢੂੰਡ ਕਰਨੀ ਨਿਸਫਲ ਹੀ ਨਹੀਂ, ਬੇ-ਲੋੜੀ ਵੀ ਹੈ।

## ਸਮਾਜ ਦੀ ਗਤੀਸ਼ੀਲਤਾ

ਮਾਨਵੀ ਸਮਾਜ, ਵਿਕਾਸਸ਼ੀਲ ਹੋਣ ਕਰਕੇ ਪਰਿਵਰਤਨਸੀਲ ਹੈ। ਕਲਾ, ਧਰਮ, ਸਦਾਚਾਰ, ਸਭਿਆਚਾਰ ਸਭ ਪਰਿਵਰਤਤ ਹੁੰਦੇ ਰਹਿੰਦੇ ਹਨ। ਅਰਥਾਤ ਵਿਕਸਿਤ ਹੁੰਦੇ ਰਹਿੰਦੇ ਹਨ ਕਿਉਂਕਿ ਇਹ ਸਾਰੇ ਸਮਾਜ ਦੀ ਉਪਜ ਹਨ। ਮਾਨਵੀ ਸਮਾਜ ਦਾ ਇਤਿਹਾਸ ਵਾਚੀਏ ਤਾਂ ਪਤਾ ਲੱਗੇਗਾ ਕਿ ਹਰ ਕਾਲ ਦੇ ਸਮਾਜ ਦੀਆਂ ਆਪਣੀਆਂ ਧਾਰਮਿਕ, ਸਦਾਚਾਰ , ਸਭਿਆਚਾਰਕ ਮਾਨ ਮਰਿਆਦਾਵਾਂ ਸਨ, ਕੀਮਤਾਂ ਜਾਂ ਸਥਾਪਨਾਵਾਂ ਸਨ ਜਿਨ੍ਹਾਂ ਦੀ ਪਕੜ ਵਿਚ ਸਮਾਜ ਚਲਦਾ ਰਿਹਾ। ਫੇਰ , ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਰਗ ਨੇ ਇਨ੍ਹਾਂ ਮਾਨਤਾਵਾਦੀ ਨੁਹਾਰ ਨੂੰ ਵੰਗਾਰਿਆ ਜਾਂ ਇਹਨਾਂ ਦਾ ਵਿਰੋਧ ਕੀਤਾ।

ਇਸੇ ਵੰਗਾਰ ਜਾਂ ਵਿਰੋਧ ਨੇ ਵਿਅਕਤੀ ਜਾਂ ਵਰਗ ਨਾਇਕਤਵ ਪ੍ਰਦਾਨ, ਕੀਤਾ। ਪੰਜਾਬੀ ਕਿੱਸਾ-ਸਾਹਿਤ ਵਿਚ ਲੋਨਾਇਕ ਨਾਇਕਾਵਾਂ ਵੀ ਅਜਿਹੇ ਵਿਅਕਤੀ ਵਿਸ਼ੇਸ਼ ਸਨ ਜਿਨ੍ਹਾਂ ਦਾ ਜੀਵਨ, ਪੰਜਾਬੀ ਸਮਾਜ ਆਪਣੇ ਵੇਲੇ ਦੇ, ਸਾਰੇ ਮੂੰਹ, ਮੁਹਾਂਦਰੇ, ਨੈਣਨਕੈ , ਪੈਰਚਿਤ ਉਲੀਕਦਾ ਨਜ਼ਰ ਪੈਂਦਾ ਹੈ।

## ਸਮਾਜ ਤੇ ਨਾਰੀ

ਇਸ ਕਾਲ ਦੇ ਪੰਜਾਬੀ ਕਿੱਸਾ ਸਾਹਿਤ ਵਿਚ ਨਾਰੀ ਦੀ ਥਾਂ –ਥਾਂ ਨਿੰਦਾ ਮਿਲਦੀ ਹੈ। ਇਹ ਨਿੰਦਾ ਕਿਤੇ ਕਿਤੇ ਪ੍ਰਤੱਖ ਰੂਪ ਵਿਚ ਕੀਤੀ ਗਈ ਹੈ ਤੇ ਕਿੱਧਰੇ ਅਪ੍ਰਤੱਖ ਰੂਪ ਵਿਚ। 1850 ਈ ਤੱਕ ਦੇ ਪੰਜਾਬ ਵਿਚ ਜਗੀਰਦਾਰੀ ਦੀ ਪ੍ਰਧਾਨਤਾ ਰਹੀ ਤੇ ਸਮਾਜਕ ਆਰਥਕ ਪੱਧਤੀ ਕਿਉਂਕਿ ਮਾਨਵੀ ਰਿਸ਼ਤਿਆਂ ਦੀ ਨੁਹਾਰ ਘੜਨ ਜਾਂ ਵਿਗਾੜਨ ਦੀ ਜਿੰਮੇਵਾਰੀ ਹੁੰਦੀ ਹੈ ਇਸ ਲਈ ਇਹ ਸਮਾਜ ਵਿਚਲੇ ਔਰਤ ਤੇ ਮਰਦ ਦੇ ਪਰਸਪਰ ਰਿਸ਼ਤੇ ਦਾ ਆਧਾਰ ਵੀ ਇਹੀ ਪੱਧਤੀ ਹੈ। ਜਗੀਰਦਾਰੀ ਸਮਾਜ ਵਿਚ ਨਾਰੀ ਦਾ ਦਰਜਾ ਜਾ ਇਦਾਦ ਜਾਂ ਸੰਪਤੀ ਦਾਸੀ ਤੇ ਇਸ ਰਿਸ਼ਤੇ ਵਿਚਲੇ ਸਾਰੇ ਚੰਗ-ਮੰਦ ਜਾਇਦਾਦ ਤੇ ਇਸ ਉਤੇ ਕਬਜ਼ਾ ਕਰਨ ਦੀ ਰੁਚੀ ਦੇ ਸਾਰੇ ਚੰਦ- ਮੰਦ ਇਉਂ ਸਾਂਵੇਂ ਖਲੋਤੇ ਹੋਏ ਹਨ। ਨਾਰੀ ਇਕ ਜਾਇਦਾਦ ਹੈ, ਮਰਦ ਉਸ ਉਤੇ ਕਾਬਜ਼ ਹੈ , ਉਹ ਮਰਦ ਦੇ ਬਰਾਬਰ ਦੀ ਅਕਲ ਦੀ ਮਾਲਕ ਨਹੀਂ, ਅਬਲਾ ਹੈ, ਪਰਾਧੀਨ ਹੈ, ਏਸੇ ਲਈ ਪੀਲੂ ਦੀ ਕਲਪਨਾ ਦੀ ਨਾਰੀ ਦੀ ਦੋਸਤੀ ਭੱਠ ਵਿਚ ਭੁੰਨੇ ਜਾਣ ਬਰਾਬਰ ਹੈ , ਨਾਰੀ ਦੀ ਅਕਲ ਖੁੰਢੀ ਹੁੰਦੀ ਹੈ, ਕਈਆਂ ਦੀ ਤਾਂ ਅਕਲ ਹੀ ਗਿੱਟਿਆਂ ਜਾਂ ਖੁਰਾਂ ਵਿਚ ਹੁੰਦੀ ਹੈ, ਉਹ ਹੱਸ ਕੇ ਯਾਰੀ ਤਾਂ ਲਾ ਲੈਂਦੀ ਹੈ ਪਰ ਕਿਸੇ ਮਸਲੇ ਨੂੰ ਹੱਲ ਕਰਨ ਵੇਲੇ ਸਿਵਾਏ ਰੋਣ ਤੋਂ ਕੁਝ ਨਹੀਂ ਕਰ ਸਕਦੀ, ਪੀਲੂ ਅਨੁਸਾਰ :-

ਭੱਠ ਰੰਨਾਂ ਦੀ ਦੋਸਤੀ , ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਂਦੀਆਂ ਯਾਰੀਆਂ , ਰੋਕੇ ਦਿੰਦੀਆਂ ਦੱਸ।

## ਸਮਾਜਕ ਕਦਰਾਂ

ਚੂਚਕ ਦਾ ਜ਼ਰੀਕਾ ਲਗਭਗ ਹਰ ਕਿੱਸਾਕਾਰ ਲਈ ਹੀਰ ਰਾਂਝੇ ਦੇ ਇਸ਼ਕ ਦਾ ਵਿਰੋਧੀ ਹੈ। ਦਮੋਦਰ ਦੇ ਕਿੱਸੇ ਵਿਚ ਇਸ ਦਾ ਪ੍ਰਤੀ ਨਿਧ ਪਾਤਰ ਕੈਦੋਂ ਹੈ। ਇਵੇਂ ਹੀ ਹੀਰ-ਅਹਿਮਦ ਵਿਚ ਤੇ ਹੀਰ ਮੁਕਬਲ ਵਿਚਲੇ ਭਾਈਚਾਰੇ ਇਸ ਪੱਖੋਂ ਸਮਾਨ ਹਨ। ਮੁਕਬਲ ਨੇ ਕੈਦੋਂ ਨੂੰ ਦੂਤੀ ਕਿਹਾ ਹੈ। ਸਿਆਲਾਂ ਤੇ ਰਾਂਝਿਆਂ ਦੀ ਆਰਥਕ ਨਾਬਰਾਬਰੀ ਦੀ ਉਸ ਵੇਲੇ ਦੇ ਸਮਾਜ ਦੀ ਨਾਬਰਾਬਰੀ ਦੀ ਸੂਚਕ ਸੀ। ਸਿਆਲ ਵੱਡੇ ਭੂਮੀਪਤੀ ਤੇ ਰਾਂਝੇ ਛੋਟੇ ਜਿੰਮੀਦਾਰ ਹੋਣ ਕਾਰਨ ਉਨ੍ਹਾਂ ਵਿਚ ਸਾਕ (ਰਿਸ਼ਤੇ) ਨਾ ਹੁੰਦੇ:-

ਕਦੇ ਰਾਂਝਿਆਂ ਨਾਲ ਨਾ ਸਾਕ ਕੀਤੇ,
ਨਹੀਂ ਦਿੱਤੀਆਂ ਅਸਾਂ ਕੁੜਮਾਈਆਂ ਓਇ।

ਰਾਂਝਾ ਸਿਆਲਾਂ ਲਈ ਕਿਧਰੋਂ ਰੁਲਦਾ ਆਇਆ ਹੋਇਆ ਗੋਲਾ (ਨੌਕਰ) ਹੈ ਜਿਸ ਨੂੰ ਸਿਆਲਾਂ ਦੀ ਜਾਈ (ਹੀਰ) ਉੱਕਾ ਪ੍ਰਣਾਈ ਨਹੀਂ ਜਾ ਸਕਦੀ ਕਿਉਂਕਿ ਐਸੀ ਲੀਹ ਸਮਾਜ ਦੇ ਅਰਥਚਾਰੇ ਉਤੇ ਇਕ ਕਰੜੀ ਸੱਟ ਤਾਂ ਹੋਵੇਗੀ ਹੀ, ਇਹ ਸਮੁੱਚੇ ਸਮਾਜਕ ਪ੍ਰਬੰਧਾਂ ਲਈ ਇਕ ਵੰਗਾਰ ਬਣ ਜਾਵੇਗੀ। ਚੂਚਕ ਦੀ ਖਾਨਦਾਨੀ ਸ਼ਾਨ ਦੇ, ਇਹ ਵੰਗਾਰ, ਵਿਰੋਧ ਵਿਚ ਖਲੋਤੀ ਹੋਣ ਕਰਕੇ ਸਿਆਲਾਂ ਲਈ ਅਸੁਖਾਵੀ ਹੈ।

ਇਸ ਕਾਲ ਦੇ ਸਮਾਜ ਵਿਚ ‖ਕਾਜ਼ੀ ਧਰਮ ਦਾ ਪ੍ਰਤੀਕ ਪਾਤਰ ਹੈ ਜਿਸ ਦੀ ਪਕੜ ਵਿਚ ਭਾਈਚਾਰਾ ਹੈ ਪਰ ਇਸ ਦੇ ਜੀਵਨ ਦੀ ਪੱਥਭ੍ਰੈਟਤਾ ਪ੍ਰਤੀ ਹਾਲੀ ਸਮਾਜ ਜਾਗਰੂਕ ਨਹੀਂ ਹੋਇਆ। ਦਮੋਦਰ ਦੇ ਕਿੱਸੇ ਵਿਚ ਕਾਜ਼ੀ ਤੇ ਬ੍ਰਾਹਮਣ ਇੱਕੋ ਥਾਂ ਵਿਚਰਦੇ ਹਨ ਕਿਉਂਕਿ ਉਸ ਵੇਲੇ ਦੇ ਸਿਆਲ ਨਵੇਂ ਨਵੇਂ ਬਣੇ ਮੁਸਲਮਾਨ ਸਨ ਜਿਨ੍ਹਾਂ ਉਤੇ ‖ਕਾਜ਼ੀ ਦੀ ਕਪੜ ਨਵੀ ਤੇ ਬ੍ਰਾਹਮਣ ਦੀ ਚਿਰਾਂ ਤੋਂ ਆ ਰਹੀ ਸੀ। ਬ੍ਰਾਹਮਣ ਤੇ ‖ਕਾਜ਼ੀ , ਦਗੇ, ਫਰੇਬ, ਰਿਵਤ, ਵੱਢੀ ਲੈ ਕੇ ਦੂਜਿਆਂ ਦਾ ਹੱਕ ਮਾਰ ਲੈਣਾ ਆਂਦਿ ਨੂੰ ਚਤੁਰਾਈ ਮਸਝਦੇ ਸਨ। ਹੀਰ ਮੁਕਬਲ ਵਿਚ ਕਾਜ਼ੀ ਰਾਂਝੇ ਨੂੰ ਨੀਵਾਂ ਦਿਖਾਉਣ ਲਈ ਚੂਚਕ ਦਾ ਸਾਥ ਦਿੰਦਾ ਹੈ ਤੇ ਉਸ ਨੂੰ ਸਿੱਖਿਆ ਦਿੰਦਾ ਹੈ ਕਿ ਬਾਝ ਦਗੇ ਨਾ ਹੋਣਾ ਹੈ ਕੰਮ ਤੇਰਾ। ਹੀਰਵਾਰਿਸ ਦਾ ਕਾਜੀ ਵੀ ਦੰਭੀ, ਪਾਖੰਡੀ ਤੇ ਵਿਭਚਾਰੀ ਹੈ।

ਧਾਰਮਿਕ ਵਿਸ਼ਵਾਸ ਕਾਰਨ ਜਾਂ ਖਵਰੇ ਸਮਾਜ ਦੇ ਸੁਸਿਖਿਅਤ ਨਾ ਹੋਣ ਕਾਰਕੇ ਲੋਕ ਗੈਬੀ ਸ਼ਕਤੀਆਂ ਵਿਚ ਯਕੀਨ ਰੱਖਦੇ ਸਨ। ਪੰਜ ਪੀਰ ਤੇ ਕਲਜੋਗਣਾਂ, ਆਦਿ ਕਿੱਸਿਆਂ ਵਿਚ ਪਾਤਰ ਦੇ ਤੌਰ ਤੇ ਵਿਚਰਦੇ ਹਨ। ਪੰਛੀ ਤੇ ਪੂਜ਼ ਬੋਲਦੇ ਹਨ ਤਾਂ ਮਨੁੱਖਾਂ ਵਾਂਗ ਤੇ ਮਨੁੱਖ ਇਨ੍ਹਾਂ ਦੀ ਭਾਸ਼ਾ ਸਮਝਦੇ ਹਨ ਅਤੇ ਇਹ ਮਨੁੱਖਾਂ ਦੀ। ਇਸ ਪ੍ਰਕਾਰ ਦਾ ਅਪ੍ਰਾਕ੍ਰਿਤਕ ਮਾਹੌਲ ਸਿਰਜਣ ਵਿਚ ਇਸ ਕਾਲ ਦਾ ਲਗਭਗ ਹਰ ਕਿੱਸਾਕਾਰ ਤਤਪਰ ਰਿਹਾ ਹੈ ਜੋ ਲੋਕਾਂ ਦੇ ਗੈਰਕੁਦਰਤੀ ਸ਼ਕਤੀਆਂ ਵਿਚ ਵਿਸ਼ਵਾਸ ਦਾ ਸੂਚਕ ਹੈ।

## ਯੁਗ ਦਾ ਯਥਾਰਥ

ਜਗਜੀਤ ਸਿੰਘ ਛਾਬੜਾ ਕਿੱਸਾ ਕਾਵਿਧਾਰਾ ਤੇ ਸਾਮਿਅਕ ਕੀਮਤਾਂ ਲੇਖ ਵਿਚ ਕਿੱਸਾ-ਕਾਵਿਧਾਰਾ ਦੇ ਸਮਾਜਕਚਿਤ੍ਰਣ ਵੱਲ ਧਿਆਨ ਦੁਆਉਂਦੇ ਆਖਦੇ ਹਨ ਕਿ ਕਿੱਸਾਕਾਰ ਦੀ ਚੇਤਨਾ ਜਿਹੜੀ ਸਾਮਿਅਕ ਕੀਮਤਾਂ ਰਾਹੀਂ ਹੋਂਦ ਵਿਚ ਆਉਂਦੀ ਹੈ, ਨਾਇਕ, ਨਾਇਕਾ ਦੇ ਪ੍ਰੇਮ ਸੰਬੰਧ ਪ੍ਰਗਟ ਕਰਨ ਲੱਗਿਆਂ ਜਾਂ ਵਰਣਨ ਕਰਨ ਸਮੇਂ ਸੁਭਾਵਿਕ ਹੀ ਕਿੱਸੇ ਵਿਚ ਸੰਮਿਲਤ ਹੋ ਜਾਂਦੀ ਸੀ। ਪੰਜਾਬੀ ਕਿੱਸਾ ਸਾਹਿਤ ਵਿਚਲੇ ਨਾਇਕਨਾਇਕਾ ਦੇ ਪ੍ਰੀਤ ਸੰਬੰਧਾਂ ਪਿੱਛੇ ਸਮਾਜਕ ਵਰਤਾਰੇ ਨੂੰ ਭਲੀਭਾਂਤ ਵੇਖ ਸਕਦੇ ਹਾਂ ਕਿਉਂਕਿ ਉਨ੍ਹਾਂ ਦੇ ਇਸ ਸੰਬੰਧ ਵਿਚ ਔਰਤ ਤੇ ਮਰਦ ਦੇ ਉਸ ਭਾਵੁਕ ਰਿਸ਼ਤੇ ਦਾ ਚਿਤਰਣ ਹੈ ਜਿਸ ਨੂੰ ਪ੍ਰੀਤੀ ਜਾਂ ਇਸ਼ਕ ਕਿਹਾ ਜਾਂਦਾ ਹੈ। ਸਮਾਜ ਵਿਚਔਰਤ ਦੇ ਮਰਦ ਨਾਲ ਸੁਤੰਤਰ ਇਸ਼ਕ ਦੀ ਆਗਿਆ ਨਹੀਂ; ਕਈ ਵੇਰ ਔਰਤ ਤੇ ਮਰਦ ਵੱਖਰੇਵੱਖਰੇ ਆਰਥਕ ਪੱਧਰਾਂ ਦੇ ਪਰਿਵਾਰਾਂ ਤੋਂ ਆਏ ਹੁਬੰਦੇ ਹਨ: ਨਾਇਕ, ਨਾਇਕਾ ਅਵੱਗਿਆ ਕਰਦੇ ਹਨ ਤੇ ਆਰਥਕ ਬਰਾਬਰੀ ਨੂੰ ਬਹੁਤ ਮਹੰਤਵ ਨਹੀਂ ਦਿੰਦੇ; ਇਉਂ ਸਮਾਜ ਨੂੰ ਚਿੜ੍ਹਾਉਂਦੇ ਹਨ, ਸਮਾਜ ਦੀ ਪਕੜ ਤੋਂ ਆਜਾਦ ਹੋਣਾ ਲੋੜਿਆ ਤਾਂ ਸਮਾਜਕ ਵਰਤਾਰਾ ਉਨ੍ਹਾਂ ਦਾ ਵਰੋਧੀ ਹੋ ਗਿਆ। ਇਸੇ ਵਿਰੋਧ ਵਿਚੋਂ ਕਿੱਸਾ-ਕਾਵਿਧਾਰਾ ਦੇ ਨਾਇਕ ਨਾਇਕਾਵਾਂ ਦਾ ਦੁਖਾਂਤ ਜਨਮ ਲੈਂਦਾ ਹੈ।

ਕਿੱਸਾ-ਕਾਵਿਧਾਰਾ ਨੇ ਵਿਅਕਤੀ ਦੇ ਵਿਅਕਤੀ ਨਾਲ ਤੇ ਵਿਅਕਤੀ ਦੇ ਸਮੈਟੀ ਜਾਂ ਸਮਾਜ ਨਾਲ ਰਿਸ਼ਤੇ ਨੂੰ ਵੀ ਚਿਤਰਿਆ ਹੈ। ਇਹ ਰੈਤਾ ਸਮਾਜਕ ਸਾਂਝ ਵਜੋਂ ਹੋਂਦ ਵਿਚ ਆਉਂਦਾ ਹੈ। ਇਸ ਸਾਂਝ ਦੇ ਅਨੇਕ ਆਧਾਰ ਹਨ, ਆਰਥਕ, ਭਾਈਚਾਰਕ, ਧਾਰਮਕ ਸਭਿਆਚਾਰਕ ਆਦਿ। 1850 ਈਸਵੀ ਤੰਕ ਦੇ ਪੰਜਾਬੀ ਕਿੱਸਾ-ਕਾਵਿਧਾਰਾ ਵਿਚ ਸਮਾਜ ਦੇ ਅਨੇਕ ਨੈਣਨਕੈ ਚਿਤਰੇ ਮਿਲਦੇ ਹਨ। ਧਰਮ ਦੇ ਪਹਿਲੂ ਤੋਂ ਇਹ ਸਮਾਜ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ ਹਿੰਦੂ ਸਿੱਖ ਤੇ ਮੁਸਲਮਾਨ। ਮੁਸਲਮਾਨ ਸ਼ਾਸਕ ਹਨ ਤੇ ਹਿੰਦੂਸਿੱਖ ਉਨ੍ਹਾਂ ਦੀ ਪਬਜਾ। ਇਸ ਕਾਲ ਦੇ ਪਿਛਲੇਰੇ ਭਾਗ ਵਿਚ ਸਿੱਖ ਧਰਮ ਹਨ ਤੇ ਹਿੰਦੂ ਮੁਸਲਮਾਨ ਮਹਿਕੂਮ। ਆਰਥਕ ਨਾਬਰਾਬਰੀ ਹੈ ਕੋਈ

ਭੂਪਤੀ ਹੈ ਤੇ ਕੋਈ ਭੂਪਤੀ ਦਾ ਗੁਮਾਸ਼ਤਾ ਹੈ। ਦੋਹਾਂ ਵਿਚਕਾਰ ਇੰਨੀ ਆਰਥਕ ਵਿੱਥ ਹੈ ਕਿ ਕਿਸੇ ਤਰ੍ਹਾਂ ਦੀ ਭਾਵੁਕ ਸਾਂਝ ਦੀ ਗੁੰਜਾਇਸ਼ ਨਹੀਂ। ਭੂਪਵਾਦੀ ਸ਼੍ਰੇਣੀ ਆਚਾਰ, ਵਿਵਹਾਰ ਤੇ ਕਿਰਦਾਰ ਦੇ ਪੱਖੋਂ ਪਤਿਤ ਹੁੰਦੀ ਜਾ ਰਹੀ ਹੈ। ਦੂਜੇ ਪਾਸੇ ਇਕ ਸ਼੍ਰੇਣੀ ਉਹ ਹੈ ਜਿਸ ਨੂੰ ਜੀਵਨ ਨਿਰਬਾਹ ਕਰਨਾ ਵੀ ਔਖਾ ਜਾਪ ਰਿਹਾ ਹੈ। ਦੋਹਾਂ ਸ਼੍ਰੇਣੀਆਂ ਵਿਚਲੀ ਆਪਸੀ ਸਾਂਝ ਤੇ ਵਿਰੋਧ ਦੇ ਕਿਸੇ ਪ੍ਰਕਾਰ ਦੇ ਵਿਗਿਆਨਕ ਨਿਭਾ ਵਾਲੇ ਦ੍ਰਿਸ਼ਟੀਕੋਣ ਨੂੰ ਤਾਂ ਇਸ ਕਾਲ ਦੇ ਕਿੱਸਾ-ਕਾਵਿਧਾਰਾ ਵਿਚ ਨਹੀਂ ਵੇਖਿਆ ਜਾ ਸਕਦਾ ਹੈ ਜਮਾਤੀ ਸਮਾਜ ਦੇ ਸਾਰੇ ਗੁਣਾਂ, ਔਗੁਣਾਂ ਦੀ ਝਲਕ ਇਸ ਵਿਚ ਜ਼ਰੂਰ ਦਿਸਦੀ ਹੈ ਜਿਸਨੂੰ ਕਿੱਸਾਕਾਰ ਬੜੀ ਮਾਸੂਮੀਅਤ ਨਾਲ ਅਭਿਵਿਅਕਤ ਕਰ ਗਏ ਹਨ। ਰਾਂਝੇ ਤੇ ਹੀਰ ਦਾ ਆਪਸੀ ਪ੍ਰੇਮ ਉਸ ਅੰਤਿਮ ਦੈਸ਼ਾ ਨੂੰ ਨਹੀਂ ਪਹੁੰਚ ਸਕਦਾ ਜਿਸਦੇ ਉਹ ਇਛੁੱਕ ਹਨ ਕਿਉਂਕਿ ਦੋਵੇਂ ਅੱਡਰੇ ਆਰਥਕ ਪੱਧਰਾਂ ਦੇ ਪਰਿਵਾਰਾਂ ਵਿਚੋਂ ਆਏ ਹਨ। ਹੀਰ ਰੋਂਦੀ ਹੋਈ ਖਾਰੇ ਬੈਠਦੀ ਹੈ ਤੇ ਉਸ ਦੀ ਮਰੈਂ ਬਿਨਾਂ ਉਸ ਦਾ ਨਿਕਾਹ ਸੈਦੇ ਨਾਲ ਹੋ ਜਾਂਦਾ ਹੈ। ਸੈਦਾ ਚੂਚਕ ਦੇ ਬਰਾਬਰ ਤੇ ਭੂਪਤੀ ਦਾ ਮੁੰਡਾ ਹੈ। ਦੋ ਭੂਪਤੀਆਂ ਦਾ ਸਾਕੇਦਾਰੀ ਵਿਚ ਬੱਝ ਜਾਣਾ ਦੋਹਾਂ ਦੀ ਆਰਥਕ ਉਸਾਰੀ ਤੇ ਪ੍ਰਤਿਠਾ ਨੂੰ ਵਧਾਉਣ ਵਾਲਾ ਹੋਣ ਕਰਕੇ ਮਨੁੱਖੀ ਭਾਵਨਾ ਦੀ ਬਲੀ ਦੇ ਦੇਣਾ ਅਜਿਹੇ ਸਮਾਜ ਵਿੱਚ ਉਚਿਤ ਵੀ ਹੈ ਤੇ ਲੋੜੀਂਦਾ ਵੀ।

ਪ੍ਰੇਮੀ, ਕਿਉਂਕਿ ਵੇਲੇ ਦੇ ਸਮਾਜਕ ਚੌਖਟੇ ਵਿਚ ਫਿੱਟ ਨਹੀਂ ਬੈਠਦੇ ਅਰਥਾਤ ਸਮੇਂ ਦੇ ਮੇਚ ਦੇ ਨਹੀਂ ਜਿਸ ਕਰਕੇ ਉਨ੍ਹਾਂ ਦਾ ਸਮਾਜਕ ਬਣਤਰ ਵਿਚ ਰਹਿ ਸਕਣਾ ਕਿੱਸਾਕਾਰ ਲਈ ਅਸੰਭਵ ਲੱਗਦਾ ਹੈ। ਇਸ ਕਰਕੇ ਹੀਰਦਮੋਦਰ ਵਿਚ ਉਹ ਲੰਮੀਤਰਫ ਸਿਧਾਏ ਹੋ ਜਾਂਦੇ ਹਨ ਤੇ ਮੁਕਬਲ ਉਨ੍ਹਾਂ ਨੂੰ ਮੱਕੇ ਵੱਲ ਤੋਰ ਦਿੰਦਾ ਹੈ। ਜਿਸ ਨੂੰ ਨਾਇਕਨਾਇਕਾਂ ਦੀ ਹਾਰ ਮੰਨੀਏ ਕਿ ਜਿੱਤ, ਇਸ ਬਾਰੇ ਕਿੱਸਾਕਾਰਾਂ ਦਾ ਸੰਖੇਪ ਤੇ ਧਰਮ ਪ੍ਰਾਇਣ ਉੱਤਰ ਹੈ ਕਿ ਨਾਇਕਨਾਇਕਾ ਦਾ ਮੇਲ, ਕਿਉਂਕਿ ਉਨ੍ਹਾਂ ਦਾ ਧਰਮ ਲਕੈ ਹੈ ਇਸ ਨਾਲ ਇਹ ਉਨ੍ਹਾਂ ਦੀ ਜਿੱਤ ਹੈ। ਪਰ ਅੱਜ ਦੇ ਆਧੁਨਿਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ, ਇਹ ਉਨ੍ਹਾਂ ਦੀ ਸੌ ਫੀਸਦੀ ਹਾਰ ਹੈ। ਸਮਾਜ ਨੂੰ ਇਹ ਉੱਕਾ ਪ੍ਰਵਾਹ ਨਹੀਂ ਕਿ ਉਹ ਸਮਾਜ ਦੇ ਅੰਗ ਬਣ ਕੇ ਸਮਾਜ ਵਿਚ ਵਿਚਰਦੇ ਰਹਿਣ। ਸਮਾਜ ਉਨ੍ਹਾਂ ਨੂੰ ਸਮਾਜ ਵਿਚੋਂ ਛੇਕ ਦਿੰਦਾ ਹੈ ਜਿਸ ਕਰਕੇ ਉਨ੍ਹਾਂ ਦਾ ਅੰਤਿਮ ਆਸਰਾ ਮੱਕਾ ਸ਼ਰੀਫ ਹੈ। ਸਮਾਜ ਉਨ੍ਹਾਂ ਦਾ ਸਹਾਰਾ ਬਣ ਸਕਦਾ ਸੀ ਤੇ ਉਹ ਸਮਾਜ ਦਾ ਸਹਾਰਾ ਬਣ ਸਕਦੇ ਸਨਪਰ ਸਮਾਜ ਨੂੰ ਇਹ ਸਵੀਕਾਰ ਨਹੀਂ।

**ਸਾਰ-ਅੰਸ਼:**

ਸੋ ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸਕ ਅਧਿਐਨ ਲਈ ਆਮ ਤੌਰ ਤੇ ਦਮੋਦਰ ਦੀ ਹੀਰ ਤੋਂ ਆਰੰਭ ਕੀਤਾ ਜਾਂਦਾ ਹੈ। ਉਸ ਤੋਂ ਪਿੱਛੋਂ ਪੀਲੂ ਦਾ ਮਿਰਜ਼ਾ ਸਾਹਿਬਾ ਹੈ। ਫੇਰ ਹਾਫ਼ਿਜ਼ ਬਰਖ਼ੁਰਦਾਰ ਦੇ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਯੂਸਫ਼ ਜੁਲੈਖਾ ਆਦਿ ਕਿੱਸੇ ਹਨ। ਮੁਕਬਲ, ਗੁਰਦਾਸ, ਅਹਿਮਦ, ਮੀਆਂ ਚਰਾਗ ਐਵਾਣ, ਸਦੀਕ ਲਾਲੀ, ਨਿਆਮਤ ਖਾਂ, ਸੱਯਦ ਹਾਮਦ ਸ਼ਾਹ ਅੱਬਾਸੀ, ਮੌਲਵੀ ਨੂਰ ਮੁਹੰਮਦ ਮੌਲਵੀ, ਅਬਦੁਲ ਹਕੀਮ ਬਹਾਬਲ ਪੁਰੀ, ਸੱਯਦ ਵਾਰਿਸ ਸ਼ਾਹ, ਮੁਨਸ਼ੀ ਸੁੰਦਰ ਦਾਸ ਆਗਮ, ਬਿਰਬਲ, ਆਡਤ ਆਦਿਕ ਕਿੱਸਾਕਾਰਾਂ ਤੋਂ ਛੁੱਟ ਸਿੱਖ ਰਾਜ ਕਾਲ ਦੇ ਕਿੱਸਾਕਾਰਾਂ ਵਿਚ ਅਰਥਾਤ 1800-1850 ਈ ਵਿਚਲੇ ਸਮੇਂ ਵਿਚ ਹਾਸ਼ਮ, ਅਹਿਮਦ ਯਾਰ, ਅਮਾਮ ਬਖਸ, ਕਾਦਰਯਾਰ ਆਦਿ ਦੀਆਂ ਕਿੱਸਾ ਰਚਨਾਵਾਂ ਆ ਜਾਂਦੀਆਂ ਹਨ। ਇਹ ਕਾਲ (1850 ਈ ਤੱਕ) ਦੇ ਪੰਜਾਬੀ ਕਿੱਸਾ ਸਾਹਿਤ ਦਾ ਸਿਧਾਂਤਕ ਪਿਛੋਕੜ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ । ਪਹਿਲੇ ਵਿਚ ਪ੍ਰੇਮ ਦਾ ਸੰਕਲਪ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ, ਦੂਜੇ ਵਿਚ ਹੋਣੀ ਤੇ ਦੁਖਾਂਤ ਬਾਰੇ ਗੱਲ ਕੀਤੀ ਗਈ ਹੈ ਤੇ ਤੀਜੇ ਵਿਚ ਪੰਜਾਬੀ ਕਿੱਸਾ ਸਾਹਿਤ ਵਿਚ ਯੁੱਗ ਦੇ ਯਥਾਰਥ ਬਾਰੇ, ਜਾਣ-ਪਛਾਣ ਪ੍ਰਾਪਤ ਕਰਨ ਤੇ ਇਨ੍ਹਾਂ ਵਿਚਲਾ ਸਮਾਜਕ ਚਿੱਤਰ ਦੇ ਉਲੀਕਣ ਦਾ ਉਪਰਾਲਾ ਕੀਤਾ ਗਿਆ ਹੈ।

**ਕੇਂਦਰੀ ਸ਼ਬਦ:**

ਕਿੱਸਾਕਾਵਿਧਾਰਾ---ਇਕ ਵਿਚਾਰਧਾਰਾ ਦਾ ਨਾਮ

ਇਸ਼ਕ---ਪ੍ਰੇਮ/ਪਿਆਰ

ਇਸ਼ਕ ਹਕੀਕੀ---ਰੱਬ ਨਾ ਪਿਆਰ

ਇਸ਼ਕ ਮਜ਼ਾਜੀ---ਦੁਨਿਆਵੀ ਪਿਆਰ

ਬਿਰਹੋਂ---ਵਿਛੋੜਾ



**ਸਵੈ-ਮੁਲਾਂਕਣ:**

1. ਵਾਰਸ ਦੀ ਹੀਰ ਰਚੀ ਗਈ:

ੳ. 17 ਵੀਂ ਸਦੀ ਦਾ ਪਹਿਲਾ ਅੱਧ ਅ. 18 ਵੀਂ ਸਦੀ ਦਾ ਪਹਿਲਾ ਅੱਧ

ੲ. 17 ਵੀਂ ਸਦੀ ਦਾ ਦੂਜਾ ਅੱਧ ਸ. 18 ਵੀਂ ਸਦੀ ਦਾ ਪਹਿਲਾ ਅੱਧ

2. ਕਿਸ ਕਾਲ ਨੂੰ ਸੁਨਹਿਰੀ ਕਾਲ ਕਿਹਾ ਜਾਂਦਾ ਹੈ।

ੳ. ਮੱਧਕਾਲ ਅ. ਆਧੁਨਿਕ ਕਾਲ

ੲ. ਉੱਤਰ ਆਧੁਨਿਕ ਕਾਲ ਸ. ਸੰਕ੍ਰਾਂਤੀ ਕਾਲ

3. ਪੰਜਾਬੀ ਕਿੱਸਾ ਕਾਵਿਧਾਰਾ ਵਿਚ ਬੈਂਤ ਛੰਦ ਦੀ ਵਰਤੋਂ ਦਾ ਆਰੰਭ ਕੀਤਾ:

ੳ. ਵਾਰਿਸ ਸ਼ਾਹ ਅ. ਦਮੋਦਰ

ੲ. ਪੀਲੂ ਸ. ਮੁਕਬਲ

4. ਇਨ੍ਹਾਂ ਵਿਚੋਂ ਕਿਹੜਾ ਕਿੱਸਾ ਕਵੀ ਨਹੀਂ ਹੈ:

ੳ. ਅਹਿਮਦ ਯਾਰ ਅ. ਫ਼ਜ਼ਲ ਸ਼ਾਹ

ੲ. ਹਾਸ਼ਮ ਸ. ਸੁਲਤਾਨ ਬਾਹੂ

5. ਦਮੋਦਰ ਕਿਸ ਬਾਦਸ਼ਾਹ ਦਾ ਸਮਕਾਲੀ ਸੀ?

ੳ. ਬਾਬਰ ਅ. ਅਕਬਰ

ੲ. ਜਹਾਂਗੀਰ ਸ. ਔਰੰਗਜ਼ੇਬ

6. ਜੰਗਨਾਮਾ ਸਿੰਘਾ ਤੇ ਫਰੰਗੀਆਂ ਕਿਸ ਦੀ ਰਚਨਾ ਹੈ?

ੳ. ਪੀਲੂ ਅ. ਸ਼ਾਹ ਮੁਹੰਮਦ

ੲ. ਵਾਰਸ ਸ਼ਾਹ ਸ. ਗੁਰੂ ਗੋਬਿੰਦ ਸਿੰਘ ਜੀ

7. ਪੰਜਾਬੀ ਕਿੱਸਾ ਕਾਵਿਧਾਰਾ ਵਿਚ ਬੈਂਤ ਛੰਦ ਦੀ ਵਰਤੋਂ ਦਾ ਆਰੰਭ ਕੀਤਾ:

ੳ. ਵਾਰਿਸ ਸ਼ਾਹ ਅ. ਦਮੋਦਰ

ੲ. ਪੀਲੂ ਸ. ਮੁਕਬਲ

8. ਵਾਰਿਸ ਦੇ ਕਿੱਸੇ ਦਾ ਅੰਤ..................... ਹੈ।

ੳ. ਦੁਖਾਂਤਕ ਅ. ਸੁਖਾਂਤਕ

ੲ. ਦੁਵਿਧਾ ਭਰਪੂਰ ਸ. ਅਧੂਰਾ

9. ਦਮੋਦਰ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਦਵੱਈਆ ਅ. ਬੈਂਤ

ੲ. ਕਲੀਆਂ ਸ. ਨਿਸ਼ਾਨੀ

10. ਕਿਹੜਾ ਕ੍ਰਮ ਸਹੀ ਹੈ:

(1) ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਅਲੀ ਹੈਦਰ (2) ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਦਮੋਦਰ

(3) ਸ਼ਾਹ ਹੁਸੈਨ, ਪੀਲੂ, ਬੁੱਲ੍ਹੈ ਸ਼ਾਹ, ਅਲੀ ਹੈਦਰ (4) ਸ਼ਾਹ ਹੁਸੈਨ, ਸੁਲਤਾਨ ਬਾਹੂ, ਵਜੀਦ, ਪੀਲੂ

ੳ. (1), (2), (3) ਅਤੇ (4) ਸਹੀ ਹਨ। ਅ. (1), (2) (4) ਸਹੀ ਹਨ।

ੲ. (1), (2), (3) ਸਹੀ ਹਨ। ਸ. (2), (3) ਅਤੇ (4) ਸਹੀ ਹਨ।

11. ਕਿੱਸਾ ਕਵਿਤਾ ਦਾ ਅਜਿਹਾ ਰੂਪ ਹੁੰਦਾ ਹੈ, ਜਿਸ ਵਿਚ ਲੰਮੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ।

ੳ. ਕਿੱਸਾ ਕਵਿਤਾ ਦਾ ਅਜਿਹਾ ਰੂਪ ਹੁੰਦਾ ਹੈ, ਜਿਸ ਵਿਚ ਵਾਰ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ।

ਅ. ਕਿੱਸਾ ਕਵਿਤਾ ਦਾ ਅਜਿਹਾ ਰੂਪ ਹੁੰਦਾ ਹੈ, ਜਿਸ ਵਿਚ ਯੁੱਧ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ।

ੲ. ਕਿੱਸਾ ਅਤੇ ਵਿਾਰ ਇੱਕੋ ਕਾਵਿਧਾਰਾ ਰੂਪ ਦੇ ਦੋ ਨਾਮ ਹਨ।

12. ਵਾਰਿਸ ਦੇ ਕਿੱਸੇ ਦਾ ਅੰਤ..................... ਹੈ।

ੳ. ਦੁਖਾਂਤਕ ਅ. ਸੁਖਾਂਤਕ

ੲ. ਦੁਵਿਧਾ ਭਰਪੂਰ ਸ. ਅਧੂਰਾ

13. ਪੰਜਾਬ ਨਾਲ ਸੰਬੰਧਿਤ ਕਿੱਸਿਆ ਦਾ ਕਿਹੜਾ ਜੁੱਟ ਸਹੀ ਹੈ:

ੳ. ਹੀਰ ਰਾਂਝਾ, ਸੱਸੀ ਪੁਨੂੰ, ਮਿਰਜ਼ਾਂ ਸਾਹਿਬਾਂ ਅ. ਹੀਰ ਰਾਂਝਾ, ਸੋਹਣੀ ਮਹੀਵਾਲ, ਪੂਰਨ ਭਗਤ

ੲ. ਹੀਰ ਰਾਂਝਾ, ਯੂਸਫ਼ ਜ਼ੁਲੈਖਾਂ, ਮਿਰਜ਼ਾਂ ਸਾਹਿਬਾਂ ਸ. ਹੀਰ ਰਾਂਝਾ, ਸੋਹਣੀ ਮਹੀਵਾਲ, ਮਿਰਜ਼ਾਂ ਸਾਹਿਬਾਂ

14. ਦਮੋਦਰ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਦਵੱਈਆ ਅ. ਬੈਂਤ

ੲ. ਕਲੀਆਂ ਸ. ਨਿਸ਼ਾਨੀ

15. ਹੀਰ ਵਾਰਿਸ ਕਿਸ ਦੀ ਰਚਨਾ ਹੈ:

ੳ. ਵਾਰਿਸ ਸ਼ਾਹ ਅ. ਦਮੋਦਰ

ੲ. ਪੀਲੂ ਸ. ਮੁਕਬਲ

## ਅਭਿਆਸ ਪ੍ਰਸ਼ਨ:

1. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦਾ ਇਤਿਹਾਸਕ ਪਿਛੋਕੜ ਬਾਰੇ ਲਿਖੋ?
2. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦਾ ਸਿਧਾਂਤਕ ਪਿਛੋਕੜ ਬਾਰੇ ਲਿਖੋ?
3. ਪੰਜਾਬੀ ਕਿੱਸਾ ਕਾਵਿਧਾਰਾ ਦੀਆਂ ਵਿਸ਼ੇਸ਼ਤਾਵਾ ਕੀ ਹਨ?
4. ਪੰਜਾਬੀ ਕਿੱਸਾ ਕਾਵਿਧਾਰਾ ਦੀਆਂ ਕਿਸਮਾਂ ਬਾਰੇ ਲਿਖੋ?
5. ਪੰਜਾਬੀ ਕਿੱਸਾ ਕਾਵਿਧਾਰਾ ਵਿਚਲੇ ਇਸ਼ਕ- ਸੰਕਲਪ ਬਾਰੇ ਲਿਖੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਮਹੱਤਵਪੂਰਨ ਲਿੰਕ:

https://www.youtube.com/watch?v=GCVUVR41158

## ਉੱਤਰਮਾਲਾ:

| | | | | |
|---|---|---|---|---|
| 1. ਅ | 2. ੳ | 3. ੳ | 4. ਸ | 5. ਅ |
| 6. ੲ | 7. ੳ | 8. ੳ | 9. ੳ | 10. ੲ |
| 11. ੳ | 12. ੳ | 13. ਸ | 14. ੲ | 15. ੳ |

**DPBI501**

# ਅਧਿਆਇ - 12: ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਪ੍ਰਮੁੱਖ ਕਵੀ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਪੰਜਾਬੀ ਕਿੱਸਾ ਕਾਵਿਧਾਰਾ ਦੇ ਸਿਧਾਂਤ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਕਿੱਸਾ ਕਾਵਿਧਾਰਾ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਪ੍ਰਮੁੱਖ ਕਵੀਆਂ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਦਮੋਦਰ ਤੋਂ ਲੈ ਕੇ 1850 ਈਸਵੀ ਤੱਕ ਦੇ ਪ੍ਰਸਿੱਧ ਕਿੱਸਾਕਾਰਾਂ ਦੀ ਸੂਚੀ ਬਹੁਤ ਲੰਮੀ ਹੈ। ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸਕ ਅਧਿਐਨ ਲਈ ਆਮ ਤੌਰ ਤੇ ਦਮੋਦਰ ਦੀ ਹੀਰ ਤੋਂ ਆਰੰਭ ਕੀਤਾ ਜਾਂਦਾ ਹੈ। ਉਸ ਤੋਂ ਪਿੱਛੋਂ ਪੀਲੂ ਦਾ ਮਿਰਜ਼ਾ ਸਾਹਿਬਾ ਹੈ। ਫੇਰ ਹਾਫ਼ਿਜ਼ ਬਰਖ਼ੁਰਦਾਰ ਦੇ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਯੂਸਫ਼ ਜੁਲੈਖਾ ਆਦਿ ਕਿੱਸੇ ਹਨ। ਮੁਕਬਲ, ਗੁਰਦਾਸ, ਅਹਿਮਦ, ਮੀਆਂ ਚਰਾਗ ਐਵਾਣ, ਸਦੀਕ ਲਾਲੀ, ਨਿਆਮਤ ਖਾਂ, ਸੱਯਦ ਹਾਮਦ ਸ਼ਾਹ ਅੱਬਾਸੀ, ਮੌਲਵੀ ਨੂਰ ਮੁਹੰਮਦ ਮੌਲਵੀ, ਅਬਦੁਲ ਹਕੀਮ ਬਹਾਬਲ ਪੁਰੀ, ਸੱਯਦ ਵਾਰਿਸ ਸ਼ਾਹ, ਮੁਨਸ਼ੀ ਸੁੰਦਰ ਦਾਸ ਆਗਮ, ਬਿਰਬਲ, ਆਡਤ ਆਦਿਕ ਕਿੱਸਾਕਾਰਾਂ ਤੋਂ ਛੁੱਟ ਸਿੱਖ ਰਾਜ ਕਾਲ ਦੇ ਕਿੱਸਾਕਾਰਾਂ ਵਿਚ ਅਰਥਾਤ 1800-1850 ਈ ਵਿਚਲੇ ਸਮੇਂ ਵਿਚ ਹਾਸ਼ਮ, ਅਹਿਮਦ ਯਾਰ, ਅਮਾਮ ਬਖਸ, ਕਾਦਰਯਾਰ ਆਦਿ ਦੀਆਂ ਕਿੱਸਾ ਰਚਨਾਵਾਂ ਆ ਜਾਂਦੀਆਂ ਹਨ।

## ਵਿਸ਼ਾ ਵਸਤੂ:

ਪੰਜਾਬੀ ਕਿੱਸਾ ਸਾਹਿਤ ਦਾ ਆਰੰਭ ਦਮੋਦਰ ਦੀ ਹੀਰ ਨਾਲ ਹੁੰਦਾ ਹੈ। ਉਸ ਤੋਂ ਪਿੱਛੋਂ ਪੀਲੂ ਦਾ ਮਿਰਜ਼ਾ ਸਾਹਿਬਾ ਹੈ। ਫੇਰ ਹਾਫ਼ਿਜ਼ ਬਰਖ਼ੁਰਦਾਰ ਦੇ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਯੂਸਫ਼ ਜੁਲੈਖਾ ਆਦਿ ਕਿੱਸੇ ਹਨ। ਮੁਕਬਲ, ਗੁਰਦਾਸ, ਅਹਿਮਦ, ਮੀਆਂ ਚਰਾਗ ਐਵਾਣ, ਸਦੀਕ ਲਾਲੀ, ਨਿਆਮਤ ਖਾਂ, ਸੱਯਦ ਹਾਮਦ ਸ਼ਾਹ ਅੱਬਾਸੀ, ਮੌਲਵੀ ਨੂਰ ਮੁਹੰਮਦ ਮੌਲਵੀ, ਅਬਦੁਲ ਹਕੀਮ ਬਹਾਬਲ ਪੁਰੀ, ਸੱਯਦ ਵਾਰਿਸ ਸ਼ਾਹ, ਮੁਨਸ਼ੀ ਸੁੰਦਰ ਦਾਸ ਆਗਮ, ਬਿਰਬਲ, ਆਡਤ ਆਦਿ ਕਿੱਸਾਕਾਰਾਂ ਨੇ ਪੰਜਾਬੀ ਕਿੱਸਾ ਕਾਵਿਧਾਰਾ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ।ਜਿਵੇ:-

## (1) ਦਮੋਦਰ

ਪੰਜਾਬੀ ਕਿੱਸਾ ਕਾਵਿਧਾਰਾ ਦਾ ਮੋਢੀ ਕਵੀ ਹੋਣ ਵਜੋਂ ਦਮੋਦਰ ਦੀ ਸਾਹਿੱਤਿਕ ਤੇ ਇਤਿਹਾਸਕ ਮਹੱਤਤਾ ਬਾਰੇ ਸਾਰੇ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਇਕ ਮਤ ਨਾਲ ਸਵੀਕਾਰ ਕਰਦੇ ਹਨ ਕਿ ਉਹ ਹੀਰ ਕਾਵਿਧਾਰਾ ਦਾ ਉਦਘਾਟਨ ਕਰਤਾ ਹੈ। ਉਸ ਨੇ ਪੰਜਾਬੀ ਕਾਵਿਧਾਰਾ ਕਾਰਾਂ ਨੂੰ ਨਵਾਂ ਮੋੜ ਦਿੱਤਾ। ਉਸ ਤੋਂ ਪਹਿਲਾਂ ਪੰਜਾਬੀ ਕਾਵਿਧਾਰਾ ਵਿਚ ਅਧਿਆਤਮਿਕਤਾ ਦੀ ਪ੍ਰਧਾਨਤਾ ਸੀ ਪਰ ਉਸ ਨੇ ਲੌਕਿਕ ਜੀਵਨ ਪ੍ਰਤੀ ਪੰਜਾਬੀ ਸਮਾਜ ਵਿਚ ਆਸਥਾ ਪੈਦਾ ਕੀਤੀ। ਇਹੋ ਕਾਰਨ ਹੈ ਕਿ ਆਮ ਜਨਤਾ ਦਾ ਜੀਵਨ ਨੂੰ ਸੁਆਦਲਾ, ਰੰਗੀਲਾ ਬਣਾਉਣ ਵਿਚ ਦਮੋਦਰ ਨੇ ਪਹਿਲ ਕਦਮੀ ਕੀਤੀ ਹੈ।

ਜੀਵਨ : ਦਮੋਦਰ ਦੇ ਜੀਵਨ ਬਾਰੇ ਉਸ ਦੇ ਰਚੇ ਕਿੱਸੇ ਵਿਚੋਂ ਹੇਠ ਲਿਖੀ ਉਗਾਹੀ ਮਿਲਦੀ ਹੈ:

ਨਾਉ ਦਮੋਦਰ ਜਾਤ ਗੁਲਾਟੀ ਆਇਆ ਸਿਕ ਸਿਆਲੀਂ।
ਆਪਣੇ ਮਨ ਵਿਚ ਮਸਲਤ ਕੀਤੀ, ਬਹਿ ਕੇ ਇਥਾਈਂ ਜਾਲੀਂ।

ਚੂਚਕ ਬਹੁ ਦਿਲਾਸਾ ਦਿਤਾ ਤਾਂ ਦਿਲਗੀਰੀ ਲਾਹੀ।
ਆਪ ਦਮੋਦਰ ਹੋਇਆ ਦਿਲਾਸਾ, ਹੱਟੀ ਉਥੇ ਬਣਾਈ।

ਇਨ੍ਹਾਂ ਪੰਕਤੀਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਹ ਜਾਤ ਦਾ ਗੁਲਾਟੀ ਅਰੋੜਾ ਸੀ ਅਤੇ ਉਸ ਦਾ ਜੱਦੀ ਕਿੱਤਾ ਦੁਕਾਨਦਾਰੀ ਸੀ। ਉਸ ਬਾਹਰੋਂ ਕਿਸੇ ਪਿੰਡੋਂ ਆ ਕੇ ਝੰਗ ਸਿਆਲ ਵਿਚ ਹੱਟੀ ਪਾਈ। ਉਸ ਸਮੇਂ ਝੰਗ ਸਿਆਲ ਵਿਚ ਚੂਚਕ ਦਾ ਕਾਫ਼ੀ ਦਬਦਬਾ ਸੀ। ਉਸ ਦੇ ਦਿਲਾਸਾ ਦੇਣ ਤੇ ਉਸ ਹੱਟੀ ਬਣਾਈ ਸੀ। ਇੱਥੇ ਇਹ ਸਿੱਧ ਨਹੀਂ ਹੁੰਦਾ ਕਿ ਉਹ ਕਿਥੋਂ ਆਇਆ ਹੈ। ਇਸ ਬਾਰੇ ਹੀਰ ਦਮੋਦਰ ਦੇ ਪਹਿਲੇ ਸੰਪਾਦਕ ਬਾਵਾ ਗੰਗਾ ਸਿੰਘ ਬੇਦੀ ਦਾ ਵਿਚਾਰ ਹੈ ਕਿ ਉਹ ਵਲ੍ਹਾਗਹਾਂ ਤਹਿਸੀਲ ਚਇਓਟ ਜ਼ਿਲ੍ਹਾ ਝੰਗ ਦਾ ਰਹਿਣ ਵਾਲਾ ਸੀ ਪਰ ਗਿਆਨੀ ਗੁਰਦਿੱਤ ਸਿੰਘ ਪ੍ਰੇਮੀ ਨੇ ਉਸ ਨੂੰ ਵਿਧਾਨ ਦਾ ਰਹਿਣ ਵਾਲਾ ਸਿੱਧ ਕੀਤਾ ਹੈ।

**ਸ਼ਖ਼ਸੀਅਤ** : ਦਮੋਦਰ ਦੇ ਆਪਣੇ ਕਥਨ ਅਨੁਸਾਰ ਉਹ ਦੁਕਾਨਦਾਰ ਸੀ ਪਰ ਚਿਰਡ ਟੈਂਪਲ ਉਸ ਨੂੰ ਝੰਗ ਦਾ ਪਟਵਾਰੀ ਦਸਦੇ ਹਨ। ਉਨ੍ਹਾਂ ਨੇ ਕਿਸੇ ਆਧਾਰ ਤੇ ਉਸ ਨੂੰ ਪਟਵਾਰੀ ਲਿਖਿਆ ਹੈ ਇਸ ਬਾਰੇ ਇਤਿਹਾਸਕ ਖੋਜ ਚੁੱਪ ਹੈ। ਉਸ ਦੀ ਰਚਨਾ ਹੀਰ ਤੋਂ ਇਹ ਪਤਾ ਚਲਦਾ ਹੈ ਕਿ ਉਹ ਪੜ੍ਹਿਆ ਲਿਖਿਆ, ਸ਼ਾਇਰਾਨਾ ਸੁਭਾਅ ਵਾਲਾ ਅਤੇ ਆਪਣੇ ਸ਼ੌਕ ਦੀ ਪੂਰਤੀ ਲਈ ਕਿੱਸਾ ਲਿਖ ਰਿਹਾ ਹ। ਉਸ ਦੇ ਬਹੁਪੱਖੀ ਗਿਆਨ ਦਾ ਸਬੂਤ ਵੀ ਇਸ ਗੱਲ ਤੋਂ ਮਿਲਦਾ ਹੈ ਕਿ ਉਹ ਹਿੰਦੂ ਇਤਿਹਾਸ ਤੇ ਮਿਥਿਹਾਸ ਦੀ ਜਾਣਕਾਰੀ ਦੇ ਨਾਲ ਨਾਲ ਮੁਸਲਿਮ ਸੰਸਕ੍ਰਿਤੀ ਰਹੁਰੀਤਾਂ ਦਾ ਡੂੰਘਾ ਗਿਆਨ ਰੱਖਦਾ ਸੀ। ਥਾਂਵਾਂ ਤੇ ਫ਼ਾਰਸੀ ਮੁਹਾਵਰੇ ਦੀ ਵਰਤੋਂ ਉਸ ਨੂੰ ਫ਼ਾਰਸੀ ਦਾ ਵਿਦਵਾਨ ਸਿੱਧ ਕਰਦੀ ਹੈ।

**ਰਚਨਾ** : ਦਮੋਦਰ ਦੀ ਇੱਕੋ ਇਕ ਲੋਕਪ੍ਰਿਆ ਰਚਨਾ ਹੀਰ ਮਿਲਦੀ ਹੈ। ਇਸ ਦੀ ਰਚਨਾ ਉਸ ਨੇ ਹੀਰ ਦੇ ਜੀਵਨ ਕੌਤਕ ਦੇ ਆਧਾਰ ਤੇ ਕੀਤੀ ਹੈ। ਹੀਰ ਤੇ ਰਾਂਝੇ ਦੀ ਪਿਆਰ ਦੀ ਖੇਡ ਉਸ ਨੇ ਆਪਣੀ ਅੱਖੀਂ ਵੇਖੀ। ਅਜਿਹਾ ਕਵੀ ਦਾ ਦਾਅਵਾ ਹੈ ਜਾਂ ਇਹ ਉਸ ਦਾ ਤਕੀਆ ਕਲਾਮ ਹੈ ਇਸ ਬਾਰੇ ਆਲੋਚਕਾਂ ਦੇ ਵਿਚਾਰ ਉਸ ਦੇ ਪੱਖ ਵਿਚ ਨਹੀਂ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ ਹਰ ਪ੍ਰਮੁੱਖ ਘਟਨਾ ਤੇ ਉਸ ਦਾ ਪੁੱਜ ਸਕਣਾ ਤਤਕਾਲੀਨ ਹਾਲਾਤ ਵਿਚ ਮੁਮਕਿਨ ਨਹੀਂ ਸੀ। ਪਰ ਕਵੀ ਦਾ ਦਾਅਵਾ ਹੈ:

1. ਵੇਖ ਦਮੋਦਰ ਹੀਰੇ ਦੀ ਚਾਲੀ, ਕਿੱਸਾ ਆਣ ਬਣਾਏ।
2. ਅਖੀਂ ਡਿਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨਾ ਕੋਈ।
3. ਸ਼ਉਂਕ ਸ਼ਉਂਕ ਉਠੀ ਹੈ ਮੈਂਡੀ ਤਾਂ ਦਿਲ ਉਮੱਕ ਹੋਈ।
4. ਅਸਾਂ ਮੂੰਹੋਂ ਅਲਾਇਆ ਉਹੋ, ਜੋ ਕੁਝ ਨਜਰ ਪਾਇਉਈ।
5. ਆਖ ਦਮੋਦਰ ਮੈਂ ਖੜਿਆ ਡਿਠਾ, ਜੋ ਸਿਰ ਸਲੇਟੀ ਦੇ ਆਈ।
6. ਆਖ ਦਮੋਦਰ ਮੈਂ ਅੱਖੀ ਡਿਠਾ, ਜੋ ਲੰਮੀ ਤਰਫ ਸਿਧਾਏ ਆਦਿਕ।

ਉਕਤ ਅਨੇਕ ਘਟਨਾਵਾਂ ਦੀ ਪਰਖ ਕਰਨ ਤੋਂ ਪ੍ਰੋ: ਪਿਆਰਾ ਸਿੰਘ ਪਦਮ33 ਇਸ ਸਿੱਟੇ ਤੇ ਪੁੱਜਦੇ ਹਨ ਕਿ ਕਵੀ ਦੀ ਹਰ ਥਾਂ ਹਾਜ਼ਰੀ ਇਉਂ ਮਾਲੂਮ ਹੁੰਦੀ ਹੈ ਜਿਵੇਂ ਕਿ ਉਹ ਸਾਰੀ ਕਹਾਣੀ ਅੰਕਿਤ ਕਰਨ ਲਈ ਆਪਣੀ ਕਲਮ ਦਵਾਤ ਨਾਲ ਚੁੱਕੀ ਫਿਰਦਾ ਸੀ। ਮੇਰੀ ਰਾਇ

ਵਿਚ ਅੱਖੀ ਡਿਠਾ ਯਾ ਤਾਂ ਕਵੀ ਦਾ ਤਕੀਆ ਕਲਾਮ ਹੈ ਯਾ ਫਿਰ ਉਸ ਨੇ ਆਪਣੇ ਕਿੱਸੇ ਨੂੰ ਵਧੇਰੇ ਪ੍ਰਮਾਣਿਕ ਬਣਾਉਣ ਲਈ ਇਹ ਕਵੀਆਂ ਵਾਲਾ ਝੂਠ ਬਲਿਆ ਹੈ, ਪਰੰਤੂ ਸੰਮਤ ਤੇ ਅਕਬਰ ਦਾ ਇਕੱਠਾ ਜ਼ਿਕਰ ਕਰ ਕੇ ਸਿਆਣਾ-ਬਿਆਣਾ ਕਵੀ ਆਪ ਫਸ ਗਿਆ ਹੈ। ਦੂਸਰਾ ਮਸਲਾ ਵੀ ਅਜੇ ਵਧੇਰੀ ਖੋਜ ਦਾ ਮੁਥਾਜ ਹੈ ਕਿ ਹੀਰ ਰਾਂਝੇ ਦੀ ਕਹਾਣੀ ਅਕਬਰ ਸਮੇਂ ਦੀ ਘਟਨਾ ਹੈ। ਜਾਂ ਪਹਿਲਾਂ ਦੀ? ਮੇਰੇ ਖ਼ਿਆਲ ਵਿਚ ਇਹ ਢੇਰ ਪੁਰਾਣੀ ਹੈ, ਅਕਬਰ ਤੋਂ ਬਹੁਤ ਪਹਿਲਾਂ ਦੀ। ਉਸ ਸਮੇਂ ਪ੍ਰਸਿੱਧ ਲੇਖਕ ਭਾਈ ਗੁਰਦਾਸ (1610-1696) ਨੇ ਲੋਕ ਪ੍ਰਸਿੱਧ ਪ੍ਰੇਮ ਕਹਾਣੀਆਂ ਨੂੰ ਸੰਖੇਪ ਤੌਰ ਤੇ ਇਕ ਪਉੜੀ ਵਿਚ ਅੰਕਿਤ ਕੀਤਾ ਹੈ।

ਲੈਲਾ ਮਜਨੂੰ ਆਸ਼ਕੀ, ਚਹੁੰ ਚਕੀ ਜਾਤੀ।
ਰਾਂਝਾ ਹੀਰ ਵਖਾਣੀਐ, ਉਹ ਪਿਰਮ ਪਰਾਤੀ।

ਇਸ ਲਿਖਤ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਹੀਰ ਰਾਂਝੇ ਦੀ ਕਹਾਣੀ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਸੀ, ਉਨ੍ਹਾਂ ਦੇ ਵੇਲੇ ਦੀ ਘਟਨਾ ਨਹੀਂ ਸੀ। ਇਸੇ ਤਰ੍ਹਾਂ ਸ਼ਾਹ ਹੁਸੈਨ (15961659 ਬਿ:) ਨੇ ਵੀ ਆਪਣੀਆਂ ਕਾਫ਼ੀਆਂ ਵਿਚ ਹੀਰ ਰਾਂਝੇ ਦੀ ਥਾਂਵਾਂ ਮਿਸਾਲ ਦਿੱਤੀ ਹੈ।
**ਯੁੱਗ** : ਗਿਆਨੀ ਗੁਰਦਿੱਤ ਸਿੰਘ ਪ੍ਰੇਮੀ ਦੇ ਸ਼ਬਦਾਂ ਵਿਚ ਜੇ ਇਹ ਮੰਨ ਲਿਆ ਜਾਵੇ ਕਿ ਦਮੋਦਰ ਹੀਰ ਦਾ ਸਮਕਾਲੀ ਨਹੀਂ ਅਤੇ ਉਸ ਨੇ ਇਹ ਕਿੱਸਾ ਅੱਖੀਂ ਨਹੀਂ ਡਿਠਾ ਤਾਂ ਇਸ ਘਟਨਾ ਦੇ ਵਾਪਰਨ ਦਾ ਸੰਨ ਸਾਲ ਲੱਭ ਸਕਦਾ ਹੈ ਤੇ ਉਹ ਵੀ ਦਮੋਦਰ ਦੀ ਸਹਾਇਤਾ ਨਾਲ। ਦਮੋਦਰ ਦੇ ਕਥਨ ਪੰਦਰਾਂ ਸੌ ਉੱਨਤੀ ਨੂੰ ਭੰਨਤੋੜ ਕੇ ਪੇਸ਼ ਕਰਨ ਦੀ ਕਈ ਸਾਹਿਤਕਾਰਾਂ ਨੇ ਕੋਸ਼ਿਸ਼ ਕੀਤੀ। ਡਾ ਮੋਹਨ ਸਿੰਘ ਨੇ 1629 ਈ ਬਣਾ ਲਿਆ ਹੈ ਤੇਜਾ ਸਿੰਘ36 ਅਤੇ ਬਾਵਾ ਬੁੱਧ ਸਿੰਘ ਨੇ 1569 ਈ ਦੀ ਸੰਭਾਵਨਾ ਪ੍ਰਗਟ ਕੀਤੀ ਹੈ। ਕੋਸ਼ਿਸ਼ ਸਭ ਦੀ ਇਹੀ ਹੈ ਕਿ ਕਿਸੇ ਤਰ੍ਹਾਂ ਹੀਰ ਦਮੋਦਰ ਤੇ ਅਕਬਰ ਸਭ ਨੂੰ ਸਮਕਾਲੀ ਸਿੱਧ ਕੀਤਾ ਜਾ ਸਕੇ। ਹਾਲਾਂਕਿ ਇਸ ਸਾਰੇ ਪੁਆੜੇ ਦੀ ਜੜ੍ਹ ਦਮੋਦਰ ਦਾ ਤਕੀਆ ਕਲਾਮ, ਅੱਖੀਂ ਡਿਠਾ ਹੈ ਜੋ ਕੇਵਲ ਪਾਖੰਡ ਹੈ ਅਤੇ ਕਾਵੀਆ ਨਾ ਚਾਲ ਅਤੇ ਇਸ ਤੋਂ ਵੱਧ ਇਸ ਦੀ ਕੋਈ ਅਹਿਮੀਅਤ ਨਹੀਂ।37
ਇਸੇ ਵਿਚਾਰ ਦੀ ਪ੍ਰੋੜ੍ਹਤਾ ਡਾ ਹਰਨਾਮ ਸਿੰਘ ਸ਼ਾਨ ਕਰਦੇ ਹਨ ਤੇ ਲਿਖਦੇ ਹਨ
ਦਮੋਦਰ ਦੇ ਅਕਬਰ ਬਾਰੇ ਦਿੱਤੇ ਹਵਾਲਿਆਂ ਦੇ ਆਧਾਰ ਤੇ ਹੀਰ ਰਾਂਝੇ ਨੂੰ ਦਮੋਦਰ ਸਮੇਤ ਅਕਬਰ ਦਾ ਧਿੰਗੋਜੋਰੀ ਸਮਕਾਲੀ ਬਣਾਉਣ ਦਾ ਖ਼ਿਆਲ ਅਸਲੀਅਤ ਤੋਂ ਦੂਰ ਜਾਪਦਾ ਹੈ। ਇਨ੍ਹਾਂ ਹਵਾਲਿਆਂ ਦਾ ਮੰਤਵ ਹਾਕਮ ਵਕਤ ਦੀ ਰਸਮੀ ਵਡਿਆਈ ਅਤੇ ਉਹਦੇ ਸ਼ਾਹੀ ਦੁਦਬੇ ਨੂੰ ਦਰਸਾਉਣ ਤੋਂ ਸਿਵਾ ਹੋਰ ਕੀ ਹੋ ਸਕਦਾ ਹੈ? ਇਨ੍ਹਾਂ ਤੋਂ ਦਮੋਦਰ ਦਾ ਤਾਂ ਅਕਬਰ ਵੇਲੇ ਹੋਇਆ ਹੋਣਾ ਤਾਂ ਦ੍ਰਿੜ੍ਹ ਹੁੰਦਾ ਹੈ ਪਰ ਮੈਨੂੰ ਤਾਂ ਅਜੇ ਕੋਈ ਅਜਿਹਾ ਹਵਾਲਾ ਨਹੀਂ ਮਿਲਿਆ ਜੋ ਹੀਰ ਰਾਂਝੇ ਦਾ ਵੀ ਅਕਬਰ ਸਮੇਂ ਹੋਏ ਹੋਣ ਦੀ ਸੂਹ ਦੇ ਸਕੇ। ਇਸ ਸੰਬੰਧ ਵਿਚ ਵਧੀਕ ਗ਼ਲਤ ਫਹਿਮੀ ਪਾਉਣ ਵਾਲਾ ਕਿੱਸੇ ਦੀ ਸਮਾਪਤੀ ਤੇ ਦਿੱਤਾ ਹੋਇਆ ਇਹ ਬੰਦ ਹੈ:

ਪੰਦਰਾਂ ਸੈ ਅਤੇ ਉੱਨਤੀ ਸੰਬਤ ਬਿਕਰਮ ਰਾਏ।
ਹੀਰ ਤੇ ਰਾਂਝੇ ਹੋਏ ਇਕੱਠੇ, ਝੇੜੇ ਹੱਥ ਚੁਕਾਏ।
ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਏ।
ਆਖ ਦਮੋਦਰ ਦੇਇ ਅਸੀਸਾਂ, ਸਹਿ ਬਾਹਰ ਆਏ।

ਜੋ ਉਪਰੋਕਤ ਵਿਚਾਰਧਾਰਾ ਅਨੁਸਾਰ ਮੁੜ ਪੜ੍ਹੀਏ ਤਾਂ ਭਾਵ ਸਪਸ਼ਟ ਹੋ ਜਾਂਦਾ ਹੈ। ਪਹਿਲੀ ਤੁਕ ਵਿਚ ਤਰੀਕ ਅੰਕਿਤ ਹੈ। ਇਸ ਦਾ ਸੰਬੰਧ ਨਾ ਤਾਂ ਅਕਬਰ ਦੇ ਰਾਜ ਸਮੇਂ ਨਾਲ ਹੈ ਤੇ ਨਾ ਹੀ ਕਿੱਸੇ ਦੀ ਲਿਖਣ ਮਿਤੀ ਨਾਲ। ਅਗਲੀ ਤੁਕ ਨਾਲ ਰਲਾ ਕੇ ਪੜ੍ਹਿਆਂ ਸਾਬਤ ਹੁੰਦਾ ਹੈ ਕਿ ਇਹ ਤਰੀਕ ਤਾ ਕੇਵਲ ਹੀਰ ਰਾਂਝੇ ਦੇ ਮੇਲ ਮਸੇਂ ਦੀ ਸੂਚਕ ਹੈ। ਤੇਰੀ ਪਾਲ ਦਾ ਕਿਸੇ ਹੋਰ ਪਾਲ ਨਾਲ ਕੋਈ ਸੰਬੰਧ ਨਹੀਂ। ਦਮੋਦਰ ਆਪਣੀ ਕਿਰਤ ਦੇ ਅੰਤ ਤੇ ਪਹੁੰਚਿਆ ਹੋਇਆ ਕਵੀ ਹਾਕਮ ਵਕਤ ਦੀ ਹਕੂਮਤ ਲਈ ਰਸਮੀ ਤੌਰ ਤੇ ਅਰਦਾਸ ਕਰ ਰਿਹਾ ਹੈ। ਇਉਂ ਹੀ ਮਗਰਲੀ ਸਤਰ ਆਪਣੇ ਆਪ ਵਿਚ ਆਜ਼ਾਦ ਹੈ। ਉਕਤ ਵਿਚਾਰ ਅਨੁਸਾਰ ਜੇ ਦਮੋਦਰ ਨੂੰ ਅਕਬਰ ਦਾ ਸਮਕਾਲੀ ਮੰਨ ਵੀ ਲਿਆ ਜਾਏ ਪਰ ਉਸ ਦਾ ਤਮਾਕੂ ਬਾਰੇ ਲਿਖਣਾ ਉਸ ਨੂੰ ਅਕਬਰ ਦਾ ਸਮਕਾਲੀ ਵੀ ਸਿੱਧ ਨਹੀਂ ਹੋਣ ਦਿੰਦਾ। ਪ੍ਰੋ ਪਿਆਰਾ ਸਿੰਘ ਪਦਮ ਲਿਖਦੇ ਹਨ, ਦਮੋਦਰ ਨੇ ਆਪਣੇ ਕਿੱਸੇ ਵਿਚ ਇਕ ਦੋ ਥਾਵਾਂ ਤੇ ਤਮਾਕੂ ਦਾ ਜ਼ਿਕਰ ਵੀ ਕੀਤਾ ਹੈ। ਤਮਾਕੂ ਬਾਰੇ ਪ੍ਰਚੱਲਿਤ ਹੈ ਕਿ ਇਹ ਬਿਮਾਰੀ ਜਹਾਂਗੀਰ ਦੇ ਸਮਾਨ ਵਿਚ ਸਾਡੇ ਦੇਸ਼ ਵਿਚ ਆਈ। ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ ਜਹਾਂਗੀਰ ਦੇ ਸਮੇਂ ਬਾਅਦ ਜਦੋਂ ਤਮਾਕੂ ਆਮ ਲੋਕਾਂ ਵਿਚ ਪ੍ਰਚੱਲਿਤ ਹੋ ਚੁੱਕਾ ਸੀ, ਦਮੋਦਰ ਨੇ ਕਿੱਸਾ ਰਚਿਆ। ਇਸ ਲਈ ਦਮੋਦਰ ਦਾ ਕਿੱਸਾ ਰਚਣ ਕਾਲ ਕਿਸਾਨ ਤੇ ਔਰੰਗਜ਼ੇਬ ਦੇ ਦਰਮਿਆਨ ਦਾ ਸਮਾਂ ਹੀ ਵਧੇਰੇ ਮੰਨਣ ਯੋਗ ਕਿਹਾ ਜਾ ਸਕਦਾ ਹੈ। ਇਹ ਮੰਨਣ ਦੇ ਬਾਵਜੂਦ ਕਿ ਹੀਰ ਦੀ ਕਹਾਣੀ ਅਕਬਰ ਤੋਂ ਢੇਰ

ਪੁਰਾਣੀ ਤੇ ਦਮੋਦਰ ਨੇ ਅਕਬਰ ਦੇ ਸਮੇਂ ਤੋਂ ਬਾਅਦ ਹੀ ਲਿਖੀ ਹੈ, ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੀਰ ਦਮੋਦਰ ਇਕ ਪ੍ਰਾਚੀਨ ਲਿਖਤ ਹੈ, ਇਸ ਦੀ ਬੋਲੀ ਇਸ ਗੱਲ ਦਾ ਵੱਡਾ ਪ੍ਰਮਾਣ ਹੈ। ਭਾਈ ਗੁਰਦਾਸ ਤੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨਾਲ ਇਸ ਨੂੰ ਸਹਿਜੇ ਟਕਰਾਇਆ ਜਾ ਸਕਦਾ ਹੈ।

**ਕਾਵਿਧਾਰਾ ਸੌਂਦਰਯ** : ਹੀਰ ਦਮੋਦਰ ਵਿਚ ਜਿੱਥੇ ਰੁਮਾਂਸ ਤੇ ਯਥਾਰਥ ਦਾ ਸੁਮੇਲ ਹੈ ਉਥੇ ਭਾਰਤੀ ਪ੍ਰੇਮ-ਪਿਆਰ ਅਤੇ ਫ਼ਾਰਸੀ ਮਸਨਵੀ ਦੇ ਗੁਣਾਂ ਦਾ ਵੀ ਸੁੰਦਰ ਸੁਮੇਲ ਹੈ। ਇਹ ਕਿੱਸਾ ਸੁਖਾਂਤ ਹੈ। ਇਸ ਤੇ ਸੂਫ਼ੀ ਵਿਚਾਰਧਾਰਾ ਦੀ ਛਾਪ ਲੱਗੀ ਹੋਈ ਹੈ। ਤਤਕਾਲੀਨ ਸਮਾਜ ਦਾ ਉਹ ਦਰਪਣ ਹੈ। ਪਾਤਰ ਉਸਾਰੀ, ਨਾਟਕੀ ਤੱਤ, ਸੰਵਾਦ, ਸ਼ੈਲੀ, ਦ੍ਰਿਸ਼ ਚਿਤਰਨ, ਭਾਸ਼ਾ ਦੀ ਸਰਲਤਾ ਤੇ ਸਾਦਗੀ, ਸ਼ੈਲੀ ਦੀ ਮੌਲਿਕਤਾ, ਬਿੰਬਾਵਲੀ, ਭਾਵਾਂ ਦੇ ਅਨੁਕੂਲ ਰਸ ਵਰਣਨ ਆਦਿ ਪ੍ਰਮੁੱਖ ਕਾਵਿਧਾਰਾ ਵਿਸ਼ੇਸ਼ਤਾਵਾਂ ਦਾ ਹੀਰ ਵਿਚ ਸੁੰਦਰ ਨਿਰੂਪਣ ਹੋਇਆ ਹੈ। ਬੋਲੀ ਲਹਿੰਦੀ ਤੇ ਮੱਧਕਾਲੀਨ ਪੰਜਾਬੀ ਹੋਣ ਵਜੋਂ ਉਸ ਵਿਚ ਫ਼ਾਰਸੀ ਦੀ ਮਿੱਸ ਵੀ ਵੇਖੀ ਜਾ ਸਕਦੀ ਹੈ। ਪਰ ਸ਼ਬਦ ਸਾਰੇ ਹੀ ਢੁਕਵੇਂ ਹਨ। ਅਲੰਕਾਰ ਵਿਧਾਨ ਦੀ ਦ੍ਰਿਸ਼ਟੀ ਤੋਂ ਉਪਮਾ ਦੀ ਸ਼ੋਭਾ ਦੇ ਦਰਸ਼ਨ ਉਸ ਵਿਚੋਂ ਕੀਤੇ ਜਾ ਸਕਦੇ ਹਨ

1. ਅੱਧਾ ਧੜ ਹੰਨੇ ਵਿਚ ਫਾਬਾ, ਅੱਧਾ ਢੱਠਾ ਧਰਤੀ।।
   ਆਖ ਦਮੋਦਰ ਕੀਕਣ ਦਿਸੇ, ਜਣ ਧੋਬੀ ਸੁਥਣ ਘਤੀ।
2. ਅੰਬਰੋਂ ਤੁਟੇ ਵਿਚ ਜਿਵੇਂ ਹੀ, ਹਰਣੀ ਛੁਟੀ ਬੱਧੀ।
3. ਹੱਭੇ ਕੁੜੀਆਂ ਤਾਰੇ ਦਿਸਹੁ ਵਿਚ ਚੰਦ ਸਲੇਟੀ ਨਾਹੀਂ।
4. ਫਿੱਸੇ ਸਿਰ ਜਿਉ ਭੰਨੀ ਚਾਟੀ, ਆਜਣ ਦੀ ਗਲ ਨਾਹੀਂ ।

ਉਕਤ ਉਪਮਾਵਾਂ ਜਨ ਸਾਧਾਰਨ ਦੇ ਜੀਵਨ ਵਿਚੋਂ ਚੁਣੀਆਂ ਗਈਆਂ ਹਨ। ਹੀਰ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ ਪਰ ਨਾਲ ਨਾਲ ਹਾਸ, ਬੀਰ ਅਤੇ ਸ਼ਾਂਤ ਰਸ ਦੇ ਚਿੱਤਰ ਵੀ ਵੇਖਣ ਨੂੰ ਮਿਲਦੇ ਹਨ। ਛੰਦ ਦਵੱਯਾ ਦੀ ਵਰਤੋਂ ਕੀਤੀ ਗਈ ਹੈ। ਮਸਨਵੀ ਵਿਚ ਹਰ ਸ਼ੇਅਰ ਦੀਆਂ ਦੋ ਤੁਕਾਂ ਦਾ ਵਜ਼ਨ ਮੇਲ ਖਾਂਦਾ ਹੈ ਪਰ ਦਮੋਦਰ ਨੇ ਚਾਰ ਤੁਕਾਂ ਦਾ ਵੈਨ ਮੇਲਿਆਂ ਹੈ। ਇਸ ਤਰ੍ਹਾਂ ਦਮੋਦਰ ਦੀ ਕਾਵਿਧਾਰਾ ਕਲਾ ਕਿੱਸਾ ਕਾਵਿਧਾਰਾ ਨੂੰ ਨਵੀਆਂ ਲੀਹਾਂ ਤੇ ਤੋਰਦੀ ਹੈ ਤੇ ਉਸ ਨੂੰ ਕਿੱਸਾ ਕਾਵਿਧਾਰਾ ਦਾ ਮੋਢੀ ਸਿੱਧ ਕਰਦੀ ਹੈ।

### (2) ਪੀਲੂ

ਦਮੋਦਰ ਨੇ ਜਿਵੇਂ ਹੀਰ ਦਾ ਕਿੱਸਾ ਪਹਿਲੀ ਵਾਰੀ ਲਿਖ ਕੇ ਪੰਜਾਬੀ ਕਿੱਸਾ ਸਾਹਿਤ ਨੂੰ ਭੇਟ ਕੀਤਾ ਤਿਵੇਂ ਹੀ ਪੀਲੂ ਨੇ ਮਿਰਜ਼ਾ ਸਾਹਿਬਾਂ ਦੀ ਤ੍ਰਾਸਦੀ ਨੂੰ ਪਹਿਲੀ ਵੇਰੀ ਲਿਖਤੀ ਜਾਮਾ ਪਵਾ ਕੇ ਭੇਂਟ ਕੀਤਾ। ਇਸ ਤਰ੍ਹਾਂ ਇਸ ਕਵੀ ਨੇ ਵੀ ਮਿਰਜ਼ਾ ਸਾਹਿਬਾਂ ਦੀ ਕਹਾਣੀ ਨੂੰ ਅਮਰਤਾ ਪ੍ਰਦਾਨ ਕੀਤੀ। ਇਸ ਲਈ ਸਾਹਿਤ ਵਿਚ ਇਨ੍ਹਾਂ ਦਾ ਨਾਂ ਵੀ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਪਰ ਇਸ ਕਵੀ ਦੇ ਜੀਵਨ ਯੁੱਗ ਆਦਿ ਬਾਰੇ ਇਤਿਹਾਸ ਦੇ ਖ਼ੋਜੀ ਵਿਦਵਾਨਾਂ ਨੇ ਇਨ੍ਹਾਂ ਦੇ ਪਰਵਰਤੀ ਕਿੱਸਾ ਕਵੀਆਂ ਦੇ ਕਥਨਾਂ ਦੇ ਆਧਾਰ ਤੇ ਇਨ੍ਹਾਂ ਦਾ ਸਮਾਂ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ। ਡਾ ਮੋਹਨ ਸਿੰਘ ਦੀਵਾਨਾਂ ਇਨ੍ਹਾਂ ਨੂੰ ਸਤਾਰ੍ਹਵੀਂ ਸਦੀ ਦਾ ਕਿੱਸਾ ਨਵੀਸ ਮੰਨਦੇ ਹਨ ਅਤੇ ਇਨ੍ਹਾਂ ਦਾ ਸਮਾਂ ਅਕਬਰ (1556-1605 ਈ) ਤੇ ਜਹਾਂਗੀਰ (1605-1627 ਈ) ਦੇ ਵੇਲੇ ਦਾ ਦਸਦੇ ਹਨ।40 ਡਾ ਸਾਹਿਬ ਆਪਣੇ ਅੰਗਰੇਜ਼ੀ ਵਿਚ ਲਿਖੇ ਪੰਜਾਬੀ ਸਾਹਿਤ ਤੇ ਇਤਿਹਾਸ ਵਿਚ ਦੋ ਪੀਲੂਆਂ ਦਾ ਵਰਣਨ ਕਰਦੇ ਹਨ ਪਰ ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼ ਵਿਚ ਉਹ ਇੱਕੋ ਹੀ ਪੀਲੂ ਦਾ ਜ਼ਿਕਰ ਕਰਦੇ ਹਨ। ਇਸੇ ਤਰ੍ਹਾਂ ਪ੍ਰੋ ਪਰਮਿੰਦਰ ਸਿੰਘ ਅਤੇ ਪ੍ਰੋ ਕਸੇਲ ਵੀ ਦੋ ਪੀਲੂਆਂ ਦੇ ਹੋਣ ਦਾ ਸੰਕੇਤ ਕਰਦੇ ਹ ਪਰ ਉਨ੍ਹਾਂ ਦੇ ਜੀਵਨ ਅਤੇ ਸਮੇਂ ਬਾਰੇ ਚੁਪ ਹਨ। ਇਸੇ ਤਰ੍ਹਾਂ ਹੀ ਡਾ ਗੁਰਬਚਨ ਸਿੰਘ44 ਅਤੇ ਡਾ ਕੋਹਲੀ45 ਵੀ ਕਿਆਸ ਦੀ ਮੰਜ਼ਿਲ ਤੇ ਹੀ ਹਨ ਕਿ ਪੀਲੂ ਭਗਤ ਹੀ ਗੁਰੂ ਅਰਜਨ ਦੇਵ ਦੇ ਵੇਲੇ ਹੋਇਆ ਅਤੇ ਉਸੇ ਹੀ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਿਆ ਹੈ।

ਉਕਤ ਇਤਿਹਾਸਕਾਰਾਂ ਦੇ ਵਿਚਾਰਾਂ ਤੋਂ ਇਲਾਵਾ ਪੀਲੂ ਦੇ ਪਰਵਰਤੀ ਕਵੀਆਂ ਦੇ ਵਿਚਾਰ ਵੀ ਉਸ ਸਮੇਂ ਦੀ ਸੀਮਾ-ਰੇਖਾ ਨਿਸ਼ਚਿਤ ਕਰਨ ਵਿਚ ਸਹਾਇਕ ਸਿੱਧ ਹੋ ਸਕਦੇ ਹਨ। ਹਾਫ਼ਿਜ਼ ਬਰਖ਼ੁਰਦਾਰ ਅਤੇ ਅਹਿਮਦ ਯਾਰ ਦੇ ਵਿਚਾਰ ਪੀਲੂ ਬਾਰੇ ਹੇਠ ਲਿਖੇ ਅਨੁਸਾਰ ਹਨ।

1. ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁੱਲ ਕਰੇਣ।
   ਜਿਸ ਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀਦਸਤ ਧਰੇਣ। ਹਾਫਿਜ ਬਰਖ਼ੁਰਦਾਰ
2. ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲੈਹਦੀ।
   ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ। ਅਹਿਮਦ ਯਾਰ

ਹਾਫਿਜ ਬਰਖ਼ੁਰਦਾਰ ਨੂੰ ਸ਼ਾਹਜਹਾਨ ਤੇ ਔਰੰਗਜ਼ੇਬ ਦਾ ਸਮਕਾਲੀ ਦੱਸਿਆ ਜਾਂਦਾ ਹੈ ਅਤੇ ਉਸ ਦੇ ਕਿੱਸੇ ਮਿਰਜ਼ਾ ਸਾਹਿਬਾਂ ਦੇ ਅੰਤ ਵਿਚ ਪੀਲੂ ਦੀ ਕਬਰ ਦਾ ਵੀ ਸੰਕੇਤ ਹੈ। ਇਸ ਆਧਾਰ ਤੇ ਪੀਲੂ ਨੂੰ ਹਾਫਿਜ ਬਰਖ਼ੁਰਦਾਰ ਦਾ ਪੂਰਵਵਰਤੀ ਸਵੀਕਾਰ ਕੀਤਾ ਜਾ ਸਕਦਾ ਹੈ। ਮੌਲਾ ਬਖਸ ਕੁਸ਼ਤਾ ਦਾ ਅਨੁਮਾਨ ਹੈ ਕਿ ਮਸਤ ਨਿਗਾਹ ਦਾ ਇਸ਼ਾਰਾ ਗੁਰੂ ਅਰਜਨ ਦੇਵ ਨਾਲ ਹੋਈ ਮੁਲਾਕਾਤ ਵੱਲ ਹੈ। 19ਵੀਂ ਸਦੀ ਦੇ ਪਿਛਲੇ ਅੱਧ ਦਾ ਉੱਘਾ ਕਵੀ ਜਿਹਲਮ ਪੀਲੂ ਦੀ ਸਾਦਾ ਬਿਆਨੀ ਦੀ ਸਿਫ਼ਤ ਕਰਦਾ ਹੋਇਆ ਲਿਖਦਾ ਹੈ:

ਛਿੜੀ ਛਿੜੀ ਗਲ ਆਖੀ, ਜੋ ਆਖੀ ਸੋ ਸੱਚੀ।
ਪੀਲੂ ਸੁਥਰਾ ਪਹਿਲਾਂ ਹੋਏ, ਬਹੁਤ ਜਿਮੀ ਜਦ ਕੱਛੀ।

ਉਕਤ ਵਿਵੇਚਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੀਲੂ ਬੰਦਗੀ ਵਾਲਾ ਕਵੀ ਸੀ। ਹੋ ਸਕਦਾ ਹੈ ਕਿ ਉਸ ਢੇਰ ਸਾਰੇ ਕਿੱਸੇ ਲਿਖੇ ਹੋਣ ਪਰ ਹੁਣ ਕਾਲ ਦਾ ਗ੍ਰਾਸ ਹੋ ਚੁੱਕੇ ਹੋਣ। ਪੀਲੂ ਦਾ ਲਿਖਿਆ ਮਿਰਜ਼ਾ ਸਾਹਿਬਾਂ ਦਾ ਕਿੱਸਾ ਵੀ ਅਧੂਰਾ ਪ੍ਰਾਪਤ ਹੁੰਦਾ ਹੈ। ਪਰ ਰਿਚਰਡ ਟੈਂਪਲ ਨੇ ਇਸ ਕਿੱਸੇ ਨੂੰ ਭੱਟਾਂ ਪਾਸੋਂ ਸੁਣ ਕੇ ਲਿਖਿਆ ਸੀ। ਇਸ ਦੀਆਂ ਕਾਵਿਧਾਰਾਕ ਵਿਸ਼ੇਸ਼ਤਾਵਾਂ ਵਜੋਂ ਇਹ ਹੁਣ ਵੀ ਸਾਡੇ ਪਿੰਡਾਂ ਦਾ ਅੰਗ ਬਣਿਆ ਹੋਇਆ ਹੈ। ਸੰਸਾਰ ਦੀ ਨੇ ਵਰਤਾ, ਨਾਰੀ ਨਿੰਦਾ, ਮੌਤ ਦੀ ਅਟੱਲਤਾ ਤੇ ਹੋਣੀ ਦੀ ਪ੍ਰਬਲਤਾ ਕਵੀ ਨੂੰ ਬੇਸ਼ੱਕ ਨਿਰਾਸ਼ਾਵਾਦੀ ਸਿੱਧ ਕਰੇ ਪਰ ਕਥਾਨਕ ਦੀ ਲੋਕਪ੍ਰਿਅਤਾ ਉਸ ਨੂੰ ਪੰਜਾਬੀ ਦਾ ਹਰਮਨ-ਪਿਆਰਾ ਕਿੱਸਾਕਾਰ ਸਿੱਧ ਕਰਦੀ ਹੈ।

**ਕਾਵਿਧਾਰਾ ਸੌਂਦਰਯ :** ਮਿਰਜ਼ਾ ਸਾਹਿਬਾਂ ਦਾ ਕਿੱਸਾ ਬਿਨਾ ਭੂਮਿਕਾ ਆਰੰਭ ਹੁੰਦਾ ਹੈ। ਉਸ ਵਿਚ ਕਾਵਿਧਾਰਾਕ ਉਪਚਾਰਿਕਤਾ ਦੇ ਕਿਧਰੇ ਵੀ ਦਰਸ਼ਨ ਨਹੀਂ ਹੁੰਦੇ। ਉਸ ਦਾ ਕਿੱਸਾ ਸਾਦੀ ਤੇ ਸਰਲ ਬੋਲੀ ਵਿਚ ਹੈ। ਕਥਾਨਕ ਸੰਖੇਪ ਵਿਚ ਹੈ। ਪਹਿਲੇ ਦੋ ਪੈਰਿਆਂ ਵਿਚ ਨਾਇਕਾ ਅਤੇ ਨਾਇਕ ਨਾਲ ਵਾਕਫ਼ੀ ਕਰਾਈ ਗਈ ਹੈ। ਤੀਜੇ ਬੰਦ ਵਿਚ ਮਸੀਤ ਵਿਚ ਮਿਰਜ਼ੇ ਤੇ ਸਾਹਿਬਾਂ ਦੇ ਪ੍ਰੇਮ ਦਾ ਜ਼ਿਕਰ ਹੈ। ਚੌਥੇ ਵਿਚ ਸਾਹਿਬਾਂ ਦੇ ਹੁਸਨ ਤੇ ਪੰਜਵੇਂ ਵਿਚ ਕੰਮੂ ਬ੍ਰਾਹਮਣ ਦੇ ਹੱਥ ਸੰਦੇਸ਼ ਦਾ ਜ਼ਿਕਰ ਹੈ। ਇਸ ਤੋਂ ਬਾਅਦ ਸਾਹਿਬਾਂ ਦਾ ਸੁਨੇਹਾ ਮਿਲਣ ਤੇ ਮਿਰਜ਼ੇ ਦਾ ਸਾਹਿਬਾਂ ਵੱਲ ਉਸ ਨੂੰ ਉਧਾਲ ਕੇ ਲੈ ਆਉਣ ਲਈ ਤਿਆਰ ਹੋਣਾ, ਭੈਣ, ਮਾਂ, ਪਿਉ ਦਾ ਰੋਕਣਾ, ਮਿਰਜ਼ੇ ਦਾ ਬੱਕੀ ਤੇ ਅਸਵਾਰ ਹ ਕੇ ਤੁਰ ਪੈਣਾ, ਚੜ੍ਹਦੇ ਦਾ ਪੱਲਾ ਅਟਕਣ ਦੀ ਬਦਸਗਨੀ ਹੋਣਾ, ਮੁੜ ਵੰਝਲੀ ਦੀ ਸਿੱਖਿਆ

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਵੰਝਲੀ ਦੇਂਦਾ ਮੱਤ
ਭੱਠ ਰੰਨਾ ਦੀ ਦੋਸਤੀ ਖੁੱਰੀ ਜਿਨ੍ਹਾਂ ਦੀ ਮੱਤ
ਹੱਸ ਹੱਸ ਲਾਉਂਦੀਆਂ ਯਾਰੀਆਂ, ਰੋ ਰੋ ਦੇਂਦੀਆਂ ਦਸ। ਆਦਿ ਦਾ ਜ਼ਿਕਰ ਹੈ।

ਪਰ ਅੰਤ ਵਿਚ ਸਾਹਿਬ ਨੂੰ ਛੱਡ ਕੇ ਨਾ ਆਉਣ ਬਾਰੇ ਉਪਦੇਸ਼ ਅੰਕਿਤ ਹੈ। ਇਸ ਲਘੂ ਕਥਾਨ ਵਿਚ ਦੋ ਪ੍ਰਮੁੱਖ ਪਾਤਰ ਮਿਰਜ਼ਾ ਅਤੇ ਸਾਹਿਬਾਂ ਦੀ ਪਾਤਰ ਉਸਾਰੀ ਤੇ ਵੀ ਕਵੀ ਦੀ ਕਾਵਿਧਾਰਾ ਕਲਾ ਆਪਣੇ ਅੰਤਿਮ ਸ਼ਿਖਰ ਤੇ ਪੁੱਜਦੀ ਦਿਸਦੀ ਹੈ। ਨਾਇਕ ਦੇ ਸੌਂਦਰਯ ਨਿਰੂਪਣ ਵਿਚ ਬਿਆਨ ਦੀ ਸਾਦਗੀ ਅਤੇ ਨਾ ਕਿ ਦੀ ਸੂਰਬੀਰਤਾ ਦੇ ਵਰਣਨ ਵਿਚ ਕਵੀ ਦਾ ਕਮਾਲ ਵੇਖਿਆ ਜਾ ਸਕਦਾ ਹੈ:

1. ਕਢ ਕਲੇਜਾ ਲੈ ਗਈ, ਖੀਵੇ ਦੀ ਧੀ।
   ਗਜ ਗਜ ਲੰਮੀਅ ਮੇਢੀਆਂ ਰੰਗ ਜੋ ਗੋਰਾ ਸੀ।
2. ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹਟ।
   ਪਕੜ ਨਾ ਜਾਣੇ ਤਕੜੀ, ਹਾੜ ਨਾ ਜਾਣੇ ਵਟ।

ਨਾਇਕ ਦੀ ਅਖੜਤਾ ਤੇ ਗਰਬੀਲੀ ਸ਼ਖ਼ਸੀਅਤ ਦਾ ਉਪਮਾ ਰਾਹੀਂ ਬਿਆਨ ਕਵੀ ਦੀ ਅਲੰਕਾਰਿਕ ਸੂਝ ਦਾ ਸੂਚਕ ਹੈ:

ਵਲ ਵਲ ਵਢ ਦਿਆਂ ਸੂਰਮੇ ਜਿਉਂ ਖੇਤੀ ਨੂੰ ਪੈਣ ਰਾੜੇ।
ਸਿਰ ਸਿਆਲਾਂ ਦੇ ਵਢ ਕੇ ਸਿਟੂੰਗਾ ਵਿਚ ਰੜੇ।

ਉਕਤ ਦੋਹਾਂ ਪੰਕਤੀਆਂ ਵਿਚ ਵ ਅਤੇ ਸ ਦੀ ਆਵ੍ਰਿਤੀ ਅਲੰਕਾਰ ਦੀ ਸੁੰਦਰਤਾ ਨੂੰ ਪ੍ਰਗਟਾਉਂਦੀ ਹੈ।

ਨਾਰੀ ਨਿੰਦਾ ਦੀ ਪਰੰਪਰਾ ਦਾ ਕਿੱਸਾ ਸਾਹਿਤ ਵਿਚ ਵਰਣਨ ਸ਼ਾਇਦ ਪੀਲੂ ਤੋਂ ਹੀ ਸ਼ੁਰੂ ਹੁੰਦਾ ਹੈ। ਇਸ ਗੱਲ ਵੱਲ ਉੱਪਰ ਇਸ਼ਾਰਾ ਕੀਤਾ ਜਾ ਚੁੱਕਿਆ ਹੈ। ਪੀਲੂ ਦੇ ਉਕਤ ਦੋਵੇਂ ਪਾਤਰ ਹੋਣੀ ਦੇ ਸ਼ਿਕਾਰ ਹਨ।

ਹੋਣੀ ਮਿਰਜ਼ੇ ਤੇ ਕੁਦ ਪਈ ਰਲੀ ਸਿਆਲਾਂ ਦੇ ਨਾਲ
ਛੁਟੀ ਕਾਨੀ ਗੈਬ ਦੀ ਲੈ ਗਈ ਮਿਰਜੇ ਨੂੰ ਨਾਲ।
ਮਿਰਜ਼ਾ ਮਾਰਿਆ ਮਲੁਕਤ ਮੌਤ ਦਾ, ਕੁਝ ਮਾਰਿਆ ਖ਼ੁਦੀ ਗੁਮਾਨ।

ਵਿਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਜੁਆਨ।

ਛੰਦ ਵਿਧਾਨ ਦੀ ਦ੍ਰਿਸ਼ਟੀ ਤੋਂ ਉਕਤ ਕਾਵਿਧਾਰਾ ਸਦ ਛੰਦ ਵਿਚ ਲਿਖਿਆ ਗਿਆ ਹੈ ਜਿਹੜਾ ਆਪਣੀ ਲੰਬੀ ਹੇਕ ਲਈ ਪ੍ਰਸਿੱਧ ਹੈ। ਇਹ ਸਦ ਵਧੇਰੇ ਚਾਰ ਤੁਕਾਂ ਦਾ ਛੰਦ ਹੈ। ਪਰ ਕਈ ਥਾਵਾਂ ਤੇ ਕਵੀ ਨੇ ਸੁਤੰਤਰਤਾ ਵਰਤੀ ਹੈ ਤੇ ਦੋ ਤੁਕਾਂ ਤਦੇ ਤਿੰਨ ਤੁਕਾਂ ਵਿਚ ਵੀ ਇਸ ਦੀ ਵਰਤੋਂ ਕੀਤੀ ਹੈ। ਸੱਦ ਦਾ ਅਰਥ ਹਵਾ ਜਾਂ ਹੋਕਾ ਹੈ। ਇਸੇ ਸੱਦ ਨੂੰ ਵਿਭਿੰਨ ਆਸ਼ਾਵਾਂ ਦੇ ਰੂਪ ਵਿਚ ਵੀ ਸੱਦਿਆ ਗਿਆ ਹੈ। ਇਹ ਬੀਰ ਅਤੇ ਕਰੁਣਾ ਰਸ ਦੇ ਚਿਤਰਨ ਲਈ ਬੜਾ ਢੁਕਵਾਂ ਛੰਦ ਹੈ।

ਅਲੰਕਾਰ ਵਿਧਾਨ ਦੀ ਦ੍ਰਿਸ਼ਟੀ ਤੋਂ ਵੀ ਇਹ ਕਿੱਸਾ ਇਕ ਸਫਲ ਰਚਨਾ ਹੈ। ਇਸ ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਆਦਿ ਅਨੇਕ ਅਲੰਕਾਰਾਂ ਦੇ ਉਦਾਹਰਨ ਵੇਖੇ ਜਾ ਸਕਦੇ ਹਨ। ਕੁਝ ਮਿਸਾਲਾਂ ਵੇਖੋ:

ਉਪਮਾ - ਤੇਰੇ ਸਿਰ ਸਾਗਾਂ ਵਜਦੀਆਂ, ਜਿਉ ਲੋਹੇ ਪਰੇ ਨੰਗਾਨ

ਦ੍ਰਿਸ਼ਟਾਂਤ - ਤੇਗਾਂ ਮਾਰ ਉਡਾਂਵਦਾ, ਜਿਉਂ ਪੇਂਜਾ ਪਿੰਜਦਾ ਰੂੰ।

ਅਤਿਕਥਨੀ - ਬੱਕੀ ਤੋਂ ਡਰਨ ਫਰਿਸਤੇ, ਮੈਥੋਂ ਡਰੇ ਖੁਦਾ।

ਰੂਪਕ - ਮਿਰਜਾ ਫੁਲ ਗੁਲਾਬ ਦਾ ਮੇਰੀ ਝੋਲੀ ਟੁਟ ਪਿਆ।

ਮਾਨਵੀਕਰਣ - ਇਕ ਲਤਾੜੇ ਆਦਮੀ, ਬਰਫ ਲਤਾੜੇ ਰੁਖ।

ਭਾਸ਼ਾ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਮਾਝੀ ਉਪਭਾਸ਼ਾ ਦੀ ਰਚਨਾ ਹੈ। ਪਰ ਫ਼ਾਰਸੀ ਦੀ ਆਮ ਪ੍ਰਚੱਲਿਤ ਸ਼ਬਦਾਵਲੀ ਦੇ ਤਤਸਮ ਅਤੇ ਤਦਭਵ ਰੂਪ ਵੀ ਇਸ ਦਾ ਸ਼ਿੰਗਾਰ ਹਨ। ਪੀਲੂ ਲੋਕ ਕਵੀ ਹੋਣ ਵਜੋਂ ਜਨ ਸਾਧਾਰਨ ਵਿਚ ਪ੍ਰਚੱਲਿਤ ਮੁਹਾਵਰੇ ਤੇ ਅਖਾਣਾਂ ਦੀ ਵੀ ਸੁੰਦਰ ਵਰਤੋਂ ਕਰਦਾ ਹੈ। ਜਿਵੇਂ ਮੇਰੇ ਝਾਟੇ ਤੇਲ ਨਾ ਪਾ, ਸੋਹਲੇ ਗਾਉਣਾ, ਵਣਜ ਗੁਆਉਣਾ, ਪਲਾ ਅਟਕਣਾ ਆਦਿ ਇਹ ਉਸ ਦੀ ਭਾਸ਼ਾਈ ਅਮੀਰੀ ਦੀ ਸਾਖੀ ਭਰਦੇ ਹਨ। ਇਹੋ ਹੀ ਨਹੀਂ, ਸਗੋਂ ਕਈ ਥਾਂਵਾਂ ਤੇ ਉਸ ਦੇ ਵਾਕ ਅਟੱਲ ਸਚਿਆਈਆਂ ਬਣੇ ਹੋਏ ਹਨ।

### (3) ਵਾਰਿਸ ਸ਼ਾਹ

ਪੰਜਾਬੀ ਭਾਸ਼ਾ ਨੂੰ ਲੋਕਪ੍ਰਿਅਤਾ ਪ੍ਰਦਾਨ ਕਰਨ ਵਾਲੇ ਸ਼ਰੋਮਣੀ ਕਿੱਸਾਕਾਰ ਵਾਰਿਸ ਸ਼ਾਹ ਦੇ ਜੀਵਨ ਬਾਰੇ ਲਿਖਤੀ ਸਬੂਤਾਂ ਦੀ ਅਣਹੋਂਦ ਵਜੋਂ ਅਨੁਮਾਨ46 ਦੇ ਆਧਾਰ ਤੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਦਾ ਜਨਮ 1735 ਈ ਵਿਚ ਜੰਡਿਆਲਾ ਸ਼ੇਰ ਖਾਂ, ਜ਼ਿਲ੍ਹਾ ਸ਼ੇਰਪੁਰਾ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਕੋਈ ਗੁਲੈਸ਼ੇਰ ਸ਼ਾਹ ਦੱਸਦਾ ਹੈ ਤੇ ਕੋਈ ਕੁਤਬ ਸ਼ਾਹ ਦੱਸਦਾ ਹੈ। ਇਨ੍ਹਾਂ ਦੇ ਉਸਤਾਦ ਦਾ ਨਾਂ ਮਖਦੂਮ ਕਸੂਰੀ ਸੀ। ਇਨ੍ਹਾਂ ਤੱਥਾਂ ਬਾਰੇ ਉਸ ਦੀ ਰਚਨਾ ਵਿਚੋਂ ਹੇਠ ਲਿਖੇ ਸਕੇਤ ਮਿਲਦੇ ਹਨ :

1.ਵਾਰਸ ਸ਼ਾਹ ਵਸਨੀਕ ਜੰਡਿਆਲੜੇ ਦਾ
ਤੇ ਸ਼ਗਿਰਦ ਮਖਦੂਮ ਕਸੂਰ ਦਾ ਏ।

2.ਬਿਨਾ ਅਮਲ ਦੇ ਨਹੀਂ ਨਜਾਤ ਤੇਰੀ
ਪਿਆ ਮਰੇਂਗਾ ਕੁਤਬ ਦੇ ਬੇਟਿਆ ਓਏ।

ਵਾਰਿਸ ਸ਼ਾਹ ਦੇ ਦੋ ਭਰਾ ਕਾਦਿਰ ਸ਼ਾਹ ਅਤੇ ਬਹਾਦਰ ਸ਼ਾਹ ਨਾਂ ਦੱਸੇ ਜਾਂਦੇ ਹਨ ਜਿਨ੍ਹਾਂ ਦੇ ਬੁਰੇ ਸਲੂਕ ਵਜੋਂ ਵਾਰਿਸ ਸ਼ਾਹ ਘਰ ਤਿਆਗ ਕੇ ਕਸੂਰ ਚਲਾ ਗਿਆ। ਉਥੇ ਜਾ ਕੇ ਉਸ ਇਸਲਾਮੀ ਸਾਹਿਤ ਤੇ ਸੰਸਕ੍ਰਿਤੀ ਦਾ ਡੂੰਘਾ ਅਧਿਐਨ ਕੀਤਾ। ਕਸੂਰ ਤੋਂ ਪਾਕਪਟਨ ਗਿਆ ਤੇ ਉਥੋਂ ਦੇ ਸ਼ੇਖ ਫ਼ਰੀਦ ਦੀ ਗੱਦੀ ਦੇ ਜਾਨਸ਼ੀਨ ਪਾਸ ਠਹਿਰਿਆ ਪਰ ਉਥੇ ਵੀ ਉਸਦਾ ਦਿਲ ਨਾਂ ਲੱਗਿਆ ਤੇ ਉਹ ਠੱਟਾ ਜ਼ਾਹਦ ਨਾਂ ਦੇ ਪਿੰਡ ਦਾ ਜਾ ਨਿਵਾਸੀ ਬਣਿਆ। ਇੱਥੇ ਰਹਿੰਦੇ ਹੋਏ ਕਿਹਾ ਜਾਂਦਾ ਹੈ ਕਿ ਉਸ ਦਾ ਪਿਆਰ ਇਕ ਭਾਗਭਰੀ ਨਾ ਦੀ ਜੱਟੀ ਨਾਲ ਹੋ ਗਿਆ ਜਿਸ ਦੇ ਸਿਰੇ ਨਾ ਚੜ੍ਹਨ ਵਜੋਂ ਉਸ ਦੀ ਪ੍ਰਤੀਕ੍ਰਿਆ ਰੂਪ ਹੀਰ ਕਿੱਸੇ ਦੀ ਰਚਨਾ ਹੋਈ। ਪਰ ਇਸ ਦੰਦ ਕਥਾ ਨੂੰ ਡਾ ਮੋਹਨ ਸਿੰਘ ਦੀਵਾਨਾ ਕੋਲ ਕਲਪਿਤ ਮੰਨਦੇ ਹਨ ਤੇ ਲਿਖਦੇ ਹਨ ਭਾਗਭਰੀ ਕੋਈ ਖ਼ਾਸ ਇਸਤਰੀ ਨਹੀਂ ਹੋਈ ਅਤੇ ਨਾ ਹੀ ਵਾਰਿਸ ਦੀ ਕੋਈ ਪ੍ਰੇਮਿਕਾ ਸੀ। ਭਾਗਭਰੀ ਤਾਂ ਇਕ ਅਸੀਸ ਹੈ ਜਿਹੜੀ ਇਕ ਸੁਹਾਗਣ ਨੂੰ ਦਿੱਤੀ ਜਾਂਦੀ ਹੈ। ਵਾਰਿਸ ਸ਼ਾਹ ਨੇ ਇਹ ਗੁਨਾਹ ਜ਼ਰੂਰ ਕੀਤਾ ਕਿ ਉਨ੍ਹਾਂ ਇਸ ਸ਼ਬਦ ਦਾ ਚੌਹ ਪੰਜੀ ਥਾਂਈਂ ਪ੍ਰਯੋਗ ਜਾ ਕੀਤਾ। ਡਾ ਜੀਤ ਸਿੰਘ ਸੀਤਲ ਅਨੁਸਾਰ ਵਾਰਿਸ ਸ਼ਾਹ ਇਕ ਹਕੀਕੀ ਦਾ ਪਰਵਾਨ ਅਤੇ ਉੱਚਕੋਟੀ ਦਾ ਕਵੀ ਸੀ। ਉਸ ਨੂੰ ਰੱਬ ਦੀ ਤਾਂਘ ਸੀ ਅਤੇ ਉਸੇ ਦੇ ਦੀਦਾਰ ਦੀ ਚਾਹ ਸੀ :

1 ਵਾਰਿਸ ਸ਼ਾਹ ਨਾ ਰੱਬ ਬਿਨ ਤਾਂਘ ਕੋਈ।

2. ਵਾਰਿਸ ਸ਼ਾਹ ਨੂੰ ਸਿਕ ਦੀਦਾਰ ਦੀ ਸੀ

ਜੇਹੀ ਹੀਰ ਨੂੰ ਭਟਕਣਾ ਯਾਰ ਦੀ ਸੀ।

**ਰਚਨਾ** : ਵਾਰਿਸ ਰਚਿਤ ਹੀਰ ਪੰਜਾਬੀ ਸਾਹਿਤ ਦਾ ਗੌਰਵ ਗ੍ਰੰਥ ਹੈ ਅਤੇ ਕਿੱਸਾ ਸਾਹਿਤ ਵਿਚੋਂ ਸਭ ਤੋਂ ਵੱਧ ਹਰਮਨ-ਪਿਆਰਾ ਕਿੱਸਾ ਹੈ। ਵਾਰਿਸ ਨੇ ਇਹ ਕਿੱਸਾ ਮੁਲਕਾਂ ਹਾਸ ਵਿਚ 1180 ਹਿਜਰੀ ਤਦ ਅਨੁਸਾਰ 1767-68 ਈ਼ ਵਿਚ ਲਿਖਿਆ। ਇਸੇ ਕਿੱਸੇ ਤੋਂ ਇਲਾਵਾ ਵਿਦਵਾਨਾਂ ਨੇ ਵਾਰਿਸ ਸ਼ਾਹ ਦੀਆਂ ਹੋਰ ਵੀ ਅਨੇਕ ਪੁਸਤਕਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੀ ਗਿਣਤੀ ਕੋਈ 11 ਦੇ ਲਗਭਗ ਹੈ ਪਰ ਸਭ ਵਾਰਿਸ ਨੇ ਹੀ ਲਿਖੀਆਂ ਹਨ ਜਾਂ ਉਨ੍ਹਾਂ ਦੇ ਨਾਂ ਹੇਠ ਹੋਰ ਲਿਖਾਰੀਆਂ ਨੇ ਲਿਖ ਦਿੱਤੀਆਂ ਹਨ, ਇਸ ਬਾਰੇ ਅਜੇ ਖੋਜ ਬਾਕੀ ਹੈ। ਉਹ ਪੁਸਤਕਾਂ ਇਸ ਤਰ੍ਹਾਂ ਹਨ 1 ਹੀਰ ਰਾਂਝਾ, 2 ਸੀਹਰਫ਼ੀ ਲਾਹੌਰ, 3 ਮਿਅਰਾਜ ਨਾਮਾ, 4 ਚੂਹੇਟੜੀ ਨਾਮਾ, 5 ਉਤਰਨਾਮਾ, 6 ਕਿੱਸਾ ਸੱਸੀ ਪੁੰਨੂ, 7 ਨਸੀਅਤ ਨਾਮਾ, 8 ਬੋਹੜਾਜਾਤ, 9 ਬਾਰਾ ਮਾਹ, 10 ਗਜਲ, 11 ਕਸੀਦਾ ਬਰਦਾ ਦਾ ਕਵਿਤਾ ਵਿਚ ਅਨੁਵਾਦ।

ਉਕਤ ਕਿਤਾਬਾਂ ਦੀ ਸੂਚੀ ਬਾਰੇ ਪ੍ਰਮਾਣਿਕ ਸਬੂਤਾਂ ਦੀ ਅਣਹੋਂਦ ਕਾਰਨ ਕੁਝ ਅਜਿਹੇ ਵਿਦਵਾਨ ਵੀ ਹਨ ਜਿਹੜੇ ਵਾਰਿਸ ਸ਼ਾਹ ਦੀ ਇੱਕੋ ਰਚਨਾ ਹੀਰ ਨੂੰ ਹੀ ਪ੍ਰਮਾਣਿਕ ਮੰਨਦੇ ਹਨ ਤੇ ਕਹਿੰਦੇ ਹਨ ਕਿ ਵਾਰਿਸ ਸ਼ਾਹ ਨੇ ਇੱਕੋ ਹੀਰ ਹੀ ਲਿਖੀ ਹੈ ਜਿਸ ਲਈ ਉਹ ਕਵੀ ਅਹਿਮਦ ਯਾਰ ਦੀਆਂ ਹੇਠ ਲਿਖੀਆਂ ਪੰਕਤੀਆਂ ਪ੍ਰਮਾਣ ਵਜੋਂ ਪੇਸ਼ ਕਰਦੇ ਹਨ :

ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ ਆਪਣੀ ਉਮਰ ਲੰਘਾਈ।

ਪਰ ਉਸ ਕਿੱਸਿਆਂ ਵਿਚੋਂ ਏਹੋ ਇਕ ਹੀਰ ਬਣਾਈ।

ਕਿੱਸਾਕਾਰ ਮੁਹੰਮਦ ਬਖਸ, ਬਾਵਾ ਬੁੱਧ ਸਿੰਘ, ਅਤੇ, ਡਾ ਸੀਤਲ ਆਦਿ ਦੀ ਇਕ ਮਤ ਹੋ ਕੇ ਹੀਰ ਨੂੰ ਹੀ ਵਾਰਿਸ ਦੀ ਪਹਿਲੀ ਤੇ ਆਖ਼ਰੀ ਰਚਨਾ ਸਵੀਕਾਰ ਕਰਦੇ ਹਨ।

**ਕਾਵਿਧਾਰਾ ਸੰਦਰ** : ਹੀਰ ਵਾਰਿਸ ਪੰਜਾਬੀ ਜਨ ਜੀਵਨ ਦਾ ਕੁਰਾਨ ਹੈ। ਇਸ ਦੀ ਵਿਸ਼ੇ ਵਸਤੂ ਦਾ ਆਧਾਰ ਹੀਰ ਰਾਂਝੇ ਦੀ ਲੋਕ-ਕਥਾ ਹੈ। ਵਾਰਿਸ ਨੇ ਆਪਣੇ ਪੂਰਵ ਕਾਲੀ ਕਿੱਸਾਕਾਰਾਂ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਅਤੇ ਆਪਣੀ ਮੌਲਿਕ, ਪ੍ਰਤੀਭਾ ਅਨੁਸਾਰ ਉਸ ਵਿਚ ਅਨੇਕ ਪਰਿਵਰਤਨ ਕਰਕੇ ਆਪਣੇ ਆਪ ਨੂੰ ਇਕ ਮਹਾਂਵੀਰ ਦੇ ਰੂਪ ਵਿਚ ਪ੍ਰਸਿੱਧ ਕੀਤਾ। ਉਸ ਦਾ ਹਰ ਇਕ ਸ਼ੇਅਰ ਜਾਦੂ ਦਾ ਅਸਰ ਰੱਖਦਾ ਹੈ:

ਬਾਤ ਬਾਤ ਵਿਚ ਤੇਰੀ ਹੈਣ ਕਾਮਣ,

ਵਾਰਿਸ ਸ਼ਾਹ ਦਾ ਸ਼ਿਅਰ ਕੀ ਸ਼ਿਹਰ ਹੈ ਨੀ।

ਇਸ ਸ਼ਿਅਰ ਸੁਖਨ ਦੇ ਵਾਰਿਸ ਦੀ ਪਿਛਲੇਰੇ ਸਭ ਕਵੀਆਂ ਨੇ ਪ੍ਰਸ਼ੰਸਾ ਕੀਤੀ ਹੈ। ਅਹਿਮਦ ਯਾਰ ਅਤੇ ਮੁਹੰਮਦ ਬਖਸ ਦੀਆਂ ਸ਼ਰਧਾਜਲੀਆਂ ਪ੍ਰਮਾਣ ਸਰੂਪ ਪੇਸ਼ ਕੀਤੀਆਂ ਜਾ ਸਕਦੀਆਂ ਹਨ:

5. ਜੋ ਅਟਕਲ ਮੂਸ਼ਬਨ ਬੰਨਣ ਦੀ ਉਸ, ਸੋ ਮੈਂ ਨਾਹੀਂ ਕਾਈ।
   ਵਡਾ ਤਅੱਜਬ ਆਵੇ ਯਾਰੋ ਵੇਖ ਉਸ ਦੀ ਵਡਿਆਈ। (ਅਹਿਮਦ ਯਾਰ)
6. ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਉਨ੍ਹਾਂ ਨੂੰ
   ਸ਼ਿਅਰ ਉਹਦੇ ਤੇ ਉਂਗਲੀ ਧਰਨੀ, ਨਹੀਂ ਕਦਰ ਅਸਾਨੂੰ। (ਮੁਹੰਮਦ ਬਖੈਸੈਫੁਲ ਮਲੂਕ)

ਵਾਰਿਸ ਦੀ ਹੀਰ ਤਤਕਾਲੀਨ ਸਮਾਜਿਕ, ਸਾਂਸਕ੍ਰਿਤਿਕ, ਧਾਰਮਿਕ ਹਾਲਾਤਾਂ ਦੀ ਜੀਂਦੀ ਜਾਗਦੀ ਤਸਵੀਰ ਹੈ। ਪ੍ਰੇਮ-ਵਿਵਾਹ ਨੂੰ ਸਮਾਜਿਕ ਸਵੀਕ੍ਰਿਤੀ ਜਾਗੀਰਦਾਰੀ ਯੁੱਗ ਨੇ ਨਹੀਂ ਦਿੱਤੀ ਸੀ। ਹੀਰ ਦੀ ਪ੍ਰਾਪਤੀ ਲਈ ਰਾਂਝੇ ਦੀ ਤੜਪ ਜਾਂ ਰਾਝੇ ਦੀ ਪ੍ਰਾਪਤੀ ਲਈ ਹੀਰ ਦੀ ਇਸ਼ਕ ਦੀ ਦਰਦ ਭਰੀ ਕਹਾਣੀ ਇਸ ਕਿੱਸੇ ਵਿਚ ਅੰਕਿਤ ਹੈ। ਇਸ ਪ੍ਰੇਮਜੋੜੀ ਦੇ ਪ੍ਰੇਮ ਮਿਜਾਜ਼ੀ ਰੂਪ ਨੂੰ ਕਵੀ ਕਿੱਸੇ ਦੇ ਅੰਤ ਵਿਚ ਹਕੀਕੀ ਰੂਪ ਪ੍ਰਦਾਨ ਕਰਦਾ ਹੈ।

ਇਸ ਕਿੱਸੇ ਦੀ ਸ਼ੈਲੀ ਭਾਰਤੀ ਪ੍ਰੇਮ-ਪਿਆਰ ਮਹਾਂਕਾਵਿ ਦੀ ਪਰੰਪਰਾ ਨੂੰ ਵੀ ਅਗੇ ਤੋਰਦੀ ਹੈ ਅਤੇ ਫ਼ਾਰਸੀ ਮਸਨਵੀ ਦੇ ਨੇਮਾਂ ਦੀ ਵੀ ਪਾਲਨਾ ਕਰਦੀ ਪ੍ਰਤੀਤ ਹੁੰਦੀ ਹੈ। ਇਸ ਵਿਚ ਵਰਣਨਾਤਮਕਤਾ, ਨਾਟਕੀ ਸੰਵਾਦ, ਪ੍ਰਕ੍ਰਿਤੀ, ਚਿਤਰਨ, ਆਲੰਕਾਰਿਕਤ, ਸੰਗੀਤਾਤਮਕਤਾ, ਰਸਾਤਮਕਤਾ ਆਦਿ ਅਨੇਕ ਕਾਵਿ ਗੁਣ ਹਨ ਜਿਨ੍ਹਾਂ ਕਾਰਨ ਇਹ ਰਚਨਾ ਆਮ ਜਨਤਾ ਦਾ ਕੰਠਹਾਰ ਬਣੀ ਹੋਈ ਹੈ। ਇਹ ਬੈਂਤ ਛੰਦ ਵਿਚ ਰਚੀ ਗਈ ਹੈ। ਇਸ ਵਿਚ ਤੁਕਾਂ ਦੀ ਗਿਣਤੀ ਦੀ ਬੰਦੈ ਦੀ ਅਣਹੋਂਦ ਇਸ ਨੂੰ ਰਸਾਤਮਕਤਾ ਪ੍ਰਦਾਨ ਕਰਦੀ ਹੈ। ਬੇਸ਼ੱਕ ਇਸ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ ਪਰ ਹੋਰ ਰਸਾਂ ਦੇ ਚਿੱਤਰ ਵੀ ਇਸ ਵਿਚ ਅੰਕਿਤ ਹਨ।

ਕਵੀ ਵਾਰਿਸ ਸ਼ਾਹ ਦੀ ਬਹੁਪੱਖੀ ਪ੍ਰਤੀਭਾ ਦੀ ਝਲਕ ਤਦ ਵੇਖੀ ਜਾ ਸਕਦੀ ਹੈ ਜਦ ਉਹ ਹਰ ਵਿਸ਼ੇ ਉਤੇ ਆਪਣਾ ਵਿਸਕੋਸ਼ੀ ਗਿਆਨ ਲੰਮੀਆਂ ਲੰਮੀਆਂ ਸੂਚੀਆਂ ਰਾਹੀਂ ਪ੍ਰਗਟ ਕਰਦਾ ਹੈ। ਕਲਾਮੈਇਰ ਰਾਹੀਂ ਉਹ ਜੀਵਨ ਦੀਆਂ ਅਟੱਲ ਸੱਚਾਈਆਂ ਦਾ ਨਿਰੂਪਣ ਕਰਦਾ ਹੈ। ਹਿੰਦੂ ਤੇ ਮੁਸਲਿਮ ਇਤਿਹਾਸ ਤੇ ਮਿਥਿਹਾਸ ਦੀ ਅਦੁੱਤੀ ਜਾਣਕਾਰੀ, ਢੁੱਕਵੀਂ ਸ਼ਬਦਾਵਲੀ, ਕਰਾਮਾਤੀ ਅੰਸ਼ਾਂ ਦਾ ਨਿਰੂਪਣ,

ਪਾਤਰਾਂ ਦਾ ਮਨੋਵਿਗਿਆਨਕ ਵਿਲੇਸ਼ਣ, ਮੁਹਾਵਰਾਬਾਜ਼ੀ ਤੇ ਅਖੌਤਾ ਦੀ ਵਰਤੋਂ, ਸ਼ਬਦ ਤੇ ਅਰਥ ਅਲੰਕਾਰਾਂ ਦੀ ਅਨੂਪਮ ਜੜ੍ਹਤ ਆਦਿ ਅਨੇਕ ਵਿਸ਼ੇਸ਼ਤਾਵਾਂ ਵਾਰਿਸ ਦੀ ਹੀਰ ਨੂੰ ਸਦੀਵੀ ਅਮਰਤਾ ਪ੍ਰਦਾਨ ਕਰਦੀਆਂ ਹਨ।

### (4) ਹਾਸ਼ਮ

ਪੰਜਾਬੀ ਦੇ ਸ਼ਰੋਮਣੀ ਕਿੱਸਾ ਕਵੀ ਹਾਸ਼ਮ ਸ਼ਾਹ ਦੇ ਜੀਵਨ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਰਿਹਾ ਹੈ। ਕੋਈ ਸਾਹਿਤ ਦਾ ਇਤਿਹਾਸਕਾਰ ਉਸ ਨੂੰ ਅਨਪੜ੍ਹ ਦਸਦਾ ਹੈ।48 ਕੋਈ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਵੀ ਸਿੱਧ ਕਰਦਾ ਹੈ।49 ਪਰ ਬਹੁਤੇ ਆਲੋਚਕ ਉਸ ਨੂੰ ਰਾਜ ਕਵੀ ਨਾ ਸਵੀਕਾਰ ਕਰਕੇ ਰਾਜੇ ਦਾ ਇਕ ਜਗੀਰਦਾਰ ਮੰਨਦੇ ਹਨ। 50 ਇਸੇ ਤਰ੍ਹਾਂ ਉਨ੍ਹਾਂ ਦਾ ਜਨਮ ਅਤੇ ਮੌਤ ਦੇ ਸੰਨ ਬਾਰੇ ਵੀ ਮਤਭੇਦ ਮਿਲਦੇ ਹਨ। ਪਰ ਹੁਣ ਵਧੇਰੇ ਆਲੋਚਕ ਉਨ੍ਹਾਂ ਨੂੰ ਹਾਜੀ ਮੁਹੰਮਦ ਸਰਹਫ ਦਾ ਪੁੱਤਰ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਦਾ ਜਨਮ ਸੰਨ 1752 ਈ ਵਿਚ ਪਿੰਡ ਜਗਦੇਉ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ਦਸਦੇ ਹਨ। ਇਹ ਕੁਰੈਸ਼ੀ ਜਾਤ ਦੇ ਸਨ ਅਤੇ ਇਨ੍ਹਾਂ ਦਾ ਪਰਿਵਾਰਿਕ ਪੇਸ਼ਾ ਤਰਖਾਣਾ ਸੀ। ਇਨ੍ਹਾਂ ਦੇ ਦੋ ਨਿੱਕੇ ਭਰਾ ਸਨ ਰਹਿਮਤੁਲਾ ਅਤੇ ਕਾਸਮ ਸ਼ਾਹ। ਕਾਸਮ ਸ਼ਾਹ ਨਿੱਕੀ ਉਮਰੇ ਹੀ ਮਰ ਗਿਆ ਸੀ ਅਤੇ ਹਾਸ਼ਮ ਤੇ ਰਹਿਮਤੁਲਾ ਨੇ ਆਪਣਾ ਜੀਵਨ ਜਗਦੇਉ ਕਲਾ ਵਿਚ ਬਿਤਾਇਆ। ਹਕੀਮੀ ਅਤੇ ਫਕੀਰੀ ਹਾਸ਼ਮ ਨੂੰ ਵਿਰਸੇ ਵਿਚ ਮਿਲੀ ਸੀ। ਇਨ੍ਹਾਂ ਅਰਬੀ ਫ਼ਾਰਸੀ ਦੀ ਵਿੱਦਿਆ ਆਪਣੇ ਬਾਪ ਪਾਸੋਂ ਸਿਖੀ ਸੀ ਅਤੇ ਰਮਲ ਤੇ ਜੋਤਿ਼ ਦਾ ਵੀ ਇਨ੍ਹਾਂ ਨੂੰ ਚੰਗਾ ਗਿਆਨ ਸੀ। ਇੰਨਾ ਕਈ ਵੇਰੀ ਮੱਕੇ ਦੀ ਯਾਤਰਾ ਵੀ ਕੀਤੀ ਸੀ। ਇਨ੍ਹਾਂ ਦੇ ਮਹਾਰਾਜਾ ਰਣਜੀਤ ਦੇ ਦਰਬਾਰੀ ਕਵੀ ਹੋਣ ਬਾਰੇ ਰਿਵਾਇਤ ਪ੍ਰਚੱਲਿਤ ਹੈ। ਪਰ ਇਤਿਹਾਸ ਇਸ ਬਾਰੇ ਕੋਈ ਗਵਾਹੀ ਨਹੀਂ ਦਿੰਦਾ। ਕੁਸ਼ਤਾ ਅਤੇ ਡਾ ਮੋਹਨ ਸਿੰਘ ਦਾ ਵਿਚਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ: ਮਹਾਂ ਸਿੰਘ ਦੇ ਦੇਹਾਂਤ (1890 ਈ) ਸਮੇਂ ਹਾਸ਼ਮ ਨੇ ਇਕ ਮਰਸੀਆ ਲਿਖਿਆ ਤੇ ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਕ੍ਰਿਪਾ ਪਾਤਰ ਬਣੇ ਤੇ ਇਨ੍ਹਾਂ ਨੂੰ ਇਨਾਮ ਵਿਚ ਜਾਗੀਰ ਮਿਲੀ। ਇਸ ਤੱਥ ਬਾਰੇ ਇਤਿਹਾਸਕ ਗਵਾਹੀ ਦੀ ਅਣਹੋਂਦ ਕਾਰਨ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਦੇਹਾਂਤ 1823 ਈ ਵਿਚ ਹੋਇਆ ਸਵੀਕਾਰ ਕੀਤਾ ਜਾਂਦਾ ਹੈ। ਇਨ੍ਹਾਂ ਦਾ ਦੇਹਾਂਤ ਜਗਦੇਉ ਸਥਾਨ ਤੇ ਹੀ ਹੋਇਆ ਸੀ ਪਰ ਇਨ੍ਹਾਂ ਦੀ ਕਬਰ ਬਰਬਾਲ ਵਿਚ ਹੀ ਬਣੀ ਹੋਈ ਹੈ।51

**ਰਚਨਾ** : ਇਨ੍ਹਾਂ ਦੀ ਕਾਵਿ ਰਚਨਾ ਪੰਜਾਬੀ ਤੋਂ ਇਲਾਵਾ ਫ਼ਾਰਸੀ ਤੇ ਹਿੰਦੀ ਵਿਚ ਵੀ ਮਿਲਦੀ ਹੈ। ਪੰਜਾਬੀ ਵਿਚ ਦੋਹੜੇ, ਕਿੱਸਾ ਸੱਸੀ ਪੁੰਨੂ, ਕਿੱਸਾ ਸ਼ੀਰੀ ਫਰਿਹਾਦ, ਕਿੱਸਾ ਸੋਹਣੀ ਮਹੀਂਵਾਲ, ਕਿੱਸਾ ਹੀਰ ਰਾਂਝਾ, ਡਿਉਡਾ, ਸਹੀਰਫੀ ਅਤੇ ਮੁਨਾਜਾਤ ਆਦਿ ਅਤੇ ਫ਼ਾਰਸੀ ਵਿਚ ਪੰਜਾਬੀ ਅਦਬ ਦੇ ਲੇਖਕ ਮੁਹੰਮਦ ਸਰਵਰ ਅਨੁਸਾਰ ਗੈਲੀਆਤ ਅਤੇ ਯੂਸਫ ਜੁਲੈਖਾਂ ਦੋ ਰਚਨਾਵਾਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਚਾਰ ਬਹਿਰ ਹਾਸਮ ਅਤੇ ਗੰਜਿ ਮੁਆਨੀ (ਫਕਰਨਾਮਾ) ਦਾ ਵੀ ਕ੍ਰਮ ਅਨੁਸਾਰ ਅਮੋਲ ਤੇ ਡਾ ਸ਼ਾਨ ਨੇ ਜ਼ਿਕਰ ਕੀਤਾ ਹੈ। ਪਰ ਇਨ੍ਹਾਂ ਦਾ ਅਜੇ ਦੀਕ ਕੋਈ ਪ੍ਰਮਾਣਿਕ ਖਰੜਾ ਨਹੀਂ ਮਿਲਿਆ। ਹਿੰਦੀ ਵਿਚ ਗਿਆਨ ਪ੍ਰਕਾਸ਼, ਦੋਹਰੇ, ਟੀਕਾ, ਪੰਜਗ੍ਰੰਥੀ, ਟੀਕਾ ਗਿਆਨਮਾਲਾ, ਚਿੰਤਾਹਰ ਅਤੇ ਰਾਜਨੀਤੀ ਆਦਿ ਰਚਨਾਵਾਂ ਇਹਨਾਂ ਦੇ ਨਾਮ ਨਾਲ ਜੋੜੀਆਂ ਜਾਂਦੀਆਂ ਹਨ।

ਪੰਜਾਬੀ ਦੇ ਉਕਤ ਤਿੰਨ ਕਿੱਸੇ (ਸੱਸੀ ਪੁੰਨੂ, ਸੋਹਣੀ ਮਹੀਂਵਾਲ ਤੇ ਸ਼ੀਰੀ ਫਰਿਹਾਦ) 208 ਦੋਹੜੇ, ਕੁਝ ਡਿਉਡਾਂ ਤੋਂ ਇਲਾਵਾ ਸਾਰੀ ਰਚਨਾ ਅਣਛਪੀ ਅਵਸਥਾ ਵਿਚ ਹੈ।

**ਕਾਵਿਧਾਰਾ ਸੌਂਦਰਯ** : ਹਾਸ਼ਮ ਦੀ ਪ੍ਰਸਿੱਧੀ ਦਾ ਮੂਲ ਆਧਾਰ ਉਸ ਦਾ ਕਿੱਸਾ ਸੱਸੀ ਪੁੰਨੂ ਹੈ। ਇਹ ਉਸ ਦੀ ਰਵਾਨੀ ਦੀ ਅਤੇ ਪਹਿਲੀ ਕਿਰਤ ਜਾਪਦੀ ਹੈ ਜਿਸ ਵਿਚ ਸੰਪੂਰਨ ਪ੍ਰਤੀ ਦੇ ਜਸ ਗਾਉਣ ਤੋਂ ਬਿਨਾਂ ਕਵੀ ਦੀ ਹੋਰ ਕੋਈ ਔਂ ਨਹੀਂ ਪ੍ਰਤੀਤ ਹੁੰਦੀ।52 ਇਹ ਕੇਂਦਰੀ ਪੰਜਾਬੀ ਦੀ ਸਰਲ ਤੇ ਭਰਪੂਰ ਰਵਾਨੀ ਵਾਲੀ ਰਚਨਾ ਹੈ। ਇਹ 124 ਦਵੱਈਏ ਛੰਦਾਂ ਵਿਚ ਲਿਖਿਆ ਕਿੱਸਾ ਹੈ। ਡਾ ਸ਼ਾਨ ਦੇ ਸ਼ਬਦਾਂ ਵਿਚ ਸੱਯਦ ਹਾਸ਼ਮ ਸ਼ਾਹ ਦੀ ਵਡਿਆਈ ਕੇਵਲ ਉਨ੍ਹਾਂ ਦੇ ਵਿਸ਼ੇਵਸਤੂ ਦੀ ਮਹਾਨਤਾ ਵਿਚ ਹੀ ਨਹੀਂ ਸਗੋਂ ਸ਼ੈਲੀ ਦੀ ਸੁੰਦਰਤਾ ਤੇ ਕੁਸ਼ਲਤਾ ਵਿਚ ਵੀ ਹੈ। ਉਹ ਇਕ ਸੁਚੇਤ ਕਲਾਕਾਰ ਤੇ ਸੁਚੱਜੇ ਸ਼ੈਲੀਕਾਰ ਵੀ ਸਨ। ਉਨ੍ਹਾਂ ਦੀ ਕਵਿਤਾ ਦਾ ਲੋਹਾ ਮੀਆਂ ਮੁਹੰਮਦ ਬਖਸ ਜਿਹੇ ਪ੍ਰਸਿੱਧ ਕਵੀ ਤੇ ਸਿਆਣੇ ਸਮਾਲੋਚਕ ਨੇ ਵੀ ਮੰਨਿਆ ਹੈ। ਮੀਆਂ ਸਾਹਿਬ ਨੇ (ਅਹਿਮਦ ਯਾਰ ਵਾਂਗ) ਵਾਰਿਸ ਨੂੰ ਸੁਖਣ ਦਾ ਵਾਰਸ ਕਹਿਣ ਤੋਂ ਬਾਅਦ ਹਾਸ਼ਮ ਨੂੰ ਮੁਲਕ ਸੁਖਨ ਦਾ ਸਰਕਰਦਾ ਰਾਜ ਆਖਿਆ ਹੈ ਅਤੇ ਪੰਜਾਬੀ ਕਿੱਸਾਕਾਰੀ ਦੇ ਮੈਦਾਨ ਦਾ ਮਹਾਨ ਵਿਜੈਈ ਸਿੱਧ ਕੀਤਾ ਹੈ।53 ਸਚਮੁੱਚ ਹਾਸ਼ਮ ਦੀ ਕਾਵਿਧਾਰਾ ਕਲਾ ਦਰਦ ਤੇ ਸੋਜ, ਸੰਜਮ ਤੇ ਸੰਕੋਚ, ਬਿਆਨੀਆਂ ਸ਼ਕਤੀ, ਚੁਸਤੀ ਤੇ ਰਵਾਨੀ, ਸਹਿਜ ਸੁਭਾਵਕਤਾ, ਬਿੰਬਾਵਲੀ ਅਤੇ ਅਲੰਕਾਰ ਯੋਜਨਾ, ਸਰੋਦੀਪੁਣਾ, ਤੋਲਤੁਕਾਂਤ ਦਾ ਨਿਭਾਅ ਆਦਿ ਗੁਣਾਂ ਕਾਰਨ ਹਮੇਸ਼ਾ ਸਤਿਕਾਰੀ ਜਾਂਦੀ ਰਹੇਗੀ। ਇਹ ਉਨ੍ਹਾਂ ਦੀ ਸ਼ਾਹਕਾਰੀ ਕ੍ਰਿਤ ਉਨ੍ਹਾਂ ਨੂੰ ਅਮਰ ਰੱਖੇਗੀ।

ਕਿੱਸਾ ਸੋਹਣੀ ਮਹੰਵਾਲ ਕਵੀ ਨੇ ਸਭ ਤੋਂ ਪਹਿਲਾਂ ਰਚਣ ਦਾ ਦਾਅਵਾ ਕੀਤਾ ਹੈ। ਇਹ ਕਿੱਸਾ ਉਨ੍ਹਾਂ ਜਗਦੇਈ ਵਿਚ ਯਾਰਾਂ ਦਰਦਮੰਦਾਂ ਦੀ ਫਰਮਾਇਸ਼ ਤੇ ਲਿਖਿਆ ਹੈ। ਇਸ ਵਿਚ 151 ਦਵੱਈਏ ਛੰਦ ਹਨ। ਇਸ ਵਿਚ ਭਾਵੇਂ ਸੱਸੀ ਵਾਲੀ ਚਮਕ ਨਹੀਂ ਪਰ ਸੋਹਣੀ ਦੇ ਸਿਦਕ ਤੋਂ ਕਵੀ ਕੁਰਬਾਨ ਜਾਂਦਾ ਹੈ। ਇਸ ਵਿਚ ਚਮਤਕਾਰੀ ਅੰਸ਼ ਦੀ ਉੱਨੀ ਪ੍ਰਧਾਨਤਾ ਨਹੀਂ ਜਿੰਨੀ ਹੋਣੀ, ਮੌਤ ਤੇ ਦੁੱਖ ਦੀ ਲਾਚਾਰੀ ਦੀਆਂ ਦਰਦਨਾਕ ਤਸਵੀਰਾਂ ਅੰਕਿਤ ਹਨ। ਕਿੱਸਾ ਸ਼ੀਰੀ ਫਰਹਾਦ ਵਿਚ ਸ਼ੀਰੀ ਅਤੇ ਫਰਹਾਦ ਦੀ ਅਮਰ ਪ੍ਰੇਮਕਹਾਣੀ ਨੂੰ ਪੰਜਾਬੀ ਵਿਚ ਪਹਿਲੀ ਵੇਰ ਲਿਖਣ ਦਾ ਸਿਹਰਾ ਵੀ ਹਾਸ਼ਮ ਦੇ ਸਿਰ ਤੇ ਬਝਦਾ ਹੈ। ਇਹ 513 ਦੁਤੁਕੀਏ ਛੰਦਾਂ ਵਿਚ ਲਿਖਿਆ ਗਿਆ ਹੈ, ਇਸ ਵਿਚ ਪ੍ਰੇਮ ਤੇ ਬਿਰਹੋਂ ਦੇ ਮਾਰਮਿਕ ਚਿਤ੍ਰ ਅੰਕਿਤ ਹਨ। ਹਾਸ਼ਮ ਦੇ ਸਫੀ ਫ਼ਕੀਰ ਹੋਣ ਦੇ ਕਾਰਨ ਪ੍ਰੇਮ ਦੀ ਪੀੜ ਅਤੇ ਬਿਰਹੋਂ ਦੀ ਅਨੁਭੂਤੀ ਦੇ ਸੰਵੇਦਨੈੀਲ ਚਿਤਰਨ ਵਿਚ ਇਕ ਅਦੁੱਤੀ ਮਾਰਮਿਕਤਾ ਪ੍ਰਗਟ ਹੁੰਦੀ ਹੈ। ਉਸਦੇ ਦੋਹੜੇ ਅਤੇ ਡਿਉਢ ਵੀ ਇਸ ਕਥਨ ਦੀ ਗਵਾਹੀ ਦਿੰਦੇ ਹਨ। ਉਨ੍ਹਾਂ ਦਾ ਇਕ ਲੋਕਪ੍ਰਿਆ ਡਿਉਂਢ ਹਾਜ਼ਰ ਹੈ :

ਕਾਮਲ ਸ਼ੌਕ ਮਾਹੀ ਦਾ ਮੈਨੂੰ, ਨਿਤ ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।
ਰਾਂਝਣ ਬੇਪਰਵਾਹੀ ਕਰਦਾ, ਅਤੇ ਕੋਈ ਗੁਨਾਹ ਨਾ ਦਸਦਾ, ਉਠ ਉਠ ਨਸਦਾ,
ਜਿਉਂ ਜਿਉਂ ਹਾਲ ਸੁਣਾਵਾਂ, ਰੋਵਾਂ ਅਤੇ ਵੇਖ ਤੱਤੀ ਵਲ ਹੱਸਦਾ, ਜਗ ਨਾ ਖੱਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ, ਔਕ ਹੋਣ ਦਰਸ ਦਾ, ਵਿਰਹੋਂ ਰੱਸਦਾ।

ਹਾਸ਼ਮ ਨੇ ਹੀ ਸਭ ਤੋਂ ਪਹਿਲਾਂ ਇਸ ਕਾਵਿਧਾਰਾ ਰੂਪ ਨੂੰ ਫ਼ਾਰਸੀ ਦੇ ਕਾਵਿਧਾਰਾ ਰੂਪ ਮੁਸਤਜਾਦ ਤੋਂ ਲੈ ਕੇ ਪੰਜਾਬੀ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਹਾਸ਼ਮ ਦੀ ਪੰਜਾਬੀ ਸਾਹਿਤ ਵਿਚ ਗੌਰਵੈਲੀ ਥਾਂ ਨਿਸ਼ਚਿਤ ਹੁੰਦੀ ਹੈ।

### (5) ਅਹਿਮਦ ਯਾਰ

ਮੌਲਵੀ ਅਹਿਮਦ ਯਾਰ ਸਿੱਖ ਰਾਜ ਦੇ ਕਾਲ ਦਾ ਇਕ ਬਹੁਤ ਉੱਘਾ ਕਿੱਸਾਕਾਰ ਅਤੇ ਆਲੋਚਕ ਕਵੀ ਹੋਇਆ ਹੈ। ਇਸ ਨੇ ਬਹਹੁਤ ਸਾਰੇ ਕਿੱਸੇ ਲਿਖੇ ਹਨ ਪਰ ਪੰਜਾਬੀ ਵਿਚ ਘਟ ਹੀ ਛਪੇ ਹਨ, ਵਧੇਰੇ ਕਿੱਸੇ ਫ਼ਾਰਸੀ ਲਿੱਪੀ ਵਿਚ ਹਨ। ਇਨ੍ਹਾਂ ਦਾ ਜਨਮ 1768 ਈ ਨੂੰ ਜ਼ਿਲ੍ਹਾ ਗੁਜਰਾਤ (ਪੰਜਾਬ) ਦੇ ਸ਼ਹਿਰ ਜਲਾਲ ਪੁਰੇ ਦੇ ਦੱਖਣ ਵੱਲ ਕਿਲ੍ਹਾ ਇਸਲਾਮਗੜ੍ਹ ਵਿਚ ਹੋਇਆ ਤੇ ਉਥੇ ਹੀ ਇਨ੍ਹਾਂ ਦਾ ਬਚਪਨ ਬੀਤਿਆ ਇਸ ਬਾਰੇ ਆਪ ਸੰਕੇਤ ਕੀਤਾ ਹੈ :

1. ਕਿਲ੍ਹਾ ਇਸਲਾਮਗੜ੍ਹ ਵਿਚ ਜੰਮੇ ਉਥੇ ਸੂਰਤ ਸੰਮ੍ਹਾਲੀ
   ਵਸੇ ਸ਼ਹਿਰ ਜਲਾਲ ਪੁਰੇ ਦਾ, ਖਲਕਤ ਰਹੇ ਸੁਾਲੀ।
2. ਸ਼ਹਿਰ ਜਲਾਲ ਪੁਰੇ ਦੇ ਦੱਖਣ, ਕਿਲ੍ਹ ਦੇ ਵਿਚ ਟਿਕਾਣਾ।
   ਉਸ ਜਗ੍ਹਾ ਕੋਈ ਰੋਜ਼ ਲੰਘਾ ਕੇ, ਮੁੜ ਸੱਚੇ ਘਰ ਜਾਣਾ।

ਇਹ ਬਚਪਨ ਤੋਂ ਹੀ ਵਿੱਦਿਆ ਪ੍ਰੇਮੀ ਸਨ। ਇਨ੍ਹਾਂ ਦਾ ਦਿਲ ਖੇਤੀਬਾੜੀ ਦੇ ਕਿੱਤੇ ਵਿਚ ਨਾ ਲੱਗਿਆ। ਜਵਾਨੀ ਵਿਚ ਇਨ੍ਹਾਂ ਦਾ ਪਿਆਰ ਰਾਈ ਨਾਂ ਦੀ ਮੁਟਿਆਰ ਨਾਲ ਹੋਇਆ ਪਰ ਅਸਫਲ ਰਿਹਾ। ਇਸ ਅਸਫਲਤਾ ਦੇ ਕਾਰਨ ਇਨ੍ਹਾਂ ਆਪਣਾ ਪਿੰਡ ਛੱਡ ਕੇ ਫਾਲੀਏ ਰਹਿਣਾ ਸੁਰੂ ਕਰ ਦਿੱਤਾ ਪਰ ਕੁਝ ਸਮੇਂ ਬਾਅਦ ਵਿਚ ਇਹ ਮੁਰਾਲੇ ਆ ਗਏ ਅਤੇ ਇੱਥੇ ਹੀ ਸਾਰੀ ਉਮਰ ਰਹੇ ਤੇ ਸਾਹਿਤ ਰਚਨਾ ਕੀਤੀ। ਇਹ ਫ਼ਾਰਸੀ, ਅਰਬੀ ਦੇ ਵਿਦਵਾਨ ਸਨ। ਮੁਸਲਮਾਨੀ ਸਭਿਆਚਾਰ, ਹਦੀਸ ਆਦਿ ਦੀ ਇਨ੍ਹਾਂ ਨੂੰ ਡੂੰਘੀ ਵਾਕਫ਼ੀ ਸੀ।

ਰਚਨਾ : ਕਿਹਾ ਜਾਂਦਾ ਹੈ ਕਿ ਰਾਜਾ ਗੁਲਾਬ ਸਿੰਘ ਦੀ ਫਰਮਾਇਸ਼ ਤੇ ਇਨ੍ਹਾਂ ਨੇ ਸ਼ਾਹਨਾਮਾ ਰਣਜੀਤ ਸਿੰਘ ਲਿਖਿਆ ਤੇ ਰਾਜ ਸਨਮਾਨ ਪ੍ਰਾਪਤ ਕੀਤਾ।54 ਇਨ੍ਹਾਂ ਦੀ ਰਚਨਾ ਬਾਰੇ ਪ੍ਰੋ ਉਜਾਗਰ ਸਿੰਘ ਲਿਖਦੇ ਹਨ ਅਹਿਮਦ ਯਾਰ ਦੀ ਰਚਨਾ ਗੁਣਾਤਮਕ ਪੱਖ ਤੋਂ ਭਾਵੇਂ ਕਵੀ ਵਾਰਿਸ ਤੇ ਹਾਸ਼ਮ ਦੇ ਟਾਕਰੇ ਦੀ ਨਹੀਂ ਪਰ ਗਿਣਾਤਮਕ ਪੱਖ ਤੋਂ ਸ਼ਾਇਦ ਹੀ ਕੋਈ ਕਵੀ ਅਹਿਮਦ ਯਾਰ ਦਾ ਮੁਕਾਬਲਾ ਕਰ ਸਕੇ। ਉਸ ਦੀ ਉਮਰ 50, 60 ਵਰ੍ਹੇ ਕਿੱਸੇ ਲਿਖਦੇ ਹੀ ਬੀਤੇ। ਅਹਿਮਦ ਯਾਰ ਖੁਦ ਲਿਖਦਾ ਹੈ:

ਜਿਤਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਮੈਂ ਜੋੜੇ
ਗਿਣਨ ਲੱਗਾਂ ਤਾਂ ਯਾਦ ਨਾ ਆਵਣ ਜੋ ਦਸਾਂ ਸੋ ਥੋੜੇ। (ਕਿੱਸਾ ਹੀਰ ਰਾਂਝਾ ਵਿਚੋਂ)

ਫ਼ਾਰਸੀ ਵਿਚ ਲਿਖੇ ਸ਼ਾਹਨਚੀ ਨਾਮੇ ਨੂੰ ਛੱਡ ਕੇ ਉਸਦੀ ਬਾਕੀ ਰਚਨਾ ਦੀ ਸੂਚੀ ਇਸ ਪ੍ਰਕਾਰ ਹੈ :

ਪ੍ਰਕਾਸ਼ਿਤ : ਪੰਜਾਬੀ ਵਿਚ ਹੀਰ ਰਾਂਝਾ, ਰਾਜ ਬੀਬੀ, ਕਾਮ ਰੂਪ ਤੇ ਕਾਮ ਲਤਾ, ਅਹਸਨੁਲ ਕਿਸਮ (ਯੂਸਫ ਜੁਲੈਖਾ) ਕਿੱਸਾ ਤਿੱਤਰ, ਕਿੱਸਾ ਤਸੀਮ ਅਨਸਾਰੀ।

ਅਪ੍ਰਕਾਸ਼ਿਤ : ਲੈਲਾ ਮਜਨੂੰ, ਸੋਹਣੀ ਮਹੀਂਵਾਲ, ਚੰਦਰ ਬਦਨ, ਸਫਉਲ ਮਲੂਕਸ, ਕਿੱਸਾ ਹਾਤਮ ਤਾਈ, ਤਵਾਰੀਖ ਮੈਰਾਜ, ਪੈਗੰਬਰ, ਹਜਰਤ ਮੁਹੰਮਦ ਸਾਹਿਬ ਦਾ ਤਵਲਦਨਾਮਾ ਤੇ ਵਫਾਤਨਾਮਾ, ਜੰਗ ਬਦਰ, ਜੰਗ ਓਹਦ, ਜੰਗ ਹੁਸੈਨ, ਜੰਗ ਖੰਦਕ, ਤਿਬ ਅਹਿਮਦ ਯਾਰ। ਪ੍ਰੋ ਉਜਾਗਰ ਸਿੰਘ ਅੱਗੇ ਲਿਖਦੇ ਹਨ ਕਿ ਕਿੱਸਾ ਕਾਮਰੂਪ ਦੇ ਬਿਆਨ ਤੋਂ ਜਾਪਦਾ ਹੈ ਕਿ ਅਹਿਮਦ ਯਾਰ ਨੇ ਸ਼ੀਰੀ ਫਰਹਾਦ, ਕੀਮਾਂ ਮਲਕੀ, ਮਿਰਜਾ ਸਾਹਿਬਾਂ, ਰੋਡਾ ਜਲਾਲੀ ਦੇ ਕਿੱਸੇ ਵੀ ਲਿਖੇ ਹਨ ਪਰ ਉਨ੍ਹਾਂ ਬਾਰੇ ਕੋਈ ਪ੍ਰਮਾਣਿਕ ਸੂਚਨਾ ਸਾਨੂੰ ਪ੍ਰਾਪਤ ਨਹੀਂ ਹੋਈ।55 ਇਸ ਕਵੀ ਦੀ ਵਡਿਆਈ ਆਪਣੇ ਤੋਂ ਪੂਰਬਲੇ ਕਵੀਆਂ ਦੀ ਆਲੋਚਨਾ ਕਰਨ ਵਿਚ ਹੈ। ਇਨ੍ਹਾਂ 77 ਵਰੇਂ ਦੀ ਆਯੂ ਤੀਕ ਜੀਵਨ ਬਿਤਾਇਆ ਅਤੇ 1845 ਵਿਚ ਕਾਲਵੱਸ ਹੋਏ।

ਕਾਵਿਧਾਰਾਕ ਮੁਲਾਂਕਣ : ਡਾ ਰਤਨ ਸਿੰਘ ਜੱਗੀ ਦੇ ਕਥਨ ਅਨੁਸਾਰ, ਕਾਵਿਧਾਰਾ ਸੋਹਜ ਦੇ ਪੱਖ ਤੋਂ ਇਸ ਕਾਲ ਦੇ ਸਰਬ ਪ੍ਰਮੁੱਖ ਕਿੱਸਾਕਾਰ ਹਾਸ਼ਮ ਤੋਂ ਇਸ ਦੀ ਥਾਂ ਬਾਅਦ ਵਿਚ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨੇ ਸਭ ਤੋਂ ਵਧੀਕ ਕਿੱਸੇ ਲਿਖੇ ਸਨ ਅਤੇ ਵਿਦੇਸ਼ੀ ਭਾਸ਼ੀ ਕਿੱਸਿਆਂ ਦਾ, ਜਿਵੇਂ ਹਾਤਮਤਾਈ, ਸ਼ੈਫੁਲ ਮਲੂਕ, ਚੰਦਰ ਬਦਨ ਆਦਿ ਪੰਜਾਬੀ ਭਾਸ਼ਾ ਵਿਚ ਲਿਖ ਕੇ ਪੰਜਾਬੀ ਕਿੱਸਾ ਸਾਹਿਤ ਦਾ ਵਾਧਾ ਕੀਤਾ ਸੀ ਪਰ ਇਹ ਹਾਸ਼ਮ ਦੀ ਵਿਸ਼ੇਸ਼ਤਾ ਨੂੰ ਪ੍ਰਾਪਤ ਨਾ ਕਰ ਸਕਿਆ। ਇਸ ਦੀ ਕਵਿਤਾ ਵਿਚ ਕਥਾ ਦੇ ਵਿਸਤਾਰ ਤੇ ਅਧਿਕ ਝੁਕਾ ਹੈ ਅਤੇ ਆਪਣੀ ਵਿਦਵਤਾ ਦੇ ਪ੍ਰਦਰਸ਼ਨ ਦੇ ਮੋਹ ਵੱਸ ਬਨਾਵਟ ਜਿਹੀ ਲਿਆ ਦਿੱਤੀ ਹੈ। ਕੁਦਰਤ ਅਤੇ ਆਪਮਹਾਰੀ ਫੁਟੀ ਕਵਿਤਾ ਦੇ ਦਰਸ਼ਨ ਇਸ ਦੇ ਕਿੱਸਿਆਂ ਵਿਚ ਨਹੀਂ ਹੁੰਦੇ।

### (6) ਕਾਦਰਯਾਰ

ਇਸ ਕਵੀ ਦਾ ਸਮਾਂ 1800 ਤੋਂ 1860 ਦੇ ਲਗਭਗ ਹੈ। ਇਨ੍ਹਾਂ ਦੇ ਜੀਵਨ ਬਾਰੇ, ਜਨਮ ਤੇ ਮੌਤ ਦੇ ਸੰਨ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਇਨ੍ਹਾਂ ਦੀ ਇਕ ਰਚਨਾ ਮਹਿਰਾਜਨਾਮਾ ਦੇ ਆਧਾਰ ਤੇ ਕਿਆਸ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਦਾ ਜਨਮ 1800-1805 ਦੇ ਲਗਭਗ ਹੋਇਆ ਹੋਵੇਗਾ। ਪ੍ਰੋ ਨਿਰੂਲਾ ਇਨ੍ਹਾਂ ਦਾ ਜਨਮ ਸੰਨ 1805 ਲਿਖਦੇ ਹਨ। ਉਕਤ ਰਚਨਾ ਦੀ ਸਮਾਪਤੀ ਦਾ ਸੰਨ ਇਸ ਵਿਚ ਦਰਜ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਰਚਨਾ ਕਵੀ ਨੇ ਜਵਾਨੀ ਵਿਚ ਲਿਖੀ ਸੀ :

ਦਿਲ ਵਿਚ ਫਿਕਰ ਨਬੀ ਸਰਬਰ ਦਾ, ਹੋਰ ਖ਼ਿਆਲ ਭੁਲਾਇਆ।
ਛੋਟੀ ਉਮਰ ਸਰ ਪਰ ਸਖਤੀ, ਇਹ ਮਹਿਰਾਜ ਬਣਾਇਆ।
ਬਾਰਾਂ ਸੌ ਸੰਤਾਲੀ ਸਾਲਾਂ ਪਾਕ ਨਬੀ ਦੇ ਪਿਛੋਂ।
ਇਹ ਮੈਕੂਰ ਬਣਾਇਆ ਯਾਰੋ, ਵੇਖ ਮੁਆਰਜ ਵਿਚੋਂ।

ਉਕਤ ਪੰਕਤੀ ਦੀ ਸਾਖੀ ਤੋਂ ਪਤਾ ਲੱਗਦਾ ਹੈ ਕਿ ਕਵੀ ਨੇ ਇਹ ਰਚਨਾ 1247 ਹਿਜਰੀ (1832 ਈ) ਵਿਚ ਲਿਖੀ ਸੀ ਅਤੇ ਜੇ ਕਵੀ ਉਸ ਸਮੇਂ 26-27 ਸਾਲ ਦਾ ਹੋਵੇ ਤਾਂ ਉਸ ਦਾ ਜਨਮ ਸੰਨ 1805 ਈ ਬਣੇਗਾ।

ਕਵੀ ਨੇ ਆਪਣੀ ਦੂਜੀ ਰਚਨਾ ਪੂਰਨ ਭਗਤ ਦੇ ਅੰਤ ਵਿਚ ਆਪਣੀ ਸੰਖੇਪ ਜਿਹੀ ਜਾਣਪਛਾਣ ਕਰਾਈ ਹੈ :

ਮੌਜਹ ਮਾਛੀਕੇ ਪਿੰਡ ਹੈ ਜਗਹ ਮੇਰੀ,
ਸੰਧੂ ਜ਼ਾਤ ਹੈ ਆਪ ਸੁਣਾਇਆ ਮੈ। (ਪੂਰਨ ਭਗਤ ਵਿਚੋਂ)

ਉਕਤ ਪੰਕਤੀ ਦੇ ਆਧਾਰ ਤੇ ਉਹ ਮਾਛੀਕੇ ਜ਼ਿਲਾ ਸ਼ੇਰਪੁਰਾ (ਪਾਕਿਸਤਾਨ) ਦਾ ਰਹਿਣ ਵਾਲਾ ਸੀ ਅਤੇ ਜਾਤ ਦਾ ਸੰਧੂ ਜੱਟ ਸੀ। ਡਾ ਜ਼ੇ ਐਸ਼ ਗਰੇਵਾਲ ਉਸ ਨੂੰ ਢੰਡੂ ਜਿਲਾ ਸਿਆਲਕੋਟ ਦਾ ਦਸਦੇ ਹਨ। ਇਹਦੇ ਭਾਈ ਖੇਤੀ ਦਾ ਕੰਮ ਕਰਦੇ ਸਨ ਪਰ ਇਹ ਕਵਿਤਾ ਦੀ ਰਚਨਾ ਵਿਚ ਲੀਨ ਰਹਿੰਦਾ ਸੀ। ਬਾਵਾ ਬੁੱਧ ਸਿੰਘ ਅਨੁਸਾਰ ਅਤੇ ਸੇਖੋਂ ਅਨੁਸਾਰ ਇਹ ਅਨਪੜ੍ਹ ਕਵੀ ਸੀ। ਪਰ ਇਹ ਕਥਨ ਉਸ ਦੀਆਂ ਰਚਨਾਵਾਂ ਨੂੰ ਵੇਖ ਕੇ ਠੀਕ ਨਹੀਂ ਜਾਪਦੇ। ਜੇ ਕੋਈ ਕਵੀ ਨਿਮਰਤਾ ਕਾਰਨ ਆਪਣੇ ਆਪ ਨੂੰ ਬੇਇਲਮ ਲਿਖ ਜਾਵੇ ਤਾਂ ਇਸ ਦਾ ਇਹ ਭਾਵ ਨਹੀਂ ਕਿ ਉਹ ਨਿਰਾ ਅਨਪੜ੍ਹ ਹੀ ਸੀ। ਉਸ ਦੀਆਂ ਰਚਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਉਹ ਇਕ ਵਿਦਵਾਨ ਕਵੀ ਸੀ। ਉਸ ਹਦੀਸਾਂ ਦਾ ਵੀ ਅਧਿਐਨ ਕੀਤਾ ਹੋਇਆ ਸੀ। ਉਹ ਇਸਲਾਮੀ ਰਹਿਤ ਮਰਯਾਦਾ ਦਾ ਪਾਬੰਦ ਮੋਮਨ ਮੁਸਲਮਾਨ ਸੀ। ਉਸ ਦੀਆਂ ਰਚਨਾਵਾਂ ਮਿਹਰਾਜਨਾਮਾ ਤੇ ਰੋਜ਼ਨਾਮਾ ਇਸ ਗੱਲ ਦੀ ਸਾਖੀ ਭਰਦੀਆਂ ਹਨ। ਉਸ ਦਾ ਨਮਾਜ਼, ਰੋਜੇ ਅਤੇ ਹਜ ਆਦਿ ਵਿਚ ਯਕੀਨ ਸੀ।

**ਰਚਨਾ : ਕਾਦਰਯਾਰ ਦੀਆਂ ਹੇਠ ਲਿਖੀਆਂ ਰਚਨਾਵਾਂ ਪ੍ਰਸਿੱਧ ਹਨ**

- ਮਿਹਰਾਜ ਨਾਮਾ

- ਰੋਜਨਾਮਾ,
- ਸੋਹਣੀ,
- ਪੂਰਨ ਭਗਤ,
- ਹਰੀ ਸਿੰਘ ਨਲੂਆ,
- ਰਾਜਾ ਰਸਾਲੂ,
- ਪੂਰਨ ਭਗਤ ਦੀ ਵਾਰ,
- ਵਾਰ ਰਾਣੀ ਕੋਕਲਾ।

ਵਿਸ਼ੇ ਦੀ ਦ੍ਰਿਸ਼ਟੀ ਤੋਂ ਪੂਰਨ ਭਗਤ, ਹਰੀ ਸਿੰਘ ਨਲੂਆ ਅਤੇ ਰਾਜਾ ਰਸਾਲੂ ਬਾਰੇ ਇਸ ਕਵੀ ਕਿੱਸਾਕਾਰ ਨੇ ਪਹਿਲ ਕਦਮੀ ਕੀਤੀ ਹੈ। ਇਸੇ ਤਰ੍ਹਾਂ ਹੀ ਮਹਿਰਾਜ ਨਾਮਾ ਅਤੇ ਰੋਜਨਾਮਾ ਵੀ ਇਸ ਸਭ ਤੋਂ ਪਹਿਲਾ ਲਿਖਿਆ ਹੈ। ਇਹ ਦੋਵੇਂ ਧਾਰਮਕ ਰਚਨਾਵਾਂ ਹਨ। ਪਹਿਲੀ ਵਿਚ ਮੁਹੰਮਦ ਸਾਹਿਬ ਦੇ ਰੱਬ ਨੂੰ ਮਿਲਣ ਦਾ ਹਾਲ ਦਰਜ ਹੈ ਅਤੇ ਦੂਜੀ ਵਿਚ ਮੁਸਲਮਾਨਾਂ ਦੇ 30 ਰੋਜ਼ਿਆਂ ਦਾ ਬਿਆਨ ਦਰਦੀਲੀ ਸ਼ੈਲੀ ਵਿਚ ਕੀਤਾ ਹੈ। ਇਨ੍ਹਾਂ ਦਾ ਮੁਸਲਿਮ ਜਗਤ ਵਿਚ ਬਹੁਤ ਸਨਮਾਨ ਹੈ ਅਤੇ ਬੜੇ ਸੋਹਜਸੁਆਦ ਨਾਲ ਇਨ੍ਹਾਂ ਨੂੰ ਪੜ੍ਹਿਆ ਜਾਂਦਾ ਹੈ। ਸੋਹਣੀ ਮਹੀਂਵਾਲ ਦੋਹਿਰਾ ਛੰਦ ਵਿਚ ਲਿਖਿਆ ਕਿੱਸਾ ਹੈ। ਇਸ ਵਿਚ 171 ਬੰਦ ਹਨ।

ਕਿੱਸਾ ਪੂਰਨ ਭਗਤ ਕਾਦਰਯਾਰ ਦੀ ਪੰਜਾਬੀ ਜਗਤ ਵਿਚ ਸਭ ਤੋਂ ਵੱਧ ਮਹਿਮਾ ਵਾਲੀ ਰਚਨਾ ਮੰਨੀ ਜਾਂਦੀ ਹੈ ਜਿਸ ਦੀ ਪ੍ਰੇਰਨਾ ਨਾਲ ਕਵੀ ਪ੍ਰੋ ਪੂਰਨ ਸਿੰਘ ਨੇ ਵੀ ਆਵੇਸ਼ ਵਿਚ ਆ ਕੇ ਪੂਰਨ ਨਾਥ ਜੋਗੀ ਦੀ ਲੰਮੀ ਕਵਿਤਾ ਲਿਖੀ। ਇਸ ਕਿੱਸੇ ਦੇ ਲਿਖਣ ਤੇ ਕਵੀ ਨੂੰ ਕਿਸੇ ਸਿੱਖ ਸਰਦਾਰ ਨੇ ਖੂਹ ਵਾਲੀ ਜ਼ਮੀਨ ਇਨਾਮ ਵਿਚ ਦਿੱਤੀ ਸੀ।

ਕਾਵਿਧਾਰਾ ਮੁਲਿਆਂਕਣ : ਪੂਰਨ ਭਗਤ ਦਾ ਕਿੱਸਾ ਵਾਰਿਸ ਸ਼ਾਹ ਦੇ ਬੈਂਤ ਛੰਦ ਵਿਚ ਲਿਖਿਆ ਗਿਆ ਹੈ। ਕਿੱਸੇ ਦੇ ਆਰੰਭ ਵਿਚ ਚਾਰ ਤੁਕਾਂ ਦਾ ਮੰਗਲਾਚਰਣ ਹੈ। ਉਸ ਤੋਂ ਬਾਅਦ ਪੰਜਾਂ ਸ਼ੀਹਰਫੀਆਂ ਵਿਚ ਬੜੀ ਤੇਜ਼ੀ ਨਾਲ ਕਹਾਣੀ ਸਮਾਪਤ ਕਰ ਦਿੱਤੀ ਜਾਂਦੀ ਹੈ। ਇਹ ਬੜਾ ਸਿੱਧਾ ਜਿਹਾ ਕਿੱਸਾ ਹੈ ਇਸ ਦਾ ਆਧਾਰ ਲੋਕ ਪ੍ਰਚੱਲਿਤ ਲੋਕ-ਕਥਾ ਹੈ। ਟੈਂਪਲ ਨੇ ਇਸ ਕਿੱਸੇ ਦੀਆਂ ਘਟਨਾਵਾਂ ਅਤੇ ਥਾਂਵਾਂ ਬਾਰੇ ਕਾਫ਼ੀ ਵਾਕਫ਼ੀ ਦਿੱਤੀ ਹੈ। ਰੁਮਾਂਚਕ ਅੰਸ਼, ਵਾਤਸਲਯ ਰਸ ਦੀ ਅਭਿਵਿਅਕਤੀ, ਵਾਰਤਾਲਾਪ ਦੀ ਸਾਦਗੀ, ਕਲਾਮਏਂਇਰ ਦੀ ਪਰੰਪਰਾ ਦਾ ਪਾਲਨ, ਭਾਰਤੀ ਸੁਖਾਂਤ ਪਰੰਪਰਾ ਦਾ ਪਾਲਨ, ਸਾਬਤੀ ਦਾ ਸੰਕਲਪ, ਪਾਤਰ ਦੀ ਮਨੋਵਿਗਿਆਨਕ ਦੈਾ ਦਾ ਵਿਲੇਸ਼ਣ, ਹਵਸ ਦੀ ਨਗਨਤਾ ਦਾ ਸੰਜਮ ਭਰਪੂਰ ਚਿਤਰਣ, ਸ਼ਿੰਗਾਰ ਰਸ ਦਾ ਨਿਰੂਪਣ ਅਤੇ ਸਾਦੀ ਤੇ ਸਰਲ ਭਾਸ਼ਾ ਇਸ ਕਿੱਸੇ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ।

ਇਸ ਤਰ੍ਹਾਂ ਅਸਾਂ ਉੱਪਰ 1850 ਈ਼ ਤੱਕ ਦੇ ਪ੍ਰਮੁੱਖ ਕਿੱਸਾਕਾਰਾਂ ਦੀ ਜਾਣਪਛਾਣ ਅਤੇ ਉਨ੍ਹਾਂ ਦੇ ਕਾਵਿਧਾਰਾ ਮੁਲਿਆਂਕਣ ਰਾਹੀਂ ਕਿੱਸਾ ਕਾਵਿਧਾਰਾ ਦੀ ਪ੍ਰਗਤੀ ਤੇ ਵਿਕਾਸ ਦੀ ਝਾਕੀ ਪੇਸ਼ ਕਰਨ ਦਾ ਜਤਨ ਕੀਤਾ ਹੈ।

## ਸਾਰ-ਅੰਸ਼:

ਸੋ ਦਮੋਦਰ ਤੋਂ ਲੈ ਕੇ 1850 ਈਸਵੀ ਤੱਕ ਦੇ ਪ੍ਰਸਿੱਧ ਕਿੱਸਾਕਾਰਾਂ ਦੀ ਸੂਚੀ ਬਹੁਤ ਲੰਮੀ ਹੈ। ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸਕ ਅਧਿਐਨ ਲਈ ਆਮ ਤੌਰ ਤੇ ਦਮੋਦਰ ਦੀ ਹੀਰ ਤੋਂ ਆਰੰਭ ਕੀਤਾ ਜਾਂਦਾ ਹੈ। ਉਸ ਤੋਂ ਪਿੱਛੋਂ ਪੀਲੂ ਦਾ ਮਿਰਜ਼ਾ ਸਾਹਿਬਾ ਹੈ। ਫੇਰ ਹਾਫ਼ਿਜ਼ ਬਰਖ਼ੁਰਦਾਰ ਦੇ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਯੂਸਫ਼ ਜੁਲੈਖਾ ਆਦਿ ਕਿੱਸੇ ਹਨ। ਮੁਕਬਲ, ਗੁਰਦਾਸ, ਅਹਿਮਦ, ਮੀਆਂ ਚਰਾਗ ਐਵਾਣ, ਸਦੀਕ ਲਾਲੀ, ਨਿਆਮਤ ਖਾਂ, ਸੱਯਦ ਹਾਮਦ ਸ਼ਾਹ ਅੱਬਾਸੀ, ਮੌਲਵੀ ਨੂਰ ਮੁਹੰਮਦ ਮੌਲਵੀ, ਅਬਦੁਲ ਹਕੀਮ ਬਹਾਬਲ ਪੁਰੀ, ਸੱਯਦ ਵਾਰਿਸ ਸ਼ਾਹ, ਮੁਨਸ਼ੀ ਸੁੰਦਰ ਦਾਸ ਆਗਮ, ਬਿਰਬਲ, ਆਡਤ ਆਦਿਕ ਕਿੱਸਾਕਾਰਾਂ ਤੋਂ ਛੁੱਟ ਸਿੱਖ ਰਾਜ ਕਾਲ ਦੇ ਕਿੱਸਾਕਾਰਾਂ ਵਿਚ ਅਰਥਾਤ 1800-1850 ਈ਼ ਵਿਚਲੇ ਸਮੇਂ ਵਿਚ ਹਾਸ਼ਮ, ਅਹਿਮਦ ਯਾਰ, ਅਮਾਮ ਬਖਸ, ਕਾਦਰਯਾਰ ਆਦਿ ਦੀਆਂ ਕਿੱਸਾ ਰਚਨਾਵਾਂ ਆ ਜਾਂਦੀਆਂ ਹਨ। ਇਹਨਾ ਸਾਰੇ ਕਿੱਸਾ ਕਵੀਆ ਦੁਆਰਾ ਪੰਜਾਬੀ ਕਿੱਸਾ-ਕਾਵਿਧਾਰਾ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਉਪਰੋਕਤ ਵਿਚਾਰਾਂ ਰਾਹੀਂ ਸਮਝਿਆ ਜਾ ਸਕਦਾ ਹੈ।

## ਕੇਂਦਰੀ ਸ਼ਬਦ:

ਕਿੱਸਾ ਕਾਵਿਧਾਰਾ---ਇਕ ਵਿਚਾਰਧਾਰਾ ਦਾ ਨਾਮ

ਇਸ਼ਕ ਹਕੀਕੀਰੱਬ ਨਾ ਪਿਆਰ---

ਇਸ਼ਕ ਮਜ਼ਾਜੀ---ਦੁਨਿਆਵੀ ਪਿਆਰ

ਬਿਰਹੋਂ---ਵਿਛੋੜਾ

## ਸਵੈ-ਮੁਲਾਂਕਣ:

1. ਵਾਰਸ ਦੀ ਹੀਰ ਰਚੀ ਗਈ:

ੳ. 17 ਵੀਂ ਸਦੀ ਦਾ ਪਹਿਲਾ ਅੱਧ | ਅ. 18 ਵੀਂ ਸਦੀ ਦਾ ਪਹਿਲਾ ਅੱਧ

ੲ. 17 ਵੀਂ ਸਦੀ ਦਾ ਦੂਜਾ ਅੱਧ | ਸ. 18 ਵੀਂ ਸਦੀ ਦਾ ਪਹਿਲਾ ਅੱਧ

2. ਕਿਸ ਕਾਲ ਨੂੰ ਸੁਨਹਿਰੀ ਕਾਲ ਕਿਹਾ ਜਾਂਦਾ ਹੈ।

ੳ. ਮੱਧਕਾਲ | ਅ. ਆਧੁਨਿਕ ਕਾਲ

ੲ .ਉੱਤਰ ਆਧੁਨਿਕ ਕਾਲ | ਸ. ਸੰਕ੍ਰਾਂਤੀ ਕਾਲ

3. ਪੰਜਾਬੀ ਕਿੱਸਾ ਕਾਵਿਧਾਰਾ ਵਿਚ ਬੈਂਤ ਛੰਦ ਦੀ ਵਰਤੋਂ ਦਾ ਆਰੰਭ ਕੀਤਾ:

ੳ. ਵਾਰਿਸ ਸ਼ਾਹ | ਅ. ਦਮੋਦਰ

ੲ. ਪੀਲੂ | ਸ. ਮੁਕਬਲ

4. ਇਨ੍ਹਾਂ ਵਿਚੋਂ ਕਿਹੜਾ ਕਿੱਸਾ ਕਵੀ ਨਹੀਂ ਹੈ:

ੳ. ਅਹਿਮਦ ਯਾਰ | ਅ. ਫ਼ਜ਼ਲ ਸ਼ਾਹ

ੲ. ਹਾਸ਼ਮ | ਸ. ਸੁਲਤਾਨ ਬਾਹੂ

5. ਦਮੋਦਰ ਕਿਸ ਬਾਦਸ਼ਾਹ ਦਾ ਸਮਕਾਲੀ ਸੀ?

ੳ. ਬਾਬਰ | ਅ. ਅਕਬਰ

ੲ. ਜਹਾਂਗੀਰ | ਸ. ਔਰੰਗਜ਼ੇਬ

6. ਕਿਸ ਕਿੱਸਾਕਾਰ ਨੂੰ ਸਭ ਤੋਂ ਵੱਧ ਪ੍ਰਸਿਧੀ ਮਿਲੀ?

ੳ. ਵਾਰਿਸ ਸ਼ਾਹ | ਅ. ਦਮੋਦਰ

ੲ. ਪੀਲੂ | ਸ. ਮੁਕਬਲ

7. ਵਾਰਿਸ ਦੇ ਕਿੱਸੇ ਦਾ ਅੰਤ..................... ਹੈ।

ੳ. ਦੁਖਾਂਤਕ | ਅ. ਸੁਖਾਂਤਕ

ੲ. ਦੁਵਿਧਾ ਭਰਪੂਰ | ਸ. ਅਧੂਰਾ

8. ਦਮੋਦਰ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਦਵੱਈਆ | ਅ. ਬੈਂਤ

ੲ. ਕਲੀਆਂ | ਸ. ਨਿਸ਼ਾਨੀ

9. ਪੀਲੂ ਨੇ ਕਿਹੜਾ ਕਿੱਸਾ ਲਿਖਿਆ ਹੈ:

ੳ. ਹੀਰ ਰਾਂਝਾ | ਅ. ਮਿਰਜ਼ਾਂ ਸਾਹਿਬਾਂ

ੲ. ਸੱਸੀ ਪੁਨੂੰ | ਸ. ਸੋਹਣੀ ਮਹੀਵਾਲ

10.ਪੀਲੂ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਬੈਂਤ | ਅ. ਦਵੱਈਆ

ੲ. ਕਬਿੱਤ | ਸ. ਕੋਰੜਾ

11. ਵਾਰਿਸ ਸ਼ਾਹ ਨੇ ਕਿਹੜਾ ਕਿੱਸਾ ਲਿਖਿਆ ਹੈ:

ੳ. ਹੀਰ | ਅ. ਮਿਰਜ਼ਾਂ ਸਾਹਿਬਾਂ

ੲ. ਸੱਸੀ ਪੁਨੂੰ | ਸ. ਸੋਹਣੀ ਮਹੀਵਾਲ

12. ਹੀਰ ਵਾਰਿਸ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਬੈਂਤ | ਅ. ਦਵੱਈਆ

ੲ. ਕਬਿੱਤ | ਸ. ਕੋਰੜਾ

13. ਵਾਰਿਸ ਦਾ ਕਿੱਸਾ ਕਿਹੜੇ ਛੰਦ ਵਿਚ ਹੈ:

ੳ. ਦਵੱਈਆ | ਅ. ਬੈਂਤ

ੲ. ਕਲੀਆਂ | ਸ. ਨਿਸ਼ਾਨੀ

14. ਕਿਹੜਾ ਕ੍ਰਮ ਸਹੀ ਹੈ:

(1) ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੈ ਸ਼ਾਹ, ਅਲੀ ਹੈਦਰ
(2) ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਦਮੋਦਰ
(3) ਸ਼ਾਹ ਹੁਸੈਨ, ਪੀਲੂ, ਬੁੱਲ੍ਹੈ ਸ਼ਾਹ, ਅਲੀ ਹੈਦਰ
(4) ਸ਼ਾਹ ਹੁਸੈਨ, ਸੁਲਤਾਨ ਬਾਹੂ, ਵਜੀਦ, ਪੀਲੂ

ੳ. (1), (2), (3) ਅਤੇ (4) ਸਹੀ ਹਨ।
ਅ. (1), (2) (4) ਸਹੀ ਹਨ।
ੲ. (1), (2), (3) ਸਹੀ ਹਨ।
ਸ. (2), (3) ਅਤੇ (4) ਸਹੀ ਹਨ।

15. ਹੀਰ ਵਾਰਿਸ ਕਿਸ ਦੀ ਰਚਨਾ ਹੈ:

ੳ. ਵਾਰਿਸ ਸ਼ਾਹ
ਅ. ਦਮੋਦਰ
ੲ. ਪੀਲੂ
ਸ. ਮੁਕਬਲ

## ਅਭਿਆਸ ਪ੍ਰਸ਼ਨ:

1. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਨਿਕਾਸ ਬਾਰੇ ਲਿਖੋ?
2. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਵਿਕਾਸ ਬਾਰੇ ਲਿਖੋ?
3. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਪ੍ਰਮੁੱਖ ਕਵੀਆਂ ਬਾਰੇ ਜਾਣਕਾਰੀ ਦਿਓ ?
4. ਪੰਜਾਬੀ ਕਿੱਸਾ ਕਾਵਿਧਾਰਾ ਦੇ ਵਿਕਾਸ ਵਿਚ ਹੀਰ-ਵਾਰਿਸ਼ ਸ਼ਾਹ ਬਾਰੇ ਲਿਖੋ?
5. ਮੱਧਕਾਲੀ ਪੰਜਾਬੀ ਕਿੱਸਾ ਕਾਵਿਧਾਰਾ ਦੇ ਪੰਜ ਕਿੱਸਾ ਕਵੀਆ ਦੇ ਨਾਮ ਲਿਖੋ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਉੱਤਰਮਾਲਾ:

| | | | | |
|---|---|---|---|---|
| 1. ਅ | 2. ੳ | 3. ੳ | 4. ਸ | 5. ਅ |
| 6. ੳ | 7. ਅ | 8. ੳ | 9. ਅ | 10. ੲ |
| 11. ੳ | 12. ੳ | 13. ਅ | 14. ੳ | 15. ਸ |

**DPBI501**

# ਅਧਿਆਇ - 13: ਪੰਜਾਬੀ ਬੀਰ ਕਾਵਿਧਾਰਾ ਦਾ ਨਿਕਾਸ ਅਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ:-

- ਪੰਜਾਬੀ ਬੀਰ ਕਾਵਿਧਾਰਾ ਦੇ ਸਿਧਾਂਤ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਬੀਰ ਕਾਵਿਧਾਰਾ ਦੇ ਨਿਕਾਸ ਅਤੇ ਵਿਕਾਸ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਬੀਰ ਕਾਵਿਧਾਰਾ ਰੂਪ ਵਾਰ ਦੇ ਵਿਕਾਸ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਬੀਰ ਕਾਵਿਧਾਰਾ ਰੂਪ ਜੰਗਨਾਮਾ ਦੇ ਵਿਕਾਸ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾਬੀਆਂ ਵਿੱਚ ਸੂਰਬੀਰਤਾ ਤੇ ਇਸ ਨੇ ਪੰਜਾਬੀ ਸਾਹਿਤ ਵਿੱਚ ਬੀਰ-ਰਸੀ ਕਾਵਿਧਾਰਾ ਨੂੰ ਜਨਮ ਦਿੱਤਾ। ਪੰਜਾਬ ਦੀ ਵੀਰ ਭੂਮੀ ਵਿੱਚ 'ਵਾਰਾਂ' ਆਪ ਮੁਹਾਰੀ ਉਪਜ ਸੀ, ਕਿਸੇ ਉਚੇਚੇ ਯਤਨ ਦਾ ਫਲ ਸਰੂਪ ਨਹੀਂ ਸੀ। ਰਾਜਸੀ ਖੇਤਰ ਵਿੱਚ ਪੰਜਾਬ ਜੁੱਧਾਂ ਦਾ ਅਖਾੜਾ ਹੀ ਬਣਿਆ ਰਿਹਾ, ਇਹ ਸਮੁੱਚੇ ਭਾਰਤ ਲਈ ਸੁਰੱਖਿਆ ਦਾ ਕੰਮ ਕਰਦਾ ਰਿਹਾ। ਇਸ ਥਾਂ ਉੱਪਰ ਵਧੇਰੇ ਜੁੱਧ ਹੋਣ ਕਾਰਨ ਇਹ ਇੱਥੇ ਦੇ ਲੋਕਾਂ ਵਿੱਚ ਉਤਸ਼ਾਹ ਪੈਦਾ ਕਰਦਾ ਰਿਹਾ। ਵਧੇਰੇ ਜੁੱਧ ਇੱਥੇ ਹੋਣ ਕਾਰਨ ਵਾਰਾਂ ਵੀ ਖ਼ੂਬ ਰਚੀਆਂ ਗਈਆਂ। ਵਾਰਾਂ, ਜਿਹਨਾਂ ਵਿੱਚ ਸੂਰਮਿਆਂ ਦੀ ਬਹਾਦਰੀ ਦਾ ਜਸ ਗਾਇਆ ਜਾਂਦਾ ਹੈ। ਇਹ ਵਾਰਾਂ ਮੁੱਢ ਕਦੀਮ ਤੋਂ ਹੀ ਰਚੀਆਂ ਜਾਂਦੀਆਂ ਰਹੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀਵਿੱਚ ਸੰਕਲਿਤ 22 ਵਾਰਾਂ ਤੋਂ ਬਿਨ੍ਹਾਂ ਭਾਈ ਗੁਰਦਾਸ ਜੀ ਨੇ ਵੀ ਅਧਿਆਤਮਿਕ, ਸਮਾਜਿਕ ਤੇ ਗੁਰੂ ਮਹਿਮਾ ਆਦਿ ਵਿਸ਼ਿਆਂ ਨਾਲ ਸੰਬੰਧਿਤ ੪0 ਵਾਰਾਂ ਦੀ ਰਚਨਾ ਕੀਤੀ।

## ਵਿਸ਼ਾ ਵਸਤੂ:

ਪੰਜਾਬੀ ਸਾਹਿਤ ਵਿੱਚ ਬੀਰ-ਰਸੀ ਕਾਵਿਧਾਰਾ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬੀ ਵਿੱਚ ਬੀਰ ਰਸੀ-ਕਾਵਿਧਾਰਾ, ਵਾਰਾਂ ਤੇ ਜੰਗਨਾਮਿਆਂ ਦੇ ਕਾਵਿਧਾਰਾ ਰੂਪਾਂ ਵਿੱਚ ਮਿਲਦਾ ਹੈ। ਇਹ ਬੀਰ ਰਸੀ ਸਾਹਿਤ ਪੰਜਾਬੀਆਂ ਦੀ ਸੂਰਬੀਰਤਾ ਦਾ ਪ੍ਰਮਾਣ ਹਨ । ਪੰਜਾਬੀ ਦੇ ਸਮੁੱਚੇ ਬੀਰ ਰਸੀ ਸਾਹਿਤ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ:

## ਵਾਰ

ਪੰਜਾਬੀ ਦੇ ਵਿਦਵਾਨ ਵਾਰ ਸ਼ਬਦ ਦੀ ਉਤਪੱਤੀ ਨੂੰ ਲੈ ਕੇ ਇੱਕ ਮਤ ਨਹੀਂ ਹਨ। ਭਾਈ ਕਾਨ੍ਹ ਸਿੰਘ ਨਾਭਾ, ਡਾ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ ਵਾਰ ਸ਼ਬਦ ਦਾ ਮੁੱਢ ਸੰਸਕ੍ਰਿਤ ਵਿਧਾ ਤੋਂ ਹੋਇਆ ਮੰਨਦੇ ਹਨ। ਪਰ ਕਈ ਇਸਨੂੰ ਵਾਰ ਕਰਨਾ, ਹਲਾ ਕਰਨਾ, ਧਾਵਾ ਬੋਲਣਾ ਆਦਿ ਨਾਲ ਜੋੜਦੇ ਪੰਜਾਬੀ ਦਾ ਸ਼ਬਦ ਦਸਦੇ ਹਨ। ਇਹ ਸਾਰੇ ਅਰਥ ਵਾਰ ਦੇ ਲਛਣ ਨਾਲ ਸੰਬੰਧ ਰਖਦੇ ਹਨ ਪਰ ਕੋਈ ਗੱਲ ਉੱਪਰ ਨਹੀਂ ਢੁਕਦੀ ਕਿਉਂਕਿ ਹਲੇ ਲੜਾਈ ਦਾ ਜ਼ਿਕਰ ਜੰਗਨਾਮਿਆ ਵਿੱਚ ਮਿਲਦਾ ਹੈ ਪਰ ਉਹ ਵਾਰਾਂ ਨਹੀਂ ਅਖਵਾ ਸਕਦੀਆਂ। ਵਾਰ ਦਾ ਮਨੋਰਥ ਬੀਰਤਾ ਨਾਲ ਲੜਨ ਵਾਲਿਆਂ ਦੀ ਸ਼ਲਾਘਾ ਅਤੇ ਉਪਮਾ ਕਰ ਕੇ ਬੀਰ ਰਸ ਦਾ ਜਜ਼ਬਾ ਪੈਦਾ ਕਰਨਾ ਅਤੇ ਦੇਸ਼ ਰੱਖਿਆ ਲਈ ਜਾਂ ਜੁਲਮ ਵਿਰੁਧ ਦਲੇਰੀ ਨਾਲ ਲੜਨ ਮਰਨ ਲਈ ਉਤਸ਼ਾਹ ਭਰਨਾ ਹੈ। ਪੰਜਾਬੀ ਵਿੱਚ ਵਾਰਾਂ ਤਿੰਨ ਕਿਸਮ ਦੀਆਂ ਮਿਲਦੀਆਂ ਹਨ:-

ਅਧਿਆਤਮਕ ਵਾਰਾਂ
ਬੀਰ ਰਸੀ ਵਾਰਾਂ
ਸ਼ਿੰਗਾਰ ਵਾਰਾਂ

ਅਧਿਆਤਮਕ ਵਾਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀਵਿੱਚ ਆਈਆਂ 22 ਵਾਰਾਂ, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਵੀ ਖੁਸ਼ਹਾਲ ਚੰਦ ਦੀ ਕਲਿਆਨ ਦੀ ਵਾਰ ਸ਼ਾਮਿਲ ਕੀਤੀ ਜਾ ਸਕਦੀ ਹੈ। ਬੀਰ ਰਸੀ ਵਾਰਾਂ ਵਿੱਚ ਪੂਰਵ ਨਾਨਕ ਕਾਲ ਦੀਆਂ ਵਾਰਾਂ ਤੋਂ ਛੁਣ ਚੰਡੀ ਦੀ ਵਾਰ, ਨਜਾਬਤ ਦੀ ਵਾਰ, ਅਨੰਦਪੁਰ ਦੀ ਵਾਰ, ਲਵ-ਕੁਸ਼ ਦੀ ਵਾਰ, ਚਠਿਆ ਦੀ ਵਾਰ, ਗਦਰ ਦੀ ਵਾਰ, ਅਤੇ ਭਾਰਤ-ਪਾਕ ਜੰਗ ਦੀਆਂ ਵਾਰਾਂ ਸ਼ਾਮਲ ਕੀਤੀਆ ਜਾਂ ਸਕਦੀਆਂ ਹਨ। ਵਰਤਮਾਨ ਸਮੇਂ ਵਿੱਚ ਵੀ ਬਹੁਤ ਚੰਗੀਆਂ ਵਾਰਾਂ ਲਿਖੀਆਂ ਗਈਆਂ ਹਨ ਜਿਹਨਾਂ ਵਿੱਚ ਨਾਨਕ ਸਿੰਘ ਦੁਆਰਾਂ ਲਿਖੀ 'ਵਾਰ ਬਾਂਕਾ ਸ਼ਾਹ ਮਵਾਰ' ਜੋ ਚੰਨ ਦੇ ਭਾਰਤ ਤੇ ਆਕਰਸ਼ਣ ਸਮੇਂ ਲਿਖੀ ਗਈ ਸਰਵ ਸ਼੍ਰੋਮਣੀ ਕਹੀ ਜਾ ਸਕਦੀ ਹੈ। ਪੰਜਾਬੀ ਵਾਰ ਦਾ ਇਤਿਹਾਸ ਵੀ ਉਹਨਾਂ ਪੁਰਾਣਾ ਹੈ ਜਿਤਨਾ ਕਿ ਪੰਜਾਬ ਦੇਸ਼ ਪਰਯੁਧ ਖੇਤਰ ਬਣਿਆ ਰਹਿਣ ਕਾਰਨ ਪੰਜਾਬੀਆਂ ਨੇ ਆਪਣੇ ਬਹੁ-ਮੁਲੇ ਸਾਹਿਤ ਦੀ ਸੰਭਾਲ ਨਾਲ ਬਹੁਤ ਘੱਟ ਧਿਆਨ ਦਿੱਤਾ ਹੈ। ਇਸ ਲਈ ਬਹੁਤ ਸਾਰੀਆਂ ਵਾਰਾਂ ਹੁਣ ਅਲੋਪ ਹਨ। ਜੋ ਸਾਨੂੰ ਪ੍ਰਾਪਤ ਹੁੰਦੀਆਂ ਹਨ ਉਹ ਵੀ ਪੁਰਾਤਨ ਸਰਸੀਆਂ ਅਤੇ ਢਾਡੀਆਂ ਪਾਸੋ ਸੁਣ ਕੇ ਇਕੱਤਰ ਕੀਤੀਆਂ ਹੋਈਆਂ ਹਨ। ਉਸ ਸਮੇਂ ਸਾਹਿਤਕਾਰ ਦਾ ਦ੍ਰਿਸ਼ਟੀਕੋਣ ਬੜਾ ਸੀਮਤ ਸੀ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਧਾਰਮਕ ਤੇ ਅਧਿਆਤਮਕ ਵਿਚਾਰ ਪ੍ਰਗਟ ਕਰਨ ਲਈ ਵਾਰ ਕਾਵਿਧਾਰਾ-ਰੂਪ ਦੀ ਵਰਤੋਂ ਵੀ ਕੀਤੀ। ਇਹ ਕਿਸੇ ਦੁਨਆਵੀ ਯੁੱਧ ਦੀ ਵਾਰਤਾ ਨਹੀਂ ਨਾ ਹੀ ਕਿਸੇ ਬਹਾਦਰ ਵਿਅਕਤੀ ਦਾ ਜਸ ਹੈ। ਇਸ ਵਿੱਚ ਨਾਇਕ ਵੀ ਕੋਈ ਸੰਸਾਰੀ ਪੁਰਸ਼ ਨਹੀਂ, ਪਰ ਫਿਰ ਵੀ ਅਸੀਂ ਇਸਨੂੰ ਵਾਰ ਦੇ ਘੇਰੇ ਵਿੱਚ ਸ਼ਾਮਲ ਕਰਦੇ ਹਾਂ। ਕਿਉਂਕਿ ਇਸ ਵਿੱਚ ਅਕਾਲ ਪੁਰਖ, ਗੁਰੂ, ਗੁਰਮੁਖਾਂ ਸੰਤਾ ਤੇ ਭਲੇ ਪੁਰਸ਼ਾਂ ਆਦਿ ਦਾ ਜਸ ਜਰੂਰ ਹੈ, ਇਨ੍ਹਾਂ ਵਿੱਚ ਸਚ ਤੇ ਕੂੜ, ਗੁਰਮੁਖ ਤੇ ਮਨਮੁਖ ਸ਼ੁਭ ਗੁਣਾਂ ਤੇ ਔਗੁਣਾਂ ਅਤੇ ਮਨੁਖੀ ਆਤਮਾ ਦਾ ਕੰਮ ਕ੍ਰੋਧ ਲੋਭ ਮੋਹ ਤੇ ਹੰਕਾਰ ਨਾਲ ਸੰਘਰਸ਼ ਵਿਖਾਇਆ ਗਿਆ ਹੈ। ਇਨ੍ਹਾਂ ਵਾਰਾਂ ਦਾ ਨਾਇਕ ਵਾਹਿਗੁਰੂ ਆਪ ਹੈ ਜਾਂ ਵਾਹਿਗੁਰੂ ਨਾਲ ਮਿਲਾਉਣ ਵਾਲਾ ਸਤਿਗੁਰੁ' ਕਿਤੇ-ਕਿਤੇ ਵਾਹਿਗੁਰੂ ਦਾ ਭਰਾਤ ਜਾਂ ਮਨੁੱਖੀ ਆਤਮਾ ਵੀ ਨਾਇਕ ਮੰਨੀ ਗਈ ਹੈ। ਬਹੁਤੀਆਂ ਵਾਰਾਂ ਵਾਹਿਗੁਰੂ ਤੇ ਗੁਰੂ ਦੀ ਸਿਫਤ ਸਲਾਹ ਨਾਲ ਭਰਪੂਰ ਹਨ।

## ਜੰਗਨਾਮਾ

ਜੰਗਨਾਮਾ ਤੇ ਵਾਰ ਪੰਜਾਬੀ ਵਿੱਚ ਦੋ ਵੱਖ-ਵੱਖ ਕਾਵਿਧਾਰਾ ਰੂਪ ਹਨ। ਜਿਹਨਾਂ ਵਿੱਚ ਯੁੱਧ ਜਾਂ ਜੰਗ ਦਾ ਵਰਣਨ ਹੁੰਦਾ ਹੈ। ਕੁਝ ਲੇਖਕਾਂ ਨੇ ਇਨ੍ਹਾਂ ਨੂੰ ਇਕੋ ਰੂਪ ਸਮਝ ਕੇ ਇਨ੍ਹਾਂ ਨੂੰ ਇਕੱਠਾ ਕਰ ਦਿੱਤਾ ਹੈ। ਪਰ ਇਨ੍ਹਾਂ ਵਿੱਚ ਸੂਖਮ ਅੰਤਰ ਹੈ। ਜਿੱਥੇ ਹਰੇਕ ਵਾਰ ਨੂੰ ਜੰਗਨਾਮੇ ਦਾ ਨਾਂ ਦਿੱਤਾ ਜਾ ਸਕਦਾ ਹੈ ਉੱਥੇ ਹਰੇਕ ਜੰਗਨਾਮੇ ਨੂੰ ਵਾਰ ਨਹੀਂ ਆਖਿਆ ਜਾ ਸਕਦਾ। ਵਾਰ ਲਈ ਪਉੜੀ ਛੰਦ ਮੁਕਰਰ ਹੈ ਪਰ ਜੰਗਨਾਮੇ ਬੈਂਤਾ ਵਿੱਚ ਤੇ ਮਸਨਵੀ ਦੀ ਤਰਜ਼ ਉੱਥੇ ਲਿਖੇ ਵੀ ਮਿਲਦੇ ਹਨ। ਪੰਜਾਬੀ ਵਿੱਚ ਕੁਝ ਜੰਗਨਾਮੇ ਸਥਾਨਕ ਲੜਾਈਆ ਨਾਲ ਸੰਬੰਧਿਤ ਹਨ।ਸ਼ਾਹ ਮੁਹੰਮਦ ਨੇ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਦਾ ਜੰਗਨਾਮਾ ਲਿਖਿਆ ਜਿਸ ਵਿੱਚ ਅੰਗ੍ਰੇਜ਼ਾਂ ਤੇ ਸਿੱਖਾਂ ਦੀ ਲੜਾਈ ਦੀ ਹੂ-ਬ-ਹੂ ਤਸਵੀਰ ਹੀ ਨਹੀਂ ਪੇਸ਼ ਹੁੰਦੀ ਜਿਸ ਵਿੱਚ ਡੋਗਰੀਆਂ ਦੀ ਗਦਾਰੀ, ਸਿੱਖਾਂ ਦੀ ਬਹਾਦਰੀ ਅਤੇ ਸ਼ਾਹ ਮੁਹੰਮਦ ਦੀ ਪੰਜਾਬ-ਭਗਤੀ ਪ੍ਰਗਟ ਹੁੰਦੀ ਹੈ। ਪੰਜਾਬੀ ਵਿੱਚ ਜੰਗਨਾਮੇ ਬਹੁਤ ਘੱਟ ਹਨ। ਅਸਲ ਵਿੱਚ ਭਾਈ ਵੀਰ ਸਿੰਘ ਤੋਂ ਪਹਿਲਾਂ ਕਵੀਆਂ ਨੇ ਬ੍ਰਜ ਭਾਸ਼ਾ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਸੀ। ਪੰਜਾਬੀ ਭਾਸ਼ਾ ਵਿੱਚ ਜਿਤਨੀ ਰਚਨਾ ਮੁਸਲਮਾਨ ਕਵੀਆਂ ਕੀਤੀ ਹੈ, ਉਤਨੀ ਨਾ ਹਿੰਦੂਆ ਨਾ ਸਿੱਖਾਂ ਨੇ ਕੀਤੀ ਹੈ। ਮੁਸਲਮਾਨ ਕਵੀਆਂ ਵਲੋਂ ਲਿਖੇ ਜੰਗਨਾਮੇ ਵਧੇਰੇ ਕਰ ਕੇ ਹਜ਼ਰਤ ਇਮਾਮ ਹੁਸੈਨ ਦੀ ਬਣਨਾ ਨਾਲ ਸੰਬੰਧਿਤ ਹਨ। ਜਿਸ ਵਿੱਚ ਹਜ਼ਰਤ ਹੁਸੈਨ ਆਪਣੇ ਕੇਵਲ 72 ਸਾਥੀਆਂ ਨਾਲ ਕਰਬਲੇ ਦੇ ਰੇਗਿਸਥਾਨ ਵਿੱਚ ਯਜ਼ੀਦ ਦੇ ਭਾਰੀ ਕਣਕ ਨਾਲ ਲੜਦਾ ਸ਼ਹੀਦ ਹੋਇਆ ਸੀ। ਪੰਜਾਬੀ ਜੰਗਨਾਮਿਆ ਦਾ ਵਿਸ਼ਾ ਵਧੇਰੇ ਕਰ ਕੇ ਇਕੋ ਹੈ ਅਤੇ ਇਹ ਆਮ ਤੌਰ 'ਤੇ ਹਰ ਸਾਲ ਮੁਹੱਰਮ ਉੱਤੇ ਪੜ੍ਹ ਕੇ ਸੁਣਾਉਣ ਲਈ ਅਤੇ ਲੋਕਾਂ ਦੇ ਦਿਲਾਂ ਵਿੱਚ ਉਸ ਘਟਨਾ ਦੀ ਯਾਦ ਤਾਜ਼ਾ ਕਰ ਕੇ ਉਹਨਾਂ ਵਿੱਚ ਕਰੁਣਾ ਰਸ ਭਰਨ ਲਈ ਹੀ ਲਿਖੇ ਜਾਂਦੇ ਹਨ। ਕਈ ਥਾਂ

ਇਤਨਾਂ ਕਰੁਣਾ ਰਸ ਭਰਿਆ ਹੈ ਕਿ ਪਥਰ-ਚਿਤ ਮਨੁਖ ਵੀ ਭਾਵੇਂ ਉਸ ਦੀ ਇਸਲਾਮ ਦੇ ਆਗੂਆ ਨਾਲ ਜਜ਼ਬਾਤੀ ਸਾਂਝ ਹੋਵੇ ਜਾਂ ਨਾ ਅਥਰੂ ਬਿਨ੍ਹਾਂ ਨਹੀਂ ਰਹਿ ਸਕਦਾ। ਪੰਜਾਬੀ ਜੰਗਨਾਮਾ ਸਭ ਤੋਂ ਪਹਿਲਾਂ ਪੀਰ ਮੁਹੰਮਦ ਕਾਸਬੀ ਨੇ 1592 ਈ. ਵਿੱਚ ਲਿਖਿਆ। ਹਾਫਿਜ਼ ਬਰਖੁਰਦਾਰ ਜੋ ਔਰੰਗਜ਼ੇਬ ਦੇ ਸਮੇਂ ਹੋਇਆ ਨੇ ਵੀ ਇਸ ਵਿਸ਼ੇ ਉੱਤੇ ਕਲਮ ਚਲਾਈ ਹੈ। ਮੁਕਬਲ ਹਾਮਦ, ਅਹਿਮਦਯਾਰ, ਸ਼ਾਹ ਚਰਾਮ, ਇਕਬਾਲ ਕਾਇਮ, ਮੁਹੰਮਦ ਬਖ਼ਸ਼, ਅਮੀਰ ਅਲੀ ਜਲੰਧਰੀ, ਆਦਿ ਬਹੁਤ ਸਾਰੇ ਮੁਸਲਮਾਨ ਕਵੀਆਂ ਨੇ ਇਸਲਾਮੀ ਜੰਗਨਾਮੇ ਲਿਖੇ ਹਨ। ਮੁਕਬਲ ਦਾ ਜੰਗਨਾਮਾ 1160 ਈ. ਵਿੱਚ ਲਿਖਿਆ ਜੋ ਬਹੁਤ ਹਰਮਨ ਪਿਆਰਾ ਹੋਇਆ। ਇਹ ਜੰਗਨਾਮਾ ਬੋਲੀ, ਰਵਾਨੀ, ਸ਼ਬਦ ਅਲੰਕਾਰ ਤੇ ਹੋਰ ਕਾਵਿਧਾਰਾ-ਗੁਣਾ ਦੇ ਪੱਖ ਤੋਂ ਉਸ ਦੇ ਹਰ ਦੇ ਟਾਕਰੇ ਤੇ ਵਧੇਰੇ ਸਫਲ ਰਚਨਾ ਹੈ।

## <u>ਪੰਜਾਬੀ ਸਾਹਿਤ ਵਿਚ ਵਾਰ ਕਾਵਿਧਾਰਾ (1850 ਈ ਤੱਕ)</u>

### (ੳ) ਵਾਰ ਕਾਵਿਧਾਰਾ-ਰੂਪ ਦਾ ਨਿਰਨਾ

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰ ਦਾ ਕਾਵਿਧਾਰਾ-ਰੂਪ ਯੁੱਧ-ਵਰਣਨ ਅਥਵਾ ਬੀਰ-ਕਾਵਿ ਨੂੰ ਪੇਸ਼ ਕਰਨ ਦਾ ਪ੍ਰਤੀਨਿਧ ਰੂਪ ਹੈ। ਇਸ ਕਾਵਿਧਾਰਾ ਰੂਪ ਦਾ ਜਨਮ ਤੇ ਵਿਕਾਸ ਪੰਜਾਬ ਤੇ ਦੇ ਰਾਜਸਥਾਨ ਦੇ ਸੀਮਾ ਵਰਤੀ ਪ੍ਰਾਂਤਾਂ ਵਿਚ ਹੋਇਆ ਕਿਉਂਕਿ ਵਿਸ਼ੇਸ਼ ਭੂਗੋਲਿਕ ਸਥਿਤੀ ਕਰ ਕੇ ਇਨ੍ਹਾਂ ਪ੍ਰਾਂਤਾਂ ਦੇ ਲੋਕਾਂ ਲਈ ਸੂਰਮਤਾਈ ਦਾ ਆਦਰਸ਼ ਇਕ ਇਤਿਹਾਸਕ ਲੋੜ ਬਣ ਚੁੱਕਾ ਸੀ। ਭੂਗੋਲਿਕ ਸਥਿਤੀ ਕਿਸ ਇਲਾਕੇ ਜਾਂ ਦੇਸ਼ ਤੇ ਰਾਜਸੀ, ਆਰਥਕ ਅਤੇ ਸਮਾਜਕ ਹਾਲਾਤ ਦਾ ਮੁੱਖ ਆਧਾਰ ਹੁੰਦੀ ਹੈ। ਇਨ੍ਹਾਂ ਦੋਹਾਂ ਪ੍ਰਾਂਤਾਂ ਦੇ ਲੋਕਾਂ ਨੂੰ ਭਾਰਤ ਦੇ ਉੱਤਰ-ਪੱਛਮ ਵੱਲੋਂ ਆਉਣ ਵਾਲੇ ਹਮਲਾਵਰਾਂ ਦਾ ਮੁਕਾਬਲਾ ਕਰਨ ਵਾਸਤੇ ਸਦਾ ਤਿਆਰ ਰਹਿਣਾ ਪੈਂਦਾ ਸੀ। ਅਕਬਰ ਵਿਦੇਸ਼ੀ ਹਮਲਿਆਂ ਦੀ ਪਹਿਲੀ ਚਾਲ ਰਾਜਸਥਾਨ ਤੋਂ ਵੀ ਵੱਧ ਪੰਜਾਬ ਹੀ ਝੱਲਦਾ ਆਇਆ ਹੈ। ਇਸ ਇਤਿਹਾਸਕ, ਸਮਾਜਕ, ਤੇ ਰਾਜਸੀ ਸਥਿਤੀ ਦੇ ਫਲ ਸਰੂਪ ਪੰਜਾਬੀ ਸਾਹਿਤ ਵਿਚ ਵਾਰ ਦੇ ਕਾਵਿਧਾਰਾ ਰੂਪ ਦੀ ਉਤਪਤੀ ਹੋਈ।

ਵਾਰ ਸ਼ਬਦ ਦਾ ਮੂਲ ਸੰਸਕ੍ਰਿਤੀ ਦੇ ਵ੍ਰਿਧਾਤੂ ਤੋਂ ਮੰਨਿਆ ਜਾਂਦਾ ਹੈ ਜਿਸ ਤੋਂ ॥ਵਾਰੀ, ਵੈਰੀ, ਅਰਥਾਤ ਵਾਰ ਕਰਨ ਵਾਲਾ ਜਾਂ ਵਾਰ ਰੋਕਣ ਵਾਲਾ, ਵਾਹਰ, ਵਾਹਰੀ ਜਾਂ ਵਾਹਰੂ ਆਦਿ ਸ਼ਬਦ ਹਨ। ਪੰਜਾਬੀ ਵਾਰ ਸ਼ਬਦ ਅਨੇਕਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ ਵਾਰ ਕਰਨਾ, ਵਾਹੀ ਲਾਹੁਣਾ, ਵਾਰੀ ਜਾਣਾ ਆਦਿ। ਇਨ੍ਹਾਂ ਅਰਥਾਂ ਦੀ ਭੂਮਿਕਾ ਵਿਚ ਹੀ ਪੰਜਾਬੀ ਸਾਹਿਤ ਵਿਚ ਵਾਰ ਦਾ ਅਰਥ ਉਸ ਬੀਰ ਰਸੀ ਕਵਿਤਾ ਤੋਂ ਲਿਆ ਜਾਣ ਲੱਗਾ ਜਿਸ ਵਿਚ ਸੂਰਬੀਰ ਯੋਧਿਆਂ ਦੀ ਬੀਰਤਾ ਦੇ ਕਾਰਨਾਮੇ ਉਤਸ਼ਾਹ ਭਰੇ ਢੰਗ ਨਾਲ ਅੰਕਿਤ ਕੀਤੇ ਗਏ। ਪੰਜਾਬੀ ਵਿਚ ਵਾਰ ਦਾ ਅਰਥ ਵਾਰੀ ਵਾਰੀ ਜਾਂ ਬਾਰ ਬਾਰ ਵੀ ਹੈ। ਵਾਰ ਜਾਂ ਬਾਰ ਤੋਂ ਦਰਵਾਜ਼ੇ ਦਾ ਅਰਥ ਵੀ ਲਿਆ ਜਾਂਦਾ ਹੈ। ਭੱਟ ਜਾਂ ਢਾਂਡੀ ਆਪਣੇ ਮਾਲਕਾਂ ਤੇ ਸਰਪ੍ਰਸਤਾਂ ਦੇ ਦਰਾਂ ਉੱਤੇ ਬਾਰ ਬਾਰ ਉਨ੍ਹਾਂ ਦੇ ਸੂਰਬੀਰ ਬਜ਼ੁਰਗਾਂ ਦੀ ਉਸਤਤ ਵਿਚ ਵਾਰਾਂ ਗਾਉਂਦੇ ਸਨ। ਵਾਰ ਦੇ ਉਪਰੋਕਤ ਅਰਥ ਵੀ ਕਾਵਿਧਾਰਾ-ਰੂਪ ਦੇ ਤੌਰ ਤੇ ਵਾਰ ਦੇ ਨਾਮਕਰਨ ਦਾ ਆਧਾਰ ਹੋ ਸਕਦੇ ਹਨ। ਰਾਜਸਥਾਨੀ ਭਾਸ਼ਾ ਵਿਚ ਵਾਰ ਦਾ ਅਰਥ ਸਹਾਇਤਾ ਲਈ ਪੁਕਾਰ ਕਰਨਾ ਹੈ। ਪਿਆਰਾ ਸਿੰਘ ਪਦਮ ਨੇ ਰਾਜਸਥਾਨ ਦੀ ਇਕ ਬਾਰਹਠ ਨਾਮੀ ਜਾਤੀ ਦਾ ਜ਼ਿਕਰ ਕੀਤਾ ਹੈ। ਇਹ ਭੱਟਾਂ ਦੀ ਇਕ ਜਾਤੀ ਹੈ ਜੋ ਆਪਣੇ ਸੁਆਮੀਆਂ ਦੇ ਦਰਾਂ ਤੇ ਪ੍ਰਸੰਸਾ ਦੇ ਗੀਤ ਗਾਉਂਦੇ ਤੇ ਮੰਗਣ ਲਈ ਅੜੇ ਰਹਿੰਦੇ ਹਨ।

ਪਰ ਵਾਰ ਸ਼ਬਦ ਦਾ ਅਰਥ ਕੁਝ ਵੀ ਹੋਵੇ ਪੰਜਾਬੀ ਸਾਹਿਤ ਵਿਚ ਵਾਰ, ਕਾਵਿਧਾਰਾ ਦਾ ਉਹ ਰੂਪ ਹੈ ਜਿਸ ਰਾਹੀਂ ਕੋਈ ਗਾਉਣ ਯੋਗ ਬੀਰ ਰਸੀ ਵਾਰਤਾ ਬਿਆਨ ਕੀਤੀ ਜਾਵੇ। ਇਹ ਵਾਰਤਾ ਚੰਗਿਆਈ ਦੇ ਸੋਹਲੇ ਗਾਉਣ ਵਾਲੀ, ਕੁਰਬਾਨੀ ਦਾ ਬਿਆਨ ਕਰਨ ਵਾਲੀ ਤੇ ਜੰਗ ਦੇ ਸੀਨ ਦਾ ਵਰਣਨ ਕਰਨ ਵਾਲੀ ਹੋਵੇਗੀ। ਮੱਧਕਾਲ ਤੇ ਸਾਮੰਤਵਾਦੀ ਯੁੱਗ ਵਿਚ ਯੁੱਧ ਅਕਸਰ, ਜ਼ਰ, ਜੋਰੂ ਅਤੇ ਜ਼ਮੀਨ ਅਥਵਾ ਧਨ, ਇਸਤਰੀ ਅਤੇ ਜਾਇਦਾਦ ਲਈ ਝਗੜਿਆਂ ਤੋਂ ਪੈਦਾ ਹੁੰਦੇ ਸਨ। ਦੋਹਾਂ ਧਿਰਾਂ ਦੇ ਯੋਧੇ ਆਪਣੇ ਆਪਣੇ ਪੱਖ ਦੀ ਰੱਖਿਆ ਕਰਨ ਲਈ ਭਿੜਨ ਸਨ ਅਤੇ ਵਾਰਾਂ ਲਿਖਣ ਤੇ ਗਾਉਣ ਵਾਲੇ ਭੱਟ, ਮਰਾਸੀ ਜਾਂ ਕਲੌਚ ਆਪਣੇ ਆਪਣੇ ਕਬੀਲੇ ਜਾਂ ਜਾਤੀ ਦੇ ਸਰਦਾਰਾਂ, ਯੋਧਿਆਂ ਅਤੇ ਸੂਰਬੀਰਾਂ ਦੀ ਵੀਰਤਾ ਦਾ ਉਤਸ਼ਾਹ ਭਰਪੂਰ ਵਰਣਨ ਕਰਨ ਲਈ ਵਾਰਾਂ ਰੱਖਦੇ ਤੇ ਗਾਉਂਦੇ ਸਨ। ਯੁੱਧ ਦੇ ਵਰਣਨ ਵਿਚ ਬੀਰ ਰਸ ਨੂੰ ਉਤੇਜਿਤ ਕਰਨ ਅਤੇ ਉਤਸ਼ਾਹ ਦਾ ਵਾਤਾਵਰਣ ਪੈਦਾ ਕਰਨ ਵਾਰ ਦੇ ਮੀਰੀ ਗੁਣ ਮੰਨੇ ਗਏ ਹਨ।

ਨਿਰਸੰਦੇਹ ਪੰਜਾਬੀ ਵਾਰ ਦਾ ਆਰੰਭ ਬੀਰ ਰਸੀ ਕਵਿਤਾ ਦੇ ਰੂਪ ਵਿਚ ਹੀ ਹੋਇਆ ਪਰ ਆਪਣੇ ਵਿਕਾਸ ਦੇ ਅਨੇਕਾਂ ਪੜਾਵਾਂ ਵਿਚ ਵਾਰ ਕਾਵਿਧਾਰਾ ਵਿਚ ਬੀਰ ਰਸ ਸਰੀਰਕ ਜੰਗਾਂ ਯੁੱਧਾਂ ਤੋਂ ਇਲਾਵਾ ਮਾਨਸਿਕ, ਆਤਮਿਕ ਖੇਤਰਾਂ ਵਿਚ ਪ੍ਰਗਟ ਹੁੰਦਾ ਰਿਹਾ ਹੈ। ਡਾ ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ ਬਾਹਰਮੁਖੀ ਤੇ ਅੰਤਰਮੁਖੀ ਵਾਰਾਂ ਦਾ ਸਾਂਝਾ ਤੱਤ ਕਿਸੇ ਆਦਰਸ਼, ਸੱਚ, ਨਿਆਂ, ਸੁਤੰਤਰਤਾ, ਅਣਖ, ਪਵਿੱਤਰਤਾ ਆਦਿ ਲਈ ਉਤਸ਼ਾਹ ਦੇ ਭਾਵਾਂ ਦਾ ਮੌਜੂਦ ਹੋਣਾ ਹੈ। ਵਾਰ ਦੇ ਨਾਇਕ ਵਿਚ ਆਦਰਸ਼ ਦਾ ਉਤਸ਼ਾਹ ਹੀ ਵਿਰੋਧੀ ਆਦਰ ਨਾਲ ਟੱਕਰ ਲੈਣ ਤੇ ਜੂਝਣ ਦਾ ਪ੍ਰੇਰਕ ਬਣਦਾ ਹੈ। ਟੱਕਰ ਵਾਰ ਕਾਵਿਧਾਰਾ ਦਾ ਕੇਂਦਰੀ ਲੱਛਣ ਹੈ। ਹਰਿੰਦਰ ਸਿੰਘ ਰੂਪ ਨੇ ਇਸ ਟੱਕਰ ਦੇ

ਵਾਤਾਵਰਣ ਨੂੰ ਪ੍ਰਗਟ ਕਰਨ ਲਈ ॥ਘੂਕਰ ਦੇ ਰਚਨਾਤਮਿਕ ਲੱਛਣ ਦਾ ਜ਼ਿਕਰ ਕੀਤਾ ਹੈ। ਇਹ ॥ਘੂਕਰ ਦਰਅਸਲ ਵਾਰ ਵਿਚ ਭਿੜਕਦੀਆਂ ਵਿਰੋਧੀ ਸ਼ਕਤੀਆਂ ਅਥਵਾ ਗੁਣਾਂ ਦੇ ਨਿਰੰਤਰ ਸੰਘਰਸ਼ ਨੂੰ ਧੁਨੀ ਬੱਧ ਕਰਦੀ ਹੈ।

ਇਸ ਭੂਮਿਕਾ ਵਿਚ ਗੁਰੂ ਸਾਹਿਬਾਨ ਤੇ ਭਾਈ ਗੁਰਦਾਸ ਦੁਆਰਾ ਰਚਿਤ ਵਾਰਾਂ ਬੜੇ ਦਿਲਚਸਪ ਅਧਿਐਨ ਦਾ ਵਿਸ਼ਾ ਬਣਦੀਆਂ ਹਨ। ਇਤਿਹਾਸ ਦੀ ਗਤੀ ਹਰ ਸਮੇਂ ਵਿਰੋਧੀ ਵਿਚਾਰਾਂ, ਸ਼ਕਤੀਆਂ ਤੇ ਧੜਿਆਂ ਦੀ ਟੱਕਰ ਤੋਂ ਪ੍ਰੇਰਿਤ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬੀ ਵਾਰਾਂ ਪੰਜਾਬ ਦੇ ਸਾਂਸਕ੍ਰਿਤਿਕ ਜੀਵਨ ਦੀ ਗਤੀ ਤੇ ਇਤਿਹਾਸਕ ਵਿਵੇਕ ਦੇ ਚਿੱਤਰ ਉਲੀਕਦੀਆਂ ਪੰਜਾਬੀ ਸੰਸਕ੍ਰਿਤੀ ਤੇ ਜੀਵਨ ਦੇ ਵੱਖ ਵੱਖ ਪੜਾਵਾਂ ਤੇ ਤਣਾਉ ਨੂੰ ਪ੍ਰਸਤੁਤ ਕਰਨ ਦਾ ਯਤਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

## (ਅ) ਪੰਜਾਬੀ ਵਾਰ ਕਾਵਿਧਾਰਾ ਦਾ ਜਨਮ ਤੇ ਵਿਕਾਸ

ਪੰਜਾਬੀ ਵਾਰ ਪੰਜਾਬ ਦੇ ਇਤਿਹਾਸਕ, ਭੂਗੋਲਿਕ ਸਥਿਤੀ ਦਾ ਸਾਂਸਕ੍ਰਿਤਿਕ ਮਾਧਿਅਮ ਬਣ ਕੇ ਪੰਜਾਬ ਦੀ ਚੇਤਨਾ ਨੂੰ ਵੱਖ ਵੱਖ ਸਥਿਤੀਆਂ ਅਤੇ ਭੀੜਾਂ ਦਾ ਸਾਹਮਣਾ ਕਰਨ ਲਈ ਵੰਗਾਰਦੀ ਅਤੇ ਹੁਲਾਰਦੀ ਹੈ।

ਪੰਜਾਬੀ ਵਾਰ ਦੇ ਪਹਿਲੇ ਪ੍ਰਮਾਣਿਕ ਨਮੂਨੇ ਸਾਡੇ ਕੋਲ ਆਦਿ ਗ੍ਰੰਥ ਵਿਚ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ, ਸੱਤਾ ਤੇ ਬਲਵੰਤ ਨਾਮੀ ਭੱਟਾਂ ਦੁਆਰਾ ਰਚਿਤ ਬਾਣੀ (ਵਾਰਾਂ) ਦੇ ਰੂਪ ਵਿਚ ਪਹੁੰਚੇ ਹ। ਇਹ ਵਾਰਾਂ ਨਿਰਸੰਦੇਹ ਲੰਮੀ ਅਤੇ ਸ਼ਕਤੀਸ਼ਾਲੀ ਪੰਜਾਬੀ ਵਾਰ ਪਰੰਪਰਾ ਦੀ ਹੋਂਦ ਦਾ ਪ੍ਰਮਾਣ ਹਨ। ਪਰ ਇਤਿਹਾਸਕ ਉਥਲ-ਪੁਥਲ, ਮਾਰ-ਧਾੜ ਤੇ ਵਿਦੇਸ਼ੀ ਹੱਲਿਆਂ ਦੁਆਰਾ ਮਚਾਈ ਜਾਂਦੀ ਜੁੱਗ ਗਰਦੀ ਦੇ ਫਲਸਰੂਪ ਪੰਜਾਬੀ ਸਾਹਿਤ ਦੀ ਇਹ ਅਮੋਲਕ ਪਰੰਪਰਾ ਸਾਡੇ ਤੋਂ ਹਮੇਸ਼ਾ ਲਈ ਲੋਪ ਹੋ ਗਈ। ਸਿੱਟੇ ਵਜੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਅਥਵਾ ਪੂਰਵ ਨਾਨਕ ਕਾਲ ਵਿਚ ਰਚੀਆਂ ਗਈਆਂ ਵਾਰਾਂ ਦੇ ਕੁਝ ਖ਼ਾਸ ਅੰਸ਼ ਮਾਤਰ ਹੀ ਸਾਡੇ ਤੱਕ ਪਹੁੰਚ ਸਕੇ ਹਨ। ਇਹ ਅੰਸ਼ ਮੌਖਿਕ ਪਰੰਪਰਾ ਦੇ ਰੂਪ ਵਿਚ ਗੁਰੂ ਕਾਲ ਤੱਕ ਪਹੁੰਚੇ ਅਤੇ ਜਿਨ੍ਹਾਂ ਨਾਲ ਸੰਬੰਧਿਤ ਵਾਰਾਂ ਦੀਆਂ ਧੁਨੀਆਂ ਦੀ ਵਿਆਪਕ ਲੋਕ ਪ੍ਰਵਾਨਗੀ ਨੂੰ ਮੁੱਖ ਰੱਖਦਿਆਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਕਵੀਆਂ ਦੁਆਰਾ ਰਚਿਤ ਵਾਰਾਂ ਨੂੰ ਇਨ੍ਹਾਂ ਵਾਰਾਂ ਦੀਆਂ ਵੱਖ ਵੱਖ ਧੁਨੀਆਂ ਦੇ ਆਧਾਰ ਤੇ ਗਾਉਣ ਦਾ ਆਦੇਸ਼ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਇਸ ਕਾਲ ਦੀਆਂ ਪ੍ਰਚੱਲਿਤ ਵਾਰਾਂ ਗਾਈਆਂ ਜਾਂਦੀਆਂ ਸਨ ਅਤੇ ਬੀਰ ਰਸ ਨੂੰ ਉਤੇਜਿਤ ਕਰਨ ਵਾਲੀਆਂ ਇਨ੍ਹਾਂ ਵਾਰਾਂ ਦੇ ਗਾਉਣ ਵਾਲੇ ਢਾਡੀਆਂ ਨੂੰ ਗੁਰੂ ਸਾਹਿਬ ਦੇ ਦਰਬਾਰ ਵਿਚ ਵਿਸ਼ੇਸ਼ ਮਾਨਤਾ ਪ੍ਰਾਪਤ ਸੀ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਰਾਂ ਦੀਆਂ ਧੁਨੀਆਂ ਨੂੰ ਅਪਣਾਉਣ ਦੇ ਆਦੇਸ਼ ਮਿਲਦੇ ਹਨ ਉਨ੍ਹਾਂ ਦੇ ਕੁਝ ਅੰਸ਼ ਮਾਤਰ ਹੀ ਧੁਨੀ ਦੀ ਪਛਾਣ ਨੂੰ ਪ੍ਰਮਾਣਿਤ ਕਰਨ ਲਈ ਸਾਡੇ ਤੱਕ ਪੁੱਜੇ ਹਨ। ਇਹ ਵਾਰਾਂ ਮੱਧਕਾਲ ਦੇ ਜ਼ਰ, ਜੋਰੂ, ਜ਼ਮੀਨ ਦੇ ਝਗੜਿਆਂ ਤੋਂ ਪੈਦਾ ਹੋਣ ਵਾਲੇ ਤਣਾਉ ਅਤੇ ਟੱਕਰ ਨੂੰ ਰੂਪਮਾਨ ਕਰਦੀਆਂ ਨਜ਼ਰ ਆਉਂਦੀਆਂ ਹਨ। ਵਾਰਾਂ ਦੇ ਨਾਮ ਨਾਇਕਾਂ ਦੇ ਨਾਮ ਉੱਤੇ ਰੱਖੇ ਪ੍ਰਤੀਤ ਹੁੰਦੇ ਹਨ ਅਤੇ ਵਾਰਕਾਰਾਂ ਦੇ ਨਾਮ ਦਾ ਕੋਈ ਅਤਾ ਪਤਾ ਨਹੀਂ ਚਲਦਾ। ਇਨ੍ਹਾਂ ਵਾਰਾਂ ਦੇ ਨਾਮ ਇਸ ਪ੍ਰਕਾਰ ਹਨ :

1. ਰਾਇ ਕਮਾਲ ਦੀ ਮੌਜ ਦੀ ਵਾਰ
2. ਹਸਨੇ ਮਹਿਮੇ ਦੀ ਵਾਰ
3. ਵਾਰ ਮੂਸੇ ਕੀ
4. ਸਿਕੰਦਰ ਬਿਰਾਹਮ ਦੀ ਵਾਰ
5. ਲੱਲਾ ਬਹਿਲੀਮਾ ਦੀ ਵਾਰ
6. ਟੁੰਡੇ ਅਸਰਾਜੇ ਦੀ ਵਾਰ
7. ਮਲਕ ਮੁਰੀਦ ਚੰਦ੍ਰਹੜਾ ਸੋਹੀਆ ਦੀ ਵਾਰ
8. ਜੋਧੇ ਵੀਰ ਪੂਰ ਬਾਣੀ ਦੀ ਵਾਰ
9. ਰਾਣਾ ਕੈਲਾਸ਼ ਦੇਵ ਤਥਾ ਮਾਲਦੇ ਦੀ ਵਾਰ

ਇਨ੍ਹਾਂ ਵਾਰਾਂ ਵਿਚਲੀਆਂ ਘਟਨਾਵਾਂ ਦਾ ਘਟਨਾ-ਸਥਲ ਪੰਜਾਬ ਜਾਂ ਰਾਜਸਥਾਨ ਹੈ। ਇਨ੍ਹਾਂ ਵਾਰਾਂ ਤੋਂ ਇਹ ਗੱਲ ਜ਼ਰੂਰ ਸਪਸ਼ਟ ਹੁੰਦੀ ਹੈ ਕਿ ਮੱਧਕਾਲ ਵਿਚ ਪੰਜਾਬੀ ਵਾਰ ਬੜੀ ਬਲਵਾਨ ਪਰੰਪਰਾ ਦਾ ਰੂਪ ਧਾਰਨ ਕਰ ਚੁੱਕੀ ਸੀ ਅਤੇ ਵਾਰ ਦੀ ਸ਼ੈਲੀ, ਸ਼ਬਦਾਵਲੀ ਤੇ ਛੰਦ ਆਦਿਕ ਰੂਪਕ ਗੁਣਾਂ ਦੀ ਨੁਹਾਰ ਪਰਪੱਕ ਹੋ ਚੁੱਕੀ ਸੀ ਅਤੇ ਪੰਜਾਬੀ ਵਾਰ ਪੰਜਾਬੀ ਵੀਰ ਪਰੰਪਰਾ ਦੇ ਸਮਰੱਥ ਮਾਧਿਅਮ ਦੇ ਤੌਰ ਤੇ ਪੰਜਾਬੀਆਂ ਦੀ ਪ੍ਰੇਰਨਾ ਦਾ ਰੂਪ ਧਾਰ ਚੁੱਕੀ ਸੀ। ਵਿਦਵਾਨਾਂ ਦਾ ਅਨੁਮਾਨ ਹੈ ਕਿ ਇਨ੍ਹਾਂ ਵਾਰਾਂ ਵਿਚੋਂ ਪਹਿਲੀਆਂ ਛੇ ਵਾਰਾਂ ਪੂਰਬ ਨਾਨਕ ਕਾਲ ਦੀਆਂ ਹਨ। ਬਾਕੀ ਤਿੰਨ ਵਾਰਾਂ ਸੋਲ੍ਹਵੀਂ ਤੱਕ ਰਚੀਆਂ ਗਈਆਂ ਦੱਸੀਆਂ ਜਾਂਦੀਆਂ ਹਨ। ਗੁਰੂ ਸਾਹਿਬ ਵਿਚ ਮਿਲਦੀਆਂ 22 ਵਾਰਾਂ ਤੋਂ

ਇਲਾਵਾ ਇਸ ਕਾਲ ਦੀ ਹੋਰ ਕੋਈ ਵਾਰ ਸਾਡੇ ਤੱਕ ਨਹੀਂ ਪਹੁੰਚੀ। ਗੁਰੂ ਸਾਹਿਬਾਨ ਦਾ ਸਮਾਂ, ਵਿਸ਼ੇਸ਼ ਤੌਰ ਤੇ ਗੁਰੂ ਅਰਜਨ ਦੇਵ ਜੀ ਤੱਕ, ਮੁਗ਼ਲਾਂ ਦੀ ਚੜ੍ਹਦੀ ਕਲਾ ਦਾ ਸਮਾਂ ਸੀ। ਇਸ ਸਮੇਂ ਤੱਕ ਸਿੱਖ ਲਹਿਰ ਵਿਚ ਮੁਗ਼ਲ ਸਾਮਰਾਜ ਨਾਲ ਟੱਕਰ ਲੈਣ ਦੀ ਥਾਂ ਸਿੱਖਾਂ ਵਿਚ ਵਿਅਕਤੀਗਤ ਚਰਿੱਤਰ ਦੀ ਉਸਾਰੀ ਅਤੇ ਸਿੱਖ ਲਹਿਰ ਦੇ ਧਾਰਮਿਕ ਸੰਗਠਨ ਨੂੰ ਮਜ਼ਬੂਤ ਕਰਨ ਦੀ ਰੁਚੀ ਪ੍ਰਧਾਨ ਰਹੀ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਵਾਰਾਂ ਦੀ ਰਚਨਾ ਧਾਰਮਿਕ ਅਧਿਆਤਮਕ ਆਸ਼ਿਆਂ ਦੀ ਪੂਰਤੀ ਨੂੰ ਮੁੱਖ ਰੱਖ ਕੇ ਕੀਤੀ ਗਈ। ਇਨ੍ਹਾਂ ਵਾਰਾਂ ਵਿਚ ਆਮ ਤੌਰ ਤੇ ਗੁਰੂ ਅਥਵਾ ਪਰਮਾਤਮਾ ਦਾ ਜਸ ਗਾਇਣ ਕੀਤਾ ਗਿਆ ਹੈ ਅਤੇ ਗੁਰੂ ਦੀ ਕ੍ਰਿਪਾ ਦੇ ਪਾਤਰ ਬਣ ਕੇ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਦ੍ਰਿੜ੍ਹਾਇਆ ਗਿਆ ਹੈ। ਇਸ ਮਾਰਗ ਉੱਤੇ ਤੁਰਨ ਲਈ ਉਚੇਚੇ ਆਤਮਿਕ ਗੁਣਾਂ ਦੀ ਸਾਧਨਾ ਉੱਤੇ ਜ਼ੋਰ ਦਿੱਤਾ ਗਿਆ। ਜਿੱਥੇ ਕਿਤੇ ਸਮਾਜਕ ਤੇ ਰਾਜਨੀਤਕ ਢਾਂਚਾ ਇਨ੍ਹਾਂ ਆਤਮਿਕ ਗੁਣਾਂ ਦੀ ਸਾਧਨਾਂ ਵਿਚ ਰੁਕਾਵਟ ਪਾਉਂਦਾ ਹੈ ਉੱਥੇ ਇਸ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਗੁਰੂ ਨਾਨਕ ਰਚਿਤ ਆਸਾ ਦੀ ਵਾਰ ਇਸ ਗੱਲ ਦਾ ਵਿਸ਼ੇਸ਼ ਪ੍ਰਮਾਣ ਪੇਸ਼ ਕਰਦੀ ਹੈ। ਇਸ ਵਿਚ ਸਮਾਜਕ, ਰਾਜਨੀਤਕ ਜੀਵਨ ਵਿਚ ਵਿਆਪਕ ਦੰਭ ਅਤੇ ਧਾਰਮਿਕ, ਕਰਮ ਕਾਂਡ ਦੇ ਪਾਖੰਡ ਦੀ ਅਸਲੀਅਤ ਨੂੰ ਉਜਾਗਰ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਗੁਰੂ ਕਵੀਆਂ ਦੀਆਂ ਵਾਰਾਂ ਵਿਚ ਟੱਕਰ ਦਾ ਸਰੂਪ ਤੇ ਖੇਤਰ ਬਦਲ ਗਏ ਹਨ। ਟੱਕਰ ਯੁੱਧ ਭੂਮੀ ਵਿਚ ਵਾਪਰਨ ਦੀ ਥਾਂ ਮਨੁੱਖੀ ਚੇਤਨਾ ਅਥਵਾ ਮਨ ਵਿਚ ਵਾਪਰਦੀ ਹੈ ਅਤੇ ਇਹ ਜ਼ਰ, ਜੋਰੂ, ਜ਼ਮੀਨ ਦੀ ਰਵਾਇਤੀ ਝਗੜਿਆਂ ਦੀ ਥਾਂ, ਵੇਲਾ ਵਿਹਾ ਚੁੱਕੀਆਂ ਰੂੜ੍ਹੀਗਤ ਸਮਾਜਕ ਕੀਮਤਾਂ ਦੀ ਥਾਂ ਨਰੋਈਆਂ ਤੇ ਗਤੀਸ਼ੀਲ, ਸਦਾਚਾਰਕ, ਸਮਾਜਕ ਤੇ ਧਾਰਮਿਕ ਅਥਵਾ ਅਧਿਆਤਮਕ ਕੀਮਤਾਂ ਵਿਚਲੀ ਇਤਿਹਾਸਕ ਟੱਕ ਦੇ ਰੂਪ ਵਿਚ ਯੁੱਗ ਦੀ ਵਿਆਪਕ ਚੇਤਨਾ ਨੂੰ ਗਤੀਸ਼ੀਲ ਰੂਪ ਵਿਚ ਪੇਸ਼ ਕਰਦੀ ਹੈ। ਨਿਰੋਈਆਂ ਤੇ ਗਤੀਸ਼ੀਲ ਕੀਮਤਾਂ ਦੀ ਸਾਧਨਾਂ ਦੇ ਰੂਪ ਵਿਚ ਇਹ ਵਾਰਾਂ ਮਨੁੱਖੀ ਚਰਿੱਤਰ ਦੀ ਕਾਇਆਂ-ਕਲਪ ਕਰਕੇ ਸਮਾਜਕ ਪ੍ਰਬੰਧ ਨੂੰ ਗਤੀ ਪ੍ਰਦਾਨ ਕਰਨ ਦਾ ਸੰਕਲਪ ਕਰਦੀਆਂ ਹਨ। ਵਿਅਕਤੀਗਤ ਚਰਿੱਤਰ ਦੀ ਉਸਾਰੀ ਦੀ ਪ੍ਰੇਰਨਾ ਦੇ ਰੂਪ ਵਿਚ ਇਨ੍ਹਾਂ ਵਿਚ ਜੀਵਨ ਦੀਆਂ ਆਤਮਿਕ ਤੇ ਸੰਸਾਰਕ ਖਿੱਚਾਂ ਵਿਚਲੇ ਸੰਘਰਸ਼ ਨੂੰ ਰੂਪਮਾਨ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਆਤਮਿਕ ਸਾਧਨਾਂ ਦਾ ਮਾਰਗ ਨਿਸ਼ਚਿਤ ਰੂਪ ਵਿਚ ਵਿਅਕਤੀਗਤ ਸੁਆਰਥ ਭਾਵਨਾ, ਸੰਸਾਰਕ ਪਦਾਰਥਕ ਤੇ ਜਿਨਸੀ ਰੁਚੀਆਂ, ਵਕਤੀ ਲਾਭਾਂ ਤੇ ਨਿੱਜੀ ਹਿੱਤਾਂ ਦੀ ਵਿਆਪਕ ਆਤਮਿਕ ਕੀਮਤਾਂ ਦੀ ਪ੍ਰੇਰਨਾ ਵੱਸ ਆਪਣੇ ਮਨ ਦੀਆਂ ਚੰਚਲ ਬਿਰਤੀਆਂ, ਭਟਕਣਾ ਤੇ ਕਮਜ਼ੋਰੀਆਂ ਨਾਲ ਜੂਝਦਾ ਹੋਇਆ ਉਚੇਚੇ ਸਦਾਚਾਰਕ, ਨੈਤਿਕ ਤੇ ਅਧਿਆਤਮਕ ਗੁਣਾਂ ਦੀ ਸਾਧਨਾ ਕਰਦਾ ਹੈ। ਇਸ ਸਾਧਨਾ ਦੁਆਰਾ ਉਹ ਉਸ ਪਰਮ ਚੇਤਨਾ ਦਾ ਪਾਤਰ ਬਣਦਾ ਹੈ ਜੋ ਮੱਧਕਾਲੀਨ ਜੀਵਨ-ਦਰਸ਼ਨ ਅਨੁਸਾਰ ਮਨੁੱਖੀ ਜੀਵਨ ਦੀ ਸਰਬੋਤਮ ਪ੍ਰਾਪਤੀ ਮੰਨੀ ਗਈ ਹੈ। ਬੇਸ਼ੱਕ ਜਦੋਂ ਜਾਤੀ ਕੋਈ ਸਮਾਜਕ ਅਤੇ ਰਾਜਨੀਤਕ ਪੱਧਰ ਉੱਤੇ ਨਿਘਾਰ ਗ੍ਰਸਤ ਹੁੰਦੀ ਹੈ ਉਦੋਂ ਆਤਮਿਕ ਆਦਰਸ਼ਾਂ ਦੀ ਸਾਧਨਾਂ ਦੁਆਰਾ ਹੀ ਉਹ ਆਪਣੇ ਇਤਿਹਾਸਕ ਸਮਾਜਕ ਪਤਨ ਦੀ ਅਵਸਥਾ ਵਿਚੋਂ ਨਿਕਲ ਕੇ ਆਪਣੇ ਗੁਆਚੇ ਹੋਏ ਗੌਰਵ ਅਤੇ ਪ੍ਰਤੀਸ਼ਠਾ ਨੂੰ ਪ੍ਰਾਪਤ ਕਰ ਸਕਦੀ ਹੈ।

ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੀ ਚਲਾਈ ਗੁਰੂ ਪ੍ਰਣਾਲੀ ਨੇ ਜਿਸ ਸਮੇਂ ਪੰਜਾਬੀਆਂ ਦੀ ਬਾਂਹ ਫੜੀ ਉਸ ਸਮੇਂ ਮੁਗ਼ਲ ਸਾਮਰਾਜ ਦੇ ਦਮਨ-ਸੀਲ ਅੱਤਿਆਚਾਰਾਂ ਦੇ ਫਲਸਰੂਪ ਪੰਜਾਬੀ ਲੋਕ ਵੀ ਬਾਕੀ ਭਾਰਤੀ ਲੋਕਾਂ ਵਾਂਗ ਆਪਣੀ ਰਵਾਇਤ, ਪਰੰਪਰਾ, ਸੰਸਕ੍ਰਿਤੀ ਤੇ ਇਤਿਹਾਸ ਤੋਂ ਟੁੱਟ ਕੇ ਆਪਣੇ ਰਾਸ਼ਟਰੀ ਅਸਤਿਤਵ ਤੇ ਗੌਰਵ ਦੀ ਭਾਲ ਵਿਚ ਭਟਕ ਰਹੇ ਸਨ। ਗੁਰਬਾਣੀ ਜਿਸ ਵਿਚ ਮੱਧਕਾਲ ਦੀ ਭਗਤੀ ਲਹਿਰ ਦੇ ਉੱਘੇ ਭਗਤਾਂ ਦੀ ਬਾਣੀ ਸ਼ਾਮਿਲ ਹੈ, ਪੰਜਾਬੀਆਂ ਅਤੇ ਭਾਰਤੀਆਂ ਦੀ ਰਾਸ਼ਟਰੀ ਚੇਤਨਾ ਨੂੰ ਨਰੋਏ ਚਰਿੱਤਰ ਤੇ ਆਤਮਿਕ ਗੌਰਵ ਦੀ ਸਾਧਨਾ ਦੁਆਰਾ ਆਪਣੇ ਸਾਂਸਕ੍ਰਿਤਿਕ ਵਿਰਸੇ ਨਾਲ ਜੁੜਨ ਲਈ ਪ੍ਰੇਰਦੀ ਹੋਈ ਰਾਸ਼ਟਰੀ ਚਰਿੱਤਰ ਅਤੇ ਅਸਤਿਤਵ ਦੀ ਪਛਾਣ ਦਾ ਰਸਤਾ ਉਲੀਕਦੀ ਹੈ। ਗੁਰਬਾਣੀ ਦੇ ਸਮੁੱਚੇ ਪ੍ਰੇਰਣਾਤਮਕ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਅਧਿਆਤਮਿਕ ਵਾਰਾਂ ਪੰਜਾਬੀਆਂ ਦੀ ਲੋਕ ਚੇਤਨਾ ਨੂੰ ਟੁੰਬਣ ਦੀ ਗਤੀਸ਼ੀਲ ਪ੍ਰੇਰਨਾ ਦਾ ਆਧਾਰ ਹੀ ਨਹੀਂ ਬਣਦੀਆਂ ਸਗੋਂ ਪੰਜਾਬੀ ਵਾਰ ਕਾਰ ਦੀ ਪਰੰਪਰਾ ਨੂੰ ਇਕ ਨਵਾਂ ਪਾਸਾਰ ਵੀ ਪ੍ਰਦਾਨ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਚਾਰ ਅਤੇ ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਅੱਡ-ਅੱਡ ਭਾਗਾਂ ਵਿਚ ਲਿਖੀਆਂ। ਇਨ੍ਹਾਂ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਬਣਤਰ, ਭਾਵ ਅਤੇ ਦ੍ਰਿਸ਼ਟੀਕੋਣ ਦੇ ਪੱਖ ਤੋਂ ਬਹੁਤ ਅੰਤਰ ਨਹੀਂ ਹੈ। ਹਾਂ ਗੁਰੂ ਅਮਰਦਾਸ ਦੀਆਂ ਵਾਰਾਂ ਦੀ ਭਾਸ਼ਾ ਉੱਤੇ ਸਾਧ ਭਾਸ਼ਾ ਅਤੇ ਪ੍ਰਾਕ੍ਰਿਤ ਦਾ ਪ੍ਰਭਾਵ ਵਧੇਰਾ ਹੈ ਜਦ ਕਿ ਗੁਰੂ ਅਮਰਦਾਸ ਦੁਆਰਾ ਰਚਿਤ ਵਾਰਾਂ ਵਿਚ ਪੰਜਾਬੀ ਭਾਸ਼ਾ ਦਾ ਅੰਸ਼ ਵਧੇਰੇ ਦਿਸ ਆਉਂਦਾ ਹੈ ਅਤੇ ਟ, ਠ, ਢ, ੜ ਆਦਿ ਪੰਜਾਬੀ ਧੁਨੀਆਂ ਦੀ ਵਰਤੋਂ ਵਾਰਾਂ ਵਿਚ ਟਕਰਾਉਣ ਦਾ ਵਾਤਾਵਰਣ ਪੈਦਾ ਕਰਦੀ ਹੈ।

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਵਾਰਾਂ ਦੀ ਬੋਲੀ ਵਧੇਰੀ ਮਾਂਜੀ ਸੁਆਰੀ ਨਜ਼ਰ ਆਉਂਦੀ ਹੈ। ਪਹਿਲੇ ਗੁਰੂ ਸਾਹਿਬਾਨ ਨੇ ਕੇਵਲ ਪਉੜੀਆਂ ਵਿਚ ਵਾਰਾਂ ਰਚੀਆਂ। ਗੁਰੂ ਅਰਜਨ ਦੇਵ ਜੀ ਨੇ ਪਉੜੀਆਂ ਨਾਲ ਢੁਕਵੇਂ ਭਾਵਾਂ ਵਾਲੇ ਸਲੋਕ ਤੇ ਹੋਰ ਛੰਦ ਰਚਣ ਦੀ ਪ੍ਰਥਾ

ਚਲਾਈ। ਸਲੋਕਾਂ ਦੀ ਬੋਲੀ ਵੀ ਪਉੜੀਆਂ ਦੀ ਬੋਲੀ ਤੋਂ ਅੱਡ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੀ ਮਿੱਸ ਵਾਲੀ ਹੈ। ਜੈਤਸਰੀ ਦੀ ਵਾਰ ਆਪ ਨੇ ਪ੍ਰਾਕ੍ਰਿਤ ਪ੍ਰਧਾਨ ਸਾਧ-ਭਾਸ਼ਾ, ਮੁਲਤਾਨੀ ਅਥਵਾ ਲਹਿੰਦੀ ਅਤੇ ਕੇਂਦਰੀ ਪੰਜਾਬੀ, ਤਿੰਨ ਭਾਸ਼ਾਵਾਂ ਬੜੀ ਨਿਪੁੰਨਤਾ ਸਹਿਤ ਵਰਤੀਆਂ ਹਨ।

ਸੱਤਾ ਅਤੇ ਬਲਵੰਤ ਨਾਮ ਦੇ ਭੱਟਾਂ ਦੁਆਰਾ ਰਚੀ ਇਕ ਵਾਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ ਹੈ। ਇਸ ਵਾਰ ਵਿੱਚ ਗੁਰੂ ਅਰਜਨ ਦੇਵ ਜੀ ਮਹਾਨ ਸ਼ਖ਼ਸੀਅਤ ਦੀ ਉਸਤਤ ਦਾ ਗਾਇਣ ਕੀਤਾ ਗਿਆ ਹੈ। ਪੰਜਾਬੀ ਵਾਰ ਦੀ ਪਰੰਪਰਾ ਵਿਚ ਨਾ ਕੇਵਲ ਇਹ ਸ਼ੁੱਧ ਉਸਤਤ ਦੀ ਵਾਰ ਦਾ ਉੱਤਮ ਪ੍ਰਮਾਣ ਹੈ ਬਲਕਿ ਸ਼ੈਲੀ, ਸ਼ਬਦ-ਚੋਣ ਤੇ ਰਵਾਨੀ ਦੇ ਪੱਖ ਤੋਂ ਵੀ ਉੱਤਮ ਰਚਨਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 22 ਵਾਰਾਂ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਪੰਜਾਬੀ ਵਾਰ ਪਰੰਪਰਾ ਨੂੰ ਨਵੀਂ ਸਾਬਿਤ ਅਤੇ ਗੌਰਵ ਪ੍ਰਦਾਨ ਕਰਦੀਆਂ ਹਨ। ਸਿੱਖ ਰਵਾਇਤ ਅਨੁਸਾਰ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦੀ ਪਦਵੀ ਦਿੱਤੀ ਗਈ ਹੈ। ਗੁਰੂ ਗ੍ਰੰਥ ਦੇ ਵਿਚਾਰਧਾਰਾਈ, ਦਾਰਸ਼ਨਿਕ ਆਧਾਰ ਸਿੱਖ ਲਹਿਰ ਦੇ ਸਦਾਚਾਰਕ ਤੇ ਨੈਤਿਕ ਸੰਦੇਸ਼ ਅਤੇ ਗੁਰੂ ਪਰੰਪਰਾ ਦੀ ਰਵਾਇਤ ਤੇ ਇਤਿਹਾਸ ਆਦਿਕ ਅਨੇਕਾਂ ਪੱਖਾਂ ਨੂੰ ਬੋਲੀ ਦੇ ਲੋਕਿਕ ਮੁਹਾਵਰੇ ਵਿਚ ਉਜਾਗਰ ਕਰਨ ਹਿਤ ਵਾਰ ਦੇ ਕਾਵਿਧਾਰਾ ਰੂਪ ਦੁਆਰਾ ਜਿੰਨੇ ਸਿਰਜਨਾਤਮਕ ਚਮਤਕਾਰ ਭਾਈ ਗੁਰਦਾਸ ਨੇ ਕੀਤੇ ਹਨ ਉਨ੍ਹਾਂ ਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਬੇਸ਼ੱਕ ਭਾਈ ਗੁਰਦਾਸ ਪੰਜਾਬੀ ਵਾਰ ਪਰੰਪਰਾ ਦਾ ਸਭ ਤੋਂ ਸਮਰੱਥ ਅਤੇ ਵਿਸ਼ਾਲ ਪ੍ਰਾਪਤੀ ਵਾਲਾ ਕਵੀ ਹੈ। ਪੰਜਾਬੀ ਵਾਰ ਦੇ ਇਤਿਹਾਸ ਦੇ ਅੰਤਰਗਤ ਭਾਈ ਗੁਰਦਾਸ ਦੀਆਂ ਵਾਰਾਂ ਆਪਣੀ ਵਿਸ਼ੇ, ਵੰਨਗੀ, ਭਾਸ਼ਾਈ ਸੂਝ, ਵਿਆਪਕ ਪ੍ਰਭਾਵ ਤੇ ਰਚਨਾਤਮਿਕ ਗੁਣਾਂ ਕਰਕੇ ਆਪਣੇ ਆਪ ਵਿਚ ਇਕ ਸੁਤੰਤਰ ਵਾਰ ਪਰੰਪਰਾ ਦੀ ਸਥਾਪਨਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਵਿਚ ਦਰਸ਼ਨ, ਵਿਚਾਰ ਚਰਚਾ, ਦ੍ਰਿਸ਼ਾਂ, ਇਤਿਹਾਸਕਾਰੀ, ਚਰਿੱਤਰ ਚਿਤਰਨ, ਨਾਟਕੀ ਬਿਰਤਾਂਤ ਵਰਣਨ ਦੇ ਸੁਹਜ ਤੇ ਅਲੰਕਾਰ ਦੀ ਲੋਕਿਕ ਸਾਦਗੀ ਦੇ ਅਨੇਕਾਂ ਰੰਗ ਖਿੜਦੇ ਤੇ ਮਹਿਕਦੇ ਨਜ਼ਰ ਆਉਂਦੇ ਹਨ।

ਇਹ ਵਾਰਾਂ ਸਮੁੱਚੇ ਤੌਰ ਤੇ ਸਿੱਖ ਲਹਿਰ ਦੇ ਉਥਾਨ ਨੂੰ ਇਸ ਦੇ ਭਰਪੂਰ ਗੌਰਵ ਤੇ ਉਮਾਹ ਸਹਿਤ ਪੇਸ਼ ਕਰਦੀਆਂ ਹਨ, ਇਸ ਲਈ ਇਨ੍ਹਾਂ ਵਿਚ ਵੀਰਤਾ ਦੇ ਅਨੇਕਾਂ ਰੂਪਾਂ ਤੇ ਅੰਗਾਂ ਲਈ ਉਤਸ਼ਾਹ ਦੇ ਪ੍ਰਭਾਵਸ਼ਾਲੀ ਦ੍ਰਿਸ਼ ਚੱਲ ਚਿੱਤਰ ਵਾਂਗ ਚਲਿੱਤਰ ਸਾਹਮਣਿਓਂ ਲੰਘਦੇ ਗੁਜ਼ਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਮੱਧਕਾਲੀਨ ਵਾਰ-ਸਾਹਿਤ ਵਿਚ ਬੀਰ ਕਾਵਿਧਾਰਾ ਦੀ ਸਿਖਰ ਕਹੀ ਜਾ ਸਕਦੀ ਹੈ। ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਸਿੱਖ ਲਾਹੌਰ ਵਿਚ ਧਰਮ ਯੁੱਧ ਦਾ ਚਾਉ ਅਤੇ ਧਰਮ ਰੱਖਿਆ ਦੀ ਸਥਿਤੀ ਦਾ ਤਣਾਉ ਆਪਣੀ ਸਿਖਰ ਉੱਤੇ ਪਹੁੰਚ ਚੁੱਕੇ ਹਨ। ਇਸ ਭੂਮਿਕਾ ਵਿਚ ਗੁਰੂ ਗੋਬਿੰਦ ਸਿੰਘ ਲੈ ਪੰਜਾਬੀ ਵਾਰ ਨੂੰ ਆਪਣੇ ਸ਼ਕਤੀਸ਼ਾਲੀ ਅਤੇ ਪ੍ਰੇਰਨਾਮਈ ਹਸਤਾਖ਼ਰ ਦਾ ਗੌਰਵ ਪ੍ਰਦਾਨ ਕਰ ਕੇ ਪੰਜਾਬੀ ਵੀਰ ਕਾਵਿਧਾਰਾ ਨੂੰ ਇਸ ਮਿਸਾਲੀ ਰਚਨਾ ਨਾਲ ਅਮੀਰ ਬਣਾਇਆ ਹੈ। ਇਹ ਵਾਰ ਜਿੱਥੇ ਪੰਜਾਬੀ ਵੀਰ ਕਾਵਿਧਾਰਾ ਵਿਚ ਬੇਮਿਸਾਲ ਰਚਨਾ ਹੈ ਉੱਥੇ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸੂਰਬੀਰਤਾ ਅਤੇ ਰਚਨਾਤਮਿਕ ਸਮਰੱਥਾ ਦੇ ਸੁਮੇਲ ਦਾ ਵੀ ਸ਼ਾਨਦਾਰ ਨਮੂਨਾ ਪੇਸ਼ ਕਰਦੀ ਹੈ।

ਇਸ ਵਾਰ ਵਿਚ ਦੁਰਗਾ ਅਤੇ ਦੈਂਤਾਂ ਦੇ ਯੁੱਧ ਦੀ ਪੌਰਾਣਿਕ ਵਾਰਤਾ ਨੂੰ ਆਧਾਰ ਬਣਾ ਕੇ ਗੁਰਸਾਹਿਬ ਨੇ ਯੁੱਧ ਕਲਾ ਤੇ ਯੁੱਧ-ਵਰਣਨ ਦਾ ਐਸਾ ਸਜੀਵ ਦ੍ਰਿਸ਼ ਸਿਰਜਿਆ ਹੈ ਕਿ ਇਹ ਵਾਰ ਬੀਰ ਰਸ ਅਤੇ ਚੜ੍ਹਦੀ ਕਲਾ ਦੀ ਜਿਊਂਦੀ ਜਾਗਦੀ ਪ੍ਰੇਰਨਾ ਹੋ ਨਿੱਬੜੀ ਹੈ। ਰਚਨਾਤਮਿਕ ਗੁਣਾਂ ਦੇ ਪੱਖ ਤੋਂ ਇਹ ਵਾਰ ਇੰਨੀ ਭਰਪੂਰ ਤੇ ਨਿਪੁੰਨ ਹੈ ਕਿ ਇਸ ਨੂੰ ਆਧਾਰ ਬਣਾ ਕੇ ਬੀਰ ਕਾਵਿਧਾਰਾ ਦਾ ਸਮਾਜ-ਸਾਸ਼ਤਰ ਨਿਰਧਾਰਿਤ ਕੀਤਾ ਜਾ ਸਕਦਾ ਹੈ।

ਨਿਰਸੰਦੇਹ ਚੰਡੀ ਦੀ ਵਾਰ ਪੰਜਾਬੀਆਂ ਨੂੰ ਆਪਣਾ ਇਤਿਹਾਸਕ ਰੋਲ ਪਛਾਣਨ ਅਤੇ ਆਪਣੀ ਰਾਸ਼ਟਰੀ ਪਛਾਣ ਤੇ ਅਣਖ ਦੀ ਰਾਖੀ ਲਈ ਜੂਝਣ ਵਾਸਤੇ ਝੰਜੋੜਦੀ ਅਤੇ ਚਰਿੱਤਰ ਨਿਰਮਾਣ ਦੇ ਮਾਨਸਿਕ ਆਤਮ ਸੰਘਰਸ਼ ਦੀ ਥਾਂ ਰਣ ਭੂਮੀ ਵਿਚ ਜੂਝ ਕੇ ਆਪਣੇ ਚਰਿੱਤਰ ਨੂੰ ਇਤਿਹਾਸ ਦੀ ਕਸਵੱਟੀ ਉੱਤੇ ਪਰਖਣ ਲਈ ਵੰਗਾਰ ਦੀ ਹੈ।

ਚੰਡੀ ਦੀ ਵਾਰ ਤੋਂ ਬਾਅਦ ਯੁੱਧ ਵਰਣਨ ਦੀਆਂ ਬੀਰ ਰਸੀ ਵਾਰਾਂ ਦਾ ਹੋਰ ਮੁੜ ਆਰੰਭ ਹੋ ਗਿਆ। ਭੇੜੇ ਕੀ ਵਾਰ ਪਾਤਸ਼ਾਹੀ 10 ਇਸ ਸਮੇਂ ਵਿਚ ਗੁਰ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਰਚੀ ਗਈ ।ਇਸ ਵਾਰ ਦਾ ਕੁਝ ਬਦਲਿਆ ਹੋਇਆ ਰੂਪ ਭੈੜਾ ਸ੍ਰੀ ਗੁਰ ਗੋਬਿੰਦ ਸਿੰਘ ਜੀ ਕਾ ਦੇ ਨਾਂ ਹੇਠ ਵੀ ਮਿਲਦਾ ਹੈ । ਵਾਰ ਦੀ ਕਹਾਣੀ ਇਤਿਹਾਸਕ ਆਧਾਰ ਵਾਲੀ ਹੈ। ਪਹਾੜੀ ਰਾਜਿਆਂ ਦੇ ਚੁੱਕਣ ਤੇ ਲਾਹੌਰ ਦਾ ਸੂਬੇਦਾਰ ਜ਼ਬਰਦਸਤ ਅਨੰਦਪੁਰ ਦੇ ਕਿਲ੍ਹੇ ਤੇ ਚੜ੍ਹ ਆਉਂਦਾ ਹੈ। ਇਸ ਵਾਰ ਵਿਚ ਇਸੇ ਯੁੱਧ ਦਾ ਵਰਣਨ ਕੀਤਾ ਗਿਆ ਹੈ। ਇਸ ਵਾਰ ਵਿਚ ਚੰਡੀ ਦੀ ਵਾਰ ਦਾ ਪ੍ਰਭਾਵ ਅਤੇ ਅਨੁਕਰਨ ਦਿਸ ਆਉਂਦਾ ਹੈ।

ਭਾਈ ਗੁਰਦਾਸ ਦੂਜੇ ਦੀ ॥ਗੁਰੂ ਖ਼ਾਲਸੇ ਕੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ॥ਆਪੇ ਗੁਰੂ ਚੇਲਾ ਦੇ ਇਤਿਹਾਸਕ ਕੌਤਕ ਨੂੰ ਸਿੱਖੀ ਭਾਵਨਾ ਦੇ ਤੱਤ-ਧਾਰ ਦੇ ਰੂਪ ਵਿਚ ਉਜਾਗਰ ਕਰਦੀ ਹੈ । ਹਰ ਪਉੜੀ ਦੇ ਅੰਤ ਵਿਚ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ

ਦੀ ਤੁਕ ਸਥਾਈ ਵਾਂਗ ਦੁਹਰਾਈ ਗਈ ਹੈ। ਵਾਰ ਦੀਆਂ ਅੰਤਲੀਆਂ ਛੇ ਪਉੜੀਆਂ ਦਾ ਸੰਬੰਧ ਰਣਜੀਤ ਸਿੰਘ ਦੇ ਸਮੇਂ ਨਾਲ ਹੈ। ਇਹ ਪਉੜੀਆਂ ਕਿਸੇ ਹੋਰ ਕਵੀ ਨੇ ਰਣਜੀਤ ਸਿੰਘ ਦੇ ਸਮੇਂ ਵਿਚ ਲਿਖ ਕੇ ਇਸ ਵਾਰ ਵਿਚ ਮਿਲਾ ਦਿੱਤੀਆਂ ਪ੍ਰਤੀਤ ਹੁੰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਹੋਰ ਵਾਰ ਸਰਬ ਲੋਹ ਦੀ ਵਾਰ ਹੈ ਜਿਸ ਵਿਚ ਹਿੰਦੀ ਤੇ ਬ੍ਰਜ ਦਾ ਰੰਗ ਪ੍ਰਧਾਨ ਹੈ। ਪਿਆਰਾ ਸਿੰਘ ਪਦਮ ਨੇ ਇਸ ਨੂੰ ਪੰਜਾਬੀ ਵਾਰ ਸਾਹਿਤ, ਵਿਚ ਮਿਲ-ਕਰਨ ਦਾ ਜਤਨ ਕੀਤਾ ਹੈ। ਇਸ ਵਾਰ ਦੇ ਕਰਤਾ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਪਤਾ ਨਹੀਂ । ਵਾਰ ਦੀ ਭਾਸ਼ਾ ਤੋਂ ਇਸ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਆਸ-ਪਾਸ ਦੀ ਰਚਨਾ ਹੋਣ ਦਾ ਅਨੁਮਾਨ ਲਗਾਇਆ ਜਾਂਦਾ ਹੈ। ਇਸ ਵਾਰ ਦੀਆਂ 65 ਪਉੜੀਆਂ ਹਨ ਅਤੇ ਸਤਰ ਦੇ ਪਹਿਲੇ ਅੱਧੇ ਹਿੱਸੇ ਨੂੰ ਦੁਹਰਾ ਕੇ ਲਿਖਿਆ ਗਿਆ ਹੈ। ਇਸ ਵਾਰ ਵਿਚ ਸਰਬਲੋਹ ਬ੍ਰਿਜ ਨਾਦ ਨਾਲ ਲੜਾਈ ਕਰਦਾ ਹੈ ਅਤੇ ਉਸ ਦਾ ਸਿਰ ਵੱਢ ਕੇ ਸ਼ਿਵ ਜੀ ਦੇ ਭੇਟਾ ਕਰਦਾ ਹੈ। ਇਸ ਤੋਂ ਸਰਬਲੋਹ ਦੇ ਸ਼ੈਵ ਜਾਂ ਸਾਕਤਮਤ ਨਾਲ ਸੰਬੰਧਿਤ ਹੋਣ ਦਾ ਸੰਕੇਤ ਮਿਲਦਾ ਹੈ।

ਇਸ ਸਮੇਂ ਵਿਚ ਰਚੀਆਂ ਜਸੋਧਾ ਨੰਦ ਦੀ ਲਵ ਕੁਸ ਦੀ ਵਾਰ ਅਤੇ ਦੇਵੀ ਦਾਸ ਦੀ ਲਵ ਕੁਸ ਦੀ ਵਾਰ ਨਾਂ ਦੀਆਂ ਦੋ ਹੋਰ ਵਾਰਾਂ ਵੀ ਮਿਲਦੀਆਂ ਹਨ। ਰਮਾਇਣ ਦੇ ਮਹਾਂ ਕਾਵਿਧਾਰਾ ਦੀ ਕਥਾ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਇਹ ਵਾਰਾਂ ਪੰਜਾਬੀ ਵਾਰ ਦੀ ਪਰੰਪਰਾ ਵਿਚ ਨਵਾਂ ਵਾਧਾ ਕਰਦੀਆਂ ਹਨ।

ਤੇਜ਼ ਭਾਨ ਰਚਿਤ ਕਾਨ੍ਹ ਭਗਵਾਨ ਦੀ ਵਾਰ ਮਹਾਂ ਭਾਰਤ ਦੇ ਮਹਾਂ ਕਾਵਿਧਾਰਾ ਵਿਚ ਕ੍ਰਿਸ਼ਨ ਦੇ ਕੰਸ ਨਾਲ ਯੁੱਧ ਦੀ ਘਟਨਾ ਉੱਤੇ ਆਧਾਰਿਤ ਹੈ। ਪਉੜੀਆਂ ਦੇ ਨਾਲ ਲੋਕ ਵੀ ਦਿੱਤੇ ਗਏ ਹਨ । ਪਉੜੀਆਂ ਦੀ ਬੋਲੀ ਠੇਠ ਪੰਜਾਬੀ ਹੈ ਜਦਕਿ ਸਲੋਕਾਂ ਵਿਚ ਬ੍ਰਜੀ ਤੇ ਹਿੰਦਵੀ ਦਾ ਰੰਗ ਪ੍ਰਧਾਨ ਹੈ।

ਪੀਰ ਮੁਹੰਮਦ ਰਚਿਤ ਚੱਠਿਆਂ ਦੀ ਵਾਰ ਇਸ ਕਾਲ ਦੀ ਬੜੀ ਮਹੱਤਵ ਪੂਰਨ ਰਚਨਾ ਹੈ। ਇਸ ਵਿਚ ਮਹਾਂ ਸਿੰਘ ਸੁਕਰਚੱਕੀਆ ਤੇ ਗੁਲਾਮ ਮੁਹੰਮਦ ਚੱਠਾ ਵਿਚਕਾਰ ਹੋਈਆਂ ਦੋ ਲੜਾਈਆਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਲੜਾਈਆਂ ਦਾ ਸਮਾਂ 1780 ਈ ਅਤੇ 1790 ਈ ਦੇ ਵਿਚਕਾਰ ਮੰਨਿਆ ਜਾਂਦਾ ਹੈ। ਪਰ ਵਾਰ ਦੀ ਰਚਨਾ ਦਾ ਸਮਾਂ ਖ਼ਾਲਸਾ ਰਾਜ ਦੇ ਅੰਤ ਅਤੇ ਅੰਗਰੇਜ਼ੀ ਰਾਜ ਦੇ ਸਮੇਂ ਨਾਲ ਮੇਲ ਖਾਂਦਾ ਹੈ । ਸਾਹਿਤਕ ਪੱਖ ਤੋਂ ਇਸ ਵਾਰ ਨੂੰ ਪੰਜਾਬੀ ਵਾਰ ਪਰੰਪਰਾ ਵਿਚ ਪਹਿਲੇ ਦਰਜੇ ਦੀਆਂ ਰਚਨਾਵਾਂ ਵਿਚ ਗਿਣਿਆ ਜਾਂਦਾ ਹੈ। ਨਜਾਬਤ ਰਚਿਤ ਵਾਰ ਨਾਦਰ ਸ਼ਾਹ ਵੀ ਕਿਸੇ ਕੋਟੀ ਵਿਚ ਗਿਣੀ ਜਾ ਸਕਦੀ ਹੈ। ਇਸ ਵਿਚ ਕਵੀ ਨੇ ਹਿੰਦੁਸਤਾਨ ਉੱਤੇ ਨਾਦਰ ਸ਼ਾਹ ਦੇ ਹਮਲੇ ਦਾ ਵਰਣਨ ਕੀਤਾ ਹੈ। ਯੁੱਧ ਵਰਣਨ ਦੇ ਨਾਲ ਨਾਲ ਭਾਰਤੀਆਂ ਦੀ ਰਾਸ਼ਟਰੀ ਭਾਵਨਾ ਨੂੰ ਉਭਾਰਨ ਦਾ ਵੀ ਯਤਨ ਕੀਤਾ ਗਿਆ ਹੈ। ਪ੍ਰਾਪਤ ਰੂਪ ਵਿਚ ਇਹ ਰਚਨਾ ਅਧੂਰੀ ਹੈ ਤਾਂ ਵੀ ਹਮਲੇ, ਲੜਾਈਆਂ ਤੇ ਨਾਦਰ ਸ਼ਾਹ ਦੁਆਰਾ ਕੀਤੀ ਲੁੱਟ ਦਾ ਸਾਰਾ ਹਾਲ ਇਸ ਵਿਚ ਆ ਗਿਆ ਹੈ। ਯੁੱਧ ਵਿਚ ਕਵੀ ਨੇ ਇਤਿਹਾਸਕ ਨਿਰਪੱਖਤਾ ਤੋਂ ਕੰਮ ਲਿਆ ਹੈ। ਠੇਠ ਮੁਹਾਵਰੇਦਾਰ ਪੰਜਾਬੀ ਵਿਚ ਰਚੀ ਗਈ ਇਸ ਵਾਰ ਨੂੰ ਮੱਧਕਾਲ ਦੀਆਂ ਉੱਤਮ ਵਾਰਾਂ ਵਿਚੋਂ ਗਿਣਿਆਂ ਜਾ ਸਕਦਾ ਹੈ। ਡਾ ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ ਜੇ ਸਿਰ ੮ ਚੰਡੀ ਦੀ ਵਾਰ ਅਤੇ ਨਜਾਬਤ ਦੀ ਵਾਰ ਨਾਦਰਸ਼ਾਹ ਪੜ੍ਹ ਲਈਏ ਤਾਂ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਦੇ ਸਾਰੇ ਵਾਰ- ਕਾਵਿਧਾਰਾ ਦਾ ਮੁਹਾਂਦਰਾ ਦਿਸ ਪੈਂਦਾ ਹੈ।

ਰਣਜੀਤ ਸਿੰਘ ਕਾਲ ਵਿਚ ਪੰਜਾਬੀ ਵਾਰਾਂ ਦਾ ਵਿਸ਼ਾ ਬਹੁਤ ਹੱਦ ਤਕ ਬਦਲ ਗਿਆ ਹੈ ਬਹੁਤੀਆਂ ਵਾਰਾਂ ਸਿੱਖ ਸਰਦਾਰਾਂ ਦੀ ਖ਼ੁੱਸੀ ਹਾਸਲ ਕਰਨ ਲਈ ਉਨ੍ਹਾਂ ਦੀ ਪ੍ਰਸੰਸਾ ਵਿਚ ਲਿਖੀਆਂ ਗਈਆਂ। ਸਿੰਘਾਂ ਦੀ ਵਾਰ, ਹਰੀ ਸਿੰਘ ਨਲੂਆ, ਸਿੱਧੂਆਂ ਦੀ ਵਾਰ, ਮਹਾਰਾਜਾ ਰਣਜੀਤ ਸਿੰਘ ਦੀ ਵਾਰ, ਸੰਧਾਵਾਲੀਆ ਦੀ ਵਾਰ ਆਦਿ ਇਸ ਕਾਲ ਦੀਆਂ ਪ੍ਰਸਿੱਧ ਵਾਰਾਂ ਹਨ। ਹਕੀਕਤ ਰਾਏ ਦੀ ਵਾਰਾਂ ਵੀ ਸਮੇਂ ਦੀ ਇਕ ਉਚੇਰੀ ਰਚਨਾ ਹੈ। ਵਾਰ ਸਾਹ ਮੁਹੰਮਦ ਵੀ ਇਸੇ ਸਮੇਂ ਦੀ ਪ੍ਰਸਿੱਧ ਰਚਨਾ ਹੈ ਭਾਵੇਂ ਰੂਪਕ ਪੱਥ ਤੋਂ ਇਹ ਵਾਰ ਤੋਂ ਬਹੁਤ ਦੂਰ ਚਲੀ ਗਈ ਹੈ। ਇਸੇ ਸੰਬੰਧ ਵਿਚ ਕਾਨ੍ਹ ਸਿੰਘ ਬੰਗਿਆਂ ਵਾਲਾ ਅਤੇ ਮਟਕ ਦੇ ਜੰਗਨਾਮਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਦਾ ਜ਼ਿਕਰ ਕੀਤਾ ਗਿਆ ਹੈ। ਕਾਦਰ ਯਾਰ ਰਚਿਤ ਵਾਰ ਹਰੀ ਸਿੰਘ ਨਲੂਆ ਵੀ ਇਸ ਸਮੇਂ ਨਾਲ ਸਬੰਧ ਰੱਖਦੀ ਹੈ। ਇਹ ਰਚਨਾ ਵੀ ਵਾਰ ਸਾਹ ਮੁਹੰਮਦ ਵਾਂਗ ਬੈਂਤ ਵਿਚ ਲਿਖੀ ਗਈ ਹੈ। ਇਸ ਦਾ ਰੂਪ ਸੀਹਰਫ਼ੀ ਦਾ ਹੈ। ਬੈਂਤਾਂ ਵਿਚ ਵਾਰਾਂ ਰਚਣ ਦਾ ਰਿਵਾਜ ਇਸ ਹਾਲ ਵਿਚ ਹੀ ਪ੍ਰਚਲਿਤ ਹੋਇਆਂ ਨਜ਼ਰ ਆਉਂਦਾ ਹੈ।

## (ੲ) ਪੰਜਾਬੀ ਵਾਰ ਕਾਵਿਧਾਰਾ ਦੀਆਂ ਵਿਸ਼ੇਸ਼ਤਾਵਾਂ

ਰੂਪ ਵਿਧਾਨ:- ਪੰਜਾਬੀ ਵਾਰ ਦੀ ਲੰਮੀ ਪਰੰਪਰਾ ਨੇ ਇਸ ਦਾ ਰੂਪ-ਵਿਧਾਨ ਨਿਸ਼ਚਿਤ ਕਰ ਦਿੱਤਾ ਹੈ। ਕਵੀ ਆਰੰਭ ਵਿਚ ਆਪਣੇ ਧਾਰਮਿਕ ਵਿਸ਼ਵਾਸ਼ਾ ਅਨੁਸਾਰ ਮੰਗਲਾਚਰਨ ਕਰਦਾ ਹੈ। ਉਪਰੰਤ ਵਾਰ ਦੇ ਬਿਰਤਾਂਤ ਨੂੰ ਤਿੰਨ ਅੰਗਾਂ ਵਿਚ ਵੰਡ ਕੇ ਪ੍ਰਸਤੁਤ ਕੀਤਾ ਜਾਂਦਾ ਹੈ। ਪਹਿਲੇ ਵਿਚ ਸੰਘਰਸ਼ ਦੇ ਕਾਰਨਾਂ ਦਾ ਵਰਣਨ ਕੀਤਾ ਜਾਂਦਾ ਹੈ। ਦੂਜੇ ਅਥਵਾ ਸੰਘਰਸ਼ ਪੱਖ ਵਿਚ ਵਿਰੋਧੀ ਧਿਰਾਂ ਦੀ ਟੱਕਰ ਜਾਂ

ਸੰਘਰਸ਼ ਦਾ ਵਿਸਥਾਰ ਪੂਰਵਕ ਵਰਣਨ ਤੇ ਚਿਤਰਨ ਕੀਤਾ ਜਾਂਦਾ ਹੈ। ਤੀਜੇ ਅੰਗ ਵਿਚ ਸੰਘਰਸ਼ ਦੇ ਸਿੱਟਿਆਂ ਦਾ ਵਿਵਰਨ ਹੁੰਦਾ ਹੈ। ਹਾਰ ਜਿੱਤ ਦਾ ਨਿਰਨਾ ਅਥਵਾ ਦੋਹਾਂ ਦਾ ਵਿਸ਼ਲੇਸ਼ਣ ਇਸੇ ਹਿੱਸੇ ਵਿਚ ਕੀਤਾ ਜਾਂਦਾ ਹੈ।

ਟੱਕਰ ਨਿਸ਼ਚੇ ਹੀ ਵਾਰ ਦਾ ਕੇਂਦਰੀ ਲੱਛਣ ਹੈ। ਜਿਤਨਾ ਕਾਰਜ ਮਹਾਨ ਤੇ ਟੱਕਰ ਤੀਬਰ ਤੇ ਸ਼ਕਤੀਸ਼ਾਲੀ ਹੋਵੇਗੀ ਉਤਨਾ ਹੀ ਪ੍ਰਭਾਵ ਬੱਝਵਾਂ ਅਤੇ ਭਰਪੂਰ ਪਵੇਗਾ। ਟੱਕਰ ਹਿਤਾਂ ਦੀ ਵੀ ਹੋ ਸਕਦੀ ਹੈ, ਕੀਮਤਾਂ ਅਤੇ ਅਸੂਲਾਂ ਦੀ ਵੀ।

ਜੱਸ-ਗਾਇਣ:- ਵਾਰ ਦਾ ਬਿਰਤਾਂਤ ਨਾਇਕ ਦੇ ਪੱਖ ਨੂੰ ਉਭਾਰਦਾ ਹੋਇਆ ਉਸਦਾ ਜੱਸ ਗਾਇਣ ਕਰਦਾ ਹੈ। ਪਰ ਜੱਸ ਗਾਇਣ ਵਿਚ ਬਿਰਤਾਂਤ ਦਾ ਸੰਜਮ ਭਰਪੂਰ ਤੇ ਸੰਤੁਲਿਤ ਹੋਣਾ ਆਵੱਸ਼ਕ ਹੈ, ਨਹੀਂ ਤਾਂ ਜੱਸ, ਸ਼ੰਕਾ ਉਤਪੰਨ ਦਾ ਆਧਾਰ ਬਣ ਨਿੱਬੜਦਾ ਹੈ।

ਕਾਵਿਧਾਰਾਕ-ਨਿਆਂ :-ਵਾਰ ਕਾਰੀ ਦੀ ਪਰੰਪਰਾ ਵਿਚ ਦੋਹਾਂ ਧਿਰਾਂ ਦੇ ਕਾਰਨਾਮਿਆਂ ਨੂੰ ਨਿਰਪੱਖਤਾ ਨਾਲ ਪੇਸ਼ ਕਰਨਾ ਅਤਿ ਅੰਤ ਮੰਨਿਆ ਗਿਆ ਹੈ। ਜੱਸ ਦਾ ਬਿਆਨੇ ਦੋਹਾਂ ਧਿਰਾਂ ਦੀ ਆਪਸੀ ਤੁਲਨਾ ਵਿਚੋਂ ਉਜਾਗਰ ਹੋਣਾ ਚਾਹੀਦਾ ਹੈ। ਤਕੜੇ ਵਿਰੋਧੀ ਨੂੰ ਪਛਾੜ ਕੇ ਹੀ ਨਾਇਕ ਸਮਾਜਕ ਪ੍ਰਸ਼ੰਸਾ ਦਾ ਪਾਤਰ ਬਣਦਾ ਹੈ। ਨਾਇਕ ਤੇ ਪ੍ਰਤੀ ਨਾਇਕ ਦੋਹਾਂ ਪੱਥਾਂ ਨੂੰ ਕਵੀ ਇਕ ਰਚਨਾਤਮਿਕ ਨਾਉ ਵਿਚ ਪੇਸ਼ ਕਰਦਾ ਹੈ। ਦੋਹਾਂ ਦੀ ਸ਼ਕਤੀ ਨੂੰ ਵਧਾ ਘਟਾ ਕੇ ਬਿਆਨ ਕਰਨ ਦੀ ਥਾਂ ਦੋਹਾਂ ਦੇ ਨਿਸ਼ਾਨਿਆਂ ਦੀ ਉੱਤਮਤਾ ਤੇ ਅਧਾਰ ਨੂੰ ਹੀ ਹਾਰ ਜਿੱਤ ਦਾ ਆਧਾਰ ਬਣਾਇਆ ਜਾਂਦਾ ਹੈ।

ਵਾਰ ਵਿਚ ਨਾਇਕ ਦੇ ਸਮੁੱਚੇ ਜੀਵਨ ਦੀ ਥਾਂ ਉਸ ਦੀ ਸ਼ਖ਼ਸੀਅਤ ਦਾ ਉਹ ਅੰਗ ਹੀ ਚਿਤਾਰਿਆ ਜਾਂਦਾ ਹੈ ਜਿਸ ਦੁਆਰਾ ਉਹ ਸਮਾਜ ਅਥਵਾ ਆਪਣੇ ਰਾਸ਼ਟਰ ਜਾਂ ਆਪਣੇ ਪੱਖ ਲਈ ਇਤਿਹਾਸਕ ਕਰਮ ਦੀ ਤੀਬਰਤਾ ਦੁਆਰਾ ਸਮਾਜਕ ਜਾਂ ਰਾਸ਼ਟਰੀ ਪੱਧਰ ਉੱਤੇ ਕੋਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਾਰ ਵਿਚ ਤਤਕਾਲਕ ਮਸਲਿਆਂ ਦੀ ਥਾਂ ਆਮ ਤੌਰ ਤੇ ਇਤਿਹਾਸਕ ਅਥਵਾ ਬੀਤ ਚੁੱਕੀਆਂ ਘਟਨਾਵਾਂ ਦਾ ਬੀਰ ਰਸ ਵਰਣਨ ਪੇਸ਼ ਕੀਤਾ ਜਾਂਦਾ ਹੈ। ਸਮੇਂ ਦੀ ਇਹ ਵਿੱਥ ਕਵੀ ਨੂੰ ਸਾਰੀ ਘਟਨਾ ਦਾ ਨਿਰਪੱਖ ਵੇਰਵਾ ਪ੍ਰਸਤੁਤ ਕਰਨ ਲਈ ਪ੍ਰੇਰਿਤ ਕਰਦੀ ਹੈ। ਵਾਰਕਾਰ ਆਪਣੀ ਕਲਾ ਦੁਆਰਾ ਵਾਪਰੀ ਘਟਨਾ ਦਾ ਪੁਨਰ-ਸਿਰਜਣ ਕਰਦਾ ਹੈ ਜੋ ਇਤਿਹਾਸਕ ਚੇਤਨਾ ਨੂੰ ਨਵੀਂ ਤਾਜ਼ਗੀ ਪ੍ਰਦਾਨ ਕਰਦਾ ਹ ਅਤੇ ਪਾਠਕਾਂ ਨੂੰ ਆਪਣੀ ਪਰੰਪਰਾ ਤੇ ਇਤਿਹਾਸਕ ਸਾਂਸਕ੍ਰਿਤਿਕ ਰਵਾਇਤ ਨਾਲ ਜੋੜ ਕੇ ਉਨ੍ਹਾਂ ਵਿਚ ਇਤਿਹਾਸਕ ਸਮਾਜਕ ਆਦਰਸ਼ਾਂ ਲਈ ਉਤਸ਼ਾਹ ਪੈਦਾ ਕਰਦਾ ਹੈ।

**ਛੰਦ** : ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਾਰ ਸ਼ਬਦ ਦਾ ਅਰਥ ਪਉੜੀ ਛੰਦ ਵੀ ਹੋ ਸਕਦਾ ਹੈ, ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜੱਸ ਗਾਇਣ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸ ਛੰਦ ਵਿਚ ਲਿਖਿਆ ਹੈ। ਬਾਣੀ ਬਿਉਰਾ ਦੇ ਕਰਤਾ ਡਾ ਚਰਨ ਸਿੰਘ ਨੇ ਵੀ ਪਉੜੀ ਨੂੰ ਵਾਰ ਦਾ ਛੰਦ ਮੰਨਿਆ ਹੈ। ਬੇਸ਼ੱਕ ਜੇ ਟੱਕਰ ਵਾਰ ਦੀ ਆਤਮਾ ਹੈ ਤਾਂ ਪਉੜੀ ਇਸ ਦਾ ਕਲੇਵਰ ਅਥਵਾ ਸਰੀਰ ਹੈ। ਪੰਜਾਬੀ ਵਿਚ ਵਾਰ ਪਰੰਪਰਾ ਵਿਚ ਇਨ੍ਹਾਂ ਦਾ ਪਰਸਪਰ ਸੰਬੰਧ ਪਰਪੱਕ ਹੋ ਚੁੱਕਾ ਹੈ। ਯੁੱਧ ਨਾਲ ਸੰਬੰਧਿਤ ਹੋਣ ਤੇ ਵੀ ਕੋਈ ਕਵਿਤਾ ਉਦੋਂ ਤੱਕ ਵਾਰ ਨਹੀਂ ਬਣ ਸਕਦੀ ਜਤ ਤੱਕ ਉਸ ਦੀ ਰਚਨਾ ਪਉੜੀਆਂ ਵਿਚ ਨਾ ਕੀਤੀ ਗਈ ਹੋਵੇ।

ਪਉੜੀ ਵਿਚ ਵੀ ਸਗੋਂ ਦੋ ਛੰਦ ਭੇਦ ਪੰਜਾਬੀ ਵਾਰ ਪਰੰਪਰਾ ਵਿਚ ਵਰਤੇ ਗਏ ਹਨ ਸਿਰਖੰਡੀ ਤੇ ਨਿਸ਼ਾਨੀ। ਇਨ੍ਹਾਂ ਵਿਚ ਮਾਤਰਾ ਦੀ ਗਿਣਤੀ ਮੁਤਾਬਿਕ ਕਈ ਉਪਭੇਦ ਹਨ ਪ੍ਰਮੁੱਖ ਤੌਰ ਤੇ 21, 22, 23, ਵਾਲੇ ਤਿੰਨ ਹੀ ਪ੍ਰਧਾਨ ਹਨ ਜਿਨ੍ਹਾਂ ਵਿਚ ਕ੍ਰਮਵਾਰ 12, 9, 12, 10, 14, 9 ਤੇ ਵਿਸ਼ਰਾਮ ਆਉਂਦਾ ਹੈ। ਕਈ ਵਾਰ ਪ੍ਰਭਾਵ ਅਤੇ ਵੇਗ ਵਿਚ ਤੀਬਰਤਾ ਲਿਆਉਣ ਲਈ ਪਉੜੀ ਦੀ ਅੰਤਲੀ ਸਤਰ ਵਿਚੋਂ ਆਖ਼ਰੀ ਚਰਨ ਤੋੜ ਦਿੱਤਾ ਜਾਂਦਾ ਹੈ ਜਿਵੇਂ ਚੰਡੀ ਦੀ ਵਾਰ ਕਿੰਨੀ ਤੇਰਾ ਅੰਤ ਨਾ ਪਾਇਆ ਅਤੇ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰਮੁਖ ਕਲ ਵਿਚ ਪ੍ਰਗਟ ਹੋਆ।

ਅਗਰ ਸ਼ਾਹ ਮੁਹੰਮਦ, ਕਾਦਰਯਾਰ ਤੇ ਮਟਕ ਆਦਿ ਕਵੀਆਂ ਨੇ ਕ੍ਰਮਵਾਰ ਦਵੱਯਾ, ਬੈਂਤ ਤੇ ਡਿਉਢ ਨਾਮੀ ਛੰਦ ਵਿਚ ਵਾਰਾਂ ਦੀ ਰਚਨਾ ਕੀਤੀ ਹੈ ਪਰ ਵਾਰ ਵਿਚ ਜੋ ਚੜ੍ਹਤਲ ਤੇ ਤੀਬਰਤਾ ਸਿਰਖੰਡੀ ਅਤੇ ਨਿਸ਼ਾਨੀ ਨਾਲ ਪੈਦਾ ਕੀਤੀ ਜਾ ਸਕਦੀ ਹੈ, ਉਹ ਹੋਰ ਕਿਸੇ ਛੰਦ ਨਾਲ ਪੈਦਾ ਨਹੀਂ ਹੋ ਸਕਦੀ। ਇਨ੍ਹਾਂ ਛੰਦਾਂ ਵਿਚ ਏਨੀ ਲਚਕ ਹੈ ਕਿ ਤੁਕਾਂ ਨੂੰ ਛੁੱਟਿਆ ਲੰਮਿਆਂ ਕੇ ਇਨ੍ਹਾਂ ਦੁਆਰਾ ਯੁੱਧ ਦੀ ਗਤੀ ਦੇ ਉਤਾਰ ਚੜ੍ਹਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਏ ਜਾ ਸਕਦੇ ਹਨ।

ਬੋਲੀ : ਪੰਜਾਬੀ ਵਾਰ ਪਰੰਪਰਾ ਵਿਚ ਸਮੂਹਕ ਚੇਤਨਾ ਨੂੰ ਉਭਾਰਨ ਦੀ ਭਾਵਨਾ ਬਲਵਾਨ ਹੈ। ਇਸ ਲਈ ਬੋਲੀ ਦਾ ਸਰਲ ਠੇਠ ਹੋਣਾ ਇਸ ਦੀ ਮੂਲ ਵਿਸ਼ੇਸ਼ਤਾ ਰਹੀ ਹੈ। ਬੀਰ ਰਸ ਅਤੇ ਉਤਸ਼ਾਹ ਦਾ ਵਾਤਾਵਰਣ ਸਿਰਜਣ ਲਈ ਪੰਜਾਬੀ ਵਾਰ ਦੀ ਪਰੰਪਰਾ ਵਿਚ ਖ, ਗ, ਘ, ਟ, ਠ, ਡ, ਢ, ਣ, ਭ, ੜ, ਆਦਿ ਬੱਜਰ ਧੁਨੀਆਂ ਦੀ ਵਰਤੋਂ ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਇਹ ਧੁਨੀਆਂ ਅਜਿਹੀ ਛਣਕਾਰ ਅਥਵਾ ਘੂਕਰ ਪੈਦਾ ਕਰਦੀਆਂ ਹਨ ਕਿ ਪਉੜੀ ਦੇ ਪਾਠ ਵਿਚੋਂ ਯੁੱਧ ਦਾ ਪ੍ਰਭਾਵ ਨਾਦ ਚਿੱਤਰਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ।

**ਅਤਿ ਕਥਨੀ** : ਬੀਰ ਰਸ ਤੇ ਪ੍ਰਸੰਸਾ ਦਾ ਕਾਵਿਧਾਰਾ ਰੂਪ ਹੋਣ ਕਰਕੇ ਪੰਜਾਬੀ ਵਾਰ ਪਰੰਪਰਾ ਵਿਚ ਅਤਿ ਕਥਨੀ ਅਲੰਕਾਰ ਨੂੰ ਬੜਾ ਮਹੱਤਵ ਪ੍ਰਾਪਤ ਹੈ। ਅਤਿ ਕਥਨੀ ਅਲੰਕਾਰ ਦੀ ਵਰਤੋਂ ਅਜਿਹੀ ਕਲਾਤਮਕ ਸੁਘੜਤਾ ਨਾਲ ਕੀਤੀ ਜਾਂਦੀ ਹੈ ਕਿ ਇਹ ਯੁੱਧ ਦੇ ਪ੍ਰਭਾਵ ਨੂੰ ਸੰਘਣਾ ਕਰਨ ਦੇ ਨਾਲ ਨਾਲ ਯੋਧਿਆਂ ਦੀ ਸੂਰਬੀਰਤਾ ਦੇ ਪ੍ਰਭਾਵ ਨੂੰ ਵੀ ਗੂੜ੍ਹਾ ਕਰਨ ਦਾ ਆਧਾਰ ਬਣਦਾ ਹੈ। ਇਸ ਤੋਂ ਇਲਾਵਾ ਦ੍ਰਿਸ਼ਟਾਂਤ, ਉਪਮਾ ਤੇ ਰੂਪਕ ਅਲੰਕਾਰ ਆਦਿ ਵੀ ਪੰਜਾਬੀ ਵਾਰ ਵਿਚ ਆਮ ਵਰਤੇ ਗਏ ਹਨ ਅਤੇ ਇਨ੍ਹਾਂ ਦਾ ਆਧਾਰ ਆਮ ਲੌਕਿਕ ਜੀਵਨ ਤੇ ਅਨੁਭਵ ਨੂੰ ਬਣਾਇਆ ਗਿਆ ਹੈ।

**ਰਸ** : ਬੀਰ ਰਸ ਨਿਸ਼ਚੇ ਹੀ ਪੰਜਾਬੀ ਵਾਰ ਪ੍ਰਧਾਨ ਰਸ ਹੈ। ਪਰ ਯੁੱਧ ਵਰਣਨ ਵਿਚ ਰੌਦਰ ਰਸ, ਵੀਭਤਸ ਰਸ ਤੇ ਹਾਸ ਰਸ ਵੀ ਸਹਾਇਕ ਰਸਾਂ ਦੇ ਰੂਪ ਵਿਚ ਨਾਲ ਨਾਲ ਚਲਦੇ ਹਨ। ਅਧਿਆਤਮਕ ਵਾਰਾਂ ਵਿਚ ਸ਼ਾਂਤ ਰਸ ਦਾ ਰੰਗ ਵੀ ਸ਼ਾਮਿਲ ਹੁੰਦਾ ਹੈ। ਲੰਮੇ ਬਹਿਰ ਵਿਚ ਰਚੀਆਂ ਵਾਰਾਂ ਜਿਵੇਂ ਵਾਰ ਸ਼ਾਹ ਮੁਹੰਮਦ ਵਿਚ ਕਰੁਣਾ ਰਸ ਦੀ ਵਰਤੋਂ ਵੀ ਮਿਲਦੀ ਹੈ।

## (ਸ) ਬੀਰ ਰਸੀ ਤੇ ਅਧਿਆਤਮਕ ਵਾਰਾਂ ਦੀ ਤੁਲਨਾ

ਬੀਰ ਰਸੀ ਤੇ ਅਧਿਆਤਮਕ ਵਾਰਾਂ ਪੰਜਾਬੀ ਵਾਰ ਕਾਵਿਧਾਰਾ ਦੀਆਂ ਦੋ ਸ਼ਕਤੀਸ਼ਾਲੀ ਧਾਰਾਵਾਂ ਹਨ। ਵਾਰ ਮੂਲ ਰੂਪ ਵਿਚ ਇਤਿਹਾਸਕ ਘਟਨਾ ਦੇ ਵਸਤੂਗਤ ਵਿਸਥਾਰ ਨੂੰ ਪੁਨਰ ਅੰਕਿਤ ਕਰਨ ਵਾਲਾ ਕਾਵਿਧਾਰਾ-ਰੂਪ ਹੈ। ਪਰ ਇਤਿਹਾਸ ਦੀ ਗਤੀ ਅਤੇ ਸਥਿਤੀ ਅਨੁਸਾਰ ਪੰਜਾਬੀ ਵਾਰ ਦੀ ਪਰੰਪਰਾ ਵਿਚ ਇਸ ਰੂਪ ਨੂੰ ਮਾਨਸਿਕ, ਆਤਮਿਕ ਅਤੇ ਸਦਾਚਾਰਕ  ਨਿਰਸੰਦੇਹ ਰੂਪਕ ਦ੍ਰਿਸ਼ਟੀ ਤੋਂ ਜੰਗਨਾਮਾ ਵਾਰ ਤੋਂ ਅੱਡਰੀ ਸਾਹਿਤਕ ਵੰਨਗੀ ਹੈ। ਪੰਜਾਬੀ ਵਿਚ ਜੰਗਨਾਮੇ ਦਾ ਮੁੱਢ ਭਾਵੇਂ ਮੁਸਲਮਾਨ ਕਵੀਆਂ ਨੇ ਬੱਧਾ ਪਰ ਬਾਅਦ ਵਿਚ ਗੈਰ ਮੁਸਲਮਾਨ ਕਵੀਆ ਨੇ ਵੀ ਇਸ ਰੂਪ ਉੱਤੇ ਸਫਲਤਾ  ਨਾਲ ਹੱਥ ਕੱਟੀਆਂ ਅਤੇ ਪੰਜਾਬ ਦੀ ਧਰਤੀ ਉੱਤੇ ਵਾਪਰੀਆਂ ਘਟਨਾਵਾਂ ਨੂੰ ਵੀ ਜੰਗਨਾਮਿਆਂ ਦਾ ਵਿਸ਼ਾ ਬਣਾਇਆ। ਮਟਕ ਤੇ ਕਾਨ੍ਹ ਸਿੰਘ ਬੰਗਿਆਂ ਵਾਲਾ ਦੇ ਜੰਗਨਾਮੇ ਤੇ ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ  ਜੰਗ ਸਿੰਘਾਂ ਤੇ ਫ਼ਰੰਗੀਆਂ,  ਇਸ ਦੀਆਂ ਉੱਘੜਵੀਆਂ ਮਿਸਾਲਾਂ ਹਨ।

## <u>ਪ੍ਰਮੁੱਖ ਵਾਰਕਾਰ</u>

### 1. ਭਾਈ ਗੁਰਦਾਸ

ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮੇ ਸਨ। ਗੁਰੂ ਅਮਰ ਦਾਸ ਜੀ  ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤਕ ਸਿੱਖ ਲਹਿਰ ਦਾ ਵਿਕਾਸ ਨਾ ਕੇਵਲ ਆਪ ਦੇ ਸਾਹਮਣੇ ਹੋਇਆ ਸਗੋਂ ਇਸ ਵਿਚ ਆਪਦਾ ਯੋਗਦਾਨ ਬਹੁਤ ਉੱਘਾ ਹੈ। ਆਪ ਗੁਰੂ ਕਾਲ ਵਿਚ ਗੁਰਮਤ ਦੇ ਚੋਟੀ ਦੇ ਪ੍ਰਚਾਰਕਾਂ ਵਿਚੋਂ ਮੰਨੇ ਜਾਂਦੇ ਹਨ। ਗੁਰਮਤ ਦੇ ਮੂਲ ਸਿਧਾਂਤਾਂ ਬਾਰੇ ਆਪ ਨੂੰ ਇੰਨੀ ਨਿਪੁੰਨਤਾ ਤੇ ਅਧਿਕਾਰ ਪ੍ਰਾਪਤ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਦੀ ਕੁੰਜੀ ਦੀ ਉਪਾਧੀ ਬਖਸ ਕੇ ਨਿਵਾਜਿਆ ਹੈ  । ਪੰਜਾਬੀ ਵਾਰ ਦੇ ਇਤਿਹਾਸ ਵਿਚ ਆਪ ਦੀ ਰਚਨਾ ਗੁਣ ਤੇ ਗਿਣਤੀ ਦੋਹਾਂ ਤੋਂ ਅਦੁੱਤੀ ਹੈ। ਵਿਸ਼ੇ-ਵੰਨਗੀ ਦੇ ਪੱਖ ਤੋਂ ਭਾਈ ਸਾਹਿਬ ਦੀਆਂ  40 ਵਾਰਾਂ ਪੰਜਾਬੀ ਵਾਰ ਕਾਰ ਦੀ ਪਰੰਪਰਾ ਨੂੰ ਨਵਾਂ ਵਿਸਥਾਰ ਤੇ ਰਚਨਾਤਮਿਕ ਸਮਰੱਥਾ ਵੀ  ਬਖ਼ਸ਼ਦੀਆਂ ਹਨ ਅਤੇ ਮੱਧਕਾਲ ਦੇ ਲੌਕਿਕ ਭਾਸ਼ਾਈ ਮੁਹਾਵਰੇ ਨਾਲ ਜੋੜ ਕੇ ਇਸ ਪਰੰਪਰਾ ਨੂੰ ਨਵਾਂ ਅਰਥ ਵੀ ਪ੍ਰਦਾਨ ਕਰਦੀਆਂ ਹਨ। ਭਾਈ ਗੁਰਦਾਸ ਦੇ ਹੱਥਾਂ ਵਿਚ ਪੰਜਾਬੀ ਵਾਰ ਦੀ ਪਰੰਪਰਾ ਰੂਪ ਤੇ ਵੰਨਗੀ ਦੇ ਪੱਖ ਤੋਂ ਜੋ ਨਵੀਆਂ ਸਿਖ਼ਰਾਂ ਛੂੰਹਦੀ ਹੈ ਉਨ੍ਹਾਂ ਦੇ ਆਧਾਰ ਦੇ ਭਾਈ ਸਾਹਿਬ ਨੂੰ ਪੰਜਾਬੀ ਵਾਰ ਦਾ ਸਿਰਮੌਰ ਕਵੀ ਮੰਨਿਆ ਜਾਂਦਾ ਹੈ। ਆਧੁਨਿਕ ਕਾਲ ਦੇ  ਪ੍ਰਸਿੱਧ ਵਾਰਕਾਰ ਕਵੀ ਹਰਿੰਦਰ ਸਿੰਘ ਰੂਪ ਨੇ ਠੀਕ ਹੀ ਭਾਈ ਗੁਰਦਾਸ ਨੂੰ ਪੰਜਾਬੀ ਵਾਰ ਦਾ ਗੁਰੂ ਕਿਹਾ ਹੈ।

### 2. ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ  ਚੰਡੀ ਦੀ ਵਾਰ ਪੰਜਾਬੀ ਵਾਰ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਚੰਡੀ ਦੀ ਵਾਰ ਵਿਚ ਨਿਰਸੰਦੇਹ ਆਪ ਦੀ ਮਿਸਾਲੀ ਸੂਰਬੀਰਤਾ ਤੇ ਰਚਨਾਤਮਿਕਤਾ ਦਾ ਬੜਾ ਤੇਜੱਸਵੀ ਤੇ ਹੁਲਾਸ ਪੂਰਨ  ਸੰਗਮ ਹੋਇਆ ਹੈ। ਆਦਰਸ਼ ਦੀ

ਰਾਖੀ ਦੇ ਆਸ਼ੇ ਅਤੇ ਯੁੱਧ ਦੇ ਕਾਰਜ ਤੇ ਇਸ ਦੇ ਬਿਆਨ ਵਿਚੋਂ ਪੈਦਾ ਹੋਣ ਵਾਲੇ ਬੀਰ ਰਸ ਦੀ ਸਭ ਤੋਂ ਉੱਤਮ ਮਿਸਾਲ ਚੰਡੀ ਦੀ ਵਾਰ ਹੈ, ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਵਾਰ ਵਿਚ ਦੇਵਤਿਆਂ ਅਤੇ ਦੈਂਤਾਂ ਦੇ ਮਿਥਿਹਾਸਿਕ ਯੁੱਧ ਨੂੰ ਨੇਕੀ ਤੇ ਬਦੀ ਦੀ ਸਦੀਵੀ ਟੱਕਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਦੁਰਗਾ ਇਸ ਵਾਰ ਦੀ ਨਾਇਕਾ ਹੈ। ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਸਿੱਖ ਲਹਿਰ ਆਪਣੇ ਸਿਖਰ ਉੱਤੇ ਪਹੁੰਚਦੀ ਹੈ ਤਾਂ ਚੰਡੀ ਦੀ ਵਾਰ ਨਾਲ ਬੀਰ ਰਸੀ ਵਾਰਾਂ ਦੀ ਪਰੰਪਰਾ ਵੀ ਨਿਰਸੰਦੇਹ ਆਪਣੀ ਸਿਖਰ ਛੂੰਹਦੀ ਹੈ।

### 3. ਨਜਾਬਤ

ਵਾਰ ਨਾਦਰਸ਼ਾਹ ਦਾ ਕਵੀ ਨਜਾਬਤ ਵੀ ਪੰਜਾਬੀ ਵਾਰ ਦੇ ਇਤਿਹਾਸ ਵਿਚ ਉੱਘਾ ਸਥਾਨ ਰੱਖਦਾ ਹੈ। ਨਜਾਬਤ ਨੇ ਹਿੰਦੁਸਤਾਨ ਉੱਤੇ ਨਾਦਰਸ਼ਾਹ ਦੇ ਹੱਲੇ ਨੂੰ ਵਾਰ ਦਾ ਵਿਸ਼ਾ ਬਣਾ ਕੇ ਇਸ ਕਾਵਿਧਾਰਾ-ਰੂਪ ਵਿਚ ਪਹਿਲੀ ਵਾਰ ਰਾਸ਼ਟਰਵਾਦੀ ਭਾਵਨਾ ਦਾ ਸੰਚਾਰ ਕੀਤਾ ਹੈ। ਹਿੰਦੁਸਤਾਨੀ ਸ਼ਬਦ ਪਹਿਲੀ ਵਾਰ ਨਜਾਬਤ ਦੁਆਰਾ ਇਸ ਵਾਰ ਵਿਚ ਵਰਤਿਆ ਮੰਨਿਆ ਜਾਂਦਾ ਹੈ ਜੋ ਉਹਦੀ ਰਾਸ਼ਟਰੀ ਚੇਤਨਾ ਦਾ ਪ੍ਰਮਾਣ ਹੈ। ਕਈ ਵਿਦਵਾਨਾਂ ਦਾ ਮਤ ਹੈ ਕਿ ਵਾਰ ਨਾਦਰਸ਼ਾਹ ਦਾ ਅਸਲ ਕਰਤਾ ਨਜਾਬਤ ਨਹੀਂ, ਸਗੋਂ ਸੱਯਦ ਸ਼ਾਹ ਚਰਾਗ ਹੈ। ਨਜਾਬਤ ਨੇ ਜਾਂ ਤਾਂ ਇਸ ਵਾਰ ਨੂੰ ਪੂਰਾ ਕੀਤਾ ਜਾਂ ਇਸ ਨੂੰ ਸੋਧ ਕੇ ਨਵਾਂ ਰੂਪ ਦਿੱਤਾ। ਪਰ ਹੁਣ ਪ੍ਰਾਪਤ ਰੂਪ ਵਿਚ ਨਜਾਬਤ ਨੂੰ ਹੀ ਇਸ ਵਾਰ ਦਾ ਕਰਤਾ ਮੰਨਿਆ ਜਾਂਦਾ ਹੈ। ਜੰਗ ਦੀਆਂ ਸਾਰੀਆਂ ਪ੍ਰਮੁੱਖ ਘਟਨਾਵਾਂ ਬਾਰੇ ਕਵੀ ਦੀ ਭਰਪੂਰ ਜਾਣਕਾਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਵਾਰ ਨਾਦਰਸ਼ਾਹ ਦੇ ਹੱਲੇ ਤੋਂ ਥੋੜ੍ਹਾ ਚਿਰ ਬਾਅਦ ਹੀ ਲਿਖੀ ਗਈ। ਇਸ ਦ੍ਰਿਸ਼ਟੀ ਤੋਂ ਇਸ ਨੂੰ ਅਠਾਰ੍ਹਵੀਂ ਸਦੀ ਦੇ ਅੰਤਲੇ ਸਮੇਂ ਦੀ ਰਚਨਾ ਮੰਨਿਆ ਜਾ ਸਕਦਾ ਹੈ।ਬੀਰ ਰਸੀ ਵਾਰਾਂ ਵਿਚ ਇਸ ਵਾਰ ਦੀ ਤੁਲਨਾ ਕਈ ਵਿਦਵਾਨ ਚੰਡੀ ਦੀ ਵਾਰ ਨਾਲ ਕਰਦੇ ਹਨ। ਬੇਸ਼ੱਕ ਨਜਾਬਤ ਦੀ ਇਹ ਰਚਨਾ ਪੰਜਾਬੀ ਵਾਰ ਕਾਰੀ ਵਿਚ ਇਕ ਮੀਲ ਪੱਥਰ ਦੀ ਅਹਿਮੀਅਤ ਰੱਖਦੀ ਹੈ।

### 4. ਕਾਦਰਯਾਰ

ਕਾਦਰਯਾਰ ਰਣਜੀਤ ਸਿੰਘ ਕਾਲ ਦਾ ਉੱਘਾ ਤੇ ਸਿਰ ਕੱਢ ਕਵੀ ਹੈ। ਜਿਸ ਦੀ ਸਭ ਤੋਂ ਪ੍ਰਸਿੱਧ ਰਚਨਾ ਕਿੱਸਾ ਪੂਰਨ ਭਗਤ ਹੈ। ਉਸ ਦੀਆਂ ਰਚੀਆਂ ਤਿੰਨ ਵਾਰਾਂ - ਵਾਰ ਪੂਰਨ ਭਗਤ, ਵਾਰ ਰਾਣੀ ਕੋਕਲਾ ਤੇ ਵਾਰ ਹਰੀ ਸਿੰਘ ਨਲੂਆ ਵੀ ਮਿਲਦੀਆਂ ਹਨ। ਪਰ ਅਸਲ ਵਿਚ ਵਾਰ ਹਰੀ ਸਿੰਘ ਨਲੂਆ ਯੁੱਧ ਵਰਣਨ ਅਤੇ ਬੀਰ ਰਸ ਨੂੰ ਉਭਾਰਨ ਵਾਲੀ ਉਸ ਦੀ ਇੱਕੋ ਇਕ ਰਚਨਾ ਹੈ, ਜੋ ਆਪਣੇ ਆਪ ਵਿਚ ਪ੍ਰਭਾਵ ਵਾਲੀ ਹੈ। ਵਾਰ ਹਰੀ ਸਿੰਘ ਨਲੂਆ ਵਿਚ ਕਾਦਰਯਾਰ ਨੇ ਜਮਰੌਦ ਦੀ ਲੜਾਈ ਦਾ ਵਰਣਨ ਕੀਤਾ ਹੈ। ਇਹ ਵਾਰ ਇਕ ਸੀਹਰਫ਼ੀ ਹੈ ਜੋ ਬੈਂਤਾਂ ਦੇ ਛੰਦ ਵਿਚ ਲਿਖੀ ਗਈ ਹੈ। ਇਸ ਕਰਕੇ ਇਸ ਨੂੰ ਸਰਦਾਰ ਹਰੀ ਸਿੰਘ ਨਲੂਆ ਵੀ ਕਿਹਾ ਜਾਂਦਾ ਹੈਂ। ਕਾਦਰਯਾਰ ਨਲੂਆ ਦਾ ਸਮਕਾਲੀ ਤੇ ਪ੍ਰਸੰਸਕ ਸੀ। ਇਹ ਵਾਰ ਉਸ ਦੇ ਜਮਰੌਦ ਦੀ ਲੜਾਈ ਵਿਚ ਹਰੀ ਸਿੰਘ ਨਲੂਆ ਦੀ ਮੌਤ ਉੱਤੇ ਉਸੇ ਵਜੋਂ ਲਿਖੀ ਪ੍ਰਤੀਤ ਹੁੰਦੀ ਹੈ। ਇਸ ਵਿਚ ਨਲੂਏ ਦੀ ਸੂਰਬੀਰਤਾ ਦਾ ਜੱਸ ਗਾਇਆ ਗਿਆ ਹੈ। ਵਾਰ ਦੀ ਬੋਲੀ ਸਰਲ ਤੇ ਠੇਠ ਹੈ। ਜੰਗ ਦਾ ਦ੍ਰਿਸ਼ ਭਾਵੇਂ ਸੰਖਿਪਤ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਪਰ ਪ੍ਰਭਾਵਸ਼ਾਲੀ ਹੈ। ਕਾਦਰਯਾਰ ਦੀਆਂ ਇਹ ਤਿੰਨ ਵਾਰਾਂ ਵਾਰ ਦੀ ਪ੍ਰਮਾਣਿਕ ਰੂਪਕ ਪਰੰਪਰਾ ਨੂੰ ਨਹੀਂ ਅਪਣਾਉਂਦੀਆਂ । ਇਸ ਲਈ ਇਨ੍ਹਾਂ ਵਿਚ ਵਾਰ ਵਾਲਾ ਉਤਸ਼ਾਹ, ਬੀਰ ਰਸ ਦੇ ਪ੍ਰਭਾਵ ਦੀ ਇਕਾਗਰਤਾ ਤੇ ਬਿਰਤਾਂਤ ਦੀ ਨਵੀਂ ਰਵਾਨੀ ਨਹੀਂ ਆ ਸਕੀ। ਕਾਦਰਯਾਰ ਦਾ ਨਾਂ ਮੁੱਖ ਤੌਰ ਤੇ ਕਿੱਸਾਕਾਰਾਂ ਵਿਚ ਆਉਂਦਾ ਹੈ, ਵਾਰ ਕਾਰ ਦੇ ਤੌਰ ਤੇ ਉਸ ਨੂੰ ਸਿਰ ਕੱਢ ਲੇਖਕ ਮੰਨਣਾ ਉਚਿੱਤ ਨਹੀਂ।

### 5. ਪੀਰ ਮੁਹੰਮਦ

ਚੱਠਿਆਂ ਦੀ ਵਾਰ ਦੇ ਕਵੀ ਪੀਰ ਮੁਹੰਮਦ ਬਾਰੇ ਵਾਰ ਦੇ ਅੰਦਰਲੇ ਹਵਾਲਿਆਂ ਤੋਂ ਬਿਨਾ ਹੋਰ ਕੋਈ ਵਾਕਫ਼ੀਅਤ ਨਹੀਂ ਮਿਲਦੀ। ਉਸ ਦਾ ਨਾਮ ਵੀ ਵਾਰ ਦੇ ਪਾਠ ਤੋਂ ਹੀ ਸਹੀ ਹੁੰਦਾ ਹੈ।

(ੳ) ਕਹਿ ਤੂੰ ਪੀਰਮੁਹੰਮ ਦਾ ਇਕ ਗੱਲ ਗਿਆਨ।

(ਅ) ਕਹਿ ਤੂੰ ਪੀਰਮੁਹੰਮਦਾ ਕੀ ਹਾਲ ਸਵਾਰਾਂ।

ਕਾਜ਼ੀ ਫਜਲ ਹੱਕ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਵਾਰ ਨੂੰ ਲੱਭ ਕੇ ਪ੍ਰਕਾਸ਼ਿਤ ਕੀਤਾ, ਪਰ ਮੁਹੰਮਦ ਨੂੰ ਗੁਜਰਾਤ ਦਾ ਵਸਨੀਕ ਮੰਨਦੇ ਹਨ ਪਰ ਡਾ ਮੋਹਨ ਸਿੰਘ ਦੀਵਾਨਾ ਨੇ ਉਸ ਨੂੰ ਮੁਲਤਾਨ ਵਲ ਦਾ ਹੋਇਆ ਦੱਸਿਆ ਹੈ। ਵਾਰ ਦੀ ਬੋਲੀ ਵਿਚ ਮਿਲਦਾ ਮੁਲਤਾਨੀ ਪੰਜਾਬੀ ਦਾ ਪ੍ਰਭਾਵ ਵੀ ਡਾ ਮੋਹਨ ਸਿੰਘ ਦੇ ਅਨੁਮਾਨ ਦੀ ਪ੍ਰੋੜ੍ਹਤਾ ਕਰਦਾ ਹੈ।

ਚੱਠਿਆ ਦੀ ਵਾਰ ਵਿਚ 18ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਸ਼ੱਕਰ ਚੱਕੀਆਂ ਸਰਦਾਰ ਮਹਾਂ ਸਿੰਘ ਤੇ ਚੱਠਿਆਂ ਦੇ ਮੋਢੀ ਗ਼ੁਲਾਮ ਮੁਹੰਮਦ ਚੱਠਾ ਵਿਚਕਾਰ ਲੜਾਈਆਂ ਦਾ ਵਰਣਨ ਕੀਤਾ ਗਿਆ ਹੈ। ਕਵੀ ਨੇ ਬੇਸ਼ੱਕ ਇਨ੍ਹਾਂ ਲੜਾਈਆਂ ਦਾ ਵਰਣਨ ਚੱਠਿਆਂ ਦੇ ਪੱਖ ਨੂੰ ਉਜਾਗਰ ਕਰਨ ਦੀ ਦ੍ਰਿਸ਼ਟੀ ਤੋਂ ਕੀਤਾ ਹੈ ਜਿਸ ਕਰਕੇ ਵਰਣਨ ਇਤਿਹਾਸਕ ਉਕਾਈਆਂ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ ਤਾਂ ਵੀ ਵਾਰ ਦੀ ਤਿੱਖੀ ਚਾਲ ਨੂੰ ਬੰਨ੍ਹਣ ਤੇ ਯੁੱਧ ਦੇ ਵੇਗ ਦੇ ਮੁਤਾਬਿਕ ਮੋੜ ਦੇਣ ਵਿਚ ਉਹ ਬਹੁਤ ਪ੍ਰਬੀਨ ਨਜ਼ਰ ਆਉਂਦਾ ਹੈ। ਬੋਲੀ ਠੇਠ, ਸਰਲ ਤੇ ਮੁਹਾਵਰੇਦਾਰ ਹੈ। ਗ, ਘ, ਟ, ਠ, ਡ, ਢ, ਬ, ਭ, ੜ, ਆਦਿ ਬੱਜਰ ਧੁਨੀਆਂ ਦੀ ਵਰਤੋਂ ਵਾਰ ਵਿਚ ਟਕਰਾਓ ਦਾ ਵਾਤਾਵਰਣ ਪੈਦਾ ਕਰਨ ਵਿਚ ਵਿਸ਼ੇਸ਼ ਰੰਗ ਬੰਨ੍ਹਦੀ ਹੈ। ਇਸ ਵਾਰ ਦੀ ਇਤਿਹਾਸਕ ਮਹੱਤਤਾ ਅਨਿਸ਼ਚਿਤ ਹੈ, ਸਾਹਿਤਕ ਦ੍ਰਿਸ਼ਟੀ ਤੋਂ ਇਸ ਤੋਂ ਇਸ ਨੂੰ ਪੰਜਾਬੀ ਦੀਆਂ ਉੱਤਮ ਵਾਰਾਂ ਵਿਚ ਗਿਣਿਆ ਜਾਂਦਾ ਹੈ।

## 6. ਸ਼ਾਹ ਮੁਹੰਮਦ

ਸ਼ਾਹ ਮੁਹੰਮਦ ਸਿੱਖ ਰਾਜ ਦੇ ਢਲਦੇ ਪਹਿਰ ਦਾ ਕਵੀ ਹੈ। ਉਸ ਦੀ ਰਚਨਾ ਜੰਗ ਸਿੰਘਾਂ ਤੇ ਫ਼ਰੰਗੀਆਂ ਜਿਸ ਨੂੰ ਵਾਰ ਸ਼ਾਹ ਮੁਹੰਮਦ ਵੀ ਕਹਿ ਲਿਆ ਜਾਂਦਾ ਹੈ ਸਿੱਖ ਰਾਜ ਤੇ ਢਲਦੀਆਂ ਸ਼ਾਮਾਂ ਦੇ ਇਤਿਹਾਸਕ ਦੁਖਾਂਤ ਨੂੰ ਪੇਸ਼ ਕਰਨ ਲਈ ਸਭ ਤੋਂ ਉੱਘੀ ਤੇ ਹਰਮਨ ਪਿਆਰੀ ਰਚਨਾ ਹੈ। ਰਚਨਾ ਦਾ ਸਮੁੱਚਾ ਪ੍ਰਭਾਵ ਵਾਰ ਦੀ ਤਕਨੀਕੀ ਰਵਾਇਤ ਤੋਂ ਵੱਖਰਾ ਹੈ ਤਾਂ ਇਸ ਰਚਨਾ ਦੀ ਗਿਣਤੀ ਪੰਜਾਬ ਦੀ ਪ੍ਰਸਿੱਧ ਵਾਰਾਂ ਵਿਚ ਕੀਤਾ ਜਾਂਦਾ ਹੈ। ਇਸ ਵਿਚ ਬੀਰ ਰਸ, ਕਰੁਣਾ ਰਸ, ਉਦਾਸੀ ਪਛਤਾਵਾ, ਉਮਾਹ, ਵਿਅੰਗ ਤੇ ਆਸਾ-ਨਿਰਾਸ਼ਾ ਦੇ ਅਨੇਕ ਰੰਗਾਂ ਦਾ ਮਿਸ਼ਰਨ ਕੀਤਾ ਗਿਆ ਹੈ ਜੋ ਇਸ ਨੂੰ ਇਕ ਸੰਪੂਰਨ ਪ੍ਰਭਾਵਸ਼ਾਲੀ ਰਚਨਾ ਬਣਾ ਦਿੰਦਾ ਹੈ।

ਇਹ ਵਾਰ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਤੇ ਖ਼ਾਲਸਾ ਰਾਜ ਦੇ ਉਨ੍ਹਾਂ ਸੱਤ ਵਰ੍ਹਿਆਂ ਦੇ ਸਮਾਚਾਰ ਨੂੰ ਕਲਾਮ ਬੰਦ ਕਰਦੀ ਹੈ। ਜਿਨ੍ਹਾਂ ਵਰ੍ਹਿਆਂ ਵਿਚ ਪੰਜਾਬ ਦੀ ਧਰਤੀ ਉੱਤੇ ਸਿੱਖ ਰਾਜ ਦੇ ਖ਼ਾਤਮੇ ਅਤੇ ਪੰਜਾਬ ਉੱਤੇ ਅੰਗਰੇਜ਼ੀ ਸਾਮਰਾਜ ਦੇ ਗ਼ਲਬੇ ਦਾ ਇਤਿਹਾਸਕ ਨਾਟਕ ਖੇਡਿਆ ਗਿਆ। ਇਸ ਰਚਨਾ ਵਿਚ ਰਣਜੀਤ ਸਿੰਘ ਨੂੰ ਪੰਜਾਬੀ ਕੌਮੀਅਤ ਦਾ ਨਾਇਕ ਬਣਾਇਆ ਗਿਆ ਹੈ ਅਤੇ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਇਸ ਕੌਮੀ ਰਾਜ ਦੇ ਵਿਗਲਨ ਉੱਤੇ ਕਵੀ ਰੱਤ ਦੇ ਹੰਝੂ ਵਹਾਦਾਂ ਨਜ਼ਰ ਆਉਂਦਾ ਹੈ। ਸ਼ਾਹ ਮੁਹੰਮਦ ਦੀ ਇਸ ਰਚਨਾ ਨੂੰ ਸਾਹਿਤਕ ਤੇ ਇਤਿਹਾਸਕ ਦੋਹਾਂ ਪੱਖਾਂ ਤੋਂ ਇੱਕੋ ਜਿੰਨੀ ਮਹਾਨਤਾ ਦਿੱਤੀ ਜਾਂਦੀ ਹੈ।

## ਸਾਰ-ਅੰਸ਼:

ਸੋ ਬੀਰ ਕਾਵਿਧਾਰਾ  ਮੱਧਕਾਲੀ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਕਾਵਿਧਾਰਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾਬੀਆਂ ਵਿੱਚ ਸ਼ੂਰਬੀਰਤਾ ਤੇ ਇਸ ਨੇ ਪੰਜਾਬੀ ਸਾਹਿਤ ਵਿੱਚ ਬੀਰ-ਰਸੀ ਕਾਵਿਧਾਰਾ ਨੂੰ ਜਨਮ ਦਿੱਤਾ। ਪੰਜਾਬ ਦੀ ਵੀਰ ਭੂਮੀ ਵਿੱਚ 'ਵਾਰਾਂ' ਆਪ ਮੁਹਾਰੀ ਉਪਜ ਸੀ, ਕਿਸੇ ਉਚੇਚੇ ਜਤਨ ਦਾ ਫਲ ਸਰੂਪ ਨਹੀਂ ਸੀ। ਰਾਜਸੀ ਖੇਤਰ ਵਿੱਚ ਪੰਜਾਬ ਜੁੱਧਾਂ ਦਾ ਅਖਾੜਾ ਹੀ ਬਣਿਆ ਰਿਹਾ, ਇਹ ਸਮੁੱਚੇ ਭਾਰਤ ਲਈ ਸੁਰੱਖਿਆ ਦਾ ਕੰਮ ਕਰਦਾ ਰਿਹਾ। ਇਸ ਥਾਂ ਉੱਪਰ ਵਧੇਰੇ ਜੁੱਧ ਹੋਣ ਕਾਰਨ ਇਹ ਇੱਥੇ ਦੇ ਲੋਕਾਂ ਵਿੱਚ ਉਤਸ਼ਾਹ ਪੈਦਾ ਕਰਦਾ ਰਿਹਾ। ਵਧੇਰੇ ਜੁੱਧ ਇੱਥੇ ਹੋਣ ਕਾਰਨ ਵਾਰਾਂ ਵੀ ਖ਼ੂਬ ਰਚੀਆਂ ਗਈਆਂ। ਵਾਰਾਂ, ਜਿਹਨਾਂ ਵਿੱਚ ਸੂਰਮਿਆਂ ਦੀ ਬਹਾਦਰੀ ਦਾ ਜਸ ਗਾਇਆ ਜਾਂਦਾ ਹੈ। ਇਹ ਵਾਰਾਂ ਮੁੱਢ ਕਦੀਮ ਤੋਂ ਹੀ ਰਚੀਆਂ ਜਾਂਦੀਆਂ ਰਹੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀਵਿੱਚ ਸੰਕਲਿਤ 22 ਵਾਰਾਂ ਤੋਂ ਬਿਨ੍ਹਾਂ ਭਾਈ ਗੁਰਦਾਸ ਜੀ ਨੇ ਵੀ ਅਧਿਆਤਮਿਕ, ਸਮਾਜਿਕ ਤੇ ਗੁਰੂ ਮਹਿਮਾ ਆਦਿ ਵਿਸ਼ਿਆਂ ਨਾਲ ਸੰਬੰਧਿਤ 40 ਵਾਰਾਂ ਦੀ ਰਚਨਾ ਕੀਤੀ। ਪੰਜਾਬੀ ਬੀਰ ਰਸੀ-ਕਾਵਿਧਾਰਾ ਨੂੰ ਵਾਰਾਂ ਤੇ ਜੰਗਨਾਮਿਆਂ ਦੇ ਕਾਵਿਧਾਰਾ ਰੂਪਾਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ।

## ਕੇਂਦਰੀ ਸ਼ਬਦ:

ਬੀਰ-ਕਾਵਿਧਾਰਾ---ਇਕ ਵਿਚਾਰਧਾਰਾ ਦਾ ਨਾਮ

ਹੱਲਾ---ਵਾਰ ਕਰਨਾ

ਸੂਰਬੀਰਤਾ---ਬਹਾਦਰੀ

ਸੋਹਲੇ---ਗੁਣਗਾਣ

## ਸਵੈ-ਮੁਲਾਂਕਣ:

1. ਜੰਗਨਾਮਾ ਕਿਸ ਕਾਵਿਧਾਰਾ ਵਿਚ ਆਉਂਦਾ ਹੈ?

ੳ.ਕਿੱਸਾ ਅ. ਵਾਰ

ੲ. ਸੂਫ਼ੀ ਸ. ਗੁਰਮਤਿ

2. ਚੰਡੀ ਦੀ ਵਾਰ ਦਾ ਰਚੈਤਾ ਕੌਣ ਹੈ?

ੳ. ਗੁਰੂ ਗੋਬਿੰਦ ਸਿੰਘ ਜੀ ਅ. ਸ਼ਾਹ ਮੁਹੰਮਦ

ੲ. ਭਾਈ ਗੁਰਦਾਸ ਸ . ਗੁਰੂ ਨਾਨਕ ਦੇਵ ਜੀ

3. ਚੱਠਿਆਂ ਦੀ ਵਾਰ ਦਾ ਰਚੈਤਾ ਕੌਣ ਹੈ?

ੳ. ਪੀਰ ਮੁਹੰਮਦ ਅ. ਸ਼ਾਹ ਮੁਹੰਮਦ

ੲ. ਦਮੋਦਰ ਸ. ਵਾਰਸ ਸ਼ਾਹ

4. ਇਹਨਾਂ ਵਿਚੋਂ ਮੱਧਕਾਲੀ ਕਾਵਿਧਾਰਾ ਨਹੀਂ ਹੈ:

ੳ.ਸੂਫ਼ੀ ਅ. ਪ੍ਰਗੀਤਕ

ੲ. ਗੁਰਮਤਿ ਸ. ਬੀਰ

5. ਜੰਗਨਾਮਾ ਸਿੰਘਾ ਤੇ ਫਰੰਗੀਆਂ ਕਿਸ ਦੀ ਰਚਨਾ ਹੈ?

ੳ. ਪੀਲੂ ਅ. ਸ਼ਾਹ ਮੁਹੰਮਦ

ੲ. ਵਾਰਸ ਸ਼ਾਹ ਸ. ਗੁਰੂ ਗੋਬਿੰਦ ਸਿੰਘ ਜੀ

6 ਸ਼ਾਹ ਮੁਹੰਮਦ ਦੀ ਕਿਹੜੀ ਰਚਨਾ ਹੈ:

ੳ. ਚੰਡੀ ਦੀ ਵਾਰ ਅ ਚੱਠਿਆਂ ਦੀ ਵਾਰ

ੲ. ਜੰਗਨਾਮਾ ਸਿੰਘਾਂ ਫਰੰਗੀਆ ਸ. ਨਾਦਰਸ਼ਾਹ ਦੀ ਵਾਰ

7. ਚੰਡੀ ਦੀ ਵਾਰ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ੳ. ਵਾਰ ਭਗਾਉਤੀ ਕੀ ਅ. ਦੁਰਗਾ ਉਸਤਤਿ

ੲ. ਦੁਰਗਾ ਸਤੁਤੀ ਸ. ਵਾਰ ਦੁਰਗਾ ਕੀ

8. ਵਾਰ ਦੇ ਅੰਤ ਵਿਚ ਹੁੰਦਾ ਹੈ:

ੳ. ਮੰਗਲਾਚਰਣ ਅ. ਮਹਾਤਮ

ੲ. ਸਿੱਟਾ ਸ. ਬੰਦਗੀ

9. ਚੱਠਿਆਂ ਦੀ ਵਾਰ ਦਾ ਨਾਇਕ ਕੌਣ ਹੈ:

ੳ. ਮਹਾਂ ਸਿੰਘ ਅ. ਰਣਜੀਤ ਸਿੰਘ

ੲ. ਨਾਦਰਸ਼ਾਹ ਸ. ਨਜਾਬਤ

10. ਵਾਰ ਸ਼ਬਦ ਕਿਸ ਧਾਤੂ ਤੋਂ ਬਣਿਆ ਹੈ

ੳ. ਵ੍ਰਿ ਅ. ਵਾਰੇ ਜਾਣਾ

ੲ. ਵਾਰ ਰੋਕਣਾ ਸ. ਦੁਆਰ

11. ਵਾਰ ਦਾ ਮਹੱਤਵਪੂਰਨ ਅੰਸ਼ ਕਿਹੜਾ ਹੈ

ੳ. ਮਹਾਤਮ ਅ. ਮੰਗਲਾਚਰਨ

ੲ. ਟੱਕਰ ਸ. ਮੱਧ

12. ਵਾਰ ਦਾ ਅੰਤਿਮ ਪੱਖ ਕਿਹੜਾ ਹੈ

ੳ. ਮੰਗਲਾਚਰਨ ਅ. ਸੰਘਰਸ਼ ਪੱਖ

ੲ. ਸ਼ੰਕਾ ਪੱਖ ਸ. ਮਹਾਤਮ

13. ਆਸਾ ਦੀ ਵਾਰ ਨੂੰ ਕਿਸ ਧੁਨੀ ਉੱਪਰ ਗਾਉਣ ਦਾ ਵਿਧਾਨ ਹੈ

ੳ. ਮੂਸੇ ਦੀ ਵਾਰ ਦੀ ਧੁਨੀ ਅ. ਟੁੰਡੇ ਅਸਰਾਜੇ ਕੀ ਧੁਨੀ

ੲ. ਲੱਲਾ ਬਹਿਲੀਮਾ ਕੀ ਧੁਨੀ ਸ. ਰਾਏ ਹੱਸਨੇ ਮਹਮੇ ਕੀ ਧੁਨੀ

14. ਗੁਰੂ ਗ੍ਰੰਥ ਸਾਹਿਬ ਜੀਵਿੱਚ ਕਿੰਨੀਆਂ ਵਾਰਾਂ ਦਰਜ਼ ਹਨ

ੳ. 22 ਅ. 28

ੲ. 34 ਸ. 48

15. ਪੁਰਾਤਨ ਵਾਰਾਂ ਜਾਂ ਲੋਕ ਵਾਰਾਂ ਦੀ ਗਿਣਤੀ ਕਿੰਨੀ ਹੈ

ੳ. 8 ਅ. 6

ੲ. 9 ਸ. 13

## ਅਭਿਆਸ ਪ੍ਰਸ਼ਨ:

1. ਪੰਜਾਬੀ ਬੀਰ ਕਾਵਿਧਾਰਾ ਦਾ ਨਿਕਾਸ ਵਾਰੇ ਲਿਖੋ?
2. ਕਾਵਿਧਾਰਾ ਰੂਪ ਵਾਰ ਦਾ ਵਿਕਾਸ ਬਾਰੇ ਲਿਖੋ?
3. ਕਾਵਿਧਾਰਾ ਰੂਪ ਜੰਗਨਾਮਾ ਦਾ ਵਿਕਾਸ ਬਾਰੇ ਲਿਖੋ
4. ਪੰਜਾਬੀ ਬੀਰ ਕਾਵਿਧਾਰਾ ਦੀ ਪਹਿਲੀ ਮੌਲਿਕ ਬੀਰ ਰਸੀ ਰਚਨਾ ਬਾਰੇ ਜਾਣਕਾਰੀ ਦਿਓ?
5. ਕਿਸੇ ਪੰਜ ਬੀਰ ਰਸੀ ਕਵੀਆ ਦਾ ਨਾਮ ਲਿਖੋ?

## ਸੰਦਰਭ ਪੁਸਤਕਾਂ:


1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.
2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.
3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.
4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.


## ਮਹੱਤਵਪੂਰਨ ਲਿੰਕ

https://www.punjabitribuneonline.com/news/archive/features/news-detail-1108735

https://punjabipedia.org/topic.aspx?txt=%E0%A8%AC%E0%A9%80%E0%A8%B0-%E0%A8%97%E0%A8%BE%E0%A8%A5%E0%A8%BE

## ਉੱਤਰਮਾਲਾ:

| | | | | |
|---|---|---|---|---|
| 1. ਅ | 2. ੳ | 3. ੳ | 4. ਅ | 5. ਅ |
| 6. ੲ | 7. ੳ | 8. ੳ | 9. ੳ | 10. ੳ |
| 11.ਸ | 12. ਸ | 13. ਅ | 14. ੳ | 15. ੲ |

**DPBI501**

# ਅਧਿਆਇ - 14: ਪੁਰਾਤਨ ਪੰਜਾਬੀ ਵਾਰਤਕ ਦਾ ਨਿਕਾਸ ਅਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਪੁਰਾਤਨ ਪੰਜਾਬੀ ਵਾਰਤਕ ਦੇ ਸਿਧਾਂਤ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੁਰਾਤਨ ਪੰਜਾਬੀ ਵਾਰਤਕ ਦੇ ਨਿਕਾਸ ਅਤੇ ਵਿਕਾਸ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੁਰਾਤਨ ਪੰਜਾਬੀ ਵਾਰਤਕ ਦੇ ਰੂਪਾਂ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਵਾਰਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿੱਚ ਸਾਹਿੱਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ-ਸੁਵਾਦ ਦੇਣ ਦਾ ਯਤਨ ਕਰਦਾ ਹੈ। ਪ੍ਰਗਟਾਅ ਦੇ ਇਸ ਵਸੀਲੇ ਰਾਹੀਂ ਵਾਰਤਕ ਲਿਖਾਰੀ ਆਪਣੀ ਵਿਚਾਰ-ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ। ਜਦੋਂ ਕੋਈ ਵਿਚਾਰ ਜਾ ਕਿਸੇ ਸਥਿੱਤੀ ਦਾ ਬਿਆਨ ਬੌਧਿਕ ਪਕਿਆਈ ਨਾਲ ਕਿਸੇ ਸਿਲਸਲੇ ਅਧੀਨ ਪ੍ਰਗਟਾਇਆ ਜਾਏ ਤਾਂ ਅਜਿਹੀ ਵਿਧੀ ਨੂੰ ਵਾਰਤਕ ਆਖਦੇ ਹਨ।" "ਵਾਰਤਕ ਸਾਹਿਤ ਦਾ ਉਹ ਰੂਪ ਹੈ ਜੋ ਕਵਿਤਾ ਤੋ ਬਹੁਤ ਚਿਰ ਪਿੱਛੋ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਜਦੋਂ ਸਾਹਿਤਕਾਰ ਆਪਣੇ ਵਿਚਾਰ ਭਰੇ ਅਨੁਭਵ ਨੂੰ ਕਲਾਤਮਕ ਰੂਪ ਦੇ ਕੇ ਇੱਕ ਐਸੀ ਸ਼ਾਬਦਿਕ ਰਚਨਾ ਸਿਰਜਦਾ ਹੈ ਜੋ ਵਾਕ ਬਣਤਰ ਵਿੱਚ ਨਿਤਾਪ੍ਰਤੀ ਦੀ ਬੋਲਚਾਲ ਵਰਗੀ ਪਰੰਤੂ ਭਾਸ਼ਾ ਦੇ ਪੱਖੋਂ ਵਧੇਰੇ ਨਿੱਖਰੀ, ਸੰਵਰੀ ਹੋਈ ਅਤੇ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ ਤਾਂ ਉਹ ਵਾਰਤਕ ਦਾ ਰੂਪ ਧਾਰ ਲੈਂਦੀ ਹੈ। ਉਸ ਦਾ ਮੁੱਖ ਪ੍ਰਯੋਜਨ ਵਿਚਾਰ-ਸਾਮਗ੍ਰੀ ਨੂੰ ਤਰਕ ਅਤੇ ਨਿਆਏਸ਼ੀਲ ਢੰਗ ਨਾਲ ਪਾਠਕ ਉੱਤੇ ਇਸ ਪ੍ਰਕਾਰ ਖੋਲ੍ਹਣਾ ਜਾ ਪ੍ਰਗਟ ਕਰਨਾ ਹੁੰਦਾ ਹੈ ਕਿ ਪਾਠਕ ਪੜ੍ਹਦਿਆਂ ਹੋਇਆਂ ਬੁੱਧੀ ਦੀ ਸਹਾਇਤਾ ਨਾਲ ਵਾਰਤਕ ਵਿਚਲੇ ਵਿਚਾਰਾਂ ਨੂੰ ਆਪਣੀ ਸੋਚ ਅਨੁਸਾਰ ਸਮਝਦਾ ਜਾਂਦਾ ਹੈ। ਇਸ ਤਰ੍ਹਾਂ ਵਾਰਤਕ ਵਿਚਲੀ ਵਿਚਾਰ ਲੜੀ ਪਾਠਕ ਦੇ ਦਿਮਾਗ ਨੂੰ ਟੁੰਬਦੀ ਤੁਰੀ ਜਾਂਦੀ ਹੈ। ਸੰਤ ਸਿੰਘ ਸੇਖੋਂ ਦਾ ਕਥਨ ਹੈ,"ਵਿਗਿਆਨ ਵਾਂਗ ਗੱਦ ਦਾ ਸੰਬੰਧ ਵੀ ਸਮਾਜ ਵਿੱਚ ਮਧ-ਸ੍ਰੇਣੀ ਦੇ ਵਿਕਾਸ ਨਾਲ ਹੈ। ਗੱਦ ਦਾ ਸੰਬੰਧ ਆਧੁਨਿਕ ਵਿਗਿਆਨ ਦੀ ਉਤਪੱਤੀ ਤੇ ਵਿਕਾਸ ਨਾਲ ਹੈ, ਤੇ ਆਧੁਨਿਕ ਮੱਧ-ਸ੍ਰੇਣੀ ਦੇ ਵਿਕਾਸ ਦਾ ਇੱਕ ਫਲ ਹੈ।" ਇਸ ਅਧਿਅਇ ਵਿਚ ਪੁਰਾਤਨ ਪੰਜਾਬੀ ਵਾਰਤਕ ਦੇ ਸਿਧਾਂਤ, ਜਨਮ, ਵਿਕਾਸ ਅਤੇ ਵੱਖ ਵੱਖ ਰੂਪਾਂ ਬਾਰੇ ਚਰਚਾ ਕੀਤੀ ਗਈ ਹੈ।

## ਵਿਸ਼ਾ ਵਸਤੂ:

ਇਹ ਮੰਨਣਾ ਉਚਿੱਤ ਹੈ ਕਿ ਜਦੋਂ ਤੋਂ ਪੰਜਾਬ ਉਦੋਂ ਤੋਂ ਪੰਜਾਬੀ ਹੈ। ਪੰਜਾਬੀ ਅਨੇਕਾਂ ਰੂਪਾਂ-ਰੰਗਾਂ ਵਿਚੋਂ ਲੰਘਦੀ ਹੁਣ ਵਾਲੇ ਰੂਪ ਵਿਚ ਆਈ ਹੈ। ਇਹ ਰੂਪ ਵੀ ਸਦਾ ਨਹੀਂ ਰਹਿਣਾ, ਇਸ ਨੇ ਬਦਲ ਜਾਣਾ ਹੈ। ਵੈਦਿਕ ਭਾਸ਼ਾ ਪੰਜਾਬੀ ਸੀ। ਉਸ ਤੋਂ ਸੰਸਕ੍ਰਿਤ ਜਤਨਾਂ ਨਾਲ ਮਾਂਜ ਸਵਾਰ ਕੇ ਬਣਾਈ ਗਈ। ਇਹ ਗੱਲ ਸੰਸਕ੍ਰਿਤੀ ਨਾਮ ਤੋਂ ਹੀ ਪ੍ਰਗਟ ਹੈ। ॥ਸੰਸਕ੍ਰਿਤੀ ਦਾ ਅਰਥ ਹੀ ਮਾਂਜੀ ਸਵਾਰੀ ਹੋਈ ਬੋਲੀ ਹੈ। ਕੁਝ ਸਦੀਆਂ ਸੰਸਕ੍ਰਿਤ ਚਲੀ ਰਹੀ। ਇਹ ਇਕ ਲੋਕ ਭਾਸ਼ਾ ਬਣ ਗਈ। ਪਰ ਫਿਰ ਇਹ ਕਿਤਾਬਾਂ ਵਿਚ ਰਹਿ ਗਈ ਜਾਂ ਵਿਦਵਾਨਾਂ ਦੀ ਬੋਲੀ ਰਹਿ ਗਈ, ਲੋਕ ਬੋਲੀ ਅੱਗੇ ਤੁਰ ਗਈ, ਉਸ ਨੇ ਪ੍ਰਾਕ੍ਰਿਤ ਦਾ ਰੂਪ ਧਾਰਨ ਕੀਤਾ, ਅਪਭਰੰਸ਼ਾਂ ਦੇ ਰੂਪ ਧਾਰਨ ਕੀਤੇ ਤੇ ਫਿਰ ਅਪਭਰੰਸ਼ਾਂ ਆਧੁਨਿਕ ਭਾਰਤੀ ਬੋਲੀਆਂ ਦੇ ਰੂਪ ਵਿਚ ਆ ਗਈਆਂ ਪੰਜਾਬੀ ਵਾਰਤਕ ਦਾ ਜਨਮ ਵੈਦਿਕ ਭਾਸ਼ਾ ਵਿਚ ਹੀ ਹੋ ਗਿਆ। ਸੂਤ ਉਸੇ ਦਾ ਰੂਪ ਹਨ। ਇਸ ਅਧਿਅਇ ਵਿਚ ਪੁਰਾਤਨ ਪੰਜਾਬੀ ਵਾਰਤਕ ਦੇ ਸਿਧਾਂਤ, ਜਨਮ, ਵਿਕਾਸ ਅਤੇ ਵੱਖ ਵੱਖ ਰੂਪਾਂ ਬਾਰੇ ਚਰਚਾ ਕੀਤੀ ਗਈ ਹੈ।

ਜਦੋਂ ਪੰਜਾਬੀ ਨੇ ਹੁਣ ਦਾ ਰੂਪ ਧਾਰਨ ਕੀਤਾ, ਕੋਈ ਨੌਵੀਂ, ਦਸਵੀਂ ਈਸਵੀ ਸਦੀ ਵਿਚ, ਉਦੋਂ ਦੀ ਵਾਰਤਕ ਵੀ ਸਾਹਿਤ ਪਾਸ ਹੈ, ਭਾਵੇਂ ਉਸ ਦੀ ਮਾਤਰਾ ਥੋੜ੍ਹੀ ਹੈ, ਇਸ ਕਰਕੇ ਕਿ ਕਵਿਤਾ ਪ੍ਰਚੱਲਿਤ ਸੀ। ਨਾਥ ਸਿੱਧ ਕਵਿਤਾ ਵਿਚ ਬਾਣੀ ਉਚਾਰਦੇ। ਇਹ ਥੋੜ੍ਹੀ ਜਿੰਨੀ ਸੰਖੇਪ ਬਾਣੀ ਸੀ। ਪਰ ਉਦੋਂ ਹੀ ਉਹ ਆਪਣੀ ਬਾਣੀ ਨੂੰ ਆਮ ਲੋਕਾਂ ਤੇ ਖ਼ਾਸ ਲੋਕਾਂ ਦੇ ਦਰਬਾਰ ਵਿਚ ਵੀ ਕਥਾ-ਵਾਰਤਾ ਦੇ ਰੂਪ ਵਿਚ ਉਸ ਦੀ ਵਿਆਖਿਆ ਕਰਦੇ। ਗੁਰੂ ਨਾਨਕ ਦੇਵ ਇਕ ਸ਼ਬਦ ਉਚਾਰਨ ਕਰਦੇ ਤੇ ਉਸ ਦੀ ਵਿਆਖਿਆ ਹੀ ਵਾਰਤਕ ਵਿਚ ਗੋਸ਼ਟ ਦੇ ਰੂਪ ਵਿਚ ਪ੍ਰਸ਼ਨੋਤਰੀ ਦੇ ਰੂਪ ਵਿਚ, ਜਨ ਸਾਧਾਰਨ ਨੂੰ ਪੇਸ਼ ਕਰਦੇ। ਬਾਣੀ ਦੀ ਇਕ ਟੁਕੜੀ ਨਾਲ ਢੇਰ ਸਾਰੀ ਵਾਰਤਕ ਕੀਤੀ ਜਾਂਦੀ ਸੀ। ਵਾਰਤਕ ਲਿਖਣ ਦੀ ਲੋੜ ਨਹੀਂ ਸੀ, ਇਹ ਸਰੋਤਿਆਂ ਨੂੰ ਸੁਣਦਿਆਂ ਹੀ ਯਾਦ ਹੋ ਜਾਂਦੀ ਸੀ ਤੇ ਉਹ ਦੂਜਿਆਂ ਲੋਕਾਂ ਨੂੰ ਯਾਦਾਂ ਹੀ ਸੁਣਾ ਸਕਦੇ ਕਿ ਕੀ ਕਥਾ-ਵਾਰਤਾ ਹੋਈ ਹੈ। ਪ੍ਰਾਚੀਨ ਹੱਥ-ਲਿਖਤਾਂ ਵਿਚੋਂ ਸ਼ਮਸ਼ੇਰ ਸਿੰਘ ਨੇ ਸਿੱਧਾ ਦੀ ਗੱਦ ਰਚਨਾ ਦੇ ਨਮੂਨੇ ਦਿੱਤੇ ਹਨ।

ਗੋਰਖ ਨਾਥ ਦੀ ਗੱਦ ਰਚਨਾ:

(1) ਓ ਗੋਰਖ ਦੇਖ ਐਟ ਬੋਲੀਏ ਘਟ ਭੀਤਰ, ਤੇ ਕਣ ਕੌਣ ਬੋਲੀਏ? ਅਵਧੂ। ਪ੍ਰਥਮੇ ਆਧਾਰ ਚਕ੍ਰ ਬੋਲੀਏ ਗੁਦਾਅਸਥਾਨੇ ਚਤੁਰ ਦਲ ਕੰਵਲ, ਖਟ, ਸੈ ਸਾਂਸ, ਤਿਸ ਚਕ੍ਰ ਉਪਰਿ, ਅਹਦ ਚਕ, ਹਿਰਦਾ ਅਸਥਾ ਨੇ ਦੁਆਦਸ ਦਲ ਕੰਵਲ, ਖਟ ਸੈ ਸਾਂਸ।

(2) ਚੌਬਹਸ ਸਿਧਿ ਬੋਲੀਏ ਪ੍ਰਿੰਥੀ ਕੇ ਵਿਖੇਤੇ ਕੌਣ ਕੌਣ? ਪ੍ਰਥਮ ਆਸਾ ਸਿਧਿ ਤਾ ਕੋ ਲੱਛਣ, ਮਾਯਾ ਸਾਨ ਮੂੜ। ਮਹਿਮਾ ਸਿਧਿ, ਤਾ ਕੋ ਲੱਛਨ, ਲਘੂ ਦੀਰਘ ਹੋਇ ਦਿਖਾਵੈ। ਦੂਰ ਦਰਸ਼ਨ ਸਿਧ, ਤਾ ਕੋ ਲੱਛਨ ਦੂਰ ਕੀ ਸੂਝੇ (ਚੌਬੀਸ ਸਿਧਿ)

(3) ਏਕ ਉਪਰਾਂਤ ਲੇਖ ਨਾਹੀ। ਕਾਯਾ ਉਪਰਾਂਤ ਖੇਤ੍ਰ ਨਾਹੀ। ਸੀਲ ਉਪਰੰਤ ਬ੍ਰਤ ਨਾਹੀ, ਸ੍ਵਣ ਉਪਰਾਂਤ ਸੁਰਤਿ ਨਾਹ, ਸੰਜਮ ਉਪਰਲਾ ਸੁਖ ਨਾਹੀ।। ਗਰਭ ਉਪਰਾਂਤ ਨਰਕ ਨਾਹੀ।। ਚਿਤ ਚੰਚਲ ਉਪਰਾਂਤ ਰੋਗ ਨਾਹੀ।। ਕਾਲ ਉਪਰੰਤ ਵੈਰੀ ਨਾਹੀ, ਨਾਰਾਇਣ ਉਪਰਾਂਤ ਇਸ਼ਟ ਨਾਹੀ।।

ਮਛੰਦ੍ਰ ਨਾਥ ਦੀ ਗੱਦ ਰਚਨਾ ਦੇ ਕੁਝ ਨਮੂਨੇ:

ਜੋ ਪੁਰਾਤਨ ਕਾਵਿਧਾਰਾ ਰਚਨਾਵਾਂ ਵਿਚੋਂ ਹੀ ਲਏ ਗਏ ਹਨ, ਜਨਮ ਸਾਥੀ ਗੁਰੂ ਨਾਨਮ (ਭਾਈ ਭੈੜਾ ਮੋਖਾ) ਵਿਚ ਵੀ ਪਾਏ ਜਾਂਦੇ ਹਨ, ਜਿਵੇਂ ਕਿ ਜੋਗੀ ਮਛੰਦ੍ਰ ਨਾਥ ਦਾ ਉਨਾ ਪਰਬਤ ਦੀ ਸਾਖੀ ਹੈ :

ਕੇ ਹਾਥ ਸਿਰ ਕਾ ਕਪਾਟ? ਕੈ ਅੰਗੁਲ ਮੁਖ ਕਾ ਤਾਕ? ਕੈ ਅੰਗੁਲ ਕਲੇਜਾ? ਕੈ ਅੰਗੁਲ ਹੀਅਲਾ? ਕੈ ਅੰਗੁਲ ਤਿਲੀ? ਕੈ ਅੰਗੁਲੇ ਫਿਫਰਾ? ਕੈ ਅੰਗੁਲੇ ਬੱਜਰ ਕੀ ਕੋਠੜੀ? ਕੈ ਹੱਡੀਆਂ, ਕੇਤੀ ਕੋਠੜੀਆਂ? ਕੇਤੀ ਦੇਹੀ ਕੀ ਰੋਮਾਵਿਲ, ਕੈਸੇ ਸੰਧਾਉ?

ਛੇ ਗੁਰੂ ਨਾਨਕ ਵਲੋਂ ਇਸ ਦਾ ਉੱਤਰ ਹੈ

ਸਵਾ ਹਾਥ ਸਿਰ ਕਾ ਕਪਾਟ। ਚਾਰ ਅੰਗੁਲ ਮੁਖ ਕਾ ਤਾਕ। ਸਵਾ ਹਾਥ ਲੀਲਾਟ ਪਾਟ। ਛੱਬੀ ਅੰਗੁਲ ਦਿਲ ਤੇਰਾਂ ਅੰਗੁਲ ਕਲੇਜਾ। ਪੰਜ ਅੰਗੁਲ ਹੀਅਲਾ। ਚਾਰ ਅੰਗੁਲ ਤਿਲੀ। ਸੱਤ ਅੰਗੁਲ ਫਿਫਰਾ। ਬਾਰਾ ਅੰਗੁਲ ਬੱਜਰ ਕੀ ਕੋਠੜੀ। ਅਠਸਠ ਹਾਡ ਕਰੋੜੀ ਦੇਹੀ ਕੀ ਰੋਮਾਵਲੀ, ਨੌ ਸੈ ਨਾੜੀ ਸੋਲਾਂ ਸੈ ਸੰਧ।

ਚੌਰੰਗੀ ਨਾਥ ਦੀ ਪ੍ਰਾਣ ਸਾਂਕਲੀ ਤੇ ਭੋਗਲ ਪੁਰਾਣ

ਇਸੇ ਤਰ੍ਹਾਂ ਸਿੱਧਾਂ ਦੀਆਂ ਗੱਦਰਚਨਾਵਾਂ ਵਿਚੋਂ ਚੌਰੰਗੀ ਨਾਥ ਦੀ ਪ੍ਰਾਣ ਸਾਂਕਲੀ (ਪ੍ਰਾਣ ਸੰਗਲੀ) ਤੇ ਪਰਬਤ ਸਿੱਧ ਦਾ ॥ਭੋਗਲ ਪੁਰਾਣ (ਅਥਵਾ ਭੋਗਲ ਪੁਰਾਣ) ਵੀ ਮਿਲਦੇ ਹਨ। ਇਨ੍ਹਾਂ ਦੀ ਗੱਦ ਦੇ ਨਮੂਨੇ ਕ੍ਰਮ ਅਨੁਸਾਰ ਇਹ ਹਨ :

(1) ਸਵਾ ਲਾਖ ਉਦੇਸ਼:, ਬਣਾਵੇ ਲੱਖ ਕੀ ਰਾਤਿ ਦਿਨ, ਸ਼ਿਵ ਸ਼ਕਤੀ, ਐਟ ਕੁਲ ਪਰਬਤ।।

ਫਰੀਦ ਦੇ ਪਧਤੀ ਨਾਮੇ ਵਿਚੋਂ ਵਾਰਤਕ ਦੇ ਇਹ ਨਮੂਨੇ ਮਿਲਦੇ ਹਨ:

(1) ਬਗ਼ੈਰ ਗੁਨਹਾ ਐਕ ਘੜੀ ਨਹੀਂ ਗੁਜਰੀ। ਮੁਝ ਪਰ ਹੁਸ਼ਰ ਦਿਲ ਬੰਦਗੀ ਭੀ ਅਕ ਘੜੀ ਨਹੀਂ ਗੁਜਰੀ। ਯਾ ਨਿਚੇ ਜਾਨਿ। ਇਸ ਨਵਸ ਨੇ ਮੇਰਾ ਸਾਹਰ ਕਾ ਰਾਹ ਮਾਰਿਆ ਹੈ।

(2) ਜੇ ਕੋਇ ਕਾਥਿ ਕਬੀਰੀ ਕਰੈ ਤਿਸਕਾ ਸਬ ਲੁਟਿ ਜਾਤਾ ਹੈ। ਉਸ ਤੇ ਅਮਲ ਰਹਿਤਾ ਨਾਹੀ ਫੀਕਾ ਹੋਇ ਜਾਤਾ ਹੈ, ਉਸ ਦਾ ਅਮਲ ਔਰੂ ਮੇ ਜਾਇ ਰਹੇ ਹੈ। ਚਤੁਰਾਈ ਜਾਹਿ ਕਹੀ। ਜਿਸ ਤੇ ਜਬਾਨ ਮੁੱਖ ਖਾਲਕ, ਤੇ ਆਪ ਨੂੰ ਨਿਰਾਸ ਰਾਖੇ ਤੋ ਤੇਰੇ ਅੰਦਰਿ ਰੁਸਨਾਈ ਹੋਇਗੀ।

ਸੋ ਪੰਜਾਬੀ ਵਾਰਤਕ ਦਾ ਜਨਮ ਅਪਭ੍ਰੰਸ਼ ਤੋਂ ਪੰਜਾਬੀ ਦੇ ਜਨਮ ਨਾਲ ਹੀ ਹੋ ਗਿਆ। ਇਸ ਦਾ ਵਿਕਾਸ ਲੋਕਾਂ ਦੀਆਂ ਅਖਾਨਾਂ ਤੇ ਹੁੰਦਾ ਰਿਹਾ ਹੈ, ਆਮ ਜੀਵਨ ਦੀ ਬੋਲਚਾਲ ਵਿਚ ਹੁੰਦਾ ਰਿਹਾ, ਮੰਦਰਾਂ ਵਿਚ ਕਥਾ-ਵਾਰਤਾ ਵਿਚ ਹੁੰਦਾ ਰਿਹਾ, ਦਾਦੀ ਪੋਤੇ ਦੀਆਂ ਕਹਾਣੀਆਂ ਵਿਚ ਹੁੰਦਾ ਰਿਹਾ, ਬੁਝਾਰਤਾਂਅਖਾਣਾਂ ਵਿਚ ਹੁੰਦਾ ਰਿਹਾ, ਵਾਰਤਕ ਲਿਖਤੀ ਰੂਪ ਵਿਚ ਘਟ ਗਈ, ਲੋੜ ਨਹੀਂ ਭਾਸੀ ਪਰ ਵਰਤਵਿਹਾਰ ਵਿਚ ਵਿਗਸਦੀ ਗਈ। ਕੋਈ ਪੰਜ ਸੋ ਸਾਲ ਇਸੇ ਤਰ੍ਹਾਂ ਹੀ ਲੰਘ ਗਏ। ਉਪਰੋਂ ਗੁਰੂ ਨਾਨਕ ਦਾ ਪਹਿਰਾ ਹੋ ਗਿਆ। ਗੁਰੂ ਨਾਨਕ ਦਾ ਜਨਮ 1469 ਵਿਚ ਹੋਇਆ, ਪੰਦਰਵ੍ਹੀ ਸਦੀ ਈ: ਵਿੱਚ ਗੁਰੂ ਨਾਨਕ ਨੇ ਅਨੇਕਾਂ ਗੋਸ਼ਟਾਂ ਸਿੱਧਾ, ਨਾਥਾਂ, ਪੰਡਿਤਾਂ,ਮੁਲਾਂਕਾਸ਼ੀਆਂ, ਰਾਜਿਆਂ, ਰਾਣਿਆਂ, ਚੋਰਾਂਧਾੜਵੀਆਂ ਨਾਲ ਕੀਤੀਆਂ ਤੇ ਉਹਨਾਂ ਦਾ ਸਾਰ, ਸੰਖੇਪ ਰੂਪ ਵਿਚ, ਸੰਜਮ ਨਾਲ ਕਵਿਤਾ, ਬਾਣੀ ਵਿਚ ਦਰਜ ਕੀਤਾ। ਪਰ ਤਦ ਵੀ ਆਪ ਦੇ ਸਮੇਂ ਵਿਚ ਹੀ ਵਾਰਤਕ ਬਿੰਬ ਦੇ ਕੇ ਵਹਿ ਤੁਰੀ। ਬਾਲੇ ਵਾਲੀ ਜਨਮ ਸਾਖੀ ਲਿਖਣੀ ਸਰੂ ਹੋ ਗਈ। ਜੇ ਉਦੋਂ ਨਹੀਂ ਵੀ ਹੋਈ, ਤਦ ਗੁਰੂ ਅੰਗਦ ਦੇਵ (1504-1552) ਜੀ ਨੇ ਗੱਦੀ ਤੇ ਬੈਠਦਿਆਂ ਹੀ ਆਪ ਜਨਮ ਸਾਖੀ ਲਿਖਵਾਈ, ਇਹੋ ਆਧੁਨਿਕ ਪੰਜਾਬੀ ਵਾਰਤਕ ਦਾ ਪ੍ਰਥਮ ਰੂਪ ਹੋਇਆ। ਪਰ ਗੁਰੂ ਨਾਨਕ ਕਾਲ (1469-1708 ਈ:) ਵਿਚ ਹੀ ਪੰਜਾਬੀ ਵਾਰਤਕ ਤਿੰਨ ਮੁੱਖ ਰੂਪ ਧਾਰਨ ਕਰ ਗਈ ਤੇ ਵਿਕਸਤ ਹੋ ਗਈ। ਪਹਿਲਾਂ ਰੂਪ ਸਾਖੀਆਂ ਜਾਂ ਜਨਮ ਸਾਖੀਆਂ ਦਾ ਹੈ ਜਨਮ ਪੱਤਰੀਆਂ, ਗੋਸ਼ਟਾਂ, ਭਗਤਮਾਲਾ, ਮਸਲੇ, ਸੋ ਸਾਖੀ, ਪਰਚੀਆਂ ਆਦਿ ਇਸੇ ਵੰਨਗੀ ਵਿਚ ਸ਼ਾਮਿਲ ਹੁੰਦੇ ਹਨ। ਇਹ ਸਾਹਿਤ ਅਕਲੀ ਸਾਹਿਬ ਸੇਵੀਐ ਦਾ ਮਾਹਿੱਤ ਹੈ। ਸਾਖੀ ਸਾਹਿਤ ਸਾਹਿਬ ਪ੍ਰਭੂ ਤੇ ਸਾਹਿਬਾਂ, ਗੁਰੂ ਸਾਹਿਬਾਂ ਦੀ ਸੇਵਾ ਸਿਫਤਿਸਾਲਾਹ, ਉਸਤਿਤ ਦਾ ਹੈ ਤੇ ਉਨ੍ਹਾਂ ਰੰਗੇ ਰੱਤੇ ਅਕਲ ਵਾਲਿਆਂ ਦੀ ਰਚਨਾ ਹੈ ਜਿਨ੍ਹਾਂ ਦੇ ਹੇਠ ਗੁਰੂ ਸਾਹਿਬ ਦੇ ਪਿਆਰਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਨਾਲ ਹਿਲਦੇ ਸਨ (ਪੂਰਨ ਸਿੰਘ)। ਇਹ ਸਾਹਿਤ ਗੁਰੂ ਨਾਨਕ, ਗੁਰੂ ਅੰਗਦ ਦੇ ਪ੍ਰਭਾਵ ਅਧੀਨ ਸੰਨ 1540 ਈ: ਤੋਂ ਉਪਜਿਆ ਹੈ। ਦੂਜਾ, ਇਸ ਵਾਰਤਕ ਦਾ ਸਾਹਿਤਕ ਰੂਪ ਪਰਮਾਰਗਾ ਦਾ ਹੈ ਜੋ ਅਕਲੀ ਪੜਿ ਕੈ ਬੁਝੀਐ ਤੇ ਅਕਲੀ ਕੀਚੈ ਦਾਨੁ ਦੀ ਗੁਰੂ ਬਖੌ ਸੇਧ ਵਿਚੋਂ ਸੰਨ 1600 ਈ: ਵਿਚ ਉਪਜਿਆ ਹੈ। ਟੀਕੇ, ਸਾਰ, ਸੁਖਨ, ਬਚਨ ਤੇ ਅਨੁਵਾਦ (ਪ੍ਰਾਚੀਨ ਧਰਮ ਗ੍ਰੰਥਾਂ ਦੇ) ਇਸ ਵੰਨਗੀ ਵਿਚ ਹੀ ਸਮਾਏ ਹੋਏ ਹਨ। ਇਹ ਸਾਡਾ ਸਾਹਿਤ ਗੁਰੂ ਅਰਜਨ ਦੇਵ ਜੀ (1563-1606 ਈ:) ਦੇ ਪ੍ਰਭਾਵ ਅਧੀਨ ਉਪਜਿਆ ਹੈ, ਕਿਉਂਕਿ ਆਪ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬਦੀ 1604 ਈ: ਵਿਚ ਬੀੜ ਬੱਧੀ ਅਤੇ ਆਪ ਨੇ ਹੀ ਮਨੋਹਰ ਦਾਸ ਮਿਹਰਬਾਨ (1581-1680 ਈ:) ਨੂੰ, ਜੋ ਆਪ ਦਾ ਭਤੀਜਾ ਅਤੇ ਸ੍ਰੀ ਪ੍ਰਿੰਥੀਚੰਦ ਜੀ ਦਾ ਪੁੱਤਰ ਸੀ, ਪਰਮਾਰਥ੍ਰਰਚਨ ਕਲਾ ਦੀ ਸੋਝੀ ਦਿੱਤੀ। ਮਗਰੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਅਧੀਨ ਟੀਕੇ, ਪਰਮਾਰਥ ਵੀ ਰਚੇ ਗਏ। ਉਨ੍ਹਾਂ ਨੇ ਨਿਰਮਲ, ਸੰਪ੍ਰਦਾਈ ਤੇ ਸੇਵਾਪੰਥੀ ਵਿਦਵਾਨਾਂ ਨੂੰ ਉਤਸ਼ਾਹ ਦਿੱਤਾ। ਤੀਜਾ, ਇਸ ਸਮੇਂ ਦੇ ਵਾਰਤਕ ਸਾਹਿਤ ਦਾ ਰੂਪ ਰਹਿਤਨਾਮੇ ਹਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਭਾਵ ਨਾਲ ਸੰਨ 1700 ਈ: ਤੋਂ ਪਿੱਛੋਂ ਉਪਰਿ ਤੇ ਵਿਕਸੇ। ਇਨ੍ਹਾਂ ਤਿੰਨਾਂ ਹੀ ਵੰਨਗੀਆਂ ਵਿਚ ਉਪਜੀਆਂ ਰਚਨਾਵਾਂ ਦੀ ਬਹੁਤ ਸਾਰੀ ਸੂਚੀ ਅਤੇ ਉਦਾਹਰਣ ਇਸ ਤਰ੍ਹਾਂ ਹਨ :-

(1) ਜਨਮ ਸਾਖੀਆਂ: ਪੁਰਾਤਨ ਜਨਮ ਸਾਖੀ, ਸੰਭੂ ਨਾਥ ਵਾਲੀ ਜਨਮ ਪ੍ਰਤੀ, ਮਿਹਰਬਾਨ ਵਾਲੀ ਜਨਮ ਸਾਖੀ, ਬਾਲੇ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਸਤਿਗੁਰੂ ਜੀ ਦੇ ਮੁਹਿ ਦੀਆਂ ਸਾਖੀਆਂ, ਸਾਖੀਆਂ ਅੱਡਣ ਜੀ, ਸੌ ਸਾਖੀ:

(2) ਪਰਚੀਆਂ: ਪਰਚੀਆਂ ਪਾਤੈਾਹੀ 10 ਕ੍ਰਿਤ ਭਾਈ ਸੇਵਾਦਾਸ, ਪਰਚੀ ਮਹਾਂ ਸੁੰਦਰ ਸਖਿਆਰ ਕੀ, ਪਰਚੀ ਭਾਈ ਕਨ੍ਹਈਆ ਜੀ ਕੀ :

(3) ਪਰਮਾਰਥ ਦੇ ਟੀਕੇ: ਪੋਥੀ ਸਚ ਖੰਡ ਦੇ ਪਰਮਾਰਥ, ਪੋਥੀ ਹਰਿ ਜੀ ਤੇ ਚਤੁਰਭੁਜ ਦੇ ਪਰਮਾਰਥ, ਜਪੁ ਪਰਮਾਰਥ, ਗਿਆਨ ਰਤਨਾਵਲੀ, ਭਗਤ ਰਤਨਾਵਲੀ, ਟੀਕਾ ਸਿਧ ਗੋਸ਼ਟੀ:

(4) ਕਥਾਵਾਂ: (ਬਹੁਤੀਆਂ ਹਿੰਦੂ ਤੇ ਮੁਸਲਮਾਨ ਗ੍ਰੰਥਾਂ ਦੀਆਂ ਕਥਾਵਾਂ ਮਿਲਦੀਆਂ ਹਨ) ਨਿਰੰਕਾਰ ਅਤੇ ਬਿੰਰਾਮ ਕੀ ਕਥਾ ਨਾਸਤਕ ਕੀ ਕਥਾ, ਕਥਾ ਸ੍ਰੀ ਗੋਰਖਨਾਥ ਕੀ, ਕਥਾ ਰਾਜ ਭਰਥਰੀ ਕੀ; ਕਥਾ ਗੋਪੀ ਚੰਦ ਕੀ, ਕਥਾ ਆਦਿ ਨਿਰੰਜਨ ਪੁਰਖ ਕੀ, ਕਥਾ ਆਦਿ ਰਾਮਾਇਣ ਕੀ, ਕਥਾ ਉਧੋ ਕੀ, ਕਥਾ ਸਿੰਘ ਰਾਊ ਕੀ, ਮਸਲੇ ਹਜ਼ਰਤ ਰਸੂਲ ਕੇ, ਮਸਲਾ ਆਦਮ ਸਾਫੀ ਕਾ, ਮਸਲਾ ਹਸਨ ਹੁਸੈਨ ਦਾ, ਕਿੱਸਾ ਸੁਲੇਮਾਨ ਪੈਗੰਬਰ ਕਾ, ਮਸਲੇ ਸ਼ੇਖ ਫਰੀਦ ਕੇ।

(5) ਮਹਾਤਮਾ: ਏਕਾਦਸ਼ੀ ਮਹਤਮ, ਸੁਧਾਸਰ ਮਹਾਤਮ

(6) ਸਾਰ: ਗੋਰਖਸਾਰ, ਗੀਤਾਸਾਰ, ਸੁਖਨ ਫਕੀਰਾਂ ਕੇ, ਬਚਨ ਗੋਬਿੰਦ ਲੋਕਾਂ ਕੇ

(7) ਰਹਿਤਨਾਮੇ: ਸਾਖੀ ਰਹਿਤ ਕੀ (ਭਾਈ ਨੰਦ ਲਾਲ), ਭਾਈ ਪ੍ਰਹਿਲਾਦ ਸਿੰਘ, ਦਯਾ ਸਿੰਘ, ਚਉਪਾ ਸਿੰਘ, ਦੇਸਾ ਸਿੰਘ, ਸਾਹਿਬ ਸਿੰਘ ਦੇ ਰਹਿਤਨਾਮੇ ਤੇ ਪ੍ਰੇਮ ਸੁਮਾਰਗ, ਵਾਜਬੁਲ ਅਰੈ (ਰਹਿਤਨਾਮਾ ਸਹਿਜਧਾਰੀਆ) : ਪੱਕੀ ਰੋਟੀ (ਮੁਸਲਮਾਨੀ ਸ਼ਰ੍ਹਾ)

ਗੁਰੂ ਨਾਨਕ ਕਾਲ ਦੀ ਵਾਰਤਕ ਦਾ ਇਹ ਇਤਿਹਾਸ ਹੈ।

## ਵਿਕਾਸ

ਪ੍ਰਤੀਤ ਇਉਂ ਹੀ ਹੁੰਦਾ ਹੈ ਕਿ ਅੱਜ ਕੱਲ੍ਹ ਜਿਸ ਜਨਮ ਸਾਖੀ ਨੂੰ ਪੁਰਾਤਨ ਜਨਮ ਸਾਖੀ ਕਹਿ ਕੇ ਮੰਨਿਆ ਜਾਂਦਾ ਹੈ ਅਤੇ ਜੋ ਭਾਈ ਵੀਰ ਸਿੰਘ ਜੀ ਨੇ ਸੰਪਾਦਨ ਕਰਕੇ ਪ੍ਰਕਾਸ਼ਿਤ ਕੀਤੀ ਹੈ, ਹੀ ਸਭ ਤੋਂ ਪਹਿਲਾਂ ਰਚੀ ਗਈ। ਇਸ ਦੇ ਰਚੇ ਜਾਣ ਦੇ ਸਮੇਂ ਬਾਰੇ ਪੂਰਾ ਨਿਰਣਾ ਦੇਣਾ ਕਠਿਨ ਹੈ। ਇਸ ਦੇ ਅਧਿਐਨ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਇਸ ਵਿਚ ਸਮੇਂ ਪੈਂਦੇ ਰਹੇ ਹਨ। ਹੋ ਸਕਦਾ ਹੈ ਕਿ ਇਸ ਦਾ ਪਹਿਲਾ ਸਰੂਪ 1539-40 ਵਿਚ ਬੱਝ ਗਿਆ ਹੋਵੇ। ਮੈਕਾਲਿਫ ਸਾਹਿਬ ਨੇ ਇਸ ਦਾ ਰਚਨਾ ਕਾਲ 1588 ਈ: ਕਿਹਾ ਹੈ। ਪਰ ਇਸ ਦੇ ਹੁਣ ਮਿਲਦੇ ਪਾਠ ਵਿਚ ਗੁਰੂ ਅਰਜਨ ਸਾਹਿਬ ਦੀ ਰਚੀ ਬਾਣੀ ਵੀ ਸ਼ਾਮਲ ਹੈ, ਇਸ ਹਿਸਾਬ ਇਸ ਦੀ ਰਚਨਾ 1600 ਈ: ਦੇ ਲਾਗੇ ਜਾ ਬਣਦੀ ਹੈ। ਇਸ ਵਿੱਚ ਹੋਰ ਸੰਕੇਤ ਐਸੇ ਹਨ ਕਿ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਰਚਨਾ ਵੀ ਕਿਹਾ ਜਾ ਸਕੇ। ਪਰ ਇਹ ਸਾਰੀ ਗੱਲ ਉਤਾਰਿਆਂ ਵਿਚ ਵਾਪਰੀ ਹੈ। ਇਹ ਰਚਨਾ ਅਸਲੋਂ ਗੁਰੂ ਅੰਗਦ ਸਾਹਿਬ ਦੇ ਸਮੇਂ ਦੀ ਹੈ। ਇਸ ਰਚਨਾ ਦੀ ॥ਵੇਈ ਪ੍ਰਵੇਸ਼ ਵਾਲੀ ਸਾਖੀ ਦਾ ਕੁਝ ਭਾਗ ਨਮੂਨੇ ਵਜੋਂ ਪੇਸ਼ ਹੈ :

ਇਕਿ ਦਿਨਿ ਆਇਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤੀ ਦਰੀਆਉ ਵੈਦਾ ਆਹ ਸੁ ਇਕਿ ਦਿਨ ਇਕੁ ਖਿਮਤਿਦਾਰੁ ਲੈਕਰਿ ਗਾਇਆ, ਕੱਪੜੇ ਲਾਇ ਖਿਜਮਤਿਦਾਰੁ ਕੇ ਹਵਾਲੇ ਕੀਤੈ, ਆਪਿ ਨਾਵਣਿ ਪਇਆ ਜਿਉਂ ਪਾਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਕੀਤੀ ਜੀ ਨਾਨਕ ਹਾਜ਼ਰ ਹੈ। ਤਥਿ ਸਚੀ ਦਰਗਾਹ ਦਰਸਨੁ ਹੋਆ ਸਾਹਿਬ ਮਿਹਰਵਾਨੁ ਹੋਆ। ਤਥਿ ਓਹ ਖਿਜਮਤਿਦਾਰੁ ਕੱਪੜਿਆਂ ਉਤੇ ਖੜਾ ਆਹਾ, ਸੋ ਖੜਾ ਖੜਾ ਹੁਟ ਗਾਇਆ। ਓਨਿ ਆਖਿਆ, ਜੋ ਨਾਨਕ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਹੀਂ। ਓਸਿ ਆਇ ਖਾਨ ਪਾਸਿ ਅਜਰੁ ਕੀਤੋ ਸੁਖਾਨ ਸਲਾਮਤਿ, ਨਾਨਕ ਦਰੀਆਉ ਵਿਚਿ ਪਇਆ ਆਹਾ ਸੋ ਨਿਕਲਿਓ ਨਹੀਂ। ਤਥਿ ਖਾਨੁ ਬਹੁਤ ਦਲਗੀਰ ਹੋਆ। ਫਿਰਿ ਅਸਵਾਰੁ ਹੋਆ ਆਖਿਓਸ ਨਾਨਕ ਭਲਾ ਵੀਜੁਰ ਥਾ, ਖਾਨੁ ਘਰਿ ਆਇਆ।

ਆਗਿਆ ਪਰਮੇਸਰ ਕੀ ਹੋਈ, ਜੋ ਨਾਨਕੁ ਭਗਤ ਹਾਜਰੁ ਹੋਆ, ਤਾਂ ਅਮ੍ਰਿਤ ਕਾ ਕਟੋਰਾ ਭਰਿ ਭਰਿ ਕਰਿ ਆਗਿਆ ਨਾਲਿ ਮਿਲਿਆ। ਹੁਕਮੁ ਹੋਆ ਨਾਨਕ। ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਊ ਤਥਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤ, ਸਾਹਿਬੁ ਮਿਹਰਬਾਨ ਹੋਆ, ਨਾਨਕ ਮੈ ਤੇਰੇ ਨਾਲਿ ਹਾਂ। ਮੈਂ ਤੇਰੇ ਤਈ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈਂ ਤੇਰੇ ਨਿਹਾਲੁ ਕੀਤੇ ਹੋਨਿ। ਤੂ ਜਾਇ ਕਰ ਮੇਰਾ ਨਾਮੁ ਜਪਿ, ਅਰੁ ਲੋਕਾਂ ਵੀ ਭੀ ਜਪਾਇ। ਅਰੁ ਸੰਸਾਰ ਥੀ ਨਿਰਲੇਪ ਹਰੁ, ਨਾਮ, ਦਾਨ, ਇਸ਼ਨਾਨੁ, ਸੇਵਾ, ਸਿਮਰਨ ਵਿਚਿ ਰਿਹਾ। ਮੈਂ ਤੇਰੇ ਤਾਈ ਆਪਣਾ ਨਾਮੁ ਦੀਆ ਹੈ। ਤੇ ਏਹਾ ਕਿਰਤਿ ਕਰਿ। ਤਥਿ ਗੁਰੂ ਨਾਨਕ ਸਲਾਮ

ਕੀਤਾ, ਖੜਾ ਹੋਆ, ਤਥਿ ਹੁਕਮੁ ਆਇਆ, ਆਗਆ ਹੋਈ, ਨਾਨਕ ਮੇਰੇ ਨਾਮ ਕੀ ਵਡਿਆਈ ਕੈਸੀ ਹੈ? ਕਹੁ। ਤਬ ਬਾਬਾ ਬੋਲਿਆ, ਧੁਨਿ ਅਨਹਦ ਉਠੀ :

ਕੋਟਿ ਕੋਟਿ ਮੇਰੀ ਆਰਜਾ ਪਵਣੁ ਪੀਅਣੁ ਅਧਿਆਉ।।
ਚੰਦ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੇ ਸਉਣ ਨ ਥਾਉ।।
ਭੀ ਤੇਰੀ ਕੀਮਿਤ ਨਾ ਪਵੈ ਹਉ ਕੇਵਡੁ ਆਖਾ ਨਾਉ।।
ਸਾਰਾ ਨਿਰੰਕਾਰੁ ਨਿਜ ਥਾਇ।।

ਇਹ ਪੋਠੋਹਾਰ ਤੇ ਝੰਗ ਵਿਚਾਲੇ ਦੀ ਬੋਲੀ ਪ੍ਰੋ ਸਾਹਿਬ ਸਿੰਘ ਨੇ ਇਸ ਦਾ ਕਰਤਾ ਕੋਈ ਉਪਲ ਖਤਰੀ ਦ੍ਰਿੜ ਕੀਤਾ ਹੈ। ਪਦਜੋੜਾਂ ਉਪਰ ਗੁਰਬਾਣੀ ਦੇ ਪਦਜੋੜਾਂ ਦਾ ਪ੍ਰਭਾਵ ਹੈ। ਸਥਾਨਕ ਗ੍ਰਾਮੀਨ ਬੋਲੀ ਹੈ, ਕਿਸੇ ਟਕਸਾਲੀ ਰੂਪ ਵਿਚ ਨਹੀਂ ਬੱਝੀ ਹੋਈ। ਮੂੰਹ ਚੜ੍ਹੇ ਧਾਰਮਕ ਪਰੰਪਰਾ ਦੇ ਵਾਕੰਸ਼ਾਂ ਦੇ ਸਹਾਰੇ ਨਾਲ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਆਗਿਆ ਪਰਮੇਸ਼ਵਰ ਕੀ, ਨਿਤਾ ਪ੍ਰਤੀ, ਦਰਗਾਹ ਪਰਮੇਸ਼ਵਰ ਕੀ ਆਦਿ ਧਾਰਮਕ ਪਰੰਪਰਾ ਦੇ ਸ਼ਬਦ ਹਨ: ਵੇਦਾਂ ਆਹਾ, ਜਿਉ ਪਇਆ, ਖੜਾ ਆਹਾ, ਆਦਿ ਸਥਾਨਕ ਸ਼ਬਦ ਹਨ: ਆਦਿ ਫਾਰਸੀ ਪ੍ਰਭਾਵ ਨਾਲ ਵੀ ਆਏ ਸ਼ਬਦ ਹਨ। ਇਸ ਤਰ੍ਹਾਂ ਰਲਾ ਮਿਲਾ ਕੇ ਭਾਵ ਪ੍ਰਗਟ ਕਰਨ ਲਈ ਇਹ ਸੋਹਣੇ, ਨਿਕੇ ਨਿਕੇ ਮਾਸੂਮ ਜਿਹੇ ਵਾਕ ਘੜੇ ਗਏ ਹਨ ਜੋ ਤੇਜ਼ੀ ਨਾਲ ਵਾਰਤਾ ਨੂੰ ਅੱਗੇ ਤੋਰਦੇ ਹਨ। ਹੋਰ ਜਨਮ ਸਾਖੀਆਂ ਆਦਿ ਇਸੇ ਜਨਮ ਸਾਖੀ ਤੋਂ ਪ੍ਰੇਰਿਤ ਹੋ ਕੇ ਰਚੀਆਂ ਗਈਆਂ ਹਨ। ਸ਼ੰਭੂ ਨਾਥ ਵਾਲੀ ਜਨਮ ਪ੍ਰਤੀ ਵਿਚ ਸਜਣ ਠਗ ਦਾ ਚਿੱਤਰ ਇਉਂ ਹੈ:

ਬਾਬਾ ਜੀ ਆਵਦਾ ਜਾ ਦੇਖੈ ਤਾ ਇਕ ਸਿਖ ਬੈਠਾ ਹੈ ਪਰ ਧਰਮਸਾਲ ਚਲਾਇਦਾ ਹੈ। ਪਾਣੀ ਦੇ ਘੜੇ ਕੋਰੇ ਧਰੈ ਹੈਨਿ। ਜਿ ਕੋਈ ਆਵਦਾ ਹੈ ਸੋ ਪਾਣੀ ਪੀਦਾ ਹੈ। ਸੁਪੇਦ ਕਪੜੇ ਲ ਮਾਲਾ ਮਥੈ ਟਿਕਾ ਰਾਮ ਬੈਠਾ ਕਰਦਾ ਹੈ। ਬਾਬਾ ਉਥਾਊ ਆਇ ਨਿਕਲਿਆ। ਤਾਂ ਉਠ ਆਖੀਆਂ ਆਈਐ ਜੀਉ ਬਹੀਐ ਜੀਉ।। ਬਾਬਾ ਜੀਉ ਬੈਠਾ।। ਬਾਬਾ ਪੁਛਿਆ ਤੇਰਾ ਨਾਉ ਕਿਆ ਹੈ।। ਉਨ ਆਖਿਆ ਜੀਵੂ ਮੇਰਾ ਨਾਵੁ ਸਜਣੁ ਹੈ।। ਉਸ ਦੇ ਰਕਮ ਬਾਬੇ ਨੇ ਦਿਲੀ ਆਏ।। ਗੁਰੂ ਆਖਿਆ ਤੇਰਾ ਨਾਉ ਸਜਣੁ ਹੈ। ਆਖੈ ਜੀਉ ਸਜਣ ਹੈ। ਉਥੈ ਸ਼ਬਦ ਹੋਆ।
ਸਜਣ ਸੇਈ ਨਾ ਮੈ ਚਲਦਿਆ ਨਾਲਿ ਚਲੰਨਿ।।
ਜਿਥੇ ਲੇਖਾ ਮੰਗੀਐ ਹਜਰੁ ਖੜੇ ਦਿਸੰਨਿ।।
ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।
ਧੋਤਿਆ ਜੂਠ ਨ ਉਤਰੈ ਜੇ ਸਉ ਧੋਵਨਿ ਤਿਸੁ।।

ਭਾਈ ਬਾਲੇ ਵਾਲੀ ਜਨਮ ਸਾਖੀ ਤਾਂ ਸਪੱਸ਼ਟ ਹੀ ਪੁਰਾਤਨ ਜਨਮ ਸਾਖੀ ਦਾ ਵਿਸਤ੍ਰਿਤ ਰੂਪ ਹੈ। ਬਾਲੇ ਵਾਲੀ ਜਨਮ ਸਾਖੀ ਇਉਂ ਆਰੰਭ ਹੁੰਦੀ ਹੈ :

ਸਤਿਗੁਰੂ ਪ੍ਰਸਾਦਿ ਜਨਮ ਪ੍ਰਤੀ ਗੁਰੂ ਨਾਨਕ ਵੇਦੀ ਕੀ ਸੰਮਤੁ 1526 ਮਿਤੀ ਕਤਕ ਸਦੀ ਪੂਰਨ ਮਾਸੀ।। ਨਾਨਕ ਜਨਮ ਲੀਤਾ ਅਧੀ ਰਾਤਿ ਘੜੀ ਉਪਰਿ ਕਾਲੂ ਵੇਦੀ ਦੇ ਘਰਿ।। ਕਾਲੂ ਦਾ ਕੁਲਾ ਪਰੋਹਿਤ ਹਰਿਦਇਆਲ ਬ੍ਰਹਮਣੁ ਆਹਾ ਅਤੇ ਨਾਲੇ ਗੁਰਦੇਵ ਆਹਾ।। ਵਡੀ ਵੇਲਾ ਕਾਲੂ ਹਰਿਦਇਆਲ ਦੇ ਘਰਿ ਗਇਆ ਜਾਇ ਕਰਿ ਆਖਿਓਸੁ ॥ ਹਰਿਦਇਆਲ ਜੀ ਤੁਸੀਂ ਕਿਰਪਾ ਕਰਹੁ ਪੰਡਿਤ। ਹਰਿਦਇਆਲ ਕਹਿਆ ਕਿਉ ਮਹਤਾ ਕਾਲੂ ਇਤ ਵੇਲੇ ਕਿਉਂ ਆਇਆ ਹੈ। ਕਾਲੂ ਆਖਿਆ ਜੀ ਬਾਲਕਿ ਜਨਮ ਲੀਤਾ ਹੈ। ਹਰਿਦਇਆਲ ਜੀ ਤੁਸੀਂ ਜਲਮ ਪਤਰੀ ਲਿਖਹੁ। ਫਿਰਿ ਹਰਿਦਇਆਲ ਪੰਡਿਤੁ ਆਖਿਆ ਭਲਾ ਮਹਤਾ ਜੀ ਮੈ ਸੇਵਾ ਕਰਿ ਕੇ ਆਂਵਦਾ ਹਾਂ ਤੂੰ ਚਲਦਾ ਰਹੁ।

ਸੋ ਜਨਮ ਸਾਖੀਆਂ ਵਾਲੀ ਵਾਰਤਕ ਪੰਜਾਬ ਵਾਰਤਕ ਦਾ ਪਹਿਲਾ ਪੜਾਉ ਹੈ। ਭਾਈ ਮਨੀ ਸਿੰਘ ਤੀਕ ਇਹ ਦੂਜੇ ਪੜਾਉ ਵਿਚ ਪਹੁੰਚ ਗਈ। ਭਾਈ ਮਨੀ ਸਿੰਘ ਦੀ ਵਾਰਤਕ ਵਿਚ ਵੀ ਸਥਾਨਕ ਰੰਗ ਹੈ ਪਰ ਬਹੁਤੁ ਘਟਦਾ ਜਾ ਰਿਹਾ ਹੈ ਤੇ ਵਾਰਤਕ ਕਿਸੇ ਕੇਂਦਰੀ ਬੋਲੀ ਦੇ ਨੇੜੇ ਪੁਜਦੀ ਜਾ ਰਹੀ ਹੈ।

## ਪੁਰਾਤਨ ਪੰਜਾਬੀ ਵਾਰਤਕ ਦੀਆਂ ਸਿਧਾਂਤਕ ਅਤੇ ਭਾਸ਼ਾਈ ਵਿਸੇਸ਼ਤਾਵਾਂ

ਪੰਜਾਬੀ ਵਾਰਤਕ ਦੇ ਤਿੰਨੇ ਰੂਪ ਗੁਰੂਸਿੱਖ ਸੰਬੰਧ ਉਪਜੇ। ਇਹ ਸਿੱਖਵਾਰਤਕ ਸੀ। ਮੁੱਢਲੀ ਪੰਜਾਬੀ ਵਾਰਤਕ ਬੁਨਿਆਦੀ ਰੂਪ ਵਿਚ, ਅਧਿਆਤਮਕ, ਰਹੱਸਵਾਦੀ ਅਤੇ ਧਾਰਮਿਕ ਵਿਵਸਤੂ ਦੇ ਰੂਪਰਸ ਦੀ ਹੈ। ਇਹ ਸੁਤੰਤਰ ਨਹੀਂ ਹੈ; ਆਧਾਰਿਤ ਰਚਨਾ ਹੈ। ਇਸ ਦੀ ਟੇਕ

ਰਹੱਸਮਈ ਜੀਵਨੀਆਂ ਅਤੇ ਅਧਿਆਤਮਕ, ਰਹੱਸਵਾਦੀ ਤੇ ਧਾਰਮਿਕ ਬਾਣੀ ਹੈ। ਜਿਵੇਂ ਬਾਣੀ ਕਵਿਤਾ ਨਹੀਂ ਹੈ, ਜਿਵੇਂ ਸ਼ਬਦ ਖਦਰਚਨਾ ਨਹੀਂ ਹੈ, ਤਿਵੇਂ ਇਹ ਵਾਰਤਕ ਨਿਰੀ ਕਲਮਕਿਰਤ ਨਹੀਂ ਹੈ। ਗੁਰੂਜੀਵਨ ਨੂੰ ਉਲੀਕਣ ਲਈ ਅਤੇ ਗੁਰੂਸ਼ਬਦ ਦੀ ਵਿਆਖਿਆ ਕਰਨ ਲਈ, ਲੇਖਕ ਨੂੰ ਉਨ੍ਹਾਂ ਮੰਡਲਾਂ ਤੇ ਸਤੱਰਾਂ ਦੇ ਨੇੜੇ ਨੇੜੇ ਪੁੱਜਣਾ ਪੈਂਦਾ ਹੈ, ਤੇ ਉਸ ਉਸੇ ਸਿਮਰਨਕੀਰਤਨ, ਸਿਫਤਿਸਾਲਾਹ ਦੇ ਅਭਿਆਸ ਨਾਲ ਉਥੇ ਪੁਜਦੇ ਹਨ, ਜਿਨ੍ਹਾਂ ਸਾਧਨਾਂ ਨਾਲ ਗੁਰੂ ਤੇ ਭਗਤ ਆਪ ਉਥੇ ਪੁੱਜੇ ਸਨ। ਮੁੱਢਲੇ ਪੰਜਾਬੀ ਵਾਰਤਕ ਲਿਖਣ ਵਾਲੇ ਗੁਰੂ ਅਤੇ ਪ੍ਰਭੂ ਦੇ ਰੰਗ ਵਿਚ ਰਤੇ ਹੋਏ ਸਨ, ਉਹ ਭਾਰਤੀ ਅਧਿਆਤਮਵਾਦੀ ਰਹੱਸਵਾਦੀ ਤੇ ਧਾਰਮਕ ਸਾਹਿਤ ਦੀ ਪਰੰਪਰਾ ਨਾਲ ਡੂੰਘੀ ਸਾਂਝ ਰਖਦੇ ਹਨ: ਉਹ ਪੰਜਾਬ ਵਿਚ 1469 ਤੋਂ 1708 ਈ ਤੀਕ ਜੋ ਗੁਰਬਾਣੀ ਧੁਰ ਤੋਂ ਆਈ ਉਸ ਦੀ ਪਰੰਪਰਾ ਵਿਚ ਭਿੱਜੇ ਹੋਏ ਸਨ, ਉਹ ਭਾਰਤੀ ਜਾਤੀ ਤੇ ਆਰਿਆਈ ਨਸਲੀ ਸੁਭਾ ਵਿਚ ਜੀਉਂਦੇ ਸਨ; ਉਹ ਆਪ ਸੰਤਸੇਵੀ ਤੇ ਗੁਰੂਉਪਾਸਕ ਸਨ; ਉਹ ਮੰਤਵ ਅਤੇ ਉਦੇਸ਼: ਨਾਲ ਲਿਖ ਰਹੇ ਸਨ, ਦਿਲ ਪ੍ਰਚਾਵੇ, ਮਨੋਰੰਜਨ ਤੇ ਕੇਵਲ ਸੋਦਬਧ ਲਈ ਨਹੀਂ ਸਨ ਲਿਖ ਰਹੇ, ਉਨ੍ਹਾਂ ਦਾ ਉਦੇਸ਼: ਪ੍ਰਚਾਰ ਸੀ; ਜੀਵਨ ਦੀ ਮਹਾਨਤਾ ਨੂੰ ਪ੍ਰਵਾਨ ਕਰ ਕੇ ਇਸ ਨੂੰ ਉਚੇਰੀ ਸੇਧ ਦੇਣ ਲਈ ਨਹੀਂ ਸਨ ਲਿਖ ਰਹੇ; ਉਨ੍ਹਾਂ ਦਾ ਉਦੇਸ਼: ਪ੍ਰਚਾਰ ਸੀ; ਜੀਵਨ ਦੀ ਮਹਾਨਤਾ ਨੂੰ ਪ੍ਰਵਾਨ ਕਰ ਕੇ ਇਸ ਨੂੰ ਉਚੇਰੀ ਸੇਧ ਦੇਣ ਲਈ ਉਹ ਕਲਮ ਦੇ ਧਨੀ ਬਣੇ ਸਨ; ਉਹ ਹਾਲਤ ਤੇ ਪਲਤ ਦੋਹਾਂ ਨੂੰ ਧਿਆਨ ਵਿਚ ਰੱਖ ਕੇ ਕੁਝ ਲਿਖੇ ਰਹੇ ਸਨ; ਉਹ ਨਿਸਚੇ ਵਾਲੇ ਜੀਵ ਸਨ, ਜਿਨ੍ਹਾਂ ਦੇ ਵਿਚਾਰ ਤੇ ਵਿਵਾਸ ਧਰਮ ਦਾ ਰੂਪ ਗ੍ਰਹਿਣ ਕਰ ਚੁੱਕੇ ਸਨ, ਸੰਸੰੇ ਸਹਜੇ ਵਿਚ ਨਹੀਂ ਸਨ ਭਟਕ ਰਹੇ, ਉਨ੍ਹਾਂ ਦੇ ਵਿਚਾਰ ਦ੍ਰਿੜ੍ਹ ਤੇ ਸਪੱਸ਼ਟ ਸਨ, ਦੈਤ ਨਹੀਂ ਸੀ; ਉਹਨਾਂ ਦਾ ਪ੍ਰੇਰਨਾ ਸ੍ਰੋਤ ਗੁਰੂਕਹਿਣੀ ਤੇ ਗੁਰੂਰਹਿਣੀ, ਸੰਤਕਥਨੀ ਤੇ ਸੰਤਕਰਨੀ ਸੀ; ਜਿਥੇ ਕਹਿਣੀ ਤੇ ਰਹਿਣੀ; ਕਥਨੀ ਤੇ ਕਰਨੀ ਵਿਚ ਪੂਰੀ ਇਕਸਾਰਤਾ ਤੇ ਤਾਲਮੇਲ ਦੇਖੋ, ਪਰਖੇ ਤੇ ਚੱਖੇ ਗਏ ਸਨ; ਉਹ ਆਪ ਲਿਵ, ਸੁਰਤਿ ਤੇ ਲਗਨ ਵਾਲੇ ਸਨ, ਅਡੋਲ, ਅਹਿੱਲ ਤੇ ਅਟੱਲ ਵਿਵਾਸ ਵਾਲੇ ਸਨ, ਉਹ ਬ੍ਰਹਮੰਡ ਤੇ ਜੀਵਨ ਦੀ ਸਦੀਵਤਾ ਨੂੰ ਕਲਪਨਾ ਤੇ ਅਨੁਭਵ ਵਿਚ ਲਈ ਬੈਠੇ ਸਨ। ਇਸੇ ਲਈ ਉਹਨਾਂ ਦੀ ਵਾਰਤਕ ਰਚਨਾ ਪੁਰਾਣੀ ਨਹੀਂ ਹੋਈ, ਪੁਰਾਤਨ ਹੈ। ਸੱਚ ਪੁਰਾਣਾ ਨਹੀਂ ਹੁੰਦਾ, ਨਾ ਹੀ ਮੈਲਾ ਹੁੰਦਾ ਹੈ, ਨ ਹੀ ਫਟਦਾ ਹੈ, ਨਾ ਹੀ ਦੋਫਾੜ ਹੁੰਦਾ ਹੈ। ਪੁਰਾਤਨ ਪੰਜਾਬੀ ਵਾਰਤਕ ਹੁਣ ਵੀ ਨਵੀਨਕੋਰ ਲਿਕੀਪੁਸ਼ਕੀ ਹੋਈ, ਲਹਿ ਲਹਿ ਕਰਦੀ ਜਾਪਦੀ ਹੈ। ਅਨੇਕ ਵਿਚਾਰਾਤਮਕ ਤੇ ਕਲਾਤਮਕ ਗੁਣਾਂ ਕਰੇ, ਜਨਮ ਸਾਖੀ, ਪਰਮਾਰਥ ਤੇ ਰਹਿਤਨਾਮੇ ਆਧੁਨਿਕ ਮਨੁੱਖ ਨੂੰ ਵੀ ਵਿਸਮਾਦ ਵਿਚ ਲੈ ਜਾਣ ਦੇ ਸਮਰੱਥ ਹਨ। ਇਹ ਜੋਤਿ ਦੇ ਜੁਗਤਿ ਦੇ ਸੁਮੇਲ ਵਾਲੀ ਰਚਨਾ ਹੈ, ਜਿਸ ਵਿਚ ਜੀਵਨ ਫਲਦਾਫੁਲਦਾ ਹੈ। ਜਨਮਸਾਖੀਆਂ ਜੁਗਤਿ ਦੀ ਵਿਆਖਿਆ ਹਨ ਅਤੇ ਪਰਮਾਰਥ, ਟੀਕੇ ਜੋਤਿ ਦੀ, ਪਰ ਜਨਮ ਸਾਖੀ ਵਿਚ ਟੀਕਾਪਰਮਾਰਥ ਸਾਮਲ ਹੈ ਅਤੇ ਪਰਮਾਰਥ ਟੀਕੇ ਵਿਚ ਸਾਖੀ ਵਿਦਮਾਨ ਹੈ।

### ਭਾਸ਼ਾਈ ਵਿਸ਼ੇਸ਼ਤਾਵਾਂ

ਜਿਵੇਂ ਸ਼ਬਦ ਜਾਂ ਬਚੀ ਬਾਣੀ ਦੀ ਉਪਜ ਜਤ, ਧੀਰਜ, ਮਤਿ, ਵੇਦ, ਭਉ, ਭਾਉ, ਆਦਿ ਦੀ ਰਹਿਣੀ ਵਿਚੋਂ ਹੁੰਦੀ ਹੈ, ਤਿਵੇਂ ਹੀ ਜਨਮ ਸਾਖੀਆਂ ਤੇ ਸਾਖੀਆਂ ਦੇ ਰਚਣਹਾਰ ਅਨਿੰਨ ਸਿਖ ਸਨ ਜੋ ਸ਼ਬਦ ਦੀ ਰਹਿਣੀ ਵਾਲੇ ਹੀ ਸਨ। ਉਹਨਾਂ ਦੀ ਰਗ ਰਗ ਵਿਚ ਸ਼ਬਦ ਗੂੰਜ ਰਿਹਾ ਸੀ। ਇਸ ਲਈ ਉਨ੍ਹਾਂ ਦੀ ਸੋਚਣੀ ਤੇ ਲੇਖਣੀ ਵਿਚ ਉਸੇ ਸ਼ਬਦ ਵਾਲੀ ਅਮੀਰੀ, ਮਿਠਾਸ, ਸੁਚਜਤਾ, ਸੰਕੋਚ, ਸਰੋਦ, ਤਾਲ, ਲੈਅ, ਹੁਲਾਰਾ, ਵਲਵਲਾ, ਬਹੁਰੰਗਤ, ਨਾਟਕੀਪਨ, ਲਚਕ, ਅੰਮ੍ਰਿਤਰਸ ਹੈ, ਮਿਠਾਸ ਹੈ। ਗੁਰੂਸ਼ਬਦ ਤੇ ਬਲ ਨਾਲ ਸਾਖੀ ਵਿਚ ਬਲ ਆਇਆ ਹੈ। ਗੁਰੂ ਸ਼ਬਦ ਤੇ ਗੁਰੂਸਿਦਕ ਕਰਕੇ ਪੁਰਾਤਨ ਪੰਜਾਬੀ ਵਾਰਤਕ ਵਿਚ ਨਾਦ, ਬੇਦ, ਗੀਤਰਸ, ਰਸਕਸ, ਸਿਧ, ਬੁਧਿ, ਅਕਲ, ਅਖਰ ਦੀ ਸੂਝ ਆਏ ਹਨ। ਇਸ ਵਾਰਤਕ ਵਿੱਚ ਪ੍ਰਭਾਵਤ ਕਰਨ ਦੀ ਸਮਰੱਥਾ ਉਪਜੀ ਹੈ। ਇਸ ਵਾਰਤਕ ਵਿਚ ਸੋਦਰੁ ਦੀ ਲੈਅ ਹੈ, ਸਚਖੰਡ ਦੇ ਖੰਡ, ਮੰਡਲ, ਵਰਭੰਡ ਹਨ, ਅਰੰਭੈ ਉਡਾਰੀਆਂ ਹਨ, ਸੂਖਮਤਾ ਹੈ, ਅਰੰਭੈ ਬਿਰਤੀ ਹੈ, ਰਹਸਵਾਦ ਹੈ, ਅਧਿਆਤਮਵਾਦ ਹੈ। ਇਕ ਅਕਲਕਲਾ ਵਾਲੀ ਵਾਰਤਕ ਹੈ, ਸਿਧੀ ਕੁਦਰਤੀ ਸਾਕਾਰ ਜੀਵਨ ਦੀ ਅਸਲੀਅਤ ਜਿਥੇ ਵਿਆਕਰਣ ਦੀਆਂ ਕਾਸਕਾਂ ਨਹੀਂ ਹਨ, ਰਖਮੀ ਉਚੇਚ ਨਹੀਂ ਹੈ, ਕੁਦਰਤੀ ਸਰਲਤਾ ਹੈ, ਸਹਜ ਸੁਭਾਵਕਤਾ ਹੈ। ਦੇਖੋ :

> ਨਾਨਕ ਜਨਮ ਲੀਤਾ, ਅਧੀ ਰਾਤ, ਸੜੀ ਉਪਰਿ ਤੇ ਮਹਤਾ ਕਾਲੂ ਨੇ ਜਾ ਬੇਨਤੀ ਕੀਤੀ
> ਹਰਿ ਦਇਆਲ ਜੀ ਤੁਸੀਂ ਪਤਰੀ ਲਿਖਿਹੁ ਤੇ ਹਰ ਦਇਆਲ ਨੇ ਕਿਹਾ ਤੂੰ ਚਲਤਾ ਹਰੁ, ਮੈਂ ਆਇਆ।

ਜਿਵੇਂ ਗਲਬਾਤ ਹੁੰਦੀ ਹੈ, ਕੋਈ ਬਨਾਵਟ ਨਹੀਂ, ਕੋਈ ਰਸਮੀ ਸਜਾਵਟ ਨਹੀਂ। ਵਿਆਕਰਣ ਕੋਈ ਨਹੀਂ, ਕਰਤਾਕਰਮ ਕ੍ਰਿਆ ਦਾ ਨਿਸ਼ਚਿਤ ਪ੍ਰਬੰਧ ਨਹੀਂ ਹੈ, ਅਧਿਕਾਰ ਸੰਪੰਨਤਾ ਹੈ, ਆਪਣੀ ਗੱਲ ਦਾ ਵਿਸ਼ਵਾਸ ਹੈ, ਆਪਣੇ ਆਪ ਦਾ ਵਿਸ਼ਵਾਸ ਹੈ, ਤੂੰ ਆਇਆ ਤੇ ਤੂੰ ਕਹਿ ਦਿੱਤਾ, ਤੁਸੀਂ ਆਇਆ ਤੇ ਤੁਸੀਂ ਆਖ ਦਿੱਤਾ, ਬੋਲ ਚਾਲ ਵਾਲਾ ਸਹਜ ਹੈ, ਬੋਲੀ ਸੁੱਧ ਪੰਜਾਬੀ ਹੈ, ਉਹ ਪੰਜਾਬੀ ਜਿਹੜੀ ਪੜ੍ਹਿਆਅਨਪੜ੍ਹਿਆ

ਪਿਆ ਸਮਝੇ। ਜਨਮ ਸਾਖੀ ਸਾਖੀ ਹੈ ਪਰ ਬਹੁਵਿਸਥਾਰ ਨਹੀਂ ਹੈ, ਘਟਨਾ ਦਾ ਟੇਕਆਧਾਰ ਹੈ, ਪਰ ਬਾਕੀ ਸਾਖੀਬਾਣੀ ਦਾ ਸੰਚਾਰ ਹੈ। ਜਨਮ ਸਾਖੀ ਦਾ ਰਚਨਹਾਰ ਬਹੁਤ ਗੱਲ ਨਹੀਂ ਕਰਦਾ, ਗਲ ਸਮਝਣ ਨਾਲ ਮਤਲਬ ਹੈ ਖਿਲਾਰਾ ਖਿਲਾਰਨ ਨਾਲ ਨਹੀਂ। ਬਿਰਤੀ ਪਰਮਾਰਥੀ ਏ।

## ਪੁਰਾਤਨ ਪੰਜਾਬੀ ਵਾਰਤਕ ਦੇ ਮੁੱਖ ਰੂਪ

ਪੁਰਾਤਨ ਪੰਜਾਬੀ ਵਾਰਤਕ ਦੇ ਮੁੱਖ ਰੂਪਾਂ ਦਾ ਸੰਕੇਤ ਪਿਛੇ ਦਿੱਤਾ ਗਿਆ ਹੈ। ਇਥੇ ਉਨ੍ਹਾਂ ਰੂਪਾਂ ਬਾਰੇ ਸੰਖੇਪ ਜਿਹੀ ਸਿਧਾਂਤਕ ਵਿਚਾਰ ਦਿੰਦੇ ਹਾਂ।

### (1) ਜਨਮ ਸਾਖੀ, ਸਾਖੀ, ਪਰਚੀ, ਗੋਸ਼ਟ

ਜਨਮਸਾਖੀ ਸਿਲਸਿਲੇਵਾਰ, ਲਗਾਤਾਰ ਜੀਵਨ ਘਟਨਾਵਾਂ ਅਤੇ ਗੁਰੂ ਦੀ ਵਿਚਾਰਧਾਰਾ ਵਿਕਾਸ ਦਾ ਨਿਰੂਪਣ ਹੈ, ਪਰਚੀਆਂ ਵਿਚ ਵਿਕੋਲੋਤਰੀਆਂ ਸਾਖੀਆਂ ਹਨ, ਕੁਝ ਵਿਸ਼ੇਸ਼ ਜੀਵਨ ਘਟਨਾਵਾਂ ਬਾਰੇ, ਪਰ ਸਿਲਸਲੇਵਾਰ, ਤਰਤੀਬਵਾਰ, ਜੀਵਨ ਤੇ ਵਿਚਾਰ ਚਿਤਰਨ ਨਹੀਂ ਹੈ, ਸਾਖੀਆਂ ਵਿਚ ਵੀ ਪਰਚੀਆਂ ਵਾਂਗ ਹੀ ਵਿਕੋਲਿਤਰੀਆਂ ਸਾਖੀਆਂ ਹਨ ਪਰ ਸਾਖੀਆਂ ਮਹਾਨ ਭਗਤਾਂ ਜਾਂ ਗੁਰੂਆਂ ਦੀਆਂ ਹੀ ਹੁੰਦੀਆਂ ਹਨ। ਆਮ ਵਿਕਤੀ ਜਾਂ ਸਾਧੂ, ਸੰਤਾਂ ਦੀਆਂ ਜੀਵਨ ਘਟਨਾਵਾਂ ਲਈ ਇਹ ਵੰਨਗੀ ਨਹੀਂ ਵਰਤੀ ਗਈ। ਗੋਸ਼ਟਾਂ ਦੋ ਮਹਾਨ ਵਿਅਕਤੀਆਂ, ਗੁਰੂਪੀਰਾਂ ਦੀ ਕਸੋ ਮਿਲਣੀ ਸਮੇਂ ਹੋਈ ਚਰਚਾ ਨੂੰ ਇੰਨਬਿੰਨ ਅੰਕਤ ਕਰਨਾ ਹੈ। ਇਸ ਵਿਚ ਸਾਖੀ ਹੈ, ਪਰ ਬਲ ਚਰਚਾਚਿਤਰਨ ਤੇ ਵਧੇਰੇ ਹੈ। ਪਰਚੀ ਤਾਂ ਕੇਵਲ ਸੰਖੇਪ ਪਰਚਾ, ਜਾਣ ਪਛਾਣ ਕਰਾਂਉਂਦੀ ਹੈ, ਸਾਰਾ ਜੀਵਨ ਨਹੀਂ ਦੱਸਦ ਹੈ। ਸਾਖੀ ਕੇਵਲ ਇਕ ਸਿੱਖਿਆ ਹੈ, ਜਿਸ ਦੀ ਸ਼ਹਾਦਤ ਗੁਰੂ ਜਾਂ ਭਗਤ ਆਪ ਦਿੰਦਾ ਹੈ ਜਾਂ ਆਪਣੇ ਜੀਵਨ, ਰਹਿਣੀ, ਸ਼ਬਦ ਦੁਆਰਾ ਪੇਸ਼ ਕਰਦਾ ਹੈ। ਜਨਮ ਸਾਖੀ ਸਾਰੇ ਜੀਵਨ ਦੀਆਂ ਸਿਖਿਆਵਾਂ ਦਾ ਸੰਗ੍ਰਹਿ ਹੈ।

### (2) ਪਰਮਾਰਥ, ਟੀਕਾ, ਵਿਆਖਿਆ, ਕਥਾ, ਮਹਾਤਮ

ਗੁਰਬਾਣੀ ਦੇ ਸਮਝਣ ਸਮਝਾਉਣ ਦੇ ਜਤਨ ਉਸ ਦੇ ਆਵੇਸ਼ ਨਾਲ ਹੀ ਆਰੰਭ ਹੋ ਗਏ ਸਨ। ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀਤਿਆਰ ਕਰਕੇ ਉਸ ਦਾ ਪ੍ਰਕਾਸ਼ ਦਾ ਭਾਵ ਹੀ ਹੈ ਕਿ ਉਬਸ ਦੇ ਗਿਆਨ ਦਾ ਪ੍ਰਕਾਸ਼ ਭਾਵ ਸ਼ਬਦ ਦੇ ਭਾਵ ਨੂੰ ਸਮਝਣਾ। ਬਾਬਾ ਬੁੱਢਾ ਜੀ ਨੂੰ ਸਬਦ ਦੀ ਕਥਾ ਕਰਨ ਦਾ ਉਦੇਸ਼: ਦਿੱਤਾ। ਬਾਬਾ ਜੀ ਸ਼ਬਦ ਦਾ ਸਰਲ ਟੀਕਾ ਕਰਦੇ ਅਤੇ ਉਸ ਦੇ ਮੋਟੇ ਮੋਟੇ ਸਿਧਾਂਤ ਜਿਵੇਂ ਨਾਮ ਜੱਪਣਾ, ਸੇਵਾ ਕਰਨੀ, ਵੰਡ ਛੱਕਣਾ ਆਦਿ ਉਘਾੜਦੇ। ਅਸਲੋਂ ਸ਼ਬਦ ਦੀ ਵਿਆਖਿਆ ਸ਼ਬਦ ਵਿਚ ਹੀ ਕਰਨੀ ਗੁਰੂ ਅਰਜਨ ਦੇਵ ਜੀ ਦਾ ਕਮਾਲ ਸੀ ਤੇ ਸੁਖਮਨੀ ਉਸ ਦਾ ਪ੍ਰਮਾਣ ਹੈ। ਸੁਖਮਨੀ ਵਿਚ ਵਿਆਖਿਆ ਵਾਲੀ ਸਰਲਤਾ, ਮਿਠਾਸ, ਬ੍ਰਿਤਾਂਤੀ ਬਿਆਨ, ਭਾਵ, ਪੂਰਤ ਵਿਸਥਾਰ, ਗੰਭੀਰਤਾ, ਮਨੁੰਖੀ ਸੁਭਾਅ ਸੋਝੀ ਆਦਿ ਹਨ। ਮਨੋਹਰ ਦਾਸ ਮਿਹਰਬਾਨ ਗੁਰੂ ਅਰਜਨ ਦੇਵ ਜੀ ਦਾ ਭਤੀਜਾ ਸੀ। ਉਸ ਨੇ ਪਰਮਾਰਥ, ਟੀਕਾ, ਵਿਆਖਿਆ, ਭਾਸ਼ਕਾਰੀ, ਗੋਸ਼ਟੀ ਦਾ ਹੁਨਰ ਗੁਰੂ ਅਰਜਨ ਦੇਵ ਜੀ ਤੋਂ ਹੀ ਸੱਖਿਆ। ਮਿਹਰਬਾਨ ਹੀ ਪਰਮਾਰਥ, ਟੀਕੇ, ਵਿਆਖਿਆ, ਗੋਸ਼ਟੀ ਦਾ ਪੰਜਾਬੀ ਵਾਰਤਕ ਵਿਚ ਮੋਢੀ ਹੈ।

### (3) ਮਸਲੇ, ਬਚਨ, ਸੁਖਨ, ਹੁਕਮਨਾਮੇ, ਰਹਿਤਨਾਮੇ

ਫਰੀਦ ਜੀ ਦੇ ਮਸਲੇ ਹਨ, ਬਚਨ ਹਨ, ਪੀਰਾਂਫਕੀਰਾਂ ਦੇ ਸੁਖਨ ਹਨ, ਸਾਧਸੰਤਾਂ ਦੇ ਬਚਨ ਹਨ, ਗੁਰੂ ਸਾਹਿਬਾਨ ਦੇ ਹੁਕਮਨਾਮੇ ਹਨ। ਸਿਦਕੀ ਸਿੱਖਾਂ ਦੇ ਗੁਰੂ ਬਚਨਾਂ ਅਨੁਸਾਰ ਦਿੱਤੇ ਰਹਿਤਨਾਮੇ ਹਨ।

ਰੂਪ ਤੇ ਧਾਰਮਕ ਪ੍ਰਬੰਧ ਜਾਂ ਵਿਧਾਨਕ ਦਰਜੇ ਅਨੁਸਾਰ ਗੁਰਬਾਣੀ ਵੇਦ ਦੇ ਸਮਾਨ ਹੈ ਜਨਮ ਸਾਖੀ, ਪੁਰਾਣ, ਰਮਾਇਣ ਜਾਂ ਮਹਾਂਭਾਰਤ ਤੁਲ ਹੈ, ਪਰਮਾਰਥ ਤੇ ਟੀਕੇ ਸ਼ਾਸਤਰਾਂ, ਖਟ ਦਰਸ਼ਨ ਦੇ ਜਤਨ ਦੇ ਨੇੜੇ ਤੇੜੇ ਦੀ ਚੀਸ਼ ਹਨ; ਤੇ ਰਹਿਤਨਾਮੇ ਸਿਮ੍ਰਿਤੀ ਸਮਾਨ ਹਨ, ਜਿਸ ਨੇ ਵਿਅਕਤੀ, ਸਮਾਜ, ਰਾਜ ਤੇ ਧਰਮ, ਫਰੈ, ਧਿਾਨ ਦੇ ਸੰਕੇਤ ਦਿੱਤੇ। ਰਹਿਤਨਾਮੇ ਦੇ ਪਿੱਛੋ ਬਲ ਖੰਡੇ ਦੀ ਪਹੁ ਦਾ ਹੈ। ਪਰ ਨਿਰਮਲਾ ਤੇ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵਨ ਆਦਰੈ ਮੰਨੇ ਗਏ ਹਨ। ॥ਨਿਰਮਲਾ ਅਤੇ ਖਾਲਸਾ ਜੀਵਨ ਲਈ ਸੰਕੇਤ ਗੁਰਬਾਣੀ ਵਿਚੋਂ ਦਿੱਤੇ ਹਨ ਪਰ ਨਿਰਮਲ ਤੇ ਖਾਲਸਾ ਲੋਕਾਂ ਦੇ ਭੇਖ, ਚਿੰਨ੍ਹਾਂ, ਨੈਨਾਂ, ਜਥੇਬੰਦੀ, ਨਿਤਨੇਮ, ਰਹਿਣੀ, ਰਹਿਤ, ਮਰਯਾਦਾ, ਸੰਸਕਾਰ ਨੂੰ ਵਿਧਾਨਕ ਰੂਪ ਰਹਿਤਨਾਮਿਆਂ ਵਿਚ ਦਿੱਤਾ ਗਿਆ। ਪੰਜਾਬੀ ਵਾਰਤਕ ਵਿਚ ਕਾਨੂੰਨਦਾਨੀ, ਵਿਧਾਨਕਾਰੀ ਤੇ ਨੇਮਾਵਲੀ, ਦੰਡਾਵਲੀ (ਤਨਖਾਹ) ਆਦਿ ਦੇ ਰਚਣ ਵਿਚ ਇਹ ਪਹਿਲਾ ਤਜਰਬਾ ਸਨ। ਸ਼ਾਸਨ ਜਾਂ ਸ਼ਬਤ ਤੇ ਨੇਮ ਰਹਿਤਨਾਮਿਆਂ ਵਿਚ ਆਏ। ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਧਾਰਮਕ ਸੰਜਮ ਤੇ ਉਸ ਵਿਚ ਦਿੱਤੇ ਭੇਖਾਂ, ਮੁਦ੍ਰਾਵਾਂ, ਚਿੰਨ੍ਹਾਂ, ਨਿਸ਼ਾਨਾਂ ਦੇ ਸਿਧਾਂਤਾਂ ਨੂੰ ਨੇਮਬੱਧ

ਕਰਦੇ ਹਨ। ਰਹਿਤਨਾਮਿਆਂ ਦੇ ਮਗਰ ਮੁੰਦਾ, ਸੰਤੋਖ, ਦਇਆ, ਕਪਾਹ, ਜਤ ਪਹਾਰਾ, ਮਨ ਹਾਲੀ, ਮਹਰ ਮਸੀਤ ਦੀ ਵੰਗਾਰ ਕੰਮ ਕਰਦੀ ਹੈ ਤੇ ਕਰਨੀ ਚਾਹੀਦੀ ਹੈ। ਖਾਲਸੇ ਨੂੰ ਆਪਣਾ ਰੂਪ ਤੇ ਇਸ਼ਟ ਮੰਨਣ ਵਾਲੇ ਗੁਰੂ ਗੋਬਿੰਦ ਸਿੰਘ ਹੀ ਰਹਿਤਨਾਮਿਆਂ ਦੀ ਪ੍ਰੇਰਨਾ ਤੇ ਆਦਰਸ, ਕਲਪਨਾ ਤੇ ਆਮ ਉਦੇਸ਼ ਤੇ ਮੰਤਵ ਹਨ। ਖੰਡਾ ਗਿਆਨ ਤੇ ਸ਼ਕਤੀ ਦਾ ਚਿੰਨ੍ਹ ਹੈ ਅਤੇ ਖੰਡੇ ਦੀ ਪਹੁਲ ਪ੍ਰੇਮ ਤੇ ਮਨੋਵਿਗਿਆਨ ਦਾ ਤੰਤਰ ਹੈ। ਭਾਈ ਨੰਦ ਲਾਲ ਜੀ ਇਸ ਵਾਰਤਕ ਵੰਨਗੀ ਦੇ ਮੋਢੀ ਮੰਨੇ ਜਾ ਸਕਦੇ ਹਨ। ਉਹ ਮਹਾਨ ਵਿਦਵਾਨ ਵੀ ਸਨ ਅਤੇ ਅਨਿੰਨ ਭਗਤ ਵੀ ਪਰ ਆਪ ਗੁਰੂ ਆਗਿਆ ਅਨੁਸਾਰ ਪਹੁਲਧਾਰੀ ਨਹੀਂ ਸਨ। ਭਾਈ ਦਇਆ ਸਿੰਘ, ਚੌਪਾ ਸਿੰਘ, ਦੇਸਾ ਸਿੰਘ ਜੋ ਰਹਿਤਨਾਮਿਆਂ ਦੇ ਸਮਕਾਲੀ ਰਚਣਹਾਰ ਸਨ, ਵੀ ਗੁਰੂ ਮਿਹਰ, ਨਦਰ ਦੇ ਪਾਤਰ ਹੋ ਚੁੱਕੇ ਸਨ। ਭਾਈ ਨੰਦ ਲਾਲ (ਸਿੱਖੀ ਰਹਿਤ ਕੀ) ਭਾਈ ਦਇਆ ਸਿੰਘ, ਭਾਈ ਚੌਪਾ ਸਿੰਘ ਦੇ ਰਹਿਤਨਾਮੇ ਅਤੇ ਪ੍ਰੇਮਸੁਮਾਰਗ ਵਾਰਤਕ ਵਿਚ ਹਨ, ਬਾਕੀ ਰਹਿਤਨਾਮੇ ਕਵਿਤਾ ਵਿਚ ਹਨ। ਇਹ ਰਹਿਤਨਾਮੇ ਖਾਲਸੇ ਦੀ ਰਹਿਤ ਸੰਬੰਧੀ ਅਤੇ ਕੀਤੇ ਗਏ ਪ੍ਰੈਨਾਂ ਦੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੇ ਗਏ ਉੱਤਰ ਦਰਸਾਉਂਦੇ ਹਨ। ਰਹਿਤਨਾਮੇ ਭਾਈ ਚੌਪਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਮੁਕਤੇ ਸਿੰਘਾਂ ਦੀ ਰਚਨਾ ਦਰਸਾਇਆ ਗਿਆ ਹੈ ਅਤੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਂ ਟੂਕਾਂ ਦੁਆਰਾ ਖਾਲਸਾਈ ਰਹਿਤ ਦੀ ਪੁਸ਼ਟੀ ਕੀਤੀ ਹੈ। ਇਸ ਤਰ੍ਹਾਂ ਰਹਿਤਨਾਮੇ ਦੀ ਪਦਵੀ ਹੋਰ ਉੱਤਮ ਹੋ ਜਾਂਦੀ ਹੈ।

ਰਹਿਤਨਾਮੇ ਖਾਲਸੇ ਦੀ ਨਵੇਕਲੀ ਨਿਆਰੀ ਹਸਤੀ, ਰੂਪ ਤੇ ਪੰਥਕ ਜਥੇਬੰਦੀ ਕਰਦੇ ਹਨ। ਇਹਨਾਂ ਰਚਨਹਾਰਿਆਂ ਨੇ ਨਿਝੱਕ, ਦ੍ਰਿੜ੍ਹ, ਸਪੱਸ਼ਟ ਹੋ ਕੇ ਗੋਰਵਤਾ ਦੇ ਅਹਿਸਾਸ ਤੇ ਜੈਬੇ ਨਾਲ, ਖਾਲਸੇ ਦੀ ਹੋਰਾਂ ਨਾਲੋਂ ਸ੍ਰੇਸ਼ਟਤਾ ਸਵੀਕਾਰ ਕੀਤੀ। ਇਨ੍ਹਾਂ ਰਚਨਾਵਾਂ ਵਿਚ ਵਧੀਆਪਨ ਦਾ ਇਕ ਅਹਿਸਾਸ ਸਵੈਹੀਣਤਾ ਦਾ ਅਹਿਸਾਸ, ਨਿਆਰੇ ਤੇ ਵੱਖਰੇ ਹੋਣ ਦਾ ਮਾਣ ਹੈ।

## ਪ੍ਰਮੁੱਖ ਪੁਰਾਤਨ ਵਾਰਤਾਕਾਰ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਤੇ ਅੱਡਣ ਸ਼ਾਹ

ਬਹੁਤ ਸਾਰੀਆਂ ਪੁਰਾਤਨ ਪੰਜਾਬੀ ਵਾਰਤਕ ਲਿਖਤਾਂ ਦੇ ਰਚਣਹਾਰ ਵਿਅਕਤੀਆਂ ਦਾ ਨਾਂ ਪਤਾ ਨਿਸ਼ਚਤ ਨਹੀਂ ਹੋ ਸਕਿਆ। ਪੁਰਾਤਨ ਜਨਮਸਾਖੀ ਦੇ ਕਰਤਾ ਦਾ ਠੀਕ ਥਾਉਂ ਟਿਕਾਣਾ ਪਤਾ ਨਹੀਂ ਹੈ, ਬੋਲੀ ਦੇਖ ਕੇ ਕੋਈ ਅੱਟਾਸੱਟਾ ਲੱਗਦਾ ਹੈ ਇਵੇਂ ਹੀ ਭਾਈ ਬਾਲੇ ਵਾਲੀ ਜਨਮਸਾਖੀ ਅਸਲੋਂ ਕਿਹੜੀ ਰਚਨਾ ਹੈ ਇਸ ਦਾ ਪਤਾ ਨਹੀਂ ਹੈ ਅਤੇ ਇਤਿਹਾਸਕਾਰਾਂ ਨੇ ਕਿਸੇ ਬਾਲੇ ਦਾ ਗੁਰੂ ਨਾਨਕ ਦੇਵ ਜੀ ਦੇ ਸੰਗੀ ਹੋਣ ਬਾਰੇ ਵੀ ਸੰਦੇਹ ਪ੍ਰਗਟ ਕੀਤਾ ਹੈ। ਜੇ ਪੁਰਾਤਨ ਜਨਮ ਸਾਖੀ ਹੀ ਅਸਲ ਬਾਲੇ ਵਾਲੀ ਜਨਮ ਸਾਖੀ ਹੈ, ਤਦ ਵੀ ਕੋਈ ਪ੍ਰਮਾਣਿਕ ਸਬੂਤ ਨਹੀਂ ਹੈ। ਭਾਈ ਮਨੀ ਸਿੰਘ ਜੀ ਦੀਆਂ ਕਿਰਤਾਂ ਬਾਰੇ ਵੀ ਸੰਦੇਹ ਚੱਲ ਰਿਹਾ ਹੈ ਕਿ ਇਹ ਕਿਸੇ ਸੂਰਤ ਸਿੰਘ ਦੀਆਂ ਰਚਨਾਵਾਂ ਹਨ ਜੋ ਭਾਈ ਸਾਹਿਬ ਦਾ ਸ਼ਿਸ਼ ਸੀ। ਸ਼ੰਭੂ ਨਾਥ ਜੋ ਜਨਮ ਪ੍ਰਤੀ ਬਾਬੇ ਨਾਨਕ ਜੀ ਦੀ ਦਾ ਲੇਖਕ ਜਾਂ ਉਤਾਰਾ ਕਰਨ ਵਾਲਾ ਮੰਨਿਆ ਗਿਆ ਹੈ, ਉਸ ਦਾ ਪੂਰਾ ਪਤਾ ਨਹੀਂ ਹੈ। ਸੋ ਸਾਖੀ ਦੇ ਕਰਤਾ ਬਾਰੇ ਸੰਦੇਹ ਹੈ। ਰਚਨਾਵਾਂ ਵਿਚ ਰਲੇ ਵੀ ਪੈ ਗਏ ਹਨ। ਹੋਰਾ ਲੋਕਾਂ ਨੇ ਮੂਲ ਰੂਪ ਵਿਚ ਆਪਣੀਆਂ ਰਚਨਾਵਾਂ ਮਿਲਾ ਦਿੱਤੀਆਂ ਹਨ। ਹਰ ਬੋਲੀ ਦੇ ਪ੍ਰਾਚੀਨ ਤੇ ਪੁਰਾਤਨ ਸਾਹਿਤ ਬਾਰੇ ਇਸ ਤਰ੍ਹਾਂ ਵਾਪਰਦਾ ਰਿਹਾ ਪਰ ਜਿਨ੍ਹਾਂ ਵਾਰਤਾਕਾਰਾਂ ਬਾਰੇ ਨਿਸ਼ਚਿਤਤਾ ਹੈ ਉਨ੍ਹਾਂ ਵਿਚ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਤੇ ਅੱਡਣੈਹ ਦੇ ਨਾਮ ਵਰਣਨ ਯੋਗ ਹਨ। ਇਥੇ ਇਨ੍ਹਾਂ ਬਾਰੇ ਸੰਖੇਪ ਵਿਚਾਰ ਕਰਦੇ ਹਾਂ।

### (1) ਸੋਢੀ ਮਿਹਰਬਾਨ

ਮਨੋਹਰਦਾਸ ਮਿਹਰਬਾਨ ਬਾਬਾ ਪ੍ਰਿੰਥੀ ਚੰਦ ਜੀ ਦੇ ਸਪੁੱਤਰ ਸਨ। ਬਾਬਾ ਪ੍ਰਿੰਥੀ ਚੰਦ ਜੀ ਗੁਰੂ ਅਰਜਨ ਸਾਹਿਬ ਜੀ ਦੇ ਵੱਡੇ ਪ੍ਰਾਤਾ ਸਨ। ਗੁਰਗੱਦੀ ਨਾ ਪ੍ਰਾਪਤ ਹੋਣ ਕਰਕੇ ਗੁਰੂ ਅਰਜਨ ਦੇਵ ਜੀ ਨਾਲ ਵੈਰ ਤੇ ਸਾੜਾ ਰੱਖਦੇ ਸਨ। ਪਰ ਫਿਰ ਵੀ ਮਨੋਹਰਦਾਸ ਗੁਰੂ ਜੀ ਦੇ ਪਾਸ ਹੀ ਰਹਿੰਦਾ ਸੀ। ਮਿਹਰਬਾਨ ਉਸ ਦਾ ਤਖੱਲਸ ਸੀ। ਮਿਹਰਬਾਨ ਬਹੁਤ ਲੋਕ ਪ੍ਰਿੰਅ ਸੀ। ਇਹ ਖਿਆਲ ਕੀਤਾ ਜਾਣ ਲੱਗ ਪਿਆ ਸੀ ਕਿ ਸਾਇਦ ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਉਹ ਗੁਰਗੱਦੀ ਤੇ ਬੈਠੇਗਾ। ਐਸਾ ਨਹੀਂ ਹੋਇਆ, ਪਰ ਉਸ ਨੇ ਸੱਚੇ ਦਿਲੋਂ ਗੁਰੂ ਜੀ ਤੋਂ ਵਿਦਵਤਾ ਗ੍ਰਹਿਣ ਕੀਤੀ। ਉਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਆਪ ਦੀ ਜੀਵਨੀ ਜਾਂ ਜਨਮ ਸਾਖੀ ਸਾਹਿਤ ਗੋਸ਼ਟਾਂ ਦੇ ਰੂਪ ਵਿਚ ਵਿਆਖਿਆਣ ਦੀ ਯੋਜਨਾ ਬਣਾਈ। ਉਸ ਨੇ ਗੁਰੂ ਨਾਨਕ ਦੇਵ ਜੀ ਦੀ ਬਹੁਤ ਸਾਰੀ ਬਾਣੀ ਦੀ ਵਿਆਖਿਆ, ਜਿਸ ਨੂੰ ਉਸ ਨੇ ਪਰਮਾਰਥ ਕਿਹਾ ਹੈ, ਕੀਤੀ। ਮਿਹਰਬਾਨ ਜੀ ਦੀ ਰਚਨਾ ਦਾ ਨਾਮ ॥ਪੋਥੀ ਸਚਖੰਡ ਹੈ। ਆਪ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਦੇ ਪਰਮਾਰਥ ਨਹੀਂ ਸਨ ਕਰ ਸਕੇ। ਆਪ ਦੇ ਦਿਹਾਂਤ ਤੋਂ ਮਗਰੋਂ ਆਪ ਦੇ ਸਪੁਤਰਾਂ ਹਰਿ ਜੀ ਤੇ ਚਤੁਰਭੁਜ ਨੇ ਆਪ ਦੇ ਉਲੀਕੀ ਯੋਜਨਾ ਦੇ ਕਾਰਜ ਨੂੰ ਜਾਰੀ ਰੱਖਿਆ ਅਤੇ ਗੁਰੂ ਜੀ ਦੀ ਬਹੁਤ ਸਾਰੀ ਬਾਣੀ ਦੇ ਪਰਮਾਰਥ ਅੰਕਤ ਕੀਤੇ।

ਮਿਹਰਬਾਨ ਜੀ ਦੀ ਪੰਜਾਬੀ ਵਾਰਤਕ ਹਲਕੀਫੁਲਕੀ, ਮਿੱਠੀ ਤੇ ਮਧੁਰ, ਨਿਰਮਲ ਤੇ ਸਵੱਛ, ਸੁਘੜ ਤੇ ਗੰਭੀਰ, ਛਿਲੀਤਰਾਸ਼ੀ ਹੋਈ, ਕੋਮਲ ਤੇ ਪਿਆਰੀ ਹੈ। ਉਨ੍ਹਾਂ ਦੀ ਵਿਅਖਿਆਰੀ ਜਾਂ ਪਰਮਾਰਥਕਾਰੀ ਵਿਚ ਕਹੀ ਧਾਰਨਾਵਾਂ ਜਾਂ ਸਿਧਾਂਤ ਹਨ। ਮੁੱਖ ਸਿਧਾਂਤ ਇਹ ਹਨ :

(1) ਉਹ ਇਸ ਗੱਲ ਦੇ ਧਾਰਨੀ ਹਨ ਕਿ ਗੁਰਬਾਣੀ ਦੀ ਇਕ ਸਤਰ ਦਾ ਇਕੋ ਹੀ ਅਰਥ ਤੇ ਭਾਵ ਹੋ ਸਕਦਾ ਹੈ ਬਹੁਤੇ ਨਹੀਂ। ਇਸ ਲਈ ਉਹ ਇਕ ਤੰਕ ਦਾ ਇਕ ਹੀ ਅਰਥ ਦਿੰਦੇ ਹਨ, ਨਾ ਕਿ ਬਹੁਤ ਸਾਰੇ ਗੌਣ ਅਰਥ ਦੇ ਕੇ ਝਮੇਲੇ ਵਿਚ ਪਾ ਦਿੰਦੇ ਹਨ। ਆਮ ਕਰਕੇ ਉਹ ਬਹੁਤ ਵਿਆਖਿਆ ਵਿਸਥਾਰ ਵਿਚ ਨਹੀਂ ਜਾਂਦੇ। ਪਰ ਜਿੱਥੇ ਬਾਣੀ ਚਿੰਨ੍ਹਾਂ ਰੂਪਕਾਂ, ਉਪਮਾਵਾਂ ਪ੍ਰਤੀਕਾਂ ਵਿਚ ਆਪਣੇ ਭਾਵ ਨੂੰ ਲੁਕਾ ਦਿੰਦੀ ਹੈ। ਉਥੇ ਮਿਹਰਬਾਨ ਜੀ ਉਨ੍ਹਾਂ ਅਲੰਕਾਰਾਂ ਦੀ ਨਿਆਇਯੁਕਤ ਵਿਆਖਿਆ ਕਰਕੇ ਬਾਣੀ ਦੇ ਅੰਤੀਵ ਭਾਵ ਨੂੰ ਸਤਾ ਉਤੇ ਲੈ ਆਉਂਦੇ ਹਨ। ਜਿਵੇਂ ਆਪ ਰੂਪਕਾਂ ਤੇ ਪ੍ਰਤੀਕਾਂ ਨੂੰ ਖੋਲ੍ਹਦੇ ਹਨ, ਉਹ ਇਕ ਕਵੀ ਹੀ ਕਰ ਸਕਦਾ ਹੈ ਤੇ ਆਪ ਉੱਚ ਪੱਧਰ ਦੇ ਕਵੀ ਵੀ ਸਨ।

(2) ਮਿਹਰਬਾਨ ਜੀ ਦੀ ਇਕ ਧਾਰਨਾ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜੀਵਨ ਉਨ੍ਹਾਂ ਦੀ ਬਾਣੀ ਦੀ ਸਰਬੋਤਮ ਵਿਆਖਿਆ ਹੈ। ਉਨ੍ਹਾਂ ਦੇ ਕਿਸੇ ਸ਼ਬਦ ਦੀ ਸੂਝ ਉਨ੍ਹਾਂ ਦੇ ਜੀਵਨ ਦੀ ਕਿਸੇ ਘਟਨਾ ਵਿਚੋਂ ਪ੍ਰਾਪਤ ਹੁੰਦੀ ਹੈ। ਮਿਹਰਬਾਨ ਜੀ ਗੁਰੂ ਜੀ ਦੀਆਂ ਘਟਨਾਵਾਂ ਦੇ ਆਸਰੇ ਹੀ ਸ਼ਬਦ ਦੀ ਵਿਆਖਿਆ ਕਰਦੇ ਹਨ।

(3) ਮਿਹਰਬਾਨ ਜੀ ਨੇ ਟੀਕਾਕਾਰੀ ਵਿਚ ਸੰਬਾਦੀ ਵਿਉਂਤ ਅਪਣਾਈ ਹੈ। ਉਹ ਆਪ ਹੀ ਕਈ ਪ੍ਰਕਾਰ ਦੇ ਸੰਬੰਧਤ ਪ੍ਰਸ਼ਨ ਖੜੇ ਕਰ ਲੈਂਦੇ ਹਨ ਤੇ ਸ਼ਬਦ ਦੇ ਆਸਰੇ ਉਨ੍ਹਾਂ ਦੇ ਉੱਤਰ ਲੱਭਦੇ ਹਨ। ਇਸ ਤਰ੍ਹਾਂ ਸ਼ਬਦ ਦੀ ਪੂਰੀ ਪੂਰੀ ਵਿਆਖਿਆ ਹੋ ਜਾਂਦੀ ਹੈ।

(4) ਮਿਹਰਬਾਨ ਜੀ ਪਰਮਾਰਥ ਤੱਕ ਸਹਿਮਤ ਰਹਿੰਦੇ ਹਨ, ਕਥਾ ਨਹੀਂ ਕਰਦੇ। ਭਾਵ ਉਹ ਲੋੜ ਤੋਂ ਵੱਧ ਵਿਸਥਾਰ ਵਿਚ ਨਹੀਂ ਜਾਂਦੇ, ਮਿਥਿਹਾਸ ਤੇ ਕਹਾਣੀਆਂ, ਸਿਧਾਂਤਾਂ ਦਾ ਤੁਲਨਾਤਮਕ ਅਧਿਐਨ ਨਹੀਂ ਦਿੰਦੇ।

(5) ਇਤਿਹਾਸਕ ਹਾਲਤ ਦੀ ਕੁੜੱਤਣ ਮਿਹਰਬਾਨ ਜੀ ਦੀ ਵਿਆਖਿਆ ਨੂੰ ਕਿਤੇ ਕੌੜਾ ਨਹੀਂ ਕਰਦੀ, ਜਿਵੇਂ ਇਹ ਕੁੜੱਤਣ ਗੁਰੂ ਅਰਜਨ ਦੇਵ ਜੀ ਦੀ ਰਚਨਾ ਨੂੰ ਕੌੜਾ ਨਹੀਂ ਕਰਦੀ, ਸਗੋਂ ਉਸ ਨੂੰ ਹੋਰ ਮਿੱਠਾ ਤੇ ਸੁਖਾਵਾਂ ਬਣਾਉਂਦੀ ਹੈ। ਇਹ ਮਿਹਰਬਾਨ ਜੀ ਦੀ ਮਹਾਨਤਾ ਹੈ, ਭਗਤ ਹੋਣ ਦਾ ਪ੍ਰਮਾਣ ਹੈ।

(7) ਮਿਹਰਬਾਨ ਜੀ ਮਹਾਨ ਵਿਦਵਾਨ ਸਨ, ਪਰ ਵਿਆਖਿਆ ਵਿਚ ਉਸ ਕਿਸੇ ਹੋਰ ਮਤਿ ਜਾਂ ਦਰਸ਼ਨ ਜਿਵੇਂ ਵੇਦਾਂਤ ਆਦਿ ਵੱਲ ਉਲਾਰ ਨਹੀਂ ਹੁੰਦੇ ਜਿਵੇਂ ਮਗਰਲੇ ਨਿਰਮਲੇ ਵਿਆਖਿਆਕਾਰ ਹੋ ਗਏ।

ਮਿਹਰਬਾਨ ਜੀ ਦੇ ਪਰਮਾਰਥ ਦਾ ਨਮੂਨਾ ਇਸ ਤਰ੍ਹਾਂ ਹੈ:

ਸੋਈ ਚੰਦੁ ਚੜਹਿ ਸੋਈ ਤਾਰੇ ਸੋਈ ਦਿਨੀਆਰੁ ਤਪਤੁ ਰਹੈ।
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।

## (2) ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸੰਗੀ ਸਾਥੀ ਹੋਏ। ਆਪ ਨੂੰ ਮਾਤਾ ਪਿਤਾ ਬਚਪਨ ਵਿਚ ਹੀ ਗੁਰੂ ਤੇਗ ਬਹਾਦਰ ਜੀ ਦੇ ਸਪੁਰਦ ਕਰ ਗਏ। ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ ਮਹਾਨ ਵਿਦਵਾਨ ਬਣੇ। ਬਾਣੀ ਦੇ ਕਈ ਸੰਗ੍ਰਹਿ ਹੱਥੀ ਲਿਖੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ, ਆਪ ਨੇ ਇਥੇ ਮਹਾਨ ਪਦਵੀ ਦੇ ਕਰਤੱਵ ਨਿਭਾਉਂਦਿਆਂ ਦਸਮ ਗ੍ਰੰਥ ਦਾ ਸੰਪਾਦਨ ਕੀਤਾ। ਆਪ ਦੇ ਨਾਮ ਤੇ ਜਪੁਜੀ ਦਾ ਇਕ ਟੀਕਾ ਵੀ ਪ੍ਰਚੱਲਿਤ ਹੈ ਜੋ ਬੜੀ ਸ੍ਰੇਸ਼ਟ ਰਚਨਾ ਹੈ, ਭਾਵੇਂ ਉਸ ਵਿਚ ਕੁਝ ਬ੍ਰਾਹਮਣੀ ਵਿਚਾਰਧਾਰਾ ਅਨੁਸਾਰ ਸਗਨ ਅਪਸ਼ਗਨ ਤੇ ਮੰਤਰ ਸਿਧੀ ਦੀਆਂ ਗੱਲਾਂ ਵੀ ਦਰਜ ਹਨ। ਆਪ ਨੂੰ ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ ਦਾ ਕਰਤਾ ਮੰਨਿਆ ਗਿਆ ਹੈ ਜੋ ਕਿ ਕ੍ਰਮਵਾਰ ਭਾਈ ਗੁਰਦਾਸ ਜੀ ਦੀ ਪਹਿਲੀ ਦੇ ਗਿਆਰ੍ਹਵੀਂ ਮੌਲਿਕ ਟੀਕੇ ਹਨ।

ਭਾਈ ਮਨੀ ਸਿੰਘ ਜੀ ਦੀ ਵਾਰਤਕ ਸੰਜਮ ਤੇ ਸੰਕੋਚ ਵਾਲੀ, ਭਾਵ ਦਰਸਾਉ ਸ਼ਕਤੀ ਵਾਲੀ, ਸਰਲ ਤੇ ਸਪੱਸ਼ਟ ਹੈ, ਨਿਕੇ ਨਿਕੇ ਵਾਕਾਂ ਵਿਚ ਡੂੰਘੇ ਭਾਵ ਦਿੱਤੇ ਹਨ, ਨਿਰੋਲ ਪੰਜਾਬੀ ਸ਼ਬਦ ਹਨ।

ਗਿਆਨ ਰਤਨਾਵਲੀ ਵਿਚੋਂ ਇਹ ਨਮੂਨਾ ਹੈ:

ਤਾਂ ਬਾਬਾ ਜੀ ਨੇ ਆਸਾ ਰਾਗ ਵਿਚ ਸ਼ਬਦ ਬੋਲਿਆ;

ਕਾਇਆ ਕਾਗਦੁ ਮਨੁ ਪਰਵਾਣਾ। ਸਿਰ ਕੇ ਲੇਖ ਨਾ ਪੜੈ ਇਆਣਾ।

ਇਹ ਬਚਨ ਸੁਣ ਕੇ ਰਾਜੇ ਹਥ ਜੋੜ ਕੇ ਅਰਦਾਸ ਕੀਤੀ, ਜੀ ਮਨੁ ਦਾ ਤਾਂ ਵਿਸਾਹ ਕਛੁ ਨਹੀਂ, ਜੋ ਇਕ ਦੂੰ ਵਚਨ ਪੁਟਦਾ ਹੈ, ਅਰ ਇਕਦੂੰ ਭਲਾਇ ਦੇਂਦਾ ਹੈ। ਜੇ ਤੁਹਾਡਾ ਸਦੀਵ ਹੀ ਦਰਸ਼ਨ ਹੋਂਦਾ ਰਹੇ ਤਾਂ ਸਾਡਾ ਕਲਿਆਣ ਹੋਵੇ। ਤਾਂ ਬਚਨ ਹੋਇਆ, ਕਿ ਸਾਡੇ ਦੋਇ ਰੂਪ ਹਨ ਜੋ ਸਰਗੁਨ ਰੂਪ ਸਰੀਰ ਹੈ, ਅਰ ਨਿਰਗੁਨ ਰੂਪ ਸ਼ਬਦ ਹੈ। ਪਰ ਸਰੀਰਾਂ ਦਾ ਦਰਸ਼ਨ ਸਦੀਵ ਨਹੀਂ ਹੋਵਤਾ ਅਰ ਸ਼ਬਦ ਦਾ ਦਰਸ਼ਨ ਸਦੀਵ ਹੋਵਤਾ ਹੈ ਅਤੇ ਫਿਰ ਬਾਬਾ ਜੀ ਨੇ ਉਥੇ ਪ੍ਰਾਣ ਸੰਗਲੀ ਕਾ ਉਚਾਰ ਕੀਤਾ ਤਾਂ ਪੋਥੀ ਲਿਖ ਕੇ ਰਾਜੇ ਸ਼ਿਤਨਾਥ ਦੇ ਹੱਥ ਦਿੱਤੀ ਅਰ ਕਹਿਆ ਕਿ ਅਉਖਦ ਕੱਟੇ ਹੋਏ ਹੋਵਨ ਪਰ ਜੈ ਵੇਸ਼ਦ ਪਾਸ ਨਾ ਹੋਵੇ ਤਾਂ ਰੋਗ ਨਹੀਂ ਕਟੀਦਾ ਤੈਸੇ ਸ਼ਬਦ ਭੀ ਹੋਵੇ ਅਰ ਤੁਸੀਂ ਭੀ ਪਾਸ ਹੋਵਹੁਗੇ ਤਾਂ ਮੇਰਾ ਅਗਿਆਨ ਕਈਏਗਾ। ਅਰ ਜੇ ਤੁਸੀਂ ਪਾਸ ਨਾ ਹੋਵੋਗੇ ਤਾਂ ਨਹੀਂ ਕਟੀਏਗਾ। ਤਾਂ ਬਚਨ ਹੋਇਆ ਹਕਿ ਜੋ ਵੈਦ ਪਾਸ ਨਾ ਹੋਵੇ ਤਾਂ ਸ਼ਗਿਰਦ ਭੀ ਉਸ ਕੀ ਨਾੜਕਾਕੋ ਵੇਖ ਕੇ ਅਉਖਦ ਦੇਤ ਹੈ। ਤਾਂ ਰੋਗ ਕਟੀਤਾ ਹੈ ਸੰਜਮ ਨਾਲ। ਤੈਸੇ ਤੁਸਾਂ ਭੀ ਪ੍ਰਾਣ ਸੰਗਲੀ ਕਾ ਅਭਿਆਸ ਕਰਨਾ ਅਰ ਸਦਾ ਲੋਹ ਚੜੀ ਰਹੇ ਅਰ ਆਏ ਗਏ ਸੰਤ ਸਾਧ ਦੀ ਟਹਿਲ ਕਰਨੀ। ਅਰ ਛੇਤੀ ਅੰਮ੍ਰਿਤ ਪ੍ਰਸਾਦਿ ਤਿਆਰ ਕਰਕੇ ਸਿੱਖਾਂ ਸੰਤਾਂ ਨੂੰ ਖਿਲਾਵਣੇ ਅਰ ਸੰਤਾਂ ਦਾ ਤੇ ਮੇਰਾ, ਇਕ ਰੂਪ ਕਰ ਜਾਨਣਾ।

### (3) ਭਾਈ ਅੱਡਣ ਸ਼ਾਹ

ਭਾਈ ਅੱਡਣ ਸ਼ਾਹ ਜੀ ਸੇਵਾ ਪੰਥੀ ਸਾਧ ਹੋਏ ਹਨ। ਆਪ ਫਾਰਸੀ ਬੋਲੀ ਦੇ ਸਾਹਿਤ ਦੇ ਚੰਗੇ ਵਿਦਵਾਨ ਸਨ। ਕਥਾ ਵਾਚਕ ਸਨ। ਆਪ ਨੇ ਫਾਰਸੀ ਰਹੱਸਵਾਦ ਦੀ ਪੁਸਤਕ ਕੀਮੀਆਏ ਸਾਅਦਤ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਆਪ ਦੀ ਬੋਲੀ ਵਿਚ ਧਾਰਮਿਕ ਪਰੰਪਰਾਈ ਸ਼ਬਦਾਵਲੀ ਹੈ ਜੋ ਸਾਰੇ ਭਾਰਤ ਦੀ ਸਾਂਝੀ ਸੀ, ਤਕਨੀਕੀ ਸ਼ਬਦ ਹਨ, ਭਾਰਤੀ ਦਰਸ਼ਨ ਦੀ ਸੂਝ ਹੈ, ਸੰਸਕ੍ਰਿਤ ਵਿਆਕਰਣ ਅਨੁਸਾਰ ਸਮਾਸ ਹਨ।

ਇਕ ਸੰਖੇਪ ਟੂਕ ਪਾਰਸ ਭਾਗ ਵਿਚੋਂ ਇਸ ਤਰ੍ਹਾਂ ਹੈ :

ਅਥਿ ਪ੍ਰਗਟਿ ਕਰਣਾ ਸੰਗਤਿ ਕੇ ਗੁਣਹੁ ਕਾ। ਤਾਂ ਤੇ ਜਾਣ ਤੂੰ ਜੋ ਤੇ ਤੇਰੇ ਅਰਥ ਅਰੁ ਪਰਮਾਰਥ ਕੇ ਲਾਭ ਹੈ। ਸੋ ਪਰਸਪਰ ਮਿਲਾਪ ਕਰਿ ਕੇ ਪ੍ਰਾਪਤਿ ਹੋਤੇ ਹੈ। ਅਰੁ ਇਕਾਂਤ ਰਹਣੇ ਕਰਿ ਕੇ ਉਨ ਕਉ ਪਾਇ ਨਹੁ ਸਕਤਾ। ਸੋ ਪਰਮੇਸਰ ਸੰਗਤਿ ਕਰਿ ਕੈਖਟ ਲਾਭ ਪ੍ਰਾਪਤ ਹੋਤੇ ਹੈ। ਅਰੁ ਇਕਾਂਤ ਕਰਿ ਕੇ ਉਨ ਕੇ ਅਪ੍ਰਾਪਤਿ ਰਹਤੀਤਾ ਹੈ। ਪ੍ਰਥਮ ਲਾਭ ਇਹੁ ਹੈ ਜੋ ਵਿਦਿਆ ਭੀ ਸੰਗਤਿ ਕਰਿ ਕੈ ਪ੍ਰਾਪਤ ਹੋਤੀ ਹੈ। ਅਰੁ ਜਬ ਲਗ ਜਥਾਰਥ ਵਿਦਿਆ ਕਾ ਵੇਤਾ ਨਾ ਹੋਵੇ ਤਬ ਲਗ ਇਕਾਂਤ ਰਹਿਣਾ ਭੀ ਫਲਦਾਇਕ ਨਹੀਂ ਹੋਤਾ। ਕਾਹੇ ਤੇ ਜੋ ਪੁਰਖੁ ਵਿਦਿਆ ਪੜੇ ਬਿਨਾਂ ਇਕਾਂਤ ਵਿਖੇ ਇਸਥਿਤ ਹੋਤਾ ਹੈ। ਤਦ ਨਿੰਦਾ ਅਰਥੁ ਵਿਅਰਥ ਸੰਕਲਪਹੁ ਵਿਖੇ ਉਸਕਾ ਸਮਾਂ ਬੀਤਿ ਜਾਤਾ ਹੈ। ਅਰ ਜਦਿਪ ਜਤਨ ਕਰਿ ਕੈ ਸਰਬਤਾ ਭਜਨ ਵਿਖੇ ਸਾਵਧਾਨ ਰਹੇ। ਤਉ ਭੀ ਜਥਾਰਥ ਵਿਦਿਆ ਕੇ ਸਮਝੇ ਬਿਨਾ ਅਭਿਮਾਨੁ ਅਰੁ ਫਲਹੁ ਤੇ ਰਹਿਤ ਨਹੀਂ ਹੋ ਸਕਤਾ। ਬਹੁੜਿ ਜਬ ਅਭਿਮਾਨ ਤੇ ਭੀ ਰਹਿਤ ਹੋਵੇ ਤਬ ਜਿਸ ਪ੍ਰਕਾਰ ਭਗਵੰਤ ਕਉ ਜਾਣਨਾ ਹੈ ਸੋ ਜਥਾਰਥ ਵਿਦਿਆ ਬਿਨਾਂ ਤਿਮ ਪ੍ਰਕਾਰ ਜਾਣ ਨਹੀਂ ਸਕਤਾ। ਅਰੁ ਕਿਸੀ ਐਸੇ ਵਿਪ੍ਰੀਤ ਨਿਸਚੇ ਕਉ ਅੰਗੀਕਾਰ ਕਰਤਾ ਹੈ।

ਇਸ ਭਾਗ ਵਿਚ 1850 ਈ ਤੀਕ ਦੀ ਵਾਰਤਕ ਦਾ ਵਿਚਾਰ ਕਰਨਾ ਹੈ। 1750 ਤੋਂ 1800 ਈ ਤੀਕ ਦਾ ਸਮਾਂ ਪੰਜਾਬ ਵਿਚ ਅਤੇ ਹਿੰਦੁਸਤਾਨ ਵਿਚ ਹੀ ਮੁਗਲਾਂ ਦੀ ਢਹਿੰਦੀ ਕਲਾ ਦਾ ਸਮਾਂ ਹੈ ਅਤੇ ਸਿੱਖਾਂ ਦੀ ਪੰਜਾਬ ਵਿੱਚ ਚੜ੍ਹਦੀ ਕਲਾ ਦਾ ਸਮਾਂ ਹੈ। ਸੰਨ 1799 ਈ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਫਤਹ ਕੀਤਾ। ਸੰਨ 1850 ਈ ਤੀਕ ਰਾਜ ਆਪਣੇ ਸਿਖਰ ਨੂੰ ਪੁੱਜ ਕੇ ਨਾਸ ਵੀ ਹੋ ਗਿਆ।

ਮੁਗਲ ਕਾਲ ਦੀ ਅਧੋਗਤੀ ਦੇ ਸਮੇਂ ਰਵਾਇਤੀ, ਸੂਫ਼ੀ ਕਾਵਿਧਾਰਾ, ਕਿੱਸਾਕਾਵਿਧਾਰਾ, ਭਗਤੀਕਾਵਿਧਾਰਾ ਅਤੇ ਵਾਰ ਕਾਵਿਧਾਰਾ ਚਲਦੇ ਰਹੇ। ਬੁੱਲ੍ਹੇ ਸ਼ਾਹ, ਅਲੀ ਹੈਦਰ, ਫਰਦ ਫਕੀਰ, ਵਜੀਦ, ਦਾਨਾ ਆਦਿ ਸੂਫ਼ੀ ਕਾਵਿਧਾਰਾ ਦੀ ਰਚਨਾ ਕਰਦੇ ਰਹੇ। ਗਰੀਬ ਦਾਸ, ਸਾਹਿਬ ਜੋ ਸਿੰਘ ਨਾਨਕ ਸ਼ਾਹੀ, ਲਾਲਜੀ ਦਾਸ, ਬਿਹਾਰੀ ਭਗਤ ਕਾਵਿਧਾਰਾ ਰਚਦੇ ਰਹੇ। ਵਾਰਸ ਸ਼ਾਹ, ਮੁਕਬਲ, ਹਾਮਦ, ਕਿਸੇਕਾਰ ਹੋਏ। ਨਜਾਬਤ, ਅਗਰਾ, ਜਸੋਧਾ ਨੰਦਨ ਤੇ ਮੁਹੰਮਦ ਨੇ ਵਾਰਾਂ ਲਿਖੀਆਂ। ਕੇਸਰ ਸਿੰਘ, ਬੁੱਧ ਸਿੰਘ, ਸੇਵਾ ਸਿੰਘ, ਸੰਤ ਦਾਸ ਸਰੋਦੀ ਕਵਿਤਾ ਰਚਦੇ ਰਹੇ।

### ਸਾਰ-ਅੰਸ਼:

ਸੋ ਵਾਰਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿੱਚ ਸਾਹਿੱਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ-ਸੁਵਾਦ ਦੇਣ ਦਾ ਯਤਨ ਕਰਦਾ ਹੈ। ਪ੍ਰਗਟਾਅ ਦੇ ਇਸ ਵਸੀਲੇ ਰਾਹੀਂ ਵਾਰਤਕ ਲਿਖਾਰੀ ਆਪਣੀ ਵਿਚਾਰ-ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ। ਜਦੋਂ ਕੋਈ

ਵਿਚਾਰ ਜਾ ਕਿਸੇ ਸਥਿੱਤੀ ਦਾ ਬਿਆਨ ਬੋਧਿਕ ਪਕਿਆਈ ਨਾਲ ਕਿਸੇ ਸਿਲਸਲੇ ਅਧੀਨ ਪ੍ਰਗਟਾਇਆ ਜਾਏ ਤਾਂ ਅਜਿਹੀ ਵਿਧੀ ਨੂੰ ਵਾਰਤਕ ਆਖਦੇ ਹਨ। ਪੁਰਾਤਨ ਪੰਜਾਬੀ ਵਾਰਤਕ ਦੇ ਸਿਧਾਂਤ, ਜਨਮ, ਵਿਕਾਸ ਅਤੇ ਵੱਖ ਵੱਖ ਰੂਪਾਂ ਬਾਰੇ ਉਪਰੋਕਤ ਲਿਖੇ ਵਿਚਾਰਾਂ ਰਾਹੀਂ ਸਮਝਿਆ ਜਾ ਸਕਦਾ ਹੈ।

**ਕੇਂਦਰੀ ਸ਼ਬਦ:**

ਵਾਰਤਕ---ਗੱਦ/ਸਾਹਿਤ ਦਾ ਰੂਪ

ਬੋਧਿਕਤਾ---ਗਿਆਨ

ਵੰਨਗੀ---ਰੂਪ

**ਸਵੈ-ਮੁਲਾਂਕਣ:**

1. ਹੇਠ ਲਿਖਿਆਂ ਵਿਚੋਂ ਕਿਹੜਾ ਵਾਰਤਕ ਰੂਪ ਨਹੀਂ ਹੈ?

ੳ. ਜੀਵਨੀ　　ਅ. ਟੀਕਾ

ੲ. ਬਚਨ　　ਸ. ਬਾਰਾਮਾਂਹ

2. ਮੱਧਕਾਲੀਨ ਵਾਰਤਕ ਦਾ ਮੂਲ ਲੱਛਣ ਹੈ:

ੳ. ਬ੍ਰਹਮ ਕੇਂਦਰਿਤ　　ਅ. ਮਾਨਵ ਕੇਂਦਰਿਤ

ੲ. ਵਿਗਿਆਨ ਕੇਂਦਰਿਤ　　ਸ. ਉਕਤ ਤਿੰਨੇ ਗਲਤ ਹਨ

3. 'ਪੰਜਾਬੀ ਅਦਬ ਦੀ ਮੁਖਤਸਰ ਤਵਾਰੀਖ 'ਕਿਹੜੇ ਵਿਦਵਾਨ ਦੀ ਰਚਨਾ ਹੈ?

ੳ. ਡਾ .ਗੋਪਾਲ ਸਿੰਘ ਦਰਦੀ　　ਅ. ਡਾ. ਮੋਹਨ ਸਿੰਘ ਦੀਵਾਨਾ

ੲ. ਅਬਦੁਲ ਗਫੂਰ ਕੁਰੈਸ਼ੀ　　ਸ . ਡਾ. ਬਨਾਰਸੀ ਦਾਸ ਜੈਨ

4. 'ਬਚਨ' ਤੋਂ ਭਾਵ ਹੈ:

ੳ. ਗਵਾਹੀ　　ਅ. ਔਖੀ ਸ਼ਬਦਾਵਲੀ ਦੀ ਸੁਖਾਲੀ ਵਿਆਖਿਆ

ੲ. ਮਹਾਂਪੁਰਖਾਂ ਦੇ ਬੋਲ　　ਸ. ਗੁਰੂ ਸਾਹਿਬਾਨ ਦੀਆਂ ਹਿਦਾਇਤਾਂ

5. ਪੁਰਾਤਨ ਜਨਮ-ਸਾਖੀ ਨੂੰ ਭਾਈ ਵੀਰ ਸਿੰਘ ਨੇ ਸੰਪਾਦਤ ਕੀਤਾ:

ੳ. 1926　　ਅ. 1931

ੲ. 1948　　ਸ. 1952

6. ਕਿਹੜਾ ਕਥਨ ਸਹੀ ਹੈ:

ੳ. ਵਾਰਤਕ ਦਿਲ ਦੀ ਬੋਲੀ ਹੈ।

ਅ. ਵਾਰਤਕ ਛੰਦ ਬੰਧਨ ਤੋਂ ਅਜ਼ਾਦ ਹੋ ਕੇ ਆਮ ਭਾਸ਼ਾ ਵਿਚ ਵਿਚਾਰਾਂ, ਗੂੜ ਰਹੱਸਾਂ, ਸਾਹਿਤਕ ਅਰਥਾਂ, ਚਿੰਤਨ ਦੀ ਵਿਆਖਿਆ ਲਈ ਮਗਰੋਂ ਹੋਂਦ ਵਿਚ ਆਉਂਦੀ ਹੈ

ੲ. ਵਾਰਤਕ ਛੰਦ ਬੱਧ ਹੁੰਦੀ ਹੈ।

ਸ. ਵਾਰਤਕ ਵਿਚ ਲੈਅ-ਤੋਲ ਦਾ ਧਿਆਨ ਰੱਖਿਆ ਜਾਂਦਾ ਹੈ।

7. ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਬਿਰਤਾਂਤ ਹੈ।

ੳ. ਆਂਸ਼ਿਕ ਸਹੀ ਹੈ　　ਅ. ਪੂਰਨ ਸਹੀ ਹੈ

ੲ. ਪੂਰਨ ਗਲਤ ਹੈ　　ਸ. ਕੋਈ ਵੀ ਨਹੀਂ ਹੈ।

8. ਫ਼ਾਰਸੀ ਵਿਚ ਵਾਰਤਕ ਨੂੰ ਕੀ ਕਹਿੰਦੇ ਹਨ?

ੳ. ਵਾਰਤਾ
ਅ. ਨਸਰ
ੲ. ਨਸਰਤਾ
ਸ. ਵ੍ਰਿਤ

9. ਪੁਰਾਤਨ ਪੰਜਾਬੀ ਵਾਰਤਕ ਦੇ ਰੂਪ ਹਨ:

ੳ. ਜੰਗਨਾਮੇ, ਹੁਕਮਨਾਮੇ, ਗੋਸ਼ਟਿ, ਟੀਕੇ
ਅ. ਰਹਿਤਨਾਮੇ, ਹੁਕਮਨਾਮੇ, ਜੰਗਨਾਮੇ, ਜਨਮਸਾਖੀ
ੲ. ਜੰਗਨਾਮੇ, ਹੁਕਮਨਾਮੇ, ਗੋਸ਼ਟਿ, ਜਨਮਸਾਖੀ
ਸ. ਟੀਕੇ, ਹੁਕਮਨਾਮੇ, ਗੋਸ਼ਟਿ, ਜਨਮਸਾਖੀ

10. ਪੁਰਾਤਨ ਪੰਜਾਬੀ ਵਾਰਤਕ ਦੇ ਵਿਸ਼ੇ ਦਾ ਕੇਂਦਰੀ ਧੁਰਾ ਹੈ:-

ੳ. ਕੇਵਲ ਗੁਰੂ ਸਾਹਿਬਾਨ ਅਤੇ ਸਿੱਧਾਂ ਦੀ ਵਾਰਤਾ
ਅ. ਨਾਥਾਂ ਜ਼ੋਗੀਆਂ ਦਾ ਜੀਵਨ
ੲ. ਕੇਵਲ ਗੁਰੂ ਸਾਹਿਬਾਨ ਅਤੇ ਮੌਲਵੀਂ ਦੀ ਵਾਰਤਾ
ਸ. ਅਧਿਆਤਮਕਤਾ

11.ਪੁਰਾਤਨ ਜਨਮਸਾਖੀ ਵਿਚ ਕਿਹੜੇ ਕਿਹੜੇ ਹੋਰ ਵਾਰਤਕ ਰੂਪਾਂ ਦੀ ਵਰਤੋਂ ਕੀਤੀ ਗਈ ਹੈ:

ੳ. ਹੁਕਮਨਾਮੇ, ਗੋਸ਼ਟਿ, ਟੀਕੇ
ਅ. ਰਹਿਤਨਾਮੇ, ਹੁਕਮਨਾਮੇ
ੲ. ਸਾਖੀ, ਗੋਸ਼ਟਿ
ਸ . ਟੀਕੇ, ਹੁਕਮਨਾਮੇ

12.ਕਿਹੜਾ ਕਥਨ ਸਹੀ ਹੈ?

ੳ. ਮੱਧਕਾਲੀ ਪੰਜਾਬੀ ਵਾਰਤਕ ਵਿਚ ਪੰਜਾਬੀ ਵਾਰਤਕ ਦਾ ਮੁੱਢਲਾ ਪੜਾਅ ਹੈ।
ਅ. ਮੱਧਕਾਲੀ ਪੰਜਾਬੀ ਵਾਰਤਕ ਪੰਜਾਬੀ ਕਵਿਤਾ ਤੋਂ ਪਹਿਲਾ ਹੋਂਦ ਵਿਚ ਆਈ।
ੲ. ਮੱਧਕਾਲੀ ਪੰਜਾਬੀ ਵਾਰਤਕ ਛੰਦ ਪ੍ਰਧਾਨ ਹੈ।
ਸ. ਮੱਧਕਾਲੀ ਪੰਜਾਬੀ ਵਾਰਤਕ ਵਿਚ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਵੱਲ ਵੱਧਦੀ ਹੈ।

13. ਕਿਹੜਾ ਕਥਨ ਗਲਤ ਹੈ:

ੳ. ਆਪਣੀ ਨਿੱਜੀ ਰੁਚੀ ਅਨੁਸਾਰ ਅਰਥ ਘੜਨਾ ਟੀਕਾਕਾਰ ਲਈ ਅਨੁਚਿਤ ਹੈ।
ਅ. ਗੁਰਬਾਣੀ ਵਿਚ ਟੀਕਿਆਂ ਦਾ ਮੁੱਢ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਨਾਲ ਬੱਝਿਆ।
ੲ. ਟੀਕਾ ਅਤੇ ਸਾਖੀ ਇਕੋ ਹਨ।
ਸ. ਟੀਕਾ ਅਤੇ ਅਨੁਵਾਦ ਦੋਨੋਂ ਵੱਖ-ਵੱਖ ਹਨ।

14.ਸੁਖ਼ਨ ਤੋਂ ਭਾਵ ਹੈ।

ੳ. ਸਾਖੀ
ਅ. ਸੁੱਖੀ ਜੀਵਨ
ੲ. ਬਚਨ
ਸ. ਸੁੱਖਦ

15. ਵਾਰਤਕ ਦਾ ਪਹਿਲਾ ਸਰੋਤ ਕਿਹੜਾ ਹੈ?

ੳ. ਇਕਾਦਸ਼ੀ ਮਹਾਤਮ
ਅ. ਸਿਧ ਗੋਸ਼ਟਿ
ੲ. ਭਾਈ ਬਾਲੇ ਵਾਲੀ ਜਨਮਸਾਖੀ
ਸ . ਚੰਡੀ ਦੀ ਵਾਰ

## ਅਭਿਆਸ ਪ੍ਰਸ਼ਨ:

1. ਪੁਰਾਤਨ ਪੰਜਾਬੀ ਵਾਰਤਕ ਦੇ ਜਨਮ ਬਾਰੇ ਜਾਣਕਾਰੀ ਦਿਓ?
2. ਪੁਰਾਤਨ ਪੰਜਾਬੀ ਵਾਰਤਕ ਦੇ ਵਿਕਾਸ ਬਾਰੇ ਜਾਣਕਾਰੀ ਦਿਓ?
3. ਪੁਰਾਤਨ ਵਾਰਤਕ ਰੂਪ ਬਾਰੇ ਲਿਖੋ?
4. ਜੀਵਨੀ ਮੂਲਕ ਵਾਰਤਕ ਵਾਰੇ ਜਾਣਕਾਰੀ ਦਿਓ?
5. ਆਦੇਸ਼ ਮੂਲਕ ਵਾਰਤਕ ਬਾਰੇ ਲਿਖੋ?

## ਸੰਦਰਭ ਪੁਸਤਕਾਂ:

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਘੁੰਮਣ, ਬਿਕਰਮ ਸਿੰਘ ਅਤੇ ਭਾਟੀਆ, ਹਰਭਜਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨਵਾਂ ਸੰਸਕਰਨ, 2010.

2. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਸੀਤਲ, ਜੀਤ ਸਿੰਘ, ਪੈਪਸੂ ਬੁੱਕ ਡੀਪੂ, ਪਟਿਆਲਾ, ਨਵਾਂ ਸੰਸਕਰਨ, 2010.

3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵਾਂ ਸੰਸਕਰਨ, 2010.

4. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਅਤੇ ਕਸੇਲ, ਕਿਰਪਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਨਵਾਂ ਸੰਸਕਰਨ, 2013.

## ਮਹੱਤਵਪੂਰਨ ਲਿੰਕ:

**https://www.youtube.com/watch?v=HfWdpWqagJk**

## ਉੱਤਰਮਾਲਾ:

| | | | | |
|---|---|---|---|---|
| 1. ਸ | 2. ਸ | 3. ਅ | 4. ੲ | 5. ੳ |
| 6. ਅ | 7. ਅ | 8. ਅ | 9. ਸ | 10. ੲ |
| 11. ੳ | 12. ਸ | 13. ੲ | 14. ੳ | 15. ੳ |